# ਪੰਜਾਬੀ ਦਰਸ਼ਨ ਤੇ ਇਕ ਝਾਤ

## ਜਸਪਾਲ ਸਿੰਘ

Title: Punjabi Darshan Te Ek Jhaat
( Punjabi Philosophy)
Author: Jaspal Singh

Copyright: Author

Cover : Chhavi Goenka

Price: $ 30

ISBN: 978-1-7774847-0-5

Printed at : Asia Visions

Published by: South Asian Review
**370** ਗਰਾਹਮ ਸਟਰੀਟ
ਪ੍ਰਿੰਸ ਜਾਰਜ, ਬੀ.ਸੀ.
ਕੈਨੇਡਾ
southasianreview@gmail. com

ਨੋਟ : ਪੂਰੀ ਕੋਸ਼ਿਸ਼ ਕੀਤੀ ਗਈ ਹੈ ਕੇ ਇਸ ਕਿਤਾਬ ਵਿਚ ਸ਼ਬਦ-ਜੋੜ ਠੀਕ ਹੋਣ, ਪਰ ਫੇਰ ਵੀ ਕੋਈ ਗ਼ਲਤੀ ਰਹਿ ਸਕਦੀ ਹੈ। ਜੇਕਰ ਤੁਹਾਨੂੰ ਕੋਈ ਗ਼ਲਤੀ ਲੱਭੇ ਤਾਂ ਜ਼ਰੂਰ ਦੱਸੋ ਤਾਂ ਕਿ ਅੱਗਲੇ ਅਡੀਸ਼ਨ ਵਿਚ ਸੁਧਾਰ ਕਰ ਸਕੀਏ। ਅਸੀਂ ਤੁਹਾਡੇ ਬਹੁਤ ਧੰਨਵਾਦੀ ਹੋਵਾਂਗੇ । -ਪ੍ਰਕਾਸ਼ਕ

ਪੰਜ ਦਰਿਆਵਾਂ ਦੀ ਧਰਤੀ ਦੇ ਜਾਏ ਇੱਕ ਨਿੱਡਰ,
ਸਿਰਕੱਢ ਇਨਕਲਾਬੀ ਅਤੇ ਚਿੰਤਕ ਹਰਦਿਆਲ ਬੈਂਸ
ਦੇ ਨਾਮ

*ਦਰਸ਼ੱਨੂ ਵਿਸ਼ਵਦਰਸ਼ਤੱਮ ਦਰਸ਼ਮ ਰਥਮਾਧੀ ਕਸ਼ਮੇ।*
*ਇਤਾ ਜੁਸ਼ੇਤ ਮਿਗਿਰੀਹਾ।। (ਰਿਗ ਵੇਦ 1-15-18)*

ਦਰਸ਼ਨ ਦੱਸਦਾ ਹੈ ਕਿ ਸੰਸਾਰ ਕੀ ਹੈ? ਕਿਹੋ ਜਿਹਾ ਹੈ? ਰੱਥ ਕਿਵੇਂ ਬਣਾਏ ਜਾ ਸਕਦੇ ਹਨ? ਸਾਨੂੰ ਇਸ ਦਰਸ਼ਨ ਦੀ ਵਰਤੋਂ ਕਦੋਂ ਕਰਨੀ ਚਾਹੀਦੀ ਹੈ।

# ਤਤਕਰਾ


ਪ੍ਰਕਾਸ਼ਕ ਵੱਲੋਂ ਕੁਝ ਸ਼ਬਦ------------------------- 6
ਪੰਜਾਬੀ ਭਾਸ਼ਾ ਵਿਗਿਆਨ ਦੇ ਖੇਤਰ ਵਿੱਚ ਇੱਕ ਹੋਰ ਪ੍ਰਾਪਤੀ --- 8
ਪੰਜਾਬੀ ਦਰਸ਼ਨ ਦਾ ਮੁੱਢ ------------------------ 10
ਧੰਨਵਾਦ ---------------------------------- 13
ਭੂਮਿਕਾ ------------------------------------ 14
ਗੁਰਮੁੱਖੀ ਐਡੀਸ਼ਨ ਬਾਰੇ ਦੋ ਸ਼ਬਦ------------------- 20
ਕੁਦਰਤ, ਮਾਇਆ ਅਤੇ ਸੰਸਾਰ--------------------- 21
ਤਬਦੀਲੀ ਦੇ ਕਾਰਨ ---------------------------- 38
ਗਿਆਨ ਅਤੇ ਗਿਆਨ ਦੇ ਸੋਮੇ--------------------- 41
ਇਲਮ ਅਤੇ ਅਮਲ---------------------------- 51
ਗਿਆਨ ਦੇ ਸੋਮੇ------------------------------ 53
ਸਮਾਜ ਅਤੇ ਰਿਸ਼ਤੇ --------------------------- 60
ਧਨ, ਦੌਲਤ ਅਤੇ ਆਰਥਿਕ ਸਿਧਾਂਤ ------------------ 79
ਰਾਜ ਅਤੇ ਰਾਜਨੀਤੀ--------------------------- 98
ਸਾਮ, ਦਾਮ, ਭੇਦ ਅਤੇ ਦੰਡ ---------------------- 107
ਹੱਕ ਅਤੇ ਫ਼ਰਜ਼------------------------------ 120
ਮਾਨਸਿਕਤਾ, ਚੇਤਨਾ ਅਤੇ ਜ਼ਿਹਨੀਅਤ ---------------- 140
ਬੋਲੀ ਅਤੇ ਜ਼ਬਾਨ---------------------------- 155
ਕਲਾ ਦਾ ਸਿਧਾਂਤ---------------------------- 163
ਵਿਕਾਸ ਅਤੇ ਇਤਿਹਾਸ------------------------- 172
ਜੰਗ ਅਤੇ ਅਮਨ ---------------------------- 184
ਕਾਲ ਅਤੇ ਸਮਾਂ------------------------------ 195
ਪੰਜਾਬੀ ਦਰਸ਼ਨ ਵਿਚ ਔਰਤ--------------------- 205

# ਪ੍ਰਕਾਸ਼ਕ ਵੱਲੋਂ ਕੁਝ ਸ਼ਬਦ

"ਸਾਊਥ ਏਸੀਅਨ ਰੀਵੀਊ" ਪੰਜਾਬੀ ਦਾ ਮਾਸਕ ਰਸਾਲਾ ਅਗਸਤ 1998 ਨੂੰ ਕੈਨੇਡਾ ਦੇ ਬ੍ਰਿਟਿਸ਼ ਕੋਲੰਬੀਆ ਸੂਬੇ ਦੇ ਸ਼ਹਿਰ ਪ੍ਰਿੰਸ ਜਾਰਜ ਤੋਂ ਪ੍ਰਕਾਸ਼ਤ ਹੋਣਾ ਸ਼ੁਰੂ ਹੋਇਆ ਸੀ। ਅਦਾਰਾ "ਸਾਊਥ ਏਸ਼ੀਅਨ ਰੀਵੀਊ" ਵਲੋਂ ਸੰਨ 2000, 2003 ਅਤੇ 2007 ਵਿਚ ਤਿੰਨ "ਵਿਸ਼ਵ ਪੰਜਾਬੀ ਕਾਨਫਰੰਸਾਂ" ਅਯੋਜਤ ਕੀਤੀਆਂ ਗਈਆਂ। ਪਹਿਲੀ ਅਤੇ ਦੂਜੀ ਕਾਨਫਰੰਸ, ਯੂਨੀਵਰਸਿਟੀ ਔਫ ਨੌਰਦਰਨ ਬੀ ਸੀ ਪ੍ਰਿੰਸ ਜਾਰਜ ਵਿਖੇ ਅਤੇ ਤੀਜੀ ਦੇਸ਼ ਭਗਤ ਯਾਦਗਾਰ ਹਾਲ ਜਲੰਧਰ ਵਿਖੇ ਅਯੋਜਤ ਕੀਤੀ ਗਈ ਸੀ। ਇਨ੍ਹਾਂ ਕਾਨਫਰੰਸਾਂ ਦਾ ਵਿਸ਼ਾ "ਇਕਵੀਂ ਸਦੀ ਵਿਚ ਕੌਮਾਂ ਦੀ ਉਸਾਰੀ ਅਤੇ ਪੰਜਾਬੀ ਕੌਮ" ਸੀ। ਇਨ੍ਹਾਂ ਕਾਨਫਰੰਸਾ ਵਿਚ ਦੁਨੀਆਂ ਭਰ ਦੇ ਪੰਜਾਬੀ ਦਾਨਿਸ਼ਵਰਾਂ ਨੇ ਉਸ ਮੌਕੇ ਪੰਜਾਬ, ਪੰਜਾਬੀ ਅਤੇ ਪੰਜਾਬੀ ਕੌਮ ਦੇ ਮਸਲਿਆਂ ਵਾਰੇ ਪਰਚੇ ਪੜ੍ਹੇ ਅਤੇ ਭਖ਼ਵੀਂ ਵਿਚਾਰ ਚਰਚਾ ਕੀਤੀ। ਡਾ. ਜਸਪਾਲ ਸਿੰਘ (ਯੂ.ਐਸ.ਏ.) ਸਾਊਥ ਏਸ਼ੀਅਨ ਰੀਵੀਊ ਅਦਾਰੇ ਦੇ ਸਲਾਹਕਾਰ ਬੋਰਡ ਦੇ ਮੁੱਢਲੇ ਮੈਂਬਰਾਂ ਵਿੱਚੋਂ ਹਨ। ਉਨ੍ਹਾਂ ਨੇ ਇਨ੍ਹਾਂ ਤਿੰਨਾਂ ਹੀ ਕਾਨਫਰੰਸਾਂ ਵਿਚ ਪੰਜਾਬੀ ਦਰਸ਼ਨ ਦੇ ਵਿਸ਼ੇ ਉਤੇ ਪਰਚੇ ਪੜ੍ਹੇ ਅਤੇ ਆਏ ਹੋਏ ਡੈਲੀਗੇਟਾਂ ਨਾਲ ਭਰਵੀਂ ਵਿਚਾਰ ਚਰਚਾ ਕੀਤੀ।

ਪੰਜਾਬੀ ਇਕ ਬਹੁਤ ਪੁਰਾਤਨ ਕੌਮ ਹੈ। ਇਸਦੀ ਭਾਸ਼ਾ, ਸਭਿਆਚਾਰ, ਸਾਹਿਤ, ਇਤਿਹਾਸ, ਆਰਥਿਕਤਾ ਅਤੇ ਸਿਆਸੀ ਪੱਖ ਆਦਿ ਵਿਸ਼ਿਆ ਬਾਰੇ ਪੰਜਾਬੀ ਬੁੱਧੀਜੀਵੀ ਲਿਖਤ ਜਾਂ ਗਲਬਾਤ ਵਿੱਚ ਆਮ ਚਰਚਾ ਕਰਦੇ ਹਨ, ਪਰ ਪੰਜਾਬੀ ਦਰਸ਼ਨ ਦੀ ਚਰਚਾ ਨਾਂਹ ਦੇ ਬਰਾਬਰ ਹੀ ਮਿਲਦੀ ਹੈ। ਦੂਜੀ ਵਿਸ਼ਵ ਪੰਜਾਬੀ ਕਾਨਫਰੰਸ ਪ੍ਰਿੰਸ ਜਾਰਜ ਵਿੱਖੇ ਕਾਨਫਰੰਸ ਦੇ ਪ੍ਰਧਾਨ ਤੇ ਗੁਰੂ ਨਾਨਕ ਦੇਵ ਯੂਨੀਵਰਸਿਟੀ ਦੇ ਰਾਜਿਸਟਰਾਰ, ਪੰਜਾਬੀ ਦਾਨਿਸ਼ਵਰ ਡਾ ਕਰਨੈਲ ਸਿੰਘ ਥਿੰਦ ਅਤੇ ਦੂਜੀ ਕਾਨਫਰੰਸ ਦੇ ਸਰਪ੍ਰੱਸਤ ਪੰਜਾਬੀ ਭਾਸ਼ਾ ਵਿਗਿਆਨੀ ਅਤੇ ਪੰਜਾਬੀ ਦੇ ਦਾਨਿਸ਼ਵਰ ਡਾ ਪ੍ਰੇਮ ਪ੍ਰਕਾਸ਼ ਸਿੰਘ ਜੀ ਨੇ ਡਾ ਜਸਪਾਲ ਸਿੰਘ (ਯੂ.ਐਸ.ਏ.) ਨੂੰ ਪੰਜਾਬੀ ਦਰਸ਼ਨ ਦੇ ਮੋਢੀ ਕਹਿ ਕੇ ਸਨਮਾਨਿਆ ਸੀ।

ਜਿਵੇਂ ਹਰ ਕੌਮ ਆਪਣੇ ਵਿਰਸੇ ਵਿਚ ਮਿਲੇ ਹਰ ਪਹਿਲੂ ਨੂੰ ਸੰਭਾਲਕੇ ਰੱਖਦੀ ਹੈ ਤੇ ਉਸ ਤੋਂ ਆਪ ਅਤੇ ਆਪਣੀ ਆਉਣ ਵਾਲੀ ਪੀੜ੍ਹੀ ਨੂੰ ਜੀਣ ਥੀਣ ਵਾਸਤੇ ਪ੍ਰੇਰਤ ਕਰਦੀ ਹੈ। ਉਸੇ ਤਰ੍ਹਾਂ ਸਾਡਾ ਵੀ ਫਰਜ਼ ਬਣਦਾ ਹੈ ਕਿ ਪੰਜਾਬੀ ਕੌਮ ਦੇ ਬਾਕੀ ਪੱਖਾਂ ਦੇ ਨਾਲ ਆਪਣੇ ਪੰਜਾਬੀ ਦਰਸ਼ਨ ਦਾ ਵਿਸ਼ਾ ਘੋਖ਼ੀਏ ਤੇ ਵਿਚਾਰੀਏ। ਡਾ ਜਸਪਾਲ ਸਿੰਘ (ਯੂ.ਐਸ.ਏ.) ਨੇ ਇਸ ਵਿਸ਼ੇ ਨੂੰ ਮੁੱਖ ਰੱਖਕੇ ਇਹ ਕਿਤਾਬ ਲਿਖੀ ਹੈ,

ਅਦਾਰਾ ਸਾਊਥ ਏਸ਼ੀਅਨ ਰੀਵੀਊ ਇਸ ਨੂੰ ਪ੍ਰਕਾਸ਼ਤ ਕਰਨ ਦਾ ਮਾਣ ਲੈ ਰਿਹਾ ਹੈ। ਅਸੀਂ ਇਸ ਨੂੰ ਪੰਜਾਬੀ ਦਰਸ਼ਨ ਵਿਸ਼ੇ ਉਤੇ ਚਰਚਾ ਦੀ ਸ਼ੁਰੂਅਤ ਮੰਨਦੇ ਹਾਂ ਅਤੇ ਆਸ ਕਰਦੇ ਹਾਂ ਕਿ ਪੰਜਾਬੀ ਪਿਆਰੇ ਇਸ ਨੂੰ ਪੜ੍ਹਨਗੇ ਅਤੇ ਬੁੱਧੀਮਾਨ ਇਸ ਉਤੇ ਚਰਚਾ ਕਰਕੇ ਇਸ ਵਿਸ਼ੇ ਨੂੰ ਹੋਰ ਅਮੀਰ ਕਰਨਗੇ। ਇਹ ਕਿਤਾਬ ਸ਼ਾਹਮੁੱਖੀ ਪੰਜਾਬੀ ਲਿੱਪੀ ਵਿਚ ਵੀ ਲਹਿੰਦੇ ਪੰਜਾਬ ਵਿਚ ਛੱਪ ਚੁੱਕੀ ਹੈ।


*ਐਸ. ਦੀਪਕ*
*ਸੰਪਾਦਕ ਸਾਊਥ ਏਸ਼ੀਅਨ ਰੀਵੀਊ*
*370 ਗਰਾਹਮ ਸਟਰੀਟ*
*ਪ੍ਰਿੰਸ ਜਾਰਜ, ਬੀ.ਸੀ.*
*ਕੈਨੇਡਾ*

southasianreview@gmail. com

# ਪੰਜਾਬੀ ਭਾਸ਼ਾ ਵਿਗਿਆਨ ਦੇ ਖੇਤਰ ਵਿੱਚ ਇੱਕ ਹੋਰ ਪ੍ਰਾਪਤੀ

ਡਾ. ਜਸਪਾਲ ਸਿੰਘ ਦੁਆਰਾ 'ਪੰਜਾਬੀ ਦਰਸ਼ਨ' ਨਾਂ ਦੀ ਪੁਸਤਕ ਪੰਜਾਬੀ ਭਾਸ਼ਾ ਵਿਗਿਆਨ ਦੇ ਖੇਤਰ ਵਿੱਚ ਇੱਕ ਕਦਰਯੋਗ ਵਾਧਾ ਹੈ। ਇਕਸਾਰ ਲਗਨ ਅਤੇ ਬਹੁਤ ਮਿਹਨਤ ਨਾਲ ਲਿਖੀ ਗਈ ਇਹ ਪੁਸਤਕ ਜਿੱਥੇ ਪੰਜਾਬੀ ਵਿੱਚ ਬਹੁਤ ਸਾਰੇ ਨਵੇਂ ਤੱਥ ਸਾਹਮਣੇ ਲਿਆਉਂਦੀ ਹੈ, ਉੱਥੇ ਲੇਖਕ ਦੀ ਆਪਣੀ ਮਾਤਭਾਸ਼ਾ ਪ੍ਰਤੀ ਲਗਨ, ਸਖਤ ਮਿਹਨਤ ਅਤੇ ਬਹੁਪੱਖੀ ਗਿਆਨ ਦੀ ਗਵਾਹੀ ਵੀ ਭਰਦੀ ਹੈ। ਨਾਲ ਹੀ ਸਾਡਾ ਧਿਆਨ ਹਰਦਿਆਲ ਬੈਂਸ ਦੀ ਨਸੀਹਤ ਵਲ ਦੁਆਇਆ ਜਾਂਦਾ ਹੈ, ''ਜਿੰਨਾ ਚਿਰ ਹਿੰਦੁਸਤਾਨ ਦੇ ਲੋਕ ਆਪਣਾ ਦਰਸ਼ਨ (ਫਿਲਾਸਫੀ) ਅੱਜ ਦੇ ਹਾਲਾਤ ਮੁਤਾਬਕ ਵਿਕਸਤ ਨਹੀਂ ਕਰਦੇ ਉਨਾ ਚਿਰ ਉਨਾਂ ਦੀ ਮੁਕਤੀ ਨਹੀਂ ਹੋ ਸਕਦੀ।'' ਵੈਸੇ ਵੀ ਕਿਸੇ ਭਾਸ਼ਾ ਅਤੇ ਸੱਭਿਆਚਾਰ ਨੂੰ ਉਸ ਕੌਮ ਦੀ ਰੀੜ ਦੀ ਹੱਡੀ ਮੰਨਿਆ ਜਾਂਦਾ ਹੈ। ਪੰਜਾਬੀ ਕੌਮ ਦਾ ਆਧਾਰ ਵੀ ਮੂਲ ਰੂਪ ਵਿੱਚ ਪੰਜਾਬੀ ਭਾਸ਼ਾ ਅਤੇ ਉਸਦਾ ਸੱਭਿਆਚਾਰ ਹਨ, ਪਰ ਇਤਿਹਾਸਕ, ਰਾਜਨੀਤਿਕ ਅਤੇ ਕੁਝ ਹੋਰ ਕਾਰਨਾਂ ਕਰਕੇ ਸਮੇਂ ਸਮੇਂ ਪੰਜਾਬ ਦੀਆਂ ਹੱਦਾਂ ਬਦਲਦੀਆਂ ਰਹੀਆਂ ਹਨ। **1947** ਵਿੱਚ ਅਜਿਹਾ ਭਾਣਾ ਵਾਪਰਿਆ ਕਿ ਪੰਜਾਬ ਮੋਟੇ ਤੌਰ ਤੇ ਦੋ ਭਾਗਾਂ ਵਿੱਚ ਵੰਡਿਆ ਗਿਆ। ਭਾਰਤ ਦੀ ਆਜ਼ਾਦੀ ਪੰਜਾਬ ਦੀ ਬਰਬਾਦੀ ਦਾ ਕਾਰਨ ਬਣੀ। ਪੰਜਾਬ ਦਾ ਕਾਫੀ ਵੱਡਾ ਭਾਗ ਪਾਕਿਸਤਾਨ ਵਿੱਚ ਚਲਿਆ ਗਿਆ ਅਤੇ ਬਾਕੀ ਭਾਰਤ ਦਾ ਹਿੱਸਾ ਬਣਿਆ ਰਿਹਾ। ਫਿਰ ਵੀ ਸਰਹੱਦ ਦੇ ਦੋਹੀਂ ਪਾਸੀਂ ਦੋ ਕਹੀ ਜਾਂ ਤਿੰਨ ਆਬ ਦੀ ਥਾਂ ਆਪਣੇ ਹਿੱਸੇ ਆਏ ਭਾਗ ਨੂੰ ਅਸੀਂ ਪੰਜਾਬ ਕਹਿਣ ਵਿੱਚ ਫਖਰ ਮਹਿਸੂਸ ਕਰਦੇ ਹਾਂ। ਆਮ ਵਰਤੋਂ ਵਿੱਚ ਪੰਜਾਬ ਦੇ ਦੋਹਾਂ ਭਾਗਾਂ ਨੂੰ ਭਾਰਤੀ ਅਤੇ ਪਾਕਿਸਤਾਨ ਕਹਿ ਦਿੱਤਾ ਜਾਂਦਾ ਹੈ।

ਅੱਗੋਂ ਭਾਰਤੀ ਪੰਜਾਬ ਨਾਲ ਅਜਿਹਾ ਭਾਣਾ ਵਾਪਰਿਆ ਕਿ ਨਿਰੋਲ ਭਾਸ਼ਾ ਦੇ ਆਧਾਰ ਤੇ ਪੇਸ਼ ਕੀਤੀ ਗਈ ਮੰਗ ਨੂੰ ਅਣਡਿੱਠ ਕਰਕੇ ਪੰਜਾਬੀ ਭਾਸ਼ਾ ਦੇ ਕੁਝ ਖੇਤਰ ਹਰਿਆਣਾ ਪ੍ਰਾਂਤ ਨੂੰ ਸੌਂਪ ਦਿੱਤੇ ਗਏ। ਹਕੀਕਤ ਵਿੱਚ **1947** ਵਿੱਚ ਦਿੱਲੀ ਵਿੱਚ ਬਹੁਗਿਣਤੀ ਪੰਜਾਬੀ ਬੋਲਣ ਵਾਲਿਆ ਦੀ ਸੀ, ਜੰਮੂ ਕਸ਼ਮੀਰ ਵਿੱਚ ਡੋਗਰੀ ਤੇ ਕਾਂਗੜੀ ਮੂਲ ਰੂਪ ਵਿੱਚ ਪੰਜਾਬੀ ਦੀਆਂ ਉੱਪਬੋਲੀਆਂ ਸਨ, ਪਰ ਇਨਾਂ ਵਿੱਚੋਂ ਕੋਈ ਵੀ ਪੰਜਾਬ ਦਾ ਹਿੱਸਾ ਨਾ ਬਣ ਸਕੀ। ਪਾਕਿਸਤਾਨ ਵਿੱਚ ਮੁਲਤਾਨੀ ਜੋ ਪੰਜਾਬੀ ਦੀ ਉੱਪਬੋਲੀ ਹੈ ਨੂੰ ਵੀ ਸਰਾਇਕੀ ਦਾ ਨਾਂ ਦੇ ਕੇ ਸਰਾਇਸਤਾਨ ਨਾਂ ਦੇ ਨਵੇਂ ਸੂਬੇ ਦੀ ਮੰਗ ਕੀਤੀ ਜਾ ਰਹੀ ਹੈ, ਪਰ ਪੰਜਾਬੀ ਬੋਲੀ ਪੰਜਾਬੀ ਸੱਭਿਆਚਾਰ, ਪੰਜਾਬੀ ਰਹਿਤਲ ਅਤੇ ਪੰਜਾਬੀ

ਕੌਮ ਦੀ ਗੱਲ ਕਰਦਿਆਂ ਸਾਡੇ ਸਾਹਮਣੇ ਸਮੁੱਚੇ ਪੰਜਾਬ ਦਾ ਉਹ ਨਕਸ਼ਾ ਹੈ ਜਿਹੜਾ ਭਾਰਤ ਵਿੱਚ ਦਰਿਆ ਜਮਨਾ ਤੋਂ ਲੈ ਕੇ ਪਾਕਿਸਤਾਨ ਵਿੱਚ ਦਰਿਆ ਸਿੰਧ ਤੱਕ ਫੈਲਿਆ ਹੋਇਆ ਹੈ। ਪ੍ਰਾਚੀਨ ਗ੍ਰੰਥਾਂ ਵਿੱਚ ਇਸ ਦਾ ਜ਼ਿਕਰ ਸਪਤਸਿੰਧੂ ਜਾਂ ਪੰਚਾਲ ਨਾਵਾਂ ਨਾਲ ਕੀਤਾ ਮਿਲਦਾ ਹੈ।

------------------------

ਪੰਜਾਬੀ ਦਰਸ਼ਨ ਨਾਂ ਦੀ ਹਥਲੀ ਪੁਸਤਕ ਨੂੰ ਮੈਂ ਭਾਸ਼ਾ ਵਿਗਿਆਨ ਦੇ ਖੇਤਰ ਦੀ ਰਚਨਾ ਲਿਖਿਆ ਹੈ। ਅਸਲ ਵਿੱਚ ਭਾਸ਼ਾ ਵਿਗਿਆਨ ਦਾ ਖੇਤਰ ਬਹੁਤ ਵਿਸ਼ਾਲ ਹੈ। ਇਸ ਵਿੱਚ ਸ਼ੱਕ ਨਹੀਂ ਕਿ ਇਸ ਪੁਸਤਕ ਵਿੱਚ ਬੋਲੀ ਤੇ ਜ਼ਬਾਨ ਨਾਂ ਦਾ ਅਧਿਆਇ ਵੀ ਸ਼ਾਮਲ ਹੈ। ਪੰਜਾਬੀ ਦਰਸ਼ਨ ਦੀ ਗੱਲ ਵੀ ਕੀਤੀ ਗਈ ਹੈ। ਇਸ ਤੋਂ ਛੁਟ ਇਹ ਪੁਸਤਕ ਵਿੱਚ ਗਿਆਨ ਦੇ ਸੋਮਿਆਂ, ਕਲਾ, ਸਮਾਜਿਕ ਰਿਸ਼ਤਿਆਂ, ਵਿਕਾਸ ਦੇ ਇਤਿਹਾਸ, ਰਾਜ ਤੇ ਰਾਜਨੀਤੀ, ਧਨ ਦੌਲਤ ਤੇ ਆਰਿਥਕ ਸਿਧਾਂਤ, ਅਧਿਕਾਰ ਹੱਕ ਅਤੇ ਫਰਜ਼, ਜੰਗ ਅਤੇ ਅਮਨ, ਵਿਕਾਸ ਅਤੇ ਇਤਿਹਾਸ, ਕਾਲ ਅਤੇ ਸਮਾਂ, ਜੰਗ ਤੇ ਅਮਨ, ਮਾਨਸਿਕਤਾ, ਚੇਤਨਾ ਤੇ ਜ਼ਹਿਨੀਅਤ ਆਦਿ ਵਿਸ਼ਿਆਂ ਸਬੰਧੀ ਖੁਲ ਕੇ ਲਿਖਿਆ ਗਿਆ ਹੈ। ਪੰਜਾਬੀ ਵਿੱਚ ਲਿਖੀ ਗਈ ਇਹ ਪਹਿਲੀ ਪੁਸਤਕ ਹੈ ਜਿਸ ਵਿੱਚ ਹਯਾਤੀ ਦੇ ਵੱਖ ਵੱਖ ਪੱਖਾਂ ਬਾਰੇ ਖੁਲ ਕੇ ਚਰਚਾ ਕੀਤੀ ਗਈ ਹੈ।

*ਡਾ ਕਰਨੈਲ ਸਿੰਘ ਥਿੰਦ*

# ਪੰਜਾਬੀ ਦਰਸ਼ਨ ਦਾ ਮੁੱਢ

ਕੋਈ ਵੀ ਕੌਮ ਵਸੇਬੀ ਰਹਿਤ ਬਹਿਤ ਦੀ ਜਿਸ ਮੰਜ਼ਿਲ ਤੇ ਵੀ ਹੋਵੇ ਉਸ ਦੀ ਇਕ ਸਾਂਝੀ ਵਿਚਾਰ ਧਾਰਾ ਹੁੰਦੀ ਹੈ ਜਿਸ ਦੇ ਨਿਤਾਰ ਨੂੰ ਸੂਝਵਾਨ ਦਰਸ਼ਨ ਯਾ ਫ਼ਲਸਫ਼ਾ ਕਹਿੰਦੇ ਹਨ। ਦੁਨੀਆ ਦੀ ਜਿਸ ਜੂਹ ਵਿਚ ਅਸੀਂ ਰਹਿੰਦੇ ਹਾਂ ਓਥੇ ਮਸਲਾ ਇਹ ਹੈ ਜੋ ਓਥੇ ਇਹ ਗੱਲ ਸਾਫ਼ ਨਹੀਂ ਕਿ ਕੌਮ ਦੀ ਵਲਗਣ ਵਿਚ ਕਿਹਨੂੰ ਸ਼ਾਮਿਲ ਕੀਤਾ ਜਾਵੇ ਤੇ ਕਿਹਨੂੰ ਕੱਢਿਆ ਜਾਵੇ। ਆਮ ਤੌਰ ਤੇ ਹਿੰਦੁਸਤਾਨ ਵਿਚ ਹਿੰਦੂ ਮੱਤ ਨਾਲ ਜੁੜੇ ਵਿਚਾਰਾਂ ਨੂੰ ਹਿੰਦੁਸਤਾਨ ਤੇ ਪਾਕਿਸਤਾਨ ਵਿਚ ਮੁਸਲਮਾਨ ਫ਼ਲਸਫ਼ਿਆਂ ਦੇ ਖ਼ਿਆਲਾਂ ਨੂੰ ਆਪਣੀ ਕੌਮ ਦਾ ਫ਼ਲਸਫ਼ਾ ਸਮਝ ਕੇ ਪੜ੍ਹਾਇਆ ਜਾਂਦਾ ਹੈ। ਲਹਿੰਦੇ ਪੰਜਾਬ ਵਿਚ ਫ਼ਲਸਫ਼ਾ ਪੜ੍ਹ ਪੜਾਉਣ ਵਾਲੇ ਤੇ ਦੂਜੇ ਵਿਚਾਰਵਾਨ ਅਰਬ ਸੂਝਵਾਨਾਂ ਤੇ ਅੱਲਾਮਾ ਮੁਹੰਮਦ ਇਕਬਾਲ ਦੇ ਅੱਲਾਹਾਬਾਦ ਵਿਚ ਦਿੱਤੇ ਸੱਤ ਲੈਕਚਰਾਂ ਨੂੰ ਹੀ ਪੜ੍ਹਾ ਕੇ ਸਮਝਦੇ ਹਨ ਜੋ ਉਹ ਆਪਣੀ ਕੌਮ ਦਾ ਫ਼ਲਸਫ਼ਾ ਪੜ੍ਹਾ ਰਹੇ ਹਨ।

ਮੈਂ ਪੰਜਾਬ ਯੂਨੀਵਰਸਿਟੀ ਵਿਚ ਕੁੱਝ ਸਾਲ ਫ਼ਲਸਫ਼ਾ ਪੜ੍ਹਾਉਂਦਿਆਂ ਵੇਖਿਆ ਹੈ ਜੋ ਗ਼ੈਰ ਮਜ਼੍ਹਬੀ ਵਿਚਾਰਵਾਨ ਵੀ ਘੋੜ ਮੋੜ ਕੇ ਯਾ ਤੇ ਅਰਬ ਫ਼ਲਸਫ਼ਾ ਦਾਨਾਂ ਨੂੰ ਤੇ ਯਾ ਇਕਬਾਲ ਨੂੰ ਮੁੱਢ ਬਣਾਕੇ ਵਿਚਾਰ ਧਾਰਾ ਦੀ ਸਾਜਣਾ ਕਰਦੇ ਹਨ। ਸ਼ਾਇਦ ਇਸੇ ਤਰ੍ਹਾਂ ਦੀ ਹੀ ਰੀਤ ਚੜ੍ਹਦੇ ਪੰਜਾਬ ਵਿਚ ਸਿੱਖ ਮੱਤ ਦੇ ਆਲੇ ਦੁਆਲੇ ਘੁੰਮਦੀ ਹੈ। ਅਰਬਾਂ ਦੇ ਫ਼ਲਸਫ਼ੇ ਤੋਂ ਛਾਲ ਮਾਰ ਕੇ ਅਸੀਂ ਯੂਰਪ ਦੀ ਵਿਚਾਰ ਧਾਰਾ ਤੇ ਪੁੱਜ ਜਾਂਦੇ ਹਾਂ, ਸਾਡਾ ਅਪਣਾ ਆਪ ਕਿਤੇ ਵਿਖਾਲੀ ਨਹੀਂ ਦਿੰਦਾ।

ਮੈਂ ਜਦ ਫ਼ਲਸਫ਼ਾ ਪੜ੍ਹਦਾ ਤੇ ਪੜ੍ਹਾਉਂਦਾ ਸਾਂ ਤੇ ਮੇਰੇ ਦਿਮਾਗ਼ ਵਿਚ ਆਉਂਦਾ ਸੀ ਜੋ ਪੰਜਾਬੀ ਮੁਸਲਮਾਨਾਂ ਦੀ ਵਿਚਾਰ ਧਾਰਾ ਦਾ ਅਰਬ ਫ਼ਲਸਫ਼ਿਆਂ ਨਾਲ ਕੇਹਾ ਸਾਂਗਾ ਹੈ। ਮੁਸਲਮਾਨ ਫ਼ਲਸਫ਼ੇ ਦੇ ਵੱਡੇ ਧੜਿਆਂ, ਮੁਅਤਜ਼ਲਾ ਤੇ ਅਲਾਸ਼ਰੀਹ ਵਿਚਕਾਰ ਟਾਕਰੇ ਦਾ ਪੰਜਾਬੀ ਮੁਸਲਮਾਨਾਂ ਨਾਲ ਕੇਹਾ ਲੈਣਾ ਦੇਣਾ ਹੈ। ਲਾਹੌਰ ਸ਼ਹਿਰ ਵਿਚ **1947** ਤੋਂ ਪਹਿਲਾਂ ਦੀ ਆਖ਼ਰੀ ਮਰਦਮ ਸ਼ੁਮਾਰੀ ਦੇ ਮੁਤਾਬਿਕ ਮੁਸਲਮਾਨ ਦਸਤਕਾਰ, ਮਜ਼ਦੂਰ ਸਨ ਤੇ ਯਾ ਹੋਰ ਛੋਟੇ ਮੋਟੇ ਕੰਮ ਕਰਦੇ ਸਨ। ਇਸੇ ਸ਼ਹਿਰ ਵਿਚ ਰਹਿੰਦਿਆਂ ਅੱਲਾਮਾ ਇਕਬਾਲ ਹੋਰੀਂ ਅਰਬਾਂ ਦੇ ਫ਼ਲਸਫ਼ੇ ਤੇ ਆਪਣੇ ਵਿਚਾਰ ਉਸਾਰਦਿਆਂ ਕੀਹਦੇ ਨਾਲ ਗੱਲ ਕਰ ਰਹੇ ਸਨ?

ਅੱਲਾਮਾ ਇਕਬਾਲ ਦੇ ਵਿਰੋਧੀ ਅਲੀ ਅੱਬਾਸ ਜਲਾਲਪੁਰੀ ਹੋਰਾਂ ਵਰਗੇ ਸੂਝਵਾਨ ਵੀ ਏਸ ਗੱਲ ਤੇ ਰੇੜਕਾ ਪਾ ਕੇ ਬੈਠੇ ਹੋਏ ਸਨ ਜੋ ਅੱਲਾਮਾ ਇਕਬਾਲ ਫ਼ਲਸਫ਼ਾ ਦਾਨ ਹੈ ਯਾ ਨਹੀਂ। ਉਹ ਵੀ ਸਾਰੀ ਗੱਲ ਨੂੰ ਮੁੱਢ ਤੋਂ ਨਹੀਂ ਸਨ ਫੜ ਰਹੇ ਜੋ ਅਸਲ ਮਸਲਾ ਤੇ ਆਪਣੀ

ਕੌਮ ਦੀ ਵਿਚਾਰ ਧਾਰਾ ਦੀ ਬਣਤਰ ਨੂੰ ਸਮਝ ਕੇ ਅੱਗੇ ਵਧਾਣਾ ਹੈ। ਏਸ ਲਈ ਪਹਿਲਾਂ ਤੇ ਇਹ ਸਮਝਿਆ ਜਾਵੇ ਜੋ ਕੌਮ ਇਕ ਮਜ਼ਬੀ ਧੜੇ ਯਾ ਮੁਲਕ ਦਾ ਨਾਂ ਨਹੀਂ ਹੈ, ਇਕ ਹੀ ਕੌਮ ਵਿਚ ਵੱਖ ਵੱਖ ਮਜ਼ਹਬਾਂ ਦੇ ਲੋਕ ਹੋ ਸਕਦੇ ਹਨ ਤੇ ਉਹ ਵੱਖ ਵੱਖ ਮੁਲਕਾਂ ਵਿਚ ਰਹਿ ਸਕਦੇ ਹਨ।

ਪੰਜਾਬੀ ਕੌਮ ਵਿਚ ਵੀ ਤਿੰਨ ਵੱਡੇ (ਮੁਸਲਮਾਨ, ਹਿੰਦੂ ਤੇ ਸਿੱਖ) ਮਜ਼ਹਬਾਂ ਤੋਂ ਵੱਧ ਹੋਰ ਲੋਕ ਵੀ ਹਨ ਤੇ ਉਹ ਕਈ ਮੁਲਕਾਂ ਵਿਚ ਵੰਡੇ ਹੋਏ ਹਨ। ਪੰਜਾਬੀ ਕੌਮ ਦੀ ਕਈ ਹਜ਼ਾਰ ਸਾਲਾਂ ਦੀ ਤਾਰੀਖ਼ ਹੈ ਜਿਸ ਵਿਚ ਮਜ਼ਹਬਾਂ ਦੇ ਵਿਖਾਲੇ ਬਦਲਦੇ ਰਹੇ ਹਨ ਜਿਵੇਂ ਇਕ ਵੇਲੇ ਵਿਚ ਬੁੱਧ ਮਜ਼ਹਬ ਸਾਰੇ ਪੰਜਾਬ ਤੇ ਭਾਰੂ ਸੀ। ਵੇਲੇ ਵੇਲੇ ਦੇ ਨਾਲ ਮਜ਼ਹਬਾਂ ਦੀ ਰੰਗਤ ਵੀ ਬਦਲੀ ਤੇ ਮੁਲਕਾਂ ਦੀਆਂ ਸਰਹੱਦਾਂ ਵੀ ਪਰ ਉਹਦੇ ਨਾਲ ਪੰਜਾਬੀ ਕੌਮ ਦੀ ਨਿਖੇਦੀ ਨਹੀਂ ਹੋਈ। ਏਸ ਲਈ ਲੋੜ ਸੀ ਤੇ ਹੈ ਜੋ ਪੰਜਾਬ ਤੇ ਪੰਜਾਬੀ ਦਰਸ਼ਨ (ਫ਼ਲਸਫ਼ੇ) ਨੂੰ ਸਾਮ੍ਹਣੇ ਲਿਆਂਦਾ ਜਾਵੇ। ਇਸ ਦਾ ਮੁਢਲਾ ਜੋੜ ਜ਼ਬਾਨ ਦੇ ਨਾਲ ਹੈ ਕਿਉਂ ਜੋ ਇਸ ਤੋਂ ਬਿਨਾਂ ਤੁਸੀਂ ਆਪਣੇ ਗੁਜ਼ਰੇ ਵੇਲੇ ਨੂੰ ਨਹੀਂ ਵੇਖ ਸਕਦੇ। ਨਵੀਂ ਯੂਰਪੀ ਫ਼ਲਸਫ਼ੇ ਦੇ ਮੋਢੀ ਰੀਨੇ ਡੇਕਾਰਟ ਨੇ ਵੀ ਲਾਤੀਨੀ ਨੂੰ ਛੱਡ ਕੇ ਪਹਿਲੀ ਵਾਰੀ ਫ਼ਰਾਂਸੀਸੀ ਜ਼ਬਾਨ ਵਿਚ ਲਿਖਿਆ ਸੀ। ਇਸ ਪੱਖ ਤੋਂ ਡਾਕਟਰ ਜਸਪਾਲ ਸਿੰਘ ਹੋਰਾਂ ਇਹ ਕਿਤਾਬ ਲਿਖ ਕੇ ਇਸ ਦਾ ਮੁੱਢ ਰੱਖ ਦਿੱਤਾ ਹੈ। ਮੈਂ ਵੀ ਫ਼ਲਸਫ਼ਾ ਪੜ੍ਹਾਉਂਦਿਆਂ ਬੁਲ੍ਹੇ ਸ਼ਾਹ ਤੇ ਵਾਰਿਸ ਸ਼ਾਹ ਤੇ ਫ਼ਲਸਫ਼ਿਆਨਾ ਮੁਕਾਲੇ ਲਿਖਵਾ ਕੇ ਏਸ ਪਾਸੇ ਠੂੰਗੇ ਮਾਰਦਾ ਰਿਹਾ ਹਾਂ ਪਰ ਜਸਪਾਲ ਸਿੰਘ ਹੋਰਾਂ ਏਸ ਦੀ ਮੁੱਢਲੀ ਬਣਤਰ ਨੂੰ ਸਾਡੇ ਸਾਮ੍ਹਣੇ ਰੱਖ ਦਿੱਤਾ ਹੈ।

ਜਸਪਾਲ ਸਿੰਘ ਹੋਰਾਂ ਤਾਰੀਖ਼ੀ ਪੌੜੀਆਂ ਦੱਸਣ ਦੀ ਥਾਂ ਸਮਾਜੀ ਪੱਖਾਂ ਤੇ ਅਦਾਰਿਆਂ ਬਾਰੇ ਪੰਜਾਬੀ ਫ਼ਲਸਫ਼ੇ ਦੇ ਅੰਗ ਢੰਗ ਪੇਸ਼ ਕੀਤੇ ਹਨ। ਉਨ੍ਹਾਂ ਵੇਦਾਂ ਵਿਚੋਂ ਸਭ ਤੋਂ ਪਹਿਲੋਂ ਪੰਜਾਬ ਵਿਚ ਲਿਖੇ ਗਏ 'ਰਿਗਵੇਦ ਤੋਂ ਲੈ ਕੇ ਵਹਿਵੀਂ ਸਦੀ ਦੇ ਮੁੱਢ ਤਾਈਂ ਆਉਣ ਵਾਲੇ ਪੰਜਾਬੀ ਸ਼ਾਇਰਾਂ ਤੇ ਵਿਚਾਰਵਾਨਾਂ ਦੇ ਫ਼ਲਸਫ਼ੇ ਰਾਹੀਂ ਆਪਣੀ ਗੱਲ ਨੂੰ ਅੱਗੇ ਵਧਾਇਆ ਹੈ। ਏਸ ਕੰਮ ਵਿਚ ਕੁੱਝ ਖੱਪੇ ਰਹਿ ਗਏ ਹਨ ਕਿਉਂ ਜੋ ਰਿਗਵੇਦ ਤੇ ਮਨੂ ਸਮ੍ਰਿਤੀ ਦੇ ਜ਼ਮਾਨੇ ਛਾਲ ਮਾਰ ਕੇ ਅਸੀਂ ਬਾਬਾ ਫ਼ਰੀਦ ਤੇ ਪੁੱਜ ਜਾਂਦੇ ਹਾਂ ਤੇ ਵਿਚਕਾਰ ਦੇ ਕਈ ਸੌ ਸਾਲਾਂ ਬਾਰੇ ਸਾਡੇ ਕੋਲ ਕਹਿਣ ਨੂੰ ਕੁੱਝ ਨਹੀਂ। ਸਵਾਲ ਇਹ ਹੈ ਜੋ ਜੇ ਵਿਚਾਰਧਾਰਾ ਦੇ ਪੱਖ ਤੋਂ ਇਹ ਬੰਜਰ ਸਾਲ ਸਨ ਤੇ ਅਜਿਹਾ ਕਿਉਂ ਸੀ।

ਏਸ ਕਿਤਾਬ ਵਿਚ ਰਿਗਵੇਦ ਤੋਂ ਪੇਸ਼ ਕੀਤੇ ਗਏ ਵਿਚਾਰਾਂ ਵਿਚ 'ਦੁਸ਼ਮਣ' ਬਾਰੇ ਬਹੁਤ ਕੁਛ ਕਿਹਾ ਗਿਆ ਹੈ। ਏਸ ਸਵਾਲ ਦਾ ਜਵਾਬ ਦਿੱਤਾ ਜਾਣਾ ਚਾਹੀਦਾ ਹੈ ਜੋ ਰਿਗਵੇਦ ਵਿਚ ਦੁਸ਼ਮਣ ਕੌਣ ਹੈ ਤੇ ਉਸ ਦੀ ਵਿਚਾਰ ਧਾਰਾ ਕੇਹੀ ਸੀ। ਜੇ ਵਿਚਾਰ ਧਾਰਾ 'ਨਫ਼ੀ' ਤੇ

‘ਅਸਬਾਤ’ ਦੇ ਟਕਰਾ ਨਾਲ ਅੱਗੇ ਵਧਦੀ ਹੈ ਤੇ ਫੇਰ ਇਹ ਵੀ ਵੇਖਿਆ ਜਾਣਾ ਚਾਹੀਦਾ ਹੈ ਜੋ ਰਿਗਵੇਦ ਲਿਖਣ ਵਾਲਿਆਂ ਦਾ ਟਕਰਾ ਕੇਸ ਨਾਲ ਸੀ। ਏਸ ਬਾਰੇ ਇਕ ਖ਼ਿਆਲ ਤੇ ਇਹ ਹੈ ਜੋ ਜਿਨ੍ਹਾਂ ਨੂੰ ਰਿਗਵੇਦ ਵਿਚ ਸ਼ਤਾਨੀ ਤਾਕਤਾਂ ਕਿਹਾ ਗਿਆ ਹੈ ਉਹ ਸਿੰਧ ਵਾਦੀ ਵਸੇਬ ਦੇ ਪੁਰਾਣੇ ਲੋਕ ਸਨ ਜਿਨ੍ਹਾਂ ਨੂੰ ਤਬਾਹ ਕੀਤਾ ਜਾ ਰਿਹਾ ਸੀ। ਦੂਜਾ ਗਵੇੜ ਇਹ ਹੈ ਜੋ ਜਦ ਪੰਜਾਬ ਵਿਚ ਵਾਹੀ ਬੀਜੀ ਹੋਵਣ ਲੱਗ ਪਈ ਸੀ ਤੇ ਉਸ ਦਾ ਪੁਰਾਣੇ ਪੈਦਾਵਾਰੀ ਢੰਗ ਦੇ ਨਾਲ ਹਰ ਪੱਧਰ ਤੇ ਟਾਕਰਾ ਹੋਵਣ ਲੱਗ ਪਿਆ ਸੀ। ਇਹਨਾਂ ਵਿਚੋਂ ਜਿਹੜੀ ਗੱਲ ਵੀ ਮੰਨ ਲਈ ਜਾਵੇ ਉਸ ਨੂੰ ਮੁੱਖ ਰੱਖਦਿਆਂ ਕਦੀਮ ਪੰਜਾਬ ਵਿਚ ਫ਼ਲਸਫ਼ੇ ਦੀ ਪੱਧਰ ਤੇ ਹੁੰਦੇ ਟਕਰਾ ਤੇ ਚਾਨਣ ਪਾਉਣਾ ਚਾਹੀਦਾ ਹੈ। ਇਸੇ ਤਰ੍ਹਾਂ ਪੰਜਾਬ ਦੀ ਪੂਰੀ ਤਾਰੀਖ਼ ਵਿਚ ਫ਼ਲਸਫ਼ਿਆਨਾ ਟਕਰਾ ਦੇ ਦੋਹੀਂ ਪੱਖ ਸਾਮ੍ਹਣੇ ਲਿਆਉਣ ਦੀ ਲੋੜ ਹੈ। ਇਸੇ ਕੁੰਜੀ ਨਾਲ ਪੰਜਾਬੀ ਫ਼ਲਸਫ਼ੇ ਦਾ ਜਿੰਦਰਾ ਖੋਲਿਆ ਜਾ ਸਕਦਾ ਹੈ।

ਇੰਜ ਤੇ ਜਸਪਾਲ ਸਿੰਘ ਹੋਰਾਂ ਦੀ ਪੂਰੀ ਲਿਖਤ ਹੀ ਧਿਆਨ ਨਾਲ ਪੜ੍ਹਨ ਜੋਗ ਹੈ ਪਰ ਉਨ੍ਹਾਂ ਦੇ ‘ਵਿਕਾਸ ਤੇ ਇਤਿਹਾਸ’ ਤੇ ‘ਪੰਜਾਬੀ ਦਰਸ਼ਨ ਵਿਚ ਔਰਤ’ ਵਾਲੇ ਲੇਖ ਬੜੇ ਗੌਹ ਨਾਲ ਪੜ੍ਹੇ ਜਾਣੇ ਚਾਹੀਦੇ ਹਨ। ਆਸ ਹੈ ਜੋ ਜਸਪਾਲ ਸਿੰਘ ਹੋਰਾਂ ਦਾ ਛੋਹਿਆ ਕੰਮ ਅੱਗੇ ਵਧੇਗਾ ਤੇ ਹੋਰ ਪੰਜਾਬੀ ਸੂਝਵਾਨ ਵੀ ਏਸ ਪਾਸੇ ਧਿਆਣ ਦੇਣਗੇ।

*ਮਨਜ਼ੂਰ ਏਜ਼ਾਜ਼*

# ਧੰਨਵਾਦ

ਮੈ ਉਨ੍ਹਾਂ ਸਭ ਸਾਥੀਆਂ ਦਾ ਦਿਲੋਂ ਰਿਣੀ ਹਾਂ ਜਿਨ੍ਹਾਂ ਦੇ ਮਿਹਨਤ ਅਤੇ ਸਹਿਯੋਗ ਸਦਕਾ ਇਹ ਕੰਮ ਸੰਪੂਰਨ ਹੋਇਆ। ਇਸ ਕਿਤਾਬ ਦੇ ਗੁਰਮੁੱਖੀ ਖਰੜੇ ਨੂੰ ਹਰਬਿੰਦਰ ਸਮਰਾ ਨੇ ਵਾਰ ਵਾਰ ਪੜ੍ਹਕੇ ਦਿੱਤੇ ਕੀਮਤੀ ਸੁਝਾਵਾਂ ਨਾਲ ਇਸਦੀ ਨਿਖਾਰ ਵਿਚ ਵਾਧਾ ਕੀਤਾ।

ਅਬਾਸ ਅਲੀ ਸਦੀਕੀ ਨੇ ਇਸਦੇ ਸ਼ਾਹਮੁੱਖੀ ਖਰੜੇ ਦੀ ਪਰੂਫ ਰੀਡਿੰਗ ਨਾਲ ਆਪਣੇ ਸੁਝਾਅ ਸਾਂਝੇ ਕੀਤੇ ਅਤੇ ਉਨ੍ਹਾਂ ਦੇ ਇਸ ਬਹੁਮੁੱਲੇ ਕੰਮ ਵਾਸਤੇ ਮੈਂ ਉਨ੍ਹਾਂ ਦਾ ਰਿਣੀ ਹਾਂ। ਮੇਰੇ ਵਿਦਿਆਰਥੀਆਂ ਨੇ ਦਰਸ਼ਨ ਬਾਰੇ ਸੱਖਤ ਸਵਾਲ ਪੁੱਛਕੇ ਮੈਨੂੰ ਇਸ ਵਿਸ਼ੇ ਨੂੰ ਡੂੰਘਾਈ ਵਿਚ ਸੋਚਣ ਵਾਸਤੇ ਮਜਬੂਰ ਕੀਤਾ। ਇਹ ਉਨ੍ਹਾਂ ਦੀ ਹਾਂ ਪੱਖੀ ਦੇਣ ਹੈ। ਮੈਂ ਨਜਮ ਹੁਸੈਨ ਸਈਅਦ ਹੁਣਾਂ ਦਾ ਵੀ ਧੰਨਵਾਦੀ ਹਾਂ ਜਿਨ੍ਹਾਂ ਪੰਜਾਬੀ ਦੀਆਂ ਰੀਤਾਂ ਰਿਵਾਜਾਂ ਦੀ ਮੇਰੀ ਜਾਣਕਾਰੀ ਵਿਚ ਵਾਧਾ ਕੀਤਾ। ਮੇਰੇ ਦੋਸਤ ਜਿਨ੍ਹਾਂ ਨੇ ਮੈਨੂੰ ਹਮੇਸ਼ਾਂ ਹੌਂਸਲਾ ਤੇ ਹੁੰਗਾਰਾ ਦਿਤਾ ਉਹ ਹਨ :

ਸਾਂਡਰਾ ਸਮਿਥ, ਰਜੇਸ਼ ਕਸਤੂਰੀ ਰੰਗਨ, ਐਰਿਕ ਹੌਫਮੈਨ, ਸਟੂਅਰਟ ਮੁਨਰੋ, ਮਨਜ਼ੂਰ ਇਜਾਜ਼, ਮਜ਼ਹਰ ਤ੍ਰਿਮਜੀ, ਡਾ ਕਰਨੈਲ ਸਿੰਘ ਥਿੰਦ, ਡਾ ਪ੍ਰੇਮ ਪ੍ਰਕਾਸ਼ ਸਿੰਘ ਧਾਲੀਵਾਲ, ਸ਼ੁਭਾਸ਼ ਸਹਿਗਲ, ਆਰਿਫ ਹੁਸੈਨ, ਸੋਮਨਾਥ ਮੁਕਰਜੀ, ਸੁੱਚਾ ਦੀਪਕ, ਵਿਕਟਰ ਬੈਨਰਜੀ, ਗਨੇਸ਼ ਸ਼ੈਲੀ, ਜਨਮੇਜਾ ਜੌਹਲ, ਰਾਜਪਾਲ ਸਿੰਘ, ਕੁਲਦੀਪ ਕੌਰ ਟਿਵਾਣਾਂ, ਗੈਰੀ ਜ਼ੈਬਲ, ਜੇਸਨ ਪਰਾਮਸ, ਭੁਪਿੰਦਰ ਮੱਲ੍ਹੀ, ਸਚਿਤ ਬਲਸਾਰੀ, ਮਾਈਕਲ ਵੋਰਟਮੈਨ, ਜੈਨੀਫਰ ਲੀਨਿੰਗ, ਜਾਵੇਦ ਅਜ਼ੀਜ, ਮਨਮੋਹਨ ਕਰਨਵਾਲ, ਨਦੀਮ ਮਿਰਜ਼ਾ, ਓਮਾ ਚਕਰਵਰਤੀ, ਸਿਧਾਰਥ ਵਰਧਰਾਜਨ, ਹੈਰਿਸ ਗਜ਼ਦਰ, ਅਨਨਇਆ ਵਾਜਪਾਈ, ਬੀਨਾ ਸਰਵਰ, ਤਨਵੀਰ ਖ੍ਹਾਨ, ਮਲਿਕ ਲਾਤੀਫ, ਸ਼ਹੀਨ ਪੀਰਜ਼ਾਦਾ, ਅਦਨਾਨ ਮੋਰਸ਼ਦ, ਨਸੀਮ ਭਾਈ ਤੇ ਗਾਰਗਾ ਚੈਟਰਜੀ। ਮੇਰੇ ਅਧਿਆਪਕਾਂ ਦਾ ਵੀ ਧੰਨਵਾਦ ਜਿਨ੍ਹਾਂ ਨੇ ਮੈਨੂੰ ਜ਼ਿੰਦਗੀ ਦੇ ਵਿੰਗੇ ਟੇਢੇ ਰਾਹਾਂ ਉਤੇ ਸੰਭਲ ਕੇ ਚਲਣ ਦਾ ਢੰਗ ਦਸਿਆ, ਖਾਸ ਕਰਕੇ ਕੁਝ ਨਾਮ ਮੈਂ ਲੈਣਾ ਚਾਹੁੰਦਾ ਹਾਂ ਜਿਵੇਂ "ਸ਼ਾਸ਼ਤਰੀ ਜੀ", ਬਿਲ ਜੋਨਜ਼, ਲਿਓਨ ਵਾਟਸ, ਡੀਟਰ ਗੀਓਰਗੀ, ਹੈਲਮਿਟ ਕੋਇਸਟਰ, ਹਾਂਸ ਗੀਓਰਗ ਗਾਡਾਮਰ, ਨੌਇਮ ਚੌਮਿਸਕੀ ਅਤੇ ਹਾਵਰਡ ਜ਼ਿਨ।

ਹਰ ਹਾਲਾਤ ਅਤੇ ਸਾਲਾਂ ਬੱਧੀ ਮੇਰੇ ਪ੍ਰਵਾਰ ਦੇ ਮੈਂਬਰ ਹਰਦੀਪ ਮਾਨ, ਬਲਰਾਜ ਕੌਰ ਤੇ ਸੁਨੀਤਾ ਰਾਨੀ ਦੇ ਸਹਿਯੋਗ, ਸਬਰ ਅਤੇ ਪਿਆਰ ਤੋਂ ਬਿਨਾ ਮੇਰਾ ਇਸ ਰਚਨਾ ਉਤੇ ਕੰਮ ਕਰਨਾ ਬਿਲਕੁਲ ਸੰਭਵ ਨਹੀਂ ਸੀ।

–ਜਸਪਾਲ ਸਿੰਘ

# ਭੂਮਿਕਾ

ਪੰਜਾਬ ਦੇ ਲੋਕਾਂ ਦੀ ਕਈ ਹਜ਼ਾਰਾਂ ਸਾਲਾਂ ਦੀ ਤਾਰੀਖ਼ ਦੇ ਦੌਰਾਨ ਪੰਜਾਬੀ ਦਰਸ਼ਨ ਹੋਂਦ ਵਿਚ ਆਇਆ ਅਤੇ ਵਿਕਸਿਤ ਹੋਇਆ ਹੈ। ਮੁੱਢ ਕਦੀਮਾਂ ਤੋਂ ਹੀ ਇਸ ਖ਼ਿੱਤੇ ਵਿਚ ਸਮੇਂ ਸਮੇਂ ਅਨੇਕਾਂ ਵੱਡੇ ਵੱਡੇ ਵਿਦਵਾਨਾਂ, ਗਿਆਨੀਆਂ ਅਤੇ ਸਿਆਣੇ ਵਿਅਕਤੀਆਂ ਨੇ ਜਨਮ ਲਿਆ ਜੋ ਕੁਦਰਤ, ਸਮਾਜ, ਰਾਜਨੀਤੀ, ਅਰਥਸ਼ਾਸਤਰ, ਮਨੋਬਿਰਤੀ, ਕਲਾ ਅਤੇ ਜ਼ਿੰਦਗੀ ਦੇ ਬਹੁਤ ਸਾਰੇ ਹੋਰ ਪਹਿਲੂਆਂ ਬਾਰੇ ਸੋਚਣ ਦੀ ਸਮਰੱਥਾ ਰੱਖਦੇ ਸਨ ਅਤੇ ਸੋਚਦੇ ਆਏ ਸਨ। ਇਨ੍ਹਾਂ ਹਸਤੀਆਂ ਨੇ ਇਸ ਖਿਤੇ ਦੀ ਸੋਚ ਨੂੰ ਵਿਕਸਿਤ ਤੇ ਪ੍ਰਖ਼ਤਾ ਕੀਤਾ।

ਰਿਗਵੇਦ ਦੇ ਕਰਤਾ ਇਸ ਖਿੱਤੇ ਦੇ ਲੋਕ ਹੀ ਸਨ। ਭਾਵੇਂ ਕਿ ਰਿਗਵੇਦ ਵਿਚ ਇਹ ਖ਼ਿਆਲ ਅਤੇ ਤਸੱਵਰ ਕਿਸੇ ਹੱਦ ਤੱਕ ਵਿਕਸਿਤ ਰੂਪ ਵਿਚ ਮਿਲਦੇ ਹਨ ਪਰ ਉਸਤੋਂ ਪਹਿਲਾਂ ਵੀ ਇਸ ਖਿੱਤੇ ਵਿਚ ਦਾਰਸ਼ਨਿਕ ਜਾਂ ਫ਼ਲਸਫ਼ਾਨਾ ਵਿਚਾਰ ਵਟਾਂਦਰੇ ਹੁੰਦੇ ਰਹੇ। ਤੰਤ੍ਰ, ਜੋਗ, ਸਾਂਖ਼ਯਾ ਅਤੇ ਜੈਨ ਮੱਤ ਇਸ ਤੋਂ ਵੀ ਪਹਿਲੇ ਦੇ ਦੱਸੇ ਜਾਂਦੇ ਹਨ। ਰਿਗਵੇਦ ਦਾ ਮਤਲਬ ਹਰ ਉਸ ਚੀਜ਼ ਦਾ ਗਿਆਨ ਜੋ ਚਲ ਜਾਂ ਅਚੱਲ ਹੈ। ਇਹ ਹਰ ਸ਼ੈਅ ਅਤੇ ਕੁਦਰਤ ਦਾ ਗਿਆਨ ਹੈ। ਇਸ ਵਿਚ ਕੁਦਰਤ ਦੀਆਂ ਤਾਕਤਾਂ ਬਾਰੇ, ਸਮਾਜ ਬਾਰੇ, ਰਾਜ ਬਾਰੇ, ਗਿਆਨ ਬਾਰੇ, ਸਿਹਤ ਬਾਰੇ, ਬੋਲੀ ਬਾਰੇ ਅਤੇ ਹੋਰ ਕਈ ਵਿਸ਼ਿਆਂ ਬਾਰੇ ਸੋਚ, ਸੂਝ ਤੇ ਸੇਧ ਮਿਲਦੀ ਹੈ। ਕਈ ਉਪਨਿਸ਼ਦ ਅਤੇ ਹੋਰ ਗ੍ਰੰਥ ਵੀ ਇਸੇ ਧਰਤੀ ਦੇ ਗਿਆਨੀਆਂ ਅਤੇ ਵਿਦਵਾਨਾਂ ਨੇ ਰਚੇ। ਵਿਆਸ, ਪਾਣਨੀ, ਪਤੰਜਲੀ, ਵਸੁਬੰਧੁ, ਅਸੰਗ ਅਤੇ ਹੋਰ ਮਹਾਨ ਵਿਦਵਾਨ ਇਸੇ ਧਰਤੀ ਦੀ ਹੀ ਪੈਦਾਇਸ਼ ਸਨ ਜਿਨ੍ਹਾਂ ਪੰਜਾਬੀ ਦਰਸ਼ਨ ਦੇ ਰੰਗ ਰੂਪ ਨੂੰ ਨਿਖਾਰਿਆ।

ਸੋ ਪੰਜਾਬੀ ਦਰਸ਼ਨ ਦਾ ਬਹੁਤ ਲੰਮਾ ਸਫ਼ਰ ਹੈ। ਸੈਂਕੜੇ ਹਜ਼ਾਰਾਂ ਸਾਲਾਂ ਦੇ ਪੈਂਡੇ ਅਤੇ ਤਿਖੇ ਮੋੜਾਂ ਘੋੜਾਂ ਵਿਚ ਦੀ ਗੁਜ਼ਰਦੇ ਹੋਏ ਇਹ ਫਲਸਫਾ ਹੋਂਦ ਵਿਚ ਆਇਆ ਹੈ। ਪਰ ਪੰਜਾਬੀ ਦਰਸ਼ਨ ਦੀ ਹੋਂਦ ਨੂੰ ਸਰਕਾਰੇ ਦਰਬਾਰੇ ਨਾ ਤਸਲੀਮ ਹੀ ਕੀਤਾ ਜਾਂਦਾ ਹੈ ਅਤੇ ਨਾ ਹੀ ਇਸ ਵਿਸ਼ੇ ਤੇ ਲਿਖੀ ਹੋਈ ਕੋਈ ਕਿਤਾਬ ਹੀ ਮਿਲਦੀ ਹੈ। ਪੰਜਾਬੀ ਦਰਸ਼ਨ ਲਹਿੰਦੇ ਜਾਂ ਚੜ੍ਹਦੇ ਪੰਜਾਬ ਦੀ ਕਿਸੇ ਵੀ ਯੂਨੀਵਰਸਿਟੀ ਵਿਚ ਪੜ੍ਹਾਇਆ ਨਹੀਂ ਜਾਂਦਾ। ਪੰਜਾਬ ਦੇ ਕਿਸੇ ਅਦਾਰੇ ਵਿਚ ਪੰਜਾਬੀ ਦਰਸ਼ਨ ਤੋਂ ਸੇਧ ਨਹੀਂ ਲਈ ਜਾਂਦੀ। ਪੰਜਾਬੀ ਕੌਮ ਦੀ ਇਸ ਤੋਂ ਵੱਡੀ ਬਦਕਿਸਮਤੀ ਹੋਰ ਕੀ ਹੋ ਸਕਦੀ ਹੈ?

ਕਈ ਸਾਲ ਪਹਿਲਾਂ ਦੀ ਗੱਲ ਹੈ। ਹਿੰਦੁਸਤਾਨ ਵਿਚ ਇੰਦਰਾ ਗਾਂਧੀ ਨੇ ਜੂਨ **1975** ਵਿਚ ਐਮਰਜੈਂਸੀ ਲਾ ਦਿੱਤੀ ਸੀ। ਮੈਂ ਉਸ ਵੇਲੇ

ਏਥੇ ਅਮਰੀਕਾ ਵਿਚ ਇਕ ਯੂਨੀਵਰਸਿਟੀ ਵਿਚ ਪੜ੍ਹਦਾ ਸੀ। ਅਮਰੀਕਾ ਦੀਆਂ ਸਾਰੀਆਂ ਹੀ ਯੂਨੀਵਰਸਿਟੀਆਂ ਦੇ ਇੰਡੀਅਨ ਵਿਦਿਆਰਥੀਆਂ ਵਿਚ ਐਮਰਜੈਂਸੀ ਦੇ ਖਿਲਾਫ ਬਹੁਤ ਗੁੱਸਾ ਅਤੇ ਉਭਾਰ ਸੀ । ਥਾਂ ਥਾਂ ਤੇ ਮੁੰਡਿਆਂ ਕੁੜੀਆਂ ਨੇ ਹਿੰਦੁਸਤਾਨ ਅਤੇ ਐਮਰਜੈਂਸੀ ਬਾਰੇ ਗੋਸ਼ਟੀਆਂ ਕਰਨੀਆਂ ਸ਼ੁਰੂ ਕਰ ਦਿਤੀਆਂ। ਅਸੀਂ ਵੀਕਐਂਡ ਤੇ ਇਕ ਯੂਨੀਵਰਸਿਟੀ ਤੋਂ ਦੂਸਰੀ ਯੁਨੀਵਰਸਿਟੀ ਜਾਂਦੇ ਤੇ ਹਿੰਦੁਸਤਾਨ ਦੇ ਹਾਲਾਤ ਬਾਰੇ ਗੱਲਬਾਤ ਕਰਦੇ। ਅਸੀਂ ਹਿੰਦੁਸਤਾਨ ਤੋਂ ਆਏ ਹੋਏ ਵਿਰੋਧੀ ਪਾਰਟੀਆਂ ਦੇ ਲੀਡਰਾਂ, ਟਰੇਡ ਯੁਨੀਅਨਾਂ ਦੇ ਲੀਡਰਾਂ, ਅਖ਼ਬਾਰਨਵੀਸਾਂ, ਪ੍ਰੋਫੈਸਰਾਂ ਅਤੇ ਹੋਰ ਵਿਦਿਆਰਥੀਆਂ ਨਾਲ ਵੀ ਮਿਲਦੇ ਗਿਲਦੇ ਅਤੇ ਵਿਚਾਰ ਸਾਂਝੇ ਕਰਦੇ। ਇਸੇ ਸਿਲਸਿਲੇ ਵਿਚ ਅਸੀਂ ਕੌਰਨੈਲ ਯੁਨੀਵਰਸਿਟੀ ਵੀ ਗਏ। ਉਥੇ ਇਕ ਦੋ ਰੋਜ਼ਾ ਕਾਨਫਰੰਸ ਸੀ। ਇਥੇ ਵਿਦਿਆਰਥੀ ਅਤੇ ਹੋਰ ਨੌਜਵਾਨ ਵੱਡੀ ਗਿਣਤੀ ਵਿਚ ਇਕੱਠੇ ਹੋਏ। ਇਸ ਕਾਨਫਰੰਸ ਦੌਰਾਨ ਸਾਨੂੰ ਕਿਸੇ ਨੇ ਦੱਸਿਆ ਕਿ ਕੈਨੇਡਾ ਵਿਚ ਕੋਈ ਹਰਦਿਆਲ ਬੈਂਸ ਨਾਂਅ ਦਾ ਬੰਦਾ ਹੈ ਜੋ ਬਹੁਤ ਹੀ ਸਰਗਰਮ ਹੈ, ਬਹਾਦਰ ਹੈ ਅਤੇ ਸੂਝਵਾਨ ਹੈ ਅਤੇ ਇੰਦਰਾ ਗਾਂਧੀ ਨੇ ਉਸਦਾ ਪਾਸਪੋਰਟ ਜ਼ਬਤ ਕਰ ਲਿਆ ਹੈ। ਅਸੀਂ ਹਰਦਿਆਲ ਹੁਰਾਂ ਨੂੰ ਮਿਲਣ ਦਾ ਫੈਸਲਾ ਕਰ ਲਿਆ।

ਕੁਝ ਦਿਨਾਂ ਬਾਅਦ ਸਾਡੀ ਯੂਨੀਵਰਸਿਟੀ ਤੋਂ ਅਸੀਂ **10-12** ਜਣੇ ਉਨ੍ਹਾਂ ਨੂੰ ਮਿਲਣ ਚਲੇ ਗਏ। ਕੈਨੇਡਾ ਦੀ ਇਕ ਯੂਨੀਵਰਸਿਟੀ ਵਿਚ ਅਸੀਂ ਹਰਦਿਆਲ ਹੁਰਾਂ ਨੂੰ ਮਿਲੇ। ਗੱਲਬਾਤ ਦੌਰਾਨ ਹਰਦਿਆਲ ਨੇ ਦਸਿਆ ਕਿ ਜਿੰਨਾਂ ਚਿਰ ਹਿੰਦੁਸਤਾਨ ਦੇ ਲੋਕ ਆਪਣਾ ਦਰਸ਼ਨ ਅੱਜ ਦੇ ਹਾਲਾਤ ਦੇ ਮੁਤਾਬਿਕ ਵਿਕਸਿਤ ਨਹੀਂ ਕਰਦੇ ਉਨਾਂ ਚਿਰ ਉਨ੍ਹਾਂ ਦੀ ਮੁਕਤੀ ਨਹੀਂ ਹੋ ਸਕਦੀ। ਮੈਂ ਉਨ੍ਹਾਂ ਨੂੰ ਕਿਹਾ ਕਿ ਤੁਸੀਂ ਤਾਂ ਕਮਿਉਨਿਸਟ ਹੋ? ਮੇਰੀ ਗੱਲ ਸੁਣਕੇ ਉਹ ਮੁਸਕਰਾ ਕੇ ਕਹਿਣ ਲੱਗੇ ਕਿ ਮੈਂ ਇਕ ਸਾਇੰਸਦਾਨ ਵੀ ਹਾਂ ਅਤੇ ਕਮਿਊਨਿਸਟ ਹੋਣ ਦਾ ਮਤਲਬ ਇਹ ਨਹੀਂ ਕਿ ਆਪਣੇ ਸਿਰ ਅਤੇ ਅਕਲ ਨੂੰ ਨਾ ਵਰਤੋ। ਉਨ੍ਹਾਂ ਕਿਹਾ ਕਿ ਸਾਨੂੰ ਆਪਣੀ ਮੁਕਤੀ ਲਈ ਆਪਣੇ ਫ਼ਲਸਫ਼ੇ ਦੀ ਲੋੜ ਹੈ। ਅਸੀਂ ਦੋ ਦਿਨ ਹਰਦਿਆਲ ਹੋਰਾਂ ਨਾਲ ਹਿੰਦੁਸਤਾਨ ਅਤੇ ਹੋਰ ਅੰਤਰਰਾਸ਼ਟਰੀ ਹਾਲਾਤ ਬਾਰੇ ਗੱਲਬਾਤ ਕਰਕੇ ਵਾਪਸ ਆ ਗਏ। ਪਰ ਦਰਸ਼ਨ ਬਾਰੇ ਕਹੀ ਉਨ੍ਹਾਂ ਦੀ ਇਹ ਗੱਲ ਮੈਨੂੰ ਟੁੰਬ ਗਈ। ਉਸ ਵੇਲੇ ਮੈਂ ਵੀ ਫਲਸਫਾ ਪੜ੍ਹ ਰਿਹਾ ਸੀ। ਮੇਰੇ ਨਾਲ ਦੇ ਜ਼ਿਆਦਾ ਯਾਰ ਦੋਸਤ ਸਾਇੰਸ ਪੜ੍ਹਦੇ ਸਨ। ਨਾ ਮੈਂ ਤੇ ਨਾ ਸ਼ਾਇਦ ਉਨ੍ਹਾਂ ਨੇ ਹੀ ਕਦੇ ਇਸ ਗੱਲ ਬਾਰੇ ਸੋਚਿਆ ਸੀ ਕਿ ਸਾਨੂੰ ਆਪਣੇ ਫ਼ਲਸਫ਼ੇ ਦੀ ਲੋੜ ਹੈ। ਪਰ ਹਰਦਿਆਲ ਹੋਰਾਂ ਨਾਲ ਚਰਚਾ ਦੇ ਬਾਅਦ ਇਹ ਬਿਲਕੁਲ ਸਾਫ਼ ਸੀ ਕੀ ਸਾਨੂੰ ਆਪਣੇ ਫਲਸਫੇ ਅਤੇ ਦਰਸ਼ਨ ਦੀ ਲੋੜ ਹੈ। ਪਰ ਹਿੰਦੁਸਤਾਨ ਦੀ ਕਿਸੇ ਵੀ ਸਿਆਸੀ ਪਾਰਟੀ ਅਤੇ ਕਿਸੇ ਵੀ ਅਦਾਰੇ ਨੇ ਪਹਿਲਾਂ

ਕਦੇ ਇਹ ਮੁੱਦਾ ਨਹੀਂ ਉਠਾਇਆ ਸੀ। ਕਮਿਉਨਿਸਟਾਂ ਦੀ ਇਕ ਪਾਰਟੀ ਐਮਰਜੈਂਸੀ ਦੀ ਹਿਮਾਇਤ ਕਰ ਰਹੀ ਸੀ ਅਤੇ ਦੂਜੀ ਇਸ ਦੇ ਖਿਲਾਫ ਸੀ। ਮਾਉਵਾਦੀ ਕਹਿੰਦੇ ਸੀ ਅਸੀਂ ਤਾਂ ਹਥਿਆਰਬੰਦ ਸੰਘਰਸ਼ ਚਲਾ ਰਹੇ ਹਾਂ। ਜਨਤਾ ਪਾਰਟੀ ਵਾਲੇ ਕਹਿੰਦੇ ਸੀ ਸਾਨੂੰ ਤਾਕਤ ਵਿਚ ਲਿਆਉਂਗੇ ਤਾਂ ਜਮਹੂਰੀਅਤ ਬਹਾਲ ਹੋ ਜਾਵੇਗੀ। ਪਰ ਕਿਸੇ ਨੇ ਵੀ ਇਹ ਗੱਲ ਨਹੀਂ ਸੀ ਕਹੀ ਕਿ ਆਪਣੇ ਮਸਲੇ ਹੱਲ ਕਰਨ ਲਈ, ਆਪਣੇ ਅਦਾਰੇ ਬਣਾਉਣ ਲਈ ਅਤੇ ਉਨ੍ਹਾਂ ਨੂੰ ਸੇਧ ਦੇਣ ਲਈ ਸਾਨੂੰ ਆਪਣੇ ਦਰਸ਼ਨ, ਸਿਧਾਂਤ ਅਤੇ ਫ਼ਲਸਫ਼ੇ ਦੀ ਲੋੜ ਹੈ। ਮੈਂ ਇਸ ਗੱਲ ਬਾਰੇ ਸੋਚਦਾ ਰਿਹਾ। ਹੁਣ ਇਹ ਗੱਲ ਮੈਨੂੰ ਤਾਂ ਬਿਲਕੁਲ ਕੁਦਰਤੀ ਲਗਦੀ ਸੀ ਕਿ ਜੇ ਅਸੀਂ ਆਪਣੇ ਵਿਰਸੇ ਅਤੇ ਹਾਲਾਤ ਮੁਤਾਬਿਕ ਆਪਣੇ ਸਿਧਾਂਤ ਨੂੰ ਵਿਕਸਿਤ ਨਹੀਂ ਕਰਦੇ ਤਾਂ ਬਾਹਰੋਂ ਮੰਗੇ ਹੋਏ ਜਾਂ ਠੋਸੇ ਹੋਏ ਬਦੇਸ਼ੀ ਸਿਧਾਂਤਾਂ ਨਾਲ ਸਾਡਾ ਬੇੜਾ ਪਾਰ ਨਹੀਂ ਹੋ ਸਕਦਾ। ਜਿਨਾਂ ਜ਼ਿਆਦਾ ਮੈਂ ਇਸ ਬਾਰੇ ਸੋਚਦਾ ਉਨੀਂ ਹੀ ਜ਼ਿਆਦਾ ਇਹ ਗੱਲ ਦਿਲ ਨੂੰ ਲਗਦੀ। ਖ਼ੈਰ ਵਕਤ ਲੰਘਦਾ ਰਿਹਾ ਅਤੇ ਐਮਰਜੈਂਸੀ ਇੰਦਰਾ ਗਾਂਧੀ ਨੂੰ ਖ਼ਤਮ ਕਰਨੀ ਪਈ। ਚੋਣਾਂ ਵਿਚ ਜਨਤਾ ਪਾਰਟੀ ਜਿੱਤ ਗਈ ਪਰ ਮਸਲੇ ਹੱਲ ਨਾ ਹੋਏ ਪਰਨਾਲਾ ਉਥੇ ਦਾ ਉਥੇ ਹੀ ਰਿਹਾ। ਸਾਨੂੰ ਇਹ ਸਮਝ ਆਉਣ ਲੱਗ ਪਈ ਕਿ ਹਿੰਦੁਸਤਾਨ ਦੇ ਸਮਾਜੀ, ਆਰਥਕ ਅਤੇ ਸਿਆਸੀ ਢਾਂਚੇ ਵਿਚ ਕੋਈ ਨਾ ਕੋਈ ਬੁਨਿਆਦੀ ਖ਼ਾਮੀ ਹੈ ਤੇ ਮੈਨੂੰ ਇਹ ਲਗਦਾ ਸੀ ਕਿ ਇਹ ਹੈ ਬਦੇਸ਼ੀ ਅਦਾਰੇ ਅਤੇ ਬਦੇਸ਼ੀ ਸੋਚ ਜੋ ਸਾਡੇ ਸਮਾਜ ਤੇ ਭਾਰੂ ਹਨ। ਮੈਂ ਯੁਨੀਵਰਸਿਟੀ ਵਿਚ ਇਕ ਕਲਾਸ ਵੀ ਪੜ੍ਹਾਉਣੀ ਸ਼ੁਰੂ ਕਰ ਦਿਤੀ ਜਿਸ ਦਾ ਨਾਂਅ ਸੀ ਹਿੰਦੁਸਤਾਨ ਕਿਥੋਂ ਤੇ ਕਿੱਧਰ। ਇਸ ਕਲਾਸ ਵਿਚ ਮੈਂ ਹਿੰਦੁਸਤਾਨ ਦੀ ਤਾਰੀਖ਼ ਅਤੇ ਹਿੰਦੁਸਤਾਨ ਵਿਚ ਵਿਕਸਿਤ ਹੋਈ ਸੋਚ ਅਤੇ ਸੂਝ ਬਾਰੇ ਖੋਜ ਦਾ ਕੰਮ ਸ਼ੁਰੂ ਕਰ ਦਿੱਤਾ।

ਇਨ੍ਹਾਂ ਦਿਨਾਂ ਵਿਚ ਹੀ ਪੰਜਾਬ ਵਿਚ ਗੜਬੜ ਸ਼ੁਰੂ ਹੋ ਗਈ। ਕਤਲੋਗਾਰਤ ਦਾ ਬਾਜ਼ਾਰ ਗਰਮ ਹੋ ਗਿਆ। ਫਿਰਕੂ ਹਿੰਸਾ ਅਤੇ ਤਸ਼ੱਦਦ ਵੱਧ ਗਏ। ਹਰਦਿਆਲ ਹੋਰਾਂ ਮੈਨੂੰ ਕਿਹਾ ਕਿ ਉਹ ਪੰਜਾਬ ਦੇ ਹਾਲਾਤ ਬਾਰੇ ਇਕ ਕਿਤਾਬ ਲਿਖਣ ਦੀ ਸੋਚ ਰਹੇ ਹਨ ਅਤੇ ਜੇ ਮੈਂ ਭਗਤੀ ਲਹਿਰ ਬਾਰੇ ਇਕ ਕਿਤਾਬ ਲਿਖਣ ਲਈ ਉਨ੍ਹਾਂ ਦੀ ਮਦਦ ਕਰ ਸਕਾਂ ਤਾਂ ਠੀਕ ਰਹੇਗਾ। ਮੈਂ ਉਸ ਵੇਲੇ ਭਗਤੀ ਲਹਿਰ ਤੇ ਖੋਜ ਕਰ ਰਿਹਾ ਸੀ। ਅਸੀਂ ਭਗਤੀ ਲਹਿਰ ਬਾਰੇ ਕਾਫੀ ਵਿਚਾਰ ਵਟਾਂਦਰਾ ਕੀਤਾ। ਪੰਜਾਬ ਦੇ ਹਾਲਾਤ ਬਾਰੇ ਉਨ੍ਹਾਂ ਦੀ ਕਿਤਾਬ *'ਸ਼ਹੀਦਾਂ ਦਾ ਸੱਦਾ'* **1985** ਵਿਚ ਆਈ, ਜਿਸ ਵਿਚ ਉਨ੍ਹਾਂ ਭਗਤੀ ਲਹਿਰ ਦਾ ਜਾਇਜ਼ਾ ਲਿਆ। **1990** ਵਿਚ ਹਰਦਿਆਲ ਹੁਰਾਂ ਅਤੇ ਏ.ਆਈ.ਪੀ.ਐਸ.ਜੀ. ਨੇ ਹਿੰਦੁਸਤਾਨੀ ਦਰਸ਼ਨ ਬਾਰੇ ਕੈਨੇਡਾ, ਇੰਗਲੈਂਡ, ਅਮਰੀਕਾ ਅਤੇ ਟਰਿਨੀਡਾਡ ਵਿਚ ਕਾਨਫਰੰਸਾਂ ਕੀਤੀਆਂ। ਮੈਨੂੰ ਵੀ ਇਨ੍ਹਾਂ ਕਾਨਫਰੰਸਾਂ

ਵਿਚ ਸ਼ਾਮਲ ਹੋਣ ਦਾ ਮੌਕਾ ਮਿਲਿਆ। ਮੈਂ ਇਨ੍ਹਾਂ ਕਾਨਫਰੰਸਾਂ ਵਿਚ ਦਰਸ਼ਨ ਉਤੇ ਪਰਚੇ ਪੜ੍ਹੇ ਅਤੇ ਵਿਚਾਰ ਗੋਸ਼ਠੀਆਂ ਵਿਚ ਹਿੱਸਾ ਲਿਆ। ਇਹ ਕਾਨਫਰੰਸਾਂ ਬਹੁਤ ਕਾਮਯਾਬ ਰਹੀਆਂ ਜਿਨ੍ਹਾਂ ਵਿਚ ਵਿਦਿਆਰਥੀਆਂ, ਪ੍ਰੋਫੈਸਰਾਂ, ਸਿਆਸੀ ਕਾਰਕੁਨਾਂ ਅਤੇ ਹੋਰ ਨੌਜਵਾਨਾਂ ਨੇ ਸੈਂਕੜਿਆਂ ਦੀ ਗਿਣਤੀ ਵਿਚ ਹਿੱਸਾ ਲਿਆ। ਲੰਡਨ ਦੀ ਕਾਨਫਰੰਸ ਦਾ ਇਕ ਹਿੱਸਾ ਪੰਜਾਬੀ ਜ਼ਬਾਨ ਵਿਚ ਸਾਊਥਾਲ ਵਿਚ ਕੀਤਾ ਗਿਆ। ਇਹ ਪਹਿਲੀ ਵਾਰ ਸੀ ਕਿ ਦਰਸ਼ਨ ਬਾਰੇ ਕੋਈ ਕਾਨਫਰੰਸ ਪੰਜਾਬੀ ਵਿਚ ਹੋਈ ਸੀ।

ਇਹ ਗੱਲ ਹੁਣ ਹੋਰ ਵੀ ਨਿੱਖਰ ਕੇ ਸਾਮ੍ਹਣੇ ਆ ਗਈ ਸੀ ਕਿ ਪੰਜਾਬੀ ਕੌਮ ਨੂੰ ਆਪਣੇ ਦਰਸ਼ਨ ਦੀ ਬਹੁਤ ਲੋੜ ਹੈ। ਆਪਣੇ ਦਰਸ਼ਨ ਬਿਨਾਂ ਪੰਜਾਬੀ ਕੌਮ ਅੰਨ੍ਹਿਆਂ ਬਰਾਬਰ ਹੈ। ਮੇਰੇ ਦਿਲ ਵਿਚ ਇਹ ਗੱਲ ਘਰ ਕਰ ਗਈ ਅਤੇ ਮੈਂ ਪੰਜਾਬੀ ਦਰਸ਼ਨ ਬਾਰੇ ਕੰਮ ਕਰਨਾ ਸ਼ੁਰੂ ਕਰ ਦਿਤਾ। ਲੋੜੀਂਦੀ ਸਾਮੱਗਰੀ ਅਤੇ ਵਸੀਲੇ ਮੌਜੂਦ ਸਨ। ਪੁਰਾਣੇ ਸੰਸਕ੍ਰਿਤ ਦੇ ਗ੍ਰੰਥ ਮੇਰੇ ਕੋਲ ਸੀ। ਪ੍ਰਾਕ੍ਰਿਤ ਅਤੇ ਹੋਰ ਬੋਲੀਆਂ ਦੀ ਸਾਮੱਗਰੀ ਵੀ ਲੱਭੀ ਜਾ ਸਕਦੀ ਸੀ। ਬ੍ਰਿਟਿਸ਼ ਲਾਈਬਰੇਰੀ ਵਿਚ ਕਾਫੀ ਸਾਮਾਨ ਮੌਜੂਦ ਸੀ। ਇਸੇ ਦੌਰਾਨ ਮੇਰੀ ਮੁਲਾਕਾਤ ਮੰਜ਼ੂਰ ਇਜਾਜ਼ ਨਾਲ ਹੋਈ। ਮੰਜ਼ੂਰ ਸਾਹਿਬ ਲਹੌਰ ਫ਼ਲਸਫ਼ਾ ਪੜ੍ਹਾਉਂਦੇ ਰਹੇ ਸਨ ਅਤੇ ਹੁਣ ਅਮਰੀਕਾ ਵਿਚ ਰਹਿ ਰਹੇ ਸਨ। ਅਸੀਂ ਪੰਜਾਬੀ ਬੋਲੀ, ਪੰਜਾਬੀ ਕੌਮ ਅਤੇ ਪੰਜਾਬੀ ਦਰਸ਼ਨ ਬਾਰੇ ਵਿਚਾਰ ਵਟਾਂਦਰੇ ਅਤੇ ਗੋਸ਼ਟੀਆਂ ਕਰਨੀਆਂ ਸ਼ੁਰੂ ਕੀਤੀਆਂ। ਮੰਜ਼ੂਰ ਹੁਰਾਂ ਮੇਰੀ ਮੁਲਾਕਾਤ ਨਜਮ ਹੁਸੈਨ ਸੱਯਦ ਨਾਲ ਉਨ੍ਹਾਂ ਦੀਆਂ ਲਿਖਤਾਂ ਰਾਹੀਂ ਕਰਵਾਈ। ਹੁਣ ਮੈਨੂੰ ਇਹ ਗੱਲ ਬਿਲਕੁਲ ਹੀ ਸਾਫ਼ ਹੋ ਗਈ ਕਿ ਪੰਜਾਬੀ ਦਰਸ਼ਨ ਦੀ ਬਹੁਤ ਲੋੜ ਹੈ। ਪਰ ਇਕ ਗੱਲ ਸਮਝ ਵਿਚ ਨਹੀਂ ਸੀ ਆਉਂਦੀ ਕਿ ਪੰਜਾਬੀ ਦੇ ਵੱਡੇ ਵਿਦਵਾਨਾਂ ਨੇ ਇਸ ਪਾਸੇ ਹਾਲੇ ਤੱਕ ਕੋਈ ਧਿਆਨ ਕਿਉਂ ਨਹੀਂ ਸੀ ਦਿੱਤਾ ਤੇ ਇਸ ਲੋੜ ਨੂੰ ਕਿਉਂ ਮਹਿਸੂਸ ਨਹੀਂ ਸੀ ਕੀਤਾ। ਹੌਲੀ ਹੌਲੀ ਇਹ ਗੱਲ ਵੀ ਸਮਝ ਆਉਣ ਲਗ ਪਈ ਕਿ ਸਾਡੀ ਸੋਚ ਤੇ ਬਦੇਸ਼ੀ ਸੋਚ ਭਾਰੂ ਹੈ। ਅਸੀਂ ਹਰ ਕੰਮ ਲਈ ਯੂਰਪ ਜਾਂ ਅਮਰੀਕਾ ਦੀ ਸੋਚ ਵਿਚੋਂ ਸੇਧ ਲੱਭ ਦੇ ਫਿਰਦੇ ਹਾਂ। ਸਾਡੇ ਦਿਮਾਗਾਂ ਤੇ ਬਸਤੀਵਾਦ ਅਜੇ ਵੀ ਭਾਰੂ ਹੈ, ਬ੍ਰਹਾਮਣਵਾਦ ਭਾਰੂ ਹੈ, ਲਿਬਰਲਵਾਦ ਭਾਰੂ ਹੈ।

ਹਰਦਿਆਲ ਹੁਰੀਂ ਇਸ ਗੱਲ ਤੇ ਬਹੁਤ ਜ਼ੋਰ ਦਿੰਦੇ ਸੀ ਕਿ ਸਾਡੇ ਲੋਕਾਂ ਨੂੰ ਆਪਣਾ ਦਰਸ਼ਨ ਅਤੇ ਸੂਝ ਨੂੰ ਵਿਕਸਿਤ ਕਰਨ ਦੀ ਬਹੁਤ ਲੋੜ ਹੈ। ਇਸ ਤੋਂ ਬਿਨਾਂ ਲੋਕਾਂ ਦੀ ਮੁਕਤੀ ਮੁਮਕਿਨ ਨਹੀਂ। **1996** ਵਿਚ ਗੱਲਬਾਤ ਕਰਦੇ ਉਨ੍ਹਾਂ ਨੇ ਇਕ ਵਾਰ ਫਿਰ ਇਹ ਗੱਲ ਦੁਹਰਾਈ ਕਿ ਹਿੰਦੁਸਤਾਨੀ ਕਮਿਊਨਿਸਟ ਅਤੇ ਚਿੰਤਕ ਆਪਣੇ ਦਰਸ਼ਨ ਵੱਲ ਧਿਆਨ ਨਾ ਦੇਕੇ ਯੂਰਪ ਦੀ ਸੋਚ ਦੇ ਮਗਰ ਲੱਗੇ ਹੋਏ ਨੇ। ਇਸ ਨਾਲ ਹਿੰਦੁਸਤਾਨ ਦਾ ਕਲਿਆਣ ਨਹੀਂ ਹੋਣਾ। ਹਰਦਿਆਲ ਹੁਰੀਂ ਵਾਰ

ਵਾਰ ਕਿਹਾ ਕਰਦੇ ਸਨ ਕਿ ਹਿੰਦੋਸਤਾਨੀ ਲੋਕਾਂ ਅਤੇ ਕਮਿਊਨਿਸਟਾਂ ਦੇ ਸਾਹਮਣੇ ਸਭ ਤੋਂ ਅਹਿਮ ਕੰਮ ਹਿੰਦੋਸਤਾਨੀ ਸਿਧਾਂਤ ਨੂੰ ਵਿਕਸਤ ਕਰਨ ਦਾ ਹੈ। ਉਹ ਹਮੇਸ਼ਾਂ ਜ਼ੋਰ ਦਿੰਦੇ ਸਨ ਕਿ ਹਿੰਦੋਸਤਾਨ ਦੇ ਇਨਕਲਾਬ ਦੇ ਅਮਲ ਲਈ ਸਿਰਫ਼ ਹਿੰਦੋਸਤਾਨੀ ਸਿਧਾਂਤ ਹੀ ਰਾਹ ਰੌਸ਼ਨ ਕਰ ਸਕਦਾ ਹੈ

*ਹਿੰਦੋਸਤਾਨੀ ਸਿਧਾਂਤ ਨੂੰ ਵਿਕਸਤ ਕਰਨ ਦਾ ਸਾਰਾ ਕੰਮ, ਜੇ ਪੂਰੀ ਲਗਨ, ਸਿਰੜ ਤੇ ਜ਼ਬਤ ਨਾਲ ਕੀਤਾ ਜਾਵੇ ਤਾਂ, ਇਹ ਹਿੰਦੋਸਤਾਨੀ ਕਮਿਊਨਿਸਟਾਂ ਵਿਚ ਅਥਾਹ ਹੌਂਸਲਾ ਤੇ ਵਿਸ਼ਵਾਸ਼ ਪੈਦਾ ਕਰੇਗਾ ਜਿਹਦੀ ਇਸ ਵੇਲੇ ਇਨ੍ਹਾਂ ਵਿਚ ਕਮੀ ਹੈ। ਇਸ ਦੇ ਨਾਲ ਹੀ ਇਕ ਤਕੜਾ ਵਿਚਾਰਧਾਰਕ ਘੋਲ ਅਤੇ ਬਹਿਸ ਚਲਾਉਣ ਲਈ ਬੁਨਿਆਦ ਬਣੇਗੀ ਅਤੇ ਸਾਮਰਾਜਵਾਦ, ਬੁਰਜੁਆਜ਼ੀ ਅਤੇ ਸੰਸਾਰ ਪਿਛਾਖੜ ਦੇ ਸਿਧਾਂਤਾਂ ਦਾ ਟਾਕਰਾ ਕਰਨ ਲਈ ਵੀ ਹੱਥ ਮਜ਼ਬੂਤ ਹੋਣਗੇ। ਹਿੰਦੋਸਤਾਨ ਦੇ ਬੁਧੀਜੀਵੀ ਤਬਕੇ ਨੂੰ ਵੀ, ਪਹਿਲੀ ਵਾਰੀ, ਕੋਈ ਇਨਕਲਾਬੀ ਕੰਮ ਕਰਨ ਤੇ ਮੁਲਕ ਲਈ ਚੰਗਾ ਕੰਮ ਕਰਨ ਦਾ ਮੌਕਾ ਮਿਲੇਗਾ।*

ਸੰਨ **2000** ਵਿਚ ਪ੍ਰਿੰਸ ਜਾਰਜ ਵਿਚ ਪਹਿਲੀ ਵਿਸ਼ਵ ਪੰਜਾਬੀ ਕਾਨਫਰੰਸ ਵਿਚ ਮੈਂ ਪੰਜਾਬੀ ਦਰਸ਼ਨ ਉਤੇ ਇਕ ਪਰਚਾ ਪੜ੍ਹਿਆ। ਸ਼ਾਇਦ ਇਹ ਪਹਿਲੀ ਵਾਰ ਸੀ ਕਿ ਪੰਜਾਬੀਆਂ ਦੇ ਇਕ ਇੰਟਰਨੈਸ਼ਨਲ ਇਕੱਠ ਵਿਚ ਪੰਜਾਬੀ ਦਰਸ਼ਨ ਬਾਰੇ ਚਰਚਾ ਹੋਈ। ਕਾਨਫਰੰਸ ਦੇ ਪ੍ਰਧਾਨ ਡਾਕਟਰ ਕਰਨੈਲ ਸਿੰਘ ਥਿੰਦ ਅਤੇ ਡਾਕਟਰ ਪ੍ਰੇਮ ਪ੍ਰਕਾਸ਼ ਸਿੰਘ ਹੁਰਾਂ ਪਰਚਾ ਸੁਣਕੇ ਅਤੇ ਇਸ ਉਤੇ ਬਹਿਸ ਵਿਚ ਹਿੱਸਾ ਲੈਕੇ ਇਸ ਵਿਸ਼ੇ ਬਾਰੇ ਹੋਰਨਾਂ ਵਿਦਵਾਨਾਂ ਦਾ ਧਿਆਨ ਖਿੱਚਿਆ ਅਤੇ ਮੇਰੀ ਹੌਂਸਲਾ ਅਫਜ਼ਾਈ ਵੀ ਕੀਤੀ। ਉਨ੍ਹਾਂ ਦੋਹਾਂ ਦੀ ਹੌਂਸਲਾ ਅਫਜ਼ਾਈ ਨੇ ਮੈਨੂੰ ਬਹੁਤ ਉਤਸ਼ਾਹ ਦਿਤਾ। ਪ੍ਰਿੰਸ ਜਾਰਜ ਵਿਖੇ ਹੀ **2003** ਵਿਚ ਪੰਜਾਬੀ ਕੌਮ ਦੇ ਮੁੱਦੇ ਤੇ ਹੋਈ ਦੂਜੀ ਵਿਸ਼ਵ ਪੰਜਾਬੀ ਕਾਨਫਰੰਸ ਦੀ ਤਿਆਰੀ ਦੌਰਾਨ, ਕਾਨਫਰੰਸ ਦੇ ਦੌਰਾਨ ਅਤੇ ਉਸਦੇ ਬਾਅਦ ਡਾਕਟਰ ਪ੍ਰੇਮ ਪ੍ਰਕਾਸ਼ ਸਿੰਘ, ਜੋ ਇਸ ਕਾਨਫਰੰਸ ਦੇ ਸ੍ਰਪਰਸਤ ਸਨ, ਅਤੇ ਡਾਕਰਟ ਕਰਨੈਲ ਸਿੰਘ ਥਿੰਦ ਹੋਰਾਂ ਨੇ ਪੰਜਾਬੀ ਦਰਸ਼ਨ ਬਾਰੇ ਚਰਚਾ ਦੀ ਲੋੜ ਤੇ ਜ਼ੋਰ ਦਿਤਾ। ਇਸ ਕਾਨਫਰੰਸ ਦੇ ਮਤਿਆਂ ਵਿਚੋਂ ਇਕ ਮਤਾ ਇਹ ਸੀ ਕਿ ਪੰਜਾਬ ਸਰਕਾਰ ਨੂੰ ਪੰਜਾਬੀ ਦਰਸ਼ਨ ਪੜ੍ਹਾਉਣ ਬਾਰੇ ਕਿਹਾ ਜਾਵੇ। ਇਸ ਮਤੇ ਦੀ ਸਰਬਸੰਮਤੀ ਨਾਲ ਹਿਮਾਇਤ ਸੰਕੇਤ ਕਰਦੀ ਸੀ ਕਿ ਪੰਜਾਬੀ ਵਿਦਵਾਨਾਂ ਵਿਚ ਹੁਣ ਪੰਜਾਬੀ ਦਰਸ਼ਨ ਬਾਰੇ ਜਾਗਰੂਕਤਾ ਆ ਰਹੀ ਹੈ। ਕਾਨਫਰੰਸ ਦੇ ਬਾਅਦ ਡਾਕਟਰ ਪ੍ਰੇਮ ਪ੍ਰਕਾਸ਼ ਸਿੰਘ ਹੁਰਾਂ ਨਾਲ ਕਈ ਮੁਲਕਾਤਾਂ ਹੋਈਆਂ। ਡਾਕਟਰ ਸਾਹਿਬ ਨੇ ਇਨ੍ਹਾਂ ਮੁਲਾਕਾਤਾਂ ਵਿਚ ਵੀ ਮੇਰੀ ਹੌਂਸਲਾ ਅਫਜ਼ਾਈ ਕੀਤੀ ਅਤੇ ਪੰਜਾਬੀ ਦਰਸ਼ਨ ਤੇ ਕੋਈ ਕਿਤਾਬ ਲਿਖਣ ਲਈ

ਕਿਹਾ ਅਤੇ ਵਾਅਦਾ ਕੀਤਾ ਕਿ ਉਹ ਇਸ ਉਦਮ ਵਿਚ ਮੇਰੀ ਪੂਰੀ ਮੱਦਦ ਕਰਨਗੇ। ਅਸੀਂ ਇਨ੍ਹਾਂ ਕੰਮਾਂ ਬਾਰੇ ਹਾਲੇ ਯੋਜਨਾਵਾਂ ਬਣਾ ਹੀ ਰਹੇ ਸੀ ਕਿ ਹੋਣੀ ਨੇ ਉਨ੍ਹਾਂ ਨੂੰ ਸਾਥੋਂ ਖੋਹ ਲਿਆ ਅਤੇ ਸਾਡੀਆਂ ਯੋਜਨਾਵਾਂ ਅੱਧ ਵਿਚਾਲੇ ਰਹਿ ਗਈਆਂ ਲੇਕਿਨ ਮੈਂ ਪੰਜਾਬੀ ਦਰਸ਼ਨ ਬਾਰੇ ਕੰਮ ਕਰਦਾ ਰਿਹਾ। ਸੰਨ **2007** ਵਿਚ ਜਲੰਧਰ ਵਿਖੇ ਪੰਜਾਬੀ ਕੌਮ ਅਤੇ ਪੰਜਾਬੀ ਦਰਸ਼ਨ ਤੇ ਹੋਈ ਕਾਨਫਰੰਸ ਵਿਚ ਵੀ ਮੈਂ ਪਰਚਾ ਪੜ੍ਹਿਆ। ਇਸ ਕਾਨਫਰੰਸ ਵਿਚ ਆਏ ਵਿਦਵਾਨਾਂ ਅਤੇ ਹੋਰ ਲੋਕਾਂ ਨੇ ਇਸ ਵਿਸ਼ੇ ਤੇ ਬਹੁਤ ਗੌਰ ਨਾਲ ਚਰਚਾ ਕੀਤੀ। ਪ੍ਰੋਫੈਸਰ ਪ੍ਰੀਤਮ ਸਿੰਘ ਨੇ ਮੈਨੂੰ ਹੱਲਾ ਸ਼ੇਰੀ ਦਿੰਦੇ ਹੋਏ ਕਿਹਾ ਕਿ ਪੰਜਾਬੀ ਦਰਸ਼ਨ ਦਾ ਕੰਮ ਬਹੁਤ ਜ਼ਰੂਰੀ ਹੈ ਅਤੇ ਕਰਨਾ ਚਾਹੀਦਾ ਹੈ। ਉਨ੍ਹਾਂ ਨੇ ਵੀ ਮੈਨੂੰ ਇਸ ਬਾਰੇ ਇਕ ਕਿਤਾਬ ਲਿਖਣ ਲਈ ਕਿਹਾ। ਡਾਕਟਰ ਪ੍ਰੇਮ ਸਿੰਘ ਹੁਰਾਂ ਵੀ ਇਸ ਕੰਮ ਨੂੰ ਭਰਵਾਂ ਹੁੰਗਾਰਾ ਦਿਤਾ।

ਹੱਥਲੀ ਕਿਤਾਬ ਪੰਜਾਬੀ ਦਰਸ਼ਨ ਤੇ ਸਿਰਫ਼ ਇਕ ਝਾਤ ਮਾਤਰ ਹੈ। ਇਸ ਲਿਖਤ ਦਾ ਸੰਖੇਪ ਮੰਤਵ ਵਿਦਿਆਰਥੀਆਂ, ਵਿਦਵਾਨਾਂ, ਸਿਆਸੀ ਕਾਰਕੁੰਨਾਂ ਅਤੇ ਹੋਰ ਲੋਕਾਂ ਨੂੰ ਇਹ ਬੇਨਤੀ ਕਰਨਾ ਹੈ ਕਿ ਸਾਰੇ ਰਲਕੇ ਪੰਜਾਬੀ ਕੌਮ ਦੇ ਪੰਜਾਬੀ ਦਰਸ਼ਨ ਦੀ ਤਾਰੀਖ਼ ਨੂੰ  ਕਬੂਲ ਕਰੀਏ, ਸਾਂਭੀਏ ਤੇ ਵਿਕਸਿਤ ਕਰੀਏ। ਇਹ ਲਿਖਤ ਸਿਰਫ ਇਕ ਸ਼ੁਰੂਆਤ ਮਾਤਰ ਹੈ। ਪੰਜਾਬੀ ਦਰਸ਼ਨ ਉਤੇ ਬਹੁਤ ਹੀ ਜ਼ਿਆਦਾ ਕੰਮ ਕਰਨ ਦੀ ਲੋੜ ਹੈ। ਸਾਡੇ ਦਰਸ਼ਨ ਤੋਂ ਬਗੈਰ ਸਾਡਾ ਭਵਿਖ ਚੰਗਾ ਨਹੀਂ ਹੋ ਸਕਦਾ। ਕਿਉਂਕਿ ਇਹ ਇਕ ਸ਼ੁਰੂਆਤ ਹੈ, ਇਸ ਲਈ ਇਸ ਵਿਚ ਬਹੁਤ ਸਾਰੀਆਂ ਘਾਟਾਂ ਵੀ ਲਾਜ਼ਮੀ ਹੋਣਗੀਆਂ। ਮੇਰੀ ਆਸ ਹੈ ਕਿ ਇਹ ਘਾਟਾਂ ਇਸ ਕੰਮ ਨੂੰ ਹੋਰ ਅੱਗੇ ਵਧਾਉਣ ਵਿਚ ਹਿੱਸਾ ਪਾਉਣਗੀਆਂ। ਵਿਦਵਾਨ ਲੋਕ ਇਨ੍ਹਾਂ ਕਮੀਆਂ ਵੱਲ ਧਿਆਨ ਦੇ ਕੇ ਇਸ ਵਿਸ਼ੇ ਤੇ ਚਰਚਾ ਹੋਰ ਅੱਗੇ ਵਧਾਉਣਗੇ।

# ਗੁਰਮੁੱਖੀ ਐਡੀਸ਼ਨ ਬਾਰੇ ਦੋ ਸ਼ਬਦ

ਹਥਲੀ ਕਿਤਾਬ ਦਾ ਸ਼ਾਹਮੁਖੀ ਐਡੀਸ਼ਨ ਮਾਰਚ 2019 ਚ ਲਾਹੌਰ ਵਿਚ ਦੋਸਤਾਂ ਅਤੇ ਮਿਹਰਬਾਨਾਂ ਦੇ ਪਿਆਰ ਕਰਕੇ ਛਪਿਆ ਅਤੇ ਜਾਰੀ ਕੀਤਾ ਗਿਆ ਸੀ। ਅਦਾਰਾ ਪੰਜਾਬ ਇਨਸਟੀਟਯੂਟ ਓਫ ਆਰਟ ਐਂਡ ਕਲਚਰ(ਪੀਲੈਕ), ਅਤੇ ਹੋਰ ਦਾਨਿਸ਼ਵਰਾਂ ਅਤੇ ਦੋਸਤਾਂ ਨੇ ਇਕ ਇਕੱਠ ਵਿਚ ਇਸ ਕਿਤਾਬ ਤੇ ਚਰਚਾ ਅਤੇ ਵਿਚਾਰ ਵਟਾਂਦਰਾ ਕੀਤਾ। ਮੈਂ ਭੀ ਟੈਲੀਫੂਨ ਰਾਹੀ ਇਸ ਵਿਚ ਸ਼ਾਮਿਲ ਹੋਇਆ। ਮੈਂ ਉਨ੍ਹਾਂ ਸਾਰੇ ਦਾਨਿਸ਼ਵਰਾਂ ਅਤੇ ਦੋਸਤਾਂ ਦਾ ਬਹੁਤ ਹੀ ਸ਼ੁਕਰਗੁਜ਼ਾਰ ਹਾਂ ਜਿਨ੍ਹਾਂ ਨੇ ਪਰਚੇ ਪੜੇ ਅਤੇ ਪਰਖ ਪੜਚੋਲ ਵਿਚ ਹਿੱਸਾ ਲਿਆ। ਪੰਜਾਬੀ ਦਰਸ਼ਨ ਬਾਰੇ ਕਈ ਸੁਆਲ ਸਾਹਮਣੇ ਆਏ ਅਤੇ ਉਠਾਏ ਗਏ ਜਿਨ੍ਹਾਂ ਬਾਰੇ ਗੌਰ ਕਰਨ ਦੀ ਲੋੜ ਹੈ। ਪੰਜਾਬੀ ਦਰਸ਼ਨ ਬਾਰੇ ਗੱਲ ਬਾਤ ਦੀ ਇਹ ਸ਼ੁਰੁਆਤ ਹੈ।

ਸਾਹੀਵਾਲ ਵਿਚ ਵੀ ਦੋਸਤਾਂ ਅਤੇ ਦਾਨਿਸ਼ਵਰਾਂ ਨੇ ਇਕੱਠ ਕਰਕੇ ਇਸ ਵਿਸ਼ੇ ਤੇ ਚਰਚਾ ਕੀਤੀ ਅਤੇ ਵਿਚਾਰ ਵਟਾਂਦਰੇ ਵਿਚ ਹਿੱਸਾ ਲਿਆ। ਹੋਰਨਾਂ ਗੋਸ਼ਠੀਆਂ ਵਿਚ ਵੀ ਇਸ ਕਿਤਾਬ ਬਾਰੇ ਗੱਲਬਾਤ ਹੋਈ। ਮੇਰੀ ਇਹ ਖ਼ੁਸ਼ਕਿਸਮਤੀ ਹੈ ਕਿ ਇਹ ਕਿਤਾਬ ਇਸ ਅਹਿਮ ਵਿਸ਼ੇ ਤੇ ਗੱਲਬਾਤ ਦਾ ਵਸੀਲਾ ਬਣੀ। ਲਹਿੰਦੇ ਪੰਜਾਬ ਵਿਚ ਪੰਜਾਬੀ ਦਰਸ਼ਨ ਦੀ ਲੋੜ ਤੇ ਗੱਲਬਾਤ ਅਤੇ ਵਿਚਾਰ ਵਟਾਂਦਰੇ ਨਾਲ ਮੈਨੂੰ ਬਹੁਤ ਹੌਸਲਾ ਮਿਲਿਆ ਹੈ।

ਹੁਣ ਗੁਰਮੁੱਖੀ ਐਡੀਸ਼ਨ ਚੜਦੇ ਪੰਜਾਬ ਦੇ ਲੋਕਾਂ, ਦੋਸਤਾਂ ਅਤੇ ਦਾਨਿਸ਼ਵਰਾਂ ਵਿਚ ਪੰਜਾਬੀ ਦਰਸ਼ਨ ਬਾਰੇ ਗੱਲਬਾਤ ਅਤੇ ਵਿਚਾਰ ਵਟਾਂਦਰਾ ਕਰਨ ਲਈ ਪੰਜਾਬ ਪਿਆਰਿਆਂ, ਦੋਸਤਾਂ ਵਲੋਂ ਛਾਪਿਆ ਜਾ ਰਿਹਾ ਹੈ। ਮੈਂ ਅਦਾਰਾ ਸਾਉਥ ਏਸ਼ੀਅਨ ਰਿਵੀਉ, ਜਨਮੇਜਾ ਜੌਹਲ ਅਤੇ ਉਨ੍ਹਾਂ ਦੀ ਸਾਰੀ ਟੀਮ ਦਾ ਬਹੁਤ ਹੀ ਧਨਵਾਦੀ ਹਾਂ। ਉਨ੍ਹਾਂ ਦੀ ਹਿੰਮਤ, ਉੱਦਮ ਅਤੇ ਪ੍ਰੇਮ ਨਾਲ ਹੀ ਇਹ ਕੰਮ ਸਿਰੇ ਚੜਿਆ ਹੈ।

*ਜਸਪਾਲ ਸਿੰਘ*
*ਕੈਂਬਰਿਜ ਯੁ ਐਸ ਏ*
*ਅਕਤੁਬਰ 20, 2020*

# ਕੁਦਰਤ, ਮਾਇਆ ਅਤੇ ਸੰਸਾਰ

ਪੰਜਾਬੀ ਦਰਸ਼ਨ ਮੁਤਾਬਿਕ ਸੰਸਾਰ, ਬ੍ਰਹਿਮੰਡ, ਕੁਦਰਤ ਅਤੇ ਮਾਇਆ ਦਾ ਵਜੂਦ ਖ਼ੁਦਬਖ਼ੁਦ ਹੈ। ਇਹ **ਸਵਧਾ ਅਤੇ ਸੈਭੰਗ** ਹੈ, ਮਤਲਬ ਆਪਣੇ ਆਪ ਹੀ ਬਣੀ ਹੈ ਤੇ ਆਪਣੇ ਆਪ ਵਿਚ ਆਪ ਹੀ ਕਾਇਮ ਹੈ। ਇਹ ਕਿਸੇ ਵਿਅਕਤੀ ਦਾ ਮਹਿਜ਼ ਤਸੱਵਰ ਜਾਂ ਸੰਕਲਪ ਮਾਤਰ ਨਹੀਂ ਬਲਕਿ ਇਸ ਦਾ ਆਪਣਾ ਆਜ਼ਾਦ ਵਜੂਦ ਅਤੇ ਹੋਂਦ ਹੈ। ਇਸਦਾ ਇਕ ਆਪਣਾ ਨਿਜ਼ਾਮ ਤੇ ਕਾਨੂੰਨ ਹੈ ਜਾਂ ਹੁਕਮ ਹੈ ਜਿਸ ਅਨੁਸਾਰ ਇਸਦਾ ਸਾਰਾ ਕਾਰੋਬਾਰ ਚਲਦਾ ਹੈ। ਇਸ ਦੀ ਹੋਂਦ ਕਿਸੇ ਦੀ ਖ਼ਾਹਿਸ਼ ਦੇ ਆਸਰੇ ਤੇ ਨਹੀਂ। ਕੁਦਰਤ ਦੀਆਂ ਵੱਖ ਵੱਖ ਤਾਕਤਾਂ ਦੇ ਗੁਣਾਂ ਦਾ ਜ਼ਿਕਰ ਰਿਗਵੇਦ ਵਿਚ ਕਈ ਥਾਂ ਮਿਲਦਾ ਹੈ। ਰਿਗ ਵੇਦ ਦੇ ਪਹਿਲੇ ਸੂਕਤ ਦਾ ਪਹਿਲਾ ਸ਼ਲੋਕ ਕਹਿੰਦਾ ਹੈ:

*ਅਗਨੀਮਿਲੇ ਪੁਰੋਹੀਤਮ ਯਗਨਾਸਿਆ ਦੇਵਾਮਰਤਵੀਜਾਮ*
*ਹੋਤਾਰਾਮ ਰਤਨਧਾਤਮਮ। (ਰਿਗਵੇਦ1-1-1)*

***ਅੱਗ ਸਾਡੇ ਇਕੱਠ ਵਿਚ ਸਾਨੂੰ ਇਕ ਪੁਰੋਹਿਤ ਵਾਂਗੂ ਅਨੇਕ ਦੌਲਤਾਂ ਦਿੰਦੀ ਹੈ। ਅਸੀਂ ਇਸ ਦੀ ਤਰੀਫ਼ ਕਰਦੇ ਹਾਂ ਅਤੇ ਇਸ ਨੂੰ ਘੋਖਦੇ ਹਾਂ।***

ਇਹ ਸ਼ਲੋਕ ਦੱਸਦਾ ਹੈ ਕਿ ਅੱਗ ਦਾ ਇਕ ਆਪਣਾ ਵਜੂਦ ਹੈ ਤੇ ਗੁਣ ਹੈ। ਇਸ ਦਾ ਵਜੂਦ ਅਤੇ ਹੋਂਦ ਖ਼ੁਦਬਖ਼ੁਦ ਹੈ ਅਤੇ ਇਹ ਕੁਦਰਤ ਦੀ ਇਕ ਸ਼ਕਤੀ ਹੈ, ਕੁਦਰਤ ਦਾ ਇਕ ਹਿੱਸਾ ਹੈ। ਇਸ ਸ਼ਕਤੀ ਨਾਲ ਇਕ ਰਿਸ਼ਤਾ ਕਾਇਮ ਕਰਕੇ ਅਸੀਂ ਇਸ ਨੂੰ ਆਪਣੇ ਫਾਇਦੇ ਲਈ ਵਰਤ ਸਕਦੇ ਹਾਂ ਤੇ ਬਹੁਤ ਕੁੱਝ ਹਾਸਲ ਕਰ ਸਕਦੇ ਹਾਂ। ਇਸੇ ਗੱਲ ਨੂੰ ਹੋਰ ਵਿਸਥਾਰ ਵਿਚ ਕਿਹਾ ਗਿਆ ਹੈ:

*ਅਗਨੀ ਪੂਰੇਭਿਰਸਭਿਰੀਡਯੋ ਨੂਤਨਰੈਨੂਤੁ।*
*ਸ਼ ਦੇਵਾਂ ਇਹ ਵਕਸ਼ਤੀ।। (ਰਿਗਵੇਦ 1-1-2)*

*ਹੇ ਅਗਨੀ ਪੁਰਾਣੇ ਸਮੇਂ ਦੇ ਵਿਦਵਾਨਾਂ ਨੇ ਤੇਰੀ ਖ਼ੋਜ ਕੀਤੀ ਤੇ ਅੱਜ ਦੇ ਸਮੇਂ ਦੇ ਵਿਦਵਾਨ ਵੀ ਤੇਰੇ ਗੁਣਾਂ ਨੂੰ ਘੋਖਦੇ ਹਨ। ਅਗਨੀ ਦੇ ਗੁਣਾਂ ਨੂੰ ਜਾਣ ਕੇ ਉਹ ਵਸਤਾਂ ਹਾਸਿਲ ਕੀਤੀਆਂ ਜਾ ਸਕਦੀਆਂ ਹਨ ਜਿਨ੍ਹਾਂ ਦੇ ਇਸਤੇਮਾਲ ਨਾਲ ਸੁੱਖ ਅਤੇ ਆਰਾਮ ਮਿਲਦਾ ਹੈ।*

*ਅਨਗਨਿਨਾ ਰਯਿਮਸ਼ਨਵਤ ਪੋਸ਼ਮੇਵ ਦਿਵੇਦਿਵੇ।*
*ਯਸ਼ਸਮ ਵੀਰਵੱਤਮਮ।। (ਰਿਗਵੇਦ 1-1-3)*

*ਅਗਨੀ, ਸੋਨਾ ਤੇ ਹੋਰ ਕੀਮਤੀ ਚੀਜ਼ਾਂ ਸਾਡੀ ਪ੍ਰਵਰਿਸ਼ ਲਈ ਹਰ ਰੋਜ਼ ਦਿੰਦੀ ਹੈ। ਤਾਂ ਹੀ ਬਹਾਦਰ ਅਤੇ ਮਸ਼ਹੂਰ ਵਿਦਵਾਨ ਇਸ ਬਾਰੇ ਗਿਆਨ ਪ੍ਰਾਪਤ ਕਰਦੇ ਹਨ।*

*ਅਗਨੇ ਯਮ ਯਗਯਮਧਵਰਮ ਵਿਸ਼ਵਤਹ ਪਰਿਭੂਰਸੀ।*
*ਸ਼ ਇੱਦਵੇਸ਼ੂ ਗੱਛਤਿ।। (ਰਿਗਵੇਦ 1-1-4)*

*ਅਗਨੀ ਪਦਾਰਥਾਂ ਨੂੰ ਸ਼ੁੱਧ ਕਰਦੀ ਹੈ ਤੇ ਹਰ ਪਦਾਰਥ ਵਿਚ ਜਾਂਦੀ ਹੈ। ਇਹ ਸਭ ਲਈ ਲਾਹੇਵੰਦ ਹੈ।*

*ਅਗਨੀਰਹੋਤਾ ਕਵੀਕ੍ਰਤੂਹ ਸਤਯਾਸ਼ਚਿਤ੍ਰਸ਼ਰਵਸਤਮਹ।*
*ਦੇਵੋ ਦੇਵੇਭਿਰਾਗਮਤ।। (ਰਿਗਵੇਦ 1-1-5)*

*ਅੱਗ ਕਈ ਚੀਜ਼ਾਂ ਬਣਾਉਂਦੀ ਹੈ। ਇਹ ਛੋਟੀਆਂ ਅਤੇ ਵੱਡੀਆਂ ਸ਼ੈਆਂ ਵਿਚ ਮੌਜੂਦ ਹੈ। ਇਹ ਨੂੰ ਨਸ਼ਟ ਨਹੀਂ ਕੀਤਾ ਜਾ ਸਕਦਾ। ਇਹ ਬਹੁਤ ਰੌਸ਼ਨੀ ਨਾਲ ਆਉਂਦੀ ਹੈ ਅਤੇ ਸ਼ੋਰ ਵੀ ਕਰਦੀ ਹੈ।*

*ਵਾਯੁਵਾਯਾਹੀ ਦਰਸ਼ਤੇਮੇ ਸੋਮਾ ਅਲੰਕ੍ਰਤਾਹ।*
*ਤੇਸ਼ਾਮ ਪਾਹੀ ਸ਼ਰੁਧੀ ਹਵਮ।। (ਰਿਗਵੇਦ 1-2-1)*

*ਹਵਾ ਆਪਣਾ ਬੇਹੱਦ ਬਲ ਵਿਖਾਉਂਦੀ ਹੈ। ਇਹ ਸੋਮ ਨੂੰ ਸੋਹਣਾ ਬੁਣਾਉਂਦੀ ਹੈ। ਇਹ ਹਰ ਸ਼ੈ ਨੂੰ ਕਾਇਮ ਰਖਦੀ ਹੈ। ਹਵਾ ਨਾਲ ਹੀ ਇਕ ਦੂਜੇ ਦੀ ਆਵਾਜ਼ ਸੁਣੀ ਜਾ ਸਕਦੀ ਹੈ।*

*ਵਾਯ ਉਕਥੇਭਿਰਜਰੰਤੇ ਤਵਾਮੱਛਾ ਜਰੀਤਾਰਹ।*
*ਸੁਤਸੋਮਾ ਅਹਰਵਿਦਹ।। (ਰਿਗਵੇਦ 1-2-2)*

*ਵਾਯੂ ਗਿਆਨੀ ਅਤੇ ਵਿਦਵਾਨ ਜੋ ਆਪਣੇ ਗਿਆਨ ਲਈ ਮਸ਼ਹੂਰ ਹਨ ਉਹ ਸਭ ਤੇਰੇ ਗੁਣਾਂ ਦੀ ਘੋਖ਼ ਕਰਦੇ ਹਨ। ਉਹ ਵਿਦਵਾਨ ਜੋ ਜੜ੍ਹੀ ਬੂਟੀਆਂ ਦਾ ਰਸ ਕੱਢਣ ਦਾ ਗਿਆਨ ਰਖਦੇ ਹਨ ਅਤੇ ਸੋਮ ਦਾ ਰਸ ਕਢਦੇ ਹਨ, ਇਹ ਸਭ ਵਿਦਵਾਨ ਤੇਰੇ ਗੁਣ ਜਾਨਣ ਲਈ ਸਰਗਰਮ ਹਨ।*

*ਵਾਯੋ ਤਵ ਪ੍ਰਪਰੀਚੰਤੀ ਧੇਨਾ ਜਿਗਾਤੀ ਦਾਸ਼ੁਸ਼ੇ।*
*ਉਰੁਚੀ ਸੋਮਪੀਤਯੇ।। (ਰਿਗਵੇਦ 1-2-3)*

*ਵਾਯੂ! ਤੂੰ ਆਪਣਾ ਗਿਆਨ ਆਪਣੇ ਸ਼ਬਦ ਰਾਹੀਂ ਉਨ੍ਹਾਂ ਨੂੰ ਦਿੰਦੀ ਹੈਂ ਜਿਹੜੇ ਬੇਲਾਗ ਹੋ ਕੇ ਸਿੱਖਦੇ ਹਨ ਅਤੇ ਸੋਮ ਵਰਗੇ ਬੂਟਿਆਂ ਦਾ ਰਸ ਕੱਢਦੇ ਹਨ।*

ਕੁਦਰਤ ਦੇ ਸੋਮੇ ਅਤੇ ਤਾਕਤਾਂ ਦਾ ਆਪਣਾ ਵਜੂਦ **ਸਵਧਾ** ਹੈ ਅਤੇ ਇਨ੍ਹਾਂ ਦੇ ਆਪੋ ਆਪਣੇ ਗੁਣ ਹਨ। ਰਿਗਵੇਦ ਅੰਦਰ ਦਸ ਮੰਡਲਾਂ ਵਿਚ ਵੰਡੇ ਹੋਏ **1028** ਸੂਕਤ ਹਨ ਜੋ ਇਸੇ ਗੱਲ ਤੇ ਜ਼ੋਰ ਦਿੰਦੇ ਹਨ। ਕਿਹਾ ਜਾਂਦਾ ਹੈ ਕਿ ਸਿਕੰਦਰ ਦੇ ਹਮਲੇ ਦੇ ਸਮੇਂ ਤੋਂ ਵੀ ਪਹਿਲਾਂ ਪੰਜਾਬ ਦੇ ਵਿਦਵਾਨਾਂ ਨੇ ਯੂਨਾਨ ਦੇ ਵਿਦਵਾਨਾਂ ਨਾਲ ਵਿਚਾਰ ਵਟਾਂਦਰਾ ਕਰਦਿਆਂ ਕਿਹਾ ਸੀ ਕਿ ਯੂਨਾਨੀਆਂ ਨੂੰ ਕੁਦਰਤ ਦੀ ਪੜ੍ਹਾਈ ਵੱਲ ਧਿਆਨ ਦੇਣਾ ਚਾਹੀਦਾ ਹੈ ਅਤੇ ਕੁਦਰਤ ਤੋਂ ਸਿੱਖਣਾ ਚਾਹੀਦਾ ਹੈ। ਦੱਸਿਆ ਜਾਂਦਾ ਹੈ ਕਿ ਸਿਕੰਦਰ ਨੇ ਪੰਜਾਬ ਦੇ ਕਈ ਵਿਦਵਾਨਾਂ ਅਤੇ ਦਾਨਿਸ਼ਵਰਾਂ ਨਾਲ ਕੁਦਰਤ, ਦੁਨੀਆ ਅਤੇ ਕਾਇਨਾਤ ਬਾਰੇ ਵਿਚਾਰ ਵਟਾਂਦਰਾ ਕੀਤਾ ਸੀ।

ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਵੀ ਕੁਦਰਤ ਦੇ ਵਜੂਦ, ਵਿਸ਼ਾਲਤਾ ਅਤੇ ਸਰਬ ਵਿਆਪਕ ਹੋਂਦ ਬਾਰੇ ਵਿਸਥਾਰ ਨਾਲ ਦੱਸਿਆ ਗਿਆ ਹੈ ਕਿ ਇਸਦੀ ਆਪਣੀ ਹੋਂਦ ਹੈ, ਆਪਣਾ ਵਜੂਦ ਹੈ। ਇਹ ਹਰ ਪਾਸੇ ਹੈ। ਸੱਭ ਕੁੱਝ ਇਸ ਨਾਲ ਹੀ ਹੈ, ਇਸਦੇ ਅੰਦਰ ਹੀ ਹੈ, ਹਰ ਪਾਸੇ ਕੁਦਰਤ ਦਾ ਪਸਾਰਾ ਹੈ। ਜੋ ਕੁਝ ਵੀ ਹੈ ਕੁਦਰਤ ਦਾ ਹੀ ਰੂਪ ਹੈ, ਕੁਦਰਤ ਦੇ ਬਾਹਰ ਕੁਝ ਨਹੀਂ। ਹੇਠਾਂ ਕੁਝ ਸਤਰ੍ਹਾਂ ਗੁਰੂ ਗ੍ਰੰਥ ਸਾਹਿਬ ਵਿਚੋਂ ਪੇਸ਼ ਹਨ:

*ਕੁਦਰਤਿ ਦਿਸੈ ਕੁਦਰਤਿ ਸੁਣੀਐ ਕੁਦਰਤਿ ਭਉ ਸੁਖ ਸਾਰੁ ॥*
*(ਅੰਗ ੪੬੪, ਸਤਰ ੫ - ਗੁਰੂ ਨਾਨਕ ਦੇਵ)*
*ਕੁਦਰਤਿ ਪਾਤਾਲੀ ਆਕਾਸੀ ਕੁਦਰਤਿ ਸਰਬ ਆਕਾਰੁ ॥*
*(ਅੰਗ ੪੬੪, ਸਤਰ ੫ - ਗੁਰੂ ਨਾਨਕ ਦੇਵ)*
*ਕੁਦਰਤਿ ਵੇਦ ਪੁਰਾਣ ਕਤੇਬਾ ਕੁਦਰਤਿ ਸਰਬ ਵੀਚਾਰੁ ॥*
*(ਅੰਗ ੪੬੪, ਸਤਰ ੬ - ਗੁਰੂ ਨਾਨਕ ਦੇਵ)*
*ਕੁਦਰਤਿ ਖਾਣਾ ਪੀਣਾ ਪੈਨ੍ਣੁ ਕੁਦਰਤਿ ਸਰਬ ਪਿਆਰੁ ॥*
*(ਅੰਗ ੪੬੪, ਸਤਰ ੬ - ਗੁਰੂ ਨਾਨਕ ਦੇਵ)*
*ਕੁਦਰਤਿ ਜਾਤੀ ਜਿਨਸੀ ਰੰਗੀ ਕੁਦਰਤਿ ਜੀਅ ਜਹਾਨ ॥*
*( ਅੰਗ ੪੬੪, ਸਤਰ ੭ - ਗੁਰੂ ਨਾਨਕ ਦੇਵ)*
*ਕੁਦਰਤਿ ਨੇਕੀਆ ਕੁਦਰਤਿ ਬਦੀਆ ਕੁਦਰਤਿ ਮਾਨੁ ਅਭਿਮਾਨੁ ॥*
*( ਅੰਗ ੪੬੪, ਸਤਰ ੭ - ਗੁਰੂ ਨਾਨਕ ਦੇਵ)*
*ਕੁਦਰਤਿ ਪਉਣੁ ਪਾਣੀ ਬੈਸੰਤਰੁ ਕੁਦਰਤਿ ਧਰਤੀ ਖਾਕੁ ॥*
*(ਅੰਗ ੪੬੪, ਸਤਰ ੮ -- ਗੁਰੂ ਨਾਨਕ ਦੇਵ)*
*ਆਪਣੀ ਕੁਦਰਤਿ ਆਪੇ ਜਾਣੈ ਆਪੇ ਕਰਣੁ ਕਰੇਇ ॥*
*(ਅੰਗ ੫੩, ਸਤਰ ੧੪ -- ਗੁਰੂ ਨਾਨਕ ਦੇਵ)*
*ਕੁਦਰਤਿ ਕਵਣ ਕਹਾ ਵੀਚਾਰੁ ॥*
*(ਅੰਗ ੪, ਸਤਰ ੧੦ -- ਗੁਰੂ ਨਾਨਕ ਦੇਵ)*
*ਆਪੇ ਵੇਖੈ ਸੁਣੇ ਆਪੇ ਹੀ ਕੁਦਰਤਿ ਕਰੇ ਜਹਾਨੁੋ ॥*
*(ਅੰਗ ੨੫, ਸਤਰ ੧੦ -- ਗੁਰੂ ਨਾਨਕ ਦੇਵ)*

*ਵੇਖਹਿ ਕੀਤਾ ਆਪਣਾ ਕਰਿ ਕੁਦਰਤਿ ਪਾਸਾ ਢਾਲਿ ਜੀਉ ॥2॥*
*(ਅੰਗ ੭੧, ਸਤਰ ੧੭ -- ਗੁਰੂ ਨਾਨਕ ਦੇਵ)*
*ਕੁਦਰਤਿ ਕਰਿ ਕੈ ਵਸਿਆ ਸੋਇ ॥*
*( ਅੰਗ ੮੩, ਸਤਰ ੧੮ -- ਗੁਰੂ ਨਾਨਕ ਦੇਵ)*
*ਕੁਦਰਤਿ ਹੈ ਕੀਮਤਿ ਨਹੀ ਪਾਇ ॥*
*(ਅੰਗ ੮੪, ਸਤਰ ੧ -- ਗੁਰੂ ਨਾਨਕ ਦੇਵ)*
*ਸਭ ਕਿਛੁ ਤੂੰਹੈ ਤੂੰਹੈ ਮੇਰੇ ਪਿਆਰੇ ਤੇਰੀ ਕੁਦਰਤਿ ਕਉ ਬਲਿ ਜਾਈ ਜੀਉ ॥1॥*
*(ਅੰਗ ੯੮, ਸਤਰ ੧੩ -- ਗੁਰੂ ਅਰਜਨ ਦੇਵ)*
*ਕੁਦਰਤਿ ਕਰਮੁ ਨ ਕਹਣਾ ਜਾਈ ॥*
*(ਅੰਗ ੧੦੭, ਸਤਰ ੮ -- ਗੁਰੂ ਅਰਜਨ ਦੇਵ)*
*ਆਪੇ ਕੁਦਰਤਿ ਸਾਜਿ ਕੈ ਆਪੇ ਕਰੇ ਬੀਚਾਰੁ ॥*
*(ਅੰਗ ੧੪੩, ਸਤਰ ੧੩ -- ਗੁਰੂ ਨਾਨਕ ਦੇਵ)*
*ਤਉ ਕੁਦਰਤਿ ਕੀਮਤਿ ਨਹੀ ਪਾਇ ॥1॥ ਰਹਾਉ ॥*
*(ਅੰਗ ੧੫੧, ਸਤਰ ੧੪ -- ਗੁਰੂ ਨਾਨਕ ਦੇਵ)*
*ਸਚੁ ਸਚਾ ਕੁਦਰਤਿ ਜਾਣੀਐ ਦਿਨੁ ਰਾਤੀ ਜਿਨਿ ਬਣਾਈਆ ॥*
*(ਅੰਗ ੩੧੩, ਸਤਰ ੧੩ -- ਗੁਰੂ ਰਾਮਦਾਸ)*
*ਕੁਦਰਤਿ ਵਰਤੈ ਰੂਪ ਅਰੁ ਰੰਗਾ ॥1॥*
*(ਅੰਗ ੩੭੬, ਸਤਰ ੫ -- ਗੁਰੂ ਅਰਜਨ ਦੇਵ)*
*ਅਪਨੀ ਕੁਦਰਤਿ ਜਾਣੈ ਆਪਿ ॥4॥31॥82॥*
*(ਅੰਗ ੩੯੦, ਸਤਰ ੧੯ -- ਗੁਰੂ ਅਰਜਨ ਦੇਵ)*
*ਤੂੰ ਪਾਰਬ੍ਰਹਮੁ ਬੇਅੰਤੁ ਸੁਆਮੀ ਤੇਰੀ ਕੁਦਰਤਿ ਕਹਣੁ ਨ ਜਾਈ ॥*
*(ਅੰਗ ੪੪੭, ਸਤਰ ੧ -- ਗੁਰੂ ਅਮਰਦਾਸ)*
*ਦੁਯੀ ਕੁਦਰਤਿ ਸਾਜੀਐ ਕਰਿ ਆਸਣੁ ਡਿਠੋ ਚਾਉ ॥*
*(ਅੰਗ ੪੬੩, ਸਤਰ ੪ -- ਗੁਰੂ ਨਾਨਕ ਦੇਵ)*
*ਸਚੀ ਤੇਰੀ ਕੁਦਰਤਿ ਸਚੇ ਪਾਤਿਸਾਹ ॥*
*(ਅੰਗ ੪੬੩, ਸਤਰ ੯ -- ਗੁਰੂ ਨਾਨਕ ਦੇਵ)*
*ਸਭ ਤੇਰੀ ਕੁਦਰਤਿ ਤੂੰ ਕਾਦਿਰੁ ਕਰਤਾ ਪਾਕੀ ਨਾਈ ਪਾਕੁ ॥*
*(ਅੰਗ ੪੬੪, ਸਤਰ ੮ -- ਗੁਰੂ ਨਾਨਕ ਦੇਵ)*
*ਬਲਿਹਾਰੀ ਕੁਦਰਤਿ ਵਸਿਆ ॥*
*(ਅੰਗ ੪੬੯, ਸਤਰ ੧੦ -- ਗੁਰੂ ਨਾਨਕ ਦੇਵ)*
*ਜਿਉ ਬੋਲਾਵਹਿ ਤਿਉ ਬੋਲਹ ਸੁਆਮੀ ਕੁਦਰਤਿ ਕਵਨ ਹਮਾਰੀ ॥*
*(ਅੰਗ ੫੦੮, ਸਤਰ ੧ -- ਗੁਰੂ ਅਰਜਨ ਦੇਵ)*
*ਅਨਿਕ ਰੂਪ ਖਿਨ ਮਾਹਿ ਕੁਦਰਤਿ ਧਾਰਦਾ ॥*
*( ਅੰਗ ੫੧੯, ਸਤਰ ੧ -- ਗੁਰੂ ਅਰਜਨ ਦੇਵ)*
*ਬਿਸਮੁ ਭਏ ਬਿਸਮਾਦ ਦੇਖਿ ਕੁਦਰਤਿ ਤੇਰੀਆ ॥*
*(ਅੰਗ ੫੨੧, ਸਤਰ ੨ -- ਗੁਰੂ ਅਰਜਨ ਦੇਵ)*
*ਖਿਨ ਮਹਿ ਥਾਪਿ ਉਥਾਪਨਹਾਰੇ ਕੁਦਰਤਿ ਕੀਮ ਨ ਪਹੀ ॥2॥7॥*
*(ਅੰਗ ੫੨੯, ਸਤਰ ੧੭ -- ਗੁਰੂ ਅਰਜਨ ਦੇਵ)*
*ਤੂ ਅਚਰਜੁ ਕੁਦਰਤਿ ਤੇਰੀ ਬਿਸਮਾ ॥1॥ ਰਹਾਉ ॥*
*(ਅੰਗ ੫੬੩, ਸਤਰ ੧੯ -- ਗੁਰੂ ਅਰਜਨ ਦੇਵ)*
*ਕੀਤਾ ਵੇਖੈ ਸਾਹਿਬੁ ਆਪਣਾ ਕੁਦਰਤਿ ਕਰੇ ਬੀਚਾਰੋ ॥*
*(ਅੰਗ ੫੮੦, ਸਤਰ ੪ -- ਗੁਰੂ ਨਾਨਕ ਦੇਵ)*

*ਕੁਦਰਤਿ ਬੀਚਾਰੇ ਧਾਰਣ ਧਾਰੇ ਜਿਨਿ ਕੀਆ ਸੋ ਜਾਣੈ ॥*

*(ਅੰਗ ੫੮੦, ਸਤਰ ੫ -- ਗੁਰੂ ਨਾਨਕ ਦੇਵ)*

*ਕੁਦਰਤਿ ਤਖਤੁ ਰਚਾਇਆ ਸਚਿ ਨਿਬੇੜਣਹਾਰੋ ॥2॥*

*( ਅੰਗ ੫੮੦, ਸਤਰ ੧੧ -- ਗੁਰੂ ਨਾਨਕ ਦੇਵ)*

*ਜਿਨਿ ਜਗੁ ਸਿਰਜਿ ਸਮਾਇਆ ਸੋ ਸਾਹਿਬੁ ਕੁਦਰਤਿ ਜਾਣੋਵਾ ॥*

*(ਅੰਗ ੫੮੧, ਸਤਰ ੪ -- ਗੁਰੂ ਨਾਨਕ ਦੇਵ)*

*ਆਪਿ ਅਲੇਖੁ ਕੁਦਰਤਿ ਕਰਿ ਦੇਖੈ ਹੁਕਮਿ ਚਲਾਏ ਸੋਈ ਜੀਉ ॥1॥*

*( ਅੰਗ ੫੯੮, ਸਤਰ ੧੮ -- ਗੁਰੂ ਨਾਨਕ ਦੇਵ)*

*ਨਿਚੀਜਿਆ ਚੀਜ ਕਰੇ ਮੇਰਾ ਗੋਵਿੰਦੁ ਤੇਰੀ ਕੁਦਰਤਿ ਕਉ ਕੁਰਬਾਣੁ ॥ ਰਹਾਉ ॥*

*(ਅੰਗ ੬੨੪, ਸਤਰ ੧੬ -- ਗੁਰੂ ਅਰਜਨ ਦੇਵ)*

*ਅੰਗ ੧੦੩੭, ਸਤਰ ੧੧ -- ਗੁਰੂ ਨਾਨਕ ਦੇਵ*

*ਆਪਿ ਅਲੇਖੁ ਕੁਦਰਤਿ ਹੈ ਦੇਖਾ ॥*

*ਅੰਗ ੧੦੪੨, ਸਤਰ ੧੦ -- ਗੁਰੂ ਨਾਨਕ ਦੇਵ*

*ਕੁਦਰਤਿ ਕਰਨੈਹਾਰ ਅਪਾਰਾ ॥*

*ਅੰਗ ੧੦੪੨, ਸਤਰ ੧੫ -- ਗੁਰੂ ਨਾਨਕ ਦੇਵ*

*ਕੁਦਰਤਿ ਦੇਖਿ ਰਹੇ ਮਨੁ ਮਾਨਿਆ ॥*

*ਅੰਗ ੧੦੪੩, ਸਤਰ ੧੪ -- ਗੁਰੂ ਨਾਨਕ ਦੇਵ*

*ਆਪੇ ਕੁਦਰਤਿ ਕਰੇ ਵੀਚਾਰਾ ॥*

*ਅੰਗ ੧੦੭੩, ਸਤਰ ੧੮ -- ਗੁਰੂ ਅਰਜਨ ਦੇਵ*

*ਸਚੀ ਕੁਦਰਤਿ ਸਚੀ ਬਾਣੀ ਸਚੁ ਸਾਹਿਬ ਸੁਖੁ ਕੀਜਾ ਹੇ ॥5॥*

*ਅੰਗ ੧੦੭੪, ਸਤਰ ੨ -- ਗੁਰੂ ਅਰਜਨ ਦੇਵ*

*ਅਪਣੀ ਕੁਦਰਤਿ ਆਪੇ ਜਾਣੈ ਨਦਰੀ ਨਦਰਿ ਨਿਹਾਲਣਾ ॥7॥*

*ਅੰਗ ੧੦੭੭, ਸਤਰ ੫ -- ਗੁਰੂ ਅਰਜਨ ਦੇਵ*

*ਤੇਰੀ ਕੁਦਰਤਿ ਕੋਇ ਨ ਜਾਣੈ ਮੇਰੇ ਠਾਕੁਰ ਸਗਲ ਰਉਣ ॥*

*ਅੰਗ ੧੦੯੪, ਸਤਰ ੧੯ -- ਗੁਰੂ ਅਰਜਨ ਦੇਵ*

*ਤੂ ਸਭ ਮਹਿ ਵਰਤਹਿ ਆਪਿ ਕੁਦਰਤਿ ਦੇਖਾਵਹੀ ॥*

*ਅੰਗ ੧੦੯੫, ਸਤਰ ੭ -- ਗੁਰੂ ਅਰਜਨ ਦੇਵ*

*ਅਚਰਜੁ ਤੇਰੀ ਕੁਦਰਤਿ ਤੇਰੇ ਕਦਮ ਸਲਾਹ ॥*

*ਅੰਗ ੧੧੩੮, ਸਤਰ ੧ -- ਗੁਰੂ ਅਰਜਨ ਦੇਵ*

*ਅਖੀ ਕੁਦਰਤਿ ਕੰਨੀ ਬਾਣੀ ਮੁਖਿ ਆਖਣੁ ਸਚੁ ਨਾਮੁ ॥*

*ਅੰਗ ੧੧੬੮, ਸਤਰ ੭ -- ਗੁਰੂ ਨਾਨਕ ਦੇਵ*

*ਆਪੇ ਕੁਦਰਤਿ ਕਰੇ ਸਾਜਿ ॥*

*ਅੰਗ ੧੧੭੦, ਸਤਰ ੬ -- ਗੁਰੂ ਨਾਨਕ ਦੇਵ*

*ਤੇਰੀ ਕੁਦਰਤਿ ਤੂਹੈ ਜਾਣਹਿ ਅਉਰੁ ਨ ਦੂਜਾ ਜਾਣੈ ॥*

*ਅੰਗ ੧੧੮੫, ਸਤਰ ੧੬ -- ਗੁਰੂ ਅਰਜਨ ਦੇਵ*

*ਜੇ ਤੂ ਮੀਰ ਮਹੀਪਤਿ ਸਾਹਿਬੁ ਕੁਦਰਤਿ ਕਉਣ ਹਮਾਰੀ ॥*

*ਅੰਗ ੧੧੯੧, ਸਤਰ ੪ -- ਗੁਰੂ ਨਾਨਕ ਦੇਵ*

*ਹਮ ਨਾਨ੍ਹੇ ਨੀਚ ਤੁਮ੍ਹੇ ਬਡ ਸਾਹਿਬ ਕੁਦਰਤਿ ਕਉਣ ਬੀਚਾਰਾ ॥*

*ਅੰਗ ੧੨੩੫, ਸਤਰ ੧੨ -- ਗੁਰੂ ਅਰਜਨ ਦੇਵ*

*ਆਪੇ ਜੋੜਿ ਵਿਛੋੜਿਐ ਆਪੇ ਕੁਦਰਤਿ ਦੇਇ ਦਿਖਾਇ ॥*

*ਅੰਗ ੧੨੮੧, ਸਤਰ ੧੦ -- ਗੁਰੂ ਅਮਰਦਾਸ*

*ਅਵਲਿ ਅਲਹ ਨੂਰੁ ਉਪਾਇਆ ਕੁਦਰਤਿ ਕੇ ਸਭ ਬੰਦੇ ॥*

*ਅੰਗ ੧੩੪੯, ਸਤਰ ੧੯ -- ਭਗਤ ਕਬੀਰ*

*ਆਪ ਹੀ ਧਾਰਨ ਧਾਰੇ ਕੁਦਰਤਿ ਹੈ ਦੇਖਾਰੇ ਬਰਨੁ ਚਿਹਨੁ ਨਾਹੀ ਮੁਖ ਨ ਮਸਾਰੇ ॥*

*ਅੰਗ ੧੩੮੬, ਸਤਰ ੧ -- ਗੁਰੂ ਅਰਜਨ ਦੇਵ*

ਕੁਦਰਤ ਅਤੇ ਸੰਸਾਰ ਕਿਸ ਤਰ੍ਹਾਂ ਅਤੇ ਕਦੋਂ ਹੋਂਦ ਵਿਚ ਆਏ, ਕਿਸੇ ਨੂੰ ਪਤਾ ਨਹੀਂ। ਇਹਦਾ ਇਲਮ ਦੇਵੀ ਦੇਵਤਿਆਂ ਨੂੰ ਵੀ ਨਹੀਂ ਤੇ ਨਾ ਹੋ ਸਕਦਾ ਸੀ ਕਿਉਂਕਿ ਉਹ ਵੀ ਇਸ ਜਗਤ ਅਤੇ ਕਾਇਨਾਤ ਦੇ ਵਿਚੋਂ ਹੀ ਪੈਦਾ ਹੋਏ।

ਨਾਸਿਦੀਆ ਸੂਕਤ ਦੱਸਦਾ ਹੈ: (ਰਿਗਵੇਦ **10-1-29**)

*ਨਾਸਦਾਸੀਂਨੋਂ ਸਦਾਸੀਤਦਾਨੀਮ ਨਾਸੀਦ੍ਰਜੋ ਨੋ ਵਿਯੋਮਾ ਪਰੋ ਯਤ।*
*ਕਿਮਾਰੀਵਹ ਕੁਹ ਕਸਯਾ ਸ਼ਰਮੱਨਮਭਹ ਕਿਮਾਸੀਦਗਹਨਮ ਗਭੀਰਮ।।*

*ਸਰਿਸ਼ਟੀ ਤੋਂ ਪਹਿਲਾਂ ਉਸ ਵੇਲੇ ਨਾ ਹੋਂਦ ਅਤੇ ਅਣਹੋਂਦ ਹੁੰਦੇ ਹਨ। ਨਾ ਹੀ ਪੁਲਾੜ ਜਾਂ ਇਸਤੋਂ ਪਰੇ ਕੁਝ ਹੁੰਦਾ ਹੈ। ਕਿਹੜੀ ਚੀਜ਼ ਕਿਸ ਨੂੰ ਘੇਰਦੀ ਹੈ? ਹਰ ਚੀਜ਼ ਹਨੇਰੇ ਵਿਚ ਹੁੰਦੀ ਹੈ। ਡੂੰਘਾ ਪਾਣੀ ਕਿਸ ਤਰ੍ਹਾਂ ਰਹਿ ਸਕਦਾ ਹੈ?*

*ਨ ਮਿਰੀਤਯੁਰਾਸੀਦਮਿਰਤਮ ਨ ਤਰਹੀ ਨ ਰਾਤ੍ਰਯਾ ਅਹਣ ਆਸੀਤਪ੍ਰਕੇਤਹ।*
*ਆਨੀਦਵਾਤਮ ਸਵਧਯਾ ਤਦੇਕਮ ਤਸਮਾਧਾਨਯਣ ਪਰਹ ਕਿਮ ਚਨਾਸ।।*

*ਨਾ ਮੌਤ ਹੈ ਅਤੇ ਨਾ ਜ਼ਿੰਦਗੀ। ਸਮਾਂ ਵੀ ਨਹੀਂ। ਰਾਤ ਅਤੇ ਦਿਨ ਵੀ ਨਹੀਂ। ਆਪਣੇ ਆਪ ਵਿਚ ਹੀ ਕਾਇਮ ਇਕ ਉਹ ਹੁੰਦਾ ਹੈ। ਉਸ ਤੋਂ ਪਰ੍ਹੇ, ਉਸ ਦੇ ਬਰਾਬਰ ਦਾ ਜਾਂ ਉਸ ਤੋਂ ਵੱਡਾ ਕੋਈ ਨਹੀਂ।*

*ਤਮ ਆਸੀਤਮਸਾ ਗੂਹਣਹਅਗ੍ਰੇਯਪ੍ਰਕੇਤਮ ਸਲਿਲਮ ਸਰਵਮਾ ਇਦਮ।*
*ਤੁਛਯੇਨਾਮਵਪਿਹੀਤਮ ਯਦਾਸੀਤਪਸਸਤਨਮਹਿਨਾਜਅਯਤੈਕਮ।।*

*ਇਸ ਅਵਸਥਾ ਵਿਚ ਹਨੇਰਾ ਛਾਇਆ ਹੁੰਦਾ ਹੈ। ਸਭ ਕੁਛ ਹਨੇਰੇ ਚ ਛੁਪਿਆ ਹੁੰਦਾ ਹੈ। ਆਪਣੇ ਤਾਪ ਅਤੇ ਗਰਮੀ ਦੇ ਇਸ ਇਕ ਕਾਰਨ ਨਾਲ ਇਹ ਸਭ ਕੁਝ ਕ੍ਰਿਆਸ਼ੀਲ ਹੁੰਦਾ ਹੈ।*

*ਕੋ ਅਧਾ ਵੇਦ ਕ ਇਹ ਪ੍ਰਵੋਚਤਕੁਤ ਆਜਾਤਾ ਕੁਤ ਇਯਮ ਵਿਸਰਿਸ਼ਟੀਹ।*
*ਅਵਾਰਗਦੇਵਾ ਅਸਯਾ ਵਿਸਰਨੇਨਾਥਾ ਕੋ ਵੇਦ ਯਤ ਆਬਭੂਵ।।*

*ਕੌਣ ਇਸ ਗੱਲ ਨੂੰ ਜਾਣਦਾ ਹੈ ਕਿ ਇਹ ਸਰਿਸ਼ਟੀ ਕਿੱਥੋਂ ਪੈਦਾ ਹੋਈ ਹੈ? ਅਤੇ ਕੌਣ ਇਹ ਦੱਸ ਸਕਦਾ ਹੈ? ਕਿਉਂਕਿ ਦੇਵਤੇ ਅਤੇ ਵਿਦਵਾਨ ਵੀ ਇਸ ਸਰਿਸ਼ਟੀ ਦੇ ਬਾਅਦ ਹੀ ਹੋਂਦ ਵਿਚ ਆਏ ਹਨ।*

*ਇਯਮ ਵਿਸਰਿਸ਼ਟੀਯਰਤ ਆਬਭੂਵ ਯਦਿ ਵਾ ਦਧੇ ਯਦਿ ਵਾ ਨ।*
*ਯੋ ਅਸਯਾਧਕਸ਼ਾਹ ਪਰਮੇ ਵਿਯੋਮਨਤਸੋ ਅੰਗ ਵੇਦ ਯਦਿ ਵਾ ਨ ਵੇਦ।।*

***ਇਹ ਅਨੇਕ ਤਰ੍ਹਾਂ ਦੀ ਸਰਿਸ਼ਟੀ ਜਿਸ ਤੋਂ ਪੈਦਾ ਹੁੰਦੀ ਹੈ ਜਾਂ ਜਿਸ ਵਿਚ ਧਰੀ ਰਹਿੰਦੀ ਹੈ ਜਾਂ ਨਹੀਂ, ਇਸ ਨੂੰ ਇਸਦਾ ਧਰਨ ਵਾਲਾ ਸ਼ਾਇਦ ਇਕ ਉਹ ਹੀ ਜਾਣਦਾ ਹੋਵੇ ਜਾਂ ਹੋ ਸਕਦਾ ਹੈ ਉਹ ਵੀ ਨਾ ਜਾਣਦਾ ਹੋਵੇ।***

ਕੁਦਰਤ ਅੰਦਰਲੀ ਹਰ ਸ਼ੈਅ ਦਾ ਸੋਮਾ ਇਕੋ ਹੀ ਹੈ ਅਤੇ ਹਰ ਸ਼ੈਅ ਉਸੇ ਤੋਂ ਹੀ ਪੈਦਾ ਹੋਈ ਹੈ। ਹਰ ਜੀਅ ਜੰਤ, ਜੜ੍ਹ ਅਤੇ ਚੇਤਨਾ ਇਕੋ ਹੀ ਮਿੱਟੀ ਦੇ ਬਣੇ ਹੋਏ ਹਨ। ਪਰ ਇਸ ਬਾਰੇ ਵੱਖ ਵੱਖ ਇਨਸਾਨਾਂ ਦੀ ਰਾਏ ਅਤੇ ਖ਼ਿਆਲ ਜ਼ਰੂਰ ਵੱਖੋ ਵੱਖਰੇ ਹਨ। ਰਿਗਵੇਦ ਦੱਸਦਾ ਹੈ:***ਇਕੋ ਸਤਮ। ਵਿਪਰਾ ਬਹੁਦਾ ਵਦੰਤੀ।*** ਭਾਵ ਜਿਹੜੀ ਵੀ ਸ਼ੈ ਹੋਂਦ ਵਿਚ ਹੈ, ਉਹ ਸਭ ਇਕ ਹੀ ਹੈ। ਗਿਆਨੀ ਅਤੇ ਵਿਦਵਾਨ ਇਸ ਨੂੰ ਬਹੁਪੱਖੀ ਜਾਂ ਵੱਖ ਵੱਖ ਕਹਿੰਦੇ ਹਨ ਅਤੇ ਵੱਖ ਵੱਖ ਨਾਵਾਂ ਨਾਲ ਪੁਕਾਰਦੇ ਹਨ।

ਈਸ਼ਵਾਸਯਾ ਉਪਨੀਸ਼ਦ ਦੱਸਦਾ ਹੈ:

*ਓਮ ਪੁਰਨਮਦਮ ਪੁਰਨਾਈਦਮ ਪੁਰਨਾਤ ਪੁਰਨਮਦੁਚਯਤੇ*
*ਪੁਰਨਸਯਾ ਪੁਰਨਾਮਾਦਾਯ ਪੁਰਨਾਮੇਵਾ ਵੀਸ਼ਯਤ*
*ਓਮ ਸ਼ਾਂਤੀ ਸ਼ਾਂਤੀ ਸ਼ਾਂਤੀ*

*ਉਹ ਪੂਰਨ ਹੈ, ਇਹ ਵੀ ਪੂਰਨ ਹੈ, ਪੂਰਨ ਵਿਚੋਂ ਪੂਰਨ ਮਨਫ਼ੀ ਕਰ ਦਿਤਾ ਜਾਵੇ ਤਾਂ ਪੂਰਨ ਹੀ ਬਾਕੀ ਬਚਦਾ ਹੈ। ਭਾਵ ਕਿ ਇਹ ਸਭ ਆਪਣੇ ਆਪ ਵਿਚ ਸੰਪੂਰਨ ਹੈ। ਸੰਪੂਰਨ ਵਿਚੋਂ ਹੀ ਸੰਪੂਰਨ ਪੈਦਾ ਹੁੰਦਾ ਹੈ।*

ਕਠੋਪਨਿਸ਼ਦ ਦੱਸਦਾ ਹੈ:

*1) ਜਿਵੇਂ ਅੱਗ ਇਕ ਹੀ ਹੈ ਪਰ ਜਿਥੇ ਬਾਲਣ ਹੋਵੇ ਉਥੇ ਲੱਗ ਜਾਂਦੀ ਹੈ ਤੇ ਵੱਖਰੀ ਲਗਦੀ ਹੈ। ਇਸ ਲਈ ਉਹ ਵੀ ਇਕੋ ਹੈ ਹਰੇਕ ਮਨੁਖ ਵਿਚੋਂ ਉਸ ਦੀ ਹੀ ਸੂਰਤ ਦਿਸਦੀ ਹੈ ਪਰ ਨਾਲ ਹੀ ਇਸ ਦੀ ਆਪਣੀ ਆਜ਼ਾਦ ਹੋਂਦ ਵੀ ਹੈ।*

*2) ਜਿਵੇਂ ਹਵਾ ਹੈ, ਸੰਸਾਰ ਵਿਚ ਹਵਾ ਇਕੋ ਹੀ ਹੈ ਪਰ ਜਿਸ ਅੰਦਰ ਵਿਚ ਵੜਦੀ ਹੈ ਉਸ ਵਿਚੋਂ ਹੀ ਲੱਭ ਜਾਂਦੀ ਹੈ। ਇਸ ਲਈ ਉਹ ਵੀ ਇਕੋ ਹੈ ਤੇ ਉਸ ਦੀ ਹੀ ਸੂਰਤ ਹਰੇਕ ਇਨਸਾਨ ਵਿਚੋਂ ਦਿਸਦੀ ਹੈ ਹਾਲਾਂਕਿ ਉਸ ਦੀ ਆਪਣੀ ਆਜ਼ਾਦਾਨਾ ਹੋਂਦ ਵੀ ਹੈ।*

*3) ਜਿਵੇਂ ਸੂਰਜ, ਸਾਰੀ ਦੁਨੀਆ ਦੀ ਅੱਖ, ਬਾਹਰੀ ਖ਼ਰਾਬੀਆਂ ਜੋ ਅੱਖਾਂ ਨੂੰ ਦਿਸਦੀਆਂ ਹਨ, ਨਾਲ ਪਲੀਤ ਨਹੀਂ ਹੁੰਦਾ ਉਸੇ ਤਰ੍ਹਾਂ ਉਹ ਵੀ ਜੋ ਹਰ ਸ਼ੈਅ ਵਿਚ ਹਾਜ਼ਰ ਹੈ, ਦੁਨੀਆ ਦੀਆਂ ਤੰਗੀਆਂ ਤੇ ਬੁਰਾਈਆਂ ਦਾ ਉਸ ਤੇ ਕੋਈ ਅਸਰ ਨਹੀਂ ਕਿਉਂਕਿ ਉਸਦੀ ਆਜ਼ਾਦ ਹਸਤੀ ਵੀ ਹੈ।*

*4) ਸਾਰਿਆਂ ਵਿਚ ਹਾਜ਼ਰ ਨਾਜ਼ਰ ਇਕੋ ਮਾਲਕ ਹੈ ਜਿਸ ਤੋਂ ਹਰ ਸ਼ੈਅ ਉਪਜਦੀ ਹੈ। ਸਿਆਣੇ ਉਹ ਹਨ ਜੋ ਉਸਨੂੰ ਆਪਣੇ ਅੰਦਰ ਸਮਝਦੇ ਹਨ। ਉਹ ਖ਼ੁਸ਼ ਰਹਿੰਦੇ ਹਨ ਤੇ ਬਾਕੀ ਭਟਕਦੇ ਹਨ।*

*5) ਇਕੋ ਹੀ ਸਦੀਵੀ ਸੋਚਣਹਾਰ ਹੈ, ਜੋ ਗੈਰਸਦੀਵੀ ਸੋਚਾਂ ਸੋਚਣ ਦੇ ਸਮਰੱਥ ਹੈ, ਬੇਸ਼ੱਕ ਉਹ ਹੈ ਇਕੋ ਹੀ ਪਰ ਸਾਰਿਆਂ ਦੀ ਇੱਛਾ ਪੂਰੀ ਕਰਦਾ ਹੈ। ਸਿਆਣੇ ਉਸਨੂੰ ਆਪਣੇ ਅੰਦਰੋਂ ਹੀ ਲੱਭ ਲੈਂਦੇ ਹਨ,*

*6) ਉਹ ਸਮਝਦੇ ਹਨ ਕਿ ਇਹ ਖ਼ੁਸ਼ੀ ਦੀ ਹੱਦ ਮਿਲ ਗਈ, ਤੇ ਕਹਿੰਦੇ ਹਨ ਬੱਸ ਇਹੋ ਅਨੰਦ ਹੈ। ਪਰ ਮੈ ਇਹਨੂੰ ਕੀ ਸਮਝਾਂ? ਕੀ ਇਹ ਇਹਦੀ ਆਪਣੀ ਰੌਸ਼ਨੀ ਹੈ ਕਿ ਇਹ ਕਿਸੇ ਹੋਰ ਦੀ ਰੌਸ਼ਨੀ ਦੀ ਝਲਕ ਹੈ?*

*7) ਸੂਰਜ ਨਹੀਂ ਚਮਕਦਾ, ਨਾ ਤਾਰੇ ਚਮਕਦੇ ਹਨ ਤੇ ਨਾ ਚੰਦ ਦੀ ਚਮਕ ਹੈ, ਨਾ ਬਿਜਲੀ ਵਿਚ ਚਮਕ ਹੈ ਅਤੇ ਨਾ ਹੀ ਅੱਗ ਵਿਚ ਆਪਣਾ ਕੁਝ ਹੈ। ਹਰ ਚੀਜ਼ ਵਿਚ ਉਸ ਦੀ ਹੀ ਚਮਕ ਹੈ, ਹਰ ਸ਼ੈਅ ਵਿਚ ਉਸ ਦਾ ਹੀ ਪਸਾਰ ਹੈ। ਉਸ ਦੀ ਹੀ ਰੌਸ਼ਨੀ ਹਰ ਚੀਜ਼ ਨੂੰ ਰੌਸ਼ਨ ਕਰਦੀ ਹੈ।*

ਬਾਬਾ ਫਰੀਦ ਹੋਰੀ ਵੀ ਕਹਿੰਦੇ ਹਨ:

*ਫਰੀਦਾ ਖ਼ਾਲਕ, ਖ਼ਲਕ ਮਹਿ ਖ਼ਲਕ ਵਸਿ ਰਬ ਮਹਿ*
*ਮੰਦਾ ਕਿਸ ਨੋ ਆਖੀਐ ਤਿਸੁ ਬਿਨੁ ਕੋਈ ਨਾਹਿ*

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:

*ਓੜਕ ਓੜਕ ਭਾਲਿ ਥਕੇ ਵੇਦ ਕਹਨਿ ਇਕ ਵਾਤ ॥*
*ਸਹਸ ਅਠਾਰਹ ਕਹਨਿ ਕਤੇਬਾ ਅਸੁਲੂ ਇਕੁ ਧਾਤੁ ॥*
*ਸਭੈ ਘਟ ਰਾਮੁ ਬੋਲੈ ਰਾਮਾ ਬੋਲੈ ॥*
*ਰਾਮ ਬਿਨਾ ਕੋ ਬੋਲੈ ਰੇ ॥1॥ ਰਹਾਉ ॥*
*ਏਕਲ ਮਾਟੀ ਕੁੰਜਰ ਚੀਟੀ ਭਾਜਨ ਹੈਂ ਬਹੁ ਨਾਨਾ ਰੇ ॥*
*ਅਸਥਾਵਰ ਜੰਗਮ ਕੀਟ ਪਤੰਗਮ ਘਟਿ ਘਟਿ ਰਾਮੁ ਸਮਾਨਾ ਰੇ ॥1॥*
*ਏਕਲ ਚਿੰਤਾ ਰਾਖੁ ਅਨੰਤਾ ਅਉਰ ਤਜਹੁ ਸਭ ਆਸਾ ਰੇ ॥*
*ਪ੍ਰਣਵੈ ਨਾਮਾ ਭਏ ਨਿਹਕਾਮਾ ਕੋ ਠਾਕੁਰੁ ਕੋ ਦਾਸਾ ਰੇ ॥2॥3॥*

ਬੁਲ੍ਹੇ ਸ਼ਾਹ ਵੀ ਇਸ ਬਾਰੇ ਕਹਿੰਦੇ ਹਨ:

*ਰਾਮਦਾਸ ਕਿਤੇ ਫਤੇਹ ਮੁਹੰਮਦ*
*ਇਹੋ ਕਦੀਮੀ ਸ਼ੋਰ*
*ਮੁੱਕ ਗਿਆ ਦੋਹਾਂ ਦਾ ਰੌਲਾ*
*ਨਿਕਲ ਪਿਆ ਕੋਈ ਹੋਰ*
*ਮੇਰੀ ਬੁਕਲ ਦੇ ਵਿਚ ਚੋਰ*

ਗੋਰਖਨਾਥ ਕਹਿੰਦੇ ਹਨ:

*ਬਸਤੀ ਨਾ ਸ਼ੁਨਯਮ, ਸ਼ੁਨਯਮ ਨਾ ਬਸਤੀ*
*ਅਗਮ ਅਗੋਚਰ ਐਸਾ*
*ਗਗਨ ਮੰਡਲ ਮੇਂ ਬਾਲਕ ਬੋਲੇ*
*ਤਾਕਾ ਨਾਵ ਧਰੋਗੇ ਕੈਸਾ*
*ਆਦੀਨਾਥ ਨਾਤੀ, ਮਛੰਦਰ ਪੁਤਾ*
*ਨਿਜ ਤਾਤ ਨਿਹਾਰੇ ਗੋਰਖ ਅਵਧੁਤਾ*

ਸ਼ਾਹ ਹੁਸੈਨ ਵੀ ਦੱਸਦਾ ਹੈ:

*ਸੱਜਣਾ ਬੋਲਣ ਦੀ ਜਾਇ ਨਾਹੀ*
*ਅੰਦਰ ਬਾਹਰ ਇਕਾ ਸਾਈਂ*
*ਕਿਸ ਨੂੰ ਆਖ ਸੁਣਾਈਂ।*
*ਇਕੋ ਦਿਲਬਰ ਸਭ ਘਟਿ ਰਵਿਆ*
*ਦੂਜਾ ਨਹੀਂ ਕਦਾਈਂ*

ਗੁਰੂ ਗੋਬਿੰਦ ਸਿੰਘ ਜੀ ਕਹਿੰਦੇ ਹਨ:
*ਜੈਸੇ ਇਕ ਆਗ ਤੇ ਕਨੂਕਾ ਕੋਟੀ ਆਗ ਉੱਠੇ*
*ਨਿਆਰੇ ਨਿਆਰੇ ਹੋਵਕੇ ਫਿਰ ਆਗ ਮੇਂ ਮਿਲਾਂ ਹੈ*
*ਜੈਸੇ ਇਕ ਧੁਰੀਸੇ ਅਨੇਕ ਧੂਰੀਪੁਰਿਤ ਹੈ*
*ਧੂਰੀ ਕੇ ਕਨੂਕਾ ਫਿਰ ਹੀ ਧੂਰੀ ਮੇਂ ਸਮਾਂਇਗੇ*
*ਜੈਸੇ ਇਕ ਨਾਦ ਸੇ ਤਰੰਗ ਕੋਟੀ ਉਪਜਤ ਹੈ*
*ਪਾਣੀ ਕੇ ਤਰੰਗ ਸਬ ਪਾਣੀ ਹੀ ਕਹਾਇੰਗੇ*
*ਤੈਸੇ ਵਿਸ਼ਵ ਰੂਪ ਤੇ ਅਭੂਤ ਭੂਤ ਪ੍ਰਗਟ ਹਵੇ*
*ਤਾਹੀਂ ਤੇ ਉਪਜ ਸਭ ਤਾਹੀਂ ਮੇ ਸਮਾਇੰਗੇ*

ਬੁੱਲ੍ਹੇ ਸ਼ਾਹ ਫ਼ਰਮਾਉਂਦੇ ਹਨ:

*ਨੇਯਤਿ ਨੇਯਤਿ ਕਰ ਵੇਦ ਪੁਕਾਰਦੇ ਨੇ*
*ਨਹੀਂ ਕੋਈ ਦੂਸਰਾ ਏਸ ਦੇ ਤੁਲ ਦਾ ਏ*

*ਮਾਟੀ ਜੋੜਾ ਮਾਟੀ ਘੋੜਾ ਮਾਟੀ ਦਾ ਅਸਵਾਰ*
*ਮਾਟੀ ਮਾਟੀ ਨੂੰ ਦੌੜਾਏ ਮਾਟੀ ਦਾ ਖੜਕਾਰ*

*"ਤੱਕ ਬੁੱਝ ਕੌਣ ਛੁਪ ਆਇਆ ਹੈ*
*ਦੂਈ ਦੂਰ ਕਰੋ ਕੋਈ ਸ਼ੋਰ ਨਹੀਂ,*
*ਇਹ ਤੁਰਕ, ਹਿੰਦੂ, ਕੋਈ ਹੋਰ ਨਹੀ,*
*ਸਭ ਸਾਧ ਕਹੋ, ਕੋਈ ਚੋਰ ਨਹੀਂ*
*ਹਰ ਘਟ ਵਿਚ ਆਪ ਸਮਾਇਆ ਹੈ"*

ਸੁਲਤਾਨ ਬਾਹੂ ਕਹਿੰਦਾ ਹੈ :

*"ਅਲਫ਼ ਅੱਲਾ ਚੰਬੇ ਦੀ ਬੂਟੀ ਮੁਰਸ਼ਦ ਦਿਲ ਵਿਚ ਲਾਈ ਹੂ,*
*ਅੰਦਰ ਬੂਟੀ ਮੁਸ਼ਕ ਮਚਾਇਆ ਜਾਂ ਫੁਲਣ ਤੇ ਆਈ ਹੂ,*
*ਅੰਦਰ ਬੂਟੀ ਬਾਹਰ ਬੂਟੀ, ਬੂਟੀ ਸ਼ੋਰ ਮਚਾਇਆ ਹੂ"*

ਖ਼ਵਾਜਾ ਗੁਲਾਮ ਫਰੀਦ ਵੀ ਇਸ ਇਕਤਾ ਉਤੇ ਜ਼ੋਰ ਦਿੰਦੇ ਹਨ:

*ਐ ਹੁਸਨ ਹਕੀਕੀ ਨੂਰ ਅਜ਼ਲ ਤੈਨੂੰ ਵਾਜਬ ਤੇ ਅਮਕਾਨ ਕਹੂੰ*
*ਤੈਨੂੰ ਖ਼ਾਲਕ ਜ਼ਾਤ ਕਦੀਮ ਕਹੂੰ ਤੈਨੂੰ ਹਾਦਸ ਖ਼ਲਕ ਜਹਾਨ ਕਹੂੰ*
*ਤੈਨੂੰ ਅਰਸ਼ ਕਹੂੰ ਤੈਨੂੰ ਫਰਸ਼ ਕਹੂੰ ਹੈਵਾਨ ਕਹੂੰ ਇਨਸਾਨ ਕਹੂੰ*
*ਤੈਨੂੰ ਹਰ ਦਿਲ ਦਾ ਦਿਲਦਾਰ ਕਹੂੰ ਤੈਨੂੰ ਬਾਇਸ ਕੌਨ ਮਕਾਨ ਕਹੂੰ*

ਕੁਦਰਤ, ਕਾਇਨਾਤ ਅਤੇ ਸਾਰਾ ਪਸਾਰਾ ਬੁਨਿਆਦੀ ਤੌਰ ਤੇ ਇਕੋ ਹੀ ਹਨ। ਕੁਦਰਤ ਆਦ ਤੋਂ ਹੈ ਅਤੇ ਅਨੰਤ ਹੈ। ਇਸ ਦੀ ਆਪਣੀ ਹੋਂਦ ਹੈ, ਆਪਣਾ ਵਜੂਦ ਹੈ। ਇਹ ਸਭ ਪਾਸੇ ਹੈ। ਇਸ ਨਾਲ ਹੀ ਸਭ ਕੁਝ ਹੈ। ਇਹ ਕੁਦਰਤ ਕਈ ਪੱਖੀ ਹੁੰਦੀ ਹੋਈ ਵੀ ਇਕ ਹੀ ਹੈ ਅਤੇ ਆਦਿ ਅਤੇ ਅਨੰਤ ਤੋਂ ਹੀ ਹੈ ਅਤੇ ਰਹੇਗੀ।

ਇਹ ਸੰਸਾਰ ਸਾਡੀ ਕਰਮਭੂਮੀ ਹੈ ਅਤੇ ਰੰਗਭੂਮੀ ਵੀ। ਸੰਸਾਰ ਨੂੰ ਕਰਮ ਅਤੇ ਧਰਮ ਖੇਤਰ ਕਿਹਾ ਗਿਆ ਹੈ। ਇਕ ਖਿਆਲ ਇਹ ਵੀ ਹੈ ਕਿ ਇਨਸਾਨ ਕਈ ਜੂਨਾਂ ਦਾ ਸਫ਼ਰ ਕਰਕੇ, ਇਕ ਵਿਕਾਸ ਰਾਹੀਂ ਮਾਨਸ ਜੂਨ ਪ੍ਰਾਪਤ ਕਰਦਾ ਹੈ ਅਤੇ ਦੁਨੀਆ ਵਿਚ ਆਉਂਦਾ ਹੈ ਤੇ ਇਸ ਮਾਇਆ ਅਤੇ ਦੁਨੀਆ ਦਾ ਹਿੱਸਾ ਹੈ। ਇਸੇ ਕਰਕੇ ਕਿਹਾ ਗਿਆ ਹੈ, *ਮਾਨਸ ਜਨਮ ਦੁਰਲਭ ਹੈ ਹੋਤ ਨਾ ਬਾਰੰਬਾਰ।*

ਬੁੱਲ੍ਹੇ ਸ਼ਾਹ ਹੋਰੀਂ ਕਹਿੰਦੇ ਹਨ:

*ਕੁਨ ਕਿਹਾ ਫਅਕੁਨ ਕਹਾਇਆ, ਬੇ ਚੂਨੀ ਦਾ ਚੂਨ ਬਣਾਇਆ*
*ਖ਼ਾਤਰ ਤੇਰੀ ਜਗਤ ਬਣਾਇਆ, ਸਿਰ ਪਰ ਛਤਰ ਲੌਲਾਕੀ ਦਾ*

ਖ਼ਵਾਜਾ ਗ਼ੁਲਾਮ ਫ਼ਰੀਦ ਦੱਸਦੇ ਹਨ:

*ਹਰ ਸੂਰਤ ਵਿਚ ਦੀਦਾਰ ਡਿਠਮ, ਕੁਲ ਯਾਰ ਅਗਿਯਾਰ ਨੂੰ ਯਾਰ ਡਿਠਮ।*

ਇਸ ਖਿੱਤੇ ਦੇ ਲੋਕਾਂ ਦੀ ਸੋਚ ਤੇ ਦਰਸ਼ਨ ਦੱਸਦਾ ਹੈ ਕਿ ਦੁਨੀਆ ਦੀ ਹਰ ਸ਼ੈਅ ਅਤੇ ਹਰ ਚੀਜ਼ ਹੋਂਦ ਵਿਚ ਆਉਂਦੀ ਹੈ ਅਤੇ ਆਪਣਾ ਜਲਵਾ ਵਿਖਾ ਕੇ ਖ਼ਤਮ ਹੋ ਜਾਂਦੀ ਹੈ। ਕੋਈ ਵੀ ਸ਼ੈਅ ਹਮੇਸ਼ਾ ਲਈ ਕਾਇਮ ਨਹੀਂ ਰਹਿੰਦੀ। ਹਰ ਸ਼ੈਅ ਆਪਣੇ ਆਪ ਹੋਂਦ ਵਿਚ ਆਉਂਦੀ ਹੈ ਅਤੇ ਖ਼ਤਮ ਹੋ ਜਾਂਦੀ ਹੈ। ਆਪਣਾ ਰੂਪ ਅਤੇ ਆਪਣੇ ਗੁਣ ਵਿਖਾ ਕੇ ਖੁਰ ਜਾਂਦੀ ਹੈ। ਹਰ ਚੀਜ਼ ਗਤੀਸ਼ੀਲ ਹੈ ਅਤੇ ਆਪਣੀ ਗਤੀ ਵਿਚ ਹੀ ਦਰਸ਼ਨ ਦਿੰਦੀ ਹੈ। ਹਰ ਚੀਜ਼ ਵਿਚ ਇਸਦੀ ਗਤੀ, ਵਿਕਾਸ ਅਤੇ ਤਬਦੀਲੀ ਦਾ ਸਫ਼ਰ ਦਿਸਦਾ ਹੈ। ਦੁਨੀਆ ਨਾ ਕਿਤੇ ਰੁਕੀ ਹੈ ਅਤੇ ਨਾ ਹੀ ਰੁਕੇਗੀ। **ਜਗਤ** ਲਫਜ਼ ਦਾ ਮਤਲਬ ਹੀ ਹੈ ਕਿ ਜੋ ਗਤੀਸ਼ੀਲ ਹੈ। **ਪ੍ਰਕ੍ਰਿਤੀ** ਦਾ ਮਤਲਬ ਵੀ ਇਹੋ ਹੈ ਕਿ ਜੋ ਹਮੇਸ਼ਾ ਕ੍ਰਿਆਸ਼ੀਲ ਹੈ। **ਸੰਸਾਰ** ਸ਼ਬਦ ਦਾ ਮਤਲਬ ਹੈ ਜੋ ਘੁੰਮਦਾ ਰਹੇ। ਇਸ ਸੋਚ ਦੀ ਝਲਕ ਪੰਜਾਬ ਦੇ ਸਾਹਿਤ ਵਿਚ ਆਮ ਮਿਲਦੀ ਹੈ।

ਬਾਬਾ ਫ਼ਰੀਦ ਕਹਿੰਦਾ ਹੈਂ

*ਕੀ ਗੁਮਾਨ ਜਿੰਦੂ ਨੀ*
*ਆਖ਼ਰ ਮਾਟੀ ਸਿਉਗਲਿ ਜਾਣਾ*
*ਸਰਪਰਦੁਨੀਆ ਜਾਣਾ ਆਖ਼ਰ*
*ਮਾਟੀ ਸਿਉ ਗਲਿ ਜਾਣਾ*

*ਕਿਥੇ ਨੀ ਤੇਰਾ ਸੁਇਨਾ ਰੁਪਾ*
*ਹੋਇ ਖਾਕ ਸੁਆਹਿ*

ਗੁਰੂ ਨਾਨਕ ਦੇਵ ਜੀ ਸਾਹਿਬ ਦੱਸਦੇ ਹਨ

*ਰਾਜੇ ਰਯਤਿ ਸਿਕਦਾਰ ਕੋਇ ਨ ਰਹਸੀਓ ॥*
*ਹਟ ਪਟਣ ਬਾਜਾਰ ਹੁਕਮੀ ਢਹਸੀਓ ॥*
*ਪਕੇ ਬੰਕ ਦੁਆਰ ਮੂਰਖੁ ਜਾਣੈ ਆਪਣੇ ॥*
*ਦਰਬਿ ਭਰੇ ਭੰਡਾਰ ਰੀਤੇ ਇਕਿ ਖਣੇ ॥*
*ਜੋ ਦਿਸੇ ਸਭ ਆਵਣ ਜਾਣੀ,*
*ਆਵਾ ਗਉਣੁ ਰਚਾਇ ਉਪਾਈ ਮੇਦਨੀ*

ਗੁਰਬਾਣੀ ਦਸਦੀ ਹੈ

*ਆਵਾ ਗਉਣ ਹੈ ਸੰਸਾਰਾ*
*ਆਵਣੁ ਜਾਣਾ ਸਭ ਚਲਤ ਤੁਮਾਰਾ*

ਸ਼ਾਹ ਹੁਸੈਨ ਵੀ ਯਾਦ ਕਰਾਉਂਦਾ ਹੈ

*ਕਿਥੇ ਨੀ ਤੇਰੇ ਤੁਰਕੀ ਤਾਜੀ*
*ਸਾਂਈਂ ਬਿਨ ਸਭ ਕੂੜੀ ਬਾਜ਼ੀ*

ਵਾਰਸ ਸ਼ਾਹ ਲਿਖਦੇ ਹਨ:

*ਕਈ ਬੋਲ ਗਏ ਸ਼ਾਖ਼ ਉਮਰ ਦੀ ਜੇ ਐਥੇ ਆਲ੍ਹਣਾ ਕਿਸੇ ਨਾ ਪਾਇਆ ਈ।*
*ਕਈ ਹੁਕਮ ਤੇ ਜ਼ੁਲਮ ਕਮਾ ਚਲੇ ਨਾਲ ਕਿਸੇ ਨਾ ਸਾਥ ਨਿਭਾਇਆ ਈ।*

ਬੁੱਲ੍ਹੇ ਸ਼ਾਹ ਕਹਿੰਦੇ ਹਨ:
*ਕਿੱਥੇ ਹੈ ਸੁਲਤਾਨ ਸਿਕੰਦਰ, ਮੌਤ ਨਾ ਛੱਡੇ ਪੀਰ ਪੈਗੰਬਰ*
*ਸੱਭੇ ਛੱਡ ਛੱਡ ਗਏ ਅਡੰਬਰ, ਕੋਈ ਏਥੇ ਪਾਏਦਾਰ ਨਹੀਂ।*

ਜੋ ਉਪਜੇ ਸੋ *ਬਿੰਸ* ਪੰਜਾਬੀਆਂ ਦੇ ਵਿਰਸੇ, ਸੋਚ ਅਤੇ ਦਰਸ਼ਨ ਦਾ ਇਕ ਬਹੁਤ ਹੀ ਅਹਿਮ ਨਿਚੋੜ ਹੈ।

## ਆਵਾਗਮਨ ਅਤੇ ਕੁਦਰਤ ਦੇ ਨੇਮ ਰਿਤਮ, ਧਰਮ ਅਤੇ ਹੁਕਮ

ਸੰਸਾਰ ਅਤੇ ਕੁਦਰਤ ਦੀ ਗਤੀ ਦੇ ਕਾਨੂੰਨ ਦਾ ਨਾਮ ਹੈ ਆਵਾਗਮਨ। ਇਸ ਹੁਕਮ ਜਾਂ ਕਾਨੂੰਨ ਅਨੁਸਾਰ ਪੁਰਾਣੀਆਂ ਚੀਜ਼ਾਂ, ਅਦਾਰੇ ਅਤੇ ਪ੍ਰਾਪਤੀਆਂ ਆਪਣਾ ਜਲਵਾ ਵਿਖਾ ਕੇ ਖ਼ਤਮ ਹੁੰਦੀਆਂ ਰਹਿੰਦੀਆਂ ਹਨ ਅਤੇ ਇਨ੍ਹਾਂ ਦੀ ਥਾਂ ਹਰ ਨਵੇਂ ਪੜਾਅ ਉੱਤੇ ਨਵੀਆਂ ਚੀਜ਼ਾਂ, ਨਵੇਂ ਰਿਸ਼ਤੇ ਅਤੇ ਨਵੇਂ ਅਦਾਰੇ ਹੋਂਦ ਵਿਚ ਆਉਂਦੇ ਰਹਿੰਦੇ ਹਨ। ਨਵੇਂ ਖਿਆਲ ਪੈਦਾ ਹੁੰਦੇ ਰਹਿੰਦੇ ਹਨ। ਨਵੇਂ ਰਾਹ ਖੁੱਲ੍ਹਦੇ ਰਹਿੰਦੇ ਹਨ।

ਇਹ ਕਾਨੂੰਨ ਜਿਸ ਨੂੰ ਰਿਗਵੇਦ ਵਿਚ *ਰਿਤਮ* ਕਿਹਾ ਗਿਆ ਹੈ, ਇਕ ਬ੍ਰਹਿਮੰਡੀ ਅਸੂਲ ਹੈ ਤੇ ਇਸ ਦੇ ਅਨੁਸਾਰ ਹੀ ਸਾਰਾ ਆਵਾਗਮਨ (ਹਰੇਕ ਸ਼ੈਅ ਦਾ ਹੋਂਦ ਵਿਚ ਆਉਣਾ ਤੇ ਗੁਜ਼ਰ ਜਾਣਾਂ),

ਗਤੀ ਅਗਤੀ ਅਤੇ ਮਾਇਆ ਕੁਦਰਤ ਅਤੇ ਸਮਾਜ ਦਾ ਸਾਰਾ ਕਾਰੋਬਾਰ ਚਲਦਾ ਹੈ। *ਰਿਤਮ* ਹੋਂਦ ਦਾ ਵਜੂਦ ਵੀ ਹੈ ਤੇ ਹੋਂਦ ਦਾ ਅਮਲ ਵੀ ਅਤੇ ਇਸ ਦੇ ਅਨੁਸਾਰ ਹੀ ਮਾਇਆ ਦਾ ਅਤੇ ਕੁਦਰਤ ਦਾ ਸਾਰਾ ਕਾਰੋਬਾਰ ਚਲਦਾ ਹੈ। *ਰਿਤਮ* ਦੱਸਦਾ ਹੈ ਕਿ ਸਾਰੀਆਂ ਸ਼ੈਆਂ ਤੇ ਵਾਕਿਆਤ ਹੋਂਦ ਵਿਚ ਆਉਂਦੇ ਹਨ ਜੋ ਖ਼ੁਦ ਨੂੰ ਜ਼ਾਹਰ ਕਰਦੇ ਹੋਏ ਆਪਣਾ, ਰੰਗ, ਰੂਪ, ਗੁਣ ਅਤੇ ਸੁਭਾਅ ਬਦਲਦੇ ਰਹਿੰਦੇ ਹਨ, ਤੇ ਆਪਣੇ ਵਜੂਦ ਦੀ ਛਾਪ ਛੱਡਦੇ ਹੋਏ ਗੁਜ਼ਰ ਜਾਂਦੇ ਹਨ।

ਰਿਗ ਵੇਦ ਕਹਿੰਦਾ ਹੈ:

*ਯਾਦੀਮ ਪਹਾਵਾਰਤੇਸਾਧਤੇ ਮਾਤੀਰਤਾਸਿਆ।*
*ਧੇਨਾ ਅਨਾਅੰਤ ਸਾਸੁਰਤਰਾਤਾਹ।।*

*ਰਿਤਮ ਦੀ ਸਿਆਣਪ, ਅਤੇ ਇਸ ਦੀ ਵਿਆਪਕ ਸੂਝ, ਸਾਡੇ ਮਕਸਦ ਪੂਰੇ ਕਰਦੀ ਹੈ, ਸਾਨੂੰ ਵਜੂਦ ਦਿੰਦੀ ਹੈ।*

*"ਕਵਾ ਰਿਤਾਮਪੁਰਵਯਾਮ ਗਾਤਾਮ ਕਾਸਤਾਦ ਵਿਭਾਰਤੀ ਨੁਤਾਨੋ। ਵਿਤਾਮ ਮੇ ਆਸਿਆਰੋਦਸੀ'।। '*

*ਪੁਰਾਣਾ ਰਿਤਮ ਖ਼ਤਮ ਹੋ ਕੇ ਨਵਾਂ ਰਿਤਮ ਵਜੂਦ ਵਿਚ ਕਿਵੇਂ ਆਉਂਦਾ ਹੈ, ਇਸ ਨਵੇਂ ਰਿਤਮ ਦੀ ਵਾਗ ਡੋਰ ਕਿਹਦੇ ਹੱਥ ਹੈ? ਅਸੀਂ ਇਹ ਸਾਰੀ ਗੱਲ ਜਾਣਨਾ ਚਾਹੁੰਦੇ ਹਾਂ।*

*"ਕਾਦ ਰਤਾਮ ਕਾਦਾਨਰਤਾਮ ਕਵਾ ਪਰਾਤਨਾਆਹੂਤ। ਵਿਰਿਤਮਮੇਯਆਸਿਆਰੋਦਸੀ"।।*

*ਰਿਤਮ ਕਿਥੇ ਹੈ ਤੇ ਅਨਰਿਤਮ ਕਿਥੇ ਹੈ? ਪੁਰਾਣੀਆਂ ਸ਼ੈਆਂ ਕਿਵੇਂ ਅਲੋਪ ਹੋ ਜਾਂਦੀਆਂ ਨੇ? ਅਸੀਂ ਇਹ ਸਭ ਜਾਣਨਾ ਚਾਹੁੰਦੇ ਹਾਂ।*

*"ਕਾਦ ਰਤਸਿਆ ਧਾਰਨਸੀ। ਕਾਦ ਵਰੁਨਸਿਆ ਚ ਰਕਸ਼ਨਮ"।।*

*ਰਿਤਮ ਦਾ ਰਾਖਾ ਕਿਥੇ ਹੈ? ਵਰੁਨ ਦੀ ਦੇਖ ਭਾਲ ਕਰਨ ਵਾਲਾ ਕੌਣ ਹੈ।*

*"ਤੈ ਦੇਵਾਨਮ ਸਾਧਮਾਦਆਸਾਨ। ਰਿਤਾਵਾਨਾਹ ਕਾਵਿਯ ਪੁਰਵੇਆਸ਼"।।*

*ਰਿਤਮ ਅੰਦਰ ਸਾਂਝੇ ਇਕੱਠ ਵਿਚ ਬੈਠੇ ਹੋਏ ਦੇਵ ਪੁਰਾਣੇ ਕਵੀ ਸਨ।*

*"ਮਾਹੀ ਮਿਤਰਾਸਿਆ ਸਾਧਾਬਸਤਾਰਾਂਤਾ ਪਿਪਰਾਤੀ ਰਿਤਮ। ਪਾਰੀਯਾਗਿਅਮ ਨੀ ਸ਼ੇਦਾਤੂ।।"*

*ਧਰਤੀ ਤੇ ਸੂਰਜ, ਰਿਤਮ ਦੇ ਅਨੁਸਾਰ ਆਪਣਾਂ ਕਾਰੋਬਾਰ ਕਿਵੇਂ ਕਰੀ ਜਾ ਰਹੇ ਹਨ, ਇਹ ਪਤਾ ਕਰ ਤੇ ਆਪਣੀ ਸੰਤੁਸ਼ਟੀ ਲਈ ਕਰਮ ਕਰ।*

ਬਹੁਤ ਸਮੇਂ ਬਾਅਦ ਇਕ ਵੇਲਾ ਆ ਗਿਆ ਕਿ ਰਿਤਮ ਦੀ ਜਗ੍ਹਾ ਧਰਮ ਨੇ ਲੈ ਲਈ। ਰਿਗਵੇਦ ਦੇ ਆਖਰੀ ਹਿੱਸਿਆਂ ਵਿਚ ਹੀ ਰਿਤਮ ਦੀ ਥਾਂ ਤੇ ਧਰਮ ਸ਼ਬਦ ਇਸਤੇਮਾਲ ਕੀਤਾ ਜਾਣ ਲਗ ਪਿਆ। ਧਰਮ ਬਾਰੇ ਉਪਨਿਸ਼ਦ ਵਿਚ ਕਿਹਾ ਗਿਆ ਹੈ:***ਧਰਮੋਂਧਾਰਯਤੀ*** ਭਾਵ ਕਿ ਧਰਮ ਦੇ ਅਸੂਲ ਨਾਲ ਹੀ ਹਰ ਚੀਜ਼ ਆਪਣੇ ਆਵਾਗਵਨ ਵਿਚ ਰਹਿੰਦੀ, ਚਲਦੀ ਤੇ ਵਿਕਸਦੀ ਹੈ।

ਕੰਨਾਦ ਦਾ ਵੈਸ਼ਿਸ਼ਕ ਸੂਤਰ ਵੀ ਇਹੋ ਗੱਲ ਕਹਿੰਦਾ ਹੈ

> ***"ਧਰਮ ਉਹ ਸ਼ੈਅ ਹੈ ਜਿਹਦੇ ਵਿਚੋਂ ਪਦਾਰਥਕ ਲਾਭ ਤੇ ਰੂਹਾਨੀ ਭਲਾਈ ਹਾਸਲ ਹੁੰਦੀ ਹੈ। "***

ਬਾਲਮੀਕੀ ਦੀ ਰਮਾਇਣ ਵਿਚ ਵੀ ਇਵੇਂ ਹੀ ਦਸਿਆ ਗਿਆ ਹੈ

> ***"ਧਰਮ ਵਿਚੋਂ ਹੀ ਲਾਭ ਅਤੇ ਆਨੰਦ ਲੱਭਦਾ ਹੈ। ਧਰਮ ਚੋਂਹੀ ਬੰਦੇ ਨੂੰ ਸਾਰਾ ਕੁਝ ਮਿਲਦਾ ਹੈ ਤੇ ਕੁਲ ਜਹਾਨ ਦੀ ਤਾਕਤ ਅਤੇ ਤੱਤ ਧਰਮ ਹੀ ਹੈ। "***

ਮੰਨੂ ਸਿਮ੍ਰਿਤੀ ਵਿਚ ਧਰਮ ਦੇ ਦਾਇਰੇ ਅਤੇ ਖੇਤਰ ਵਿਚ ਆਉਣ ਵਾਲੀਆਂ ਗੱਲਾਂ ਦਾ ਵੇਰਵਾ ਇੰਜ ਦਿਤਾ ਗਿਆ ਹੈ:

> ***"ਬ੍ਰਹਿਮੰਡ ਦੀ ਉਤਪਤੀ, ਪੂਜਾਪਾਠ ਦਾ ਤਰੀਕਾ, ਬ੍ਰਹਮਚਾਰੀਆਂ ਦੀ ਸਹੁੰ ਚੁੱਕਣ ਦਾ ਸਾਰਾ ਸਿਲਸਿਲਾ, ਪਵਿਤਰ ਇਸ਼ਨਾਨ ਦੇ ਅਸੂਲ, ਵਿਆਹ ਰਚਾਉਣ ਅਤੇ ਬਲੀ ਦੇਣ ਦੇ ਤਰੀਕੇ, ਅੰਤਮ ਸੰਸਕਾਰ ਦੀਆਂ ਰਸਮਾਂ।***
> ***ਗੁਜ਼ਾਰਾ ਚਲਾਉਣ ਦੇ ਤਰੀਕੇ, ਵੇਦਾਂ ਦੇ ਗਿਆਨੀਆਂ ਨੂੰ ਸਹੁੰ ਚੁਕਾਉਣੀ, ਕੀ ਚੀਜ਼ ਖਾਣ ਦੀ ਆਗਿਆ ਹੈ ਤੇ ਕੀ ਨਹੀਂ ਖਾਣਾ, ਇਨਸਾਨਾਂ ਤੇ ਚੀਜ਼ਾਂ ਦੀ ਸ਼ੁੱਧੀ ਕਰਨੀ।***
> ***ਔਰਤਾਂ ਨਾਲ ਸਬੰਧਿਤ ਕਾਨੂੰਨ, ਰਿਸ਼ੀਆਂ ਮੁਨੀਆਂ ਦੀਆਂ ਜ਼ਿੰਦਗੀਆਂ ਨਾਲ ਸਬੰਧਿਤ ਕਾਨੂੰਨ, ਰੂਹਾਨੀ ਮੁਕਤੀ, ਸੰਸਾਰਕ ਜ਼ਿੰਦਗੀ ਤਿਆਗਣ, ਰਾਜੇ ਦੇ ਫ਼ਰਜ਼, ਮੁਕੱਦਮਿਆਂ ਦੇ ਫ਼ੈਸਲੇ। ਗਵਾਹਾਂ ਨਾਲ ਜਿਰਾਹ ਕਰਨ ਦੇ ਤਰੀਕੇ, ਪਤੀਪਤਨੀ ਦੇ ਆਪਸੀ ਸੰਬੰਧਾਂ ਨੂੰ ਚਲਾਉਣ ਵਾਲੇ ਕਾਨੂੰਨ, ਪਿਤਾਪੁਰਖੀ ਜਾਇਦਾਦ ਦਾ ਬਟਵਾਰਾ ਕਰਨ ਸਬੰਧੀ ਕਾਨੂੰਨ, ਜੂਏਬਾਜ਼ੀ ਬਾਰੇ ਕਾਨੂੰਨ, ਜਿਹੜੇ ਬੰਦੇ ਸਮਾਜ ਦੇ ਆਖੇ ਨਹੀਂ ਲਗਦੇ ਉਨ੍ਹਾਂ ਨਾਲ ਸਿੱਝਣ ਲਈ ਕਾਨੂੰਨ, ਵੈਸ਼ਾਂ ਅਤੇ ਸ਼ੂਦਰਾਂ ਦੇ ਚਾਲਚਲਣ, ਮਿਲਗੋਭਾ ਜਾਤੀਆਂ ਦੀ ਉਤਪਤੀ, ਸਦਮੇ ਦੇ ਮੌਕਿਆਂ ਉੱਤੇ ਚਾਰੇ ਜਾਤੀਆਂ ਲਈ ਕਾਨੂੰਨ।***

*ਬੰਦੇ ਦੇ ਕਰਮਾਂ ਦੇ ਸਿਟੇ ਵਜੋਂ ਭੋਗਣੀਆਂ ਪੈਂਦੀਆਂ ਜੂਨਾਂ, ਰੂਹਾਨੀ ਭਲਾਈ, ਕਰਮਾਂ ਦੀ ਚੰਗਿਆਈ ਬੁਰਾਈ, ਕਿਸੇ ਵਿਸ਼ੇਸ਼ ਮੁਲਕਾਂ ਦੇ ਕਾਨੂੰਨ, ਵਿਸ਼ੇਸ਼ ਜ਼ਾਤਾਂ ਦੇ ਕਾਨੂੰਨ, ਆਦਿਵਾਸੀ ਤੇ ਕਬਾਇਲੀ ਲੋਕਾਂ ਲਈ ਕਾਨੂੰਨ। "ਇਹ ਸਾਰੇ ਕੰਮ ਧਰਮ ਦੇ ਦਾਇਰੇ ਵਿਚ ਆਉਂਦੇ ਦੱਸੇ ਗਏ ਹਨ।*

ਯਗਿਆਵਾਲਕਿਆ ਸਿਮ੍ਰਿਤੀ ਵਿਚ ਇਸ ਵਿਚ ਹੋਰ ਗੱਲਾਂ ਵੀ ਸ਼ਾਮਲ ਕਰ ਦਿੱਤੀਆਂ ਗਈਆਂ ਹਨ:

*"ਸ਼ਰੁਤੀ ਤੇ ਸਿਮ੍ਰਿਤੀ, ਨੇਕੀ ਕਰਨੀ, ਜਿਹੜੀ ਗੱਲ ਕਿਸੇ ਨੂੰ ਚੰਗੀ ਲਗਦੀ ਹੋਵੇ, ਤੇ ਇਰਾਦੇ ਦੀ ਪਕਿਆਈ ਵਿਚੋਂ ਉਪਜੀ ਇੱਛਾ, ਇਹ ਸਾਰੀਆਂ ਗੱਲਾਂ ਧਰਮ ਦਾ ਸਰੋਤ ਹਨ। ਇਸ ਦੇ ਇਲਾਵਾ ਬਲੀ, ਰਸਮਾਂ ਰਿਵਾਜ ਕਰਨੇ, ਆਪਾ ਕੰਟਰੋਲ ਕਰਨਾ, ਅਹਿੰਸਕ ਦਾਨ ਦੇਣਾ, ਵੇਦਾਂ ਦੀ ਪੜ੍ਹਾਈ ਆਦਿ ਸਭ ਤੋਂ ਵੱਡਾ ਧਰਮ ਹੈ। ਜੋਗ ਦੇ ਜ਼ਰੀਏ ਖ਼ੁਦੀ ਨੂੰ ਪਾਉਣਾ ਹੀ ਧਰਮ ਹੈ।*

*ਵੇਦਾਂ ਅਤੇ ਧਰਮ ਦੇ ਗਿਆਤਾ ਚਾਰ ਬੰਦੇ, ਜਾਂ ਉਹ ਜੋ ਸਿਰਫ਼ ਤਿੰਨ ਵੇਦ ਹੀ ਜਾਣਦੇ ਹਨ, ਇਕ ਅਦਾਲਤ ਹਨ। ਇਹ ਅਦਾਲਤ ਜੋ ਵੀ ਕਹਿ ਦੇਵੇ ਉਹੋ ਹੀ ਧਰਮ ਹੈ ਤੇ ਜੇ ਸਿਰਫ਼ ਇਕ ਬੰਦਾ ਹੀ ਹੈ ਜੋ ਵੇਦਾਂ ਦਾ ਮਾਹਰ ਹੈ ਤਾਂ ਉਹਦਾ ਕਿਹਾ ਹੀ ਧਰਮ ਹੈ। "*

ਮਨੂ ਦੇ ਕਹਿਣ ਅਨੁਸਾਰ ਹਰੇਕ ਯੁੱਗ ਵਿਚ ਧਰਮ ਵੀ ਭਿੰਨ ਹੈ। ਹਰੇਕ ਯੁਗ ਦਾ ਆਪਣਾ ਹੀ ਧਰਮ ਹੈ:

*"ਸਤਯੁੱਗ ਵਿਚ ਬੰਦਿਆਂ ਲਈ ਜੋ ਧਰਮ ਹੈ, ਤ੍ਰੇਤਾਯੁਗ ਵਿਚ ਉਹ ਨਹੀਂ ਬਲਕਿ ਹੋਰ ਹੈ। ਇਸੇ ਤਰ੍ਹਾਂ ਦਵਾਪਰ ਯੁਗ ਵਿਚ ਧਰਮ ਹੋਰ ਹੈ ਤੇ ਕਲਯੁਗ ਵਿਚ ਹੋਰ। ਹਰ ਯੁਗ ਵਿਚ ਜਿਵੇਂ ਜਿਵੇਂ ਹਾਲਾਤ ਹੋਰ ਵਿਗੜਦੇ ਜਾਂਦੇ ਹਨ ਧਰਮ ਵੀ ਬਦਲਦਾ ਜਾਂਦਾ ਹੈ। "*

ਮਹਾਂਭਾਰਤ ਵਿਚ ਇਕ ਥਾਂ ਭੀਸ਼ਮ ਪਿਤਾਮਾ ਦਸਦਾ ਹੈ:

*"ਧਰਮ (ਇਸ ਲਫ਼ਜ਼ ਦੀ ਜੜ੍ਹ ਧੁਰ ਜਾਂ ਧੁਰਾ ਹੈ) ਨੂੰ ਧਰਮ ਇਸ ਕਰਕੇ ਕਿਹਾ ਜਾਂਦਾ ਸੀ ਕਿਉਂਕਿ ਇਸ ਦੇ ਆਸਰੇ ਹੀ ਸੰਸਾਰ ਚਲਦਾ ਸੀ, ਇਸ ਉੱਤੇ ਚਲ ਕੇ ਲੋਕ ਆਪੋ ਆਪਣੇ ਵਜੂਦ ਨੂੰ ਕਾਇਮ ਰੱਖ ਸਕਦੇ ਸਨ। "*

ਇਸੇ ਨਾਲ ਹੀ ਹਰ ਸ਼ੈਅ ਅਤੇ ਚੀਜ਼ ਦਾ ਆਪਣਾ ਗੁਣ ਅਤੇ ਖ਼ਾਸੀਅਤ ਹੈ। ਮਿਸਾਲ ਦੇ ਤੌਰ ਤੇ ਅੱਗ ਦਾ ਧਰਮ ਜਲਣਾ ਹੈ, ਪਾਣੀ ਦਾ ਧਰਮ ਵਗਣਾ ਹੈ। ਇਸ ਅਸੂਲ ਨੂੰ  ਹੀ ਅੱਗੇ ਜਾ ਕੇ ਹੁੱਕਮ ਕਿਹਾ ਗਿਆ। ਸ੍ਰੀ ਗੁਰੂ ਗ੍ਰੰਥ ਸਾਹਿਬ ਵਿਚ ਇਸ ਹੁਕਮ ਨੂੰ ਕਈ ਤਰੀਕਿਆਂ ਨਾਲ ਦੱਸਿਆ ਗਿਆ ਹੈ ਅਤੇ ਇਸ ਦੀ ਵਿਆਖਿਆ ਕੀਤੀ

ਗਈ। ਹੁਕਮ ਨਾਲ ਹੀ ਹਰ ਚੀਜ਼ ਹੁੰਦੀ ਹੈ। ਹੁਕਮ ਤੋਂ ਬਾਹਰ ਕੋਈ ਸ਼ੈਅ ਨਹੀਂ:

*ਹੁਕਮਿ ਰਜਾਈ ਚਲਣਾ ਨਾਨਕ ਲਿਖਿਆ ਨਾਲਿ ॥1॥*
***ਅੰਗ 1, ਸਤਰ 7 ਗੁਰੂ ਨਾਨਕ ਦੇਵ***
*ਹੁਕਮੀ ਹੋਵਨਿ ਜੀਅ ਹੁਕਮਿ ਮਿਲੈ ਵਡਿਆਈ ॥*
***ਅੰਗ 1, ਸਤਰ 8 ਗੁਰੂ ਨਾਨਕ ਦੇਵ***
*ਹੁਕਮੀ ਉਤਮੁ ਨੀਚੁ ਹੁਕਮਿ ਲਿਖਿ ਦੁਖ ਸੁਖ ਪਾਈਅਹਿ ॥*
***ਅੰਗ 1, ਸਤਰ 8 ਗੁਰੂ ਨਾਨਕ ਦੇਵ***
*ਘਟਿ ਘਟਿ ਆਪੇ ਹੁਕਮਿ ਵਸੈ ਹੁਕਮੇ ਕਰੇ ਬੀਚਾਰੁ ॥*
***ਅੰਗ 37, ਸਤਰ 14 ਗੁਰੂ ਅਮਰਦਾਸ***
*ਹੁਕਮਿ ਸਵਾਰੇ ਆਪਣੈ ਚਸਾ ਨ ਢਿਲ ਕਰੇਇ ॥6॥*
***ਅੰਗ 53, ਸਤਰ 17 ਗੁਰੂ ਨਾਨਕ ਦੇਵ***
*ਪਹਿਲੈ ਪਹਰੈ ਰੈਣਿ ਕੈ ਵਣਜਾਰਿਆ ਮਿਤ੍ਰਾ ਹੁਕਮਿ ਪਇਆ ਗਰਭਾਸਿ ॥*
***ਅੰਗ 74, ਸਤਰ 16 ਗੁਰੂ ਨਾਨਕ ਦੇਵ***
*ਕਹੁ ਨਾਨਕ ਪ੍ਰਾਣੀ ਪਹਿਲੈ ਪਹਰੈ ਹੁਕਮਿ ਪਇਆ ਗਰਭਾਸਿ ॥1॥*
***ਅੰਗ 74, ਸਤਰ 18 ਗੁਰੂ ਨਾਨਕ ਦੇਵ***
*ਪੂਰੈ ਪੂਰਾ ਕਰਿ ਛੋਡਿਆ ਹੁਕਮਿ ਸਵਾਰਣਹਾਰ ॥*
***ਅੰਗ 90, ਸਤਰ 9 ਗੁਰੂ ਅਮਰਦਾਸ***
*ਸਬਦਿ ਰੰਗਾਏ ਹੁਕਮਿ ਸਬਾਏ ॥*
***ਅੰਗ 109, ਸਤਰ 8 ਗੁਰੂ ਨਾਨਕ ਦੇਵ***
*ਆਪਿ ਕਰੇ ਤਾ ਹੁਕਮਿ ਪਛਾਣੈ ॥*
***ਅੰਗ 118, ਸਤਰ 10 ਗੁਰੂ ਅਮਰਦਾਸ***
*ਮੈਲੇ ਨਿਰਮਲ ਸਭਿ ਹੁਕਮਿ ਸਬਾਏ ॥*
***ਅੰਗ 121, ਸਤਰ 12 ਗੁਰੂ ਅਮਰਦਾਸ***
*ਨਾਨਕ ਆਪਿ ਕਰਾਏ ਕਰੇ ਆਪਿ ਹੁਕਮਿ ਸਵਾਰਣਹਾਰਾ ॥7॥*
***ਅੰਗ 141, ਸਤਰ 9 ਗੁਰੂ ਨਾਨਕ ਦੇਵ***
*ਨਾਨਕ ਹੁਕਮਿ ਚਲਾਈਐ ਸਾਹਿਬ ਲਗੀ ਰੀਤਿ ॥2॥*
***ਅੰਗ 148, ਸਤਰ 1 ਗੁਰੂ ਨਾਨਕ ਦੇਵ***
*ਸੋਹਨਿ ਖਸਮੈ ਪਾਸਿ ਹੁਕਮਿ ਸਿਧਾਰੀਆ ॥*
***ਅੰਗ 148, ਸਤਰ 13ਗੁਰੂ ਅੰਗ ਦ ਦੇਵ***
*ਆਗੈ ਪਾਛੈ ਹੁਕਮਿ ਸਮਾਇ ॥2॥*
***ਅੰਗ 151, ਸਤਰ 10 ਗੁਰੂ ਨਾਨਕ ਦੇਵ***
*ਹੁਕਮਿ ਸੰਜੋਗੀ ਗੜਿ ਦਸ ਦੁਆਰ ॥*
***ਅੰਗ 152, ਸਤਰ 13 ਗੁਰੂ ਨਾਨਕ ਦੇਵ***
*ਮਿਲਿ ਸੰਜੋਗਿ ਹੁਕਮਿ ਤੂੰ ਆਇਆ ॥1॥ ਰਹਾਉ ॥*
***ਅੰਗ 188, ਸਤਰ 10ਗੁਰੂ ਅਰਜਨ ਦੇਵ***
*ਚਿਤੁ ਹਰਿ ਸਿਉ ਰਾਤਾ ਹੁਕਮਿ ਅਪਾਰਾ ॥*
***ਅੰਗ 221, ਸਤਰ 5 ਗੁਰੂ ਨਾਨਕ ਦੇਵ***
*ਹੁਕਮਿ ਸੰਜੋਗੀ ਨਿਜ ਘਰਿ ਜਾਉ ॥6॥*
***ਅੰਗ 221, ਸਤਰ 8 ਗੁਰੂ ਨਾਨਕ ਦੇਵ***

*ਚਾਲਹਿ ਗੁਰਮੁਖਿ ਹੁਕਮਿ ਰਜਾਈ ॥*

***ਅੰਗ 227, ਸਤਰ 12 ਗੁਰੂ ਨਾਨਕ ਦੇਵ***

*ਆਵਤ ਹੁਕਮਿ ਬਿਨਾਸ ਹੁਕਮਿ ਆਗਿਆ ਭਿੰਨ ਨ ਕੋਇ ॥*

***ਅੰਗ 251, ਸਤਰ 11ਗੁਰੂ ਅਰਜਨ ਦੇਵ***

*ਹਿਕਮਤਿ ਹੁਕਮਿ ਨ ਪ੍ਰਭੁ ਪਤੀਆਨਾ ॥*

***ਅੰਗ 260, ਸਤਰ 14ਗੁਰੂ ਅਰਜਨ ਦੇਵ***

*ਹੁਕਮੇ ਉਪਜੈ ਹੁਕਮਿ ਸਮਾਵੈ ॥*

***ਅੰਗ 277, ਸਤਰ 1ਗੁਰੂ ਅਰਜਨ ਦੇਵ***

# ਤਬਦੀਲੀ ਦੇ ਕਾਰਨ

ਹਰ ਸ਼ੈਅ ਆਵਾਗਮਨ ਵਿਚ ਹੈ, ਤਬਦੀਲੀ ਵਿਚ ਹੈ। ਪਰ ਇਹ ਤਬਦੀਲੀ ਕਿਉਂ ਹੁੰਦੀ ਹੈ? ਇਸ ਸੁਆਲ ਬਾਰੇ ਪੰਜਾਬੀ ਦਰਸ਼ਨ ਵਿਚ ਬਹੁਤ ਡੂੰਘਾਈ ਨਾਲ ਵਿਚਾਰਿਆ ਗਿਆ ਹੈ। ਚਰਕਸੰਹਿਤਾ ਮੁਤਾਬਿਕ ਇਹ ਤਬਦੀਲੀ ਅਤੇ ਹਰ ਚੀਜ਼ ਦਾ ਖੁਰਨਾ, ਆਪਣੇ ਗੁਣ ਅਤੇ ਰੂਪ ਬਦਲਣਾ, ਕੁਦਰਤ ਅਤੇ ਪਦਾਰਥ ਵਿਚ ਅਪਣੇ ਅੰਦਰੂਨੀ ਦਵੰਦ ਕਰਕੇ ਸੰਜੋਗ ਅਤੇ ਵਿਜੋਗ ਨਾਲ ਹੀ ਹੁੰਦੇ ਹਨ:

*"ਸੰਯੋਗ ਚ ਵਿਯੋਗ ਚ ਕਾਰਣਮਦਰਵਯਮਾਸ਼ਰਿਤਮ*
*ਕਰਤੱਵਅਸਯ ਕ੍ਰਿਯਾ ਕਰਮ ਕਰਮ ਨਾਨਯਾਦਪੇਕਸ਼ਤੇ (ਚਰਕ ਸੰਹਿਤਾ 1-51)"*

*ਭਾਵ ਕਿ ਸੰਜੋਗ, ਵਿਜੋਗ ਅਤੇ ਕਾਰਨ ਤਿੰਨੇ ਪਦਾਰਥ ਵਿਚ ਹੀ ਮੌਜੂਦ ਹਨ। ਸੰਜੋਗ, ਵਿਜੋਗ ਅਤੇ ਕਰਮ*
*ਕਿਸੇ ਹੋਰ ਕਾਰਨ ਤੇ ਨਿਰਭਰ ਨਹੀਂ।*

ਹਰ ਸ਼ੈਅ ਵਿਚ ਤਬਦੀਲੀ ਉਸ ਦੇ ਅੰਦਰ ਸੰਜੋਗ ਅਤੇ ਵਿਜੋਗ ਦੇ ਦਵੰਦ ਕਰਕੇ ਹੁੰਦੀ ਹੈ। ਇਸ ਕਰਕੇ ਹੀ ਹਰ ਸ਼ੈਅ ਆਪਣੇ ਆਵਾਗਮਨ ਵਿਚ ਉਭਰਦੀ ਹੈ ਅਤੇ ਖ਼ੁਰ ਜਾਂਦੀ ਹੈ। ਸੰਜੋਗ ਅਤੇ ਵਿਜੋਗ ਕਰਕੇ ਹੀ ਕਿਸੇ ਸ਼ੈਅ ਦੇ ਗੁਣ ਅਤੇ ਮਾਤਰਾ ਬਦਲਦੇ ਹਨ। ਮਾਤਰਾ ਦੇ ਬਦਲਣ ਨਾਲ ਇਕ ਪੜਾਅ ਤੇ ਪਹੁੰਚ ਕੇ ਗੁਣ ਵੀ ਬਦਲ ਜਾਂਦੇ ਹਨ। ਮਾਤਰਾ ਵਧੇਰੇ ਜਾਂ ਘੱਟ ਬਦਲਣ ਨਾਲ ਗੁਣ ਅਤੇ ਰੂਪ ਉਲਟ ਹੋ ਜਾਂਦੇ ਹਨ। ਮਿਸਾਲ ਦੇ ਤੌਰ ਤੇ ਜੇ ਹੱਦ ਤੋਂ ਜ਼ਿਆਦਾ ਭੋਜਨ ਖਾਧਾ ਜਾਵੇ ਤਾਂ ਇਹ ਪੋਸ਼ਣ ਕਰਨ ਦੀ ਜਗ੍ਹਾ ਉਸਦਾ ਉਲਟ ਨੁਕਸਾਨ ਕਰਦਾ ਹੈ ਤੇ ਜ਼ਹਿਰ ਹੋ ਜਾਂਦਾ ਹੈ। ਫ਼ਾਇਦੇ ਤੋਂ ਨੁਕਸਾਨ ਬਣ ਜਾਂਦਾ ਹੈ। ਭੋਜਨ ਦਾ ਜੋ ਧਰਮ ਪੋਸ਼ਣ ਕਰਨਾ ਹੈ, ਉਸਦੇ ਉਲਟ ਅਧਰਮ ਬਣ ਜਾਂਦਾ ਹੈ। ਮਾਤਰਾ ਨਾਲ ਗੁਣ ਅਤੇ ਰੂਪ ਬਦਲਦੇ ਰਹਿੰਦੇ ਹਨ। ਗੁਣ ਬਦਲਣ ਨਾਲ ਮਾਤਰਾ ਵੀ ਬਦਲਦੀ ਰਹਿੰਦੀ ਹੈ। ਮਹਾਂਭਾਰਤ ਵਿਚ ਦੱਸਿਆ ਹੈ:

*"ਅਧਰਮਰੂਪੋ ਧਰਮੋ ਹਿ ਕੰਚਿਦਸਤਿ ਨਰਾਧਿਪ।*
*ਧਰਮਾਸ਼ਚਾਧਰਮਰੂਪੋਸਤਿ ਤੱਚ ਗੇਯਮ ਵਿਪੱਚਿਤਾ।।"*

ਕਿਸੇ ਸਮੇਂ ਧਰਮ ਹੀ ਅਧਰਮ ਹੋ ਜਾਂਦਾ ਹੈ ਅਤੇ ਕਿਸੇ ਸਮੇਂ ਅਧਰਮ ਦਿਖਣ ਵਾਲਾ ਧਰਮ ਹੋ ਜਾਂਦਾ ਹੈ। ਵਿਦਵਾਨ ਨੂੰ ਧਰਮ ਦਾ ਜਾਣੂ ਹੋਣਾ ਚਾਹੀਦਾ ਹੈ।

## ਕੁਦਰਤ, ਇਸ ਦੀਆਂ ਤਾਕਤਾਂ ਅਤੇ ਤੱਤ ਅਵਿਨਾਸ਼ੀ ਹਨ

ਕੁਦਰਤ ਅਤੇ ਸੰਸਾਰ ਦੀ ਹਰ ਸ਼ੈਅ ਆਵਾਗਮਨ ਵਿਚ ਹੈ ਅਤੇ ਇਸਦਾ ਰੰਗ ਰੂਪ, ਅਵਸਥਾ, ਮਾਤਰਾ ਅਤੇ ਗੁਣ ਵਗੈਰਾ ਬਦਲਦੇ ਰਹਿੰਦੇ ਹਨ ਪਰ ਇਹ ਆਪ ਹੀ ਹੋਂਦ ਵਿਚ ਹੈ ਅਤੇ ਇਹ ਨਾਸ਼ਵਾਨ ਨਹੀਂ ਹੈ। ਇਸਦੀ ਹਰ ਚੀਜ਼ ਇਕ ਅਵਸਥਾ ਤੋਂ ਦੂਸਰੀ ਅਵਸਥਾ ਵਿਚ ਤਬਦੀਲ ਹੋ ਜਾਂਦੀ ਹੈ ਪਰ ਨਾਸ਼ ਨਹੀਂ ਹੁੰਦੀ। ਮਿਸਾਲ ਦੇ ਤੌਰ ਤੇ ਰਿਗਵੇਦ ਦੱਸਦਾ ਹੈ ਕਿ ਅੱਗ ਨੂੰ ਨਸ਼ਟ ਨਹੀਂ ਕੀਤਾ ਜਾ ਸਕਦਾ। ਇਹ ਬੁਝ ਕੇ ਵੀ ਕਾਇਮ ਰਹਿੰਦੀ ਹੈ। ਇਸੇ ਤਰ੍ਹਾਂ ਮਿੱਟੀ ਕਈ ਰੂਪ ਬਦਲਦੀ ਹੈ ਪਰ ਇਹ ਖ਼ਤਮ ਨਹੀਂ ਹੁੰਦੀ। ਇਸਦਾ ਵਜੂਦ ਹਮੇਸ਼ਾ ਕਾਇਮ ਰਹਿੰਦਾ ਹੈ। ਇਸੇ ਤਰ੍ਹਾਂ ਕਾਇਨਾਤ, ਸੰਸਾਰ ਅਤੇ ਜਗਤ ਆਪਣਾ ਰੂਪ ਅਤੇ ਗੁਣ ਬਦਲਦੇ ਰਹਿੰਦੇ ਹਨ ਪਰ ਹਮੇਸ਼ਾ ਹਮੇਸ਼ਾ ਲਈ ਕਾਇਮ ਅਤੇ ਗਤਿ ਵਿਚ ਹਨ। ਕਹਿੰਦੇ ਹਨ ਕਿ ਇਨਸਾਨ ਵੀ **84** ਲੱਖ ਜੂਨਾਂ ਦੇ ਬਾਅਦ ਮਨੁੱਖੀ ਜਨਮ ਲੈਂਦਾ ਹੈ ਅਤੇ ਇਸ ਕੁਦਰਤ ਵਿਚ ਵਿਲੀਨ ਹੋ ਜਾਂਦਾ ਹੈ। ਪਰ ਇਹ ਕੁਦਰਤ, ਕਾਇਨਾਤ ਅਤੇ ਜੀਵਨ ਕਿਸੇ ਨਾ ਕਿਸੇ ਰੂਪ ਵਿਚ ਚਲਦੇ ਹੀ ਰਹਿੰਦੇ ਹਨ।

ਇਸ ਸਬੰਧ ਵਿਚ ਰਿਗਵੇਦ ਦੱਸਦਾ ਹੈ ਕਿ ਅੱਗ ਨੂੰ ਨਸ਼ਟ ਨਹੀਂ ਕੀਤਾ ਜਾ ਸਕਦਾ। ਇਹ ਬੁਝ ਕੇ ਵੀ ਕਾਇਮ ਹੀ ਰਹਿੰਦੀ ਹੈ।

***"ਅਗਨੀਰਹੋਤਾ ਕਵੀਕ੍ਰਤੂਹਸਤਯਾ ਸ਼ਚਿਤ੍ਰਸ਼ਰਵਸਤਮਹ। ਦੇਵੋ ਦੇਵੇਭਿਰਾਗਮਤ।। (ਰਿਗਵੇਦ 1-1-5)"***

***ਅੱਗ ਕਈ ਚੀਜ਼ਾਂ ਬਣਾਉਂਦੀ ਹੈ। ਇਹ ਛੋਟੀਆਂ ਅਤੇ ਵੱਡੀਆਂ ਸ਼ੈਆਂ ਵਿਚ ਮੌਜੂਦ ਹੈ। ਇਹ ਨੂੰ ਨਸ਼ਟ ਨਹੀਂ ਕੀਤਾ ਜਾ ਸਕਦਾ। ਇਹ ਬਹੁਤ ਰੌਸ਼ਨੀ ਨਾਲ ਆਉਂਦੀ ਹੈ ਅਤੇ ਸ਼ੋਰ ਵੀ ਕਰਦੀ ਹੈ।***

ਇਸੇ ਤਰ੍ਹਾਂ ਮਿੱਟੀ ਦੇ ਵੀ ਰੂਪ ਤਾਂ ਬਦਲਦੇ ਹਨ ਪਰ ਇਹ ਖ਼ਤਮ ਨਹੀਂ ਹੁੰਦੀ। ਇਸਦਾ ਵਜੂਦ ਹਮੇਸ਼ਾ ਕਾਇਮ ਰਹਿੰਦਾ ਹੈ। ਮਿੱਟੀ ਦੇ ਕਈ ਤਰ੍ਹਾਂ ਦੇ ਭਾਂਡੇ ਬਣ ਜਾਂਦੇ ਹਨ ਪਰ ਉਹ ਮਿੱਟੀ ਕਾਇਮ ਹੀ ਰਹਿੰਦੀ ਹੈ। ਇਨਸਾਨ ਦਾ ਸਰੀਰ ਅਖੀਰ ਮਿਟੀ ਬਣ ਜਾਂਦਾ ਹੈ।

## ਬਾਬਾ ਫ਼ਰੀਦ ਜੀ ਕਹਿੰਦੇ ਹਨ:

***ਫਰੀਦਾ ਖ਼ਾਕੁ ਨਾਂ ਨਿੰਦਿਏ, ਖ਼ਾਕੁ ਜੇਡ ਨਾ ਕੋਇ***
***ਜੀਵੰਦਿਆਂ ਪੈਰਾਂ ਤਲੇ ਮੋਇਆਂ ਉਪਰ ਹੋਇ***

ਇਸੇ ਤਰ੍ਹਾਂ ਕਾਇਨਾਤ, ਸੰਸਾਰ ਅਤੇ ਜਗਤ ਆਪਣਾ ਰੂਪ ਅਤੇ ਗੁਣ ਬਦਲਦੇ ਰਹਿੰਦੇ ਹਨ ਪਰ ਹਮੇਸ਼ਾ ਹਮੇਸ਼ਾ ਲਈ ਕਾਇਮ ਹਨ ਅਤੇ ਗਤਿ ਵਿਚ ਹਨ। ਅਖੀਰ ਇਨਸਾਨ ਇਸ ਕੁਦਰਤ ਵਿਚ

ਵਿਲੀਨ ਹੋ ਜਾਂਦਾ ਹੈ। ਪਰ ਕੁਦਰਤ, ਕਾਇਨਾਤ ਅਤੇ ਜੀਵਨ ਚਲਦਾ ਹੀ ਰਹਿੰਦਾ ਹੈ।

ਭਗਵਤ ਗੀਤਾ ਵਿਚ ਕਿਹਾ ਗਿਆ ਹੈਂ:

*"ਨ ਤਵੇਵਾਹਮ ਜਾਤੁ ਨਾਸਮ ਨ ਤਵਮ ਨੇਮੇ ਜਨਾਧੀਪਾ*
*ਨ ਚੈਵ ਨਾ ਭਵੀਸ਼ਿਯਾਮ ਸਰਵੇਹ ਵਯਮਤਹ ਪਰਮ।।"*

***ਕੋਈ ਐਸਾ ਸਮਾਂ ਨਹੀਂ ਸੀ ਜਦ ਮੈਂ, ਤੂੰ ਅਤੇ ਇਹ ਸਾਰੇ ਲੋਕ ਨਹੀਂ ਸਨ ਅਤੇ ਭਵਿਖ਼ ਵਿਚ ਵੀ ਕੋਈ ਐਸਾ ਸਮਾਂ ਨਹੀਂ ਹੋਵੇਗਾ ਜਦੋਂ ਅਸੀਂ ਸਾਰੇ ਨਾ ਹੋਵਾਂਗੇ।***

ਮਹਾਂਭਾਰਤ ਵਿਚ ਕਿਹਾ ਹੈ ਕਿ ਇਹ ਸੰਸਾਰ ਕਈ ਵਾਰ ਬਣ ਬਣ ਕੇ ਬਿਖਰਦਾ ਰਿਹਾ ਹੈ ਅਤੇ ਬਿਖਰਕੇ ਫਿਰ ਹੋਂਦ ਵਿਚ ਆਉਂਦਾ ਰਿਹਾ ਹੈ ਅਤੇ ਆਉਂਦਾ ਰਹੇਗਾ:

*"ਪੰਚੈਵ ਤਾਨਿ ਕਾਲਸ਼ਚ ਭਾਵਾਭਾਵੌਂ ਚ ਕੇਵਲੈ*
*ਸ਼੍ਰਸ਼ਟੌਂ ਭੁਤਾਨਾਮ ਸ਼ਾਸ਼ਵਾਤਾਨਿ ਭਵਾਤਯਯੌਂ"*

ਪੰਜ ਤੱਤ, ਕਾਲ, ਭਾਵ ਅਤੇ ਅਭਾਵ ਇਹ ਅਬਿਨਾਸ਼ੀ ਹਨ ਇਨ੍ਹਾਂ ਨਾਲ ਹੀ ਚਲ ਅਤੇ ਅਚਲ ਸ਼ੈਆਂ ਪੈਦਾ ਹੁੰਦੀਆਂ ਹਨ।

*"ਅਭਾਵਮ ਯਾਂਤੀ ਤੇਸ਼ਵੇਵ ਤਏਭਿਯਸ਼ਚ ਪ੍ਰਭਵੰਤਯਪਿ*
*ਵਿਨੱਸ਼ਟੋਯਪਯਨੁ ਤਾਨਯੇਵ ਜੰਤੁਰਭਵਤੀ ਪੰਚਧਾ।।"*
*ਸਾਰੇ ਪ੍ਰਾਣੀ ਉਨ੍ਹਾਂ ਵਿਚ ਹੀ ਲੀਨ ਹੋ ਜਾਂਦੇ ਹਨ ਅਤੇ ਉਨ੍ਹਾਂ ਤੋਂ ਹੀ ਪ੍ਰਗਟ ਹੁੰਦੇ ਹਨ। ਜੀਵ ਦਾ ਸਰੀਰ ਨਸ਼ਟ ਹੋਣ ਦੇ ਬਾਅਦ ਪੰਜ ਤੱਤਾਂ ਵਿਚ ਮਿਲ ਜਾਂਦਾ ਹੈ।*

ਗੁਰੂ ਨਾਨਕ ਸਾਹਿਬ ਕਹਿੰਦੇ ਹਨ:

*ਪੂਰਾ ਸਤਿਗੁਰੁ ਰਸਿ ਮਿਲੈ ਗੁਰੁ ਤਾਰੇ ਹਰਿ ਨਾਉ ॥*
*ਚਲਾ ਚਲਾ ਜੇ ਕਰੀ ਜਾਣਾ ਚਲਣਹਾਰੁ ॥*
*ਜੋ ਆਇਆ ਸੋ ਚਲਸੀ ਅਮਰੁ ਸੁ ਗੁਰੁ ਕਰਤਾਰੁ ॥*
*ਭੀ ਸਚਾ ਸਾਲਾਹਣਾ ਸਚੈ ਥਾਨਿ ਪਿਆਰੁ*
*ਜਾਤੇ ਜਾਇ ਕਰਾ ਤੇ ਆਵੇ*
*ਚਰ ਉਪਜੈ ਕਰ ਜਾਇ ਸਮਾਵੈ*
*ਕਿਓ ਬਾਧਿਉ ਕਿਉ ਮੁਕਤੀ ਪਾਵੈ*
*ਕਿਉ ਅਬਿਨਾਸੀ ਸਹਜਿ ਸਮਾਵੈ*
*ਨਾਮੁ ਰਿਦੈ ਅਮ੍ਰਿਤ ਮੁਖਿ ਨਾਮੁ*
*ਨਰਹਰ ਨਾਮੁ ਨਰਹਰ ਨਿਰਕਾਮੁ*
*ਸਹਜੇ ਆਵੈ ਸਹਜੈ ਜਾਇ*
*ਮਨ ਤੇ ਉਪਜੈ ਮਨਿ ਮਾਰਿ ਸਮਾਇ*

# ਗਿਆਨ ਅਤੇ ਗਿਆਨ ਦੇ ਸੋਮੇ

ਗਿਆਨ ਦਾ ਮਤਲਬ ਹੈ ਕਿਸੇ ਸ਼ੈਅ ਜਾਂ ਗੱਲ ਦੀ ਡੂੰਘਾਈ ਵਿਚ ਜਾ ਕੇ ਉਸਦੇ ਅੰਦਰਲੇ ਭੇਦ, ਅਸਲੀਅਤ ਅਤੇ ਤੱਤ ਨੂੰ ਸਮਝਣਾ। ਇਹ ਸੋਚ ਪੁਰਾਣੇ ਸਮੇਂ ਤੋਂ ਹੀ ਬਣੀ ਹੋਈ ਹੈ ਕਿ ਇਨਸਾਨ ਨੂੰ ਕਾਇਨਾਤ ਦੇ ਨੇਮ ਅਤੇ ਰਿਤਮ ਜਾਂ ਹੁਕਮ ਦਾ ਗਿਆਨ ਹਾਸਲ ਕਰਨਾ ਚਾਹੀਦਾ ਹੈ। ਕੁਦਰਤ ਦੇ ਰਾਜ਼ਾਂ ਦਾ ਇਲਮ ਹਾਸਲ ਕਰਨਾ ਅਸੰਭਵ ਗੱਲ ਨਹੀਂ। ਗਿਆਨ ਹਾਸਲ ਕਰਨਾ ਦਰੁਸਤ ਹੈ ਅਤੇ ਇਸ ਨੂੰ ਪਰਖਿਆ ਜਾ ਸਕਦਾ ਹੈ। ਗਿਆਨ ਦੱਸਦਾ ਹੈ ਕਿ ਬੀਤੇ ਵਿਚ ਕੀ ਕੁਝ ਹਾਸਲ ਕਰ ਲਿਆ ਗਿਆ ਹੈ ਅਤੇ ਅੱਗੇ ਕੀ ਕਰਨ ਦੀ ਲੋੜ ਹੈ। ਇਨ੍ਹਾਂ ਗੱਲਾਂ ਦਾ ਭੇਦ ਗਿਆਨ ਹੀ ਖੋਲ੍ਹਦਾ ਹੈ ਤੇ ਜ਼ਿੰਦਗੀ ਦੇ ਮਸਲਿਆਂ ਦੇ ਹੱਲ ਲੱਭਣ ਵਿਚ ਰਾਹ ਵਿਖਾਲਦਾ ਹੈ। ਇਲਮ ਬੰਦੇ ਨੂੰ ਸਾਰੇ ਸੰਸਾਰ ਦੀਆਂ ਰਮਜ਼ਾਂ ਦਸਦਾ ਹੈ ਜਿਸ ਨਾਲ ਇਨਸਾਨ ਅਤੇ ਸਮਾਜ ਸੁੱਖੀ ਰਹਿ ਸਕਦੇ ਹਨ ਅਤੇ ਤਰੱਕੀ ਕਰ ਸਕਦੇ ਹਨ। ਰਿਗਵੇਦ ਦਸਦਾ ਹੈ:

*"ਵੇਦਾ ਯੋ ਵੀਨਾਮ ਪਦਮਅੰਤਰਿਕਸ਼ੇਨ ਪਤਤਾਮ। ਵੇਦ ਨਾਵਾਹ ਸਮੁਦ੍ਰੀਆਹ।।"(ਰਿਗ ਵੇਦ 1-25-7)*

*ਮਤਲਬ ਇਹ ਕਿ ਗਿਆਨ ਦੇ ਆਸਰੇ ਹੀ ਇਹੋ ਜਿਹੇ ਜਹਾਜ਼ ਬਣਾਏ ਜਾ ਸਕਦੇ ਹਨ ਜੋ ਸਮੁੰਦਰ ਤੇ ਪੁਲਾੜ ਵਿਚ ਚਲ ਸਕਣ।*

ਗਿਆਨ ਅਤੇ ਜਹਾਨ ਦਾ ਇਕ ਦੂਸਰੇ ਨਾਲ ਬੜੇ ਨੇੜੇ ਦਾ ਸਬੰਧ ਹੈ। ਗਿਆਨ ਹੀ ਜਹਾਨ ਦੀ ਅਸਲੀਅਤ ਨੂੰ ਉਜਾਗਰ ਕਰਦਾ ਹੈ। ਗਿਆਨ ਦੀ ਅਹਿਮੀਅਤ ਵਾਰੇ ਰਿਗ ਵੇਦ ਕਹਿੰਦਾ ਹੈ:

*"ਵੇਦ ਵਾਤੱਸਿਆ ਵਰਤਨਿਮੁਰੋਰਰਿਸ਼ਵਸਿਆ ਬ੍ਰਿਹਤਾਹ। ਵੇਦਾ ਯੇ ਅਧਿਆਸਤੇ।। (ਰਿਗ ਵੇਦ 1-25-9)"*

*ਹਵਾ ਹਰੇਕ ਥਾਂ ਮੌਜੂਦ ਹੈ ਅਤੇ ਬੇਹੱਦ ਸ਼ਕਤੀਸ਼ਾਲੀ ਤਾਕਤ ਹੈ। ਇਸ ਵਿਚ ਬੜੀਆਂ ਸਿਫ਼ਤਾਂ ਹਨ। ਇਸ ਬਾਰੇ ਗਿਆਨ ਹਾਸਲ ਹੋ ਜਾਵੇ ਤਾਂ ਜ਼ਮੀਨ ਅਤੇ ਅਸਮਾਨ ਬਾਰੇ ਵੀ ਬਹੁਤ ਸਾਰੀ ਜਾਣਕਾਰੀ ਹਾਸਲ ਕੀਤੀ ਜਾ ਸਕਦੀ ਹੈ।*

*"ਅਤੋ ਵਿਸ਼ਵਾਨਿਆਦਭੂਤਾ ਚਿਕਿਤਵਾਮ ਅਭਿਪਸ਼ਿਅਤੀ। ਕਰਿਤਾਨੀ ਯਾ ਚ ਕਰਤਵਾ।। (ਰਿਗ ਵੇਦ 1-25-11)"*

*ਗਿਆਨ ਸੰਸਾਰ ਅਤੇ ਇਸਦੇ ਤੱਤਾਂ ਦਾ ਭੇਦ ਖੋਲ੍ਹਦਾ ਹੈ। ਇਹ ਦੱਸਦਾ ਹੈ ਕਿ ਕੀ ਪ੍ਰਾਪਤ ਕਰ ਲਿਆ ਗਿਆ ਹੈ ਤੇ ਹੋਰ ਕੀ ਕਰਨ ਦੀ ਲੋੜ ਹੈ।*

ਗਿਆਨ ਦੇ ਸਹੀ ਜਾਂ ਗਲਤ ਹੋਣ ਦੀ ਤਸਦੀਕ ਇਥੋਂ ਹੁੰਦੀ ਹੈ ਕਿ ਇਸਨੂੰ ਵਰਤਕੇ ਅਸੀਂ ਕਈ ਤਰ੍ਹਾਂ ਦੀਆਂ ਚੀਜ਼ਾਂ ਬਣਾ ਸਕਦੇ ਹਾਂ ਜਿਹੜੀਆਂ ਸਾਡੇ ਲਈ ਲਾਹੇਵੰਦ ਹਨ। ਗਿਆਨ ਦੇ ਦਰੁਸਤ ਹੋਣ ਦਾ ਸਬੂਤ ਬਣਾਏ ਗਏ ਜੰਤਰ੍ਹਾਂ ਦੇ ਸਹੀ ਤਰ੍ਹਾਂ ਕੰਮ ਕਰਨ ਤੋਂ ਮਿਲਦਾ ਹੈ। ਇਕ ਹੋਰ ਸ਼ਲੋਕ ਵਿਚ ਕਿਹਾ ਗਿਆ ਹੈ:

*"ਵੇਦਾ ਮਾਸੋ ਧ੍ਰਿਤਵਰਤੋ ਦਵਾਦਸ਼ ਪ੍ਰਜਾਵਤਾਹ। ਵੇਦਾ ਯਾ ਓਪਜਾਏਤੇ।। (ਰਿਗ ਵੇਦ 1-25-8)"*

*ਗਿਆਨ ਹੋਵੇ ਤਾਂ ਸਾਰਾ ਪਤਾ ਲੱਗ ਜਾਂਦਾ ਹੈ ਕਿ ਸਾਲ ਦੇ ਬਾਰਾਂ ਮਹੀਨਿਆਂ ਵਿਚ ਕਿਹੜੀਆਂ ਫ਼ਸਲਾਂ ਪੈਦਾ ਕੀਤੀਆਂ ਜਾ ਸਕਦੀਆਂ ਹਨ ਤੇ ਤੇਰ੍ਹਵਾਂ ਮਹੀਨਾ ਕਦੋਂ ਚੜ੍ਹਦਾ ਹੈ ਤੇ ਇਸ ਵਿਚ ਕੀ ਪੈਦਾ ਕੀਤਾ ਜਾ ਸਕਦਾ ਹੈ।*

ਗਿਆਨ ਇਕ ਬਹੁਤ ਹੀ ਤਾਕਤਵਰ ਚੀਜ਼ ਹੈ। ਇਲਮ ਨਾਲ ਹੀ ਪਤਾ ਲਗਦਾ ਹੈ ਕਿ ਕੁਦਰਤ ਦੀ ਹਰ ਸ਼ੈਅ ਪਿਛੇ ਕਾਰਨ ਕੀ ਹੈ। ਪਰ ਜਾਣਕਾਰੀ ਕਦੇ ਮੁਕੰਮਲ ਨਹੀਂ ਹੁੰਦੀ ਤੇ ਇਸ ਵਿਚ ਸਮੇਂ ਦੇ ਨਾਲ ਨਾਲ ਵਾਧਾ ਹੁੰਦਾ ਰਹਿੰਦਾ ਹੈ।

*"ਨਿਸ਼ਸਾਦ ਧ੍ਰਤਵ੍ਰਤੋ ਵਰੁਣਾਹ ਪਸਤਿਆ ਸਵਾ। ਸ਼ਾਮਰਾਜਿਆ ਸੁਕਰੁਤਾਹ।। (ਰਿਗ ਵੇਦ 1-25-10)"*

*ਗਿਆਨ ਨਾਲ ਹੀ ਘਰ ਵਿਚ ਪੈਰ ਜੰਮਦੇ ਹਨ ਤੇ ਗਿਆਨ ਨਾਲ ਹੀ ਦੂਸਰਿਆਂ ਨਾਲ ਚੰਗੇ ਸੰਬੰਧ ਬਣਾਏ ਜਾ ਸਕਦੇ ਹਨ। ਗਿਆਨ ਦੇ ਨਾਲ ਚੰਗੀਆਂ ਸਲਤਨਤਾਂ ਕਾਇਮ ਕੀਤੀਆਂ ਜਾ ਸਕਦੀਆਂ ਹਨ ਤੇ ਦੂਜੇ ਰਾਜਾਂ ਨਾਲ ਵੀ ਸੋਹਣੇ ਸਬੰਧ ਬਣਦੇ ਹਨ।*

ਲੋੜ ਅਤੇ ਗਿਆਨ ਦਾ ਕੀ ਰਿਸ਼ਤਾ ਹੈ? ਰਿਗ ਵੇਦ ਵਿਚ ਕਿਹਾ ਗਿਆ ਹੈ:

*"ਸਾ ਨੋ ਵਿਸ਼ਵਾਹਾ ਸੁਕ੍ਰਤੁਾਦਿਤਿਆਹ ਸੁਪਥਾ ਕਰਤ। ਪ੍ਰ ਣਾ ਆਯੂਸ਼ਿ ਤਾਰਿਸ਼ਤ।" (ਰਿਗ ਵੇਦ 1-25-12)*

*ਜਿਸ ਤਰ੍ਹਾਂ ਸੂਰਜ ਦੀ ਰੌਸ਼ਨੀ ਨਾਲ ਜ਼ਮੀਨ ਰੌਸ਼ਨ ਹੰਦੀ ਹੈ ਇਸੇ ਤਰ੍ਹਾਂ ਗਿਆਨ ਸਾਨੂੰ ਜ਼ਿੰਦਗੀ ਜੀਣ ਦਾ ਰਾਹ ਵਿਖਾਲਦਾ ਹੈ। ਗਿਆਨ ਨਾਲ ਹੀ ਸਾਡੀ ਜ਼ਿੰਦਗੀ ਖ਼ੁਸ਼ਹਾਲ ਅਤੇ ਅਨੰਦਮਈ ਬਣਦੀ ਹੈ।*

ਇਥੇ ਇਕ ਵਾਰ ਫਿਰ ਗਿਆਨ ਦੀ ਅਹਿਮੀਅਤ ਦਾ ਜ਼ਿਕਰ ਕੀਤਾ ਗਿਆ ਹੈ। ਸੰਸਾਰ ਦੀ ਹਰ ਸ਼ੈਅ ਦਾ ਭੇਦ ਗਿਆਨ ਹੀ ਖੋਹਲਦਾ ਹੈ। ਰੋਜ਼ਾਨਾ ਦੀ ਜ਼ਿੰਦਗੀ ਲਈ ਇਹ ਸਾਨੂੰ ਰਾਹ ਵਿਖਾਲਦਾ ਹੈ। ਸਾਡੀ ਖ਼ੁਸ਼ੀ ਅਤੇ ਸੁਖ ਗਿਆਨ ਨਾਲ ਹੀ ਵਧਦੇ ਹਨ। ਸਹੀ ਗਿਆਨ ਹਾਸਲ ਕਰਨ ਲਈ ਦਿਲ ਦਾ ਖੋਟ ਅਤੇ ਦਵੈਸ਼ ਬਾਹਰ ਕੱਢਣ ਦੀ ਲੋੜ ਪੈਂਦੀ ਹੈ। ਜੇ ਮਨ ਵਿਚ ਖੋਟ ਹੋਵੇ ਜਾਂ ਖੋਜ ਕਰਨ ਤੋਂ ਪਹਿਲਾਂ ਹੀ ਨਿਰਨਾ ਕੀਤਾ ਹੋਇਆ ਹੋਵੇ ਤਾਂ ਸਹੀ ਗਿਆਨ ਹਾਸਲ ਹੋਣਾਂ ਅਸੰਭਵ ਹੈ। ਵਾਸਤਵਿਕ ਗਿਆਨ ਹਾਸਲ ਕਰਨ ਦੇ ਰਾਹ ਵਿਚ ਮਨ ਦਾ ਖੋਟ ਤੇ ਹਸਦ ਇਕ ਵੱਡੀ ਰੁਕਾਵਟ ਹੈ।

*"ਵਾਯੋ ਤਵ ਪ੍ਰਪੰਚਤੀ ਧੇਨਾ ਜਿਗਾਤੀ ਦਾਸ਼ੁਸ਼ੇ। ਉਰੂਚੀ ਸੋਮਪੀਤਯੇ।। (ਰਿਗ ਵੇਦ 1-2-3)"*

*ਹਵਾ ਆਪਣੀ ਆਵਾਜ਼ ਨਾਲ ਸੰਸਾਰ ਵਿਚ ਗਿਆਨ ਜੋਗ ਸਭ ਚੀਜ਼ਾਂ ਦਾ ਗਿਆਨ ਉਸ ਜਗਿਆਸੂ ਨੂੰ ਦਿੰਦੀ ਹੈਂ ਜਿਸਦੇ ਮਨ ਵਿਚ ਖੋਟ ਨਹੀਂ।*

ਤਾਰੀਖ਼ ਵਿਚ ਇਹੋ ਜਿਹੀਆਂ ਕਈ ਘਟਨਾਵਾਂ ਹੋਈਆਂ ਹਨ ਜਦ ਮਨ ਦੇ ਖੋਟ ਅਤੇ ਪੱਖਪਾਤੀ ਸੋਚ ਕਰਕੇ ਉਹ ਸਚਾਈਆਂ ਵੀ ਵੇਖ ਕੇ ਅਣਡਿੱਠ ਕੀਤੀਆਂ ਗਈ ਜੋ ਸਾਫ਼ ਨਜ਼ਰ ਆਉਂਦੀਆਂ ਸਨ। ਇਸ ਦੇ ਸਿਟੇ ਦੇ ਤੌਰ ਤੇ ਬੜਾ ਨੁਕਸਾਨ ਹੋਇਆ। ਸਹੀ ਗਿਆਨ ਹਾਸਲ ਕਰਨ ਲਈ ਅਸਲੀਅਤ ਨੂੰ ਸਵੀਕਾਰਨਾ ਬਹੁਤ ਜ਼ਰੂਰੀ ਹੈ ਤਾਂ ਜੋ ਹਰ ਸ਼ੈਅ ਦਾ ਭੇਦ ਲੱਭਿਆ ਜਾ ਸਕੇ। ਇਸ ਲਈ ਆਪਣੇ ਗਿਆਨ ਨੂੰ ਲਗਾਤਾਰ ਵਧਾਉਣਾ ਸਾਡਾ ਫਰਜ਼ ਹੈ:

*"ਸਮ ਨੁ ਵੋਚਾਵਹੈ ਪੁਨਰਯਤੋ ਮੇ ਮਧਵਾਭਰੀਤਮ। ਹੋਤੇਵ ਕਸ਼ਦਸੇ ਪ੍ਰਿਯਮ।। (ਰਿਗ ਵੇਦ1-25-17)"*

*ਸਾਨੂੰ ਹਰ ਰੋਜ਼ ਸਿਖਦੇ ਰਹਿਣਾ ਚਾਹੀਦਾ ਹੈ ਅਤੇ ਗਿਆਨ ਦਾ ਮਧੁਰ ਰਸ ਲਗਾਤਾਰ ਪੀ ਕੇ ਆਪਣੀ ਸਿਆਣਪ ਵਿਚ ਵਾਧਾ ਕਰਦੇ ਜਾਣਾ ਚਾਹੀਦਾ ਹੈ।*

ਗਿਆਨ ਅਤੇ ਜਾਣਕਾਰੀ ਸਮੇਂ ਦੇ ਹਾਲਾਤਾਂ ਉਤੇ ਨਿਰਭਰ ਕਰਦੇ ਹਨ। ਹਾਲਾਤ ਬਦਲਦੇ ਹਨ ਤਾਂ ਨਵੀਂ ਜਾਣਕਾਰੀ ਸਾਹਮਣੇ ਆਉਂਦੀ ਹੈ।

*"ਅਗਨੀ ਪੂਰਵੇਰਿਸ਼ੀਭੀਰੀੜੀਓ ਨੂਤਨੈਰੂਤ। ਸਾ ਦੇਵਾਮ ਇਹ ਵਕਸ਼ਤੀ।। (ਰਿਗ ਵੇਦ 1-1-2)"*

*ਹੇ ਅਗਨੀ! ਗੁਜ਼ਰਿਆਂ ਜ਼ਮਾਨਿਆਂ ਵਿਚ ਰਿਸ਼ੀ ਮੁਨੀ (ਗਿਆਨ ਦੀ ਖੋਜ ਕਰਨ ਵਾਲੇ ਸਿਆਣੇ ) ਤੇਰੇ ਬਾਰੇ ਗਿਆਨ ਹਾਸਲ ਕਰਨ ਲਈ ਕੋਸ਼ਿਸ਼ ਕਰਦੇ ਰਹੇ ਹਨ। ਹੁਣ ਦੇ ਸਿਆਣਿਆਂ ਨੂੰ ਵੀ ਤੇਰੇ ਹੋਰ ਗੁਣ ਲੱਭਣ ਲਈ ਜ਼ੋਰ ਲਾਉਣਾਂ ਚਾਹੀਦਾ ਹੈ।*

ਨਵੀਂ ਨਸਲ ਦੀ ਸਥਿਤੀ ਵੀ ਨਵੀਂ ਹੁੰਦੀ ਹੈ। ਉਨ੍ਹਾਂ ਦੇ ਹਾਲਾਤ ਪਹਿਲਿਆਂ ਵੇਲਿਆਂ ਨਾਲੋਂ ਵੱਖਰੇ ਹੁੰਦੇ ਹਨ। ਇਸ ਕਰਕੇ ਉਨ੍ਹਾਂ ਨੂੰ ਪੁਰਾਣੀ ਜਾਣਕਾਰੀ ਨੂੰ ਮੱਦੇ ਨਜ਼ਰ ਰੱਖਦੇ ਹੋਏ ਨਵੀਂ ਜਾਣਕਾਰੀ ਹਾਸਲ ਕਰਨ ਦੀ ਲੋੜ ਹੁੰਦੀ ਹੈ ਜੋ ਸਮੇਂ ਦੇ ਮੁਤਾਬਕ ਹੋਵੇ। ਉਨ੍ਹਾਂ ਨੂੰ ਪਹਿਲਾਂ ਲੱਭੀਆਂ ਜਾ ਚੁਕੀਆਂ ਚੀਜ਼ਾਂ ਨੂੰ ਮੁੜ ਲੱਭਣ ਵੱਲ ਤੁਰਨ ਦੀ ਤਾਂ ਲੋੜ ਨਹੀਂ ਪਰ ਮੌਜੂਦ ਜਾਣਕਾਰੀ ਨੂੰ ਧਿਆਨ ਵਿਚ ਰੱਖਦੇ ਹੋਏ ਅਤੇ ਬਦਲੇ ਹੋਏ ਹਾਲਾਤ ਅਨੁਸਾਰ ਹੋਰ ਜਾਣਕਾਰੀ ਹਾਸਲ ਕਰਨੀ ਚਾਹੀਦੀ ਹੈ ਕਿਉਂਕਿ ਜਦ ਹਾਲਤ ਬਦਲਦੇ ਹਨ ਤਾਂ ਚੀਜ਼ਾਂ ਦੀਆਂ ਖ਼ੂਬੀਆਂ ਨੂੰ ਵੀ ਅਸਰਅੰਦਾਜ਼ ਕਰਦੇ ਹਨ।

ਚੀਜ਼ਾਂ ਦਾ ਜਾਇਜ਼ਾ ਲੈਣ, ਧਿਆਨ ਨਾਲ ਵੇਖਣ, ਪਰਖਣ, ਨਤੀਜੇ ਕੱਢਣ, ਮੌਜੂਦ ਜਾਣਕਾਰੀ ਨੂੰ ਵਰਤਣ ਅਤੇ ਸੋਚਣ ਨਾਲ ਗਿਆਨ ਵਿਚ ਵਾਧਾ ਹੁੰਦਾ ਹੈ। ਸੰਸਾਰ ਬਾਰੇ ਗਿਆਨ ਹਾਸਲ ਕਰਨ ਦੇ ਸੋਮੇ ਇਹੋ ਚੀਜ਼ਾਂ ਹਨ। ਮੌਜੂਦਾ ਜਾਣਕਾਰੀ ਦਾ ਖ਼ਜ਼ਾਨਾ ਜੋ ਵੇਖਿਆ, ਪਰਖਿਆ ਅਤੇ ਸਾਬਤ ਹੋ ਚੁੱਕਾ ਹੈ ਅਤੇ ਹਰ ਕਸਵੱਟੀ ਤੇ ਪੂਰਾ ਉਤਰਦਾ ਹੈ ਉਸ ਨੂੰ ਧਿਆਨ ਵਿਚ ਰੱਖਣ ਦੀ ਲੋੜ ਹੈ। ਇਹ ਗਿਆਨ ਉਪਰ ਦੱਸੇ ਢੰਗ ਨਾਲ ਹੀ ਹਾਸਲ ਹੋਇਆ ਹੈ, ਜਿਸ ਉਤੇ ਗੁਜ਼ਰੇ ਜ਼ਮਾਨੇ ਦੇ ਅਤੇ ਅਜੋਕਿਆਂ ਸਮਿਆਂ ਦੇ ਗਿਆਨੀਆਂ ਨੇ ਸਖ਼ਤ ਮਿਹਨਤ ਕੀਤੀ ਹੈ। ਇਸ ਕਰਕੇ ਗਿਆਨ ਹਾਸਲ ਕਰਨ ਦੇ ਇਹ ਤਰੀਕੇ ਬਿਲਕੁਲ ਦਰੁੱਸਤ ਹਨ ਤੇ ਸਮੇਂ ਦੀ ਪਰਖ ਤੇ ਪੂਰੇ ਉਤਰਦੇ ਹਨ। ਇਸ ਕਰਕੇ ਕਿਹਾ ਗਿਆ ਹੈ:

*"ਸਿਔਨਾ ਪ੍ਰਿਥਵੀ ਭਵਾਨ੍ਰਿਕਸ਼ਰਾ ਨਿਵੇਸ਼ਨੀ। ਯਛਾ ਨ੍ਹਾ ਸ਼ਰਮ ਸਪ੍ਰਥਾਹ।। (ਰਿਗ ਵੇਦ **1-22-15**)"*

*ਅਧਿਅਨ ਦਸਦਾ ਹੈ ਕਿ ਧਰਤੀ ਵਿਚ ਬਹੁਤ ਸਾਰੀਆਂ ਦੌਲਤਾਂ ਤੇ ਬਰਕਤਾਂ ਹਨ। ਅਧਿਅਨ ਇਹ ਵੀ ਦਸਦਾ ਹੈ ਕਿ ਜੋ ਕੰਡੇ ਦੁੱਖ ਤਕਲੀਫ਼ਾਂ ਦਿੰਦੇ ਹਨ ਉਨ੍ਹਾਂ ਨੂੰ ਬਾਹਰ ਕਿਵੇਂ ਕੱਢਣਾਂ ਹੈ ਤੇ ਖ਼ੁਸ਼ਹਾਲੀ ਨਾਲ ਜੀਵਨ ਕਿਵੇਂ ਬਸਰ ਕੀਤਾ ਜਾ ਸਕਦਾ ਹੈ। ਸਾਨੂੰ ਇਹ ਗਿਆਨ ਹਾਸਲ ਕਰਨ ਅਤੇ ਇਸ ਵਿਚ ਪੂਰੇ ਮਾਹਰ ਬਣਨ ਦੀ ਲੋੜ ਹੈ।*

ਗਿਆਨ ਦੀ ਸ਼ੁਰੂਆਤ ਅਗਿਆਨਤਾ ਵਿਚੋਂ ਹੁੰਦੀ ਹੈ। ਅਗਿਆਨਤਾ ਨੂੰ ਦੂਰ ਕਰਕੇ ਹੀ ਗਿਆਨ ਹਾਸਲ ਹੁੰਦਾ ਹੈ। ਘੱਟ ਗਿਆਨ ਤੋਂ ਉਪਰ ਉਠੀਏ ਤਾਂ ਗਿਆਨ ਵਿਚ ਵਾਧਾ ਹੁੰਦਾ ਹੈ। ਗਿਆਨ ਦੀ ਪਰਖ ਅਮਲ ਰਾਹੀਂ ਹੁੰਦੀ ਹੈ। ਅਮਲ ਵਿਚ ਲਿਆਕੇ ਹੀ ਅਸੀਂ ਆਪਣੇ ਗਿਆਨ ਦੀ ਪਰਖ ਕਰ ਸਕਦੇ ਹਾਂ ਤੇ ਇਸ ਨੂੰ ਆਪਣੇ ਹਿਤ ਵਿਚ ਵਰਤ ਸਕਦੇ ਹਾਂ।

ਇਹ ਖੋਜ ਕਰਨੀ ਬਹੁਤ ਹੀ ਲਾਜ਼ਮੀ ਹੈ ਕਿ ਕੁਦਰਤ, ਚੀਜ਼ਾਂ, ਅਤੇ ਸ਼ੈਆਂ ਕਿਵੇਂ ਕੰਮ ਕਰਦੀਆਂ ਹਨ। ਇਨ੍ਹਾਂ ਗੱਲਾਂ ਦਾ ਗਿਆਨ ਹਾਸਲ ਕਰਕੇ ਹੀ ਸਮਾਜ ਆਜ਼ਾਦ ਹੁੰਦਾ ਹੈ ਤੇ ਸਮੇਂ ਦੇ ਹਾਲਾਤ ਦੇ ਅਨੁਸਾਰ ਸਮਾਜਕ ਮਸਲਿਆਂ ਦੇ ਹੱਲ ਲੱਭਣ ਵਿਚ ਕਾਮਯਾਬੀ ਹਾਸਲ ਕਰਦਾ ਹੈ। ਕਾਰਨ ਅਤੇ ਅਸਰ ਨੂੰ ਅਸੀਂ ਕੁਦਰਤ ਅੰਦਰ ਵੀ ਵੇਖਸਮਝ ਸਕਦੇ ਹਾਂ ਜਿਸਦੇ ਕਾਰਨਾਂ ਕਰਕੇ ਕਈ ਗੱਲਾਂ ਵਾਪਰਦੀਆਂ ਹਨ। ਹਰ ਚੀਜ਼ ਦੇ ਆਪਸ ਵਿਚ ਸਬੰਧ ਹਨ ਅਤੇ ਹਰ ਚੀਜ਼ ਇਕ ਦੂਸਰੇ ਤੇ ਨਿਰਭਰ ਕਰਦੀ ਹੈ। ਜੋ ਇਥੇ ਇਕ ਕਾਰਨ ਹੈ ਉਹੀ ਦੂਸਰੀ ਥਾਂ ਅਸਰ ਹੈ ਤੇ ਜਿਹੜੀ ਚੀਜ਼ ਇਥੇ ਇਕ ਅਸਰ ਹੈ ਉਹ ਕਿਤੇ ਹੋਰ ਕਾਰਨ ਹੈ।

***"ਤਿਯੋਰਿਦ ਘ੍ਰਤਵ੍ਰਤਪਯੋ ਵਿਪ੍ਰਾ ਰਿਹੰਤੀ ਧਿਤੀਭੀ। ਘੰਧਰਵਸਿਯਾ ਧਰੁਵੇ ਪਦੇ।। (ਰਿਗ ਵੇਦ 1-22-14)"***

***ਧਰਤੀ ਦੀ ਖਿਚ ਦਾ ਗਿਆਨ ਹਾਸਲ ਕਰਕੇ ਅਤੇ ਹਵਾ ਦੇ ਗੁਣਾਂ ਦਾ ਗਿਆਨ ਹਾਸਲ ਕਰਕੇ ਗਿਆਨਵਾਨ ਲੋਕ ਐਹੋ ਜਿਹੇ ਵਾਹਨ ਬਣਾ ਸਕਦੇ ਹਨ ਜੋ ਅਸਮਾਨਾਂ ਵਿਚ ਉਡ ਸਕਦੇ ਹਨ।***

## ਰਿਗਵੇਦ ਵਿਚ ਗਿਆਨ ਅਤੇ ਆਜ਼ਾਦੀ ਦੇ ਰਿਸ਼ਤੇ ਬਾਰੇ ਵੀ ਦੱਸਿਆ ਗਿਆ ਹੈ:

***"ਉਦੁਤਮ ਮੁਮੁਗਧੀ ਨੋ ਵੀ ਪਾਸ਼ਮ ਮਧਿਯ***
***ਮਮ ਚਰਿਤ। ਅਵਾਧਮਾਨਿ ਜੀਵਸੇ।। (ਰਿਗ ਵੇਦ 1-25-21)"***

***ਗਿਆਨ ਬੜੀਆਂ ਮਜ਼ਬੂਤ ਜ਼ੰਜੀਰਾਂ ਨੂੰ ਤੋੜਦਾ ਹੈ, ਦਰਮਿਆਨੇ ਬੰਧਨ ਕੱਟਦਾ ਹੈ, ਤਾਂਕਿ ਅਸੀ ਸਾਰੇ ਇਕ ਲੰਮਾ ਤੇ ਖ਼ੁਸ਼ਹਾਲ ਜੀਵਨ ਬਸਰ ਕਰ ਸਕੀਏ।***

ਕੁਦਰਤ ਦੇ ਕਾਨੂੰਨ, ਕੁਦਰਤ ਦੀਆਂ ਤਾਕਤਾਂ ਦਾ ਰਾਜ਼ ਸਮਝਕੇ, ਹਰ ਸ਼ੈਅ ਦੇ ਕਾਰਨਾਂ ਦਾ ਪਤਾ ਲਾਕੇ ਇਹ ਜਾਣਕਾਰੀ ਹਾਸਲ ਹੋ ਸਕਦੀ ਹੈ ਕਿ ਕੁਦਰਤ ਦੇ ਇਨ੍ਹਾਂ ਕਾਨੂੰਨਾਂ ਅਤੇ ਮਾਇਆ ਨੂੰ

ਆਪਣੇ ਮੁਫਾਦ ਲਈ ਕਿਵੇਂ ਵਰਤਿਆ ਜਾ ਸਕਦਾ ਹੈ। ਉਪਰਲਾ ਸ਼ਲੋਕ ਕਹਿੰਦਾ ਹੈ ਕਿ ਗਿਆਨ ਹੀ ਇਹ ਰਮਜ਼ ਦੱਸ ਸਕਦਾ ਹੈ ਕਿ ਕਿਹੜੀ ਚੀਜ਼ ਸਾਨੂੰ ਇਕੱਠਿਆਂ ਰੱਖਦੀ ਹੈ, ਕਿਸੇ ਖ਼ਾਸ ਹਾਲਤ ਵਿਚ ਅਸੀਂ ਕਿਸ ਹੱਦ ਤੱਕ ਜਾ ਸਕਦੇ ਹਾਂ। ਜੇ ਇਹ ਪਤਾ ਹੋਵੇ ਤਾਂ ਅਸੀਂ ਸਥਿਤੀ ਦੇ ਮੁਤਾਬਕ ਅਮਲ ਕਰ ਸਕਦੇ ਹਾਂ। ਹਰ ਤਰ੍ਹਾਂ ਦੀਆਂ ਹੱਦਾਂ ਹਨ। ਗਿਆਨ ਹੀ ਦਸਦਾ ਹੈ ਕਿ ਅਸੀਂ ਕਿਥੇ ਤੱਕ ਜਾ ਸਕਦੇ ਹਾਂ ਤੇ ਕੀ ਕਰ ਸਕਦੇ ਹਾਂ। ਗਿਆਨ ਮੁਕਤੀ ਹੈ, ਗਿਆਨ ਸ਼ਕਤੀ ਹੈ। ਗਿਆਨ ਹੀ ਬੰਦੇ ਨੂੰ ਆਜ਼ਾਦ ਕਰਦਾ ਹੈ। ਗਿਆਨ ਹੀ ਦਸਦਾ ਹੈ ਕਿ ਆਜ਼ਾਦ ਹੋਣ ਲਈ ਕੀ ਕਰਨ ਦੀ ਲੋੜ ਹੈ। ਗਿਆਨ ਨਾਲ ਹੀ ਪਤਾ ਚਲਦਾ ਹੈ ਕਿ ਕੁਦਰਤ ਦੀਆਂ ਆਪਹੁਦਰੀਆਂ ਨੂੰ ਕਿਵੇਂ ਵੱਸ ਵਿਚ ਕੀਤਾ ਜਾ ਸਕਦਾ ਹੈ, ਅਤੇ ਹੋਰ ਤੱਤਾਂ ਨੂੰ ਕਿਵੇਂ ਸਮਝਿਆ ਤੇ ਵੱਸ ਵਿਚ ਕੀਤਾ ਜਾ ਸਕਦਾ ਹੈ। ਗਿਆਨ ਹੋਵੇ ਤਾਂ ਕੁਦਰਤ ਦੇ ਤੱਤਾਂ ਤੋਂ, ਕੁਦਰਤ ਦੀ ਕਰੋਪੀ ਤੋਂ ਬਚਿਆ ਜਾ ਸਕਦਾ ਹੈ ਤੇ ਇਕ ਖ਼ੁਸ਼ਹਾਲ ਤੇ ਆਰਾਮ ਦੀ ਜ਼ਿੰਦਗੀ ਬਸਰ ਕੀਤੀ ਜਾ ਸਕਦੀ ਹੈ। ਚੀਜ਼ਾਂ ਦੇ ਗੁਣਾਂ ਖ਼ੂਬੀਆਂ ਤੇ ਨੁਕਸਾਂ ਬਾਰੇ ਗਿਆਨ ਹੋਵੇ ਤਾਂ ਅਸੀਂ ਇਨ੍ਹਾਂ ਨੂੰ ਮਨੁਖਤਾ ਦੇ ਭਲੇ ਅਤੇ ਖੁਦ ਆਪਣੇ ਭਲੇ ਲਈ ਵਰਤ ਸਕਦੇ ਹਾਂ।

*"ਦਰਸ਼ੱਨੂ ਵਿਸ਼ਵਦਰਸ਼ਤੱਮ ਦਰਸ਼ਮ ਰਥਮਧੀ ਕਸ਼ਮੀ। ਏਤਾ ਜੁਸ਼ੇਤ ਮੇ ਗਿਰਹਾ।। (ਰਿਗ ਵੇਦ 1-15-18)"*

*ਦਰਸ਼ਨ ਵਿਖਾਲਦਾ ਹੈ ਕਿ ਸੰਸਾਰ ਕੀ ਹੈ, ਕਿਹੋ ਜਿਹਾ ਹੈ। ਕਿਸ ਤਰ੍ਹਾਂ ਰਥ ਬਣਾਏ ਜਾ ਸਕਦੇ ਹਨ। ਸਾਨੂੰ ਇਸ ਦਰਸ਼ਨ ਨੂੰ ਵਰਤਣਾਂ ਚਾਹੀਦਾ ਹੈ।*

ਦਰਸ਼ਨ ਦਾ ਮਤਲਬ ਹੈ ਚੀਜ਼ਾਂ ਅਤੇ ਸ਼ੈਆਂ ਦੇ ਖੁੱਲ੍ਹ ਰਹੇ ਭੇਦਾਂ ਨੂੰ ਵੇਖਣਾ ਤੇ ਸਮਝਣਾ। ਦਰਸ਼ਨ ਦਸਦਾ ਹੈ ਕਿ ਸੰਸਾਰ ਕੀ ਹੈ, ਮਾਇਆ ਕੀ ਹੈ, ਜਹਾਨ ਕੀ ਹੈ ਅਤੇ ਸਾਰੀ ਕਾਇਨਾਤ ਕੀ ਹੈ। ਇਹ ਦਸਦਾ ਹੈ ਕਿ ਚੀਜ਼ਾਂ ਤੇ ਸ਼ੈਆਂ ਦਾ ਰਾਜ਼ ਕੀ ਹੈ। ਇਸ ਸੰਸਾਰ ਨੂੰ ਸਮਝਣ ਲਈ, ਚੀਜ਼ਾਂ ਦੇ ਰਾਜ਼ ਨੂੰ ਸਮਝਣ ਲਈ ਤੇ ਆਪਣੇ ਹਿਤਾਂ ਵਿਚ ਵਰਤਣ ਲਈ ਸਾਨੂੰ ਇਸ ਦਰਸ਼ਨ, ਇਸ ਫਲਸਫ਼ੇ, ਇਸ ਗਿਆਨ, ਅਤੇ ਜਾਣਕਾਰੀ ਦੇ ਇਸ ਜ਼ਖ਼ੀਰੇ ਨੂੰ ਵਰਤਣਾ ਚਾਹੀਦਾ ਹੈ। ਇਕ ਸੁਭਾਸ਼ਤਮ ਵਿਚ ਵੀ ਕਿਹਾ ਗਿਆ ਹੈ:

*"ਵਿਦਿਆ ਦਦਾਤੀ ਵਿਨਿਯਮ, ਵਿਨਿਯਾਦ ਯਾਤੀ ਪਾਤਰਤਾਮ*
*ਪਾਤਰਤਵਾ ਧਨਮਾਪਨੋਤੀ, ਧਨਾਦ ਧਰਮਮ ਤਤਾਹ ਸੁਖਮ"*

*ਵਿਦਿਆ ਹਲੀਮੀ ਦਿੰਦੀ ਹੈ ਹਲੀਮੀ ਨਾਲ ਕਾਬਲੀਅਤ ਆਉਂਦੀ ਹੈ, ਕਾਬਲੀਅਤ ਨਾਲ ਦੌਲਤ ਪੈਦਾ ਹੁੰਦੀ ਹੈ ਅਤੇ ਦੌਲਤ ਨਾਲ ਧਰਮ ਅਤੇ ਸੁੱਖ ਮਿਲਦੇ ਹਨ।*

ਗਿਆਨ ਬੰਦੇ ਨੂੰ ਹਨੇਰੇ ਤੋਂ ਚਾਨਣ ਵੱਲ ਲੈ ਕੇ ਜਾਂਦਾ ਹੈ। ਇਸੇ ਕਰਕੇ ਉਪਨਿਸ਼ਦ ਵੀ ਕਹਿੰਦਾ ਹੈ:
***"ਤਮਸੋਮਿਯਾਜੋਤਿਰਗਮਿਏ"*** ਅਸੀਂ ਹਨੇਰੇ ਚੋ ਚਾਨਣ ਵਲ ਜਾਈਏ।

ਉਪਨਿਸ਼ਦ ਵਿਚ ਹੀ ਕਿਹਾ ਗਿਆ ਹੈ:

*"ਨਾ ਚੋਰਾਹਰਾਅਮ ਨਾ ਚਾ ਰਾਜਾਹਾਰਾਅਮਨਾ ਭਰਾਤਾਰੀਭਾਜੇਅਤੀ ਨਾਂ ਚਾ ਭਾਰਾਕਰੀ*
*ਵਿਅਏ ਕ੍ਰਿਤੇ ਵਰਧਤਾ ਏਵਾ ਨਿਤਅਮ ਵਿਦਿਆਧਨਮ ਸਰਵਧਨਾਪ੍ਰਧਾਨਮ"*

*ਭਾਵ, ਵਿਦਿਆ ਜਾਂ ਗਿਆਨ ਦਾ ਧਨ ਉਹ ਧਨ ਹੈ ਜਿਸ ਨੂੰ ਨਾ ਕੋਈ ਚੋਰ ਚੁਰਾ ਸਕਦਾ ਹੈ ਤੇ ਨਾ ਕੋਈ ਰਾਜਾ ਜ਼ੋਰ ਨਾਲ ਖੋਹ ਸਕਦਾ ਹੈ। ਨਾ ਇਹ ਭਰਾਵਾਂ ਵਿਚ ਹੋਰ ਪੂੰਜੀ ਵਾਂਗ ਵੰਡਿਆਂ ਜਾ ਸਕਦਾ ਹੈ। ਨਾ ਇਸਦਾ ਕੋਈ ਭਾਰ ਹੈ। ਵਿਦਿਆ ਧਨ ਉਹ ਧਨ ਹੈ ਜਿਹੜਾ ਖ਼ਰਚਣ ਨਾਲ ਵਧਦਾ ਹੈ ਅਤੇ ਇਹ ਧਨ ਸਾਰੇ ਹੀ ਧਨਾਂ ਨਾਲੋਂ ਪ੍ਰਧਾਨ ਅਤੇ ਵੱਡਾ ਹੈ।*

ਅਕਲ, ਇਲਮ, ਜ਼ਬਤ ਅਤੇ ਧੀਰਜ ਦੀ ਅਹਿਮੀਅਤ ਦੱਸਦੇ ਹੋਏ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:
*ਜਤੁ ਪਹਾਰਾ ਧੀਰਜੁ ਸੁਨਿਆਰ ਆਹਰਣਿਮਤਿਵੇਦੁਹਥੀਆਰੁ*

ਗੁਰੂ ਗ੍ਰੰਥ ਸਾਹਿਬ ਵਿਚ ਥਾਂ ਥਾਂ ਗਿਆਨ ਦੀ ਲੋੜ ਇਕ ਬੁਨਿਆਦੀ ਲੋੜ ਦੱਸੀ ਗਈ ਹੈ ਜਿਸ ਤੋਂ ਬਗੈਰ ਬੰਦੇ ਦਾ ਗੁਜ਼ਾਰਾ ਨਹੀਂ:
*ਅੰਗ 57, ਸਤਰ 9 -- ਗੁਰੂ ਨਾਨਕ ਦੇਵ*
*ਗਿਆਨਅੰਜਨੁ ਭੈ ਭੰਜਨਾ ਦੇਖੁ ਨਿਰੰਜਨ ਭਾਇ ॥*

ਗਿਆਨ ਉਹ ਅੱਖ ਹੈ ਜਿਸ ਨਾਲ ਅਗਿਆਨਤਾ, ਅਤੇ ਡਰ ਖ਼ਤਮ ਹੁੰਦਾ ਹੈ। ਗਿਆਨ ਦੀ ਅੱਖ ਨਾਲ ਬੰਦੇ ਨੂੰ ਨਿਰੰਨਣ ਨਜ਼ਰ ਆਉਂਦਾ ਹੈ। ਨਿਰਜੰਨ ਤਮਾਮ ਸੰਸਾਰ, ਕਾਇਨਾਤ ਅਤੇ ਹੋਂਦ ਦੀ ਸਾਂਝ ਹੈ, ਬੁਨਿਆਦੀ ਜੁੜਤ ਹੈ ਜੋ ਅਗਿਆਨਤਾ ਕਰਕੇ ਛੁਪ ਜਾਂਦੀ ਹੈ ਅਤੇ ਡਰ ਪੈਦਾ ਕਰਦੀ ਹੈ। ਜਦੋਂ ਵਜੂਦ ਦੀ ਅਸਲੀਅਤ ਲੁਕ ਜਾਂਦੀ ਹੈ ਅਤੇ ਅਗਿਆਨ ਦੀ ਚਰਬੀ ਅੱਖਾਂ ਤੇ ਚੜ ਜਾਂਦੀ ਹੈ ਤਾਂ ਬੰਦੇ ਨੂੰ ਡਰ ਲਗਦਾ ਹੈ ਤੇ ਉਹ ਨਿਰੰਜਨ ਨੂੰ ਨਹੀਂ ਦੇਖ ਸਕਦਾ।

*ਅੰਗ 60, ਸਤਰ 10 -- ਗੁਰੂ ਨਾਨਕ ਦੇਵ*
*ਗਿਆਨ ਪਦਾਰਥੁ ਪਾਈਐ ਤ੍ਰਿਭਵਣ ਸੋਝੀ ਹੋਇ ॥*

ਗਿਆਨ ਉਹ ਚੀਜ਼ ਹੈ ਜਿਸ ਨਾਲ ਧਰਤੀ, ਆਕਾਸ਼ ਅਤੇ ਪਾਤਾਲ ਬਾਰੇ ਪਤਾ ਚਲਦਾ ਹੈ। ਹਰ ਸ਼ੈਅ ਦੀ ਹਕੀਕਤ ਦਾ ਪਤਾ ਚਲਦਾ ਹੈ। ਆਲੇ ਦੁਆਲੇ ਦੀ ਸੋਝੀ ਆਉਂਦੀ ਹੈ।

*ਅੰਗ 60, ਸਤਰ 16 -- ਗੁਰੂ ਨਾਨਕ ਦੇਵ*
*ਗਿਆਨ ਪਦਾਰਥੁ ਖੋਇਆ ਠਗਿਆ ਮੁਠਾ ਜਾਇ ॥1॥*

ਗਿਆਨ ਤੋਂ ਬਿਨਾਂ ਬੰਦਾ ਭੁਲੇਖਿਆਂ ਵਿਚ ਪਿਆ ਰਹਿੰਦਾ ਹੈ। ਉਸਨੂੰ ਕੁਦਰਤ, ਕਾਇਨਾਤ, ਜਗਤ ਅਤੇ ਆਪਣੀ ਅਸਲੀਅਤ ਦਾ ਪਤਾ ਨਹੀਂ ਲਗਦਾ ਤੇ ਸਾਰੀ ਉਮਰ ਭੁਲੇਖੇ ਵਿਚ ਹੀ ਗੁਜ਼ਾਰ ਦਿੰਦਾ ਹੈ।

*ਅੰਗ 92, ਸਤਰ 4 -- ਭਗਤ ਕਬੀਰ*
*ਉਪਜੈ ਸਹਜੁ ਗਿਆਨ ਮਤਿ ਜਾਗੈ ॥*

ਜਦੋਂ ਬੰਦੇ ਨੂੰ ਗਿਆਨ ਹੁੰਦਾ ਹੈ ਤਾਂ ਉਸਦੀ ਅਕਲ ਜਾਗਦੀ ਹੈ। ਉਹ ਹਨੇਰੇ ਚੋਂ ਚਾਨਣ ਚ' ਆ ਜਾਂਦਾ ਹੈ ਅਤੇ ਭਲੇ ਅਤੇ ਬੁਰੇ ਦਾ ਪਤਾ ਲਗਦਾ ਹੈ। ਇਨਸਾਨ ਨੂੰ ਕੀ ਕਰਨ ਦੀ ਲੋੜ ਹੈ ਅਤੇ ਕੀ ਕਰਨਾ ਚਾਹੀਦਾ ਹੈ? ਇਸ ਸਹਿਜ ਗਿਆਨ ਨਾਲ ਮੱਤ ਜਾਗ ਪੈਂਦੀ ਹੈ।

*ਅੰਗ 124, ਸਤਰ 9 -- ਗੁਰੂ ਅਮਰ ਦਾਸ*
*ਗੁਰ ਗਿਆਨ ਅੰਜਨੁ ਸਚੁ ਨੇਤ੍ਰੀ ਪਾਇਆ ॥*

ਗੁਰੂ ਦੁਆਰਾ ਦਿਤਾ ਗਿਆਨ ਜਾਂ ਗਿਆਨ ਜੋ ਗੁਰੂ ਹੈ ਇਕ ਸੱਚ ਦਾ ਸੁਰਮਾ ਹੈ। ਜਿਵੇਂ ਸੁਰਮਾ ਇਨਸਾਨ ਦੀ ਅੱਖਾਂ ਦੀ ਰਖਿਆ ਕਰਦਾ ਹੈ ਇਸੇ ਤਰ੍ਹਾਂ ਗਿਆਨ ਰੂਪੀ ਸੁਰਮਾ ਬੰਦੇ ਦੀ ਕੂੜ੍ਹ ਤੋਂ ਰਖਿਆ ਕਰਦਾ ਹੈ ਅਤੇ ਸੱਚ ਦਾ ਕਵਚ ਪਹਿਨਾਉਂਦਾ ਹੈ।

*ਅੰਗ 210, ਸਤਰ 13 -- ਗੁਰੂ ਅਰਜਨ ਦੇਵ*
*ਗੁਰ ਗਿਆਨ ਦੀਪਕ ਉਜਿਆਰੀਆ ॥1॥*

ਇਸ ਸ਼ਲੋਕ ਵਿਚ ਗਿਆਨ ਨੂੰ ਦੀਪਕ ਕਿਹਾ ਗਿਆ ਹੈ। ਦੀਵਾ ਹਨੇਰੇ ਵਿਚ ਚਾਨਣਾ ਕਰਦਾ ਹੈ, ਰਾਹ ਵਖਾਉਂਦਾ ਹੈ। ਕਿਧਰ ਜਾਣਾ ਹੈ ਕਿਧਰ ਨਹੀਂ ਦਾ ਪਤਾ ਦੱਸਦਾ ਹੈ।

*ਅੰਗ 221, ਸਤਰ 1 -- ਗੁਰੂ ਨਾਨਕ ਦੇਵ*
*ਗਿਆਨ ਅੰਜਨੁ ਗੁਰ ਸਬਦਿ ਪਛਾਨਿਆ ॥1॥ ਰਹਾਉ ॥*

ਗਿਆਨ ਦੀ ਅੱਖ ਨਾਲ ਹੀ ਬੰਦਾ ਗੁਰੂ ਦੇ ਸ਼ਬਦ ਨੂੰ ਪਛਾਣ ਸਕਦਾ ਹੈ। ਇਹ ਕਿਹਾ ਜਾਂਦਾ ਹੈ ਕਈ ਬੰਦਿਆਂ ਦੇ ਅੱਖਾਂ ਹਨ ਪਰ ਉਨ੍ਹਾਂ ਨੂੰ ਦਿਸਦਾ ਨਹੀਂ। ਉਹ ਗੁਰਾਂ ਨੂੰ ਨਹੀਂ ਪਛਾਣ ਸਕਦੇ। ਉਹ ਗਿਆਨ ਦੇ ਸੋਮੇ ਤੋਂ ਮੁਨਕਰ ਹਨ। ਇਸ ਲਈ ਗਿਆਨ ਦੀ ਅੱਖ ਬਹੁਤ ਜ਼ਰੂਰੀ ਹੈ। ਇਸ ਨਾਲ ਬੰਦੇ ਨੂੰ ਸੱਚ ਦਿਖਾਈ ਦਿੰਦਾ ਹੈ।

*ਅੰਗ 574, ਸਤਰ 14 -- ਗੁਰੂ ਰਾਮ ਦਾਸ*
*ਸਤਿਗੁਰਿ ਗਿਆਨ ਖੜਗੁ ਹਥਿ ਦੀਨਾ ਜਮਕੰਕਰ ਮਾਰਿ ਬਿਦਾਰੇ ॥*

ਸਤਿਗੁਰ ਨੇ ਗਿਆਨ ਦੀ ਤਲਵਾਰ ਹੱਥ ਦਿਤੀ ਹੈ। ਗਿਆਨ ਨਾਲ ਆਵਾਗਮਨ ਦੀ ਅਸਲੀਅਤ ਦਾ ਪਤਾ ਲਗਦਾ ਹੈ ਤੇ ਮੌਤ ਦਾ ਭੈਅ ਖ਼ਤਮ ਹੋ ਜਾਂਦਾ ਤੇ। ਜਿਸ ਤਰ੍ਹਾਂ ਤਲਵਾਰ ਬੰਦੇ ਦੀ ਦੁਸ਼ਮਣ ਕੋਲੋਂ ਰਖਿਆ ਕਰਦੀ ਹੈ ਇਸੇ ਤਰ੍ਹਾਂ ਗਿਆਨ ਬੰਦੇ ਦੇ ਹਰ ਤਰ੍ਹਾਂ ਦੇ ਡਰ ਅਤੇ ਅਗਿਆਨਤਾ ਨੂੰ ਖ਼ਤਮ ਕਰਕੇ ਇਨਸਾਨ ਦੀ ਰਖਿਆ ਕਰਦਾ ਹੈ।

*ਅੰਗ 610, ਸਤਰ 5 -- ਗੁਰੂ ਅਰਜਨ ਦੇਵ*
*ਗਿਆਨ ਅੰਜਨੁ ਜਾ ਕੀ ਨੇਤ੍ਰੀ ਪੜਿਆ ਤਾ ਕਉ ਸਰਬ ਪ੍ਰਗਾਸਾ ॥*

ਜਿਨ੍ਹਾਂ ਦੀ ਅੱਖਾਂ ਵਿਚ ਗਿਆਨ ਦਾ ਸੁਰਮਾ ਪੈ ਗਿਆ ਤੇ ਜਿਨ੍ਹਾਂ ਨੇ ਗਿਆਨ ਹਾਸਿਲ ਕਰ ਲਿਆ ਉਨ੍ਹਾਂ ਲਈ ਸਭ ਪਾਸੇ ਉਜਾਲਾ ਹੋ ਜਾਂਦਾ ਹੈ। ਉਨ੍ਹਾਂ ਨੂੰ ਵਜੂਦ ਦੀ ਹਕੀਕਤ ਦਿਸਣ ਲੱਗ ਪੈਂਦੀ ਹੈ। ਗਿਆਨ ਅੱਖਾਂ ਦੀ ਪੱਟੀ ਖੋਲ੍ਹਦਾ ਹੈ।

*ਅੰਗ 1034, ਸਤਰ 17 -- ਗੁਰੂ ਨਾਨਕ ਦੇਵ*
*ਗਿਆਨ ਵਿਹੂਣੀ ਭਵੈ ਸਬਾਈ ॥*

ਗਿਆਨ ਤੋਂ ਬਗੈਰ ਇਨਸਾਨ ਭਟਕਦਾ ਫਿਰਦਾ ਹੈ। ਉਹ ਜ਼ਿੰਦਗੀ ਅਤੇ ਜੀਣ ਦਾ ਤੱਤ ਨਹੀਂ ਲੱਭ ਸਕਦਾ ਤੇ ਭਵ ਸਾਗਰ ਵਿਚ ਡੋਲੇ ਖਾਂਦਾ ਰਹਿੰਦਾ ਹੈ।

*ਅੰਗ 1063, ਸਤਰ 11 -- ਗੁਰੂ ਅਮਰ ਦਾਸ*
*ਗਿਆਨ ਰਤਨੁ ਸਦਾ ਘਟਿ ਚਾਨਣੁ ਅਗਿਆਨ ਅੰਧੇਰੁ ਗਵਾਇਦਾ ॥12॥*

ਮਨੁੱਖ ਨੂੰ ਚਾਨਣ ਦੀ ਲੋੜ ਹੈ। ਗਿਆਨ ਨਾਲ ਹਮੇਸ਼ਾ ਹੀ ਬੰਦੇ ਅੰਦਰ ਰੌਸ਼ਨੀ ਰਹਿੰਦੀ ਹੈ ਅਤੇ ਹਨੇਰਾ ਖ਼ਤਮ ਹੋ ਜਾਂਦਾ ਹੈ। ਇਹ ਉਹ ਅਨਮੋਲ ਰਤਨ ਹੈ ਜੋ ਆਪਣੀ ਰੌਸ਼ਨੀ ਨਾਲ ਅਦੰਰਲਾ ਸਾਰਾ ਹਨੇਰਾ ਦੂਰ ਕਰ ਦਿੰਦਾ ਹੈ। ਜੇ ਹਨੇਰਾ ਹੋਵੇ ਤਾਂ ਇਨਸਾਨ ਆਪਣਾ

ਕਾਰਵਿਹਾਰ ਨਹੀਂ ਕਰ ਸਕਦਾ। ਗਿਆਨ ਦਾ ਰਤਨ ਚਾਨਣ ਕਰਦਾ ਹੈ ਜਿਸ ਤੋਂ ਬਗੈਰ ਮਨੁੱਖੀ ਵਜੂਦ ਦਾ, ਜ਼ਿੰਦਗੀ ਦਾ ਅਤੇ ਕਰਨੀ ਦਾ ਸੱਤ ਨਹੀਂ ਪਾਇਆ ਜਾ ਸਕਦਾ।

*ਅੰਗ 1103, ਸਤਰ 8 -- ਭਗਤ ਕਬੀਰ*

*ਗਿਆਨ ਅੰਜਨੁ ਜਿਹ ਪਾਇਆ ਤੇ ਲੋਇਨ ਪਰਵਾਨੁ ॥3॥*

ਜਿਨ੍ਹਾਂ ਨੇ ਆਪਣੀ ਅੱਖਾਂ ਵਿਚ ਗਿਆਨ ਦਾ ਸੁਰਮਾ ਪਾਇਆ ਉਹ ਅੱਖਾਂ ਪਰਵਾਨ ਹੁੰਦੀਆਂ ਹਨ। ਉਹ ਅੱਖਾਂ ਸੱਚ ਤੱਤ ਦੇਖ ਸਕਦੀਆਂ ਹਨ। ਗਿਆਨ ਦੇ ਸੁਰਮੇ ਬਗੈਰ ਅੱਖਾਂ ਤੇ ਅਗਿਆਨਤਾ ਦੀ ਚਰਬੀ ਚੜ੍ਹੀ ਰਹਿੰਦੀ ਹੈ। ਹਨੇਰੇ ਦਾ ਪਰਦਾ ਪਿਆ ਰਹਿੰਦਾ ਹੈ। ਤਕੜਿਆਂ ਦੀ ਸੋਚ ਦਾ ਘੁੰਡ ਚੜ੍ਹਿਆ ਰਹਿੰਦਾ ਹੈ।

*ਅੰਗ 1235, ਸਤਰ 17 -- ਗੁਰੂ ਅਰਜਨ ਦੇਵ*

*ਗਿਆਨ ਅੰਜਨੁ ਅਗਿਆਨ ਬਿਨਾਸੁ ॥1॥*

ਗਿਆਨ ਦਾ ਸੁਰਮਾ ਅਗਿਆਨ ਦਾ ਨਾਸ ਕਰਦਾ ਹੈ। ਅਗਿਆਨ ਨਾਲ ਇਨਸਾਨ ਦੀ ਹੋਂਦ ਅਤੇ ਜ਼ਿੰਦਗੀ ਅਸਫਲ ਹੁੰਦੀ ਹੈ। ਇਸ ਲਈ ਇਸ ਦਾ ਨਾਸ ਕਰਨਾ ਬਹੁਤ ਜ਼ਰੂਰੀ ਹੈ। ਬੰਦਾ ਅਗਿਆਨ ਤੋਂ ਸ਼ੁਰੂ ਹੋਕੇ ਗਿਆਨ ਵੱਲ ਜਾਂਦਾ ਹੈ। ਅਗਿਆਨ ਦਾ ਨਾਸ ਕਰਦਾ ਹੋਇਆ ਜ਼ਿਆਦਾ ਤੋਂ ਜ਼ਿਆਦਾ ਗਿਆਨ ਪ੍ਰਾਪਤ ਕਰਦਾ ਜਾਂਦਾ ਹੈ।

ਮੀਆਂ ਮੁਹੰਮਦ ਬਖ਼ਸ਼ ਕਹਿੰਦੇ ਹਨ:

*ਲਾਹ ਅਨ੍ਹੇਰਾ ਜਿਹਲ ਬੁਰੇ ਦਾ ਚਾਨਣ ਲਾ ਅਕਲ ਦਾ*

# ਇਲਮ ਅਤੇ ਅਮਲ

ਗਿਆਨ ਦੇ ਸਹੀ ਜਾਂ ਗਲਤ ਹੋਣ ਦੀ ਤਸਦੀਕ ਇਸ ਉੱਤੇ ਅਮਲ ਕਰਨ ਨਾਲ ਹੀ ਹੋ ਸਕਦੀ ਹੈ। ਰਿਗਵੇਦ ਦੇ **10** ਮੰਡਲ ਅਤੇ **1028** ਸੁਕਤ ਇਲਮ ਦੀ ਅਮਲ ਨਾਲ ਪਰਖ ਕਰਨ ਤੇ ਜ਼ੋਰ ਦਿੰਦੇ ਹਨ। ਪਤੰਜਲੀ ਅਤੇ ਹੋਰ ਜੋਗੀ ਜੋਗ ਦੀ ਸਚਾਈ ਦੀ ਪਰਖ ਅਮਲ ਹੀ ਦੱਸਦੇ ਹਨ ਅਤੇ ਅਮਲ ਦਾ ਤਰੀਕਾ ਵੀ ਦੱਸਦੇ ਹਨ। ਯੋਗਾਸੂਤਰ ਦੀ ਸ਼ੁਰੂਆਤ ਹੀ ਅਮਲ ਦੀ ਗੱਲ ਨਾਲ ਹੁੰਦੀ ਹੈ:

*ਅਥਯੋਗਾਨੁਸ਼ਾਸਨਮ*
*ਭਾਵ ਹੁਣ ਯੋਗ ਕਰਨ ਦਾ ਤਰੀਕਾ ਦੱਸਿਆ ਜਾਏਗਾ।*

ਬਾਬਾ ਫ਼ਰੀਦ ਜੀ ਵੀ ਅਮਲ ਤੇ ਜ਼ੋਰ ਦਿੰਦੇ ਹੋਏ ਕਹਿੰਦੇ ਹਨ:
*ਅਮਲ ਜਿ ਕੀਤਿਆ ਦੁਨੀ ਵਿਚਿ ਸੇ ਦਰਗਾਹ ਓੁਗਾਹਾ।।*
*ਫਰੀਦਾ ਅਮਲ ਜਿ ਕੀਤੇ ਦੁਨੀ ਵਿਚਿ ਦਰਗਾਹ ਆਏ ਕੰਮਿ।।*

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:
*ਸਭਨਾ ਕਾ ਦਰਿ ਲੇਖਾ ਹੋਇ।। ਕਰਣੀ ਬਾਝਹੁ ਤਰੈ ਨ ਕੋਇ।।*

ਸ਼ਾਹ ਹੁਸੈਨ ਦੱਸਦਾ ਹੈ:
*ਅਮਲਾਂ ਦੇ ਉਪਰ ਹੋਗ ਨਿਬੇੜਾ*
*ਕਿਆ ਸੂਫ਼ੀ ਕਿਆ ਭੰਗੀ*

ਵਾਰਸ ਸ਼ਾਹ ਹੋਰੀਂ ਫਰਮਾਂਉਂਦੇ ਹਨ:
*ਪੜ੍ਹ ਇਲਮ ਤੇ ਅਮਲ ਨਾ ਕਰਨ ਜੇਹੜੇ ਵਾਂਗ ਢੋਲ ਦੇ ਬੋਲ ਜੋ ਸੱਖਣਾ ਐਂ*

ਗਿਆਨ ਬਹੁਤ ਹੀ ਤਾਕਤਵਰ ਹੈ। ਬੰਦੇ ਨੂੰ ਗਿਆਨ ਜਾਂ ਇਲਮ ਹਾਸਲ ਕੀਤਿਆਂ ਹੀ ਪਤਾ ਲਗਦਾ ਹੈ ਕਿ ਕੁਦਰਤ ਦੀ ਹਰ ਸ਼ੈਅ ਦੀ ਵਜ੍ਹਾ ਕੀ ਹੈ, ਪਰ ਜਾਣਕਾਰੀ ਕਦੇ ਵੀ ਸੰਪੂਰਣ ਨਹੀਂ ਹੁੰਦੀ ਤੇ ਸਮੇਂ ਦੇ ਨਾਲ ਇਸ ਵਿਚ ਵਾਧਾ ਹੁੰਦਾ ਰਹਿੰਦਾ ਹੈ। ਨਵੇਂ ਹਾਲਾਤ ਵਿਚ ਨਵੀਂ ਜਾਣਕਾਰੀ ਅਤੇ ਨਵਾਂ ਗਿਆਨ ਮਿਲਦਾ ਹੈ। ਇਕ ਸਮੇਂ ਦਾ ਹਾਸਿਲ ਕੀਤਾ ਹੋਇਆ ਗਿਆਨ ਪੁਰਾਣਾ ਹੋ ਜਾਂਦਾ ਹੈ। ਨਵੇਂ ਹਾਲਾਤਾਂ ਵਿਚ ਪੁਰਾਣੀ ਗਿਆਨ ਦੀ ਰੀਤ ਤੋਂ ਸਿੱਖ ਕੇ ਨਵਾਂ ਗਿਆਨ ਨਵੇਂ ਸਿਰੇ

ਤੋਂ ਹਾਸਿਲ ਕਰਨਾ ਪੈਂਦਾ ਹੈ। ਕਿਉਂਕਿ ਕੁਦਰਤ ਅਤੇ ਸਾਰੀ ਕਾਇਨਾਤ ਬਦਲਦੀ ਰਹਿੰਦੀ ਹੈ ਅਤੇ ਸਾਡਾ ਗਿਆਨ ਵੀ ਵਧਦਾ ਰਹਿੰਦਾ ਹੈ।

ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:

***ਕੁਦਰਤਿ ਕਵਣ ਕਹਾ ਵਿਚਾਰੁ, ਵਾਰਿਆ ਨ ਜਾਵਾ ਏਕ ਵਾਰ***

ਹਾਲਾਤ ਬਦਲਣ ਨਾਲ ਪੁਰਾਣੇ ਸੰਕਲਪ ਅਤੇ ਤਸੱਵਰ ਵੀ ਬਦਲਦੇ ਰਹਿੰਦੇ ਹਨ ਅਤੇ ਨਵੇਂ ਸੰਕਲਪ ਅਤੇ ਨਵੇਂ ਤਸੱਵਰ ਹੋਂਦ ਵਿਚ ਆਉਂਦੇ ਹਨ ਜਿਨ੍ਹਾਂ ਨਾਲ ਕੁਦਰਤ ਅਤੇ ਮਾਇਆ ਬਾਰੇ ਜਾਣਕਾਰੀ ਵੀ ਵਧਦੀ ਹੈ।

ਬੁੱਲ੍ਹੇ ਸ਼ਾਹ ਕਹਿੰਦੇ ਹਨ:

*ਮੇਰੀ ਬੁੱਕਲ ਦੇ ਵਿਚ ਚੋਰ*
*ਕਿਤੇ ਰਾਮ ਦਾਸ ਕਿਤੇ ਫਤੇਹ ਮੁਹੰਮਦ*
*ਇਹੋ ਕਦੀਮੀ ਸ਼ੋਰ*
*ਮੁੱਕ ਗਿਆ ਦੋਹਾਂ ਦਾ ਝਗੜਾ*
*ਨਿਕਲਿਆ ਕੋਈ ਹੋਰ*

ਪੁਰਾਣੇ ਖ਼ਿਆਲ, ਗਿਆਨ ਅਤੇ ਸੋਚ ਮੁਤਾਬਕ ਹਾਲਾਤ ਦਾ ਜੋ ਨਿਰਨਾ ਕੀਤਾ ਗਿਆ ਹੈ ਬੁਲ੍ਹੇ ਸ਼ਾਹ ਕਹਿੰਦਾ ਹੈ ਕਿ ਉਹ ਖਰਾ ਨਹੀਂ ਉਤਰਦਾ। ਇਹ ਉਨ੍ਹਾਂ ਵਿਚੋਂ ਕਿਸੇ ਨਾਲ ਵੀ ਪੂਰੀ ਤਰ੍ਹਾਂ ਬਿਆਨ ਨਹੀਂ ਕੀਤੀ ਜਾ ਸਕਦੀ। ਅਸਲੀਅਤ ਕੁਝ ਹੋਰ ਹੈ।

*ਜਿਸ ਪਾਇਆ ਭੇਤ ਕਲੰਦਰ ਦਾ, ਰਾਹ ਖੋਜਿਆ ਆਪਣੇ ਅੰਦਰ ਦਾ*
*ਉਹ ਵਾਸੀ ਹੈ ਸੁਖ ਮੰਦਰ ਦਾ, ਜਿੱਥੇ ਕੋਈ ਨਾ ਚੜ੍ਹਦੀ ਲਹਿੰਦੀ ਹੈ।*

ਇਥੇ ਬੁੱਲ੍ਹੇ ਸ਼ਾਹ ਹੋਰੀਂ ਕਹਿੰਦੇ ਹਨ ਕਿ ਜਦੋਂ ਆਪਣੇ ਆਪ ਦਾ ਅਤੇ ਕੁਦਰਤ ਦਾ ਰਾਜ਼ ਜਾਣ ਲਈਏ ਤਾਂ ਸੁੱਖ ਮਿਲਦਾ ਹੈ

# ਗਿਆਨ ਦੇ ਸੋਮੇ

ਪੰਜਾਬੀ ਦਰਸ਼ਨ ਵਿਚ ਗਿਆਨ ਦੇ ਹੇਠ ਲਿਖੇ ਸੋਮੇ ਦੱਸੇ ਗਏ ਹਨ:

*1. ਪ੍ਰਤੱਖ*
*2. ਗੁਰੂ*
*3. ਸਿਮ੍ਰਤੀ*
*4. ਸਤਸੰਗ ਜਾਂ ਸਾਧਸੰਗਤ*
*5. ਅਨੁਮਾਨ*

## ਪ੍ਰਤੱਖ

ਇਨਸਾਨ ਕੁਦਰਤ ਵਿਚ ਵਿਚਰਦਾ ਹੈ ਅਤੇ ਕੁਦਰਤ ਦੀ ਹੀ ਦੇਣ ਹੈ। ਕੁਦਰਤ ਵਿਚ ਅਤੇ ਕੁਦਰਤ ਨਾਲ ਹੀ ਇਹ ਆਪਣੀ ਕਰਨੀ ਕਰਦਾ ਹੈ। ਇਨਾਂ ਵਿਚ ਉਸਦੀ ਅੱਖ ਖੁਲ੍ਹਦੀ ਹੈ। ਆਪਣੀ ਗਿਆਨ ਇੰਦ੍ਰੀਆਂ ਨਾਲ ਉਹ ਕੁਦਰਤ ਅਤੇ ਸਮਾਜ ਤੋਂ ਗਿਆਨ ਹਾਸਲ ਕਰਦਾ ਹੈ। ਇਨ੍ਹਾਂ ਨਾਲ ਘੁਲ ਮਿਲਕੇ ਉਹ ਸਭ ਕੁਝ ਸਿਖਦਾ ਹੈ। ਇਸੇ ਕੁਦਰਤ ਵਿਚ ਹੀ ਉਸਦਾ ਸਮਾਜ ਹੈ। ਉਹ ਕੁਦਰਤ ਦਾ ਅਨਿਖੜਵਾਂ ਹਿੱਸਾ ਹੈ। ਇਸ ਅੰਦਰ ਉਸਦਾ ਆਪਣਾ ਤਜਰਬਾ ਉਸ ਨੂੰ ਬਹੁਤ ਕੁਝ ਸਿਖਾਉਂਦਾ ਹੈ। ਇਸ ਲਈ ਉਸਦਾ ਆਪਣਾ ਤਜਰਬਾ ਕੁਦਰਤ ਅਤੇ ਸਮਾਜ ਦੇ ਬੁਨਿਆਦੀ ਗਿਆਨ ਦਾ ਸੋਮਾ ਹੈ। ਪੇਟ ਪਾਲਣ ਲਈ, ਨਵੀਆਂ ਚੀਜ਼ਾਂ ਬਣਾਉਣ ਲਈ, ਅਤੇ ਆਪਣੇ ਸਾਹਮ੍ਹਣੇ ਦਰਪੇਸ਼ ਮਸਲੇ ਹੱਲ ਕਰਨ ਲਈ ਬੰਦਾ ਕੁਦਰਤ ਅਤੇ ਸਮਾਜ ਤੋਂ ਗਿਆਨ ਹਾਸਲ ਕਰਦਾ ਹੈ। ਤਜਰਬੇ ਨਾਲ ਕੱਚ ਪੱਕ ਦਾ ਨਿਤਾਰਾ ਹੋਜਾਂਦਾ ਹੈ।

ਹੱਡਬੀਤੀ ਜਾਂ ਸਿੱਧਾ ਅਨੁਭਵ ਤਾਂ ਹੀ ਹਾਸਲ ਹੋ ਸਕਦਾ ਹੈ ਜੇ ਘਟਨਾਵਾਂ, ਸ਼ੈਆਂ ਜਾਂ ਹੈਰਾਨਗੀ ਵਾਲੇ ਵਾਕਿਆਤ ਨਾਲ ਸਿੱਧਾ ਵਾਹ ਪਵੇ ਜਾਂ ਇਸ ਵਿਚ ਆਪ ਸਰਗਰਮ ਹਿਸਾ ਲਿਆ ਜਾਵੇ। ਕਹਾਵਤ ਹੈ ਕਿ ਵਾਹ ਪਿਆ ਜਾਣੀਏ ਜਾਂ ਰਾਹ ਪਿਆ ਜਾਣੀਏ। ਪ੍ਰਤੱਖ ਜਾਂ ਸਿਧੇ ਅਨੁਭਵ ਨਾਲ ਗਿਆਨ ਅਤੇ ਹੁਨਰ ਹਾਸਲ ਹੁੰਦਾ ਹੈ। ਗਿਆਨ, ਮੇਲਜੋਲ ਅਤੇ ਜਾਣਕਾਰੀ ਨਾਲ ਸੂਝ ਵਧਦੀ ਹੈ ਅਤੇ ਸੁਚੇਤ ਹੋਈਦਾ ਹੈ। ਸੋਝੀ ਅਤੇ ਸੁਚੇਤਤਾ ਬੀਤੇ ਦੀਆਂ ਘਟਨਾਵਾਂ ਦੇ ਗਿਆਨ ਦਾ ਨਤੀਜਾ ਹੈ। ਸੋਝੀ ਸ਼ੁਰੂ ਵੀ ਹੈ ਤੇ ਅਖੀਰ ਵੀ। ਹੱਡਬੀਤੀ ਇਕ ਵਾਸਤਵਿਕ ਸ਼ੈਅ ਹੈ ਜਿਹਦਾ ਸ਼ੁਰੂ ਵੀ ਹੈ ਅਤੇ ਅਖੀਰ ਵੀ। ਇਹ

ਬੀਤੇ ਅਤੇ ਵਰਤਮਾਨ ਦੇ ਸਮੁਚੇ ਅਨੁਭਵ ਦਾ ਇਕ ਅਟੁੱਟ ਹਿਸਾ ਹੈ। ਅਨੁਭਵ ਨੂੰ ਪ੍ਰਤੱਖ ਜਾਂ ਸਿੱਧਾ ਕਹਿਣ ਦਾ ਮਤਲਬ ਹੈ ਕਿ ਇਹ ਆਪਣੇ ਤੌਰ ਤੇ ਮੌਜੂਦ ਹੈ ਤੇ ਕਿਸੇ ਹੋਰ ਸ਼ੈਅ ਤੇ ਨਿਰਭਰ ਨਹੀਂ। ਸਿੱਧੇ ਅਨੁਭਵ ਦੀ ਹੋਂਦ ਦਾ ਅਰਥ ਇਹ ਹੈ ਕਿ ਨਿਸ਼ਚੇ ਹੀ ਇਹਦੀ ਪੂਰੀ ਪੂਰੀ ਨਿਸ਼ਾਨਦੇਹੀ ਕੀਤੀ ਜਾ ਸਕਦੀ ਹੈ। ਪਰ ਅਨੁਭਵ ਦੀ ਨਿਸ਼ਾਨਦੇਹੀ ਕਰ ਦੇਣਾ ਜਾਂ ਅਨੁਭਵ ਨੂੰ ਇਕ ਨਾਮ ਦੇ ਦੇਣਾ ਹੀ ਇਸ ਅਨੁਭਵ ਦਾ ਪੂਰਾ ਤੱਤ ਸੱਚ ਨਹੀਂ, ਅਨੁਭਵ ਦਾ ਇਜ਼ਹਾਰ ਇਕ ਇਤਿਹਾਸਕ ਸਮੇ ਦੇ ਪ੍ਰਸੰਗ ਵਿਚ ਹੁੰਦਾ ਹੈ ਤੇ ਇਸਦੇ ਅਸਰ ਨੂੰ ਕਬੂਲਦਾ ਹੈ। ਸਿਧੇ ਅਨੁਭਵ ਜਾਂ ਹੱਡਬੀਤੀ ਦੀ ਹੋਂਦ ਆਪਣੇ ਆਪ ਹੀ ਹੁੰਦੀ ਹੈ ਤੇ ਇਹਦੇ ਵਿਚ ਹੋਰ ਕਿਸੇ ਚੀਜ਼ ਦਾ ਅਮਲ ਦਖ਼ਲ ਨਹੀਂ ਹੁੰਦਾ। ਕਿਸੇ ਹੋਰ ਦੀ ਜਾਂ ਕੋਈ ਹੋਰ ਦਖ਼ਲਅੰਦਾਜ਼ੀ ਤੇ ਸਾਲਸੀ ਇਸਦੀ ਹੋਂਦ ਦੇ ਸੱਚ ਨੂੰ ਬਦਲ ਨਹੀਂ ਸਕਦੀ। ਪਰ ਹੱਡਬੀਤੀ ਕਿਉਂਕਿ ਇਕ ਖ਼ਾਸ ਸਮੇਂ ਅਤੇ ਥਾਂ ਤੇ ਵਾਪਰਦੀ ਹੈ ਤੇ ਇਸਦੇ ਤੱਤ ਸੱਚ ਦਾ ਨਾਤਾ ਇਕ ਖ਼ਾਸ ਸਮੇਂ ਤੇ ਹਾਲਾਤ ਨਾਲ ਹੁੰਦਾ ਹੈ ਇਸ ਕਰਕੇ ਇਸਦੀ ਜਾਣਕਾਰੀ ਵੀ ਤੁਲਨਾਤਮਕ ਹੀ ਹੁੰਦੀ ਹੈ ਪੂਰੀ ਜਾਂ ਮੁਕੰਮਲ ਨਹੀਂ। ਇਸ ਲਈ ਬਾਕੀ ਚੀਜ਼ਾਂ ਵਾਂਗ ਹੱਡਬੀਤੀ ਜਾਂ ਸਿਧੇ ਅਨੁਭਵ ਨੂੰ ਜਾਨਣ ਲਈ ਵੀ ਹੋਰ ਖੋਜ ਅਤੇ ਵਿਸ਼ਲੇਸ਼ਣ ਕਰਨ ਦੀ ਲੋੜ ਪੈਂਦੀ ਹੈ।

ਜਿਸ ਤਰ੍ਹਾਂ ਲੋਕ ਰਹਿੰਦੇ ਹਨ ਅਤੇ ਜਿੰਦਗੀ ਦੀਆਂ ਲੋੜਾਂ ਨੂੰ ਪੂਰਾ ਕਰਨ ਲਈ ਪੈਦਾਵਾਰ ਕਰਦੇ ਹਨ, ਉਹਦੇ ਨਾਲ ਉਨ੍ਹਾਂ ਦੇ ਕੁਦਰਤ ਨਾਲ ਤੇ ਇਕ ਦੂਜੇ ਨਾਲ ਨਿਸ਼ਚਿਤ ਸਬੰਧ ਬਣਦੇ ਹਨ। ਉਹ ਖ਼ੁਰਾਕ ਪੈਦਾ ਕਰਦੇ ਹਨ, ਕਪੜਾ ਪੈਦਾ ਕਰਦੇ ਹਨ, ਮਕਾਨ ਉਸਾਰਦੇ ਹਨ ਅਤੇ ਜ਼ਿੰਦਗੀ ਦੀਆਂ ਹੋਰ ਜ਼ਰੂਰੀ ਚੀਜ਼ਾਂ ਦਾ ਬੰਦੋਬਸਤ ਕਰਦੇ ਹਨ। ਉਹ ਸਮਾਜਿਕ ਸਬੰਧ ਵੀ ਪੈਦਾ ਕਰਦੇ ਹਨ, ਸਮਾਜ ਨੂੰ ਜਨਮ ਦਿੰਦੇ ਹਨ ਅਤੇ ਇਨਸਾਨੀ ਤਾਲਮੇਲ ਦੇ ਹੋਰ ਪਹਿਲੂਆਂ ਨੂੰ ਉਸਾਰਦੇ ਹਨ। ਇਨ੍ਹਾਂ ਸਾਰੀਆਂ ਲੋੜਾਂ ਦੀ ਪੂਰਤੀ ਲਈ ਪੈਦਾਵਾਰ ਕਰਨ ਦੇ ਅਮਲ ਵਿਚੋਂ ਕਈ ਹੋਰ ਨਵੀਆਂ ਲੋੜਾਂ ਜਨਮ ਲੈਂਦੀਆਂ ਹਨ। ਇਸ ਤਰ੍ਹਾਂ ਦੇ ਹਾਲਾਤ ਵਿਚ ਲੋਕਾਂ ਨੂੰ ਜ਼ਿੰਦਗੀ ਦਾ ਤਜਰਬਾ ਸਿੱਧੇ ਤੌਰ ਤੇ ਹੁੰਦਾ ਹੈ ਤੇ ਮੁਸ਼ਕਲਾਂ ਨੂੰ ਹੱਲ ਕਰਨਾ ਪੈਂਦਾ ਹੈ। ਇਸ ਹਾਲਾਤ ਵਿਚ, ਸਿਧੇ ਤਜਰਬੇ ਦਾ ਨਾਤਾ ਮੁਕਾਮੀ ਤੌਰ ਤੇ, ਮੁਲਕੀ ਤੌਰ ਤੇ ਅਤੇ ਕੌਮਾਂਤਰੀ ਤੌਰ ਤੇ ਲੋਕਾਂ ਦੀਆਂ ਲੋੜਾਂ ਦੀ ਪੂਰਤੀ ਨਾਲ ਜੁੜਿਆ ਹੋਇਆ ਹੈ। ਸਿਧਾ ਅਨੁਭਵ ਕੁਦਰਤ ਅਤੇ ਸਮਾਜ ਨਾਲ ਨਿਸ਼ਚਿਤ ਸੰਬੰਧਾਂ ਤੇ ਅਧਾਰਤ ਹੁੰਦਾ ਹੈ ਤੇ ਇਸਦਾ ਇਜ਼ਹਾਰ ਲੋਕਾਂ ਦੇ ਸ਼ੌਕ, ਜਜ਼ਬਿਆਂ ਤੇ ਦਿਲਚਸਪੀਆਂ ਰਾਹੀਂ ਹੁੰਦਾ ਹੈ। ਵਿਅਕਤੀ ਅਤੇ ਸਮੂਹਾਂ ਦੇ ਕੁਦਰਤ ਨਾਲ ਸੰਬੰਧਾਂ ਵਿਚੋਂ ਇਹ ਸ਼ੌਕ, ਜਜ਼ਬੇ ਤੇ ਦਿਲਚਸਪੀਆਂ ਨਿਕਲਦੀਆਂ ਹਨ ਤੇ ਲੋਕ ਇਨ੍ਹਾਂ ਦਾ ਇਜ਼ਹਾਰ ਕਰਦੇ ਹਨ। ਤਾਲਮੇਲ,

ਜਜ਼ਬਾਤ ਅਤੇ ਸੰਬੰਧਾਂ ਦੀ ਹਕੀਕੀ ਹੋਂਦ ਹੈ। ਇਨ੍ਹਾਂ ਦੀ ਹੋਂਦ ਦੇ ਸੱਚ ਤੱਤ ਦਾ ਮਤਲਬ ਇਹ ਹੈ ਕਿ ਇਹ ਸਮਾਜੀ ਤੇ ਕੁਦਰਤੀ ਮਾਮਲੇ ਹਨ। ਇਹ ਸਾਰੀ ਦੀ ਸਾਰੀ ਸਚਾਈ ਇਨਸਾਨੀ ਦਿਮਾਗ ਵਿਚ ਵੀ ਘੁੰਮਦੀ ਹੈ ਤੇ ਸੋਝੀ ਪੈਦਾ ਕਰਦੀ ਹੈ, ਗਿਆਨ ਵਿਚ ਵਾਧਾ ਕਰਦੀ ਹੈ। ਇਨ੍ਹਾਂ ਸਾਰੇ ਸੰਬੰਧਾਂ ਅਤੇ ਤਬਦੀਲੀਆਂ ਦੀ ਚੇਤਨਤਾ ਦੀ ਹੋਂਦ ਵਾਸਤਵਿਕ ਹੈ। ਇਸ ਹੋਂਦ ਦੀ ਬਦੌਲਤ ਸਿਧਾ ਅਨੁਭਵ ਇਕ ਐਸਾ ਅਧਾਰ ਬਣਦਾ ਹੈ ਜਿਸ ਨਾਲ ਚੇਤਨਤਾ ਪਦਾਰਥ ਤੇ ਊਰਜਾ ਵਿਚ ਬਦਲਦੀ ਹੈ ਅਤੇ ਪਦਾਰਥ ਚੇਤਨਤਾ ਤੇ ਊਰਜਾ ਵਿਚ ਬਦਲਦਾ ਹੈ।

ਗੋਰਖ ਮਹਾਪੁਰਾਣ ਵਿਚ ਕਿਹਾ ਗਿਆ ਹੈ, *"ਜਲ, ਥਲ, ਅੱਗ, ਵਾਯੂ, ਆਕਾਸ਼, ਸੂਰਜ, ਚੰਦ੍ਰਮਾ, ਸਮੁੰਦ੍ਰ, ਕਬੂਤਰ, ਗਰੁੜ, ਮਧੁਮੱਖੀ, ਹਾਥੀ, ਅਜਗਰ, ਪਤੰਗ, ਹਿਰਨ, ਮਛਲੀ, ਸਰਪ, ਮਕੜੀ, ਭ੍ਰਿੰਗੀ, ਬਾਲਕ, ਪਿੰਗਲਾ, ਕੁਆਰੀ ਕੰਨਿਆ ਅਤੇ ਬਾਣ ਬਣਾਉਣ ਵਾਲਿਆਂ ਤੋਂ ਮੈਂ ਚੌਵੀ ਗੁਣਾਂ ਦੀ ਸਿਖਿਆ ਲਈ ਹੈ।"*

**ਗੁਰੂ**

ਗੁਰੂ ਨੂੰ ਗਿਆਨ ਦਾ ਅਥਾਹ ਸਮੁੰਦਰ ਦੱਸਿਆ ਗਿਆ ਹੈ। ਗੁਰੁ ਸ਼ਬਦ ਦਾ ਮਤਲਬ ਹੀ ਹਨੇਰਾ ਦੂਰ ਕਰਨ ਵਾਲਾ ਕਿਹਾ ਗਿਆ ਹੈ। ਗੁਰ ਬਿਨਾਂ ਗਿਆਨ ਹਾਸਿਲ ਨਹੀਂ ਹੋ ਸਕਦਾ। ਗੁਰੂ ਆਪਣੇ ਚੇਲਿਆਂ ਨੂੰ ਸਿਖਾਉਂਦਾ ਹੈ ਅਤੇ ਚੇਲੇ ਅੱਗੇ ਆਪਣੇ ਚੇਲਿਆਂ ਨੂੰ । ਸਮਾਜ ਵਿਚ ਇਹ ਸਿੱਖਣ ਸਿਖਾਉਣ ਦਾ ਸਿਲਸਿਲਾ ਲਗਾਤਾਰ ਚਲਦਾ ਰਹਿੰਦਾ ਹੈ। ਗੁਰੂ ਦੀ ਮਹਿਮਾ ਬਾਰੇ ਗੁਰੂ ਗਰੰਥ ਸਾਹਿਬ ਵਿਚ ਇਸ ਤਰ੍ਹਾਂ ਲਿਖਿਆ ਗਿਆ ਹੈ:

***ਅੰਗ 17, ਸਤਰ 13 ਗੁਰੂ ਨਾਨਕ ਦੇਵ***
***ਗੁਰੂ ਪਾਉੜੀ ਬੇੜੀ ਗੁਰੂ ਗੁਰੂ ਤੁਲਹਾ ਹਰਿ ਨਾਉ।।***

***ਅੰਗ 30, ਸਤਰ 12 ਗੁਰੂ ਅਮਰ ਦਾਸ***
***ਬਾਝ ਗੁਰੂ ਅਚੇਤ ਹੈ ਸਭ ਬਧੀ ਜਮਕਾਲਿ।।***

ਭਾਵ ਇਹ ਹੈ ਕਿ ਗੁਰੂ ਬਗੈਰ ਰਾਹ ਲੱਭਣਾ ਮੁਸ਼ਕਿਲ ਹੈ, ਇਨਸਾਨ ਨੂੰ ਸੋਝੀ ਨਹੀਂ ਆਉਂਦੀ ਅਤੇ ਉਹ ਮੌਤ ਦੇ ਭੈਅ ਨਾਲ ਜਕੜਿਆ ਰਹਿੰਦਾ ਹੈ। ਉਸਨੂੰ ਰਾਹ ਨਹੀਂ ਲੱਭਦਾ ਤੇ ਜ਼ਿੰਦਗੀ ਅਤੇ ਕਾਇਨਾਤ ਦੀ ਅਸਲੀਅਤ ਦਾ ਪਤਾ ਨਹੀਂ ਲਗਦਾ।

***ਅੰਗ 55, ਸਤਰ 15 ਗੁਰੂ ਨਾਨਕ ਦੇਵ***
***ਬਾਝ ਗੁਰੂ ਗੁਬਾਰੁ ਹੈ ਬਿਨੁ ਸਬਦੈ ਬੂਝ ਨ ਪਾਇ।।***

ਗੁਰੂ ਬਗੈਰ ਬੰਦੇ ਨੂੰ ਸਹੀ ਗਿਆਨ ਹਾਸਲ ਨਹੀਂ ਹੁੰਦਾ ਤੇ ਉਹ ਭੁਲੇਖਿਆਂ ਦੇ ਗੁਬਾਰ ਵਿਚ ਗੁਆਚ ਜਾਂਦਾ ਹੈ। ਗੁਰੂ ਦੀ ਅਗਵਾਈ ਅਤੇ ਨਸੀਹਤ ਦੇ ਬਗੈਰ ਸੱਚਾਈ ਹਾਸਲ ਨਹੀਂ ਹੁੰਦੀ।

***ਅੰਗ 99, ਸਤਰ 8 ਗੁਰੂ ਅਰਜਨ ਦੇਵ***
*ਏਹ ਸੁਮਤਿ ਗੁਰੂ ਤੇ ਪਾਈ।।*
***ਅੰਗ 124, ਸਤਰ 7ਗੁਰੂ ਅਮਰ ਦਾਸ***
*ਬਾਝੁ ਗੁਰੂ ਹੈ ਅੰਧ ਅੰਧਾਰਾ।।*

ਗੂਰੂ ਦੀ ਅਗਵਾਈ ਬਿਨਾਂ ਹਰ ਪਾਸੇ ਘੋਰ ਹਨੇਰਾ ਮਹਿਸੂਸ ਹੁੰਦਾ ਹੈ। ਗੁਰੂ ਹੀ ਗਿਆਨ ਦੇ ਚਾਨਣ ਨਾਲ ਰਾਹ ਵਿਖਾਉਂਦਾ ਹੈ।

***ਅੰਗ 172, ਸਤਰ 2 ਗੁਰੂ ਰਾਮ ਦਾਸ***
*ਅੰਧਿਆਰੇ ਦੀਪਕ ਆਨਿ ਜਲਾਏ ਗੁਰ ਗਿਆਨ ਗੁਰੂ ਲਿਵ ਲਾਗੇ।।*

ਗੁਰੂ ਅਗਿਆਨ ਦੇ ਹਨੇਰੇ ਵਿਚ ਚਾਨਣ ਦਾ ਦੀਵਾ ਜਲਾ ਕੇ ਰਾਹ ਉਜਾਗਰ ਕਰਦਾ ਹੈ ਅਤੇ ਇਨਸਾਨ ਦੀ ਸੁਰਤ ਨੂੰ ਸੱਚਾਈ ਵਾਲੇ ਪਾਸੇ ਲਾਉਂਦਾ ਹੈ।

***ਅੰਗ 183, ਸਤਰ 18 ਗੁਰੂ ਅਰਜਨ ਦੇਵ***
*ਸਰਬ ਨਿਧਾਨ ਗੁਰੂ ਤੇ ਪਾਵੈ।।*

ਗੁਰੂ ਤੋਂ ਹਰੇਕ ਬਰਕਤ ਮਿਲਦੀ ਹੈ।

ਗੁਰੂ ਜਾਂ ਮੁਰਸ਼ਦ ਬਾਰੇ ਸੁਲਤਾਨ ਬਾਹੂ ਵੀ ਕਹਿੰਦਾ ਹੈ:

*ਮੁਰਸ਼ਦ ਵਾਂਗ ਸੁਨਿਆਰੇ ਹੋਵੇ, ਜੇੜ੍ਹਾ ਘੱਤ ਕੁਠਾਲੀ ਗਾਲੇ ਹੂ।*
*ਪਾ ਕੁਠਾਲੀ ਬਾਹਰ ਕੱਢੇ, ਬੁੰਦੇ ਘੜੇ ਯਾ ਵਾਲੇ ਹੂ।*
*ਇਹ ਤਨ ਮੇਰਾ ਚਿਸ਼ਮਾ ਹੋਵੇ, ਮੈਂ ਮੁਰਸ਼ਦ ਵੇਖ ਨਾ ਰੱਜਾਂ ਹੂ*
*ਮੁਰਸ਼ਦ ਦਾ ਦੀਦਾਰ ਹੈ ਬਾਹੁ, ਮੈਨੂੰ ਲਖ ਕਰੋੜਾਂ ਹੱਜਾਂ ਹੂ।*
*ਕਾਮਲ ਮੁਰਸ਼ਦ ਐਸਾ ਹੋਵੇ, ਜੇਹੜਾ ਧੋਬੀ ਵਾਂਗੂ ਛੱਟੇ ਹੂ।*
*ਨਾਲ ਨਿਗਾਹ ਦੇ ਪਾਕ ਕਰੇਂਦਾ, ਵਿਚ ਸੱਜੀ ਸਾਬਣ ਨਾ ਘੱਤੇ ਹੂ।*
*ਮੈਲਿਆਂ ਥੀਂ ਕਰ ਦੇਂਦਾ ਚਿੱਟਾ, ਵਿਚ ਜ਼ਰਾ ਮੈਲ ਨ ਰੱਖੇ ਹੂ।*
*ਐਸਾ ਮੁਰਸ਼ਦ ਹੋਵੇ ਬਾਹੂ, ਜੇਹੜਾ ਲੂੰ ਲੂੰ ਦੇ ਵਿਚ ਵੱਸੇ ਹੂ।*

## ਸਿਮ੍ਰਿਤੀ

ਜਿਹੜਾ ਗਿਆਨ ਪਹਿਲਾਂ ਦੀਆਂ ਪੀੜ੍ਹੀਆਂ ਨੇ ਹਾਸਲ ਕੀਤਾ ਹੈ ਉਹ ਵੀ ਗਿਆਨ ਦਾ ਇਕ ਅਹਿਮ ਸੋਮਾ ਹੈ। ਹਰੇਕ ਬੰਦੇ ਨੂੰ ਨਵੇਂ ਸਿਰੇ ਤੋਂ ਪੁਰਾਣੀ ਗੱਲ ਸਿੱਖਣ ਦੀ ਲੋੜ ਨਹੀਂ। ਜੋ ਪਹਿਲੀ ਪੀੜ੍ਹੀਆਂ ਨੇ ਤੱਤ ਕੱਢੇ ਹਨ ਉਨ੍ਹਾਂ ਦੀ ਪਰਖ ਕਰਕੇ ਵੀ ਇਨਸਾਨ ਬਹੁਤ ਕੁਝ ਸਿਖਦਾ ਹੈ। ਇਸ ਲਈ ਲੋਕਾਂ ਦੀ ਯਾਦ ਜਾਂ ਸਿਮ੍ਰਿਤੀ ਜਿਹੜੀ ਕਿ ਵੇਦਾਂ ਜਾਂ ਹੋਰ ਗ੍ਰੰਥਾਂ ਵਿਚ ਦਰਜ ਹੈ ਜਾਂ ਸਾਡੀ ਲੋਕਰੀਤ ਵਿਚ ਪ੍ਰਚਲਤ

ਹੈ, ਇਹ ਵੀ ਗਿਆਨ ਦਾ ਇਕ ਮਹੱਤਵਪੂਰਣ ਸੋਮਾ ਹੈ। ਇਸ ਕਰਕੇ ਮੁੱਢ ਕਦੀਮ ਤੋਂ ਇਕ ਪੀੜ੍ਹੀ ਤੋਂ ਦੂਸਰੀ ਪੀੜ੍ਹੀ ਨੂੰ ਗਿਆਨ ਦੇਣ ਦਾ ਇੰਤਜ਼ਾਮ ਕੀਤਾ ਜਾਂਦਾ ਰਿਹਾ ਹੈ। ਆਸ਼ਰਮ, ਗੁਰੂਕੁਲ, ਟਕਸਾਲਾਂ, ਕਾਇਦੇ, ਡੇਰੇ ਅਤੇ ਹੋਰ ਵਿਦਿਅਕ ਅਦਾਰੇ ਪੁਰਾਣੀ ਪੀੜ੍ਹੀਆਂ ਦੁਆਰਾ ਹਾਸਲ ਕੀਤਾ ਗਿਆਨ ਗ੍ਰੰਥਾਂ ਵਿਚ ਇਕੱਠਾ ਕਰਦੇ ਰਹੇ, ਸਿਖਾਉਂਦੇ ਰਹੇ ਅਤੇ ਸਿਖਾ ਰਹੇ ਹਨ।

**ਸਤਸੰਗ ਜਾਂ ਸਾਧਸੰਗਤ**

ਪੰਜਾਬੀ ਦਰਸ਼ਨ ਵਿਚ ਸਤਸੰਗ ਤੇ ਬਹੁਤ ਹੀ ਜ਼ੋਰ ਦਿਤਾ ਗਿਆ ਹੈ। ਸਿਆਣੇ ਬਜ਼ੁਰਗਾਂ ਨੇ ਸਤਸੰਗ ਦੀ ਲੋੜ ਤੇ ਜ਼ੋਰ ਦਿਤਾ ਹੈ। ਦਰਵੇਸ਼ਾਂ, ਬਜ਼ੁਰਗਾਂ ਨੇ ਗਿਆਨਵਾਨ ਲੋਕਾਂ ਦੀ ਸੰਗਤ ਕਰਨ ਲਈ ਬਹੁਤ ਦੂਰ ਦੂਰ ਜਾ ਕੇ ਬਹੁਤ ਕੁੱਝ ਹਾਸਲ ਕੀਤਾ। ਸਾਧ ਸੰਗਤ ਦਾ ਮਤਲਬ ਹੀ ਸੱਤ ਦਾ ਸੰਗ ਜਾਂ ਉਨ੍ਹਾਂ ਇਨਸਾਨਾਂ ਦੀ ਸੰਗਤ ਹੈ ਜੋ ਹਸਤੀ ਦੇ ਸੱਚ ਨਾਲ ਜੁੜੇ ਹੋਏ ਹਨ ਅਤੇ ਜੋ ਕੂੜ੍ਹ ਦੀ ਪਾਲ ਤੋੜ ਚੁਕੇ ਹਨ। ਐਸੇ ਲੋਕਾਂ ਦੀ ਸੰਗਤ ਨਾਲ ਇਨਸਾਨ ਦੀਆਂ ਅੱਖਾਂ ਖੁੱਲ ਜਾਂਦੇ ਹਨ। ਇਸ ਲਈ ਸਤਸੰਗ ਗਿਆਨ ਲਈ ਬਹੁਤ ਹੀ ਜ਼ਰੁਰੀ ਹੈ।

ਭਰਥਰੀ ਰਿਸ਼ੀ ਕਹਿੰਦੇ ਹਨ:

*ਜਾਡਯਮ ਧਿਯੋ ਹਰਤੀ ਸਿੰਚਤੀ ਵਾਚੀ ਸਤਯਮ*
*ਮਾਨੋਨਤੀ ਦਿਸ਼ਤੀ ਪਾਪਮਪਾਕਰੋਤੀ।*
*ਚੇਤ: ਪ੍ਰਸਾਦਯਤੀ ਦਿਕਸ਼ ਤਨੋਤੀ ਕੀਰਤੀ*
*ਸ਼ੱਸੰਗਤਿ: ਕਥਯ ਕਿੱਨ ਕਰੋਤੀ ਪੁੰਸਾਮ।।*

*ਸਤ ਸੰਗਤ ਦਿਮਾਗ ਨੂੰ ਤੇਜ਼ ਕਰਦੀ ਹੈ, ਬਾਣੀ ਵਿਚ ਸੱਚਾਈ ਲਿਆਉਂਦੀ ਹੈ, ਆਦਰ ਮਾਣ ਵਧਾਉਂਦੀ ਹੈ, ਮਾੜੇ ਕੰਮਾਂ ਤੋਂ ਹੋੜਦੀ ਹੈ, ਦਿਲ ਨੂੰ ਖ਼ੁਸ਼ ਕਰਦੀ ਹੈ, ਦਸਾਂ ਦਿਸ਼ਾਵਾਂ ਵਿਚ ਨਾਂ ਫੈਲਾਉਂਦੀ ਹੈ। ਸੱਤਸੰਗਤ ਇਨਸਾਨ ਦਾ ਕੀ ਕੁਝ ਨਹੀਂ ਕਰ ਸਕਦੀ।*

ਗੁਰੂ ਗ੍ਰੰਥ ਸਾਹਿਬ ਵਿਚ ਇਸ ਬਾਰੇ ਕਿਹਾ ਹੈ:

***ਅੰਗ 607, ਸਤਰ 4 ਗੁਰੂ ਰਾਮ ਦਾਸ***
*ਜਬ ਸਤਸੰਗ ਭਏ ਸਾਧੂ ਜਨ ਹਿਰਦੈ ਮਿਲਿਆ ਸਾਂਤਿ ਮੁਰਾਰੀ।।*

***ਅੰਗ 1200, ਸਤਰ 7 ਗੁਰੂ ਰਾਮ ਦਾਸ***
*ਬਿਨੁ ਸਤਸੰਗ ਸੁਖੁ ਕਿਨੈ ਨ ਪਾਇਆ ਜਾਇ ਪੂਛਹੁ ਬੇਦ ਬੀਚਾਰੁ*

ਸੂਫ਼ੀ ਸ਼ਾਇਰ ਸ਼ਾਹ ਹੁਸੈਨ ਵੀ ਇਹੋ ਕਹਿੰਦਾ ਹੈ:

*ਗਿਆਨ ਦੇਈਂ ਧਿਆਨ ਦੇਈਂ*

*ਮਹਿਮਾ ਸਾਧੂ ਸੰਗ ਦੀ*
*ਸਾਧ ਸੰਗਤ ਦੇ ਉਹਲੇ ਰਹਿੰਦੇ*
*ਬੁੱਧ ਤਿਨ੍ਹਾਂ ਦੀ ਸੂਰੀ*

ਅੱਜ ਕੱਲ ਵੀ ਗਿਆਨ ਅਤੇ ਵਿਗਿਆਨ ਦੀ ਤਰੱਕੀ ਲਈ ਗਿਆਨੀ ਅਤੇ ਵਿਗਿਆਨੀ ਇਕ ਦੂਜੇ ਨਾਲ ਤਾਲਮੇਲ ਕਰਕੇ, ਵਿਚਾਰ ਵਟਾਂਦਰਾ ਕਰਕੇ, ਇਕ ਦੂਜੇ ਤੋਂ ਸਿੱਖਣ ਸਿਖਾਉਣ ਨੂੰ ਬਹੁਤ ਅਹਿਮੀਅਤ ਦਿੰਦੇ ਹਨ। ਗੋਸ਼ਟੀਆਂ, ਕਾਨਫਰੰਸਾਂ ਅਤੇ ਹੋਰ ਇਕੱਠਾਂ ਨੂੰ ਗਿਆਨ ਹਾਸਲ ਕਰਨ ਲਈ ਅੱਜਵੀ ਬਹੁਤ ਜ਼ਰੂਰੀ ਮੰਨਿਆਂ ਜਾਂਦਾ ਹੈ।

## ਅਨੁਮਾਨ

ਅਨੁਮਾਨ ਨਾਲ ਵੀ ਇਨਸਾਨ ਤਜਰਬੇ ਅਤੇ ਸ਼ੈਆਂ ਦੀ ਘੋਖ ਕਰਦਾ ਹੈ। ਮਿਸਾਲ ਦੇ ਤੌਰ ਤੇ ਦੂਰ ਕਿਸੇ ਥਾਂ ਤੇ ਧੂਆਂ ਦੇਖ ਕੇ ਸਮਝ ਲਿਆ ਜਾਂਦਾ ਹੈ ਕਿ ਉਸ ਥਾਂ ਤੇ ਅੱਗ ਲੱਗੀ ਹੋਵੇਗੀ। ਇਸ ਤਰ੍ਹਾਂ ਇਨਸਾਨ ਸਾਰੀਆਂ ਹੀ ਚੀਜ਼ਾਂ ਦਾ ਨਿਰਨਾ ਜਾਂ ਅਨੁਮਾਨ ਲਾਕੇ ਗਿਆਨ ਵਧਾਉਂਦਾ ਹੈ।

## ਗਿਆਨ ਇੰਦ੍ਰੀਆਂ

ਇਨਸਾਨ ਦੀਆਂ ਪੰਜ ਗਿਆਨ ਇੰਦ੍ਰੀਆਂ, ਪੰਜ ਕਰਮ ਇੰਦ੍ਰੀਆਂ, ਮਨ, ਚਿੱਤ ਅਤੇ ਬੁੱਧੀ ਦੱਸੇ ਗਏ ਹਨ ਜਿਨ੍ਹਾਂ ਰਾਹੀਂ ਗਿਆਨ ਹਾਸਲ ਕੀਤਾ ਜਾ ਸਕਦਾ ਹੈ। ਆਪਣੀ ਗਿਆਨ ਇੰਦ੍ਰੀਆਂ ਅਤੇ ਕਰਮ ਇੰਦ੍ਰੀਆਂ ਰਾਹੀਂ ਹਰੇਕ ਇਨਸਾਨ, ਭਾਵੇਂ ਉਹ ਕਿਸੇ ਵੀ ਪਿਛੋਕੜ ਤੋਂ ਹੋਵੇ, ਕੁਦਰਤ ਦਾ ਅਤੇ ਹੋਰਨਾਂ ਸ਼ੈਆਂ ਦਾ ਗਿਆਨ ਹਾਸਲ ਕਰ ਸਕਦਾ ਹੈ। ਗਿਆਨ ਇੱਕ ਕੰਮ ਹੈ, ਗਿਆਨ ਹਾਸਲ ਕਰਨ ਲਈ ਹਰਕਤਸ਼ੀਲ ਹੋਣਾ ਪੈਂਦਾ ਹੈਜੋ ਹਰ ਇਨਸਾਨ ਕਰ ਸਕਦਾ ਹੈ। ਇਹ ਘੋਖ ਕਰਨ ਦਾ ਕੰਮ ਹੈ ਅਤੇ ਹਰੇਕ ਇਨਸਾਨ ਇਹ ਕੰਮ ਕਰਨ ਦੇ ਕਾਬਲ ਹੈ। ਹਰੇਕ ਇਨਸਾਨ ਕੋਲ ਇੰਦ੍ਰੀਆਂ ਅਤੇ ਕਾਬਲੀਅਤ ਮੌਜੂਦ ਹੈ। ਇਸ ਕਰਕੇ ਗਿਆਨ ਹਾਸਲ ਕਰਨ ਦਾ ਕੰਮ ਇਕ ਜਮਹੂਰੀ ਕੰਮ ਹੈ ਗਿਆਨੀ ਧਿਆਨੀ ਅਤੇ ਰੌਸ਼ਨ ਖ਼ਿਆਲ ਲੋਕਾਂ ਨੇ ਉਨ੍ਹਾਂ ਸਾਰੇ ਹੀ ਅਦਾਰਿਆਂ ਅਤੇ ਰਸਮਾਂ ਨੂੰ ਭੰਡਿਆ ਹੈ ਜੋ ਇਨਸਾਨ ਦੇ ਗਿਆਨ ਹਾਸਲ ਕਰਨ ਵਿਚ ਰੁਕਾਵਟ ਪਾਉਂਦੇ ਹਨ। ਗਿਆਨ ਦੀ ਲੋੜ ਤੇ ਗਿਆਨ ਹਾਸਲ ਕਰਨ ਦਾ ਅਮਲ ਇਨਸਾਨੀ ਹੋਂਦ ਤੋਂ ਪੈਦਾ ਹੁੰਦਾ ਹੈ ਅਤੇ ਇਨਸਾਨੀ ਵਜੂਦ ਦਾ ਹਿੱਸਾ ਹੈ। ਇਸ ਕਰਕੇ ਗੁਰੂ ਨਾਨਕ ਦੇਵ ਜੀ, ਭਗਤ ਰਵਿਦਾਸ ਅਤੇ ਹੋਰ ਰੌਸ਼ਨ ਖ਼ਿਆਲ ਹਸਤੀਆਂ ਨੇ ਔਰਤਾਂ ਅਤੇ ਸ਼ੂਦਰਾਂ ਉਤੇ ਗਿਆਨ ਹਾਸਲ ਕਰਨ ਦੀ ਪਾਬੰਦੀ ਦੀ ਪੁਰਜ਼ੋਰ ਨਿਖੇਧੀ ਕੀਤੀ

ਸੀ ਅਤੇ ਬ੍ਰਹਾਮਣਵਾਦ ਅਤੇ ਮੁੱਲਾਸ਼ਾਹੀ ਦੇ ਗਿਆਨ ਦੀ ਅਜਾਰੇਦਾਰੀ ਦੇ ਦਾਅਵਿਆਂ ਨੂੰ ਭੰਡਿਆ ਸੀ।

ਅੱਜ ਕਲ ਵੀ ਕਈ ਤਾਕਤਾਂ ਇਹ ਕੋਸ਼ਿਸ਼ ਕਰਦੀਆਂ ਹਨ ਕਿ ਆਮ ਲੋਕਾਂ ਨੂੰ ਗਿਆਨ ਤੋਂ ਵਾਂਝੇ ਰੱਖਿਆ ਜਾਵੇ ਤੇ ਉਨ੍ਹਾਂ ਨੂੰ ਗੁੰਮਰਾਹ ਕਰਕੇ ਆਪਣਾ ਉਲੂ ਸਿੱਧਾ ਕੀਤਾ ਜਾ ਸਕੇ ਪਰ ਉਨ੍ਹਾਂ ਦੀ ਇਹ ਕੋਸ਼ਿਸ਼ ਕਾਮਯਾਬ ਨਹੀਂ ਹੁੰਦੀ ਕਿਉਂਕਿ ਗਿਆਨ ਹਾਸਲ ਕਰਨਾ ਇਨਸਾਨ ਦੀ ਫਿਤਰਤ ਦਾ ਹਿੱਸਾ ਹੈ।

# ਸਮਾਜ ਅਤੇ ਰਿਸ਼ਤੇ

ਇਨਸਾਨ ਦਾ ਟੀਚਾ ਜਾਂ ਧਰਮ ਇਕ ਲੰਬੀ, ਖ਼ੁਸ਼ਹਾਲ ਤੇ ਆਜ਼ਾਦ ਜ਼ਿੰਦਗੀ ਬਸਰ ਕਰਨਾ ਹੈ। ਰਿਗਵੇਦ ਮੁਤਾਬਿਕ :

*ਜੀਵੇਮਸ਼ਰਦਸ਼ਤਮ*

ਕਾਸ਼! ਅਸੀਂ ਸੌ ਸਾਲ ਲੰਬੀ ਤੇ ਖ਼ੁਸ਼ ਜ਼ਿੰਦਗੀ ਬਤੀਤ ਕਰੀਏ।

ਇਨਸਾਨ ਦੀ ਸਾਰੀ ਸਰਗਰਮੀ ਇਨਸਾਨੀ ਵਜੂਦ ਨੂੰ ਸਥਾਪਤ ਅਤੇ ਕਾਇਮ ਰੱਖਣ ਲਈ ਹੀ ਹੈ। ਇਹ ਹਿਲਜੁਲ ਸਮਾਜ ਅਤੇ ਕੁਦਰਤ ਨੂੰ ਇਨਸਾਨ ਦੀਆਂ ਜਰੂਰਤਾਂ ਪੂਰੀਆਂ ਕਰਨ ਦੇ ਕਾਬਲ ਬਣਾਉਂਦੀ ਹੈ ਅਤੇ ਇਨਸਾਨ ਦੀ ਹੋਂਦ ਦੀ ਸੰਤੁਸ਼ਟੀ ਕਰਦੀ ਹੈ। **ਸਮਾਜ** ਸ਼ਬਦ ਦਾ ਅਰਥ ਹੀ ਇਕੋ ਥਾਂ ਤੇ ਪੈਦਾ ਹੋਏ ਹੁੰਦਾ ਹੈ।

ਰਿਗਵੇਦ ਦੇ ਸ਼ਲੋਕ ਮੁਤਾਬਿਕ :

***ਅਭੀਨੋਅਗਨੂ ਕਾਥਮੀਜੁਗੁਰਿਯਾਦ ਵਾਕਸ਼ਮਾਸਿੰਧਵਾਚ ਸ਼ਸਵਾਗੁਰਥਗਾਵਿਯਮ ਯਾਨਤ੍ਰਦੀਰਘਾਹੀਸ਼ਾਮਵਾਰਾਮਰੁਨੀਓਵਾਰਰਾਂਤ***

***"ਹੇ ਅਗਨੀ! ਅਸੀਂ ਧਰਤੀ, ਆਕਾਸ਼ ਅਤੇ ਪਾਣੀ ਵਿਚ ਹਰ ਪਾਸੇ ਸਰਗਰਮ ਹਾਂ ਤਾਂ ਕਿ ਦੌਲਤ, ਦੁੱਧ ਅਤੇ ਦਾਣਾਫੱਕਾ ਇਕੱਠਾ ਕਰਕੇ ਆਪਣੀਆਂ ਵਿਅਕਤੀਗਤ ਖ਼ੂਬੀਆਂ ਜਾਂ ਖਾਸੀਅਤ*** *(ਸਵਾਗੁਰਤਾ)* ***ਅਨੁਸਾਰ ਇਕ ਲੰਮਾ ਅਤੇ ਖ਼ੁਸ਼ ਜੀਵਨ ਬਤੀਤ ਕਰ ਸਕੀਏ। "***

ਜਿਸ ਤਰ੍ਹਾਂ ਉਪਰ ਦਸਿਆ ਹੈ ਸਮਾਜ ਸ਼ਬਦ ਦਾ ਮਤਲਬ ਇਕ ਹੀ ਸਥਾਨ ਜਾਂ ਸੋਮੇ ਤੋਂ ਪੈਦਾਇਸ਼ ਹੈ। ਇਸੇ ਲਈ ਰਿਗਵੇਦ ਦੇ ਸਮੇਂ ਵਿਚ ਸਭ ਦੇ ਸੁੱਖ ਤੇ ਰਾਖੀ ਦੀ ਗੱਲ ਕੀਤੀ ਗਈ ਹੈ।

***ਸਰਵੇ ਜਨਾਹਸੁਖੀਨੋਭਵੰਤੋ***

ਸਾਰੇ ਲੋਕ ਖ਼ੁਸ਼ਹਾਲ ਤੇ ਪ੍ਰਸੰਨ ਰਹਿਣ ਦਾ ਆਦਰਸ਼ *ਰਿਤਮ* ਦਾ ਆਦਰਸ਼ ਹੈ।

ਇਸ ਦੇ ਨਾਲ ਨਾਲ ਰਿਗਵੇਦ ਵਿਚ ਇਹ ਗੱਲ ਵੀ ਮੰਨੀ ਗਈ ਹੈ ਕਿ ਹਰੇਕ ਇਨਸਾਨ ਇਕ ਦੂਸਰੇ ਨਾਲੋਂ ਵੱਖ ਹੈ ਤੇ ਹਰੇਕ ਬੰਦੇ ਦੀਆਂ ਜ਼ਰੂਰਤਾਂ ਵੀ ਵੱਖੋ ਵੱਖਹਨ। ਇਹ ਵਿਅਕਤੀਆਂ ਦੀ ਸਮਾਨਤਾ ਅਤੇ ਅਸਮਾਨਤਾ ਨੂੰ ਸਮਝਦਾ ਹੈ ਤਾਂ ਕਿ ਹਰੇਕ ਦੀ

ਜ਼ਰੂਰਤ ਪੂਰੀ ਕਰਨ ਦਾ ਬੰਦੋਬਸਤ ਹੋ ਸਕੇ ਰਿਗਵੇਦ ਵਿਚ ਲਿਖਿਆ ਮਿਲਦਾ ਹੈ ਕਿ:

*ਦੇਖਣ ਨੂੰ  ਭਾਵੇ ਦੋ ਹੱਥ ਬੇਸ਼ੱਕ ਸਾਮਾਨ ਹਨ ਪਰ ਇਨ੍ਹਾਂ ਦੀ ਬਣਾਈ ਹੋਈ ਸ਼ੈਅ ਬਿਲਕੁਲ ਇਕੋ ਜਿਹੀ ਨਹੀਂ। ਇਕੋ ਹੀ ਮਾਂ ਦੀਆਂ ਜਾਈਆਂ ਗਊਆਂ ਵੀ ਇਕੋ ਜਿਹਾ ਦੁੱਧ ਨਹੀਂ ਦਿੰਦੀਆਂ। ਜੌੜੇ ਬੱਚੇ ਵੀ ਇਕੋ ਜਿਹੇ ਜ਼ੋਰ ਦੇ ਮਾਲਕ ਨਹੀਂ ਹੁੰਦੇ ਅਤੇ ਬੜੇ ਨੇੜੇ ਦੇ ਰਿਸ਼ਤੇਦਾਰਾਂ ਦੀ ਵੀ ਖ਼ੂਬੀ ਵੱਖੋ ਵੱਖਰੀ ਹੁੰਦੀ ਹੈ।*
*( ਮੰਡਲ 10-117-15)*

ਰਿਗਵੇਦ ਵਿਚ ਸਾਂਝੇ ਸੁਖ ਦੀ ਗੱਲ ਤੇ ਬਹੁਤ ਹੀ ਜ਼ੋਰ ਦਿਤਾ ਗਿਆ ਹੈ:

**ਸੂਕਤ 191 ਮੰਡਲ 10**

*ਸ਼ੰਸਮਿਦਯੁਵੇਵ੍ਰਸ਼ਨਾਗਣੇਵਿਸ਼ਵਾਨ੍ਰੀਯਾ ਆ*
*ਇੜਦਸਪਦੇਸਮੀਧਯਾਸੇ ਸਾ ਨੋ ਵਸੁਨਯਾ ਭਰ*

*ਹੇ ਚਮਕੀਲੀ ਅੱਗ ਜੋ ਸਾਨੂੰ ਬਹੁਤ ਸੁਖ ਦਿੰਦੀ ਹੈ ਅਤੇ ਦੁਨੀਆ ਦੇ ਸਾਰੇ ਤੱਤਾਂ ਨੂੰ  ਇਕੱਠਾ ਕਰਦੀ ਹੈ, ਸਾਡੇ ਗੀਤਾਂ ਰੂਪੀ ਬਾਲਣ ਨਾਲ ਸਾਡੇ ਕੋਲ ਆ।*

*ਸ਼ੰਗੱਛਧਵਮਸੰਵਦਧਾਵਮ ਸਾਨ ਵੋਮਨਾਨਸੀਜਾਨਤਾਮ*
*ਦੇਵਾ ਭਾਗਮ ਯਥਾ ਪੂਰਵੇਸੰਜਾਨਾਨਾਉਪਾਸਤੇ*

*ਅਸੀਂ ਇਕੱਠੇ ਚੱਲੀਏ, ਇਕੱਠੇ ਬੋਲੀਏ ਅਤੇ ਸਾਡੀ ਇਕ ਸੂਝ ਹੋਵੇ। ਜਿਸ ਤਰ੍ਹਾਂ ਸਾਡੇ ਵੱਢੇ ਵਡੇਰੇ ਇਕੱਠੇ ਬਹਿਕੇ ਇਕ ਸੇਧ ਨਾਲ ਆਪੋ ਆਪਣਾ ਹਿੱਸਾ ਗਿਆਨ ਅਤੇ ਸੂਝ ਨਾਲ ਲੈਂਦੇ ਸੀ।*

*ਸਮਾਨੋ ਮੰਤ੍ਰਾਹਾਸਮੀਤੀਹ ਸਮਾਨੀ ਸਮਾਨਮਮਨਾਹ ਸਾਹ ਚਿੱਤਾਮੇਸ਼ਾਮ*
*ਸਮਾਨਮ ਮੰਤ੍ਰਮਤੀਮੰਤ੍ਰਯੇਵਹਸਮਾਨੇਨ ਵੋ ਹਵੀਸ਼ਾਜੁਹੋਮੀ*

*ਸਾਡੀ ਸਾਂਝੀ ਰਾਏ ਹੋਵੇ, ਇਕੱਠ ਹੋਵੇ, ਦਿਲ ਅਤੇ ਨਿਸ਼ਾਨਾ ਸਾਂਝਾ ਹੋਵੇ। ਅਸੀਂ ਸਾਂਝੇ ਖ਼ਿਆਲ ਅਤੇ ਸਾਂਝੇ ਆਹਾਰ ਲਈ ਇਕੱਠੇ ਰਹੀਏ।*

*ਸਮਾਨੀ ਵਾ ਆਕੂਤੀਹ ਸਮਾਨਾ ਹ੍ਰਿਦਯਾਨੀ ਵਾਹ*
*ਸਮਾਨਮਅਸਤੂ ਵੋ ਮਨੋ ਯਥਾ ਵਹ ਸੁਸਹਾਸਤੀ*

*ਸਾਡਾ ਫੈਸਲਾ ਅਤੇ ਇਰਾਦਾ ਸਾਂਝਾ ਹੋਵੇ। ਸਾਡੇ ਦਿਲ ਸਾਂਝੇ ਹੋਣ। ਦਿਲੋਂ ਇਕ ਹੋਕੇ ਅਸੀਂ ਸਾਰੇ ਸੁੱਖੀ ਅਤੇ ਖੁਸ਼ ਰਹੀਏ।*

ਜਿਸ ਵੇਲੇ ਦੀਆਂ ਇਹ ਗੱਲਾਂ ਹਨ ਉਦੋਂ ਤੱਕ ਸਮਾਜ ਮਰਦਪ੍ਰਧਾਨ ਬਣ ਚੁੱਕਿਆ ਸੀ ਅਤੇ ਮਰਦ ਹੀ ਇਸ ਸਮਾਜ ਵਿਚ ਚੌਧਰੀ ਸਨ ਪਰ ਇਸਤ੍ਰੀ ਪ੍ਰਧਾਨ ਯੁੱਗ ਦੀਆਂ ਪਰੰਪਰਾਵਾਂ ਅਤੇ ਸੰਸਕਾਰ ਹਾਲੇ ਕਾਫ਼ੀ ਹੱਦ ਤਕ ਕਾਇਮ ਸੀ। ਔਰਤਾਂ ਦਾ ਦਰਜਾ ਅਜੇ ਗੁਲਾਮਾਂ ਵਾਲਾ ਨਹੀਂ ਸੀ ਹੋਇਆ। ਰਿਗਵੇਦ ਦੇ ਕਈ ਸੂਕਤ ਅਤੇ ਸ਼ਲੋਕ ਇਸ ਗੱਲ ਵੱਲ ਇਸ਼ਾਰਾ ਕਰਦੇ ਹਨ। ਕਿਹਾ ਜਾਂਦਾ ਹੈ ਕਿ ਰਿਗਵੇਦ ਦੇ **30** ਸੂਕਤ ਅਤੇ ਕਈ ਹੋਰ ਸ਼ਲੋਕ ਔਰਤਾਂ ਦੀ ਦੇਣ ਹਨ।

ਇਸ ਵੇਲੇ ਹਰ ਸਮਾਜੀ ਅਤੇ ਇਨਸਾਨੀ ਰੁਤਬਾ ਇਨਸਾਨ ਦੇ ਕਰਮ ਤੇ ਨਿਰਭਰ ਹੈ ਅਤੇ ਕਿਸੇ ਦਾ ਜਨਮ ਕਿਸ ਕੁਨਬੇ ਜਾਂ ਕੁਲ ਵਿਚ ਹੋਇਆ ਸੀ ਉਸ ਦੀ ਕੋਈ ਜ਼ਿਆਦਾ ਅਹਿਮੀਅਤ ਨਹੀਂ ਸੀ। ਸਿਰਫ਼ ਇਸ ਗੱਲ ਦੀ ਮਹੱਤਤਾ ਸੀ ਕਿ ਕੀ ਉਹ ਸਮਾਜ ਵਿਚ ਸ਼ਰੀਕ ਹੈ ਕਿ ਨਹੀਂ ਅਤੇ ਉਸ ਦਾ ਹਿੱਸਾ ਹੈ ਕਿ ਨਹੀਂ। ਇਸ ਵਕਤ ਜਨਮ ਜਾਂ ਕਰਮ ਦੇ ਆਧਾਰ ਤੇ ਕਿਸੇ ਨਾਲ ਕੋਈ ਵਿਤਕਰਾ ਨਹੀਂ ਹੁੰਦਾ ਦਿਸਦਾ। ਹਰੇਕ ਦੀਆਂ ਲੋੜਾਂ ਸਮਾਜ ਪੂਰੀਆਂ ਕਰਦਾ ਹੈ। ਇਸ ਵੇਲੇ ਜ਼ਾਤੀ ਅਤੇ ਸਮਾਜਿਕ ਹਿੱਤ ਸੁਰਮੇਲ ਲਗਦੇ ਹਨ।

ਪਰ ਰਿਗਵੇਦ ਦੇ ਹੀ ਆਖਰੀ ਮੰਡਲ ਦੇ ਆਖੀਰ ਵਿਚ ਸਾਨੂੰ ਇਸ ਸਮਾਜ ਵਿਚ ਕਿੱਤਿਆਂ ਦੀ ਵੰਡ ਕਰਕੇ ਜਿਸਮਾਨੀ ਅਤੇ ਦਿਮਾਗੀ ਕੰਮ ਵਿਚ ਵੰਡ ਦਿਸਣ ਲਗ ਪੈਂਦੀ ਹੈ ਅਤੇ ਬਾਅਦ ਵਿਚ ਇਨ੍ਹਾਂ ਕਿੱਤਿਆਂ ਦੀ ਵੰਡ ਕਰਕੇ ਸਮਾਜ ਦੀ ਵੰਡ ਨੂੰ ਪੱਕੀ ਕੀਤਾ ਦਿਸਦਾ ਹੈ। ਜ਼ਾਤਪਾਤ ਦੀ ਬੁਨਿਆਦ ਇਸ ਦੌਰ ਵਿਚ ਬਣਦੀ ਦਿਸਦੀ ਹੈ।

ਦਸਵੇਂ ਮੰਡਲ ਦੇ ਪੁਰਸ਼ ਸੂਕਤ ਮੁਤਾਬਿਕ ਅਕਾਲ ਪੁਰਖ ਦੇ ਜਿਸਮ ਵਿਚੋਂ ਸਮਾਜ ਦੀ ਚਾਰ ਹਿੱਸਿਆਂ ਵਿਚ ਵੰਡ ਹੋਈ:

> *"ਬ੍ਰਹਾਮਣੋਸਯਾਮੁਖਮਾਸੀਦਬਾਹੂਰਾਜਨਯਾਹਕਰੀਤਾਹ*
> *ਉਰੂਤਦਸਯਾਯਦਵੈਸ਼ਯਾਹਪਦਭਯਾਮਸ਼ੂਦਰੋਅਜਾਯਤ"*

> *ਉਸ ਦੇ ਸਿਰ ਤੋਂ ਬ੍ਰਾਹਮਣ, ਬਾਂਹਾਂ ਤੋਂ ਖੱਤਰੀ, ਜਾਂਘਾਂ ਤੋ ਵੈਸ਼ ਅਤੇ ਪੈਰਾਂ ਤੋਂ ਸ਼ੂਦਰ ਪੈਦਾ ਹੋਏ।*

ਇਹ ਉਸ ਸਮਾਜ ਦੀ ਝਲਕ ਹੈ ਜਿਸ ਵਿਚ ਕਿੱਤਿਆਂ ਦੀ ਵੰਡ ਕਾਇਮ ਹੋ ਚੁੱਕੀ ਹੈ ਅਤੇ ਇਸ ਵੰਡ ਦੇ ਆਧਾਰ ਤੇ ਸਮਾਜ ਚਲਦਾ ਹੈ। ਇਸ ਦੇ ਨਾਲ ਹੀ ਪਤੀ ਅਤੇ ਬਾਪ ਦਾ ਹੱਕ ਨਿਆਣਿਆਂ ਅਤੇ ਔਰਤਾਂ ਉਪਰ ਵੀ ਕਾਇਮ ਹੁੰਦਾ ਦਿਸਦਾ ਹੈ। ਸੰਪਤੀ, ਜਾਇਦਾਦ ਅਤੇ ਟੱਬਰ ਦਾ ਨਾਂ ਮਾਂ ਦੇ ਬਜਾਏ ਬਾਪ ਤੋਂ ਚਲਣ ਲੱਗ ਪਿਆ।

ਹਾਲਾਂਕਿ ਬਹੁਤ ਅਰਸੇ ਤੱਕ ਬੱਚੇ ਮਾਂ ਦੇ ਨਾਂਅ ਨਾਲ ਵੀ ਜਾਣੇ ਜਾਂਦੇ ਰਹੇ। ਮਿਸਾਲ ਦੇ ਤੌਰ ਤੇ ਕੁੰਤੀ ਦੇ ਪੁੱਤਰ ਕੌਂਤੇ ਵੀ ਕਹਾਉਂਦੇ ਰਹੇ।

ਸਮਾਜ ਦੀ ਇਹ ਵੰਡ ਸਮਾਜ ਵਿਚ ਕਾਇਮ ਰਿਸ਼ਤਿਆਂ ਦੀ ਝਲਕ ਸੀ ਅਤੇ ਇਸ ਨੂੰ ਸ਼ਾਸਤਰਾਂ ਅਤੇ ਗ੍ਰੰਥਾਂ ਵਿਚ ਜਾਇਜ਼ ਦੱਸਿਆ ਗਿਆ ਅਤੇ ਕਿਹਾ ਗਿਆ ਕਿ ਇਹ ਵੰਡ ਕੁਦਰਤੀ ਅਤੇ ਧਰਮ ਦੇ ਅਨੁਸਾਰ ਹੈ। "*ਬ੍ਰਾਹਮਣਾਂ ਦਾ ਧਰਮ ਜਾਂ ਉਨ੍ਹਾਂ ਦੀ ਕੁਦਰਤੀ ਬਿਰਤੀ ਅਤੇ ਫਿਤਰਤ ਗਿਆਨ ਹਾਸਿਲ ਕਰਨਾ, ਦਿਮਾਗੀ ਕੰਮ ਕਰਨਾ ਹੈ, ਕਸ਼ੱਤਰੀਆਂ ਦਾ ਧਰਮ ਰਾਖੀ ਅਤੇ ਰਾਜ ਕਾਜ ਦੇਖਣਾ ਅਤੇ ਵੈਸ਼ ਦਾ ਧਰਮ ਵਿਉਪਾਰ, ਖੇਤੀ ਆਦਿ ਕਰਨਾ ਅਤੇ ਸ਼ੂਦਰ ਦਾ ਧਰਮ ਇਨ੍ਹਾਂ ਸਭ ਦੀ ਸੇਵਾ ਕਰਨਾ ਹੈ। ਹਰੇਕ ਜਾਤ ਦਾ ਧਰਮ ਅਤੇ ਫਰਜ਼, ਹੱਕ ਅਤੇ ਜ਼ਿੰਮੇਵਾਰੀਆਂ ਹਨ।"*

ਹੌਲੀ ਹੌਲੀ ਇਹ ਵੰਡ ਜਮਾਂਦਰੂ ਹੋ ਗਈ। ਫਿਰ ਸਮਾਂ ਆਇਆ ਜਦੋਂ ਇਸ ਦੇ ਖ਼ਿਲਾਫ਼ ਲਹਿਰ ਉੱਠੀ। ਜਨਮਪ੍ਰਧਾਨ ਅਤੇ ਕਰਮਪ੍ਰਧਾਨ ਧਿਰ ਵਿਚ ਟਾਕਰਾ ਹੋ ਗਿਆ। ਜਨਮਪ੍ਰਧਾਨ ਸੰਕਲਪ ਦੇ ਹਿਮਾਇਤੀ ਬ੍ਰਾਮਣਵਾਦ ਅਤੇ ਇਸ ਦੇ ਸਾਥੀ ਕਸ਼ਤਰੀ ਰਾਜਿਆਂ ਅਤੇ ਹੋਰ ਲੋਟੂ ਧਿਰਾਂ ਦੇ ਹਿਮਾਇਤੀ ਅਤੇ ਨੁਮਾਇੰਦੇ ਬਣ ਗਏ। ਕਰਮਪ੍ਰਧਾਨਤਾ ਤੇ ਜ਼ੋਰ ਦੇਣ ਵਾਲੇ ਉਹ ਲੋਕ ਸਨ ਜੋ ਬ੍ਰਾਹਮਣਵਾਦ ਦੀ ਜਕੜ ਨੂੰ ਤੋੜ ਕੇ ਇਨਸਾਨ ਦੇ ਕਰਮ ਅਤੇ ਕਿਰਤ ਨਾਲ ਬਣਾਈ ਹੋਈ ਕਿਸਮਤ ਤੇ ਜ਼ੋਰ ਦਿੰਦੇ ਸਨ।

ਮੰਨੂ ਅਤੇ ਹੋਰਨਾਂ ਦੇ ਧਰਮ ਸ਼ਾਸਤਰ ਅਤੇ ਗ੍ਰਿਹ ਸੂਤਰ ਇਸ ਜਨਮਪ੍ਰਧਾਨ ਧਿਰ ਦੇ ਨੁਮਾਇੰਦੇ ਸੀ। ਮੰਨੂ ਕਹਿੰਦਾ ਹੈ:

"ਇਸ ਕਾਇਨਾਤ ਦੀ ਰਖਿਆ ਲਈ ਉਸਨੇ, ਜੋ ਕਿ ਸਾਰਿਆਂ ਤੋ ਵੱਧ ਸ਼ਾਨ ਵਾਲਾ ਹੈ, ਉਸਨੇ ਆਪਣੇ *ਮੂੰਹ, ਬਾਂਹਾਂ, ਲੱਤਾਂ* ਅਤੇ ਪੈਰਾਂ ਤੋਂ ਪੈਦਾ ਹੋਣ ਵਾਲਿਆਂ ਲਈ ਅੱਡ ਅੱਡ ਧਰਮ ਅਤੇ ਕਿੱਤੇ ਕਾਇਮ ਕੀਤੇ।

*ਬ੍ਰਾਹਮਣਾਂ ਨੂੰ ਉਸਨੇ ਪੜ੍ਹਨ ਅਤੇ ਪੜਾਉਣ, ਦੂਸਰਿਆਂ ਅਤੇ ਆਪਣੇ ਲਈ ਕਰਮ ਕਾਂਡ ਦਾ ਕੰਮ ਕਰਨ, ਦਾਨ ਦੇਣ ਅਤੇ ਲੈਣ ਦੇ ਕੰਮ ਮੁਕੱਰਰ ਕੀਤੇ।*
*ਖੱਤਰੀਆਂ ਦਾ ਕੰਮ ਅਤੇ ਧਰਮ ਲੋਕਾਂ ਦੀ ਰਾਖੀ, ਦਾਨ ਦੇਣਾ, ਕਰਮ ਕਾਂਡ ਕਰਨਾ, ਵੇਦ ਪੜ੍ਹਨੇ ਅਤੇ ਵਿਸ਼ਿਆਂ ਵਿਚ ਨਾ ਫਸਣਾ ਦਸਿਆ।*
*ਵੈਸ਼ਾਂ ਲਈ ਡੰਗਰਾਂ ਦੀ ਦੇਖ ਭਾਲ, ਦਾਨ ਦੇਣਾ, ਵੇਦ ਪੜਨਾ, ਕਰਜ਼ਾ ਦੇਣਾ ਅਤੇ ਖੇਤੀ ਬਾੜੀ ਦਾ ਕੰਮ ਮੁਕੱਰਰ ਕੀਤਾ ਗਿਆ।*
*ਉਸ ਸ਼ਾਨਾ ਵਾਲੇ ਰੱਬ ਨੇ ਸ਼ੂਦਰਾਂ ਲਈ ਸਿਰਫ਼ ਇਕ ਹੀ ਕੰਮ ਮੁਕੱਰਰ ਕੀਤਾ ਹੈ ਤੇ ਉਹ ਇਨ੍ਹਾਂ ਸਾਰੀਆਂ ਜਾਤਾਂ ਦੀ ਸੇਵਾ ਕਰਨਾ ਹੈ।"*

ਇਸ ਤਕਸੀਮ ਅਤੇ ਸੋਚ ਦੇ ਖ਼ਿਲਾਫ਼ ਕਰਮਪ੍ਰਧਾਨ ਧਿਰ ਨੇ ਆਪਣੀ ਆਵਾਜ਼ ਬੁਲੰਦ ਕੀਤੀ। ਪੰਜਾਬ ਅਤੇ ਹੋਰਨਾਂ ਥਾਂਵਾਂ ਤੇ

ਮਹਾਤਮਾ ਮਹਾਂਵੀਰ ਜੈਨ, ਮਹਾਤਮਾ ਬੁੱਧ, ਚਾਰਵਾਕ, ਲੋਕਾਯਾਤਾ, ਦੇਹਆਤਮਵਾਦੀ, ਕਸ਼ਣਭੰਗੁਰਵਾਦੀ ਅਤੇ ਕਈ ਉਪਨਿਸ਼ਦਾਂ ਨੇ ਕਰਮਪ੍ਰਧਾਨਤਾ ਤੇ ਜ਼ੋਰ ਦਿਤਾ। ਇਨ੍ਹਾਂ ਸਭਨਾਂ ਦਾ ਨਿਰਨਾ ਸੀ ਕਿ ਇਨਸਾਨ ਬ੍ਰਾਹਮਣ ਜਾਂ ਕਸ਼ੱਤਰੀ, ਗਿਆਨੀ ਅਤੇ ਬਹਾਦਰ ਆਪਣੇ ਕੰਮਾਂ ਨਾਲ ਬਣਦਾ ਹੈ, ਗਿਆਨ ਅਤੇ ਮਿਹਨਤ ਨਾਲ ਬਣਦਾ ਹੈ, ਜਨਮ ਦੇ ਆਧਾਰ ਤੇ ਨਹੀਂ। ਪਰ ਬ੍ਰਾਹਮਣਵਾਦ ਦੇ ਹਾਮੀ ਅਤੇ ਮੌਜੂਦ ਢਾਂਚੇ ਨੂੰ ਕਾਇਮ ਰਖਣ ਵਾਲੇ ਇਸ ਗੱਲ ਤੇ ਜ਼ੋਰ ਦਿੰਦੇ ਸਨ ਕਿ ਇਨਸਾਨ ਗਿਆਨੀ, ਬ੍ਰਾਹਮਣ, ਬਹਾਦਰ ਅਤੇ ਕਸ਼ੱਤਰੀ ਜਨਮ ਤੋਂ ਹੀ ਬਣਦਾ ਹੈ ਅਤੇ ਇਹ ਕੁਦਰਤ ਦਾ ਨਿਯਮ ਹੈ। ਵੇਦਾਂ ਵਿਚ ਇਹੋ ਗੱਲ ਦੱਸੀ ਗਈ ਹੈ ਅਤੇ ਸਿੱਕੇਬੰਦ ਕੀਤੀ ਗਈ ਹੈ। ਇਸ ਵਿਚਾਰ ਅਤੇ ਬੰਦੋਬਸਤ ਮੁਤਾਬਿਕ ਰੱਬ ਨੇ ਇਕ ਵਕਤ ਇਹ ਦੁਨੀਆ ਬਣਾ ਕੇ ਛੱਡ ਦਿਤੀ ਸੀ ਅਤੇ ਸਾਰੇ ਕਿੱਤੇ ਕਰਨ ਵਾਲਿਆਂ ਦੀ ਕਿਸਮਤ ਉਸ ਵਕਤ ਹੀ ਲਿਖ ਦਿਤੀ ਜੋ ਇਨਸਾਨ ਨਾਲ ਉਸ ਦੇ ਜਨਮ ਤੋਂ ਹੀ ਚਲਦੀ ਹੈ। ਇਸ ਨੂੰ ਇਨਸਾਨ ਆਪਣੇ ਕਰਮ ਨਾਲ ਬਦਲ ਨਹੀਂ ਸਕਦਾ। ਇਸ ਕਰਕੇ ਬ੍ਰਾਹਮਣ ਜਨਮ ਕਰਕੇ ਬ੍ਰਾਹਮਣ ਸੀ ਅਤੇ ਸ਼ੂਦਰ ਜਨਮ ਕਰਕੇ ਸ਼ੂਦਰ ਸੀ। ਇਹ ਕਿਹਾ ਜਾਣ ਲੱਗਾ ਕਿ ਵੇਦਾਂ ਵਿਚ ਦਰਜ ਹੈ ਕਿ ਰੱਬ ਨੇ ਆਪਣੇ ਸਿਰ ਤੋਂ ਬ੍ਰਾਹਮਣ ਅਤੇ ਧੜ ਤੋਂ ਕਸ਼ੱਤਰੀ, ਢਿੱਡ ਤੋਂ ਵੈਸ਼ ਅਤੇ ਪੈਰਾਂ ਤੋਂ ਸ਼ੂਦਰਾਂ ਨੂੰ ਸਾਜਿਆ ਅਤੇ ਇਸੇ ਮੁਤਾਬਿਕ ਉਨ੍ਹਾਂ ਦੇ ਸਮਾਜ ਵਿਚ ਕਿੱਤੇ ਵੀ ਸਾਜੇ।

ਦੂਜੇ ਪਾਸੇ ਉਹ ਲੋਕ ਸਨ ਜਿਹੜੇ ਕਹਿੰਦੇ ਸਨ ਕਿ ਰਿਗ ਵੇਦ ਵਿਚ ਦਰਜ ਹੈ ਕਿ ਇਹ ਸਾਰੀ ਪ੍ਰਕਿਰਤੀ ਆਪ ਹੀ ਹੋਂਦ ਵਿਚ ਆਈ ਹੈ ਅਤੇ ਇਸ ਪ੍ਰਕਿਰਤੀ ਦੇ ਪਦਾਰਥਾਂ ਕਰਕੇ ਹੀ ਚੇਤਨਾ ਬਣਦੀ ਹੈ। ਰਿਗਵੇਦ ਦੇ ਦੂਜੇ ਸੂਕਤ ਵਿਚ ਸੂਰਜ ਅਤੇ ਹਵਾ ਨੂੰ ਚੇਤਨਾ ਪ੍ਰਦਾਨ ਕਰਨ ਵਾਲਾ ਦੱਸਿਆ ਗਿਆ ਸੀ।

ਕਰਮਪ੍ਰਧਾਨ ਤੇ ਜਨਮਪ੍ਰਧਾਨ, ਦੋਵੇਂ ਧਿਰਾਂ, ਸਮਾਜ ਵਿਚ ਇਕ ਖ਼ਾਸ ਵਕਤ ਵਿਚ ਜੰਮੀਆਂ ਅਤੇ ਚਲਦੀਆਂ ਰਹੀਆਂ। ਰਿਗਵੇਦ ਦੇ ਪਹਿਲੇ ਹਿੱਸਿਆਂ ਵਿਚ ਸਾਨੂੰ ਇਹ ਦਵੰਦ ਨਜ਼ਰ ਨਹੀਂ ਆਉਂਦਾ। ਇਸ ਸਮੇਂ ਦਾ ਸਮਾਜ ਕੁਦਰਤ ਦੀਆਂ ਸ਼ਕਤੀਆਂ ਨਾਲ ਨਿਪਟ ਰਿਹਾ ਹੈ। ਇਸ ਵੇਲੇ ਮਨੁੱਖ ਕੁਦਰਤ ਨਾਲ ਨਜਿੱਠ ਕੇ ਆਪਣਾ ਇਤਿਹਾਸ ਆਪ ਬਣਾ ਰਿਹਾ ਹੈ। ਤਮਾਮ ਸਮਾਜ ਇਕੱਠਾ ਹੋਕੇ ਕੁਦਰਤ ਤੋਂ ਆਪਣੀਆਂ ਲੋੜਾਂ ਪੂਰੀਆਂ ਕਰਨ ਲਈ ਕਰਮਸ਼ੀਲ ਹੈ। ਉਹ ਕੁਦਰਤ ਦੀਆਂ ਤਾਕਤਾਂ ਦਾ ਨਿਰਨਾ ਕਰਕੇ, ਗਿਆਨ ਹਾਸਿਲ ਕਰਕੇ ਇਨ੍ਹਾਂ ਤਾਕਤਾਂ ਨੂੰ ਆਪਣੇ ਹਿਤਾਂ ਲਈ ਵਰਤਣ ਦੇ ਯਤਨ ਕਰਦੇ ਹਨ। ਉਹ ਹਰ ਸ਼ੈਅ ਅਤੇ ਹਰ ਚੀਜ਼ ਦਾ ਨਿਰਨਾ ਕਰਨ ਵਿਚ ਲੱਗੇ ਹਨ ਅਤੇ

ਇਹ ਤੱਤ ਕੱਢਦੇ ਹਨ ਕਿ ਹਰ ਸ਼ੈਅ ਹੋਂਦ ਵਿਚ ਆਉਂਦੀ ਹੈ ਅਤੇ ਫੇਰ ਗਾਇਬ ਹੋ ਜਾਂਦੀ ਹੈ ਅਤੇ ਆਪਣਾ ਰੂਪ ਅਤੇ ਖ਼ਾਸਾ ਬਦਲ ਲੈਂਦੀ ਹੈ। ਇਹ ਸਾਰੀ ਮਾਇਆ ਆਪਣੇ ਆਵਾਗਾਉਣ ਵਿਚ ਹੀ ਆਪਣਾ ਦਰਸ਼ਨ ਦਿੰਦੀ ਹੈ। ***ਸਰਵੇਜਨਾ ਸੁਖੀਨਾਮਭਵੰਤੂ*** ਇਸ ਦੌਰ ਦਾ ਬੁਨਿਆਦੀ ਅਸੂਲ ਹੈ। ਸਮਾਜ ਦਾ ਫਰਜ਼ ਹਰੇਕ ਇਨਸਾਨ ਨੂੰ ਖੁਸ਼ਹਾਲੀ ਅਤੇ ਰਖਵਾਲੀ ਪ੍ਰਦਾਨ ਕਰਨਾ ਹੈ।

ਜਨਮਪ੍ਰਧਾਨ ਖਿਆਲ ਦੇ ਹਾਮੀ ਕੁਝ ਵਿਦਵਾਨਾਂ ਅਤੇ ਰਿਸ਼ੀਆਂ ਨੇ ਪੰਜਾਬੀ ਦਰਸ਼ਨ ਦੇ ਪੁਰਾਣੇ ਇਸ ਨਿਰਨੇ ਨੂੰ ਰੱਦ ਕਰ ਦਿਤਾ ਕਿ ਹਰ ਸ਼ੈਅ ਹਮੇਸ਼ਾ ਬਦਲਦੀ ਰਹਿੰਦੀ ਹੈ ਤੇ ਆਵਾਗਾਉਣ ਹੀ ਕੁਦਰਤ ਦਾ ਬੁਨਿਆਦੀ ਅਸੂਲ ਹੈ। ਇਨ੍ਹਾਂ ਨੇ ਇਹ ਕਹਿਣਾ ਸ਼ੁਰੂ ਕਰ ਦਿੱਤਾ ਕਿ ਤਬਦੀਲੀ ਇਕ ਭੁਲੇਖਾ ਅਤੇ ਅਗਿਆਨਤਾ ਹੈ। ਪਰਮਾਤਮਾ ਨੇ ਦੁਨੀਆ ਸਦਾ ਲਈ ਬਣਾ ਦਿਤੀ ਹੈ ਅਤੇ ਇਸ ਵਿਚ ਕੋਈ ਤਬਦੀਲੀ ਨਹੀਂ ਚਾਹੁੰਦਾ। ਇਨਸਾਨ ਦਾ ਫਰਜ਼ ਹੈ ਕਿ ਬਜਾਏ ਇਸ ਨੂੰ ਬਦਲਣ ਦੀ ਥਾਂ ਇਸਨੂੰ ਸੱਚ ਮੰਨਕੇ ਆਪਣੇ ਜਨਮ ਅਨੁਸਾਰ ਆਪਣੇ ਫਰਜ਼ ਨੂੰ ਪੂਰਾ ਕਰੇ। ਇਹ ਖਿਆਲ ਵੀ ਜੜ੍ਹ ਫੜਨ ਲਗ ਪਿਆ ਕਿ ਪਰਮਾਤਮਾ ਉਹ ਸ਼ੈਅ ਹੈ ਜਿਸ ਵਿਚ ਕੋਈ ਤਬਦੀਲੀ ਨਹੀਂ ਹੋ ਸਕਦੀ। ਕਈਆਂ ਨੇ ਇਥੋਂ ਤੱਕ ਵੀ ਕਹਿਣਾ ਸ਼ੁਰੂ ਕਰ ਦਿਤਾ ਕਿਉਂਕਿ ਮਾਇਆ ਹਮੇਸ਼ਾ ਬਦਲਦੀ ਰਹਿੰਦੀ ਹੈ ਜਿਸ ਕਰਕੇ ਇਹ ਝੂਠ ਹੈ। ਇਹ ਸੱਚ ਨਹੀਂ ਹੈ। ਸੱਚਾ ਤਾਂ ਉਹ ਪਰਮੇਸ੍ਵਰ ਹੀ ਹੈ ਜੋ ਕਦੇ ਨਹੀਂ ਬਦਲਦਾ।

ਰਿਗਵੇਦ ਦੇ ਵਕਤ ਦੀ ਬੁਨਿਆਦੀ ਸੂਝ ਕਿ ਕੁਦਰਤ ਅਤੇ ਜਗਤ ਹਮੇਸ਼ਾ ਗਤੀਸ਼ੀਲ ਹਨ, ਦੇ ਬਿਲਕੁਲ ਉਲਟ ਇਹੋ ਜਿਹੇ ਖ਼ਿਆਲ ਦੱਸੇ ਜਾਣ ਲੱਗੇ। ਤਬਦੀਲੀ ਨੂੰ ਗਲਤ ਅਤੇ ਬੁਰਾ ਕਿਹਾ ਜਾਣ ਲੱਗ ਪਿਆ। ਇਹ ਗੱਲ ਬ੍ਰਾਹਮਣਵਾਦ ਅਤੇ ਉਸ ਦੇ ਪੈਰੋਕਾਰਾਂ ਦੇ ਬਹੁਤ ਰਾਸ ਆਈ। ਉਨ੍ਹਾਂ ਨੇ ਇਸ ਖਿਆਲ ਨੂੰ ਬਹੁਤ ਤਰਜੀਹ ਦਿਤੀ ਤੇ ਪ੍ਰਚਾਰਿਆ ਅਤੇ ਇਸ ਦੇ ਉਲਟ ਖਿਆਲ ਰਖਣ ਵਾਲਿਆਂ ਦੀ ਅਤੇ ਤਬਦੀਲੀ ਅਤੇ ਕਰਮਪ੍ਰਧਾਨਤਾ ਦੀ ਗੱਲ ਕਰਨ ਵਾਲਿਆਂ ਦੀ ਨਿਖੇਧੀ ਕੀਤੀ ਅਤੇ ਉਨ੍ਹਾਂ ਉਤੇ ਤਸ਼ੱਦਦ ਵੀ ਕੀਤਾ ਗਿਆ। ਕਿਹਾ ਜਾਂਦਾ ਹੈ ਕਿ ਚਾਰਵਾਕ ਅਤੇ ਕਰਮਪ੍ਰਧਾਨਤਾ ਦੀ ਗੱਲ ਕਰਨ ਵਾਲਿਆਂ ਹੋਰਨਾਂ ਦੇ ਸਾਰੇ ਗ੍ਰੰਥ ਵੀ ਤਬਾਹ ਕਰ ਦਿਤੇ ਗਏ। ਬੁੱਧ ਮੱਤ ਨੂੰ ਪੰਜਾਬ ਅਤੇ ਹਿੰਦੁਸਤਾਨ ਵਿਚੋਂ ਖਦੇੜ ਦਿਤਾ ਗਿਆ। ਬ੍ਰਾਹਮਣਵਾਦ ਫਿਰ ਉਪਰ ਆ ਗਿਆ।

ਹਰ ਸਮਾਜਿਕ ਪ੍ਰਾਣੀ ਦਾ ਇਹ ਫਰਜ਼ ਬਣਾ ਦਿਤਾ ਕਿ ਉਹ ਆਪਣੇ ਜਨਮ ਨੂੰ ਭੁਲ ਕੇ ਕਰਮ ਦੀ ਗੱਲ ਨਾ ਕਰੇ ਅਤੇ ਇਸੇ ਵਿਚ ਉਸਦੀ ਆਪਣੀ ਅਤੇ ਸਮਾਜ ਦੀ ਭਲਾਈ ਹੈ। ਧਰਮ ਸ਼ਾਸਤਰ੍ਹਾਂ ਅਤੇ ਸਮ੍ਰਿਤੀਆਂ ਵਿਚ ਇਹ ਗੱਲ ਹੋਰ ਪੱਕੀ ਕਰ ਦਿਤੀ ਗਈ। ਇਨਸਾਨ ਜਨਮ ਦੀ ਜਕੜ ਵਿਚ ਬੰਨ੍ਹ ਦਿਤਾ ਗਿਆ। ਕਰਮ ਨੂੰ ਜਨਮ ਨਾਲੋਂ ਨੀਵਾਂ ਦੱਸਿਆ ਗਿਆ। ਜਿਹੜੇ ਲੋਕ ਆਪਣੀ ਮਿਹਨਤ ਅਤੇ ਹੱਥਾਂ ਨਾਲ ਕੰਮ ਕਰਦੇ ਸਨ ਉਨ੍ਹਾ ਨੂੰ ਕਮੀਣ ਅਤੇ ਨੀਚ ਦਸਿਆ ਗਿਆ। ਇਸ ਦੇ ਨਾਲ ਹੀ ਇਹ ਗੱਲ ਵੀ ਕਹੀ ਜਾਣ ਲਗ ਪਈ ਕਿ ਇਨਸਾਨ ਦਾ ਮੌਜੂਦਾ ਜਨਮ ਉਸ ਦੇ ਪੁਰਾਣਿਆਂ ਜਨਮਾਂ ਦੇ ਕਰਮਾਂ ਦੇ ਹਿਸਾਬ ਨਾਲ ਰੱਬ ਵਲੋਂ ਹੀ ਨਿਰਧਾਰਤ ਹੋਇਆ ਹੈ ਅਤੇ ਉਸ ਨੂੰ ਇਹ ਗੱਲ ਮੰਨ ਲੈਣੀ ਚਾਹੀਦੀ ਹੈ ਅਤੇ ਇਸ ਨੂੰ ਬਦਲਣ ਦੀ ਕੋਸ਼ਿਸ਼ ਨਹੀਂ ਕਰਨੀ ਚਾਹੀਦੀ। ਇਸ ਹਿਸਾਬ ਅਤੇ ਨਜ਼ਰੀਏ ਮੁਤਾਬਿਕ ਬ੍ਰਾਹਮਣ ਆਪਣੇ ਪਿਛਲੇ ਜਨਮਾਂ ਦੇ ਚੰਗੇ ਕਰਮਾਂ ਕਰਕੇ ਹੀ ਬ੍ਰਾਹਮਣ ਬਣੇ ਸਨ ਅਤੇ ਸ਼ੂਦਰ ਅਤੇ ਔਰਤਾਂ ਆਪਣੇ ਪਿਛਲੇ ਜਨਮ ਦੇ ਮਾੜਿਆਂ ਕਰਮਾਂ ਕਰਕੇ ਹੀ ਸ਼ੂਦਰ ਜਾਂ ਔਰਤਾਂ ਬਣੇ ਹਨ। ਇਸ ਜਨਮ ਵਿਚ ਜੇ ਉਨ੍ਹਾਂ ਨੇ ਆਪਣੇ ਫਰਜ਼ ਚੰਗੀ ਤਰ੍ਹਾਂ ਨਿਭਾਏ ਤਾਂ ਅਗਲੇ ਜਨਮ ਵਿਚ ਉਨ੍ਹਾਂ ਦੀ ਮੁਕਤੀ ਹੋ ਸਕਦੀ ਹੈ ਜਾਂ ਉਹ ਆਪ ਬ੍ਰਾਹਮਣ ਜਾਂ ਕਸ਼ੱਤਰੀ ਦਾ ਜਨਮ ਲੈ ਸਕਦੇ ਹਨ। ਧਰਮ ਸ਼ਾਸਤਰ੍ਹਾਂ ਅਤੇ ਸਿਮਰਿਤੀਆਂ ਨੇ ਇਸ ਜ਼ਾਤਪਾਤ ਦੇ ਹਿਸਾਬ ਨਾਲ ਸੱਭਦੇ ਫਰਜ਼ ਵਿਸਥਾਰ ਨਾਲ ਦੱਸੇ ਜਿਸ ਨਾਲ ਇਸ ਸਾਰੇ ਬੰਦੋਬਸਤ ਨੂੰ ਹੋਰ ਮਜ਼ਬੂਤ ਕੀਤਾ ਗਿਆ। ਇਨ੍ਹਾਂ ਸਾਰੇ ਹੀ ਫਰਜ਼ਾਂ ਦੀ ਬੁਨਿਆਦ ਜਨਮ ਪ੍ਰਧਾਨਤਾ ਸੀ। ਇਥੋਂ ਤੱਕ ਕਹਿ ਦਿਤਾ ਸੀ ਕਿ ਆਪਣੇ ਕਰਮ ਨਾਲ ਕੋਈ ਇਸ ਜਨਮ ਦੇ ਸੰਸਕਾਰ ਨਹੀਂ ਬਦਲ ਸਕਦਾ। ਅਗਲੇ ਜਨਮ ਵਿਚ ਹੀ ਕੋਈ ਹੋਰ ਗਲਬਾਤ ਹੋ ਸਕਦੀ ਹੈ। ਪਰ ਕਿਉਂਕਿ ਜੀਵਨ ਗਤੀਮਾਨ ਹੈ, ਅਤੇ ਆਵਾਗਮਨ ਕੁਦਰਤ ਦਾ ਇਕ ਨਿਯਮ ਹੈ ਇਸ ਲਈ ਇਸ ਸਾਰੀ ਵਿਵਸਥਾ ਅਤੇ ਬੰਦੋਬਸਤ ਅਤੇ ਵਿਚਾਰਧਾਰਾ ਨੂੰ ਚੁਨੌਤੀ ਦੇਣ ਵਾਲੇ ਵੀ ਉਠਦੇ ਰਹੇ ਅਤੇ ਕਰਮਪ੍ਰਧਾਨਤਾ ਦਾ ਹੋਕਾ ਦਿੰਦੇ ਰਹੇ।

ਬ੍ਰਾਹਮਣਵਾਦ ਵਾਂਗ ਹੀ ਇਸਲਾਮ ਦੇ ਹਿੰਦੁਸਤਾਨ ਵਿਚ ਆਉਣ ਬਾਅਦ ਮੁੱਲਾ ਸ਼ਾਹੀ ਨੇ ਵੀ ਜਨਮ ਪ੍ਰਧਾਨਤਾ, ਜ਼ਾਤਪਾਤ, ਕਿੱਤਿਆਂ ਦੀ ਵੰਡ ਅਤੇ ਸਮਾਜ ਵਿਚ ਕਾਇਮ ਰਿਸ਼ਤਿਆਂ ਨੂੰ ਬਰਕਰਾਰ ਰੱਖਣ ਤੇ ਹੀ ਜ਼ੋਰ ਦਿੱਤਾ।

ਸਮਾਜ ਵਿਚ ਇਨ੍ਹਾਂ ਰਿਸ਼ਤਿਆਂ ਖ਼ਿਲਾਫ਼ ਜੋਗੀਆਂ, ਸਾਧੂਆਂ, ਸੰਤਾਂ, ਗੁਰੂਆਂ, ਸੂਫ਼ੀਆਂ ਪੀਰਾਂ ਅਤੇ ਰੌਸ਼ਨ ਖ਼ਿਆਲ ਲੋਕਾਂ ਨੇ ਫਿਰ ਇਕ ਵੱਡੀ ਲਹਿਰ ਨੂੰ ਜਨਮ ਦਿੱਤਾ। ਇਸ ਨੇ ਜ਼ਾਤਪਾਤ, ਮਰਦਸ਼ਾਹੀ

ਅਤੇ ਇਸ ਦੀ ਬੁਨਿਆਦ ਤੇ ਚਲਦੇ ਸਮਾਜ ਦੀ ਨਿਖੇਧੀ ਕੀਤੀ ਅਤੇ ਇਕ ਨਵੇਂ ਸਮਾਜ ਨੂੰ ਉਸਾਰਨ ਲਈ ਲੋਕਾਂ ਨੂੰ ਵੰਗਾਰਿਆ।

ਬਾਬਾ ਫਰੀਦ ਕਹਿੰਦੇ ਹਨ:

*ਫਰੀਦਾ ਇਸ ਜਹਾਨ ਬਿਚਿ ਇ ਤ੍ਰੈ ਚੰਗੇ ਟੋਲ*
*ਹੱਥ ਡੇਵੇ ਨਚਿ ਚਲੇ ਮੁਖੇ ਮਿਠਾ ਬੋਲ*

*ਫਰੀਦਾ ਇਸ ਜਹਾਨ ਵਿਚ ਤਿੰਨੇ ਟੋਲ ਕਰੇਨਿ*
*ਮਿਠਾ ਬੋਲਣ, ਨਿਵ ਚਲਣ ਹਥਹੁੰ ਭਿ ਕੁਛ ਦੇਇਨ*

*ਦਿਲਹੁ ਮੁਹਬਤਿ ਜਿਨ ਸੇਈ ਸਚਿਆ*
*ਜਿਨ ਮਨਿ ਹੋਰ ਮੁਖਿ ਹੋਰ ਸਿ ਕਾਂਢੇ ਕਚਿਆ*

*ਰਤੇ ਇਸਕ ਖ਼ੁਦਾਇ ਰੰਗਿ ਦੀਦਾਰ ਕੇ*
*ਵਿਸਰਿਆ ਜਿਨ ਨਾਮ ਤੇ ਭੁਇ ਭਾਰੁ ਥੀਏ*

*ਬੋਲੀਐ ਸਚੁ ਧਰਮੁ ਝੁਠ ਨ ਬੋਲੀਐ*
*ਜੇ ਗੁਰੁ ਦਸੈ ਵਾਟ ਮੁਰੀਦਾ ਜੋਲੀਐ*

ਜਨਮਪ੍ਰਧਾਨ, ਮਰਦਪ੍ਰਧਾਨ ਅਤੇ ਲੋਟੂ ਰਿਸ਼ਤਿਆਂ ਵਾਲੇ ਸਮਾਜ ਦੇ ਖ਼ਿਲਾਫ਼ ਗੁਰੂ ਨਾਨਕ ਦੇਵ ਜੀ ਸਾਹਿਬ ਨੇ ਇਕ ਨਵੇਂ ਸਮਾਜ ਦੀ ਉਸਾਰੀ ਲਈ ਕਈ ਬੁਨਿਆਦੀ ਸਿਧਾਂਤ ਪੇਸ਼ ਕੀਤੇ:

**ਕਿਰਤ ਕਰੋ:** ਗੁਰੂ ਨਾਨਕ ਦੇਵ ਜੀ ਨੇ ਇਹ ਸਿੱਟਾ ਕੱਢਿਆ ਕਿ ਸਮਾਜ ਵਿਚ ਕਿਰਤ ਹੀ ਕੁਦਰਤ ਦੇ ਸੋਮਿਆਂ ਤੋਂ ਦੌਲਤ ਪੈਦਾ ਕਰਦੀ ਹੈ। ਇਸ ਕਰਕੇ ਉਨ੍ਹਾਂ ਨੇ ਕਿਰਤ ਕਰਨ ਦਾ ਪੈਗਾਮ ਦਿੱਤਾ ਅਤੇ ਸਮਾਜ ਵਿਚ ਉਨ੍ਹਾਂ ਰਿਸ਼ਤਿਆਂ ਨੂੰ ਭੰਡਿਆ ਜਿਸ ਵਿਚ ਕਿਰਤੀ ਦੀ ਕਿਰਤ ਦੇ ਫਲ ਨੂੰ ਵਿਹਲੜ ਆਪਣੇ ਜ਼ੋਰ ਨਾਲ ਹਥਿਆ ਲੈਂਦੇ ਹਨ।

**ਵੰਡ ਕੇ ਛਕੋ:** ਉਨ੍ਹਾਂ ਨੇ ਇਹ ਸਿੱਟਾ ਵੀ ਕੱਢਿਆ ਕਿ ਲੋਕਾਂ ਦੀ ਸਾਂਝੀ ਕਿਰਤ ਅਤੇ ਇਕ ਦੂਜੇ ਨਾਲ ਸਹਿਯੋਗ ਨਾਲ ਹੀ ਕੁਦਰਤ ਦੇ ਸੋਮਿਆਂ ਤੇ ਦੌਲਤ ਪੈਦਾ ਹੁੰਦੀ ਹੈ। ਇਸ ਲਈ ਇਸ ਤਰ੍ਹਾਂ ਪੈਦਾ ਕੀਤੀ ਹੋਈ ਦੌਲਤ ਵੀ ਸਾਂਝੀ ਹੋਣੀ ਚਾਹੀਦੀ ਹੈ ਤੇ ਲੋੜ ਮੁਤਾਬਿਕ ਵੰਡ ਕੇ ਛਕਣੀ ਚਾਹੀਦੀ ਹੈ।

**ਨਾਮ ਜਪੋ:** ਗੁਰੂ ਨਾਨਕ ਦੇਵ ਜੀ ਨੇ ਇਸ ਨਵੇਂ ਸਮਾਜ ਦੀ ਉਸਾਰੀ ਲਈ ਜ਼ਮੀਰ ਦੀ ਆਜ਼ਾਦੀ ਨੂੰ ਇੱਕ ਮੁੱਢਲਾ ਅਸੂਲ ਦੱਸਿਆ।

ਇਨਸਾਨ ਦੀ ਜ਼ਮੀਰ ਵਿਚ ਰਾਜਾ, ਸਰਕਾਰ, ਜਾਂ ਹੋਰ ਅਦਾਰੇ ਜਿਵੇਂ ਕਿ ਮੰਦਰ, ਮਸੀਤ ਆਦਿ ਦਾ ਕੋਈ ਦਖ਼ਲ ਨਹੀਂ ਹੋਣਾ ਚਾਹੀਦਾ ਹੈ। ਇਨਸਾਨ ਦੀ ਜ਼ਮੀਰ ਦੀ ਆਜ਼ਾਦੀ ਬਗੈਰ ਨਵਾਂ ਸਮਾਜ ਨਹੀਂ ਬਣ ਸਕਦਾ।

**ਮਾਨਸ ਕੀ ਜਾਤ ਇਕ ਹੈ ਅਨੁਸਾਰ** ਜ਼ਾਤਪਾਤ, ਛੂਆਛੂਤ ਖਤਮ ਕਰਕੇ ਨਵੇਂ ਰਿਸ਼ਤੇ ਕਾਇਮ ਕਰਨ ਲਈ ਬਰਾਬਰਤਾ ਦਾ ਹੋਕਾ ਦਿਤਾ। ਔਰਤ ਅਤੇ ਮਰਦ ਇਸ ਨਵੇਂ ਸਮਾਜ ਵਿਚ ਬਰਾਬਰੀ ਦਾ ਦਰਜਾ ਰੱਖਣਗੇ।

ਗੁਰੂ ਨਾਨਕ ਦੇਵ ਜੀ ਸਮੇਤ ਸਾਰੇ ਹੀ ਗੁਰੂਆਂ ਅਤੇ ਭਗਤਾਂ ਨੇ ਬ੍ਰਾਹਮਣਵਾਦ ਅਤੇ ਮੁੱਲਾਸ਼ਾਹੀ ਵਲੋਂ ਖੜ੍ਹੇ ਕੀਤੇ ਵਿਤਕਰੇ ਸਮਾਜੀ ਅਤੇ ਸਿਆਸੀ ਵਿਤਕਰੇ ਅਤੇ ਜਬਰ ਦੇ ਖ਼ਿਲਾਫ਼ ਆਪਣੀ ਆਵਾਜ਼ ਉਠਾਈ ਅਤੇ ਇਸਨੂੰ ਭੰਡਿਆ। ਗੁਰਬਾਣੀ ਵਿਚ ਜ਼ਿਕਰ ਹੈ:

**ਅੰਗ 142, ਸਤਰ 15 -- ਗੁਰੂ ਨਾਨਕ ਦੇਵ**
ਜਾਤੀ ਦੈ ਕਿਆ ਹਥਿ ਸਚੁ ਪਰਖੀਐ ॥

**ਅੰਗ 349, ਸਤਰ 13 -- ਗੁਰੂ ਨਾਨਕ ਦੇਵ**
ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ

**ਅੰਗ 349, ਸਤਰ 13 -- ਗੁਰੂ ਨਾਨਕ ਦੇਵ**
ਜਾਣਹੁ ਜੋਤਿ ਨ ਪੂਛਹੁ ਜਾਤੀ ਆਗੈ ਜਾਤਿ ਨ ਹੇ

**ਅੰਗ 353, ਸਤਰ 4 -- ਗੁਰੂ ਨਾਨਕ ਦੇਵ**
ਹਮਰੀ ਜਾਤਿ ਪਤਿ ਸਚੁ ਨਾਉ ॥

**ਅੰਗ 363, ਸਤਰ 11 -- ਗੁਰੂ ਅਮਰ ਦਾਸ**
ਆਗੈ ਜਾਤਿ ਰੂਪੁ ਨ ਜਾਇ ॥

**ਅੰਗ 514, ਸਤਰ 17 -- ਗੁਰੂ ਅਮਰ ਦਾਸ**
ਅਗੈ ਨਾਉ ਜਾਤਿ ਨ ਜਾਇਸੀ ਮਨਮੁਖਿ ਦੁਖੁ ਖਾਤਾ

**ਅੰਗ 574, ਸਤਰ 18 -- ਗੁਰੂ ਰਾਮ ਦਾਸ**

ਜਾਤਿ ਅਜਾਤਿ ਨਾਮੁ ਜਿਨ ਧਿਆਇਆ ਤਿਨ ਪਰਮ ਪਦਾਰਥੁ ਪਾਇਆ ॥

**ਅੰਗ 838, ਸਤਰ 19 -- ਗੁਰੂ ਨਾਨਕ ਦੇਵ**

ਅਮਰੁ ਅਜੋਨੀ ਜਾਤਿ ਨ ਜਾਲਾ ॥

**ਅੰਗ 733, ਸਤਰ 7 -- ਗੁਰੂ ਰਾਮ ਦਾਸ**

ਨੀਚ ਜਾਤਿ ਹਰਿ ਜਪਤਿਆ ਉਤਮ ਪਦਵੀ ਪਾਇ ॥

**ਅੰਗ 733, ਸਤਰ 9 -- ਗੁਰੂ ਰਾਮ ਦਾਸ**

ਪਤਿਤ ਜਾਤਿ ਉਤਮੁ ਭਇਆ ਚਾਰਿ ਵਰਨ ਪਏ ਪਗਿ ਆਇ

**ਅੰਗ 768, ਸਤਰ 13 -- ਗੁਰੂ ਅਮਰ ਦਾਸ**

ਹਰਿ ਭਗਤਾ ਕੀ ਜਾਤਿ ਪਤਿ ਹੈ ਭਗਤ ਹਰਿ ਕੈ ਨਾਮਿ ਸਮਾਣੇ ਰਾਮ ॥

**ਅੰਗ 1075, ਸਤਰ 13 -- ਗੁਰੂ ਅਰਜਨ ਦੇਵ**

ਵਰਨੁ ਜਾਤਿ ਚਿਹਨੁ ਨਹੀ ਕੋਈ ਸਭ ਹੁਕਮੇ ਸ੍ਰਿਸਟਿ ਉਪਾਇਦਾ

**ਅੰਗ 1079, ਸਤਰ 6 -- ਗੁਰੂ ਅਰਜਨ ਦੇਵ**

ਸਿਮਰਹਿ ਜਾਤਿ ਜੋਤਿ ਸਭਿ ਵਰਨਾ

**ਅੰਗ 1096, ਸਤਰ 1 -- ਗੁਰੂ ਅਰਜਨ ਦੇਵ**

ਤੁਧੁ ਰੂਪੁ ਨ ਰੇਖਿਆ ਜਾਤਿ ਤੂ ਵਰਨਾ ਬਾਹਰਾ

**ਅੰਗ 1127, ਸਤਰ 19 -- ਗੁਰੂ ਅਮਰ ਦਾਸ**

ਜਾਤਿ ਕਾ ਗਰਬੁ ਨ ਕਰਿ ਮੂਰਖ ਗਵਾਰਾ ॥

**ਅੰਗ 1178, ਸਤਰ 14 -- ਗੁਰੂ ਰਾਮ ਦਾਸ**

ਜਾਤਿ ਅਜਾਤਿ ਕੋਈ ਪ੍ਰਭ ਧਿਆਵੈ ਸਭਿ ਪੂਰੇ ਮਾਨਸ ਤਿਨਛੇ

**ਅੰਗ 1188, ਸਤਰ 3 -- ਗੁਰੂ ਨਾਨਕ ਦੇਵ**

ਤਾ ਕੈ ਜਾਤਿ ਨ ਪਾਤੀ ਨਾਮ ਲੀਨ ॥

**ਅੰਗ 1198, ਸਤਰ 2 -- ਗੁਰੂ ਨਾਨਕ ਦੇਵ**

ਜਾਤਿ ਬਰਨ ਕੁਲ ਸਹਸਾ ਚੂਕਾ ਗੁਰਮਤਿ ਸਬਦਿ ਬੀਚਾਰੀ

**ਅੰਗ 1230, ਸਤਰ 18 -- ਗੁਰੂ ਅਰਜਨ ਦੇਵ**

ਜਾਤਿ ਜਨਮ ਕੁਲ ਖੋਈਐ ਹਉ ਗਾਵਉ ਹਰਿ ਹਰੀ

**ਅੰਗ 1256, ਸਤਰ 11 -- ਗੁਰੂ ਨਾਨਕ ਦੇਵ**
ਜਾਤਿ ਕੁਲੀਨੁ ਸੇਵਕੁ ਜੇ ਹੋਇ ॥

**ਅੰਗ 1330, ਸਤਰ 8 -- ਗੁਰੂ ਨਾਨਕ ਦੇਵ**
ਜਾਤਿ ਜਨਮੁ ਨਹ ਪੂਛੀਐ ਸਚ ਘਰੁ ਲੇਹੁ ਬਤਾਇ ॥

**ਅੰਗ 1330, ਸਤਰ 8 -- ਗੁਰੂ ਨਾਨਕ ਦੇਵ**
ਸਾ ਜਾਤਿ ਸਾ ਪਤਿ ਹੈ ਜੇਹੇ ਕਰਮ ਕਮਾਇ ॥

**ਅੰਗ 1345, ਸਤਰ 18 -- ਗੁਰੂ ਨਾਨਕ ਦੇਵ**
ਜਾਤਿ ਵਰਨ ਤੇ ਭਏ ਅਤੀਤਾ ਮਮਤਾ ਲੋਭੁ ਚੁਕਾਇਆ

ਬੁੱਲ੍ਹੇ ਸ਼ਾਹ ਹੋਰਾਂ ਨੇ ਵੀ ਆਪਣੇ ਵਕਤ ਦੇ ਸਮਾਜੀ ਰਿਸ਼ਤਿਆਂ ਨੂੰ ਭੰਡਿਆ ਅਤੇ ਜ਼ਮੀਰ ਦੀ ਆਜ਼ਾਦੀ ਲਈ ਲੋਕਾਂ ਨੂੰ ਜਾਗਰਿਤ ਕੀਤਾ ਅਤੇ ਇਕ ਨਵੇਂ ਸਮਾਜ ਦੀ ਕਲਪਨਾ ਕੀਤੀ ਜਿਸ ਵਿਚ ਸਭ ਦਾ ਭਲਾ ਅਤੇ ਸਭ ਦੇ ਹਿਤ ਸੁਰਮੇਲ ਹੋਣ:

*ਬੁੱਲਿਆ ਧਰਮਸਾਲਾ ਵਿਚ ਨਾਹੀ, ਜਿਥੇ ਮੋਮਨ ਭੋਗ ਪਵਾਏ*
*ਵਿਚ ਮਸੀਤਾਂ ਧੱਕੇ ਮਿਲਦੇ, ਮੁੱਲਾਂ ਤਿਉੜੀ ਪਾਏ*
*ਦੌਲਤ ਮੰਦਾ ਨੇ ਬੂਹਿਆਂ ਉੱਤੇ ਚੋਬਦਾਰ ਬਹਾਏ*
*ਪਕੜ ਦਰਵਾਜ਼ਾ ਰੱਬ ਸੱਚੇ ਦਾ ਜਿੱਥੋਂ ਦੁੱਖ ਦਿਲ ਦਾ ਮਿਟ ਜਾਏ*

*ਮੁਲਾਂ ਕਾਜ਼ੀ ਸਾਨੂੰ ਰਾਹ ਬਤਾਵਣ*
*ਦੇਣ ਭਰਮ ਦੇ ਫੇਰੀ*
*ਇਹ ਤਾਂ ਠੱਗ ਜਗਤ ਦੇ*
*ਜਿਹਾ ਲਾਵਣ ਜਾਲ ਚੁਫੇਰੀਂ*
*ਕਰਮ ਸ਼ਰ੍ਹਾ ਦੇ ਧਰਮ ਬਤਾਵਣ*
*ਸੰਗਲ ਪਾਵਣ ਪੈਰੀ*
*ਜ਼ਾਤ ਮਜ਼ਹਬ ਇਹ ਇਸ਼ਕ ਨਾ ਪੁੱਛਦਾ*
*ਇਸ਼ਕ ਸ਼ਰ੍ਹਾ ਦਾ ਵੈਰੀ*

*ਭੱਠ ਨਮਾਜ਼ਾਂ ਤੇ ਚਿੱਕੜ ਰੋਜ਼ੇ ਕਲਮੇ ਤੇ ਫਿਰ ਗਈ ਸਿਹਾਈ*
*ਬੁੱਲ੍ਹੇ ਸ਼ਾਹ ਸ਼ਹੁ ਅੰਦਰੋਂ ਮਿਲਿਆ ਭੁਲੀ ਫਿਰੇ ਲੋਕਾਈ।*

*ਦਾਣੇ ਉੱਤੇ ਗੁੱਤ ਬਿਗੂਤੀ, ਘਰ ਘਰ ਪਈ ਲੜਾਈ*
*ਅਸਾਂ ਕਰੀਏਤਦਾਹੀਂ ਜਾਲੇ, ਜਦਾਂ ਕਣਕ ਉਨ੍ਹਾਂ ਟਰਘਾਈ*

*ਖਾਏ ਖ਼ੈਰਾ ਤੇ ਫਾਟੀਏ ਜੁੰਮਾ, ਉਲਟੀ ਦਸਤਕ ਲਾਈ*
*ਬੁੱਲ੍ਹਾਂ ਤੋੜੇ ਮਾਰ ਬਾਗ਼ਾਂ ਥੀ ਕੱਢੇ, ਉੱਲੂ ਰਹਿਣ ਉਸ ਜਾਈ।*

*ਨਾ ਮੈਂ ਅਰਬੀ ਨਾ ਲਾਹੌਰੀ, ਨਾ ਮੈਂ ਹਿੰਦੀ ਸ਼ਹਿਰ ਨਗੌਰੀ*
*ਨਾ ਹਿੰਦੂ ਨਾ ਤੁਰਕ ਪਸ਼ੌਰੀ, ਨਾ ਮੈਂ ਰਿਹੰਦਾ ਵਿਚ ਨਦੌਨ।*

*ਬੇਦ ਕੁਰਾਨਾਂ ਪੜ ਪੜ ਥੱਕੇ, ਸਜਦੇ ਕਰਦਿਆਂ ਘਸ ਗਏ ਮੱਥੇ*
*ਨਾ ਰੱਬ ਤੀਰਥ ਨਾ ਰੱਬ ਮੱਕੇ, ਜਿਸ ਪਾਯਾ ਤਿਸ ਨੂਰ ਅਨਵਾਰ*

*ਇਲਮੋਂ ਪਏ ਕਜ਼ੀਏ ਹੋਰ, ਅੱਖੀਂ ਵਾਲੇ ਅੰਨੇ ਕੋਰ*
*ਫੜੇ ਸਾਧ ਤੇ ਛੱਡੇ ਚੋਰ, ਦੋਹੀਂ ਜਹਾਨੀਂ ਹੋਇਆ ਖ਼ੁਆਰ*

*ਇਲਮੋਂ ਮੀਆਂ ਜੀ ਕਹਾਵੇਂ, ਤੰਬਾ ਚੁੱਕ ਚੁੱਕ ਮੰਡੀ ਜਾਵੇ*
*ਧੇਲਾ ਲੈ ਕੇ ਛੁਰੀ ਚਲਾਵੇਂ, ਨਾਲ ਕਸਾਈਆਂ ਬਹੁਤ ਪਿਆਰ*

*ਬਾਹਮਣ ਆਨ ਜਜਮਾਨ ਡਰਾਏ, ਪਿੱਤਰ ਪੀੜ ਦੱਸ ਤਰਮ ਦੁੜਾਏ*
*ਆਪੇ ਦੱਸ ਕੇ ਜਤਨ ਕਰਾਏ, ਪੂਜਾ ਸ਼ੁਰੂ ਕਰਾਈ ਏ*
*ਗੁਲ ਰੌਲਾ ਲੋਕਾਂ ਪਾਈ ਏ।*

*ਕਿਤੇ ਰਾਮਦਾਸ ਕਿਤੇ ਫਤਿਹ ਮੁਹੰਮਦ ਇਹੋ ਕਦੀਮੀ ਸ਼ੋਰ*
*ਮਿਟ ਗਿਆ ਦੋਹਾਂ ਦਾ ਝਗੜਾ ਨਿਕਲ ਪਿਆ ਕੋਈ ਹੋਰ*

*ਇਹੋ ਤੁਸੀਂ ਵੀ ਆਖੇ ਸਾਰੇ ਆਪ ਗੁੱਡੀ ਆਪ ਡੋਰ*
*ਮੈ ਦਸਨਾ ਤੁਸੀਂ ਪਕੜ ਲਿਆਉ ਬੁੱਲ੍ਹੇ ਸ਼ਾਹ ਦਾ ਚੋਰ।*

*ਹਿੰਦੂ ਨਾਂ ਨਹੀਂ ਮੁਸਲਮਾਨ*
*ਬਹੀਏ ਤ੍ਰਿੰਜਣ ਤਜ ਅਭਿਮਾਨ*
*ਸੁਨੀਂ ਨਾਂ ਨਹੀਂ ਹਮ ਸ਼ਈਆ*
*ਸੁਲ੍ਹਾ ਕੁਲ ਕਾ ਮਾਰਗ ਲੀਆ*

*ਮੁਕਬਲ ਕਾਜ਼ੀਆਂ ਬਾਰੇ ਕਹਿੰਦਾ ਹੈ:*

*ਹੀਰ ਰੋਇ ਕੇ ਆਖਦੀ ਕਾਜ਼ੀਏ ਨੂੰ*
*ਮੀਆਂ ਕੇਹੀਆ ਰਿਕਤਾਂ ਚਾਈਆ ਨੇ?*
*ਲੈ ਕੇ ਰਿਸ਼ਵਤਾਂ ਕਰੇਂ ਖ਼ੁਸ਼ਾਮਦਾਂ ਜੋ*
*ਗਲ੍ਹੇ ਆਪਣੇ ਫਾਹੀਆਂ ਪਾਈਆਂ ਨੇ*

ਵਾਰਿਸ ਸ਼ਾਹ ਹੁਰਾਂ ਵੀ ਸਮਾਜ ਦੀ ਇਸ ਬਣਤਰ ਅਤੇ ਇਸ ਵਿਚ ਇਨਸਾਨ ਵਿਰੋਧੀ ਰਿਸ਼ਤਿਆਂ ਨੂੰ ਭੰਡਿਆ। ਮੁੱਲਾਸ਼ਾਹੀ ਦੇ ਪਖੰਡ ਬਾਰੇ ਉਹ ਕਹਿੰਦੇ ਹਨ:

*ਦਾਹੜੀ ਸ਼ੇਖ਼ ਦੀ ਅਮਲ ਸ਼ੈਤਾਨ ਵਾਲੇ ਕੇਹਾ ਰਾਣਿਉਂ ਜਾਂਦਿਆਂ ਰਾਹੀਆਂ ਨੂੰ*

*ਅੱਗੇ ਕੱਢ ਕੁਰਾਨ ਤੇ ਬਹੇਂ ਮਿੰਬਰ ਕੇਹਾ ਅੱਡਿਓ ਮਕਰ ਦੀਆਂ ਫਾਹੀਆਂ ਨੂੰ*
*ਕੇਹਾ ਹਿਰਸ ਦਾ ਜਾਲ ਖਲਾਰਿਆ ਈ ਢੂੰਡੇ ਉਡੰਦੀਆਂ ਛੱਡ ਕੇ ਫਾਹੀਆਂ ਨੂੰ*
*ਖੋਤੀ, ਭੇਡ ਤੇ ਬੱਕਰੀ ਰਗੜ ਕਢੋਂ ਛੱਡੋ ਕੁਆਰੀਆਂ ਨ ਵਿਆਹੀਆਂ ਨੂੰ*
*ਲਏਂ ਰਿਸ਼ਵਤਾਂ ਰੱਬ ਤੋਂ ਨਾਂਹ ਡਰੇਂ ਅੱਗੇ ਅਜ਼ਲ ਦੇ ਕਰੇਂ ਅਕੜਾਈਆਂ ਨੂੰ*
*ਵਾਰਿਸ ਸ਼ਾਹ ਵਿਚ ਹੁਜਰਿਆਂ ਫੇਅਲ ਕਰਦੇ ਮੁਲਾਂ ਜੋਤਰੇ ਲਾਉਂਦੇ ਵਾਹੀਆਂ ਨੂੰ*

*ਅੰਨ੍ਹੇ ਕੋਹੜੀਆਂ ਲੂਲ੍ਹਿਆਂ ਵਾਂਗ ਬੈਠੇ ਕੁਰਆ ਮਰਨ ਜਹਾਨ ਦਾ ਮਾਰਦੇ ਹੋ*
*ਬਾਸ ਹਲਵਿਆਂ ਦੀ ਖ਼ਬਰ ਮੁਰਦਿਆਂ ਦੀ ਜਿਊਂਦੇ ਨਾਲ ਦਵਾਈਆਂ ਮਾਰਦੇ ਹੋ*
*ਸ਼ਰਾਅ ਚਾ ਸਰਪੋਸ਼ ਬਣਾਇਆ ਜੇ ਰਵਾਦਾਰ ਵੱਡੇ ਗੁਨਾਹਗਾਰ ਦੇ ਹੋ*
*ਵਾਰਿਸ ਸ਼ਾਹ ਖ਼ੁਦਾ ਦੇ ਖ਼ਾਨਿਆਂ ਨੂੰ  ਏਹ ਮੁਲਾਂ ਭੀ ਚੁੰਬੜੇਹੈਣ ਬਲਾਈਂ*

ਸੁਲਤਾਨ ਬਾਹੂ ਵੀ ਇਨ੍ਹਾਂ ਰਿਸ਼ਤਿਆਂ ਬਾਰੇ ਕਹਿੰਦੇ ਹਨ:

*ਉੱਚੇ ਮਜ਼ਹਬਾਂ ਦੇ ਦਰਵਾਜ਼ੇ*
*ਰਾਹ ਰਬਾਨਾ ਮੋਰੀ ਹੂ*
*ਪੰਡਿਤਾਂ ਤੇ ਮੁਲਵਾਨਿਆਂ ਕੋਲੋਂ*
*ਜੋ ਲੰਘਿਆ ਸੋ ਚੋਰੀ ਹੂ*
*ਜੇ ਰੱਬ ਮਿਲਦਾ ਜਤੀਆਂ ਸਤੀਆਂ*
*ਮਿਲਦਾ ਖੱਸੀ ਢੱਗਿਆਂ ਹੂ*

ਇਸ ਦੌਰ ਵਿਚ ਗਿਆਨਵਾਨ ਅਤੇ ਰੌਸ਼ਨਖ਼ਿਆਲ ਲੋਕਾਂ ਨੇ ਰਾਜੇ ਅਤੇ ਮਰਦ ਦੀ ਧੌਂਸ ਦੇ ਖ਼ਿਲਾਫ਼ ਆਵਾਜ਼ ਉਠਾਈ ਅਤੇ ਨਵੇਂ ਰਿਸ਼ਤੇ ਉਸਾਰਨ ਦਾ ਸੱਦਾ ਦਿਤਾ। ਵਾਰਿਸ ਸ਼ਾਹ ਸਮਾਜ ਦੇ ਸਾਰੇ ਗਲੇ ਸੜੇ ਰਿਸ਼ਤੇ ਅਤੇ ਅਦਾਰਿਆਂ ਦੀ ਝਲਕ ਦਿੰਦਾ ਹੈ। ਉਹ ਆਪਣੇ ਵਕਤ ਦੇ ਟੱਬਰ, ਰੀਤੀ ਰਿਵਾਜਾਂ, ਧਰਮਾਂ ਅਤੇ ਹੋਰ ਸਾਰੇ ਰਿਸ਼ਤਿਆਂ ਤੇ ਝਾਤ ਮਾਰ ਕੇ ਇਨ੍ਹਾਂ ਦੀ ਅਸਲੀਅਤ ਪੇਸ਼ ਕਰਦਾ ਹੈ ਕਿ ਇਹ ਰਿਸ਼ਤੇ ਹੁਣ ਸੜ ਗਏ ਹਨ ਅਤੇ ਨਵੇਂ ਰਿਸ਼ਤਿਆਂ ਦੀ ਲੋੜ ਹੈ। ਉਹ ਦੱਸਦਾ ਹੈ ਕਿ ਸਮਾਜ ਦੇ ਸਾਰੇ ਰਿਸ਼ਤੇ ਇਕ ਨਵੀਂ ਉਸਾਰੀ ਦੀ ਮੰਗ ਕਰਦੇ ਹਨ:

*ਇਸ ਘੁੰਡ ਵਿਚ ਬਹੁਤ ਖਵਾਰੀਆਂ ਨੇ ਅੱਗ ਲਾਇ ਕੇ ਘੁੰਡ ਨੂੰ ਸਾੜੀਏ ਨੀ*
*ਘੁੰਡ ਹੁਸਨ ਦੀ ਆਬ ਛੁਪਾ ਲੈਂਦਾ ਵਢੇ ਘੁੰਡ ਵਾਲੀ ਰੜੇ ਮਾਰੀਏ ਨੀ*
*ਘੁੰਡ ਆਸ਼ਕਾਂ ਦੀ ਬੇੜੀ ਡੋਬ ਦੇਂਦਾ ਮੈਨਾ ਤਾੜ ਨਾ ਪਿੰਜਰੇ ਮਾਰੀਏ ਨੀ*
*ਤਦੋਂ ਇਹ ਜਹਾਨ ਸਭ ਨਜ਼ਰ ਆਵੇ ਜਦੋਂ ਘੁੰਡ ਨੂੰ  ਚਾ ਉਤਾਰੀਏ ਨੀ*
*ਘੁੰਡ ਅੰਨਿਆਂ ਕਰੇ ਸੁਜਾਖਿਆਂ ਨੂੰ  ਘੁੰਡ ਮੂੰਹ ਉੱਤੋਂ ਲਾਹ ਲਾੜੀਏ ਨੀ*
*ਵਾਰਸ ਸ਼ਾਹ ਨਾ ਦਬੀਏ ਮੋਤੀਆਂ ਨੂੰ  ਫੁਲ ਅੱਗ ਦੇ ਵਿਚ ਨਾ ਸਾੜੀਏ ਨੀ*

ਘੁੰਡ ਨੂੰ ਉਹ ਇਨ੍ਹਾਂ ਗਲੇ ਸੜੇ ਰਿਸ਼ਤਿਆਂ, ਸਮਾਜ ਦੇ ਅੰਧਵਿਸ਼ਵਾਸਾਂ, ਤਾਅਸੁਬਾਂ ਅਤੇ ਜਹਾਲਤ ਦਾ ਪ੍ਰਤੀਕ ਬਣਾ ਕੇ ਪੇਸ਼

ਕਰਦਾ ਹੈ। ਘੁੰਡ ਇਨਸਾਨ ਦੀ ਅਸਲੀਅਤ ਤੇ ਪਰਦਾ ਪਾ ਦੇਂਦਾ ਹੈ ਅਤੇਜੋ ਕੁਝ ਹੁੰਦਾ ਹੈ ਨਜ਼ਰ ਨਹੀਂ ਆਉਂਦਾ। ਘੁੰਡ ਕਰਕੇ ਇਨਸਾਨ ਜੋ ਕੁਝ ਉਸਦੇ ਇਰਦ ਗਿਰਦ ਹੋ ਰਿਹਾ, ਹੋਰਨਾਂ ਨਾਲ ਹੁੰਦਾ ਹੈ ਉਹ ਵੇਖਦਾ ਨਹੀਂ। ਕੌਣ ਕੀ ਕਰ ਰਿਹਾ ਹੈ ਅਤੇ ਕਿਉਂ ਕਰ ਰਿਹਾ ਹੈ ਇਹ ਸਭ ਕੁਝ ਓਸਨੂੰ ਨਹੀਂ ਦਿਸਦਾ। ਆਪਣੀ ਤਾਕਤ ਅਤੇ ਰਾਜਭਾਗ ਕਾਇਮ ਰੱਖਣ ਲਈ ਤਰ੍ਹਾਂ ਤਰ੍ਹਾਂ ਦੇ ਘੁੰਡ ਉਹ ਲੋਕ ਇਜਾਦ ਕਰਦੇ ਹਨ ਜਿਨ੍ਹਾਂ ਨੂੰ ਇਨ੍ਹਾਂ ਤੁਅਸਬਾਂ, ਜਹਾਲਤ ਅਤੇ ਗਲ ਸੜ ਰਹੇ ਸਮਾਜੀ ਰਿਸ਼ਤਿਆਂ ਤੋਂ ਨਫ਼ਾ ਲੱਭਦਾ ਹੈ।

ਔਰਤਾਂ ਨੂੰ ਗੁਲਾਮ ਬਣਾ ਕੇ ਘੁੰਡ ਕੱਢਣ ਲਈ ਮਰਦਸ਼ਾਹੀ ਨੇ ਇਸ ਵਾਸਤੇ ਹੀ ਮਜਬੂਰ ਕੀਤਾ ਸੀ ਕਿ ਉਹ ਅਪਣੇ ਹਾਲਾਤ ਨੂੰ ਸਹੀ ਤਰੀਕੇ ਨਾਲ ਨਾ ਵੇਖ ਸਕਣ। ਤਦੇ ਵਾਰਿਸ ਸ਼ਾਹ ਹੋਰੀਂ ਕਹਿੰਦੇ ਨੇ ਕਿ ਘੁੰਡ **ਅੰਨ੍ਹਿਆਂ ਕਰੇ ਸੁਜਾਖਿਆਂ ਨੂੰ** । ਅਗਿਆਨਤਾ ਅਤੇ ਅੰਧ ਵਿਸ਼ਵਾਸ ਦਾ ਘੁੰਡ ਵੀ ਸੁਜਾਖਿਆਂ ਨੂੰ ਵੀ ਅੰਨ੍ਹਾ ਬਣਾ ਦਿੰਦਾ ਹੈ। ਜ਼ਿੰਦਗੀ ਦੀ ਅਸਲੀਅਤ ਇਸ ਘੁੰਡ ਕਰਕੇ ਨਹੀਂ ਦਿਸਦੀ। ਹਰ ਸ਼ੈਅ ਦੀ ਕੀ ਅਸਲੀਅਤ ਹੈ, ਇਹ ਕਿਸ ਤਰ੍ਹਾਂ ਚਲ ਰਹੀ ਹੈ, ਇਸਦੀ ਕੀ ਵਜ੍ਹਾ ਹੈ? ਇਹ ਸਭ ਕੁਝ ਘੁੰਡ ਵਿਚ ਲੁਕਿਆ ਰਹਿ ਜਾਂਦਾ ਹੈ। ਸ਼ਾਹ ਹੋਰੀਂ ਇਸੇ ਕਰਕੇ ਕਹਿੰਦੇ ਨੇ ਕਿ ਘੁੰਡ ਹੁਸਨ ਦੀ ਆਬ ਛੁਪਾ ਲੈਂਦਾ ਤੇ ਇਸ ਘੁੰਡ ਵਿਚ ਬਹੁਤ ਖਵਾਰੀਆਂ ਨੇ।

ਮਿਹਨਤਕਸ਼ ਅਤੇ ਰੌਸ਼ਨ ਖਿਆਲ ਲੋਕ ਇਕ ਇਨਸਾਫ ਦੀ ਜ਼ਿੰਦਗੀ ਜੀਣਾ ਚਾਹੁੰਦੇ ਨੇ ਪਰ ਜਦੋਂ ਜ਼ਿੰਦਗੀ ਦੀ ਅਸਲੀਅਤ ਇਸ ਦੀ ਤੋਰ ਅਤੇ ਇਸ ਦਾ ਹੁਸਨ ਛੁਪ ਜਾਂਦਾ ਹੈ ਤਾਂ ਲੋਕਾਈ ਦਾ ਭੈੜਾ ਹਾਲ ਹੁੰਦਾ ਹੈ। ਇਹ ਘੁੰਡ ਆਪਣੇ ਆਪ ਨਹੀਂ ਲਹਿੰਦਾ ਅਤੇ ਨਾ ਹੀ ਲਹੇਗਾ। ਇਸ ਨੂੰ ਲਾਹੁਣ ਲਈ ਲੋਕਾਂ ਨੂੰ ਉਦਮ ਕਰਨ ਦੀ ਲੋੜ ਹੈ। ਮਸਲਿਆਂ ਦੇ ਹੱਲ ਲਈ ਉਦਮ ਕਰਨ ਨਾਲ ਹੀ ਇਨਸਾਨ ਨੂੰ ਅਕਲ ਅਤੇ ਸਮਝ ਮਿਲਦੀ ਹੈ ਤੇ ਘੁੰਡ ਚੁੱਕਿਆ ਜਾਂਦਾ ਹੈ। ਸ਼ਾਹ ਹੋਰੀਂ ਫਰਮਾਂਉਂਦੇ ਨੇ ***ਤਦੋਂ ਇਹ ਜਹਾਨ ਸਭ ਨਜ਼ਰ ਆਵੇ ਜਦੋਂ ਘੁੰਡ ਨੂੰ ਚਾ ਉਤਾਰੀਏ ਨੀ*** ਇਸ ਘੁੰਡ ਨੂੰ ਉਤਾਰਨ ਬਗੈਰ ਚਾਰਾ ਨਹੀਂ ਹਾਲਾਤ। ਪਰਦਾ ਉਠੇ ਤੇ ਅਸਲੀਅਤ ਦਿਸਣ ਲਗ ਪਵੇ ਤਾਂ ਹਾਲਾਤ ਬਦਲਣ ਲਈ ਕਿਸ ਚੀਜ਼ ਦੀ ਲੋੜ ਹੈ, ਕੀ ਕਰਨ ਦੀ ਲੋੜ ਹੈ, ਵੀ ਸਾਫ ਦਿਸਣ ਲੱਗ ਪੈਂਦਾ ਹੈ। ਵਾਰਸ ਸ਼ਾਹ ਕਹਿੰਦੇ ਹਨ ***ਘੁੰਡ ਨੂੰ ਸਾੜੀਏ ਅੱਗ ਲਾਇਕੇ ਨੀ*** ਕਿਉਕਿ ਇਹ ਘੁੰਡ ਲੁੱਟਖਸੁਟ, ਜ਼ੁਲਮ ਅਤੇ ਜਬਰ ਦੇ ਰਿਸ਼ਤਿਆਂ ਦੀ ਉਪਜ ਹੈ ਅਤੇ ਇਨ੍ਹਾਂ ਰਿਸ਼ਤਿਆਂ ਨੂੰ ਹੀ ਬਰਕਰਾਰ ਰਖਦਾ ਹੈ। ਇਸ ਲਈ ਇਨ੍ਹਾਂ ਰਿਸ਼ਤਿਆਂ ਨੂੰ ਅਤੇ ਇਸ ਘੁੰਡ ਨੂੰ ਸਾੜਨ ਦੀ ਲੋੜ ਹੈ ਤਾਂ ਕਿ ਇਹ ਜਬਰ ਤੇ ਜ਼ੁਲਮ ਦੇ ਰਿਸ਼ਤਿਆਂ ਦਾ ਸਿਲਸਿਲਾ ਖਤਮ ਹੋਵੇ। ਅੱਗ ਨਾਲ ਸਾੜੀ ਹੋਈ ਚੀਜ਼

ਦਾ ਦੁਬਾਰਾ ਹੋਂਦ ਵਿਚ ਆਉਣਾ ਮੁਸ਼ਕਲ ਹੁੰਦਾ ਹੈ। ਇਸ ਕਰਕੇ ਪਰਦੇਬਾਜ਼ੀ ਦੇ ਇਸ ਸਾਰੇ ਸਿਲਸਿਲੇ ਨੂੰ ਹੂੰਝਾ ਫੇਰਨ ਦੀ ਲੋੜ ਹੈ।

ਸਮਾਜ ਦੇ ਇਨ੍ਹਾਂ ਰਿਸ਼ਤਿਆਂ ਦੀ ਅਸਲੀਅਤ ਨੂੰ ਵਾਰਿਸ ਇੰਜ ਵਿਖਾਉਂਦਾ ਹੈ:

*ਜਾਹਲ ਫ਼ਾਸਕ ਜੱਗ ਨੂੰ ਮੱਤ ਦੇਦੇ ਦਾਨਸ਼ਮੰਦ ਦੀ ਮੱਤ ਖਵਾਰ ਹੋਈ*
*ਹੱਕ ਸੱਚ ਦੀ ਗੱਲ ਨ ਕਰੇ ਕੋਈ ਝੂਠ ਬੋਲਣਾ ਰਸਮ ਸੰਸਾਰ ਹੋਈ*
*ਮਜਲਸ ਲਾਇ ਕੇ ਕਰਨ ਹਰਾਮ ਏਕਾ ਹੱਥ ਜ਼ਾਲਮਾਂ ਤੇਜ਼ ਕਟਾਰ ਹੋਈ*
*ਸੂਬੇਦਾਰ ਨ ਹਾਕਮ ਸ਼ਾਹ ਕੋਈ ਰਈਅਤ ਮੁਲਕ ਤੇ ਸਭ ਉਜਾੜ ਹੋਈ*
*ਪਿਆ ਮੁਲਕ ਦੇ ਵਿਚ ਹੈ ਬੜਾ ਰੌਲਾ ਹਰ ਕਿਸੇ ਦੇ ਹੱਥ ਤਲਵਾਰ ਹੋਈ*
*ਪੜਦਾ ਸਤਰ ਹਿਆ ਦਾ ਉੱਠ ਗਿਆ ਨੰਗੀ ਹੋਇ ਕੇ ਪਲਕ ਬਾਜ਼ਾਰ ਹੋਈ*
*ਚੋਰ ਚੌਧਰੀ ਧਾਰ ਤੇ ਪਾਕ ਦਾਮਨ ਭੂਤ ਮੰਡਲੀ ਇਕ ਦੋ ਚਾਰ ਹੋਈ*

ਖ਼ਵਾਜਾ ਗ਼ੁਲਾਮ ਫ਼ਰੀਦ ਵੀ ਮੁਲਾਸ਼ਾਹੀ ਨੂੰ ਭੰਡਦੇ ਹਨ:

*ਮੁੱਲਾ ਪੁਠੜੇ ਮਾਅਨੇ ਕਰਦੇ*
*ਆਯਤ ਦਰਸ ਹਦੀਸ ਖ਼ਬਰ ਦੇ*
*ਸਿਰਫ਼ ਸਦਾ ਤੇ ਥੀਏ ਮਗਰੂਰ*

*ਮੁਲਾਂ ਵੈਰੀ ਸਖਤ ਡਸੇਂਦੇ*
*ਬੇਸ਼ਕ ਹਨ ਉਸਤਾਦ ਦਿਲੇਂਦੇ*
*ਇਬਨੁਲ ਅਰਬੀ ਤੇ ਮਨਸੂਰ*

*ਮਲਵਾਣੇ ਦੇ ਵਾਅਜ਼ ਨਾ ਭਾਣੇ*
*ਬੇਸ਼ੱਕ ਸਾਡਾ ਦੀਨ ਇਮਾਣੇ*
*ਇਬਨੁਲ ਅਰਬੀ ਦਾ ਦਸਤੂਰ*

ਕਾਦਰ ਯਾਰ ਵੀ ਆਪਣੇ ਪੂਰਨ ਭਗਤ ਦੇ ਕਿੱਸੇ ਵਿਚ ਇਸ ਧੌਂਸ ਦੇ ਖ਼ਿਲਾਫ਼ ਲਿਖਦਾ ਹੈ:

*ਅਲਫ਼ ਆਖ ਸਖੀ ਸਿਆਲਕੋਟ ਅੰਦਰ*
*ਪੂਰਨ ਪੁਤ ਸਲਵਾਨ ਨੇ ਜਾਇਆ ਈ*
*ਜਦੋਂ ਜੰਮਿਆਂ ਰਾਜੇ ਨੂੰ ਖ਼ਬਰ ਹੋਈ*
*ਸਦ ਪੰਡਤਾਂ ਵੇਦ ਪੜ੍ਹਾਇਆ ਈ।*
*ਬਾਰ੍ਹਾਂ ਬਰਸ ਨਾ ਰਾਜਿਆ ਮੂੰਹ ਲੱਗੀਂ*
*ਦੇਖ ਪੰਡਤਾਂ ਵੇਦ ਫਰਮਾਇਆ ਈ*
*ਕਾਦਰਯਾਰ ਮੀਆਂ ਪੂਰਨ ਭਗਤ ਤਾਂਈ*
*ਬਾਪ ਜੰਮਦਿਆਂ ਹੀ ਭੋਰੇ ਪਾਇਆ ਈ।*
*ਬੇ ਬੇਦ ਉੱਤੇ ਜਿਵੇਂ ਲਿਖਿਆ ਸੀ*
*ਤਿਵੇਂ ਪੰਡਤਾਂ ਆਖਿ ਸੁਣਾਇ ਦਿਤਾ*

*ਪੂਰਨ ਇਕ ਹਨੇਰਿਓਂ ਨਿਕਲਿਆ ਸੀ*
*ਦੂਜੀ ਕੋਠੜੀ ਵਿਚ ਪਾਇ ਦਿਤਾ।*

*ਕਾਦਰਯਾਰ ਫਿਰ ਹੋਈ ਬੇਦਾਦ ਨਗਰੀ*
*ਅੰਨ੍ਹੇ ਰਾਜੇ ਦੇ ਪੂਰਨ ਵਸ ਪੈਆ*

*ਜੀਮ ਜੋਸ਼ ਆਇਆ ਸਲਵਾਹਨ ਰਾਜੇ*
*ਅੱਗੋਂ ਉਠ ਕੇ ਇਕ ਚੁਪੇੜ ਮਾਰੀ*
*ਕਹਿੰਦਾ ਫੇਰ ਬਰੋਬਰੀ ਬੋਲਣਾ ਹੈਂ*
*ਕਰੇਂ ਗਜ਼ਬ ਹਰਾਮੀਆ ਐਡ ਕਾਰੀ*
*ਅੱਖੀਂ ਦੇਖ ਨਿਸ਼ਾਨੀਆਂ ਆਈਆ ਮੈਂ*
*ਤੇਰੇ ਦਿਲ ਦੀ ਪੂਰਨਾ ਗਲ ਸਾਰੀ*
*ਕਾਦਰਯਾਰ ਗੁਨਾਹ ਨਾ ਦੋਸ਼ ਕੋਈ*
*ਪੂਰਨ ਘਰ ਰੋਂਦਾ ਊਂਧੀ ਜ਼ਾਰ ਜ਼ਾਰੀ*

*ਹੇ ਹੁਕਮ ਨ੍ਹਾ ਫੇਰਦਾ ਕੋਈ ਅੱਗੋਂ*
*ਪਰੇਸ਼ਾਨ ਸਾਰਾ ਪਰਵਾਰ ਹੋਇਆ*
*ਥਰ ਥਰ ਕੰਬਦੇ ਮਹਿਲ ਤੇ ਮਾੜੀਆਂ ਨੇ*
*ਕਹਿਰਵਾਨ ਜਦੋਂ ਸਰਦਾਰ ਹੋਇਆ*
*ਕਰੇ ਸਦ ਕੇ ਹੁਕਮ ਜਲਾਦੀਆਂ ਨੂੰ*
*ਧੁੰਮੀ ਖ਼ਬਰ ਨਗਰੀ ਹਾ ਹਾ ਕਾਰ ਹੋਇਆ*
*ਕਾਦਰਯਾਰ ਵਜ਼ੀਰ ਨੂੰ  ਦੇਇ ਗਾਲੀ*
*ਤੇਰੀ ਅਕਲ ਕਿਹੜੀ ਦਰਕਾਰ ਹੋਇਆ।*

*ਸੀਨ ਸ਼ਕਲ ਨਾ ਰਾਜੇ ਦੀ ਨਰਮ ਹੋਈ*
*ਕਹਿਰਵਾਨ ਹੋ ਕੇ ਕਹਿੰਦਾ ਨਾਲ ਗੁੱਸੇ*
*ਬਾਹਰ ਜਾਇ ਕੇਚੀਰੋ ਹਲਾਲ ਖੋਰੋ*
*ਛੰਨੇ ਰਤੁ ਪਾਵੋ ਜਿਹੜੀ ਵਿਕ ਜੁੱਸੇ*
*ਇਹਦੇ ਹੱਥ ਸਹਿਕਾਇ ਕੇ ਵਢਿਉ ਜੇ*
*ਵਾਂਗ ਬੱਕਰੇ ਦੇ ਇਹਦੀ ਜਾਨ ਕੁਸੇ*
*ਕਾਦਰਯਾਰ ਜਾਂ ਰਾਜੇ ਦਾ ਹੁਕਮ ਹੋਇਆ*
*ਪਕੜ ਲਿਆ ਜਲਾਦਾਂ ਨੇ ਵਕਤ ਉਸੇ।*

ਅੰਗਰੇਜ਼ਾਂ ਦੇ ਕਬਜ਼ੇ ਦੇ ਬਾਅਦ ਪੰਜਾਬ ਦੇ ਸਮਾਜ ਵਿਚ ਕਾਫੀ ਬੁਨਿਆਦੀ ਤਬਦੀਲੀਆਂ ਆਈਆਂ। ਨਵੇਂ ਸਮਾਜੀ ਅਤੇ ਆਰਥਕ ਰਿਸ਼ਤੇ ਕਾਇਮ ਕੀਤੇ ਗਏ। ਇਕ ਵਸਤ ਵਾਂਗ ਜ਼ਮੀਨ ਵੀ ਵਿਕਣੀ ਅਤੇ ਖ਼ਰੀਦਣੀ ਸ਼ੁਰੂ ਹੋ ਗਈ। ਉਤਪਾਦਨ ਮੰਡੀ ਲਈ ਸ਼ੁਰੂ ਹੋ ਗਿਆ। ਪੁਰਾਣੇ ਢੰਗ ਦੀ ਪੇਂਡੂ ਜ਼ਿੰਦਗੀ ਖ਼ਤਮ ਹੋਣ ਲੱਗ ਪਈ। ਅੰਗਰੇਜ਼ਾਂ ਨੇ ਬ੍ਰਾਹਮਣਵਾਦ ਅਤੇ ਮੁੱਲਾਸ਼ਾਹੀ ਨੂੰ ਹੋਰ ਤਕੜਾ ਕੀਤਾ। ਇਨ੍ਹਾਂ ਸਿਆਸੀ, ਸਮਾਜੀ, ਆਰਥਕ ਰਿਸ਼ਤਿਆਂ ਖ਼ਿਲਾਫ਼ ਪੰਜਾਬੀਆਂ ਦੀਆਂ ਲਹਿਰਾਂ ਉੱਠਦੀਆਂ ਰਹੀਆਂ।

ਬਾਬਾ ਰਾਮ ਸਿੰਘ, ਗ਼ਦਰੀ ਬਾਬਿਆਂ, ਭਗਤ ਸਿੰਘ ਅਤੇ ਹੋਰਨਾਂ ਨੇ ਨਵੇਂ ਰਿਸ਼ਤੇ ਉਸਾਰਨ ਦਾ ਹੋਕਾ ਦਿਤਾ। ਭਗਤ ਸਿੰਘ ਨੇ ਇਨ੍ਹਾਂ ਰਿਸ਼ਤਿਆਂ ਬਾਰੇ ਇਹ ਐਲਾਨ ਕੀਤਾ:

*"ਪਹਿਲੀ ਗੱਲ ਇਹ ਹੈ ਕਿ ਅੰਗਰੇਜ਼ਾਂ ਅਤੇ ਹਿੰਦੁਸਤਾਨ ਦੇ ਲੋਕਾਂ ਵਿਚ ਜੰਗ ਲੱਗੀ ਹੋਈ ਹੈ। ਦੂਜੀ ਗੱਲ ਇਹ ਹੈ ਕਿ ਅਸੀਂ ਇਸ ਜੰਗੇ ਆਜ਼ਾਦੀ ਦੇ ਜੁਝਾਰੂ ਹਾਂ ਅਤੇ ਜੰਗੀ ਕੈਦੀ ਹਾਂ। ਅਸੀਂ ਇਹ ਗੱਲ ਡੰਕੇ ਦੀ ਚੋਟ ਤੇ ਕਹਿੰਦੇ ਹਾਂ ਕਿ ਇਹ ਜੰਗ ਉਸ ਸਮੇਂ ਤਾਂਈ ਜਾਰੀ ਰਹੇਗੀ ਜਦੋਂ ਤਾਂਈ ਮੁੱਠੀ ਭਰ ਲਹੂ ਪੀਣੇ ਲੋਟੂ ਹਿੰਦੁਸਤਾਨ ਦੇ ਲੋਕਾਂ ਦੀ ਮਿਹਨਤ ਅਤੇ ਕੁਦਰਤੀ ਸਾਧਨਾਂ ਦੀ ਲੁਟ ਬੰਦ ਨਹੀਂ ਕਰਦੇ। ਇਹ ਲੁੱਟ ਅੰਗਰੇਜ਼ ਸਰਮਾਏਦਾਰ ਕਰਦੇ ਹੋਣ, ਅੰਗਰੇਜ਼ ਅਤੇ ਹਿੰਦੁਸਤਾਨੀ ਸਰਮਾਏਦਾਰ ਰਲ ਕੇ ਕਰਦੇ ਹੋਣ, ਜਾਂ ਸਿਰਫ਼ ਹਿੰਦੁਸਤਾਨੀ ਸਰਮਾਏਦਾਰ ਹੀ ਕਰਨ, ਸਾਨੂੰ ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ। ਬੇਸ਼ੱਕ ਤੁਹਾਡੀ ਸਰਕਾਰ ਧਨੀਆਂ ਅਤੇ ਅਮੀਰਾਂ ਦੇ ਲੀਡਰਾਂ ਨੂੰ ਕੁਝ ਟੁਕੜੇ ਪਾਕੇ ਖ਼ਰੀਦ ਵੀ ਲੈਂਦੀ ਹੈ ਅਤੇ ਲੋਕਾਂ ਨੂੰ ਕੁਰਾਹੇ ਪਾਉਣ ਦੀ ਕੋਸ਼ਿਸ਼ ਕਰਦੀ ਹੈ। ਕੋਈ ਫਰਕ ਨਹੀਂ ਪੈਂਦਾ ਕਿ ਲੋਕਾਂ ਦੀ ਮੁਕਤੀ ਦੀ ਲਹਿਰ ਨੂੰ ਇਹ ਗੱਲਾਂ ਵਕਤੀ ਤੌਰ ਤੇ ਸੱਟ ਮਾਰਦੀਆਂ ਹਨ। ਸਾਨੂੰ ਇਸ ਗੱਲ ਦਾ ਵੀ ਕੋਈ ਫਰਕ ਨਹੀਂ ਕਿ ਇਨਕਲਾਬ ਦੇ ਕਈ ਭਗੌੜੇ ਹਿੰਦੁਸਤਾਨ ਦੀ ਮੁਕਤੀ ਦੀ ਲਹਿਰ ਦੇ ਮੋਹਰੀ ਦਸਤੇ ਨੂੰ , ਇਨਕਲਾਬੀ ਪਾਰਟੀ ਨੂੰ , ਛੱਡ ਕੇ ਲੜਾਈ ਦੇ ਮੈਦਾਨ ਵਿਚੋਂ ਦੌੜ ਵੀ ਜਾਂਦੇ ਹਨ। ਸਾਡੇ ਮੁਕੱਦਮੇ 'ਚ ਸਾਡੇ ਲਈ ਜ਼ਾਤੀ ਤੌਰ ਤੇ ਇਨ੍ਹਾਂ ਲੀਡਰਾਂ ਨੇ ਭਾਵੇਂ ਹਮਦਰਦੀ ਵਿਖਾਈ ਹੈ ਅਤੇ ਅਸੀਂ ਉਨ੍ਹਾਂ ਦੇ ਸ਼ੁਕਰਗੁਜ਼ਾਰ ਵੀ ਹਾਂ, ਪਰ ਅਸੀਂ ਉਨ੍ਹਾਂ ਦੀ ਗਿਰਾਵਟ ਨੂੰ ਭੁੱਲ ਨਹੀਂ ਸਕਦੇ ਕਿ ਇਨ੍ਹਾਂ ਲੀਡਰਾਂ ਨੇ ਤੁਹਾਡੀ ਸਰਕਾਰ ਨਾਲ ਸਮਝੌਤੇ ਅਤੇ ਸੌਦੇਬਾਜ਼ੀ ਵਿਚ ਉਨ੍ਹਾਂ ਬਹਾਦਰ ਅਤੇ ਬੇਘਰ, ਗਰੀਬ ਔਰਤਾਂ ਦਾ ਜ਼ਿਕਰ ਤਕ ਵੀ ਨਹੀਂ ਕੀਤਾ ਜੋ ਇਨਕਲਾਬੀ ਪਾਰਟੀ ਨਾਲ ਸੰਬੰਧ ਰੱਖਦੀਆਂ ਹਨ ਅਤੇ ਜਿਨ੍ਹਾਂ ਨੂੰ ਇਹ ਲੀਡਰ ਆਪਣਾ ਤੇ ਆਪਣੇ ਅਹਿੰਸਾ ਦੇ ਇਸ਼ਟ ਦਾ ਦੁਸ਼ਮਣ ਸਮਝਦੇ ਹਨ। ਇਨ੍ਹਾਂ ਬਹਾਦਰ ਔਰਤਾਂ ਨੇ ਆਪਣਾ ਘਰਬਾਰ, ਬੱਚੇ, ਸਭ ਕੁਝ, ਦੇਸ਼ ਦੀ ਖਾਤਰ ਬੇਝਿਜਕ ਕੁਰਬਾਨ ਕਰ ਦਿਤਾ ਹੈ। ਇਨ੍ਹਾਂ ਔਰਤਾਂ ਨੂੰ ਤੁਸੀਂ ਤੇ ਤੁਹਾਡੀ ਸਰਕਾਰ ਮੁਜਰਮ ਕਰਾਰ ਦਿੰਦੇ ਹੋ। ਸਾਨੂੰ ਇਸ ਗੱਲ ਦਾ ਜ਼ਰਾ ਵੀ ਫਰਕ ਨਹੀਂ ਪੈਂਦਾ ਕਿ ਤੁਹਾਡੇ ਏਜੰਟ ਬਹੁਤ ਘਟੀਆ ਅਤੇ ਜ਼ਲੀਲ ਇਲਜ਼ਾਮ ਇਨ੍ਹਾਂ ਦੇ ਪਵਿੱਤਰ ਚਾਲਚਲਣ ਅਤੇ ਇਨ੍ਹਾਂ ਦੀ ਪਾਰਟੀ ਦਾ ਵਕਾਰ ਅਤੇ ਸ਼ਾਨ ਘਟਾਉਣ ਲਈ ਲਾਉਂਦੇ ਹਨ। ਇਨ੍ਹਾਂ ਗੱਲਾਂ ਦਾ ਸਾਨੂੰ ਕੋਈ ਫ਼ਰਕ ਨਹੀਂ ਪੈਂਦਾ। ਸਾਡੀ ਜੰਗ ਜਾਰੀ ਰਹੇਗੀ। ਅਸੀਂ ਲੜਦੇ ਹੀ ਰਹਾਂਗੇ। "*

*"ਇਹ ਜੰਗ ਹਾਲਾਤ ਦੇ ਮੁਤਾਬਿਕ ਵੱਖੋ ਵੱਖਰੀ ਸ਼ਕਲ ਲੈਂਦੀ ਰਹੇਗੀ। ਕਦੇ ਇਹ ਖੁਲ੍ਹੇ ਤੌਰ ਤੇ ਹੋਵੇਗੀ, ਕਦੇ ਇਹ ਲੁਕਵੀਂ ਹੋਵੇਗੀ। ਕਦੇ ਇਹ ਹਲਚਲ ਦਾ ਰੂਪ ਲਵੇਗੀ, ਕਦੇ ਇਹ ਜ਼ਿੰਦਗੀ ਅਤੇ ਮੌਤ ਦੀ ਲੜਾਈ ਹੋਵੇਗੀ। ਇਹ ਗੱਲ ਤੁਹਾਡੇ ਤੇ ਮੁਨੱਸਰ ਹੈ ਕਿ ਇਹ ਲੜਾਈ ਕਿਹੜਾ ਰੂਪ ਲਵੇਗੀ, ਸ਼ਾਂਤਮਈ ਜਾਂ ਲਹੂਲੁਹਾਨ। ਪਰ ਇਹ ਜੰਗ ਜਾਰੀ ਰਹੇਗੀ ਭਾਵੇਂ ਤੁਸੀਂ ਜਿਹੜੇ ਮਰਜ਼ੀ ਨੈਤਿਕ ਅਤੇ ਇਖਲਾਕੀ ਭੁਲੇਖੇ ਪਾਉਣ ਦੀ ਕੋਸ਼ਿਸ਼ ਕਰੋ। ਇਹ ਲੜਾਈ ਬੜੇ ਜ਼ੋਰੋਜੋਸ਼ ਨਾਲ ਜਾਰੀ ਰਹੇਗੀ ਜਿਨ੍ਹਾਂ ਚਿਰ ਹਿੰਦੁਸਤਾਨ ਵਿਚ ਇਕ ਸਮਾਜਵਾਦੀ ਲੋਕ ਤੰਤਰ ਨਹੀਂ ਕਾਇਮ ਹੋ ਜਾਂਦਾ ਅਤੇ ਮੌਜੂਦਾ ਸਮਾਜੀ ਢਾਂਚੇ ਅਤੇ ਨਿਜ਼ਾਮ ਦਾ ਕਾਇਆਂ ਕਲਪ ਕਰਕੇ ਇਕ*

*ਨਵਾਂ ਸਮਾਜ ਨਹੀਂ ਉਸਾਰਿਆ ਜਾਂਦਾ ਜਿਸ ਵਿਚ ਕਿਸੇ ਦੀ ਵੀ ਲੁਟ ਨਹੀਂ ਹੋਵੇਗੀ ਅਤੇ ਇਨਸਾਨ ਅਤੇ ਮਨੁੱਖਤਾ ਅਮਨ ਅਤੇ ਸ਼ਾਂਤੀ ਨਾਲ ਰਹਿਣਗੇ। ਛੇਤੀ ਹੀ ਇਹ ਆਖਰੀ ਲੜਾਈ ਲੜੀ ਜਾਵੇਗੀ ਅਤੇ ਫੈਸਲੇ ਹੋਣਗੇ। "*

ਭਗਤ ਸਿੰਘ ਦੀ ਪੇਸ਼ਨਗੋਈ ਠੀਕ ਸਾਬਤ ਹੋਈ ਤੇ ਲੁਟਖ਼ਸੁਟ ਅਤੇ ਜਬਰ ਦੇ ਖਿਲਾਫ਼ ਅੱਜ ਵੀ ਸੰਘਰਸ਼ ਜਾਰੀ ਹੈ।

ਪ੍ਰੋਫੈਸਰ ਮੋਹਨ ਸਿੰਘ ਇਨ੍ਹਾਂ ਹਾਲਾਤ ਨੂੰ ਇੰਜ ਦੱਸਦੇ ਹਨ:

*ਦੇਖ ਲਿਆ ਨੀ ਤੇਰਾ ਗਿਰਾਂ*
*ਪਰਖ ਲਿਆ ਨੀ ਤੇਰਾ ਗਿਰਾਂ*
*ਜਿੱਥੇ ਵੀਰ ਵੀਰਾਂ ਨੂੰ ਖਾਂਦੇ*
*ਸਿਰੋਂ ਮਾਰ ਧੁਪੇ ਸੁੱਟ ਜਾਂਦੇ*
*ਜਿੱਥੇ ਲੱਖ ਮਣਾ ਦਾ ਲੋਹਿਆ*
*ਜ਼ੰਜੀਰਾਂ ਹਥਕੜੀਆਂ ਹੋਇਆ*
*ਜਿੱਥੇ ਕੈਦਖ਼ਾਨਿਆਂ ਜੇਹਲਾਂ*
*ਮੀਲਾਂ ਤਕ ਵਲਗਣਾਂ ਵਲੀਆਂ*
*ਜਿੱਥੇ ਮਜ਼ਹਬ ਦੇ ਨਾਂ ਥੱਲੇ*
*ਦਰਿਆ ਕਈ ਖ਼ੂਨ ਦੇ ਚੱਲੇ*
*ਜਿੱਥੇ ਵਤਨ ਪ੍ਰਸਤੀ ਤਾਈਂ*
*ਜੁਰਮ ਸਮਝਦੀ ਧੱਕੇ ਸ਼ਾਹੀ*
*ਜਿੱਥੇ ਸ਼ਾਇਰ ਬੋਲ ਨਾ ਸੱਕਣ*
*ਦਿਲ ਦੀਆਂ ਘੁੰਡੀਆਂ ਖੋਲ੍ਹ ਨਾ ਸੱਕਣ*
*ਮੈਂ ਨਹੀ ਰਹਿਣਾ ਐਸੀ ਥਾਂ*
*ਅਤੇ*
*ਦੋ ਟੋਟਿਆਂ ਵਿਚ ਭੌਂ ਟੁੱਟੀ*
*ਇਕ ਮਹਿਲਾਂ ਦਾ ਇਕ ਢੋਕਾਂ ਦਾ*
*ਦੋ ਧੜਿਆਂ ਵਿਚ ਖ਼ਲਕਤ ਵੰਡੀ*
*ਇਕ ਲੋਕਾਂ ਦਾ ਇਕ ਜੋਕਾਂ ਦਾ*

ਅੱਜ ਸਮਾਜ ਅੱਗੇ ਸਭ ਤੋਂ ਵੱਡਾ ਮਸਲਾ ਇਹ ਹੈ ਕਿ ਜ਼ਾਤੀ ਹਿਤ, ਸਮੂਹਿਕ ਹਿਤ ਅਤੇ ਸਾਰੇ ਸਮਾਜ ਦੇ ਹਿਤਾਂ ਨੂੰ ਸੁਰਮੇਲ ਕਿਸ ਤਰ੍ਹਾਂ ਕੀਤਾ ਜਾਵੇ?

**ਜ਼ਾਤੀ ਹਿਤ**

ਜ਼ਾਤੀ ਹਿੱਤ ਇਕ ਇਨਸਾਨ ਦੇ ਨਿਜੀ ਹਿਤ ਹਨ। ਇਹ ਉਹ ਹਿਤ ਹਨ ਜਿਨ੍ਹਾਂ ਦੀ ਪੂਰਤੀ ਨਾਲ ਹੀ ਇਨਸਾਨ ਦੀ ਪ੍ਰਫੁੱਲਤਾ ਹੋ ਸਕਦੀ ਹੈ। ਮਿਸਾਲ ਦੇ ਤੌਰ ਤੇ ਜ਼ਮੀਰ ਦਾ ਹੱਕ ਇਨਸਾਨ ਦੀ ਪ੍ਰਫੁੱਲਤਾ ਲਈ ਬਹੁਤ ਹੀ ਜ਼ਰੂਰੀ ਹੈ। ਇਸ ਹੱਕ ਬਗੈਰ ਸਮਾਜ ਦਾ

ਭਲਾ ਨਹੀਂ ਹੋ ਸਕਦਾ। ਇਸੇ ਤਰ੍ਹਾਂ ਹਰੇਕ ਇਨਸਾਨ ਦੀਆਂ ਆਪਣੀਆਂ ਕੁਝ ਬੁਨਿਆਦੀ ਲੋੜਾਂ ਹੁੰਦੀਆਂ ਹਨ। ਹਰੇਕ ਇਨਸਾਨ ਦੀਆਂ ਇਹ ਲੋੜਾਂ ਵੱਖ ਵੱਖ ਹੁੰਦੀਆਂ ਹਨ। ਪੰਜੇ ਉਂਗਲਾਂ ਬਰਾਬਰ ਨਹੀਂ ਹੁੰਦੀਆਂ। ਸਭ ਦੀ ਵੱਖਰੀ ਹੋਂਦ ਹੈ।

**ਸਮੂਹਿਕ ਹਿਤ**

ਸਮੂਹਿਕ ਹਿਤ ਉਹ ਹਿਤ ਹਨ ਜਿਹੜੇ ਵਿਅਕਤੀਆਂ ਦੇ ਕਿਸੇ ਵਿਸ਼ੇਸ਼ ਸਮੂਹ ਦਾ ਹਿੱਸਾ ਹੋਣ ਕਰਕੇ ਹੁੰਦੇ ਹਨ। ਜਿਵੇਂ ਕਿ ਬੱਚਿਆਂ ਦੇ ਹਿੱਤ, ਔਰਤਾਂ ਦੇ ਹਿੱਤ, ਮਜ਼ਦੂਰਾਂ ਦੇ ਹਿੱਤ ਆਦਿ, ਆਦਿ। ਇਸ ਤਰ੍ਹਾਂ ਦੇ ਸਮੂਹਾਂ ਦੀਆਂ ਖ਼ਾਸ ਲੋੜਾਂ ਹਨ। ਸਮਾਜ ਨੂੰ ਇਨ੍ਹਾਂ ਦੀਆਂ ਸਮੂਹਿਕ ਲੋੜਾਂ ਨੂੰ ਪੂਰਾ ਕਰਨ ਦੀ ਲੋੜ ਹੁੰਦੀ ਹੈ। ਇਹ ਲੋੜਾਂ ਉਨ੍ਹਾਂ ਦੀ ਹੋਂਦ ਵਿਚੋਂ ਪੈਦਾ ਹੁੰਦੀਆਂ ਹਨ। ਇਨ੍ਹਾਂ ਦੀ ਪੂਰਤੀ ਕੀਤੇ ਬਿਨਾਂ ਸਮਾਜ ਸਹੀ ਢੰਗ ਨਾਲ ਨਹੀਂ ਚੱਲ ਸਕਦਾ।

**ਸਮਾਜਿਕ ਹਿੱਤ**

ਸਮੁਚੇ ਸਮਾਜ ਦੀਆਂ ਆਪਣੀਆਂ ਲੋੜਾਂ ਅਤੇ ਹਿੱਤ ਹੁੰਦੇ ਹਨ। ਮਿਸਾਲ ਦੇ ਤੌਰ ਤੇ ਸਮੂਚੀ ਪੰਜਾਬੀ ਕੌਮ ਦੇ ਆਪਣੇ ਹਿੱਤ ਅਤੇ ਆਪਣੀਆਂ ਲੋੜਾਂ ਹਨ। ਪੰਜਾਬੀ ਬੋਲੀ ਦੀ ਪ੍ਰਫੁੱਲਤਾ, ਪੰਜਾਬੀ ਕੌਮ ਦੀ ਪ੍ਰਫੁੱਲਤਾ, ਆਰਥਕ ਅਤੇ ਸਿਆਸੀ ਨਿਆਂ ਲਈ ਲੁੱਟ ਖਸੁਟ ਦੇ ਰਿਸ਼ਤੇ ਖ਼ਤਮ ਕਰਕੇ ਨਵੇਂ ਰਿਸ਼ਤਿਆਂ ਦੀ ਉਸਾਰੀ ਕਰਨਾ, ਮਰਦਧੌਂਸ ਨੂੰ ਸਮਾਜ ਚੋਂ ਖ਼ਤਮ ਕਰਨਾ, ਬੇਰੁਜ਼ਗਾਰੀ ਅਤੇ ਭੁੱਖ ਨੂੰ ਖ਼ਤਮ ਕਰਨਾ ਆਦਿ ਸਮੁੱਚੇ ਸਮਾਜ ਦੇ ਹਿਤ ਹਨ।

ਅੱਜ ਲੋੜ ਹੈ ਕਿ ਇਨ੍ਹਾਂ ਸਾਰੇ ਹੀ ਹਿੱਤਾਂ ਨੂੰ ਸੁਰਮੇਲ ਕੀਤਾ ਜਾਵੇ ਤਾਂਕਿ ਇਨ੍ਹਾਂ ਵੱਖੋ ਵੱਖ ਹਿੱਤਾਂ ਵਿਚ ਕਸ਼ੀਦਗੀ ਨਾ ਹੋਵੇ। ਪੰਜਾਬ ਵਿਚ ਪੁਰਾਣੇ ਰਿਸ਼ਤੇ ਖ਼ਤਮ ਕਰਕੇ ਨਵੇਂ ਰਿਸ਼ਤੇ ਉਸਾਰਨ ਦੀ ਲੋੜ ਬਾਰੇ ਵੀ ਪੰਜਾਬੀ ਫਿਕਰਮੰਦ ਹਨ। ਇਨ੍ਹਾਂ ਸਾਰੀਆਂ ਚੀਜ਼ਾਂ ਬਾਰੇ ਵਿਚਾਰ ਵਟਾਂਦਰੇ ਦੀ ਲੋੜ ਅਤੇ ਇਨ੍ਹਾਂ ਮਸਲਿਆਂ ਨਾਲ ਨਿਪਟਣ ਲਈ ਪੰਜਾਬੀ ਦਰਸ਼ਣ ਦੀ ਲੋੜ ਬਹੁਤ ਨਿੱਖਰ ਕੇ ਸਾਮ੍ਹਣੇ ਆ ਗਈ ਹੈ।

# ਧਨ, ਦੌਲਤ ਅਤੇ ਆਰਥਿਕ ਸਿਧਾਂਤ

ਕੁਦਰਤੀ ਸੋਮਿਆਂ ਅਤੇ ਮਨੁੱਖੀ ਸੋਮਿਆਂ ਦੇ ਮੇਲ ਨਾਲ ਧਨ ਅਤੇ ਦੌਲਤ ਪੈਦਾ ਕਰਨ ਬਾਰੇ ਅਤੇ ਇਸ ਤਰ੍ਹਾਂ ਪੈਦਾ ਹੋਈਆਂ ਬਖਸ਼ੀਸ਼ਾਂ ਦੀ ਵੰਡ ਬਾਰੇ ਆਰਥਕ ਸਿਧਾਂਤਾਂ ਬਾਰੇ ਮੁੱਢ ਕਦੀਮ ਤੋਂ ਪੰਜ ਦਰਿਆਵਾਂ ਦੀ ਧਰਤੀ ਤੇ ਚਰਚਾ ਹੁੰਦੀ ਰਹੀ ਹੈ। ਰਿਗਵੇਦ ਅਤੇ ਹੋਰ ਪੁਰਾਤਨ ਗ੍ਰੰਥਾਂ ਅਤੇ ਲੋਕ ਕਹਾਵਤਾਂ ਵਿਚ ਇਸ ਚੀਜ਼ ਦੀ ਝਲਕ ਆਮ ਮਿਲਦੀ ਹੈ ਕਿ ਦੌਲਤ ਲੋਕ ਸਮਾਜ ਵਿਚ ਇਕੱਠੇ ਹੋਕੇ ਆਪਣੀ ਮੇਹਨਤ ਨਾਲ ਕੁਦਰਤ ਦੇ ਸੋਮਿਆਂ ਤੋਂ ਪੈਦਾ ਕਰਦੇ ਹਨ। ਰਿਗਵੇਦ ਦਾ ਪਹਿਲਾ ਸ਼ਲੋਕ ਦੱਸਦਾ ਹੈ:

*'ਅਗਨੀ ਮਿਲੇ ਪੁਰੋਹੀਤਮ ਯਗਸਿਆ ਦੇਵਾਰਿਤਜਮ ਹੋਤਾਰਾਮ ਰਤਨਧਾਤਮਮ। (ਰਿਗਵੇਦ 1-1-1)'*

*ਆਪਣੀ ਮੇਹਨਤ ਅਤੇ ਅੱਗ, ਜੋ ਕਿ ਇਕ ਕੁਦਰਤ ਦਾ ਸੋਮਾ ਹੈ, ਦੀ ਵਰਤੋਂ ਨਾਲ ਅਸੀਂ ਹੀਰੇ ਮੋਤੀ ਅਤੇ ਹੋਰ ਰਤਨ ਅਤੇ ਕਈ ਤਰ੍ਹਾਂ ਦੀਆਂ ਧਾਤਾਂ ਕੁਦਰਤ ਤੋਂ ਹਾਸਿਲ ਕਰਦੇ ਹਾਂ।*

*ਰਿਗਵੇਦ ਵਿਚ ਹੀ ਅੱਗੇ ਕਿਹਾ ਗਿਆ ਹੈ:*

*"ਅਗਨੀਨਾ ਰਇਮਸ਼ਨਵਤ ਪੋਸ਼ਮੇਵ ਦਿਵੇਦਿਵੇ। ਯਸ਼ਸਮ ਵੀਰਵੱਤਮ (ਰਿਗਵੇਦ 1-1-3)"*

*ਅੱਗ ਸਾਡੇ ਪੋਸ਼ਣ ਲਈ ਹਰ ਰੋਜ਼ ਧਨ ਦਿੰਦੀ ਹੈ। ਇਸ ਨਾਲ ਅਸੀਂ ਬਹਾਦਰੀ ਅਤੇ ਯਸ਼ ਹਾਸਿਲ ਕਰਦੇ ਹਾਂ।*

*"ਤਮ ਤਵਾ ਵਾਜੇਸ਼ੂ ਵਾਜੀਨਾਮ ਵਾਜਿਆਮ ਸ਼ਤਕ੍ਰਤੂ। ਧਨਾਨਾਮਇੰਦਰਾ ਸਾਤਿਆਏ (ਰਿਗ ਵੇਦ 1-4-9)"*
*ਹੇ ਇੰਦਰ! ਤੇਰੀ ਮਦਦ ਅਤੇ ਗਿਆਨ ਨਾਲ ਅਸੀਂ ਸੈਂਕੜੇ ਹੀ ਚੀਜ਼ਾਂ ਦਾ ਗਿਆਨ ਹਾਸਿਲ ਕਰਦੇ ਹਾਂ, ਉਨ੍ਹਾਂ ਨੂੰ ਆਪਣੀਆਂ ਲੋੜਾਂ ਲਈ ਵਰਤਦੇ ਹਾਂ ਅਤੇ ਇਸ ਧਨ ਦਾ ਅਨੰਦ ਭੋਗਦੇ ਹਾਂ।*
*'*
*"ਯੋ ਰਾਯੋਵਨੀਮਰਾਹਅੰਤਸੁਪਰਾਹ ਸੁਨਵਤਾਹ ਸਖਾ। ਤਸਮਾ ਇੰਦ੍ਰਾਯਾ ਗਾਅਤ। (ਰਿਗਵੇਦ 1-4-10)"*

*ਹੇ ਇੰਦਰ! ਤੂੰ ਸਾਨੂੰ ਇਕ ਦੋਸਤ ਵਾਂਗ ਧਨ ਦਿੰਦਾਂ ਹੈਂ ਤਾਂਕਿ ਅਸੀਂ ਆਪਣੀਆਂ ਲੋੜਾਂ ਪੂਰੀਆਂ ਕਰ ਸਕੀਏ।*

*"ਸ ਘਾ ਨੋ ਯੋਗਾ ਆਭੁਵਤਸ ਰਾਯੇ ਸ ਪੁਰੰਧਆਮ। ਗਮਦਵਜੇਭਿਰ ਸ ਨਾਹ (ਰਿਗਵੇਦ 1-5-3)"*

*ਸੂਰਜ ਅਤੇ ਹਵਾ ਇਕੱਠੇ ਸਾਨੂੰ ਗਿਆਨ ਅਤੇ ਅਕਲ ਦਿੰਦੇ ਹਨ ਜਿਸ ਨੂੰ ਵਰਤਕੇ ਅਸੀਂ ਆਪਣੇ ਉਦਮ ਨਾਲ ਧਨ ਪੈਦਾ ਕਰਦੇ ਹਾਂ।*

*"ਇੰਦ੍ਰਾ ਵਾਜੇਸ਼ੂ ਨੋਇਵ ਸਹਸਤਰਪ੍ਰਧਾਨੇਸ਼ੂ ਚ। ਉਗ੍ਰਾ ਉਗ੍ਰਾਭੀਰੁਤੀਭੀ। (ਰਿਗਵੇਦ **1-7-4**)"*

*ਸੂਰਬੀਰ ਇੰਦਰ ਤੂੰ ਸਾਨੂੰ ਸੈਂਕੜੇ ਤਰ੍ਹਾਂ ਦੇ ਅਨਾਜ ਅਤੇ ਧਨ ਦਿੰਦਾ ਹੈਂ।*

*"ਵਿਭਕਤਾਰਮ ਹਵਾਮਹੇ ਵਸੋਸ਼ਚਿਤ੍ਰਸਯਾ ਰਾਧਸਹ। ਸਵੀਤਾਰਮ ਨ੍ਰੀਚਕਸਮ। (ਰਿਗਵੇਦ **1-22-7**)"*

*ਅਸੀਂ ਆਪਸ ਵਿਚ ਕਈ ਸੋਮਿਆਂ ਤੋਂ ਪੈਦਾ ਕੀਤਾ ਹੋਇਆ ਧਨ ਇੰਜ ਵੰਡਦੇ ਹਾਂ ਜਿਸ ਤਰ੍ਹਾਂ ਸਵਿਤਾ ਸਾਰਿਆਂ ਨੂੰ ਰੌਸ਼ਨੀ ਵੰਡਦਾ ਹੈ।*

*"ਅਭੀ ਤਵਾਮ ਦੇਵਾਮ ਸਵੀਤਾਰਿਸ਼ਾਨਮ ਵਾਯਰਣਆਮ। ਸਦਾਵਨਭਾਗਮੀਮਹੇ। (ਰਿਗਵੇਦ **1-24-3**)"*
*ਸਵਿਤਾ ਅਸੀਂ ਜ਼ਮੀਨ ਅਤੇ ਹੋਰਨਾਂ ਸਾਧਨਾਂ ਤੋਂ ਦੌਲਤ ਪੈਦਾ ਕਰਕੇ ਆਪਸ ਵਿਚ ਆਪਣੀ ਰਾਖੀ ਅਤੇ ਸੁਖ ਲਈ ਵੰਡਦੇ ਹਾਂ ਅਤੇ ਤੇਰੇ ਗੁਣ ਗਾਂਵਦੇ ਹਾਂ*

*"ਭਾਗ ਭਕਤਸਯਾ ਤੇ ਵਅਮੁਦੇਸ਼ਮ। ਮੁਰਧਾਨਮ ਰਾਯੇ ਆਰਭੇ। (ਰਿਗਵੇਦ **1-24-5**)"*

*ਆਪਸ ਵਿਚ ਧਨ ਵੰਡਕੇ ਅਤੇ ਆਪਣਾ ਹਿੱਸਾ ਲੈਕੇ ਅਸੀਂ ਆਪਣਾ ਟੀਚਾ ਪੂਰਾ ਕਰੀਏ।*

*"ਅਸਮੇ ਆ ਵਹਤਮ ਰਯਿਮ ਸ਼ਤਵੰਤਮ ਸਹਸਤ੍ਰੀਣਮ। ਪੁਰੁਕਸ਼ੁਮ ਵਿਸ਼ਵਧਾਯਾਸਮ। (ਰਿਗਵੇਦ **8-5-15**)"*

*ਸਾਨੂੰ ਸੈਂਕੜੇ ਤਰ੍ਹਾਂ ਦਾ ਧਨ ਹਾਸਿਲ ਕਰਨਾ ਚਾਹੀਦਾ ਹੈ ਜਿਸ ਨਾਲ ਅਸੀਂ ਆਪਣੀ ਅਤੇ ਆਪਣੇ ਸ਼ਹਿਰਾਂ ਦੀ ਰਾਖੀ ਕਰ ਸਕੀਏ।*

*"ਈਸ਼ਕ੍ਰਤਾਰਮਨਸਿਸ਼ਕ੍ਰੀਤਮ ਸਹਸਕ੍ਰੀਤਮ ਸ਼ਤਮੂਰਤੀਅਮ ਸ਼ਤਕਰੁਤਮ। ਸਮਾਨਮੀਂਦਰਮਵਸੇ ਹਵਾਮਹੇ ਵਸਾਵਨਮ ਵਸੁਜੁਵਮ। (ਰਿਗਵੇਦ **8-9-98**)"*

*ਸਾਡੀਆਂ ਲੋੜਾਂ ਅਤੇ ਖ਼ਾਹਿਸ਼ਾਂ ਨੂੰ ਆਪਣੇ ਉਦਮ ਰਾਹੀਂ ਪੂਰਾ ਕਰਨ ਲਈ ਅਸੀਂ ਸੈਂਕੜੇ ਹੀ ਰੂਪ ਅਤੇ ਕਰਮ ਵਾਲੇ ਇੰਦਰ(ਸੂਰਜ) ਦੀ ਉਪਾਸਨਾਂ ਕਰਦੇ ਹਾਂ ਜੋ ਸਾਨੂੰ ਸਾਂਝੀ ਦੌਲਤ ਸਾਡੀ ਰੱਖਿਆ ਲਈ ਦਿੰਦਾ ਹੈ।*

ਲਗਦਾ ਹੈ ਕਿ ਇਸ ਸਮੇਂ ਦੌਲਤ ਸਾਂਝਿਆਂ ਪੈਦਾ ਕੀਤੀ ਜਾਂਦੀ ਸੀ ਅਤੇ ਉਸ ਉਤੇ ਸਮਾਜ ਦੇ ਹਰ ਆਦਮੀ ਔਰਤ ਦਾ ਹੱਕ

ਹੁੰਦਾ ਸੀ। ਰੱਲ ਮਿਲਕੇ ਸਾਂਝੇ ਉਦਮ ਨਾਲ ਪੈਦਾ ਕੀਤੀ ਹੋਈ ਦੌਲਤ ਅਤੇ ਧਨ ਇਸ ਸਮਾਜ ਵਿਚ ਬਰਾਬਰ ਵੰਡਿਆ ਜਾਂਦਾ ਸੀ।

ਮਹਾਂਭਾਰਤ ਵਿਚ ਵੀ ਧਨ ਅਤੇ ਦੌਲਤ ਮੇਹਨਤ ਅਤੇ ਕੁਦਰਤ ਨਾਲ ਹੀ ਪੈਦਾ ਹੁੰਦੇ ਦੱਸੇ ਗਏ ਹਨ ਅਤੇ ਇਸ ਤਰ੍ਹਾਂ ਪੈਦਾ ਹੋਏ ਧਨ ਦੀ ਅਹਿਮੀਅਤ ਵੀ ਦੱਸੀ ਗਈ ਹੈ:

*"ਵਿਦਿਆ ਤਪੋ ਵਾ ਵਿਪੁਲਮਧਨਮ ਵਾ"*
*ਗਿਆਨ, ਤਪ ਤੇ ਧਨ ਇਨਸਾਨ ਦੀ ਮੇਹਨਤ ਨਾਲ ਹੀ ਪੈਦਾ ਹੁੰਦੇ ਹਨ।*

*"ਸ਼ਰਵਲੋਕੇਸ਼ੂ ਵਿਖਾਯਤੋ ਨੋ ਪੁਤ੍ਰਾਪਸ਼ੂਸੰਹੀਤਾ"*

*ਜਿਨ੍ਹਾਂ ਕੋਲੇ ਪੁੱਤਰ੍ਹਾਂ ਅਤੇ ਪਸ਼ੂਆਂ ਦਾ ਧਨ ਹੁੰਦਾ ਹੈ ਉਹ ਸਾਰੇ ਲੋਕਾਂ ਵਿਚ ਜਾਣੇ ਜਾਂਦੇ ਹਨ।*

*"ਧਰਮਮ ਸੰਹਾਰਤੇ ਤਸਯਾ ਧਨਮ ਹਰਤੀ ਯਸਯਾ ਸਹ"*

*ਜਿਹੜਾ ਆਪਣਾ ਧਨ ਗੁਆ ਦਿੰਦਾ ਹੈ ਉਸਦਾ ਧਰਮ ਵੀ ਨਹੀਂ ਰਹਿੰਦਾ*

*"ਅਰਥੇਭਯੋ ਹੀ ਵਿਵਰਦੇਭਯਾਹ ਸੰਭਰਤੇਭਯਸਤਤਸਤਾਹ ਕ੍ਰਿਯਾ ਸਰਵਾਹ ਪਰਵਰਤੰਤੇ ਪਰਵਤੇਭਯਾ ਈਵਾਪਗਹ।"*

*ਜਿਵੇਂ ਨਦੀਆਂ ਅਤੇ ਦਰਿਆ ਪਹਾੜਾਂ ਵਿਚੋਂ ਨਿਕਲਦੇ ਹਨ ਉਸੇ ਤਰ੍ਹਾਂ ਹੀ ਸਾਰੀਆਂ ਕੀਮਤਾਂ ਕਦਰਾਂ ਧਨ ਵਿਚੋਂ ਹੀ ਨਿਕਲਦੀਆਂ ਹਨ।*

*"ਅਰਥਾਦ ਧਰਮਾਸ਼ਚ ਕਾਮਸ਼ਚ ਸਵਰਗਾਸ਼ਚੈਵ ਨਰਾਧੀਪ ਪਰਾਣਯਾਤ੍ਰਾਪੀ ਲੋਕਸਯਾ ਵਿਨਾ ਹਯਰਥਮ ਨ ਸਿਧਯਤੀ।"*

*ਅਰਥ ਅਤੇ ਧਨ ਨਾਲ ਹੀ ਧਰਮ, ਕਾਮ ਅਤੇ ਸਵਰਗ ਹਾਸਿਲ ਕੀਤੇ ਜਾਂਦੇ ਹਨ। ਧਨ ਦੇ ਬਗੈਰ ਲੋਕ ਰਹਿ ਨਹੀਂ ਸਕਦੇ।*

ਇਸ ਸਮਾਜ ਵਿਚ ਧਨ ਉਹ ਵਸਤ ਜਾਂ ਜਿਨਸ ਹੈ ਜਿਸਦਾ ਖ਼ੁਦ ਇਸਤਮਾਲ ਕੀਤਾ ਜਾ ਸਕਦਾ ਹੈ ਜਾਂ ਉਸਨੂੰ ਆਪਣੀਆਂ ਲੋੜਾਂ ਪ੍ਰਾਪਤ ਕਰਨ ਲਈ ਹੋਰਾਂ ਚੀਜ਼ਾਂ ਨਾਲ ਵਟਾਇਆ ਜਾ ਸਕਦਾ ਹੈ। ਧਨ ਕਈ ਤਰ੍ਹਾਂ ਦੇ ਦੱਸੇ ਗਏ ਹਨ:

## ਅੰਨ ਧਨ

ਇਹ ਕ੍ਰਿਸ਼ੀਪ੍ਰਧਾਨ ਸਮਾਜ ਵਿਚ ਅਨਾਜ ਦੀ ਕਦਰ ਅਤੇ ਮਹੱਤਤਾ ਦੀ ਝਲਕ ਹੈ। ਰਿਗਵੇਦ ਵਿਚ ਅੰਨ ਨੂੰ ਹੀ ਬ੍ਰਹਮ ਕਿਹਾ ਗਿਆ ਹੈ।

## ਸੰਤਾਨ ਧਨ

ਕੁਦਰਤ ਨਾਲ ਨਜਿੱਠਣ ਲਈ ਜਨਸੰਖਿਆ ਦੀ ਬਹੁਤ ਲੋੜ ਸੀ। ਇਸ ਲਈ ਸੰਤਾਨ ਨੂੰ ਬਹੁਤ ਜ਼ਰੂਰੀ ਧਨ ਆਖਿਆ ਗਿਆ।

## ਇਸਤ੍ਰੀ ਧਨ

ਇਸਤਰੀ ਪ੍ਰਧਾਨ ਸਮੇਂ ਤੋਂ ਹੀ ਇਸਤਰੀ ਨੂੰ ਸਾਰੀਆਂ ਹੀ ਦੌਲਤਾਂ ਦੀ ਮਾਂ ਕਿਹਾ ਗਿਆ ਹੈ ਕਿਉਂਕਿ ਸਮਾਜ ਦਾ ਸਾਰਿਆਂ ਨਾਲੋ ਅਹਿਮ ਸੋਮਾ ਇਨਸਾਨ ਇਸ ਦੀ ਕੁੱਖ ਵਿਚੋਂ ਜੰਮਦਾ ਹੈ।

## ਪਸ਼ੂ ਧਨ

ਖੇਤੀਬਾੜੀ ਤੋਂ ਵੀ ਪਹਿਲਾਂ ਪਸ਼ੂਪਾਲਨ ਹੋਂਦ ਵਿਚ ਆਇਆ। ਸਮਾਜ ਦੀ ਇਕ ਬਹੁਤ ਹੀ ਜ਼ਰੂਰੀ ਲੋੜ ਪਸ਼ੂ ਸਨ। ਪਸ਼ੂਆਂ ਬਗੈਰ ਗੁਜ਼ਾਰਾ ਕਰਨਾ ਮੁਸ਼ਕਲ ਸੀ ਇਸ ਲਈ ਪਸ਼ੂ ਨੂੰ ਵੀ ਧਨ ਕਿਹਾ ਗਿਆ।

## ਵਿਦਿਆ ਧਨ

ਗਿਆਨ ਅਤੇ ਵਿਦਿਆ ਨਾਲ ਹੋਰ ਧਨ ਆਸਾਨੀ ਨਾਲ ਪੈਦਾ ਕੀਤੇ ਜਾ ਸਕਦੇ ਹਨ। ਜੋਰ ਨਾਲੋਂ ਜੁਗਤ ਭਲੀ। ਵਿਦਿਆ ਇਨਸਾਨ ਦੀ ਮੇਹਨਤ ਦਾ ਹੀ ਇਕ ਹਿੱਸਾ ਹੈ। ਸਮਾਜ ਦੀ ਤਰੱਕੀ, ਖੁਸ਼ਹਾਲੀ ਅਤੇ ਰਖਵਾਲੀ ਲਈ ਇਹ ਬਹੁਤ ਜ਼ਰੂਰੀ ਹੈ ਤੇ ਇਸ ਨੂੰ ਧਨ ਕਿਹਾ ਗਿਆ।

## ਰਤਨ ਧਨ

ਕੀਮਤੀ ਪੱਥਰ, ਹੀਰੇ ਜਵਾਹਾਰਤ ਵਗੈਰਾ ਵੀ ਧਨ ਕਹੇ ਗਏ ਹਨ।

## ਧਾਤੂ ਧਨ

ਧਾਤਾਂ ਵੀ ਇਕ ਵਕਤ ਵਿਚ ਧਨ ਬਣ ਗਈਆਂ ਕਿਉਂਕਿ ਉਨ੍ਹਾਂ ਨੂੰ ਵੱਖ ਵੱਖ ਚੀਜ਼ਾਂ ਦੇ ਬਣਾਉਣ ਲਈ ਅਤੇ ਚੀਜ਼ਾਂ ਦੇ ਬਦਲ ਲਈ ਸਮਾਜ ਵਿਚ ਇਸਤੇਮਾਲ ਕੀਤਾ ਗਿਆ।

## ਬੰਧੂ ਧਨ

ਪਸ਼ੂ ਪਾਲਕ ਅਤੇ ਕ੍ਰਿਸ਼ੀ ਪ੍ਰਧਾਨ ਸਮਾਜ ਵਿਚ ਭੈਣਾਂ ਭਰਾਵਾਂ ਦੀ ਲੋੜ ਪੈਂਦੀ ਹੈ। ਸਾਰਾ ਕੰਮ ਟੱਬਰ ਅਤੇ ਕੁਨਬਾ ਇਕੱਠੇ ਹੋ ਕੇ

ਕਰਦੇ ਸਨ। ਉਨ੍ਹਾਂ ਦਾ ਜੀਣਾ ਮਰਨਾ ਟੱਬਰ ਤੇ ਮੁਨੱਸਰ ਹੁੰਦਾ ਹੈ ਇਸ ਕਰਕੇ ਇਸਨੂੰ ਵੀ ਧਨ ਕਿਹਾ ਗਿਆ ਹੈ।

## ਮਿੱਤਰ ਧਨ

ਟੱਬਰ ਅਤੇ ਕੁਨਬੇ ਵਾਂਗ ਹੀ ਦੋਸਤ ਅਤੇ ਮਿੱਤਰ ਇਨਸਾਨ ਦੇ ਮਦਦਗਾਰ ਅਤੇ ਦੁਖ ਸੁੱਖ ਵੰਡਾਉਣ ਵਾਲੇ ਹੁੰਦੇ ਹਨ। ਇਸ ਕਰਕੇ ਇਸਨੂੰ ਮਿੱਤਰ ਧਨ ਕਿਹਾ ਗਿਆ ਹੈ।

## ਤਪੋਧਨ

ਤਪੱਸਿਆ ਨਾਲ ਗਿਆਨ ਅਤੇ ਮਿਲਦਾ ਹੈ। ਇਸ ਲਈ ਇਸਨੂੰ ਤਪੋਧਨ ਕਿਹਾ ਗਿਆ ਹੈ।

## ਸ਼ਸਤਰ ਧਨ

ਇਹ ਔਜ਼ਾਰ ਅਤੇ ਹਥਿਆਰ ਨੂੰ ਧਨ ਦਾ ਦਰਜਾ ਹਾਸਲ ਸੀ। ਪਹਿਲਿਆਂ ਵਕਤਾਂ ਵਿਚ ਔਜ਼ਾਰਾਂ ਅਤੇ ਹਥਿਆਰਾਂ ਵਿਚ ਜ਼ਿਆਦਾ ਫਰਕ ਨਹੀਂ ਸੀ ਹੁੰਦਾ।

ਮੇਹਨਤ, ਗਿਆਨ, ਅਕਲ ਅਤੇ ਕੁਦਰਤ ਦੇ ਸੋਮਿਆਂ ਦੇ ਮੇਲ ਨਾਲ ਇਹ ਸਭ ਧਨ ਪੈਦਾ ਹੁੰਦੇ ਹਨ। ਸਮਾਜ ਵਿਚ ਇਨ੍ਹਾਂ ਦੀ ਕਦਰ ਅਤੇ ਕੀਮਤ ਇਨ੍ਹਾਂ ਦੀ ਉਪਯੋਗਿਤਾ ਅਤੇ ਲੋੜ ਦੇ ਹਿਸਾਬ ਨਾਲ ਹੈ। ਇਸ ਤਰ੍ਹਾਂ ਪੈਦਾ ਕੀਤਾ ਹੋਇਆ ਧਨ ਮਨੁੱਖ ਦੇ ਸੁੱਖ ਅਤੇ ਰੱਖਿਆ ਲਈ ਬਹੁਤ ਹੀ ਜ਼ਰੂਰੀ ਦੱਸਿਆ ਗਿਆ ਹੈ। ਜ਼ਿੰਦਗੀ ਦੇ ਟੀਚਿਆਂ ਵਿਚੋਂ ਅਰਥ ਜਾਂ ਧਨ ਇਕ ਮੁੱਖ ਟੀਚਾ ਦੱਸਿਆ ਗਿਆ ਹੈ।

ਅਰਥ, ਕਾਮ, ਧਰਮ ਅਤੇ ਮੋਕਸ਼ ਜ਼ਿੰਦਗੀ ਦੇ ਚਾਰ ਮੁੱਖ ਨਿਸ਼ਾਨੇ ਦੱਸੇ ਗਏ ਹਨ। ਅਰਥ ਜਾਂ ਧਨ ਇਕ ਸੁਖੀ ਜੀਵਨ ਲਈ ਬਹੁਤ ਹੀ ਜ਼ਰੂਰੀ ਹੈ। ਜਿਹੜਾ ਇਨਸਾਨ ਅਰਥ ਜਾਂ ਧਨ ਪੈਦਾ ਨਹੀਂ ਕਰਨਾ ਚਾਹੁੰਦਾ ਉਸ ਨੂੰ ਸਮਾਜ ਤੋਂ ਬਾਹਰ ਇਕ ਸਨਿਆਸੀ ਦਾ ਜੀਵਨ ਜੀਣਾ ਦੀ ਹਦੈਤ ਹੈ ਜੋ ਸਮਾਜ ਲਈ ਮਰ ਗਏ ਬਰਾਬਰ ਹੈ। ਇਸ ਸਮੇਂ ਦੇ ਸਮਾਜ ਵਿਚ ਧਨ ਅਤੇ ਦੌਲਤ ਦੀ ਅਹਿਮੀਅਤ ਤੇ ਜ਼ੋਰ ਦਿਤਾ ਗਿਆ।

ਪੰਜਾਬੀ ਦਾ ਇਕ ਅਖਾਣ ਇਸ ਸਮੇਂ ਦੀ ਝਲਕ ਹੈ ਕਿ

*ਜਿਨ੍ਹਾਂ ਦੇ ਘਰ ਦਾਣੇ ਉਨ੍ਹਾਂ ਦੇ ਕਮਲੇ ਵੀ ਸਿਆਣੇ*

ਭਰਤਰੀ ਰਿਸ਼ੀ ਵੀ ਕਹਿੰਦਾ ਹੈ:

*ਯਸਆਸਤੀ ਵਿਤੱਮ ਸਾ ਨਰਾਹ ਕੂਲੀਨਾਹ*
*ਸਾ ਪੰਡਿਤਾਹ ਸਾ ਸ਼ਰੁਤਵਾਨਗੁਣਅਗਿਆਹ*
*ਸਾ ਏਵ ਵਕਤਾ ਸਾ ਚਾ ਦਰਸ਼ਨੀਏਹ*
*ਸਰਵੇ ਗੁਣਾਹ ਕਾਂਚਨਮਾਸ਼ਰਅੰਤੇ*
*(ਭਰਤਰੀ ਨੀਤੀ ਸ਼ਤਕਅਥ ਦ੍ਰਵਯ ਪ੍ਰਸ਼ੰਸਾ)*

*ਜਿਸਦੇ ਕੋਲ ਧਨ ਹੈ ਉਹੀ ਚੰਗੇ ਖ਼ਾਨਦਾਨ ਦਾ ਹੈ, ਉਹੀ ਪੰਡਤ ਅਤੇ ਗੁਣਵਾਨ ਹੈ। ਉਹੀ ਚੰਗਾ ਬੁਲਾਰਾ ਅਤੇ ਮਿਲਣ ਦੇ ਕਾਬਿਲ ਹੈ। ਸਾਰੇ ਹੀ ਗੁਣ ਸੋਨੇ(ਧਨ) ਵਿਚ ਹੁੰਦੇ ਹਨ।*

ਵਕਤ ਗੁਜ਼ਰ ਕੇ ਸਮਾਜ ਖੇਤੀ ਪ੍ਰਧਾਨ ਬਣ ਗਿਆ ਸੋ ਖੇਤੀਬਾੜੀ ਨੂੰ ਧਨ ਪੈਦਾ ਕਰਨ ਦਾ ਸਾਰਿਆਂ ਨਾਲੋਂ ਵਧਿਆ ਤਰੀਕਾ ਮੰਨਿਆ ਗਿਆ। ਰਿਗਵੇਦ, ਮਹਾਂਭਾਰਤ ਅਤੇ ਹੋਰਨਾਂ ਗ੍ਰੰਥਾਂ ਵਿਚ ਕਾਸ਼ਤਕਾਰੀ ਨੂੰ ਸਭ ਤੋਂ ਉੱਚਾ ਦਰਜਾ ਦਿਤਾ ਗਿਆ ਹੈ। ਨੌਕਰੀ ਅਤੇ ਭੀਖ ਮੰਗਣ ਨੂੰ ਘਟੀਆ ਕੰਮ ਦੱਸਿਆ ਗਿਆ ਹੈ।

*ਅਰਥਸ਼ਾਸਤ੍ਰ ਮੁਤਾਬਿਕ:*

*ਕ੍ਰਿਸ਼ੀਪਾਸ਼ੂਪਾਲਿਯੇ ਵਣਿਜਾ ਚ ਵਾਰਤਾ*
*ਧਾਨਯਾਪਸ਼ੂਹਿਰਨਯੇਕੁਪਯਾਵਿਸ਼ਟੀਪ੍ਰਦਾਨਾਦੌਪਕਾਰਿਕੀ।*

*ਖੇਤੀ, ਪਸ਼ੂਪਾਲਣ, ਵਪਾਰ ਨੂੰ ਵਾਰਤਾ ਜਾਂ ਅਰਥ ਕਿਹਾ ਜਾਂਦਾ ਹੈ। ਇਨ੍ਹਾਂ ਨਾਲ ਅਨਾਜ, ਪਸ਼ੂ, ਸੋਨਾ, ਅਤੇ ਜੰਗਲ ਤੋਂ ਧਨ ਮੇਹਨਤ ਨਾਲ ਪ੍ਰਾਪਤ ਹੁੰਦੇ ਹਨ।*

*ਅਰਥਮੂਲੌ ਹੀ ਧਰਮਕਾਮਅਵਿਤੀ*
*ਧਰਮ ਅਤੇ ਕਾਮ ਅਰਥ ਤੇ ਹੀ ਨਿਰਭਰ ਹਨ। ਅਰਥ ਹੀ ਉਨ੍ਹਾਂ ਦੀ ਜੜ੍ਹ ਹੈ।*

ਵਾਰਸ ਸ਼ਾਹ ਵੀ ਕਹਿੰਦਾ ਹੈ:

*ਮਾਇਆ ਐਬ ਛੁਪਾਓਂਦੀ ਨਾਕਸਾਂ ਦੇ ਮਾਇਆ ਲਾਜ ਰੱਖੇ ਹਰ ਥਾਂ ਮੀਆਂ*
*ਮਾਇਆ ਬਾਝ ਨਾ ਕੋਈ ਹੈ ਬਾਂਹ ਬੇਲੀ ਮਾਇਆ ਬਾਝ ਨਾ ਪਿੰਡ ਗਿਰਾਂ ਮੀਆਂ*
*ਮਾਇਆ ਦਾਰ ਦੀ ਆਦਰੀ ਕਰੇ ਖ਼ਲਕਤ ਮਾਇਆ ਬਾਝ ਨਾ ਲੈਂਦਾ ਈ ਨਾਂ ਮੀਆਂ*
*ਮਾਇਆ ਬਾਝ ਡੁੱਬੇ ਅਕਲ ਹੋਸ਼ ਸੱਭੇ ਕਿਸੇ ਫਿਕਰ ਨਾ ਰਹੇ ਬਜਾ ਮੀਆਂ*
*ਮਾਇਆ ਵਾਸਤੇ ਦੀਨ ਈਮਾਨ ਡੋਬਣ ਜਿਨ੍ਹਾਂ ਅਹਿਮਕਾਂ ਕੋਈ ਨਾ ਆਣ ਮੀਆਂ*

*ਦਾਨਸ਼ਮੰਦ ਤੇ ਅਕਲ ਦੇ ਕੋਟ ਜੇਹੜੇ ਮਾਇਆ ਬਾਝ ਉਹ ਹੋਣ ਹੈਰਾਨ ਮੀਆਂ*

ਸਮਾਜ ਦੇ ਵਿਕਾਸ ਦੇ ਸਫ਼ਰ ਵਿਚ ਇਕ ਮੁਕਾਮ ਆਇਆ ਕਿ ਸਾਂਝੀ ਪੈਦਾ ਕੀਤੀ ਹੋਈ ਦੌਲਤ ਦੀ ਕਾਣੀ ਵੰਡ ਹੋਣ ਲੱਗ ਗਈ। ਤੇ ਹੌਲੀ ਹੌਲੀ ਸਮਾਜ ਦੇ ਇਕ ਹਿੱਸੇ ਦੇ ਲੋਕਾਂ ਨੂੰ ਗੁਜ਼ਾਰੇ ਲਈ ਨੌਕਰੀ ਪੇਸ਼ੇ ਤੇ ਮਜਬੂਰ ਹੋਣਾ ਪਿਆ। ਪਰ ਇਸ ਸਮਾਜ ਵਿਚ ਨੌਕਰੀ ਅਤੇ ਨੌਕਰ ਦੀ ਜ਼ਿੰਦਗੀ ਨੂੰ ਮਾੜਾ ਹੀ ਦੱਸਿਆ ਗਿਆ ਹੈ।

ਪੰਚਤੰਤ੍ਰ ਵਿਚ ਨੌਕਰ ਦੀ ਜੂਨ ਨੂੰ ਜਾਨਵਰ ਨਾਲੋਂ ਵੀ ਮਾੜਾ ਕਿਹਾ ਗਿਆ ਹੈ। ਜਾਨਵਰ ਆਪਣੀ ਮਰਜ਼ੀ ਨਾਲ ਇੱਧਰ ਉੱਧਰ ਭੱਜ ਦੌੜ ਲੈਂਦੇ ਹਨ ਪਰ ਨੌਕਰ ਆਪਣੀ ਮਰਜ਼ੀ ਨਾਲ ਕੁੱਝ ਨਹੀਂ ਕਰ ਸਕਦੇ। ਉਨ੍ਹਾਂ ਨੂੰ ਹਰ ਗੱਲ ਲਈ ਮਾਲਿਕ ਤੋਂ ਇਜਾਜ਼ਤ ਲੈਣੀ ਪੈਂਦੀ ਹੈ ਅਤੇ ਉਨ੍ਹਾਂ ਦੀ ਕਮਾਈ ਦਾ ਫ਼ਲ ਮਾਲਕ ਭੋਗਦੇ ਹਨ:

*"ਸਵਾਤੰਤ੍ਰਾਯਮ ਯੱਛਰੀਰਸਯਆ ਮੂੜੈਸਤਦਪਿ ਹਾਰਤਮ*

*ਨੌਕਰੀ ਰਾਹੀਂ ਮੂਰਖ ਇਨਸਾਨ ਨੇ ਆਪਣੇ ਜਿਸਮ ਦੀ ਆਜ਼ਾਦੀ ਵੀ ਗੁਆ ਲਈ।*

*ਸੇਵਾ ਸ਼ਵਾਵ੍ਰਤੀਰਾਖਆਤਾ ਯੈਸਤੈਰਮਿਥਯਾ ਪ੍ਰਜਲਿਪਤਮ*
*ਸਵਛੰਦਮ ਚਰਤੀ ਸ਼ਵਾਯਤ੍ਰ ਸੇਵਕਾਹ ਪਰਸ਼ਾਸਨਾਤ"*

*ਨੌਕਰੀ ਕਰਨਾ ਕੁੱਤੇ ਦੀ ਤਰ੍ਹਾਂ ਥਾਂ ਥਾਂ ਤੋਂ ਦੁਰਕਾਰੇ ਜਾਣਾ ਹੈ। ਪਰ ਕੁੱਤਾ ਵੀ ਆਪਣੀ ਮਰਜ਼ੀ ਇੱਧਰ ਉਧਰ ਜਾ ਸਕਦਾ ਹੈ ਲੇਕਿਨ ਨੌਕਰ ਆਪਣੇ ਮਾਲਿਕ ਦੇ ਹੁਕਮ ਬਗੈਰ ਕਿਤੇ ਨਹੀਂ ਜਾ ਸਕਦਾ।*

ਇਹ ਉਸ ਸਮਾਜ ਦੀ ਝਲਕ ਹੈ ਜਿਸ ਵਿਚ ਜਮਾਤੀ ਵੰਡ ਪੈਦਾ ਹੋ ਚੁੱਕੀ ਹੈ ਪਰ ਜ਼ਿਆਦਾ ਲੋਕ ਖੇਤੀਬਾੜੀ ਨਾਲ ਆਪਣਾ ਗੁਜ਼ਾਰਾ ਕਰਦੇ ਹਨ। ਸਮਾਜ ਦਾ ਇਕ ਹਿੱਸਾ ਨੌਕਰੀ ਪੇਸ਼ਾ ਹੈ ਅਤੇ ਨੌਕਰੀ ਤੇ ਹੀ ਨਿਰਭਰ ਹੈ। ਉਨ੍ਹਾਂ ਕੋਲ ਗੁਜ਼ਾਰੇ ਲਈ ਹੋਰ ਸਾਧਨ ਨਹੀਂ। ਕਾਸ਼ਤਕਾਰ ਰਾਜੇ ਨੂੰ ਪੰਜਵਾਂ ਹਿੱਸਾ ਜਾਂ ਚੌਥਾ ਹਿੱਸਾ ਦੇਕੇ ਬਾਕੀ ਦੌਲਤ ਆਪਣੀ ਆਜ਼ਾਦੀ ਨਾਲ ਵਰਤਦੇ ਹਨ। ਬਹੁਤ ਹੀ ਘੱਟ ਲੋਕ ਨੌਕਰੀ ਪੇਸ਼ਾ ਹਨ ਅਤੇ ਨੌਕਰੀ ਕਰਨ ਨੂੰ ਬੁਰਾ ਸਮਝਿਆ ਜਾਂਦਾ ਹੈ।

ਲਹਿੰਦੇ ਪੰਜਾਬ ਦੇ ਮਸ਼ਹੂਰ ਲੇਖਕ ਨਜਮ ਹੁਸੈਨ ਸੈਯਦ ਬਾਬਾ ਫਰੀਦ ਦੇ ਸਮੇਂ ਬਾਰੇ ਇੰਜ ਲਿਖਦੇ ਹਨ:

*"ਫਰੀਦ ਵੇਲੇ ਅੰਨ ਉਗਾਉਣ ਦੇ ਦੋ ਮੁਢਲੇ ਵਸੀਲੇ ਆਹੇ। ਇਕ ਭੋਇੰ ਤੇ ਇਕ ਬੰਦੇ ਦੀ ਕਾਰ, ਹੱਥਾਂ ਦੀ ਕਰਨੀ। ਜਿਹਦੇ ਕੋਲ ਜਿਤਨੀ ਭੋਇੰ ਹ' ਵਣੀ ਤੇ ਹੱਥ ਹੋਵਣੇ ਉਤਨੀ ਈ ਖਾਹਦ ਉਪਜਾਉਣ ਦੀ ਸਕਤ ਹੋਵਣੀ ਤਇਜਿਤਨੀ ਲੋੜੋਂ ਵੱਧ ਖਾਹਦ ਸਰਨੀ ਉਤਨੀ ਈ ਵਟਾਂਦਰੇ ਦੀ ਸਕਤ ਹੋਵਣੀ ਉਨਤਨੀ ਈ ਵਸਤਾਂ ਦੀ ਵੰਨ ਸੁਵੰਨ।*

*ਸੋ ਇਹ ਕਿਵੇਂ ਥੀਵਾ ਜੋ ਇਕਨਾ ਕੋਲ ਬੇਹਿਸਾਬਾ ਆਟਾ ਜੁੜ ਗਿਆ ਤੇ ਇਕ ਲੂਣੋਂ ਵੀ ਗਏ? ਥੀਆ ਏਵੇਂ ਜੇ ਕੁਝ ਬੰਦਿਆਂ ਧਿੰਗਾਣੇ ਸੁਜਿਆਂ ਦੀ ਹੱਥ ਦੀ ਕਾਰ ਉਤੇ ਮੱਲ ਚਾ ਮਾਰੀ। ਦੁਜਿਆਂ ਕੋਲ ਨਿਰੀ ਉਤਨੀ ਛੋੜੀ ਜਿਹਦੇ ਨਅਲ ਉਹ ਮਸਾਂ ਕੰਮ ਕਾਰ ਜੋਗ ਰਹਿਣ। ਉਤਨੀ ਛੋੜੀ ਜਿਹਦੇ ਨਹ ਲੁਣ ਵੀ ਨਾ ਘਿੰਨ ਸਕਣ। ਸੋ ਲੂਣੋਂ ਆਤਰ ਉਹ ਹਨ ਹਿਹੜੇ ਆਪਣੀ ਕੀਤੀ ਵਿਚੋਂ ਨਿਰਾ ਸਾਹ ਦੀ ਡੋਰ ਠੋਰਨ ਜੋਗਾ ਘਿੰਣ ਸਕਦੇ ਹਨ, ਰਹਿੰਦੀ ਉਨ੍ਹਾਂ ਦੀ ਧਿੰਗਾਣ ਵਾਲਿਆਂ ਕੋਲ ਵੰਝ ਜੁੜਦੀ ਏ। ਜੁੜ ਕੇ ਬਣ ਵੈਂਦੀ ਏ ਚੋਖੇ ਵਟਾਂਦਰੇ ਦੀ ਸਕਤ। ਵਨ ਮਰਜ਼ੀ ਦੀਆਂ ਵਸਤਾਂ ਵਿਹਾਜਣ ਦੀ ਸਕਤ, ਵਧੇਰਿਆਂ ਹੱਥਾਂ ਨੂੰ ਮਨ ਮਰਜ਼ੀ ਦਿਆਂ ਕੰਮਾਂ ਉਤੇ ਲਾਉਣ ਦੀ ਸਕਤ। ਇਹ ਅਗਲਾ ਆਟਾ ਈ ਆਹਾ ਜਿਹਦੇ ਵੱਟੇ ਸੋਨੇ ਚਾਂਦੀ ਦੇ ਜੁੜਦੇ ਆਹੇ। ਸੋਨੇ ਚਾਂਦੀ ਦਾ ਰੁਪੈ ਅਸ਼ਰਫੀ ਦਾ ਮੁਲੋਂ ਆਪਣਾ ਕੋਈ ਅੱਘਲਾ ਆਹਾ। ਅੱਘਲਾ ਹਾ ਵਟਕ ਦਾ ਜਾਣੇ ਵਟਾਂਦਰੇ ਦੀ ਸਕਤ ਦਾ। ਸੋਨਾ ਚਾਂਦੀ ਤਾ ਆਹੇ ਵਿਚੋਲੇ। ਵਟਕ ਬਣਾਈ ਉਪਜ ਨੇ। ਉਪਜ ਕੀਤੀ ਬੰਦੇ ਦੀ ਕਰਨੀ ਨੇ। ਨਾਂ ਬੰਦੇ ਦੀ ਕਰਨੀ ਹੋਵੇ ਨਾਂ ਉਪਜ ਹੋਵਣ, ਨਾ ਵਟਾਂਦਰਾ, ਨਾ ਵਟਕ। ਅਸਲ ਅੱਘ ਤੇ ਹੈ ਬੰਦੇ ਦੀ ਕਰਨੀ ਦਾ। ਪਰ ਜਦ ਹਜ਼ਾਰਾਂ ਹੱਥਾਂ ਦੀ ਕਰਨੀ ਜੁੜ ਕੇ ਥੋਕ ਬਣੀ ਤੇ ਥੋਕੋਂ ਵਟਕ ਬਣੀ ਤੇ ਕਿਸੇ ਇਕ ਜੀਅ ਦੇ ਲੇਖੇ ਵੰਝਣ ਲਇਗੀ ਤਾਂ ਉਹ ਇਕ ਜੀਅ ਹਜ਼ਾਰਾਂ ਦੀ ਕੀਤੀ ਦਾ ਮਾਲਕ ਬਣ ਗਿਆ ਹੱਥਾਂ ਦੀ ਕਰਨੀ ਦਾ ਅੱਘ ਮਰੀਜ ਗਿਆ। ਜੁੜੀ ਵਟਕ ਹੱਥ ਕਰਨੀ ਦੇ ਸਿਰ ਤੇ ਸਵਾਰ ਥੀ ਗਈ। ਧੀ ਮਾਂ ਦੇ ਗੱਲ ਵਾਹ ਘਤ ਬੈਠੀ। ਹਜ਼ਾਰਾਂ ਜੀਅ ਇਕੱਲੇ ਦੁਕੱਲੇ ਗੁਲਾਮ ਥੀ ਗਏ ਜੁੜੀ ਵਟਕ ਦੇ ਸਿਰ ਤੇ ਈ ਇਕਲਿਆਂ ਦੁਕੱਲਿਆਂ ਨੇ ਹਜ਼ਾਰਾਂ ਨੂੰ ਲਸ਼ਕਰ ਵਿਚ ਜੁਲਿਆ ਤੇ ਦਰਾਡੀਆਂ ਜੁਹਾਂ ਉਤੇ ਧਾਵੇ ਕੀਤੇ ਤੇ ਉਥਾਵੀਂ ਮਖ਼ਲੁਕ ਦੀ ਕਰਨੀ ਉਤੇ ਕਬਜ਼ੇ ਕਰਕੇ ਆਪਣੀ ਵਟਕ ਹੋਰ ਵਧਾਈ।*

*ਨਿੱਤ ਵਧਦੀ ਮੂੰਹ ਜ਼ੋਰ ਵਟਕ ਨੇ ਇਲਮਾਂ ਹੁਨਰਾਂ ਨੰ ਵੀ ਆਪਣਾ ਕੰਮੀ ਕਰ ਲਿਆ। ਇਲਮਾਂ ਹੁਨਰਾਂ ਰਾਹੀਂ ਉਪਜ ਦੇ ਨਵੇਂ ਢੋਅ ਬਣੇ ਅਤੇ ਵੰਨ ਸੁਵੰਨੀਆਂ ਅਟਕਲਾਂ ਵਟਕਵਾਨਾਂ ਦੇ ਹੋ ਗਈਆਂ। ਵਟਕਵਾਨਾਂ ਦੀ ਮਾਲਕੀ ਵੱਧ ਗਈ ਤੇ ਮਖ਼ਲੁਕ ਦੀ ਗੁਲਾਮੀ। ਇਲਮ ਹੁਨਰ ਤੇ ਗੁਣ ਗਿਆਨ ਵੀ ਬੰਦੇ ਦੀ ਕਰਨੀ ਦਾ ਈ ਜੋੜ ਜੱਪ ਹੁੰਦੇ ਨੇ। ਜਿਸ ਵਟਕਵਾਨ ਨੇ ਕਰਨੀ ਉਤੇ ਮਤ ਮਾਰੀ ਉਸੇ ਨੇ ਇਲਮ ਹੁਨਰ ਨੂੰ ਵੀ ਆਪਣੀ ਲੋੜ ਸਿਰ ਟੋਰਿਆ। ਜਿਵੇਂ ਖ਼ਲਕਤ ਦੀ ਦੀ ਕਰਨੀ ਉਹਦੇ ਵੱਸ ਨਾ ਰਹੀ ਇਵੇਂ ਈ ਕਰਨੀ ਵਿਚੋਂ ਨਿਸਰੀ ਸਮਝ ਵੀ ਖ਼ਲਕਤ ਦੇ ਵੱਸ ਨਾਂ ਰਹੀ।।*

*( ਫ਼ਰੀਦੋਂ ਨਾਨਕ, ਨਾਨਕੋਂ ਫਰੀਦ, ਨਜਮ ਹੁਸੈਨ ਸੈਯਦ, ਲੋਕ ਗੀਤ ਪ੍ਰਕਾਸ਼ਨ, ਚੰਡੀਗੜ 2002 ਸਫਾ 71-72)"*

ਗੁਰੂ ਨਾਨਕ ਦੇਵ ਜੀ ਵੀ ਕਿਰਤ ਨੂੰ ਹੀ ਸਾਰੀਆਂ ਦੌਲਤਾਂ ਅਤੇ ਧਨ ਦਾ ਮੂਲ ਦੱਸਦੇ ਹਨ। ਉਹ ਵੀ ਨੌਕਰੀ ਕਰਨ ਨੂੰ ਤੇ ਭੀਖ ਮੰਗਣ ਨੂੰ

ਬੁਰਾ ਦਸਦੇ ਹਨ ਤੇ ਕਿਰਤ ਕਰਨ ਦਾ ਹੀ ਸੰਦੇਸ਼ ਹੈ। ਉਨ੍ਹਾਂ ਨੇ ਖੇਤੀ ਨੂੰ ਦੌਲਤ ਪੈਦਾ ਕਰਨ ਦਾ ਪਹਿਲਾ ਦਰਜਾ ਦਿੱਤਾ ਹੈ:

*ਉੱਤਮ ਖੇਤੀ ਮੱਧ ਵਿਉਪਾਰ*
*ਨਿਖੇਧ ਚਾਕਰੀ ਭੀਖ ਦੁਆਰ*

ਗੁਰੂ ਨਾਨਕ ਨੇ ਇਹ ਗੱਲ ਵੀ ਦੱਸੀ ਕਿ ਸਮਾਜ ਵਿਚ ਸ਼ੋਸ਼ਣ ਅਤੇ ਕਾਣੀ ਵੰਡ ਸਮਾਜ ਦੇ ਪੈਦਾਵਾਰ ਦੇ ਰਿਸ਼ਤਿਆਂ ਕਰਕੇ ਹੀ ਹੈ। ਗੁਰੂ ਨਾਨਕ ਦੇਵ ਜੀ ਮੁਤਾਬਿਕ ਜਗੀਰਦਾਰ ਅਤੇ ਸੂਦਖ਼ੋਰ ਕਾਸ਼ਤਕਾਰਾਂ ਦਾ ਖ਼ੂਨ ਚੂਸਦੇ ਹਨ। ਮਲਿਕ ਭਾਗੋ ਅਤੇ ਭਾਈ ਲਾਲੋ ਵਾਲੀ ਸਾਖੀ ਵਿਚ ਇਸ ਗੱਲ ਨੂੰ ਬੜੇ ਸੰਵੇਦਨਸ਼ੀਲ ਤਰੀਕੇ ਨਾਲ ਦੱਸਿਆ ਗਿਆ ਹੈ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਰਿਸ਼ਤਿਆਂ ਅਤੇ ਵੇਲ੍ਹੜਾਂ ਨੂੰ ਭੰਡਿਆ ਅਤੇ ਉਨ੍ਹਾਂ ਦੇ ਖਿਲਾਫ ਆਵਾਜ਼ ਉਠਾਈ। ਉਨ੍ਹਾਂ ਕਿਹਾ:

*ਜੇ ਰੱਤ ਲਗੇ ਕਪੜੇ ਜਾਮਾ ਹੋਏ ਪਲੀਤ।*
*ਜੋ ਰੱਤ ਪੀਵੇ ਮਾਨਸਾਂ ਤਿਨ ਕਿਓਂ ਨਿਰਮਲ ਚੀਤ।।*
*ਕੋਈ ਵਾਹੇ, ਕੋਈ ਲੁਣੇ, ਕੋਈ ਪਾਏ ਖਲਿਯਾਨ*
*ਨਾਨਕ ਇਉ ਨਾ ਜਾਪੀਏ ਕੋਈ ਖਾਵੇ ਨਾਦਾਨ।।*

ਵਾਹੁਣ, ਵੱਢਣ ਅਤੇ ਕੱਢਣ ਵਾਲੇ ਹੋਰ ਨੇ ਅਤੇ ਕਿਰਤ ਦੇ ਫਲ ਨੂੰ ਖਾਵਣ ਵਾਲੇ ਹੋਰ ਨੇ।

*ਹੱਕ ਪਰਾਇਆ ਨਾਨਕਾ ਉਸ ਸੂਅਰ ਉਸ ਗਾਇ*
*ਗੁਰਪੀਰ ਹਾਮੀ ਤਾਂ ਭਰੇ ਜੇ ਮੁਰਦਾਰਨਾ ਖਾਏ*

ਕਿਉਂਕਿ ਸਮਾਜ ਵਿਚ ਲੁੱਟ ਖਸੁੱਟ ਦੇ ਰਿਸ਼ਤੇ ਪੈਦਾਵਾਰ ਦੇ ਰਿਸ਼ਤਿਆਂ ਵਿਚ ਪ੍ਰਧਾਨ ਹੋ ਗਏ ਸਨ ਇਸ ਲਈ ਗੁਰੂ ਨਾਨਕ ਦੇਵ ਜੀ ਨੇ ਸ਼ੋਸ਼ਣ ਰਾਹੀਂ ਪੈਦਾ ਕੀਤੇ ਧਨ ਬਾਰੇ ਇਹ ਕਿਹਾ:

*ਇਸ ਜਰ ਕਾਰਨ ਘਣੀ ਵਿਗੁਤੀ ਇਸ ਕਰ ਬੜੀ ਖ਼ੁਆਰੀ*
*ਪਾਪਾਂ ਬਾਝੋਂ ਹੋਏ ਨਾਂ ਪੈਦਾ ਮੋਇਆਂ ਸਾਥ ਨਾ ਜਾਏ*

ਗੁਰੂ ਨਾਨਕ ਦੇਵ ਜੀ ਨੇ ਇਸ ਮਸਲੇ ਦੇ ਹਲ ਲਈ ਇਕ ਨਵਾਂ ਰਾਹ ਦੱਸਿਆ ਕਿ *ਹੱਥੀਂ ਕਿਰਤ ਕਰੋ ਅਤੇ ਵੰਡ ਕੇ ਛਕੋ।*

ਉਨ੍ਹਾਂ ਕਿਰਤ ਦੁਆਰਾ ਪੈਦਾ ਕੀਤੀ ਹੋਈ ਦੌਲਤ ਨੂੰ ਸਾਰੇ ਸਮਾਜ ਵਿਚ ਲੋੜ ਮੁਤਾਬਿਕ ਵੰਡਣ ਦੀ ਗੱਲ ਕੀਤੀ। ਪੰਜਾਬੀ ਦਰਸ਼ਨ

ਦੀ ਇਹ ਇਕ ਪੁਰਾਣੀ ਸੇਧ ਸੀ। ਆਪਣੇ ਵਕਤ ਗੁਰੂ ਨਾਨਕ ਦੇਵ ਜੀ ਨੇ ਇਸ ਅਸੂਲ ਨੂੰ ਇਕ ਇਨਸਾਫਪਸੰਦ ਸਮਾਜ ਅਤੇ ਦੌਲਤ ਦੀ ਕਾਣੀ ਵੰਡ ਨੂੰ ਖ਼ਤਮ ਕਰਨ ਲਈ ਜ਼ਰੂਰੀ ਦੱਸਿਆ ਤੇ ਸਰਬੱਤ ਦੇ ਭਲੇ ਦਾ ਹੋਕਾ ਦਿਤਾ।

ਵਾਰਸ ਸ਼ਾਹ ਦੇ ਸਮੇਂ ਤੇ ਵੀ ਨੌਕਰੀ ਕਰਨ ਨੂੰ ਗੁਲਾਮੀ ਕਰਨਾ ਸਮਝਿਆ ਜਾਂਦਾ ਸੀ। ਉਹ ਕਹਿੰਦੇ ਹਨ:

*ਬੁਰਾ ਕਸਬ ਨਾ ਨੌਕਰ ਜੇਡ ਕੋਈ*

ਅੰਗ੍ਰੇਜ਼ਾਂ ਦਾ ਪੰਜਾਬ ਤੇ ਕਬਜ਼ਾ ਕਰ ਲੈਣ ਬਾਅਦ ਉਨ੍ਹਾਂ ਸਾਰੇ ਆਰਥਕ ਰਿਸ਼ਤੇ ਇਸ ਹਿਸਾਬ ਨਾਲ ਤਨਜ਼ੀਮ ਕੀਤੇ ਉਨ੍ਹਾਂ ਦੀਆਂ ਆਪਣੀਆਂ ਲੋੜਾਂ ਪੂਰੀਆਂ ਕਰਨ ਵਿਚ ਹੋਰ ਅਸਾਨੀ ਹੋਵੇ। ਪੰਜਾਬੀ ਦਰਸ਼ਨ ਦੇ ਆਰਥਕ ਸਿਧਾਂਤ ਰੱਦ ਕਰ ਦਿਤੇ ਗਏ। ਖੇਤੀਬਾੜੀ ਅਤੇ ਸਨਅਤ ਦੀ ਆਪਸੀ ਬੁਨਿਆਦੀ ਏਕਤਾ ਖ਼ਤਮ ਹੋ ਗਈ ਅਤੇ ਸਾਰੀ ਪੈਦਾਵਾਰ ਮੰਡੀ ਦੀ ਲੋੜ ਅਨੁਸਾਰ ਅਤੇ ਅੰਗ੍ਰੇਜ਼ ਦੀ ਲੋੜ ਲਈ ਹੋ ਗਈ। ਅੰਗ੍ਰੇਜ਼ ਨੇ ਪੂਰੇ ਦੇਸ਼ ਨੂੰ ਆਪਣਾ ਨੌਕਰ ਅਤੇ ਗੁਲਾਮ ਬਣਾ ਲਿਆ।

ਇਸ ਸਮੇਂ ਦੇ ਸਨਅਤੀ ਅਤੇ ਜ਼ਰੱਈ ਵਿਕਾਸ ਤੇ ਨਵੇਂ ਆਰਥਕ ਰਿਸ਼ਤਿਆਂ ਨੇ ਬੇਰੋਜ਼ਗਾਰੀ ਅਤੇ ਬੇਜ਼ਮੀਨੇ ਕਿਸਾਨਾਂ ਨੂੰ ਜਨਮ ਦਿਤਾ ਜਿਹੜਾ ਕਿ ਪੰਜਾਬ ਦੀ ਧਰਤੀ ਤੇ ਪਹਿਲਾਂ ਕਦੇ ਨਹੀਂ ਹੋਇਆ ਸੀ। ਕਈ ਤਰ੍ਹਾਂ ਦੇ ਧਾੜਵੀ ਆਉਂਦੇ ਰਹੇ ਪਰ ਬੇਰੁਜ਼ਗਾਰੀ ਅਤੇ ਬੇਜ਼ਮੀਨੀ ਪਹਿਲਾਂ ਕਦੇ ਨਹੀਂ ਸੀ ਹੋਈ। ਅੰਗ੍ਰੇਜ਼ ਨੇ ਹਿੰਦੁਸਤਾਨ ਦੀ ਸਾਰੀ ਜ਼ਮੀਨ ਨੂੰ ਆਪਣੇ ਰਾਜ ਦੀ ਮਿਲਕੀਅਤ ਕਰਾਰ ਦੇ ਦਿਤਾ ਅਤੇ ਲੋਕਾਂ ਦਾ ਹੱਕ ਖੋਹ ਕੇ ਆਪਣੇ ਝੋਲੀ ਚੁੱਕਾਂ ਅਤੇ ਹਮੈਤੀਆਂ ਨੂੰ ਜ਼ਮੀਨ ਦੇ ਦਿਤੀ ਅਤੇ ਭੋਂ ਨੂੰ ਵੀ ਇਕ ਵਿਕਾਊ ਜਿਣਸ ਬਣਾ ਦਿਤਾ।

ਸਨਅਤ ਦੇ ਵਿਕਾਸ ਨਾਲ ਅਤੇ ਆਧੁਨਿਕ ਕਾਰਖ਼ਾਨੇ ਅਤੇ ਫੈਕਟਰੀਆਂ ਲਗਣ ਨਾਲ ਇਕ ਨਵੀਂ ਜਮਾਤ, ਮਜ਼ਦੂਰ ਜਮਾਤ, ਵੀ ਹੋਂਦ ਵਿਚ ਆ ਗਈ। ਰੁਜ਼ਗਾਰ ਲਈ ਪਿੰਡ ਛੱਡਣ ਨੂੰ ਮਜਬੂਰ ਹੋਏ ਬੇਜ਼ਮੀਨੇ ਕਿਸਾਨ ਜਾਂ ਕਾਰੀਗਰ ਸਨ। ਇਹ ਕਾਰਖ਼ਾਨਿਆਂ ਅਤੇ ਫੈਕਟਰੀਆਂ ਵਿਚ ਮਜ਼ਦੂਰੀ ਕਰਦੇ ਸਨ। ਕਾਰਖ਼ਾਨੇ ਅਤੇ ਫੈਕਟਰੀਆਂ ਅੰਗ੍ਰੇਜ਼ ਜਾਂ ਉਨ੍ਹਾਂ ਦੇ ਝੋਲੀ ਚੁੱਕਾਂ ਨੇ ਮੰਡੀ ਦੀ ਲੋੜ ਅਤੇ ਆਪਣੇ ਮੁਨਾਫੇ ਲਈ ਲਾਏ ਸਨ। ਮਜ਼ਦੂਰ ਉਹ ਲੋਕ ਬਣੇ ਜਿਨ੍ਹਾਂ ਕੋਲ ਰੁਜ਼ਗਾਰ ਲਈ

ਹੱਥਾਂ ਦੀ ਮਿਹਨਤ ਬਗੈਰ ਕੋਈ ਹੋਰ ਵਸੀਲਾ ਨਹੀਂ ਸੀ। ਪੰਜਾਬ ਅਤੇ ਹਿੰਦੁਸਤਾਨ ਵਿਚ ਜ਼ਰਈ ਅਤੇ ਸਨਅਤੀ ਪੈਦਾਵਾਰ ਪੈਦਾ ਕਰਨ ਵਾਲਿਆਂ ਦੇ ਗੁਜ਼ਾਰੇ ਦੀ ਥਾਂ ਤੇ ਮੰਡੀ ਦੀ ਲੋੜ ਲਈ ਹੋਣੀ ਸ਼ੁਰੂ ਹੋ ਗਈ।

ਅੰਗ੍ਰੇਜ਼ਾਂ ਨੇ ਆਰਥਕਤਾ ਬਾਰੇ ਲੋਟੂਆਂ ਦਾ ਲਿਬਰਲ ਸਿਧਾਂਤ ਵੀ ਪੰਜਾਬ ਅਤੇ ਹਿੰਦੁਸਤਾਨ ਤੇ ਠੋਸ ਦਿਤਾ। ਇਸ ਸਿਧਾਂਤ ਅਨੁਸਾਰ ਮੇਹਨਤ ਅਤੇ ਕਿਰਤ ਇਕ ਲਾਗਤ ਸੀ। ਕਿਰਤੀ ਅਤੇ ਮੇਹਨਤ ਦੌਲਤ ਪੈਦਾ ਕਰਨ ਵਾਲੇ ਨਹੀਂ ਬਲਕਿ ਦੌਲਤ ਪੈਦਾ ਕਰਨ ਲਈ ਇਕ ਲਾਗਤ ਹਨ। ਇਹ ਗੱਲ ਪੰਜਾਬੀ ਦਰਸ਼ਨ ਦੀ ਇਸ ਪੁਰਾਣੀ ਸੱਚਾਈ ਤੇ ਪਰਦਾ ਪਾਉਂਦੀ ਹੈ ਕਿ ਮਨੁੱਖੀ ਕਿਰਤ ਅਤੇ ਕੁਦਰਤੀ ਸੋਮਿਆਂ ਦੇ ਸੁਮੇਲ ਨਾਲ ਹੀ ਸਾਰੇ ਧਨ ਅਤੇ ਦੌਲਤ ਹੋਂਦ ਵਿਚ ਆਉਂਦੀ ਹੈ। ਕਿਰਤ ਅਤੇ ਮੇਹਨਤ ਦੂਸਰੇ ਵਸੀਲਿਆਂ ਨਾਲੋਂ ਵੱਖਰੇ ਹਨ। ਪੈਦਾਵਾਰ ਕਰਨ ਦੇ ਅਮਲ ਵਿਚ ਕਿਰਤ ਅਤੇ ਮੇਹਨਤ ਖ਼ਪਤ ਨਹੀਂ ਹੁੰਦੇ ਬਲਕਿ ਹੋਰ ਜ਼ਿਆਦਾ ਵਸਤਾਂ ਪੈਦਾ ਕਰਦੇ ਹਨ। ਕਿਸਾਨ ਜਦੋਂ ਹੱਲ ਵਾਹੁੰਦੇ ਹਨ ਉਹ ਉਸ ਵਿਚ ਖ਼ਪਤ ਨਹੀਂ ਹੋ ਜਾਂਦੇ ਬਲਕਿ ਆਪਣੀ ਮੇਹਨਤ ਨਾਲ ਅਨਾਜ ਅਤੇ ਹੋਰ ਵਸਤਾਂ ਪੈਦਾ ਕਰਦੇ ਹਨ ਜੋ ਪੈਦਾਵਾਰ ਵਿਚ ਖ਼ਪਤ ਹੋਏ ਬੀਜ ਅਤੇ ਹੋਰਨਾਂ ਵਸਤਾਂ ਨਾਲੋਂ ਕਈ ਗੁਣਾ ਜ਼ਿਆਦਾ ਹੁੰਦੇ ਹਨ। ਮੇਹਨਤ ਨੂੰ ਮਹਿਜ਼ ਇਕ ਲਾਗਤ ਦੱਸ ਕੇ ਅੰਗ੍ਰੇਜ਼ਾਂ ਅਤੇ ਉਨ੍ਹਾਂ ਦੇ ਝੋਲੀ ਚੁਕਾਂ ਨੇ ਕਿਰਤੀਆਂ ਅਤੇ ਮੇਹਨਤਕਸ਼ਾਂ ਦੀ ਮੇਹਨਤ ਲੁੱਟਣ ਨੂੰ ਜਾਇਜ਼ ਕਰਾਰ ਦਿਤਾ। ਇਹ ਦਿਨ ਨੂੰ ਰਾਤ ਬਣਾਉਣ ਬਰਾਬਰ ਸੀ। ਪਰ ਕਿਉਂਕਿ ਅੰਗਰੇਜ਼ ਦੇ ਹੱਥ ਵਿਚ ਡੰਡਾ ਅਤੇ ਰਾਜਤੰਤ੍ਰ ਸੀ ਤੇ ਮੰਤਵ ਪੰਜਾਬ ਅਤੇ ਹਿੰਦੁਸਤਾਨ ਦੀ ਲੁੱਟ ਸੀ ਇਸ ਲਈ ਇਹ ਆਰਥਕ ਸਿਧਾਂਤ, ਫਰੇਬ ਅਤੇ ਝੂਠ ਸਰਕਾਰੀ ਨੀਤੀ ਅਤੇ ਪੈਦਾਵਾਰ ਦੀ ਬੁਨਿਆਦ ਬਣ ਗਿਆ। ਮੇਹਨਤ ਨੂੰ ਲਾਗਤ ਬਣਾਕੇ ਹਰ ਲੋਟੂ ਅਤੇ ਵੇਹਲੜ ਸਮਾਜ ਵਿਚ ਸਾਂਝਿਆਂ ਪੈਦਾ ਕੀਤੀ ਹੋਈ ਦੌਲਤ ਤੇ ਆਪਣੀ ਧੌਂਸ ਜਾਇਜ਼ ਠਹਿਰਾ ਸਕਦਾ ਸੀ। ਇਹ ਲੋਟੂ ਲਾਣਾ ਕਾਰਖਾਨਿਆਂ ਵਿਚ ਮਜ਼ਦੂਰਾਂ ਅਤੇ ਖੇਤਾਂ ਵਿਚ ਕਿਸਾਨਾਂ ਨੂੰ ਮਜ਼ਦੂਰੀ ਕਰਨ ਤੇ ਮਜਬੂਰ ਕਰ ਚੁੱਕਾ ਸੀ।

ਗ਼ਦਰੀ ਬਾਬਿਆਂ ਨੇ ਸਮਾਜਕ ਵਿਗਿਆਨ, ਮਾਰਕਸਵਾਦ ਅਤੇ ਪੰਜਾਬੀ ਦਰਸ਼ਨ ਦੇ ਆਰਥਕ ਸਿਧਾਂਤ ਦੀ ਪੁਰਾਣੀ ਸੇਧ ਨੂੰ ਸੁਰਮੇਲ ਕਰਕੇ ਇਸ ਲੁੱਟ ਖਸੁੱਟ ਤੋਂ ਮੁਕਤ ਇਕ ਨਵੇਂ ਸਮਾਜ ਦੀ ਰਚਨਾ ਕਰਨ ਲਈ ਸਾਰੇ ਹਿੰਦੁਸਤਾਨ ਦੇ ਲੋਕਾਂ ਨੂੰ ਹੋਕਾ ਇੰਜ ਦਿੱਤਾ:

*"ਹਿੰਦ ਦਾ ਬਪਾਰ ਕਾਰ ਰੋੜ੍ਹਿਆ ਜਹਾਨ ਉਤੋਂ*

*ਆਪਣਾ ਬਪਾਰ ਅਸਮਾਨ ਤੇ ਚੜ੍ਹਾ ਲਿਆ*
*ਘੱਟ ਨਾ ਗੁਜ਼ਾਰੀ ਮਾਰ ਧਾੜ ਕੀਤੀ ਹਿੰਦ ਵਿਚ*
*ਉਹਲੇ ਉਹਲੇ ਧਨ ਇੰਗਲੈਂਡ ਪੁਚਾ ਲਿਆ*

*ਲੀੜੇ ਲਾਹ ਫਰੰਗ ਨੇ ਨੰਗ ਕੀਤਾ*
*ਸਾਨੂੰ ਮਿਲੇ ਕਿਧਰੇ ਢੋਈ ਪਿਆਰ ਨਾਹੀਂ*

*ਬਧਾਏ ਲਗਾਨ, ਕੀਤੇ ਟੈਕਸ ਤਾਂ ਭਾਰੇ ਨੇ, ਜ਼ਿਮੀਂਦਾਰ ਸਾਰੇ ਭਰਦੇ ਭਰਦੇ ਹੀ ਹਾਰੇ ਨੇ*
*ਕਰੋੜਾਂ ਹੀ ਮੂੰਹ ਹੈਜੇ ਤੇ ਕਾਲ ਦੇ, ਦੂਜੀ ਪਲੇਗ ਆਈ ਸਾਡੇ ਹੀ ਵਾਸਤੇ*

*ਕੋਈ ਚੀਜ਼ ਬਿਨਾਂ ਨਾ ਮਸੂਲ ਛਡਦੇ, ਹੋਲੀ ਹੋਲੀ ਇੰਡੀਆ ਦੀ ਜੜ ਵਢਦੇ*
*ਅਰਬਾਂ ਦੇ ਲੇਖੇ ਪੈਸਾ ਹੈ ਲਜਾਂਵਦੇ, ਥੋੜਾ ਸਾ ਖ਼ਰਚ ਇੰਡੀਆ ਲਾਂਵਦੇ*

*ਦੇਸ਼ ਲੁੱਟ ਫਰੰਗੀਆਂ ਲਿਆ ਸਾਡਾ, ਦੁਖ ਭੁੱਖ ਪਲੇਗ ਫੈਲਾ ਦਿਤੀ*
*ਮਰੇ ਸੈਂਕੜੇ ਵੀਰ ਬਿਨ ਮੌਤ ਆਈ, ਬਸਤੀ ਤਿਨ ਕਰੋੜ ਘਟਾ ਦਿਤੀ*
*ਲਾਯਾ ਮਾਮਲਾ ਟੈਕਸ ਮਸੂਲ ਬਹੁਤਾ, ਦੌਲਤ ਵਿਚ ਇੰਗਲੈਂਡ ਪੁਜਾ ਦਿਤੀ*
*ਰੋਟੀ ਕਪੜਾ ਮੂਲ ਨਾ ਮਿਲੇ ਸਾਨੂੰ, ਨੰਗ ਭੁੱਖ ਨੇ ਸ਼ਕਲ ਗੁਵਾ ਦਿਤੀ"*

ਭਗਤ ਸਿੰਘ ਨੇ ਹਾਲਾਤ ਦਾ ਨਿਰਨਾ ਕਰਕੇ ਇਸ ਸੋਚ ਨੂੰ ਹੋਰ ਅੱਗੇ ਤੋਰਿਆ:

*" ਮੈਨੂੰ, ਭਗਤ ਸਿੰਘ ਨੂੰ, ਹੇਠਲੀ ਕਚਿਹਰੀ ਨੇ ਪੁਛਿੱਆ ਸੀ ਕਿ ਸਾਡਾ 'ਇਨਕਲਾਬ' ਤੋਂ ਕੀ ਮਤਲਬ ਹੈ? ਇਸ ਸਵਾਲ ਦੇ ਜਵਾਬ ਵਿਚ ਮੈਂ ਕਹਾਂਗਾ ਕਿ ਇਨਕਲਾਬ ਬੇਰਹਿਮ ਅਤੇ ਖ਼ੂਨੀ ਖ਼ਾਨਾਜੰਗੀ ਨਹੀਂ ਅਤੇ ਨਾਂਹੀ ਇਹ ਜ਼ਾਤੀ ਕਤਲਾਂ ਜਾਂ ਬਦਲੇ ਦੀ ਭਾਵਨਾ ਨਾਲ ਭਰੀ ਕਤਲੋਗ਼ਾਰਤ ਹੈ। ਇਹ ਬੰਬ ਜਾਂ ਬੰਦੂਕਾਂ ਨਾਲ ਲੈਸ ਕੋਈ ਫਿਰਕਾ ਵੀ ਨਹੀਂ। ਇਨਕਲਾਬ ਤੋਂ ਸਾਡਾ ਮਤਲਬ ਹੈ ਕਿ ਮੌਜੂਦਾ ਨਿਜ਼ਾਮ ਅਤੇ ਬੰਦੋਬਸਤ ਜੋ ਬੇਇਨਸਾਫੀ ਦੀ ਬੁਨਿਆਦ ਤੇ ਖੜਾ ਹੈ, ਇਸ ਨਿਜ਼ਾਮ ਨੂੰ ਬਦਲਣ ਦੀ ਲੋੜ ਹੈ। ਮਜ਼ਦੂਰ ਅਤੇ ਹੋਰ ਮਿਹਨਤਕਸ਼ ਲੋਕਾਂ ਨੂੰ , ਜਿਨ੍ਹਾਂ ਦੀ ਮਿਹਨਤ ਬਗੈਰ ਸਮਾਜ ਚੱਲ ਨਹੀਂ ਸਕਦਾ, ਉਨ੍ਹਾਂ ਦੀ ਮਿਹਨਤ ਨੂੰ ਵਿਹਲੜ ਲੁਟਦੇ ਹਨ ਅਤੇ ਮਿਹਨਤਕਸ਼ਾਂ ਨੂੰ ਉਨ੍ਹਾਂ ਦੇ ਬੁਨਿਆਦੀ ਹੱਕਾਂ ਤੋਂ ਵੀ ਵਾਂਝੇ ਕੀਤਾ ਜਾਂਦਾ ਹੈ। ਸਾਰਿਆਂ ਲਈ ਅਨਾਜ ਪੈਦਾ ਕਰਨ ਵਾਲਾ ਕਿਸਾਨ, ਆਪਣੇ ਟੱਬਰ ਸਣੇ ਭੁੱਖਾ ਮਰਦਾ ਹੈ। ਮਿੱਲ ਦਾ ਮਜ਼ਦੂਰ ਜੋ ਦੁਨੀਆ ਦੀਆਂ ਮੰਡਿਆਂ ਲਈ ਕਪੜਾ ਬੁਣਦਾ ਹੈ, ਉਸ ਕੋਲ ਆਪਣੇ ਬੱਚਿਆਂ ਦਾ ਤਨ ਢਕਣ ਲਈ ਕਪੜਾ ਨਹੀਂ। ਮਿਸਤਰੀ, ਰਾਜ, ਅਤੇ ਹੋਰ ਕਾਰੀਗਰ ਜੋ ਵੱਡੇ ਵੱਡੇ ਮਹਿਲ ਬਣਾਉਂਦੇ ਹਨ, ਉਹ ਆਪ ਝੁੱਗੀਆਂ 'ਚ ਤੁੰਨੇ ਜਾਂਦੇ ਨੇ। ਸਰਮਾਏਦਾਰ ਅਤੇ ਹੋਰ ਲੋਟੂ ਕਰੋੜਾਂ ਰੁਪਏ ਆਪਣੇ ਮਨਪਰਚਾਵੇ ਲਈ ਪਾਣੀ ਵਾਂਗ ਰੋੜ੍ਹਦੇ ਨੇ। ਇਹ ਕਾਣੀ ਵੰਡ ਜ਼ਰੂਰ ਹੀ ਇਕ ਝੱਖੜ ਲਿਆਵੇਗੀ। ਇਹ ਲੁੱਟਖਸੁਟ ਅਤੇ ਬੇਇਨਸਾਫੀ ਦੇ ਹਾਲਾਤ ਜ਼ਿਆਦਾ ਦੇਰ ਨਹੀਂ ਚੱਲ ਸਕਦੇ। ਇਸ ਦੇ ਅੰਦਰ ਇਕ ਜਵਾਲਾਮੁਖੀ ਖ਼ੌਲ ਰਿਹਾ ਹੈ। "*

*"ਇਹ ਸਾਰੀ ਤਹਿਜ਼ੀਬ ਨੂੰ ਜੇ ਸਮੇਂ ਸਿਰ ਨਾਂ ਸਾਂਭਿਆ ਗਿਆ ਤਾਂ ਤਹਿਸ ਨਹਿਸ ਹੋ ਜਾਵੇਗੀ। ਇਸ ਕਰਕੇ ਇਕ ਕਾਇਆਕਲੱਪ ਦੀ ਲੋੜ ਹੈ। ਜੋ ਲੋਕ ਇਸ ਗੱਲ ਨੂੰ ਸਮਝਦੇ ਹਨ ਉਨ੍ਹਾਂ ਦਾ ਫਰਜ਼ ਹੈ ਕਿ ਸਮਾਜ ਦੀ ਨਵੀਂ ਉਸਾਰੀ ਸਮਾਜਵਾਦ ਦੀ ਬੁਨਿਆਦ ਤੇ ਕਰਨ। ਜਿੰਨਾਂ ਚਿਰ ਇਹ ਨਵੀਂ ਉਸਾਰੀ ਨਹੀਂ ਹੁੰਦੀ, ਮਨੁੱਖ ਹੱਥੋਂ ਮਨੁੱਖ ਦੀ ਅਤੇ ਇਕ ਦੇਸ਼ ਹੱਥੋਂ ਦੂਜੇ ਦੇਸ਼ ਦੀ ਲੁੱਟ ਬੰਦ ਨਹੀਂ ਹੁੰਦੀ, ਉਨਾਂ ਚਿਰ ਮਨੁਖਤਾ ਜਿਸ ਜ਼ੁਲਮ ਅਤੇ ਜਬਰ ਦੀ ਸ਼ਿਕਾਰ ਹੈ ਇਹ ਜ਼ੁਲਮ ਬੰਦ ਨਹੀਂ ਹੋ ਸਕਦਾ। ਇਸ ਨਵੀਂ ਉਸਾਰੀ ਤੋਂ ਬਗੈਰ ਅਮਨ ਅਤੇ ਸ਼ਾਂਤੀ ਦੀ ਗੱਲਾਂ ਸਿਰਫ਼ ਪਖੰਡਬਾਜ਼ੀ ਹੀ ਹੈ। "*

*"ਇਨਕਲਾਬ ਤੋਂ ਸਾਡਾ ਮਤਲਬ ਇਕ ਇਹੋ ਜਿਹਾ ਸਮਾਜ ਬਣਾਉਣਾ ਹੈ ਜਿਸ ਵਿਚ ਇਹ ਸੱਭ ਖ਼ਤਰੇ ਨਹੀਂ, ਜਿਸ ਵਿਚ ਮਜ਼ਦੂਰ ਜਮਾਤ ਸਰਬਸ਼ਕਤੀਮਾਨ ਹੋਵੇਗੀ, ਅਤੇ ਇਕ ਆਲਮੀ ਫੈਡਰੇਸ਼ਨ ਦੁਨੀਆਂ ਭਰ ਦੇ ਲੋਕਾਂ ਨੂੰ ਸਰਮਾਏਦਾਰੀ ਦੀ ਗੁਲਾਮੀ ਅਤੇ ਸਾਮਰਾਜੀ ਜੰਗਾਂ ਤੋਂ ਛੁੜਾਵੇਗੀ। ਇਹ ਸਾਡਾ ਟੀਚਾ, ਸਿਧਾਂਤ ਅਤੇ ਪ੍ਰੇਰਨਾ ਹੈ। ਅਸੀਂ ਇਕ ਖ਼ਰਾ ਅਤੇ ਇਨਸਾਫਪਸੰਦ ਹੋਕਾ ਦਿਤਾ ਹੈ। ਜੇ ਸਾਡੀ ਇਸ ਚੇਤਾਵਨੀ ਵੱਲ ਧਿਆਨ ਨਾ ਦਿਤਾ ਗਿਆ ਤੇ ਮੌਜੂਦਾ ਪ੍ਰਣਾਲੀ ਅਤੇ ਸਰਕਾਰ ਲੋਕਾਂ ਦੇ ਰਾਹ ਦੀ ਰੁਕਾਵਟ ਬਣਦੇ ਰਹੇ, ਤਾਂ ਉਹ ਤਾਕਤਾਂ ਜਿਹੜੀਆਂ ਕਿ ਕੁਦਰਤੀ ਤੌਰ ਤੇ ਇਸ ਬੰਦੋਬਸਤ ਨੂੰ ਖ਼ਤਮ ਕਰਨ ਲਈ ਇਸ ਦੇ ਗਰਭ ਵਿਚ ਪਲ ਰਹੀਆਂ ਹਨ, ਇਕ ਦਿਨ ਬਾਹਵਾਂ ਦੇ ਜ਼ੋਰ ਇਸ ਪ੍ਰਣਾਲੀ ਅਤੇ ਨਿਜ਼ਾਮ ਦਾ ਤਖ਼ਤਾ ਪਲਟ ਦੇਣਗੀਆਂ ਅਤੇ ਮਜ਼ਦੂਰ ਜਮਾਤ ਦਾ ਰਾਜ ਕਾਇਮ ਕਰਕੇ ਇਨਕਲਾਬ ਦੇ ਨਿਸ਼ਨਿਆਂ ਨੂੰ ਪੂਰਾ ਕਰਨਗੀਆਂ। ਇਨਕਲਾਬ ਸਾਡਾ ਜੱਦੀ ਹੱਕ ਹੈ। ਕਿਰਤ ਹੀ ਸਮਾਜ ਦੀ ਬੁਨਿਆਦ ਹੈ। ਲੋਕਾਂ ਦੀ ਪ੍ਰਭੂਸੱਤਾ ਹੀ ਮਜ਼ਦੂਰਾਂ ਦੀ ਮੰਜ਼ਿਲ ਹੈ। "*

*"ਇਸ ਨਿਸ਼ਾਨੇ ਲਈ ਅਤੇ ਇਸ ਸੇਧ ਲਈ ਅਸੀਂ ਹਰ ਤਕਲੀਫ ਅਤੇ ਤਸੀਹੇ ਝੱਲਣ ਲਈ ਤਿਆਰ ਹਾਂ। ਇਨਕਲਾਬ ਦੀ ਵੇਦੀ ਤੇ ਅਸੀਂ ਆਪਣੀ ਜਵਾਨੀ ਦਾ ਧੂਫ਼ ਪੇਸ਼ ਕਰਦੇ ਹਾਂ। ਇਸ ਮਹਾਨ ਨਿਸ਼ਾਨੇ ਲਈ ਕੋਈ ਵੀ ਕੁਰਬਾਨੀ ਜ਼ਿਆਦਾ ਨਹੀਂ। ਅਸੀਂ ਇਨਕਲਾਬ ਦੀ ਤਿਆਰੀ 'ਚ ਉਸ ਦਿਨ ਦੀ ਉਡੀਕ ਵਿਚ ਹਾਂ। ਇਨਕਲਾਬ ਜ਼ਿੰਦਾਬਾਦ !"*

1947 ਵਿਚ ਪੰਜਾਬ ਦੀ ਵੰਡ ਅਤੇ ਰਸਮੀ ਆਜ਼ਾਦੀ ਨਾਲ ਅੰਗ੍ਰੇਜ਼ਾਂ ਵਲੋਂ ਬਣਾਇਆ ਗਿਆ ਅਰਥਚਾਰਾ ਅਤੇ ਆਰਥਕ ਰਿਸ਼ਤੇ ਹੋਰ ਵੀ ਪੱਕੇ ਹੋ ਗਏ ਅਤੇ ਪੰਜਾਬੀ ਦਰਸ਼ਨ ਦੀ ਆਰਥਕ ਸੇਧ ਤੇ ਸਿਧਾਂਤ ਵੱਲ ਕੋਈ ਧਿਆਨ ਨਹੀਂ ਦਿੱਤਾ ਗਿਆ। ਪੰਜਾਬ ਅਤੇ ਕੇਂਦਰੀ ਸਰਕਾਰਾਂ ਨੇ ਬਸਤੀਵਾਦੀ ਲਿਬਰਲ ਆਰਥਕ ਸਿਧਾਂਤ ਅਤੇ ਇਸਤੇ ਆਧਾਰਤ ਲੁੱਟ ਖਸੁੱਟ ਦੇ ਰਿਸ਼ਤੇ ਕਾਇਮ ਰੱਖੇ। ਸਾਰੇ ਸਰਕਾਰੀ ਅਤੇ ਤਾਲੀਮੀ ਅਦਾਰੇ ਅੰਗ੍ਰੇਜ਼ਾਂ ਦੇ ਆਰਥਕ ਸਿਧਾਂਤ ਨੂੰ ਹੀ ਪਹਿਲ ਦਿੰਦੇ ਰਹੇ। ਕਿਰਤ ਨੂੰ ਇਹ ਇਕ ਲਾਗਤ ਹੀ ਦੱਸਦੇ ਰਹੇ।

ਬਾਬਾ ਸੋਹਣ ਸਿੰਘ ਭਕਨਾ ਜੋ ਕਿ ਗਦਰ ਪਾਰਟੀ ਦੇ ਬਾਨੀ ਸੀ ਉਨ੍ਹਾਂ ਨੇ ਇਨ੍ਹਾਂ ਹਾਲਾਤ ਬਾਰੇ 1967 ਵਿਚ ਇੰਜ ਲਿਖਿਆ:

*ਜਿਸ ਦੇਸ਼ ਵਿਚ ਚੰਦ ਲੋਕਾਂ ਨੂੰ ਛੱਡ ਕੇ ਮਿਹਨਤ ਕਰਨ ਵਾਲੇ ਕਿਰਤੀ ਤੇ ਕਿਸਾਨ, ਕੱਪੜਾ ਪੈਦਾ ਕਰਨ ਵਾਲੇ ਜੁਲਾਹੇ, ਮਹਿਲ ਉਸਾਰਨ ਵਾਲੇ ਮਜ਼ਦੂਰ ਤੇ ਕੰਡਿਆਂ ਤੋਂ ਬਚਾਉਣ ਵਾਲੇ ਮੋਚੀ ਤੇ ਉਹਨਾਂ ਦੇ ਬੱਚੇ ਅੱਧੇ ਪੇਟ ਭੁੱਖੇ ਸੌਣ ਤੇ ਉਹਨਾਂ ਕੋਲ ਨਾ ਤਨ ਢਕਣ ਨੂੰ ਕਪੜਾ ਤੇ ਨਾ ਰਹਿਣ ਨੂੰ ਘਰ ਹੋਵੇ, ਜਿੱਥੇ ਲੱਖਾਂ ਦੇਸ਼ ਵਾਸੀ ਹਾੜ ਸਿਆਲ ਬਾਜ਼ਾਰਾਂ ਤੇ ਫੁਟਪਾਥਾਂ ਤੇ ਲੰਮੇ ਪੈ ਕੇ ਰਾਤਾਂ ਕਟਦੇ ਹੋਣ, ਤੇ ਦੂਸਰੇ ਪਾਸੇ ਧਨੀ ਲੋਕਾਂ ਦੇ ਕੁੱਤੇ ਵੀ ਸਿੱਧੇ ਮੂੰਹ ਮਾਸ ਤੇ ਹੋਰ ਪਦਾਰਥ ਨਾ ਖਾ ਸਕਦੇ ਹੋਣ, ਜਿੱਥੇ ਕੋਈ ਕਾਨੂੰਨ ਗਰੀਬ ਦੀ ਕਮਾਈ ਨੂੰ ਵੇਹਲੜ ਲੁਟੇਰਿਆਂ ਕੋਲੋਂ ਨਾ ਬਚਾ ਸਕਦਾ ਹੋਵੇ, ਜਿੱਥੇ ਜਿਸਦੀ ਲਾਠੀ ਉਸਦੀ ਭੈਂਸ ਵਾਲੀ ਕਹਾਵਤ ਕੰਮ ਕਰਦੀ ਹੋਵੇ ਕੀ ਉਥੇ ਕੋਈ ਦੇਸ਼ ਭਗਤ ਖੁਸ਼ ਰਹਿ ਸਕਦਾ ਹੈ? ਗੁਲਾਮੀ ਚਾਹੇ ਦੇਸ਼ਵਾਸੀਆਂ ਦੀ ਠੋਸੀ ਹੋਵੇ ਚਾਹੇ ਬਦੇਸ਼ੀਆਂ ਦੀ। ਆਰਥਕ ਹੋਵੇ ਭਾਂਵੇ ਰਾਜਨੈਤਿਕ, ਤੇ ਚਾਹੇ ਸਿਰਫ ਧਰਮ (ਫਿਰਕਾਪ੍ਰਸਤੀ) ਦੀ ਆੜ ਵਿਚ ਸਮਾਜਿਕ ਉਚਨੀਚਤਾ ਜਾਂ ਗੁਲਾਮੀ ਪੈਦਾ ਕੀਤੀ ਜਾਵੇ। ਇਹ ਸਭ ਪਾਪਾਂ ਤੋਂ ਵੱਡਾ ਪਾਪ ਹੈ। ਮਨੁੱਖਤਾ ਨੂੰ ਕਤਲ ਕਰਨ ਨਾਲੋਂ ਵੱਢਾ ਪਾਪ ਹੋਰ ਕੀ ਹੋ ਸਕਦਾ ਹੈ।*

ਪਿਛਲੇ ਦਹਾਕਿਆਂ ਵਿਚ ਖੇਤੀਬਾੜੀ ਦੀ ਪੈਦਾਵਾਰ ਬਹੁਤ ਵੱਧੀ ਹੈ ਅਤੇ ਅੱਜ ਚੜ੍ਹਦੇ ਪੰਜਾਬ ਨੂੰ ਹਿੰਦੁਸਤਾਨ ਦਾ ਅੰਨ੍ਹਦਾਤਾ ਮੰਨਿਆਂ ਜਾਂਦਾ ਹੈ। ਖੇਤੀਬਾੜੀ ਹੁਣ ਜ਼ਿਆਦਾਤਰ ਮਸ਼ੀਨਾਂ ਨਾਲ ਹੀ ਕੀਤੀ ਜਾਂਦੀ ਹੈ ਤੇ ਫ਼ਸਲ ਵਧਾਉਣ ਲਈ ਖਾਦਾਂ ਅਤੇ ਰਸਾਇਣਕ ਦਵਾਈਆਂ ਦਾ ਇਸਤਮਾਲ ਆਮ ਕੀਤਾ ਜਾਂਦਾ ਹੈ। ਖੇਤੀਬਾੜੀ ਦਾ ਮਸ਼ੀਨੀਕਰਨ ਹੋਣ ਨਾਲ ਬੇਰੁਜ਼ਗਾਰੀ ਵੀ ਹੋਰ ਵੱਧ ਗਈ ਹੈ। ਸਾਰੀ ਜ਼ਰਈ ਪੈਦਾਵਾਰ ਹੁਣ ਮੰਡੀ ਵਿਚ ਵੇਚਣ ਲਈ ਹੀ ਕੀਤੀ ਜਾਂਦੀ ਹੈ ਅਤੇ ਪੰਜਾਬ ਦਾ ਅਨਾਜ ਬਾਹਰਲੇ ਮੁਲਕਾਂ ਦੀਆਂ ਮੰਡੀਆਂ ਵਿਚ ਵੀ ਜਾਂਦਾ ਹੈ। ਪੰਜਾਬ ਨੂੰ ਹਿੰਦੁਸਤਾਨ ਦਾ ਸਾਰਿਆਂ ਨਾਲੋਂ 'ਖੁਸ਼ਹਾਲ' ਰਾਜ ਵੀ ਕਿਹਾ ਜਾਂਦਾ ਹੈ। ਖੇਤੀਬਾੜੀ ਦੀ ਪੈਦਾਵਾਰ ਵਿਚ ਆਈ ਇਸ ਤਬਦੀਲੀ ਨਾਲ ਪੰਜਾਬ ਦਾ ਰੰਗਢੰਗ ਹੁਣ ਬਦਲ ਗਿਆ ਹੈ। ਬਿਹਾਰ ਅਤੇ ਯੂ.ਪੀ. ਤੋਂ ਆਕੇ ਲੱਖਾਂ ਮਜ਼ਦੂਰ ਪੰਜਾਬ ਵਿਚ ਕੰਮ ਕਰਦੇ ਹਨ। ਖੇਤੀ ਦੀ ਪੈਦਾਵਾਰ ਦੀ ਲਾਗਤ ਬਹੁਤ ਵੱਧਣ ਅਤੇ ਕਰਜ਼ੇ ਦੇ ਭਾਰ ਕਰਕੇ ਛੋਟੇ ਅਤੇ ਗਰੀਬ ਕਿਸਾਨਾਂ ਦੀ ਜ਼ਮੀਨ ਖੁਸ ਰਹੀ ਹੈ ਅਤੇ ਉਹ ਬੇਜ਼ਮੀਨੇ ਅਤੇ ਖੇਤ ਮਜ਼ਦੂਰਾਂ ਵਿਚ ਸ਼ਾਮਿਲ ਹੋ ਰਹੇ ਹਨ। ਪਿੰਡਾਂ ਦੇ ਪਿੰਡ ਬੈਂਕਾਂ ਦੇ ਕਰਜ਼ਿਆਂ ਦੀ ਜਕੜ ਵਿਚ ਹਨ। ਬੇਰੁਜ਼ਗਾਰੀ ਅਤੇ ਗਰੀਬੀ ਲੋਕਾਂ ਦਾ ਕਚੂਮਰ ਕੱਢ ਰਹੀ ਹੈ। ਕਰਜ਼ੇ ਅਤੇ ਗੁਰਬਤ ਦੇ ਸ਼ਿਕਾਰ ਪੰਜਾਬੀ ਕਿਸਾਨਾਂ ਨੇ ਪਿਛਲੇ ਸਾਲਾਂ ਤੋਂ ਖੁਦਕਸ਼ੀਆਂ ਵੀ ਕਰਨੀਆਂ ਸ਼ੁਰੂ ਕਰ ਦਿਤੀਆਂ ਹਨ।

ਇਕ ਖੋਜ ਦੇ ਮੁਤਾਬਿਕ:

*"ਪਿੰਡਾਂ ਵਿਚ ਕਿਸਾਨਾਂ ਅਤੇ ਖੇਤਮਜ਼ਦੂਰਾਂ ਵਿਚ ਆਤਮਘਾਤਾਂ ਦੀ ਦਿਨੋਂ ਦਿਨ ਵੱਧ ਰਹੀ ਗਿਣਤੀ ਅਤੇ ਦਿਨੋ ਦਿਨ ਵੱਧ ਰਹੇ ਕਰਜ਼ਿਆਂ ਦੇ ਭਾਰ ਦਰਮਿਆਨ ਗੂੜ੍ਹਾ ਸਬੰਧ ਹੈ। ਗ਼ਰੀਬੀ ਵਿਚ ਜਕੜੇ ਛੋਟੇ ਕਿਸਾਨਾਂ ਨੂੰ*

*ਆਪਣਾਂ ਤੋਰਾ ਤੋਰਨ ਲਈ ਬਹੁਤ ਜ਼ਿਆਦਾ ਵਿਆਜ ਉਤੇ ਕਰਜ਼ੇ ਲੈਣ ਲਈ ਮਜਬੂਰ ਹੋਣਾਂ ਪੈਂਦਾ ਹੈ। ਕਾਸ਼ਤਕਾਰੀ ਨਾਲ ਸਬੰਧ ਰੱਖਣ ਵਾਲਾ ਕੋਈ ਵਿਰਲਾ ਹੀ ਟੱਬਰ ਹੈ ਜੋ ਸਰਕਾਰੀ ਏਜੰਸੀਆਂ, ਸ਼ਾਹੂਕਾਰਾਂ ਅਤੇ ਆੜ੍ਹਤੀਆਂ ਤੋਂ ਲਏ ਹੋਏ ਕਰਜ਼ਿਆਂ ਦਾ ਭੁਗਤਾਨ ਕਰਨ ਵਿਚ ਮੁਸ਼ਕਲ ਮਹਿਸੂਸ ਨਾ ਕਰਦਾ ਹੋਵੇ। ਕਰਜ਼ਿਆਂ ਨੂੰ ਮੋੜਨ ਲਈ ਪੈਂਦੇ ਦਬਾਅ ਅਤੇ ਸ਼ਰਮ ਦੇ ਮਾਰੇ ਕਈ ਕਿਸਾਨ ਖ਼ੁਦਕਸ਼ੀਆਂ ਕਰਨ ਦੇ ਰਾਹ ਪੈ ਰਹੇ ਹਨ। "*

*"ਪਿੰਡਾਂ ਵਿਚ ਬੈਂਕਾਂ ਦੇ ਅਧਿਕਾਰੀ ਅਤੇ ਸ਼ਾਹੂਕਾਰ ਵੀ ਕਰਜ਼ਿਆਂ ਦੀ ਵਸੂਲੀ ਲਈ ਲੋਕਾਂ ਨੂੰ ਬਹੁਤ ਤੰਗ ਕਰਦੇ ਹਨ ਅਤੇ ਇਸ ਤਰ੍ਹਾਂ ਦੇ ਵਾਕਿਆਤ ਹੋਏ ਹਨ ਕਿ ਸਰਕਾਰੀ ਤੇ ਨਿਜੀ ਸ਼ਾਹੂਕਾਰਾਂ ਨੇ ਕਰਜ਼ਾਈਆਂ ਦੀ ਵਸੂਲੀ ਲਈ ਘਰੇਲੂ ਇਕੱਠਾਂ ਵਿਚ ਇਕੱਤਰ ਹੋਏ ਮਹਿਮਾਨਾਂ ਅਤੇ ਰਿਸ਼ਤੇਦਾਰਾਂ ਦੀ ਹਾਜ਼ਰੀ ਵਿਚ ਬੇਇਜ਼ਤੀ ਕੀਤੀ। ਕਰਜ਼ਿਆਂ ਨੂੰ ਅਦਾ ਕਰਨ ਦੀ ਆਖਰੀ ਤਰੀਕ ਤੋਂ ਦਿਹਾੜੀ ਪਹਿਲਾਂ ਪਿੰਡਾਂ ਦੇ ਚੁਰਾਹਿਆਂ ਵਿਚ ਪਿੰਡ ਦੇ ਉਨ੍ਹਾਂ ਲੋਕਾਂ ਦੀਆਂ ਲਿਸਟਾਂ ਲਾ ਦਿਤੀਆਂ ਗਈਆਂ ਜਿਨ੍ਹਾਂ ਨੇ ਕਰਜ਼ੇ ਦੇਣੇ ਸਨ। ਪੰਦਰਾਂ, ਵੀਹ, ਅਤੇ ਤੀਹ ਏਕੜਾਂ ਤੱਕ ਦੇ ਮਾਲਕ ਕਿਸਾਨ ਵੀ ਕਰਜ਼ੇ ਮੋੜਨ ਤੋਂ ਅਸਮਰੱਥ ਹਨ। ਇਸ ਤਰ੍ਹਾਂ ਦੇ ਕਈ ਕੇਸ ਹਨ ਜਿਥੇ ਜੱਟਾਂ ਦੇ ਕਈ ਟੱਬਰਾਂ ਨੂੰ ਕਰਜ਼ਾ ਮੋੜਨ ਲਈ ਆਪਣੀ ਜ਼ਮੀਨ ਵੀ ਵੇਚਣੀ ਪਈ ਤੇ ਹੁਣ ਉਨ੍ਹਾਂ ਨੂੰ ਆਪਣੀਆਂ ਧੀਆਂ ਦੇ ਵਿਆਹ ਜੱਟਾਂ ਦੇ ਮੁੰਡਿਆਂ ਨਾਲ ਕਰਨ ਵਿਚ ਬੜੀ ਮੁਸ਼ਕਲ ਪੈਦਾ ਹੋ ਰਹੀ ਹੈ। "*

*"ਪੰਜਾਬ ਦੇ ਨਿਕੀ ਪੱਧਰ ਦੇ ਕਿਸਾਨਾਂ ਦੇ ਕਾਸ਼ਤਕਾਰੀ ਦੇ ਸੰਕਟ ਅਤੇ ਇਸਦੇ ਸਿਟੇ ਵਜੋਂ ਕਰਜ਼ਿਆਂ ਦੇ ਵੱਧ ਰਹੇ ਭਾਰ ਦੇ ਕਾਰਨ ਇਹ ਹਨ ਕਿ ਜ਼ਮੀਨ ਵਾਲੇ ਹਲਵਾਹਕ ਕਿਰਸਾਨਾਂ ਦੀ ਗਿਣਤੀ ਘਟਦੀ ਜਾ ਰਹੀ ਹੈ, ਉਨ੍ਹਾਂ ਦੀ ਆਮਦਨ ਦਿਨੋਂ ਦਿਨ ਥੱਲੇ ਜਾ ਰਹੀ ਹੈ, ਉਹ ਬੇਜ਼ਮੀਨੇ ਹੋ ਰਹੇ ਹਨ, ਉਨ੍ਹਾਂ ਦੀ ਗ਼ਰੀਬੀ ਵੱਧ ਰਹੀ ਰਹੀ ਹੈ ਤੇ ਉਹ ਖੇਤ ਮਜ਼ਦੂਰਾਂ ਵਿਚ ਤਬਦੀਲ ਹੋ ਰਹੇ ਹਨ ਜਾਂ ਨੌਕਰੀਆਂ ਲੱਭਣ ਲਈ ਸ਼ਹਿਰਾਂ ਵੱਲ ਜਾ ਰਹੇ ਹਨ। ਖੇਤ ਮਜ਼ਦੂਰਾਂ ਦਾ ਵੀ ਪਹਿਲਾਂ ਵਾਲ ਦਰਜਾ ਨਹੀਂ ਰਿਹਾ। ਕਣਕ ਅਤੇ ਝੋਨੇ ਦੀਆਂ ਫ਼ਸਲਾਂ ਅਤੇ ਫ਼ਸਲਾਂ ਦੇ ਮਰ ਜਾਣ ਕਰਕੇ ਵੀ ਇਹ ਸੰਕਟ ਵੱਧ ਰਿਹਾ ਹੈ ਤੇ ਪਿੰਡਾਂ ਵਿਚ ਬੇਰੁਜ਼ਗਾਰੀ ਵੱਧ ਰਹੀ ਹੈ। "*

*"ਜ਼ਮੀਨ ਦੇ ਮਾਲਕ ਕਿਸਾਨ ਘਟ ਰਹੇ ਹਨ ਅਤੇ ਖੇਤ ਮਜ਼ਦੂਰ ਵੱਧ ਰਹੇ ਹਨ। ਖੇਤੀ ਦੇ ਕਿਤੇ ਵਿਚ ਕੰਮ ਕਰਨ ਵਾਲਿਆਂ ਦੀ ਗਿਣਤੀ ਵਿਚੋਂ* ***1970-71*** *ਵਿਚ ਹਲਵਾਹਕਾਂ ਦੀ ਗਿਣਤੀ* ***42.56%*** *ਸੀ।* ***1990-91*** *ਵਿਚ ਇਹ ਘੱਟਕੇ* ***32.83%*** *ਰਹਿ ਗਈ। ਇਸੇ ਸਮੇਂ ਦੌਰਾਨ ਖੇਤ ਮਜ਼ਦੂਰਾਂ ਦੀ ਗਿਣਤੀ* ***20%*** *ਤੋਂ ਵੱਧਕੇ* ***23.31%*** *ਹੋ ਗਈ। ਇਸਤੋਂ ਸਾਫ਼ ਜ਼ਾਹਰ ਹੋ ਰਿਹਾ ਹੈ ਕਾਸ਼ਤਕਾਰੀ ਦੇ ਸੰਕਟ ਕਰਕੇ ਗ਼ਰੀਬੀ ਵੀ ਵੱਧ ਰਹੀ ਹੈ ਤੇ ਮਜ਼ਦੂਰ ਵੀ। "*

ਇਹ ਖੋਜ ਇਸ਼ਾਰਾ ਕਰਦੀ ਹੈ ਕਿ ਚੜ੍ਹਦੇ ਪੰਜਾਬ ਵਿਚ ਹਰੇ ਇਨਕਲਾਬ ਅਤੇ ਪੈਦਾਵਾਰ ਦੇ **10** ਗੁਣਾ ਵੱਧਣ ਦੇ ਨਾਲ ਨਾਲ ਅਮੀਰ ਹੋਰ ਅਮੀਰ ਹੁੰਦੇ ਜਾ ਰਹੇ ਹਨ ਅਤੇ ਗਰੀਬ ਹੋਰ ਗਰੀਬ ਹੁੰਦੇ ਜਾ ਰਹੇ ਹਨ। ਛੋਟੇ ਅਤੇ ਗਰੀਬ ਕਿਸਾਨਾਂ ਨੂੰ ਆਪਣੀਆਂ ਪੈਲੀਆਂ ਵੇਚਣੀਆਂ ਪੈ ਰਹੀਆਂ ਹਨ ਅਤੇ ਵੱਡੇ ਜ਼ਮੀਦਾਰਾਂ ਦੀਆਂ ਜ਼ਮੀਨਾਂ ਵਿਚ ਰਲ

ਗਈਆਂ ਹਨ। ਕਈ ਮੱਧ ਦਰਜੇ ਦੇ ਕਿਸਾਨਾਂ ਨੂੰ ਵੀ ਆਪਣੀਆਂ ਜ਼ਮੀਨਾਂ ਵੇਚਣ ਤੇ ਮਜਬੂਰ ਹੋਣਾ ਪੈ ਰਿਹਾ ਹੈ ਕਿਉਂਕਿ ਖੇਤੀ ਦੇ ਖ਼ਰਚੇ ਬਹੁਤ ਵਧ ਗਏ ਹਨ।

ਕਾਸ਼ਤਕਾਰੀ ਦੀ ਲਾਗਤ ਜ਼ਿਆਦਾ ਹੋ ਗਈ ਹੈ ਜੋ ਛੋਟੇ ਕਿਸਾਨਾਂ ਨੂੰ ਵਾਰਾ ਨਹੀਂ ਖਾਂਦੀ। ਮਸ਼ੀਨਾਂ, ਟਰੈਕਟਰਾਂ, ਨਵੇਂ ਬੀਜਾਂ, ਖਾਦਾਂ, ਡੀਜ਼ਲ, ਬਿਜਲੀ ਅਤੇ ਹੋਰ ਵਸਤਾਂ ਦੀ ਕੀਮਤ ਹਰ ਦਿਨ ਵੱਧਦੀ ਜਾ ਰਹੀ ਹੈ ਪਰ ਕਿਸਾਨ ਦੀ ਫ਼ਸਲ ਦੀ ਕੀਮਤ ਉਸ ਹਿਸਾਬ ਨਾਲ ਨਹੀਂ ਵੱਧ ਰਹੀ। ਕਿਸਾਨ ਨੂੰ ਆਪਣੀ ਫ਼ਸਲ ਤੇ ਘਾਟਾ ਖਾਣਾ ਪੈਂਦਾ ਹੈ। ਕਿਸਾਨ ਹਰ ਚੀਜ਼ ਲਈ ਮੰਡੀ ਦੇ ਰਹਿਮ ਤੇ ਹੈ। ਜਿਹੜੀਆਂ ਧਿਰਾਂ ਮੰਡੀ ਨੂੰ ਕੰਟਰੋਲ ਕਰ ਸਕਦੀਆਂ ਹਨ ਉਹ ਹੀ ਇਸ ਤੋਂ ਫਾਇਦਾ ਉਠਾਉਂਦੀਆਂ ਹਨ। ਖੇਤੀ ਤੋਂ ਲਾਭ ਹੁਣ ਸਿਰਫ ਵੱਡੇ ਜ਼ਿਮੀਂਦਾਰਾਂ ਨੂੰ ਹੈ ਅਤੇ ਜਾਂ ਸ਼ਾਹੂਕਾਰਾਂ ਨੂੰ । ਕੇਂਦਰੀ ਸਰਕਾਰ ਵਲੋਂ ਜਿਣਸ ਦਾ ਮੁੱਲ ਏਨਾਂ ਘੱਟ ਬੰਨ੍ਹਿਆਂ ਜਾਂਦਾ ਹੈ ਕਿ ਛੋਟੇ ਅਤੇ ਗਰੀਬ ਕਿਸਾਨ ਨੂੰ ਵਾਰਾ ਨਹੀਂ ਖਾਂਦਾ ਪਰ ਕਰਜ਼ੇ ਵਿਚ ਫ਼ਸਿਆਂ ਤੇ ਲੋੜ ਦੇ ਮਾਰਿਆਂ ਨੂੰ ਆਪਣੀ ਫਸਲ ਕੌਡੀਆਂ ਦੇ ਭਾਅ ਸਿਟਣੀ ਪੈਂਦੀ ਹੈ ਕਿਉਂਕਿ ਕਈ ਵਾਰ ਸਰਕਾਰ ਦੇ ਬੱਧੇ ਭਾਅ ਵੀ ਫ਼ਸਲ ਨਹੀਂ ਵਿਕਦੀ। ਪਰ ਬੜੇ ਜ਼ਿਮੀਂਦਾਰ ਅਤੇ ਸ਼ਾਹੂਕਾਰ ਫਸਲ ਨੂੰ ਆਪਣੇ ਗੋਦਾਮਾ ਵਿਚ ਦਬਾਕੇ ਰੱਖ ਲੈਂਦੇ ਹਨ ਅਤੇ ਸੀਜ਼ਨ ਲੰਘ ਜਾਣ ਪਿਛੋਂ ਜਦੋਂ ਭਾਅ ਵਧਦੇ ਹਨ ਤਦ ਵੇਚਦੇ ਹਨ। ਪਰ ਛੋਟਾ ਕਿਸਾਨ ਇਹ ਨਹੀਂ ਕਰ ਸਕਦਾ ਕਿਉਂਕਿ ਉਨ੍ਹਾਂ ਨੂੰ  ਆਪਣਾਂ ਟੋਰਾ ਟੋਰਨ ਲਈ ਫ਼ਸਲ ਵੇਚਣੀ ਹੀ ਪੈਂਦੀ ਹੈ, ਮਹਿੰਗੀ ਵਿਕੇ ਜਾਂ ਸਸਤੀ। ਵੱਡੇ ਜ਼ਿਮੀਦਾਰ ਅਤੇ ਕੰਪਨੀਆਂ ਆਪਣੇ ਅਸਰ ਅਤੇ ਰਸੂਖ ਨਾਲ ਹੋਰ ਚੀਜ਼ਾਂ ਨੂੰ ਵੀ ਆਪਣੇ ਨਫ਼ੇ ਲਈ ਵਰਤਦੇ ਹਨ। ਮੁਫ਼ਤ ਬਿਜਲੀ ਦਾ ਬਹੁਤਾ ਫ਼ਾਇਦਾ ਵੱਡੇ ਜ਼ਿਮੀਂਦਾਰਾਂ ਨੂੰ ਹੋਇਆ ਕਿਉਂਕਿ ਸਰਕਾਰੇ ਦਰਬਾਰੇ ਰਸੂਖ ਹੋਣ ਕਰਕੇ ਉਨ੍ਹਾਂ ਨੂੰ ਬਿਜਲੀ ਮੁਫ਼ਤ ਵੀ ਅਤੇ ਵਕਤ ਸਿਰ ਮਿਲਦੀ ਵੀ ਰਹੀ। ਪਰ ਛੋਟੇ ਅਤੇ ਗਰੀਬ ਕਿਸਾਨਾਂ ਨੂੰ ਬਿਜਲੀ ਵਕਤ ਸਿਰ ਨਹੀਂ ਮਿਲਦੀ। ਸੋ ਉਨ੍ਹਾਂ ਦੀ ਮਾੜੀ ਮੋਟੀ ਫ਼ਸਲ ਵੀ ਕਿਸੇ ਸਿਰੇ ਨਹੀਂ ਲਗਦੀ। ਇਸੇ ਤਰ੍ਹਾਂ ਸਰਕਾਰੀ ਅਦਾਰੇ ਅਤੇ ਬੈਂਕ ਵੀ ਜ਼ਿਆਦਾਤਰ ਕਰਜ਼ੇ ਵੱਡੇ ਜ਼ਿਮੀਂਦਾਰਾਂ ਨੂੰ ਹੀ ਦਿੰਦੇ ਹਨ ਅਤੇ ਉਨ੍ਹਾਂ ਤੋਂ ਕਰਜ਼ਿਆਂ ਦੀ ਵਾਪਸੀ ਲਈ ਕੋਈ ਜ਼ੋਰ ਵੀ ਨਹੀਂ ਪਾਉਂਦੇ। ਉਹ ਖਾਦ ਅਤੇ ਖੇਤੀ ਲਈ ਹੋਰ ਲੋੜੀਂਦੀਆਂ ਵਸਤਾਂ ਸਸਤੇ ਭਾਵਾਂ ਤੇ ਖਰੀਦ ਸਕਦੇ ਹਨ। ਪਰ ਛੋਟੇ ਅਤੇ ਗਰੀਬ ਕਿਸਾਨਾਂ ਨੂੰ  ਸਭ ਕੁਝ ਮਹਿੰਗਾ ਮਿਲਦਾ ਹੈ ਕਰਜ਼ੇ ਵੀ ਤੇ ਖੇਤੀ ਦਾ ਸਾਮਾਨ ਵੀ। ਤੇ ਫੇਰ ਕਰਜ਼ਿਆਂ ਦੀ ਵਾਪਸੀ ਲਈ ਉਨ੍ਹਾਂ ਦੇ ਡੰਡਾ ਚਾੜ੍ਹਿਆ ਜਾਂਦਾ ਹੈ। ਸਿਟੇ ਵਜੋਂ ਕਈ ਖੁਦਕਸ਼ੀਆਂ ਦੇ ਰਾਹ ਪੈਂਦੇ ਹਨ।

ਪੰਜਾਬ ਵਿਚ ਇਕ ਪਾਸੇ ਪੈਦਾਵਾਰ ਅਤੇ ਦੌਲਤ ਵੱਧ ਰਹੀ ਅਤੇ ਦੂਸਰੇ ਪਾਸੇ ਗਰੀਬੀ ਅਤੇ ਗਰੀਬ ਵੱਧ ਰਹੇ ਹਨ ਅਤੇ ਆਮ ਲੋਕਾਂ ਦਾ ਹਾਲ ਹੋਰ ਖਰਾਬ ਹੈ। ਇਹ ਦੋਹਰਾ ਅਮਲ ਇਕ ਅਹਿਮ ਸੁਆਲ ਖੜਾ ਕਰਦਾ ਹੈ ਕਿ ਪੰਜਾਬ ਅਤੇ ਪੰਜਾਬ ਦੇ ਲੋਕਾਂ ਦਾ ਭਵਿਖ ਕੀ ਹੋਵੇਗਾ?

ਹਰਦਿਆਲ ਬੈਂਸ ਹੁਰਾਂ ਵੀਹਵੀਂ ਸਦੀ ਵਿਚ ਆਰਥਕ ਵਿਕਾਸ ਦਾ ਨਿਰਨਾ ਕਰਦੇ ਹੋਏ **1996** ਵਿਚ ਦੱਸਿਆ:

*"ਸਟੇਟ ਅਜਾਰੇਦਾਰਾ ਪੂੰਜੀਵਾਦ ਦੀ ਸਾਮੰਤਵਾਦ ਨਾਲ ਇਕ ਗੱਲ ਸਾਂਝੀ ਹੈ ਕਿ ਇਹ ਵੀ ਸਮਾਜ ਦੀ ਹੋਰ ਤਰੱਕੀ ਨੂੰ ਸਾਮੰਤਵਾਦ ਵਾਂਗ ਹੀ ਬਰੇਕਾਂ ਮਾਰਦਾ ਹੈ। ਸਮੰਤਵਾਦੀ ਵੇਲਿਆਂ ਵਾਂਗ ਹੀ ਪੈਦਾਵਾਰ ਦੇ ਪੁਰਾਣੇ ਸਬੰਧ ਇਕ ਦਫ਼ਾ ਫਿਰ ਪੈਦਾਵਾਰੀ ਸ਼ਕਤੀਆਂ ਦੇ ਹੋਰ ਵਿਕਾਸ ਵਿਚ ਰੁਕਾਵਟ ਬਣ ਗਏ ਹਨ। ਇਸ ਗੱਲ ਦੀ ਝਲਕ ਪੁਰਾਣੇ ਸਿਆਸੀ ਜੁਗਾੜ ਵਿਚ ਵੀ ਮਿਲਦੀ ਹੈ ਜਿਥੇ ਸਿਆਸੀ ਤਾਕਤ ਕੁਝ ਕੁ ਹੱਥਾਂ ਵਿਚ ਕੇਂਦਰਤ ਹੈ ਤੇ ਲੋਕਾਂ ਨੂੰ ਸਿਆਸੀ ਪ੍ਰਕਿਰਿਆ ਵਿਚ ਕੋਈ ਅਹਿਮੀਅਤ ਨਹੀਂ ਤੇ ਉਹ ਇਕ ਗੁਠੇ ਲਾਏ ਹੋਏ ਹਨ। ਪੈਦਾਵਾਰੀ ਸ਼ਕਤੀਆਂ ਦਾ ਘਾਣ ਕੀਤਾ ਜਾ ਰਿਹਾ ਹੈ। ਪੈਦਾਵਾਰੀ ਸ਼ਕਤੀਆਂ ਦੇ ਵਿਨਾਸ਼ ਅਤੇ ਸਮਾਜ ਦੀ ਤਰੱਕੀ ਰੋਕਣ ਦੇ ਹੱਕ ਵਿਚ ਮੱਧਕਾਲੀਨਵਾਦੀਆਂ ਵਾਂਗੂੰ ਹੀ ਥੋਥੀਆਂ ਦਲੀਲਾਂ ਪੇਸ਼ ਕੀਤੀਆਂ ਜਾ ਰਹੀਆਂ ਹਨ। ਵਿਚਾਰਧਾਰਕ ਹਮਲਿਆਂ ਦੇ ਨਾਲ ਨਾਲ ਹੁਣ ਲੋਕਾਂ ਨੂੰ ਜੇਲ੍ਹਾਂ ਵਿਚ ਵੀ ਤੁੰਨਿਆਂ ਜਾ ਰਿਹਾ ਹੈ ਤੇ ਹੋਰ ਹਰ ਹਰਬਾ ਵਰਤਿਆ ਜਾ ਰਿਹਾ ਹੈ। ਪਹਿਲੀਆਂ ਵਿਚ ਏਦਾਂ ਇਸ ਪੈਮਾਨੇ ਤੇ ਇਹ ਗੱਲਾਂ ਕਦੇ ਨਹੀਂ ਸਨ ਹੋਈਆਂ। ਨਤੀਜਾ ਇਹ ਹੈ ਕਿ ਹੁਣ ਨਵੇਂ ਦੀ ਪੁਰਾਣੇ ਪੈਦਾਵਾਰੀ ਸਬੰਧਾਂ ਨਾਲ ਆਹਮੋ ਸਾਹਮਣੀ ਟੱਕਰ ਹੋ ਰਹੀ ਹੈ।"*

*"ਬੁਰਜੁਆਜ਼ੀ ਨੇ ਇਕ ਵਿਗਿਆਨਕ ਅਤੇ ਤਕਨੀਕੀ ਇਨਕਲਾਬ ਲਿਆਂਦਾ ਹੈ ਜੋ ਕਈ ਵਾਰੀ ਤਾਂ ਆਰਥਕਤਾ ਦੇ ਪੂਰੇ ਦੇ ਪੂਰੇ ਹਿਸਿਆਂ ਦਾ ਰਾਤੋ ਰਾਤ ਨਾਮੋਨਿਸ਼ਾਨ ਮਿਟਾ ਦਿੰਦਾ ਹੈ ਤੇ ਬਹੁਤੀ ਵਾਰੀ ਇਨ੍ਹਾਂ ਦੀ ਥਾਂ ਹੋਰ ਕੁਝ ਨਹੀਂ ਬਣਦਾ। ਪੁਰਾਣੀਆਂ ਨੌਕਰੀਆਂ ਖ਼ਤਮ ਹੋਣ ਦੀ ਰਫ਼ਤਾਰ ਤੇਜ਼ ਹੈ ਅਤੇ ਨਵੀਆਂ ਨੌਕਰੀਆਂ ਪੈਦਾ ਹੋਣ ਦੀ ਰਫ਼ਤਾਰ ਬਹੁਤ ਮੱਠੀ ਹੈ। ਇਸ ਤੋਂ ਵੀ ਮਾਰੂ ਗੱਲ ਇਹ ਹੈ ਕਿ ਤਾਕਤ ਦੀ ਵਰਤੋਂ ਅਤੇ ਪੂੰਜੀ ਅਤੇ ਉਤਪਾਦਨ ਕੁੱਝ ਕੁ ਹੱਥਾਂ ਵਿਚ ਇਕੱਤਰ ਹੋਈ ਜਾਣ ਕਰਕੇ ਮੁਕਾਬਲਾ ਬਹੁਤ ਜ਼ਬਰਦਸਤ ਹੈ ਜਿਸਦੇ ਸਿਟੇ ਵਜੋਂ ਪੈਦਾਵਾਰ ਵਿਚ ਅਫ਼ਰਾਤਫ਼ਰੀ, ਅਤੇ ਆਰਥਕਤਾ ਵਿਚ ਹੋਰ ਖ਼ਲਬਲੀ ਮਚਦੀ ਹੈ। ਇਸ ਨਾਲ ਸਾਰੇ ਸੰਸਾਰ ਦੀ ਕਿਰਤ ਅਤੇ ਕਿਰਤ ਦੇ ਵਸੀਲੇ ਪੂੰਜੀਵਾਦੀ ਲੁੱਟਖ਼ਸੁਟ ਦਾ ਨਿਸ਼ਾਨਾ ਬਣ ਗਏ ਹਨ ਤੇ ਸਾਰੇ ਪਾਸੇ ਗੜਬੜ ਮਚੀ ਹੋਈ ਹੈ। ਸਟੇਟ ਅਜਾਰੇਦਾਰੀ ਦਾ ਜੁਗਾੜ ਖ਼ੁਦ ਹੀ ਏਨੀ ਤੇਜ਼ੀ ਨਾਲ ਪੈਦਾਵਾਰੀ ਸ਼ਕਤੀਆਂ ਨੂੰ ਤਬਾਹ ਕਰ ਰਿਹਾ ਹੈ ਕਿ ਲੋਕਾਂ ਦੇ ਪੂਰਾਂ ਦੇ ਪੂਰ ਸਥਾਈ ਤੌਰ ਤੇ ਬੇਰੁਜ਼ਗਾਰ ਬਣ ਰਹੇ ਹਨ ਅਤੇ ਬਹੁਤਿਆਂ ਨੂੰ ਨੌਕਰੀਆਂ ਬਣੀਆਂ ਰਹਿਣ ਦਾ ਕੋਈ ਭਰੋਸਾ ਨਹੀਂ। ਆਰਥਕਤਾ ਦੇ ਮੁੱਖ ਸੈਕਟਰ ਤਾਂ ਭਾਵੇਂ ਕੁਝ ਵੱਡੇ ਅਜਾਰੇਦਾਰਾਂ ਦੇ ਹੱਥਾਂ ਵਿਚ ਹੀ ਹਨ ਪਰ ਬਾਕੀਆਂ ਨੂੰ ਨਿਕੀ ਸਨਅਤ ਵਿਚ ਤਬਦੀਲ*

*ਕਰ ਦਿਤਾ ਗਿਆ ਹੈ, ਉਹੋ ਨਿਕੀ ਸਨਅਤ ਜਿਸਨੂੰ ਪਹਿਲਾਂ ਕਦੇ ਇਸਨੇ ਤਬਾਹ ਕੀਤਾ ਸੀ। ਮੁੜਕੇ ਪੈਦਾ ਕੀਤੀ ਹੋਈ ਇਸ ਨਿੱਕੀ ਸਨਅਤ ਨੂੰ ਹੁਣ ਇਸਨੇ ਵੱਡੇ ਵੱਡੇ ਸ਼ਾਹੂਕਾਰਾ ਅਤੇ ਵਿਤੀ ਅਦਾਰਿਆਂ ਕੋਲ ਗਹਿਣੇ ਧਰਿਆ ਹੋਇਆ ਹੈ। ਇਸਨੇ ਸਮੂਹਕ ਤਨਜ਼ੀਮਾਂ ਨੂੰ , ਮਜ਼ਦੂਰਾਂ ਜਮਾਤ ਦੀਆਂ ਯੂਨੀਅਨਾਂ ਨੂੰ ਵੀ ਅਰਬਾਂ ਡਾਲਰਾਂ ਦੇ ਬਿਜ਼ਨਸ ਵਿਚ ਤਬਦੀਲ ਕਰ ਦਿਤਾ ਹੈ ਅਤੇ ਮਜ਼ਦੂਰਾਂ ਦੇ ਪੈਨਸ਼ਨ ਫੰਡ ਅਤੇ ਹੋਰ ਪੈਸੇ ਮਜ਼ਦੂਰਾਂ ਦੀ ਹੀ ਖੱਲ ਲਾਹੁਣ ਲਈ ਵਰਤੇ ਜਾ ਰਹੇ ਹਨ। ਸਮੂਹਾਂ ਵਿਚੋਂ ਉਪਜੇ ਵੱਖੋਵੱਖ ਹਿਤਾਂ ਨੂੰ ਇਸਨੇ ਇਕ ਅਜਿਹੇ ਤੱਤ ਵਿਚ ਤਬਦੀਲ ਕਰ ਦਿਤਾ ਜੋ ਪੂੰਜੀ ਦਾ ਪਸਾਰ ਕਰਦਾ ਹੈ ਤੇ ਸਮੂਹਾਂ ਦਾ ਨੁਕਸਾਨ। ਇਸਨੇ ਉਤਪਾਦਨ ਦੀ ਆਪਣੀ ਹੀ ਵਿਧੀ ਦੇ ਅਧਾਰ ਉਤੇ ਇਸ ਤਰ੍ਹਾਂ ਦੇ ਜੁਗਾੜ ਬਣਾ ਲਏ ਹਨ ਜੋ ਅੰਤਰਅਜਾਰੇਦਾਰੀ ਵਿਰੋਧਤਾਈ ਅਤੇ ਅੰਤਰਸਾਮਰਾਜੀ ਵਿਰੋਧਤਾਈ ਨੂੰ ਬਹੁਤ ਤੇਜ਼ ਕਰ ਰਹੇ ਹਨ।"*

*"ਇਹ ਅੰਤਰਵਿਰੋਧਤਾਈਆਂ ਸਾਰੀ ਦੁਨੀਆਂ ਨੂੰ ਇਕ ਐਸੀ ਵੱਡੀ ਤਬਾਹੀ ਅਤੇ ਤਕਲੀਫ ਦੇ ਮੂੰਹ ਵੱਲ ਧੱਕ ਰਹੀਆਂ ਹਨ ਜੋ ਪਹਿਲਾਂ ਕਿਸੇ ਨੇ ਕਦੇ ਵੇਖੀ ਜਾਂ ਸੁਣੀ ਨਹੀਂ। ਮੌਜੂਦਾ ਢਾਂਚਾ ਐਸੇ ਨਵੇਂ ਹਿਤਾਂ ਨੂੰ ਜਨਮ ਦੇ ਬੈਠਾ ਹੈ ਜਿਨ੍ਹਾਂ ਨੂੰ ਇਕਸੁਰ ਕਰਨਾ ਬੜਾ ਜ਼ਰੂਰੀ ਹੈ। ਵਿਅੱਕਤੀ ਦੇ ਹਿੱਤਾਂ ਨੂੰ ਸਮੂਹਾਂ ਦੇ ਹਿਤਾਂ ਨਾਲ ਇਕਸੁਰ ਕਰਨਾ ਪਵੇਗਾ ਤੇ ਸਮੂਹਾਂ ਦੇ ਹਿਤਾਂ ਨੂੰ ਪੂਰੇ ਸਮਾਜ ਦੇ ਹਿਤ ਨਾਲ ਇਕਸੁਰ ਕਰਨਾ ਪਵੇਗਾ। ਪਰ ਇਹ ਕੰਮ ਇਕ ਨਵੀਂ ਬੁਨਿਆਦ ਤੇ ਹੀ ਹੋ ਸਕਦਾ ਹੈ ਅਤੇ ਕਰਨਾ ਵੀ ਪਵੇਗਾ। ਉਹ ਢਾਂਚਾ ਜੋ ਸਾਰਿਆਂ ਨੂੰ ਰੱਦ ਕਰਦਾ ਤੇ ਨਕਾਰਦਾ ਹੈ, ਇਹ ਢਾਂਚਾ ਸਾਰਿਆਂ ਨੂੰ ਰੱਦ ਕਰਨਾ ਪਵੇਗਾ, ਨਕਾਰਨਾ ਪਵੇਗਾ। ਪਰ ਇਹ ਮਨਸੂਖੀ ਆਪਣੇ ਆਪ ਨਹੀਂ ਵਾਪਰਨੀ। ਇਸ ਲਈ ਪੂਰੀ ਤਰ੍ਹਾਂ ਸੁਚੇਤ ਹੋ ਕੇ ਪੂਰੇ ਪਲੈਨ ਨਾਲ ਇਹੋ ਜਿਹੀ ਤਿਆਰੀ ਕਰਨੀ ਪਵੇਗੀ ਜਿਸ ਨਾਲ ਇਨਸਾਨੀਅਤ ਦੀਆਂ ਸੱਭ ਤੋਂ ਵਧੀਆ ਸ਼ਕਤੀਆਂ ਅੱਗੇ ਆਉਣ। ਅਤਿਅੰਤ ਖੂੰਖਾਰ ਅਤੇ ਨਿਰਦਈ ਢੰਗ ਨਾਲ ਨਵੀਆਂ ਪੈਦਾਵਾਰੀ ਸ਼ਕਤੀਆਂ ਦੇ ਵਿਕਾਸ ਦਾ ਰਾਹ ਮੱਲੀ ਬੈਠੇ ਇਸ ਗਲੇ ਸੜੇ ਨਿਜ਼ਾਮ ਦੇ ਖ਼ਿਲਾਫ਼ ਨਵੇਂ ਦੀ ਇਹ ਅਤਿਅੰਤ ਸੰਗਠਤ ਅਤੇ ਆਹਲਾ ਬਗ਼ਾਵਤ ਹੋਵੇਗੀ।"*

*"ਪੈਦਾਵਾਰ ਦੀ ਵਿਧੀ ਸਮਾਜਕ ਬਣ ਜਾਣ ਤੇ ਹੋਣਾ ਤਾਂ ਇਹ ਚਾਹੀਦਾ ਸੀ ਕਿ ਪੈਦਾਵਾਰ ਦੇ ਸਾਧਨ ਵੀ ਸਮਾਜੀ ਬਣਨ, ਜਿਸ ਨਾਲ ਇਕ ਨਵਾਂ ਸਮਾਜ ਉਤਪੰਨ ਹੋਵੇ। ਲੇਕਿਨ ਇਸ ਦੀ ਬਜਾਏ ਦਰਅਸਲ ਹੋਇਆ ਇਹ ਹੈ ਕਿ ਪੈਦਾਵਾਰ ਦੇ ਸਾਧਨਾਂ, ਜ਼ਮੀਨ ਅਤੇ ਸਰਮਾਏ ਦੀ ਮਾਲਕੀ ਹੋਰ ਵੀ ਘੱਟ ਤੋਂ ਘੱਟ ਹੱਥਾਂ ਵਿਚ ਇਕੱਠੀ ਹੁੰਦੀ ਜਾ ਰਹੀ ਹੈ ਤੇ ਬਹੁਗਿਣਤੀ ਆਮ ਲੋਕਾਂ ਕੋਲ ਕੋਈ ਜਾਇਦਾਦ ਨਹੀਂ। ਇਸ ਤੋਂ ਇਲਾਵਾ, ਪੈਦਾਵਾਰ ਦੀ ਵਿਧੀ ਦਾ ਸਮਾਜੀਕਰਣ ਵੀ ਰੋਜ਼ ਵੱਧ ਰਹੀ ਨਿੱਕੀ ਸਨਅਤ, ਠੇਕੇ ਦੇ ਕੰਮ, ਘਰੋਂ ਕੰਮ ਕਰਨ ਦੀਆਂ ਸਕੀਮਾਂ ਅਤੇ ਗੁਜ਼ਰ ਤੋਰਨ ਲਈ ਹੋਰ ਇਹੋ ਜਿਹੇ ਉਦਯੋਗਾਂ ਨੇ ਰੋਕ ਦਿਤਾ ਹੈ। ਨਤੀਜੇ ਵਜੋਂ ਵਿਚਾਰਧਾਰਾ ਅਤੇ ਜਜ਼ਬਾਤਾਂ ਦੀ ਤੰਗਨਜ਼ਰੀ ਵਧੀ ਹੈ ਜੋ ਇਸ ਤਰ੍ਹਾਂ ਛੋਟੇ ਪੈਮਾਨੇ ਦੀ ਪੈਦਾਵਾਰਵਿਧੀ ਦੀ ਹੀ ਉਪਜ ਹੈ। ਹਉਮੈ, ਸੁਆਰਥਪੁਣਾਂ ਅਤੇ ਤੰਗਨਜ਼ਰੀ ਦੇ ਹੋਰ ਰੂਪ ਇਸ ਦੀ ਖ਼ਾਸ ਪੈਦਾਇਸ਼ ਹਨ। ਠੇਕੇ ਦਾ ਕੰਮ, ਅਤੇ ਹੋਰ ਸਾਰੇ ਨਿਕੇ ਨਿਕੇ ਕਾਰੋਬਾਰ ਸੰਕੇਤ ਕਰਦੇ ਹਨ ਕਿ ਪੈਦਾਵਾਰ ਦੀ ਵਿਧੀ ਦੇ ਸਮਾਜੀਕਰਣ ਨੂੰ ਵੀ ਪੂੰਜੀਵਾਦ ਸਮਾਜ ਅੰਦਰ ਰਹਿਕੇ ਸਿਰੇ ਨਹੀਂ ਲਾਇਆ ਜਾ ਸਕਦਾ।*

*ਸਰਕਾਰਾਂ ਅਤੇ ਸਿਆਸਤਦਾਨ ਬੜਾ ਹੁੱਬ ਕੇ ਕਹਿੰਦੇ ਹਨ ਕਿ "ਨਿੱਕਾ ਬਿਜ਼ਨਸ" ਨੌਕਰੀਆਂ ਪੈਦਾ ਕਰਨ ਦਾ ਇੰਜਣ ਹੈ। ਦਰਅਸਲ, ਇਹ "ਨਿੱਕਾ ਬਿਜ਼ਨਸ" ਅਜਾਰੇਦਾਰਾਂ ਦੇ ਹੱਥ ਵਿਚ ਲੁਟਖਸੁਟ ਵਧਾਉਣ ਦਾ ਇਕ ਐਸਾ ਔਜ਼ਾਰ ਹੈ ਜੋ ਬਹੁਤ ਸਾਰਿਆਂ ਨੂੰ ਸਮਾਜੀਕਰਣ ਦੇ ਰਾਹ ਪੈਣੋਂ ਰੋਕਣ ਤੇ ਮੌਜੂਦਾ ਸਥਿਤੀ ਕਾਇਮ ਰੱਖਣ ਲਈ ਪ੍ਰੇਰਦਾ ਹੈ। ਉਤਪਾਦਨ ਅਤੇ ਲੈਣ ਦੇਣ ਦੀ ਸਮਾਜੀ ਵਿਧੀ, ਜੋ ਸਮਾਜਵਾਦ ਦੀ ਤਿਆਰੀ ਲਈ ਵਾਸਤਵਿਕ ਸਾਮੱਗਰੀ ਹਨ, ਹੋਰ ਅੱਗੇ ਵਿਕਸਤ ਨਹੀਂ ਹੋ ਸਕਦੇ ਜਦ ਤੱਕ ਪੈਦਾਵਾਰ ਦੇ ਸਾਧਨ ਸਾਰੇ ਸਮਾਜ ਦੀ ਮਾਲਕੀ ਹੇਠ ਨਹੀਂ ਆਉਂਦੇ। ਮੌਜੂਦਾ ਨਿਜ਼ਾਮ ਅਧੀਨ ਪੂੰਜੀਵਾਦੀ ਮਾਲਕੀ ਇਕ ਐਸਾ ਰੋੜਾ ਹੈ ਜੋ ਆਰਥਕਤਾ ਅਤੇ ਸਮਾਜ ਵਿਚ ਗੜਬੜ ਅਤੇ ਹਿੰਸਾ ਪੈਦਾ ਕਰ ਰਿਹਾ ਹੈ। ਇਨ੍ਹਾਂ ਪ੍ਰਸਥਿਤੀਆਂ ਵਿਚ, ਸਮੱਸਿਆਵਾਂ ਦੇ ਹੱਲ ਲਈ ਇਕ ਖੁੱਲ੍ਹੇ ਜਿਗਰੇ ਵਾਲੀ ਪਹੁੰਚ ਅਖਤਿਆਰ ਕਰਨ ਦੀ ਲੋੜ ਹੈ ਜੋ ਜਾਇਦਾਦ ਦਾ ਸਮਾਜੀਕਰਣ ਕਰਕੇ ਸਮਾਜ ਨੂੰ ਤਰੱਕੀ ਦੇ ਰਾਹ ਪਾਉਣ ਵਾਲੀ ਜ਼ਰੂਰੀ ਸ਼ਰਤ ਪੂਰੀ ਕਰੇ। ਪਰ ਇਸਦੀ ਬਜਾਏ ਬਹੁਤ ਹੀ ਤੰਗਨਜ਼ਰੀ ਅਤੇ ਘਟੀਆ ਸੋਚ ਦਾ ਆਸਰਾ ਲਿਆ ਜਾ ਰਿਹਾ ਹੈ। ਨਿਜੀ ਮਾਲਕੀ ਦਾ ਸਮਾਜ ਉਤੇ ਇੰਨਾਂ ਮਾਰੂ ਅਸਰ ਹੈ ਕਿ ਕਈ ਬੜੇ ਬੜੇ ਦਿਆਨਤਦਾਰ ਅਤੇ ਇਮਾਨਦਾਰ ਬੰਦੇ ਵੀ ਤੰਗਨਜ਼ਰੀ ਦਾ ਸ਼ਿਕਾਰ ਹੋ ਕੇ ਰਹਿ ਜਾਂਦੇ ਹਨ ਅਤੇ ਇਸ ਤਰ੍ਹਾਂ ਦੇ ਐਲਾਨਾਂ ਦੀ ਹਾਂ ਵਿਚ ਹਾਂ ਮਿਲਾਉਣ ਲੱਗ ਪੈਂਦੇ ਹਨ ਕਿ "ਇਤਹਾਸ ਦਾ ਅਖ਼ੀਰ" ਹੋ ਗਿਆ ਹੈ, "ਸਾਇੰਸ ਦਾ ਅਖੀਰ" ਆ ਗਿਆ ਹੈ। ਬਹਿਰਹਾਲ, ਪੁਰਾਣੇ ਸਬੰਧਾਂ ਦੀ ਖੱਲ ਕਈ ਪਾਸਿਆਂ ਤੋਂ ਖਿੱਚ ਹੋ ਰਹੀ ਹੈ। ਰਹਿੰਦੀ ਕਸਰ ਵੀ ਜਲਦੀ ਹੀ ਨਿਕਲ ਜਾਵੇਗੀ। ਪੈਦਾਵਾਰ ਦੀ ਵਿਧੀ ਦਾ ਸਮਾਜੀਕਰਣ ਹੁਣ ਉਸ ਮੁਕਾਮ ਤੇ ਆ ਗਿਆ ਹੈ ਕਿ ਪੈਦਾਵਾਰ ਦੇ ਸਾਧਨਾਂ ਦੀ ਮਾਲਕੀ ਸਮਾਜੀ ਹੱਥਾਂ ਵਿਚ ਲਏ ਬਗੈਰ ਹੋਰ ਅੱਗੇ ਨਹੀਂ ਜਾ ਸਕਦਾ।"*

ਇਨ੍ਹਾਂ ਆਰਥਕ ਰਿਸ਼ਤਿਆਂ ਕਾਰਨ, ਹਰੇ ਇਨਕਲਾਬ ਅਤੇ ਵਿਸ਼ਵੀਕਰਣ ਨਾਲ ਅਮੀਰ ਹੋਰ ਅਮੀਰ ਹੋ ਰਹੇ ਹਨ ਅਤੇ ਗ਼ਰੀਬ ਹੋਰ ਗ਼ਰੀਬ ਹੋ ਰਹੇ ਹਨ। ਪੰਜਾਬ ਅਤੇ ਹਿੰਦੁਸਤਾਨ ਦੇ ਲੋਕ ਆਪਣੀ ਕਿਰਤ ਅਤੇ ਕੁਦਰਤ ਦੇ ਸੋਮਿਆਂ ਨਾਲ ਬਹੁਤ ਦੌਲਤ ਪੈਦਾ ਕਰਦੇ ਹਨ, ਪਰ ਸਮਾਜ ਦੇ ਰਿਸ਼ਤੇ ਉਨ੍ਹਾਂ ਨੂੰ ਇਸ ਦੌਲਤ ਤੋਂ ਵਾਂਝੇ ਰੱਖਦੇ ਹਨ। ਪੰਜਾਬੀ ਕਿਸਾਨ ਆਤਮਘਾਤ ਕਰ ਰਹੇ ਹਨ ਅਤੇ ਕਰਜ਼ੇ ਹੇਠ ਦੱਬੇ ਹਨ। ਪੰਜਾਬ ਵਿਚ ਨੌਜਵਾਨਾਂ ਲਈ ਰੁਜ਼ਗਾਰ ਨਹੀਂ ਉਹ ਹਿੰਦੁਸਤਾਨ ਅਤੇ ਬਦੇਸ਼ਾਂ ਵਿਚ ਰੋਟੀ ਰੋਜ਼ੀ ਦੀ ਭਾਲ ਵਿਚ ਧੱਕੇ ਖਾਂਦੇ ਹਨ।

ਅੱਜ ਪੰਜਾਬੀ ਦਰਸ਼ਨ ਦੇ ਆਰਥਕ ਸਿਧਾਂਤ ਤੋਂ ਸੇਧ ਲੈਣ ਦੀ ਪੰਜਾਬ ਨੂੰ ਬੜੀ ਲੋੜ ਹੈ। ਇਸ ਦਰਸ਼ਨ ਦੀ ਸੇਧ ਲੈਕੇ ਕੁਦਰਤੀ ਸੋਮਿਆਂ ਅਤੇ ਮਨੁਖੀ ਮੇਹਨਤ ਨਾਲ ਪੈਦਾ ਕੀਤੀ ਦੌਲਤ ਨੂੰ ਸਰਬੱਤ ਦੇ ਭਲੇ ਲਈ ਲਾਉਣ ਲਈ ਵਿਉਂਤ ਅਤੇ ਅਮਲ ਦੀ ਬਹੁਤ ਲੋੜ ਹੈ।

# ਰਾਜ ਅਤੇ ਰਾਜਨੀਤੀ

ਪੰਜਾਬ ਦੇ ਖਿੱਤੇ ਅੰਦਰ ਮੁੱਢ ਕਦੀਮਾਂ ਤੋਂ ਵਿਕਸਤ ਹੋਇਆ ਸਿਆਸੀ ਸਿਧਾਂਤ ਰਾਜ ਦੇ ਸੱਤ ਅੰਗ ਦਸਦਾ ਹੈ। ਇਹ ਹਨ ਇਲਾਕਾ, ਪਰਜਾ, ਰਾਜਾ, ਖ਼ਜ਼ਾਨਾ, ਸਭਾ, ਸੈਨਾ ਅਤੇ ਸੈਨਾਪਤੀ। ਇਸ ਸਿਧਾਂਤ ਮੁਤਾਬਿਕ ਰਾਜ ਅਤੇ ਰਾਜੇ ਦਾ ਮੁਖ ਕੰਮ ਜਾਂ ਜ਼ੁੰਮੇਵਾਰੀ ਪਰਜਾ ਦੇ ਸੁਖ, ਖ਼ੁਸ਼ਹਾਲੀ ਅਤੇ ਰਖਵਾਲੀ ਦਾ ਬੰਦੋਬਸਤ ਕਰਨਾ ਹੈ। ਸਰਬੱਤ ਦਾ ਭਲਾ, ਰਾਜ ਅਤੇ ਰਾਜੇ ਦਾ ਬੁਨਿਆਦੀ ਅਸੂਲ ਹੈ।

ਰਿਗਵੇਦ ਮੁਤਾਬਿਕ:

*ਤਵਮ ਹਾ ਤਆਦੀਂਦਰਾ ਸਪਤਾ ਯੁਧਾਨ ਪੁਰੋਵਜਰੀਨ ਪੁਰੁਕੁਤਸਾਇਆ ਦਰਦਾਹ।*
*ਬਹਰੀਨ ਯਤ ਸੁਦਾਸੇ ਵਰੀਤਾਹ ਵਰੰਘੋ ਰਾਜਨਵਰੀਵਾਹ ਪੂਰਵੇ ਕਾਹ।*
***(ਰਿਗਵੇਦ ਮੰਡਲ 1 ਸੂਕਤ 63)***

***ਬਹੁਤ ਹੀ ਵਧੀਆ ਹਥਿਆਰਾਂ ਨਾਲ, ਰਾਜ ਦੇ ਸੱਤ ਅੰਗਾਂ ਨਾਲ ਸਾਡਾ ਆਗੂ ਦੁਸ਼ਮਣ ਦੇ ਸ਼ਹਿਰ ਤਬਾਹ ਕਰਕੇ ਸਾਡੇ ਤੇ ਖ਼ੁਸ਼ਹਾਲੀ ਇੰਜ ਵਰਸਾਉਂਦਾ ਹੈ ਜਿਸ ਤਰ੍ਹਾਂ ਸੂਰਜ ਚਾਨਣ ਦੀ ਬਾਰਿਸ਼ ਕਰਦਾ ਹੈ।***

*ਯੁਆਮਸਮਭਿਯਮ ਧਿਸ਼ਨਾਭੀਯਸਪਰੀ ਵਿਦਵਾਨਸੋ ਵਿਸ਼ਵਾ ਨਿਆਰਨੀ ਭੋਜਨਾ। ਦਿਆਮੰਤਮ ਵਜਾਮ ਵਰਿਸ਼ਾਸ਼ੁਸ਼ਮਾਮਯੁਤਮਾਮਾ ਨੋ ਰੇਆਮਰੀਭਾਵਾਸਤਕਸ਼ਾਤਾ ਵਿਆਮ।*

***"ਅਕਲ ਮੰਦਾ! ਆਪਣੀ ਅਕਲ ਤੇ ਸਿਆਣਪ ਨਾਲ ਸਾਡੇ ਸਾਰਿਆਂ ਲਈ ਖ਼ੁਰਾਕ ਤੇ ਦੌਲਤ ਪੈਦਾ ਕਰ ਤੇ ਆਪਣੀ ਅਕਲ ਤੇ ਇਲਮ ਦੇ ਜ਼ੋਰ ਨਾਲ ਪਤਾ ਕਰ ਕਿ ਸਾਰੇ ਖ਼ੁਸ਼ ਕਿਵੇਂ ਹੋ ਸਕਦੇ ਹਨ। "***

*ਸਾ ਹੀ ਕਰੁਤੂਹ ਮਰਯਾਹ ਸਾਧੁਮਿਰਤਰੋ ਨਾ ਬੁਧਾਦਬੱਤਾਸਿਆ ਰਾਥੀਹ।*
*ਤਾਮ ਮੇਧੇਸ਼ੁ ਪਰਥਮਮ ਦੇਵਾਨਤਰੀਵਿਸ਼ਾਹ ਉਪ ਬਰੁਵਾਤੇ ਦਸਮਮਾਰੀਹ*

***"ਪਰਜਾ ਨੂੰ ਸਭਾ ਦਾ ਆਗੂ ਉਹ ਵਿਅਕਤੀ ਬਣਾਉਣਾ ਚਾਹੀਦਾ ਹੈ ਜੋ ਸਾਰਿਆਂ ਦਾ ਮਿੱਤਰ ਹੋਵੇ, ਜੋ ਅਕਲਮੰਦ ਹੋਵੇ, ਜੋ ਸਾਰਿਆਂ ਦਾ ਭਲਾ ਮੰਗਦਾ ਹੋਵੇ, ਜੋ ਫੌਜ ਦਾ ਵਧੀਆ ਸੈਨਾਪਤੀ ਹੋਵੇ, ਜਿਹਦੇ ਕੋਲ ਆਹਲਾ ਹਥਿਆਰ ਅਤੇ ਰੱਥ ਹੋਣ। "***

*ਪਰਜਾਵਤਾ ਵਾਚਸਾ ਵਾਹਿਨਰਸਾ ਛੂ ਹੁਵੇ ਨੀ ਸਤਸੀਹ ਦੇਵੈਹਿ। ਵੇਸ਼ੀ ਹੋਤਰਾਮੁਤ ਪੋਤਰਮ ਯਜਾਤਰਾ ਬੋਧੀ ਪ੍ਰਯੰਤਰਾਜਅਨਿਤਾਵੋਸੁਨਮ*

*" ਪਰਜਾ ਦੇ ਆਖੇ ਅਨੁਸਾਰ, ਇਲਮ ਨਾਲ, (ਪਰਜਾ ਲਈ) ਖ਼ੁਸ਼ਹਾਲੀ ਲਿਆ, ਕਿਉਂਕਿ ਸਾਡੇ ਵਾਸਤੇ ਖ਼ੁਸ਼ਹਾਲੀ ਲਿਆਉਣ ਲਈ ਤੇਰੀਆਂ ਲਗਾਤਾਰ ਕੋਸ਼ਿਸ਼ਾਂ ਦੇ ਅਸੀਂ ਬਹੁਤ ਹੀ ਮਸ਼ਕੂਰ ਹਾਂ। "*

ਕਿਉਂਕਿ ਪਰਜਾ ਹੀ ਰਾਜ ਨੂੰ ਜਨਮ ਦਿੰਦੀ ਹੈ ਇਸ ਲਈ ਪਰਜਾ ਹੀ ਸਾਰੀ ਸਿਆਸੀ ਤਾਕਤ ਅਤੇ ਰਾਜ ਦੀ ਬੁਨਿਆਦ ਹੈ। ਰਿਗਵੇਦ, ਯਜੁਰਵੇਦ, ਅਰਥਸ਼ਾਸਤਰ, ਮਹਾਂਭਾਰਤ ਅਤੇ ਹੋਰਨਾਂ ਥਾਂਵਾਂ ਤੇ ਰਾਜ ਦੇ ਸੱਤ ਅੰਗਾਂ ਚੋਂ ਪਰਜਾ ਹੀ ਸਰਬਉਚ ਦੱਸੀ ਗਈ ਹੈ।

ਰਿਗਵੇਦ ਦੇ 10 ਵੇਂ ਮੰਡਲ ਦੇ 125 ਸੁਕਤ ਵਿਚ ਪਰਜਾ ਦੀ ਸਭਾ ਬਾਰੇ ਕਿਹਾ ਗਿਆ ਹੈ:

*ਅਹਮ ਰੁਦਰੇਭੀਵਰਸੁਭੀਸ਼ਚਰਾਮਿਆਹਮਾਦਿਤੀਆਰੁਤ ਵਿਸ਼ਵਦੇਵੈਹ। ਅਹਮ ਮਿਤਰਾਵਰੁਨਾਭਾ ਭਿਭਾਮਿਆਰਹਾਮੀਂਦਰਾਗਨੀ ਅਹਮਵਿਸ਼ਵਨੋਭਾ*

*ਮੈਂ ਰਾਸ਼ਟਰ ਦੀ ਸਭਾ ਹਰ ਗਿਆਨ ਦੇ ਖੇਤਰ ਦੀ ਜਾਣੂੰ ਹਾਂ। ਮੈਂ ਪਾਣੀ, ਹਵਾ, ਧਰਤੀ ਅਤੇ ਆਕਾਸ਼ ਤੇ ਆਪਣਾ ਹੁਕਮ ਚਲਾਉਂਦੀ ਹਾਂ।*

*ਅਹਮ ਸੋਮਾਹਾਨਸਮ ਬੀਭਾਮਿਆਰਹਮ ਤਵਸ਼ਤਾਰਮੁਤ ਪ੍ਰੁਸ਼ਾਨਮ ਭਾਗਮ। ਅਹਮ ਦਾਧਮੀ ਦਰਵੀਨਾਮ ਹਵੀਸ਼ਮਤੇ ਸੁਪਰਾਵਯੇ ਯਜਮਾਨਿਯਾ ਸੁਨਵੰਤੇ।।*

*ਮੇਰੇ ਕੋਲ ਦੁਸ਼ਮਣਾਂ ਨੂੰ ਖਤਮ ਕਰਨ ਦੀ ਕਾਬਲੀਅਤ ਹੈ। ਮੇਰੇ ਕੋਲ ਸਭ ਨੂੰ ਖੁਸ਼ਹਾਲ ਰੱਖਣ ਦੀ ਤਾਕਤ ਹੈ। ਮੈਂ ਦੌਲਤ ਇਕੱਠੀ ਕਰਕੇ ਸਭ ਨੂੰ ਖੁਸ਼ਹਾਲ ਜ਼ਿੰਦਗੀ ਦਿੰਦੀ ਹਾਂ।*

*ਅਹਮ ਰਾਸ਼ਟਰਿਮ ਸੰਗਾਮਨੀ ਵਸੁਨਾਮ ਚਿਕੀਤੁਸ਼ਿਮ ਪਰਥਮਾ ਯਗਿਆਨਾਮ। ਤਾ ਮਾ ਦੇਵਾ ਵਯਾਧੁ ਪੁਰੁਤਰਾ ਭੁਰਿਸਥਾਤਰਾਮ ਭਰਿਯਾਵੇਸ਼ੰਤਿਮ।।*

*ਮੈਂ ਰਾਸ਼ਟਰ ਦੇ ਸਾਰੇ ਮਾਮਲਿਆਂ ਬਾਰੇ ਸੋਚ ਵਿਚਾਰ ਕਰਦੀ ਹਾਂ। ਮੈਂ ਹੀ ਸਾਰੇ ਚੰਗੇ ਕੰਮ ਕਰਦੀ ਹਾਂ। ਮੇਰੇ ਕੋਲੇ ਸਾਰੀਆਂ ਸ਼ਕਤੀਆਂ ਹਨ ਅਤੇ ਮੇਰੇ ਕਈ ਸਭਾ ਸਦ ਹਨ।*

*ਅਹਮ ਰੁਦਰਯੇ ਧਨੁਰਾ ਤਨੋਮੀ ਬਰਹਮਦਵਿਸ਼ੇ ਸ਼ਰਵੇ ਹੰਤਵਾਓ। ਅਹਮ ਜਨਾਯੇ ਸਮਦਮ ਕਰੀਨੋਮਯਾਹਮ ਦਾਵਾ ਪਫੀਥਵਾਯਾ ਵਿਵੇਸ਼।।*

*ਮੈਂ ਆਪਣਾ ਧਨੁਸ਼ ਦੁਸ਼ਮਣਾਂ ਵੱਲ ਖਿੱਚਦੀ ਹਾਂ, ਮੈਂ ਗਿਆਨ ਦੇ ਦੁਸ਼ਮਣਾਂ ਨੂੰ ਖ਼ਤਮ ਕਰਦੀ ਹਾਂ। ਮੈਂ ਲੋਕਾਂ ਦੀ ਖ਼ੁਸ਼ਹਾਲੀ ਅਤੇ ਭਲੇ ਲਈ ਯੁੱਧ ਕਰਦੀ ਹਾਂ। ਮੇਰਾ ਖੇਤਰ ਜ਼ਮੀਨ ਅਤੇ ਆਸਮਾਨ ਤੱਕ ਹੈ।*

*ਅਹਮ ਸੂਵੇ ਪਿਤਰਮਸਯਾ ਮੁਰਧਾਨਮਮ ਯੋਨੀਰਅਪਸਵੰਤਹ ਸਮੁੰਦਰੇ। ਤਤੋਵੀ ਤਿਸ਼ਠੇ ਭੁਵਨਾਨੂ ਵਿਸ਼ਵੋਤਾਮੁਮ ਦਯਾਮ ਵਰਸ਼ਰਨੋਪ ਸਪਰੀਸ਼ਾਮੀ।।*

*ਮੈਂ ਹੀ ਰਾਜੇ ਨੂੰ ਜਨਮ ਦਿੰਦੀ ਹਾਂ ਅਤੇ ਰਾਸ਼ਟਰ ਦਾ ਆਗੂ ਬਣਾਉਂਦੀ ਹਾਂ। ਮੇਰਾ ਰਾਜ ਸਮੁੰਦਰਾਂ ਅਤੇ ਅਸਮਾਨਾਂ ਤੇ ਵੀ ਹੈ।*

ਰਿਗਵੇਦ ਅਤੇ ਯਜੁਰਵੇਦ ਦੇ ਜ਼ਮਾਨੇ ਵਿਚਕਾਰ ਭਾਵੇਂ ਇਕ ਲੰਮਾਂ ਅਰਸਾ ਹੈ। ਲੇਕਿਨ ਰਿਗਵੇਦ ਦੇ ਜ਼ਮਾਨੇ ਦੇ ਰਾਜ ਅਤੇ ਰਾਜਨੀਤੀ ਦੇ ਬੁਨਿਆਦੀ ਨੁਕਤੇ ਯਜੁਰਵੇਦ ਵਿਚ ਵੀ ਦਰਜ ਹਨ। ਇਹ ਦਸਦਾ ਹੈ:

*1.ਰਾਜਾ ਉਹਨੂੰ ਚੁਣੋ ਜੋ ਸਰਘੀ ਦੇ ਸੂਰਜ ਵਾਂਗ ਤੇਜੱਸਵੀ ਹੋਵੇ, ਦੌਲਤਾਂ ਵੰਡਣ ਵਾਲਾ ਹੋਵੇ, ਸਿਆਣਪ ਨਾਲ ਮਾਲਾਮਾਲ ਹੋਵੇ, ਖ਼ੁਸ਼ਹਾਲੀ ਦਾ ਰਾਖਾ ਹੋਵੇ, ਜ਼ਬਤ ਵਾਲਾ ਹੋਵੇ, ਇਕ ਤਾਕਤਵਰ ਬਾਪ ਦੀ ਔਲਾਦ ਹੋਵੇ ਤੇ ਆਪਣੀਆਂ ਇੰਦਰੀਆਂ ਨੂੰ ਕੰਟਰੋਲ ਵਿਚ ਰੱਖ ਸਕਣ ਵਾਲਾ ਹੋਵੇ।*

*2.ਰਾਜਾ ਉਹਨੂੰ ਚੁਣੋ ਜੋ ਸਾਰੇ ਜਹਾਨ ਦਾ ਰਾਖਾ ਹੋਵੇ, ਜੱਗ ਵਿਚ ਜ਼ਿੰਦਗੀ ਦਾ ਝਰਨਾ ਹੋਵੇ, ਦੁਸ਼ਮਣਾਂ ਦੀ ਮੁਖ਼ਾਲਫ਼ਤ ਕਰਨ ਲਈ ਅੱਡੀ ਚੋਟੀ ਦਾ ਤਾਣ ਲਾਉਣ ਜੋਗਾ ਹੋਵੇ, ਸ਼ਕਤੀਸ਼ਾਲੀ ਦੁਸ਼ਮਣਾਂ ਦੇ ਵੀ ਟੁਕੜੇ ਟੁਕੜੇ ਕਰ ਦੇਣ ਦੀ ਸਮਰੱਥਾ ਰੱਖਣ ਵਾਲਾ ਹੋਵੇ ਜਿਵੇਂ ਸੂਰਜ ਘਣੇ ਤੋਂ ਘਣੇ ਬੱਦਲਾਂ ਨੂੰ ਪਾੜ ਦੇਣ ਦੀ ਸਮਰੱਥਾ ਰੱਖਦਾ ਹੈ, ਵਿਦਵਤਾ ਨਾਲ ਭਰਪੂਰ ਹੋਵੇ, ਅਤੇ ਲੋਕਾਂ ਦੇ ਪੰਜਾਂ ਵਰਗਾਂ ਵਿਚ ਇਜ਼ਤਮਾਨ ਦਾ ਪਾਤਰ ਹੋਵੇ।*

*3.ਹੇ, ਲੋਕੋ! ਤੁਸੀਂ ਬਾਦਸ਼ਾਹੀ ਦੇਣ ਵਾਲੇ ਹੋ, ਜੋ ਵਾਕਫ਼ੀਅਤ ਅਤੇ ਖ਼ੁਸ਼ੀ ਦਾ ਖ਼ਜ਼ਾਨਾਂ ਏ, ਮੈਨੂੰ ਬਾਦਸ਼ਾਹੀ ਸਹੀ ਢੰਗ ਨਾਲ ਦੇਵੋ। ਤੁਹਾਨੂੰ ਪਤਾ ਹੈ ਕਿਹੜੀ ਸਰਕਾਰ ਖ਼ੁਸ਼ੀ ਦੇ ਸਕਦੀ ਹੈ, ਸੋ ਬਾਦਸ਼ਾਹੀ ਦੇਣ ਵਾਲਿਓ ਲੋਕੋ ਬਾਦਸ਼ਾਹ ਉਹਨੂੰ ਬਣਾਓ ਜੋ ਇਹਦੀ ਰਾਖੀ ਕਰ ਸਕੇ। ਰਾਜੇ ਦੇ ਫ਼ਰਜ਼ਾਂ ਦਾ ਫ਼ੈਸਲਾ ਕਰਨ ਵਾਲੇ ਤੁਸੀਂ ਹੋ ਤੇ ਤਾਕਤਵਰ ਫ਼ੌਜ ਦੇ ਮਾਲਕ ਵੀ ਹੋ, ਇਕ ਸ਼ਾਨਦਾਰ ਤਕਰੀਰ ਕਰਦੇ ਹੋਏ ਮੈਨੂੰ ਰਾਜ ਬਖ਼ਸ਼ੋ। ਬਾਦਸ਼ਾਹੀ ਦੇਣ ਵਾਲਿਓ ਤੇ ਫ਼ੌਜ ਦੇ ਮਾਲਕ ਲੋਕੋ ਰਾਜ ਉਹਨੂੰ ਦਿਓ ਜੋ ਰਾਜ ਦੇ ਕਾਬਲ ਹੈ।*

*4.ਹੇ, ਦੌਲਤਮੰਦ ਲੋਕੋ, ਬਾਦਸ਼ਾਹੀਆਂ ਦੇਣ ਵਾਲਿਓ, ਮੈਨੂੰ ਬਾਦਸ਼ਾਹੀ ਸਹੀ ਤਰੀਕੇ ਅਨੁਸਾਰ ਦੇਵੋ। ਤੁਸੀਂ, ਅਕਲਾਂ ਦੇ ਮਾਲਕ ਅਤੇ ਬਾਦਸ਼ਾਹੀ ਦੇਣ ਵਾਲੇ ਹੋ, ਬਾਦਸ਼ਾਹੀ ਉਹਦੇ ਹਵਾਲੇ ਕਰੋ ਜੋ ਇਹਦੀ ਰਾਖੀ ਕਰਨ ਦੇ ਸਮਰੱਥ ਹੋਵੇ। ਹੇ, ਔਰਤੋ, ਵਿਦਵਤਾ, ਤਾਕਤ ਅਤੇ ਸਰਬਉਚਤਾ ਵਾਲੀਓ, ਰਾਜਗੱਦੀ ਦੇਣ ਵਾਲੀਓ, ਮੈਨੂੰ ਰਾਜ ਇਕ ਸਹੀ ਢੰਗ ਨਾਲ ਦੇਵੋ। ਆਪਣੇ ਉਤੇ ਜਬਤ ਰੱਖਣ ਵਾਲੀਓ ਔਰਤੋ, ਰਾਜ ਦੇਣ ਵਾਲੀਓ, ਰਾਜ ਉਹਨੂੰ ਦਿਓ ਜੋ ਰਾਜ ਕਰਨ ਦੇ ਕਾਬਲ ਹੈ।*
*ਦਿਆਲੂ ਔਰਤੋ, ਰਾਜ ਦੇਣ ਵਾਲੀਓ, ਆਪਣੇ ਉਤੇ ਜ਼ਬਤ ਰੱਖਣ ਵਾਲੇ ਨਾਇਕ ਨੂੰ ਰਾਜ ਦਿਓ। ਰਾਜ ਦੇਣ ਵਾਲੀਓ ਮੈਨੂੰ ਸਹੀ ਢੰਗ ਨਾਲ ਰਾਜ ਸੰਭਾਲੋ।*

*5.ਸਾਡਾ ਰਾਜਾ ਬਣਨ ਦੇ ਕਾਬਲ ਉਹੋ ਹੈ ਜੋ ਜਾਣਕਾਰੀ ਨਾਲ ਭਰਪੂਰ ਹੈ, ਜੋ ਜਾਣਕਾਰੀ ਵਿਚ ਇਜ਼ਾਫ਼ਾ ਕਰਦਾ ਹੈ, ਸਹੀ ਤਰੀਕੇ ਨਾਲ ਵਰਤਾਰਾ ਕਰਦਾ ਹੈ, ਆਪਣੇ ਲੋਕਾਂ ਦੀ ਖ਼ੁਸ਼ਹਾਲੀ ਵਿਚ ਵਾਧਾ ਕਰਦਾ ਹੈ ਅਤੇ ਉਨ੍ਹਾਂ ਸਾਰਿਆਂ ਇਲਾਕਿਆਂ ਵਿਚ ਗੇੜਾ ਮਾਰਦਾ ਹੈ ਜਿਥੇ ਲੋਕ ਵਸਦੇ ਹਨ।*

*6.ਹੇ ਬਾਦਸ਼ਾਹ, ਤੂੰ ਕੌਣ ਐਂ? ਸਾਡੇ ਸਾਰਿਆਂ ਵਿਚੋਂ ਤੂੰ ਕਿਹੜਾ ਏਂ?ਤੂੰ ਕਿਹਦਾ ਪੁਤਰ ਏਂ?ਤੇਰਾ ਨਾਮ ਕੀ ਏ? ਅਸੀਂ ਜਾਨਣਾ ਚਾਹੁੰਦੇ ਹਾਂ ਤੇ ਤੇਰੇ ਬਾਰੇ ਤਸੱਲੀ ਕਰਨੀ ਚਾਹੁੰਦੇ ਹਾਂ।*
*ਮੈਂ ਤੁਹਾਡੇ ਵਿਚੋਂ ਹੀ ਆਂ ਅਤੇ ਉਸੇ ਮਿੱਟੀ ਦਾ ਬਣਿਆਂ ਹੋਇਆਂ ਹਾਂ ਜਿਹਦੇ ਤੁਸੀਂ ਬਹਾਦਰ ਲੋਕ ਬਣੇ ਹੋਏ ਓ ਤੇ ਉਹੋ ਕੁਝ ਖਾਕੇ ਸ਼ਕਤੀਸ਼ਾਲੀ ਬਣਿਆਂ ਹਾਂ ਜੋ ਲੋਕ ਖਾਂਦੇ ਹਨ।*

*7.ਹੇ ਆਗੂਆ ਤੇ ਸਭਾ ਦੇ ਮੈਂਬਰੋ, ਸੂਰਜ ਤੇ ਅਗਨੀ ਵਾਂਗ ਚਮਕਦਿਓ, ਇਕੱਠੇ ਹੋਵੋ ਅਤੇ ਵਿਚਾਰ ਵਟਾਂਦਰਾ ਕਰਕੇ ਸਾਡੀ ਭਰਪੂਰ ਖ਼ੁਸ਼ੀ ਨੂੰ ਹੋਰ ਵਧਾਓ। ਆਪਣੀ ਤੀਖਣ ਬੁਧੀ ਨਾਲ ਸਾਡੀ ਭਲਾਈ ਦੀ ਰਾਖੀ ਕਰੋ। ਰਾਜ ਦੇ ਫ਼ਰਜ਼ਾਂ ਅਤੇ ਨੇਮਾਂ ਨੂੰ ਅਸੀਂ ਤੁਹਾਡੇ ਸਪੁਰਦ ਕਰਦੇ ਹਾਂ। ਰਾਜ ਕਰਨ ਦੀ ਕਲਾ ਤੁਹਾਡੀ ਰਾਖੀ ਕਰੇਗੀ। ਅਸੀਂ ਤੁਹਾਨੂੰ ਦਸਦੇ ਹਾਂ ਇਹ ਕਲਾ ਕੀ ਹੈ।*

ਉਪਰ ਦਿਤੇ ਹਵਾਲਿਆਂ ਤੋਂ ਵੇਖਿਆ ਜਾ ਸਕਦਾ ਹੈ ਕਿ ਇਸ ਦੌਰ ਵਿਚ:

*1) ਪਰਜਾ ਜਾਂ ਖ਼ਲਕਤ ਨੇ, ਆਪਣੇ ਵਿਕਾਸ ਦੇ ਇਕ ਖ਼ਾਸ ਪੜਾ ਤੇ ਆ ਕੇ, ਇਕ ਐਸੇ ਅਦਾਰੇ ਨੂੰ ਪੈਦਾ ਕੀਤਾ ਜਿਹਦੇ ਅੰਗਾਂ ਦੇ ਜ਼ੁੰਮੇ ਸਾਰਿਆਂ ਦੀ ਰਖਵਾਲੀ ਦਾ ਕੰਮ ਲਾਇਆ ਗਿਆ। ਇਸ ਦੌਰ ਦੇ ਲੋਕਾਂ ਨੇ ਕੁਝ ਤਾਕਤਾਂ ਇਸ ਅਦਾਰੇ ਨੂੰ ਦੇ ਦਿੱਤੀਆਂ ਤੇ ਕੁਝ ਆਪਣੇ ਹੱਥਾਂ ਵਿਚ ਰੱਖੀਆਂ। ਉਨ੍ਹਾਂ ਨੇ ਇਹ ਤਾਕਤ ਆਪਣੇ ਕੋਲ ਰੱਖੀ ਕਿ ਉਹ ਇਸ ਅਦਾਰੇ ਦੇ ਕਿਸੇ ਵੀ ਮੈਂਬਰ ਜਾਂ ਸਾਰੇ ਦੇ ਸਾਰੇ ਮੈਂਬਰਾਂ ਨੂੰ ਲਾਂਭੇ ਕਰ ਸਕਦੇ ਸਨ ਤੇ ਲੋੜ ਪੈਣ ਤੇ ਇਨ੍ਹਾਂ ਦੇ ਸਿਰ ਵੀ ਲਾਹ ਸਕਦੇ ਸਨ।*
*3) ਰਾਜੇ ਦੀ ਚੋਣ ਪਰਜਾ ਕਰਦੀ ਸੀ ਜੋ ਇਸ ਅਦਾਰੇ ਦਾ ਆਗੂ ਹੁੰਦਾ ਸੀ ਅਤੇ ਇਹਦੇ ਸਭ ਤੋਂ ਉਚੇ ਅੰਗ , ਸਭਾ, ਨੂੰ ਵੀ ਪਰਜਾ ਹੀ ਚੁਣਦੀ ਸੀ*

*ਜੋ ਜ਼ਿੰਦਗੀ ਅਤੇ ਜੰਗ ਵਰਗੇ ਮਸਲਿਆਂ ਤੇ ਵਿਚਾਰ ਕਰਦੀ ਸੀ। ਜੋ ਇਹਦੇ ਮੈਂਬਰ ਨਾ ਵੀ ਹੋਣ ਉਹ ਵੀ ਵਿਚਾਰ ਵਟਾਂਦਰੇ ਵਿਚ ਹਿਸਾ ਲੈ ਸਕਦੇ ਸੀ ਅਤੇ ਆਪਣੀ ਸਲਾਹ ਦੇ ਸਕਦੇ ਸੀ।*

*4) ਇਸ ਅਦਾਰੇ ਦੀ ਸਭ ਤੋਂ ਵੱਡੀ ਜ਼ੁੰਮੇਵਾਰੀ ਇਹ ਸੀ ਕਿ ਇਹ ਕੁਦਰਤ ਅਤੇ ਸਮਾਜ ਵਿਚਲੇ ਨੁਕਸਾਨਦੇਹ ਤੱਤਾਂ ਤੋਂ ਲੋਕਾਂ ਦੀ ਹਿਫ਼ਾਜ਼ਤ ਕਰੇ। ਇਹਦੇ ਸੱਤ ਦੇ ਸੱਤ ਅੰਗ ਸਿਰਫ਼ ਇਸ ਮਕਸਦ ਲਈ ਹੀ ਬਣਾਏ ਗਏ ਸਨ।*

*5) ਇਸ ਮਕਸਦ ਅਤੇ ਨਿਸ਼ਾਨੇ ਦੀ ਪੂਰਤੀ ਲਈ ਇਹ ਅਦਾਰਾ, ਇਹਦੇ ਸੱਤ ਅੰਗ , ਅਤੇ ਸਮਾਜ ਦੇ ਸਾਰੇ ਬਾਸ਼ਿੰਦੇ ਇਕ ਦੂਸਰੇ ਉਤੇ ਕਈ ਦਾਅਵੇ ਵੀ ਰੱਖਦੇ ਸਨ ਅਤੇ ਇਕ ਦੂਜੇ ਵੱਲ ਇਹਨਾਂ ਦੀਆਂ ਕਈ ਜ਼ੁੰਮੇਵਾਰੀਆਂ ਵੀ ਸਨ।*

*6) ਇਹ ਅਦਾਰਾ ਵਿਅਕਤੀ ਦੇ ਹਿਤਾਂ, ਸਾਂਝੇ ਹਿਤਾਂ ਅਤੇ ਸਮਾਜ ਦੇ ਵੱਡੇ ਹਿਤਾਂ ਨੂੰ ਇਕਸੁਰ ਕਰਨ ਲਈ ਬਣਾਇਆ ਗਿਆ ਸੀ।*

*7) ਇਹ ਅਦਾਰਾ ਸਮਾਜ ਦੇ ਸਾਰੇ ਮੈਂਬਰਾਂ ਦੇ ਹਿਤਾਂ ਨੂੰ ਤਸਲੀਮ ਕਰਦਾ ਹੈ ਤੇ ਅਤੇ ਇਨ੍ਹਾਂ ਨੂੰ ਪੂਰੇ ਕਰਨ ਲਈ ਹੀ ਬਣਾਇਆ ਗਿਆ ਸੀ।*

*8) ਇਸ ਸਿਆਸੀ ਪ੍ਰਣਾਲੀ ਵਿਚ ਸਾਰੇ ਮੈਂਬਰ ਆਪਣੇ ਸਰਬਉਚ ਹੱਕ ਦੀ ਵਰਤੋਂ ਆਪ ਸਿਧੇ ਤੌਰ ਤੇ ਕਰਦੇ ਹਨ ਵਿਚੋਲਾ ਕੋਈ ਨਹੀਂ।*

*9) ਸਰਬ ਉਚ ਸ਼ਕਤੀ ਦੇ ਮਾਲਕ ਲੋਕ ਹਨ, ਨਾਗਰਿਕ ਹਨ ਤੇ ਸਿਆਸੀ ਤਾਕਤ ਦੇ ਸੱਤ ਅੰਗ ' ਦੀ ਸਾਰੀ ਸ਼ਕਤੀ ਦਾ ਸੋਮਾ ਸਿਰਫ਼ ਲੋਕ ਹੀ ਹਨ।*

ਅੱਗੇ ਜਾ ਕੇ ਵੇਖੀਏ ਤਾਂ ਮਹਾਂਭਾਰਤ ਅਤੇ ਹੋਰਨਾਂ ਗਰੰਥਾਂ ਵਿਚ ਵੀ ਪਰਜਾ ਨੂੰ ਹੀ ਸਰਬਸ਼ਕਤੀਮਾਨ ਦੱਸਿਆ ਗਿਆ ਹੈ। ਇਹ ਵੀ ਕਿਹਾ ਗਿਆ ਹੈ ਕਿ ਜੇ ਰਾਜਾ ਪਰਜਾ ਦੇ ਕਹੇ ਮੁਤਾਬਿਕ ਨਹੀਂ ਚਲਦਾ ਤੇ ਆਪਣਾ ਰਾਜ ਧਰਮ ਨਹੀਂ ਪੂਰਾ ਕਰਦਾ ਤਾਂ ਪਰਜਾ ਦਾ ਇਹ ਫਰਜ਼ ਅਤੇ ਧਰਮ ਹੈ ਕਿ ਉਸ ਰਾਜੇ ਨੂੰ ਲਾਹ ਕੇ ਜਾਂ ਉਸ ਦਾ ਕਤਲ ਕਰਕੇ ਕਿਸੇ ਹੋਰ ਨੂੰ ਰਾਜਾ ਬਣਾ ਦੇਵੇ।

ਮਹਾਂਭਾਰਤ ਵਿਚ ਦੱਸਿਆ ਗਿਆ ਹੈ:

*ਰਾਸ਼ਟ੍ਰਅਸਯੈਤਤ ਕ੍ਰਤਿਅਮ ਰਾਗਆ ਏਵਾਭਿਸ਼ੇਚਨਮ।*
*ਅਨੀਂਦ੍ਰਮਬਲਮ ਰਾਸ਼ਟ੍ਰਮ ਦਸਯਾਵੋਅਭਿਭਵੰਤਉਤ।।*

ਰਾਸ਼ਟਰ ਅਤੇ ਵਸਨੀਕਾਂ ਦਾ ਸਾਰਿਆਂ ਨਾਲੋਂ ਅਹਿਮ ਫਰਜ਼ ਹੈ ਕਿ ਉਹ ਇਕ ਕਾਬਲ ਰਾਜੇ ਨੂੰ ਚੁਣਨ। ਬਿਨਾ ਰਾਜੇ ਦੇ ਰਾਸ਼ਟਰ ਕਮਜ਼ੋਰ ਹੁੰਦਾ ਹੈ ਅਤੇ ਉਹਨੂੰ ਡਾਕੂ ਅਤੇ ਲੁਟੇਰੇ ਲੁੱਟ ਸਕਦੇ ਹਨ

*ਦੋਗਧ੍ਰੀ ਧਾਨਯਮ ਹਿਰਣਯਮ ਚ ਮਹੀ ਰਾਗਆ ਸੁਰਕਸ਼ੀਤਾ।*
*ਨਿਤਯਮ ਸਵੇਭਯਾਹ ਪਰੇਭਯਾਸ਼ਚ ਤ੍ਰਪਤਾ ਮਾਤਾ ਚ ਯਥਾ।।*

ਜਿਸ ਤਰ੍ਹਾਂ ਇਕ ਮਾਂ ਆਪ ਸਿਹਤਮੰਦ ਅਤੇ ਤ੍ਰਿਪਤ ਹੋਕੇ ਹੀ ਆਪਣੇ ਬੱਚੇ ਨੂੰ ਚੰਗਾ ਦੁੱਧ ਪਿਆ ਸਕਦੀ ਹੈ ਉਸੇ ਤਰ੍ਹਾਂ ਪਰਜਾ ਸੁਖੀ ਹੋ ਕੇ ਰਾਜੇ ਨੂੰ ਧਨ ਦੇ ਸਕਦੀ ਹੈ।

*ਯੋ ਨੋਪਕਰਤੁਮ ਸ਼ਨਕਰੋਤੀ ਨਾਪਕਰਤੁਮ ਸਹੀਪਤੀਹ।*
*ਨ ਸ਼ਕਯਾਰੂਪਸ਼ਚੋਧਰਤੁਮੁਪੇਕਸ਼ਯਾਸਤਾਦਰੀਸ਼ੋ ਭਵੇਤ।।*

ਜਿਹੜਾ ਰਾਜਾ ਭਲਾ ਨਹੀਂ ਕਰ ਸਕਦਾ ਅਤੇ ਜਿਹਨੂੰ ਰਖਿਆ ਭੀ ਨਹੀਂ ਜਾ ਸਕਦਾ, ਉਸ ਰਾਜੇ ਨੂੰ ਬਦਲ ਦੇਣਾ ਚਾਹੀਦਾ ਹੈ।

*ਯਥਾ ਦਾਰੂਮਯੋ ਹਸਤੀ ਯਥਾ ਚਰਮਮਯੋ ਮਿਰਗਾਹ।*
*ਯਥਾ ਹਿਯਨਰਥਾਹ ਸ਼ਣਢੋ ਵਾ ਪਾਰਥ ਕਸ਼ੇਤ੍ਰਮ ਯਥੋਸ਼ਰਮ।।*
*ਏਵਮ ਵਿਪ੍ਰੋਯਨਧੀਯਾਨੋ ਰਾਜਾ ਯਸ਼ਚ ਨ ਰਕਸ਼ਿਤਾ।*
*ਮੇਘੋ ਨ ਵਰਸ਼ਤੇ ਯਸ਼ਚਾ ਸਰਵਥਾ ਤੇ ਨਿਰਅਰਥਕਾ।।*

ਜਿਸ ਤਰ੍ਹਾਂ ਲਕੜੀ ਦਾ ਹਾਥੀ, ਚਮੜੇ ਦਾ ਮਿਰਗ, ਖੁਸਰਾ, ਬੰਜਰ ਖੇਤ ਅਤੇ ਵਰਖਾ ਨਾ ਕਰਨ ਵਾਲੇ ਬੱਦਲ ਬੇਕਾਰ ਹਨ ਉਸੇ ਹੀ ਤਰ੍ਹਾਂ ਅਨਪੜ੍ਹ ਬ੍ਰਾਹਮਣ ਅਤੇ ਰਖਿਆ ਨਾ ਕਰਨ ਵਾਲਾ ਰਾਜਾ ਬੇਕਾਰ ਹਨ।

*ਸਪਤਾਂਗਸਯਾ ਚ ਰਾਜਸਯਾ ਵਿਪਰੀਤਮ ਯਾ ਆਚਾਰੇਤ। ਗੁਰੂਵਾ ਯਦੀ ਵਾ ਮਿਤ੍ਰਮ ਪ੍ਰਤੀਹੰਤਵਯਾ ਏੈਵਾ ਸਹਿ।।*

ਰਾਜ ਦੇ ਸੱਤ ਅੰਗ ਹਨ। ਜਿਹੜੇ ਭੀ ਇਸਦੇ ਖ਼ਿਲਾਫ਼ ਕੰਮ ਕਰਦਾ ਹੈ ਉਹਨੂੰ ਸਜ਼ਾ ਦੇਣੀ ਚਾਹੀਦੀ ਹੈ, ਉਹ ਭਾਵੇ ਗੁਰੂ ਹੋਵੇ ਜਾਂ ਦੋਸਤ।

*ਲੋਕਰੰਜਨਮੇਵਤ੍ਰਾ ਰਾਗਿਅਮ ਧਰਮਾ ਸਨਾਤਨਾਹ।*
*ਸ਼ੱਤਸਯਾ ਰਕਸ਼ਣਮ ਚੈਵ ਵਹਵਾਰਸਯਾ।।*

ਲੋਕਾਂ ਦੀ ਖੁਸ਼ਹਾਲੀ ਰਾਜੇ ਦਾ ਸਨਾਤਨ ਅਤੇ ਆਦਿ ਧਰਮ ਹੈ। ਸਚਾਈ ਅਤੇ ਲੋਕਾਂ ਦੀ ਰਖਵਾਲੀ ਰਾਜੇ ਦਾ ਮੁੱਖ ਫਰਜ਼ ਹੈ।

*ਰਾਜਾਨਮ ਪ੍ਰਥਮਮ ਵਿੰਦੇਤ ਤਤੋ ਭਾਰਿਆ ਤਤੋ ਧਨਮ।*
*ਰਾਜਨਯਸਤੀ ਲੋਕਸਯਾ ਕੁਤੋ ਭਾਰਿਆ, ਕੁਤੋ ਧਨਮ।।*

ਸਾਰਿਆਂ ਨਾਲੋਂ ਪਹਿਲਾਂ ਇਕ ਚੰਗਾ ਰਾਜਾ ਬਣਾਉਣਾ ਚਾਹੀਦਾ ਹੈ ਉਹਦੇ ਬਾਅਦ ਪਤਨੀ ਅਤੇ ਧਨ ਦੀ ਫਿਕਰ ਕਰਨੀ

ਚਾਹੀਦੀ ਹੈ। ਬਿਨਾਂ ਰਾਜੇ ਦੇ ਪਤਨੀ ਅਤੇ ਧਨ ਕਿਸ ਤਰ੍ਹਾਂ ਸਹੀ ਸਲਾਮਤ ਅਤੇ ਸੁਰੱਖਿਅਤ ਰਹਿ ਸਕਦੇ ਹਨ?

*ਰੰਜੀਤਾਸ਼ਚ ਪ੍ਰਜਾ ਸਰਵਸਤੇਨ ਰਾਜੇਤੀ ਸ਼ਬਦਯਤੇ*

ਰਾਜੇ ਲਈ ਰਾਜਾ ਸ਼ਬਦ ਇਸ ਲਈ ਵਰਤਿਆ ਜਾਂਦਾ ਹੈ ਕਿਉਂਕਿ ਉਹ ਪ੍ਰਜਾ ਨੂੰ ਖ਼ੁਸ਼ ਅਤੇ ਸੁਰੱਖਿਅਤ ਰਖਦਾ ਹੈ।

*ਸਰਵਾਭੀਸ਼ੰਕੀ ਨ੍ਰਿਪਤੀਰਸ਼ਚ ਸਰਵਹਰੋ ਭਵੇਤ।*
*ਸ਼ ਕਸ਼ੀਪ੍ਰਮਨਰਿਜੁਰਲੁਬਧਾ ਸਵਜਨੈਵ ਬਧਅਤੇ।।*

ਉਹ ਰਾਜਾ ਜਿਸ ਤੇ ਲੋਕਾਂ ਦਾ ਵਿਸ਼ਵਾਸ ਨਹੀਂ ਅਤੇ ਜਿਹੜਾ ਲੋਕਾਂ ਤੇ ਸ਼ੱਕ ਕਰਦਾ ਹੈ, ਲੋਕਾਂ ਦੀ ਪੱਤ ਲਾਹੁੰਦਾ ਹੈ ਉਸ ਕੰਬਖ਼ਤ ਰਾਜੇ ਦਾ ਕਤਲ ਲੋਕ ਛੇਤੀ ਹੀ ਕਰ ਦਿੰਦੇ ਹਨ।

ਬਾਲਮੀਕੀ ਰਮਾਇਣ ਵਿਚ ਭੀ ਰਾਜੇ ਤੇ ਰਾਜ ਫ਼ਰਜ਼ਾਂ ਮੁਤੱਲਿਕ ਲਿਖਿਆ ਗਿਆ ਹੈ

*ਨਰੀਸ਼ੰਸਨਰੀਸ਼ੰਸਮ ਵਾ ਪ੍ਰਜਾਕਸ਼ਣਕਾਰਾਤ।*
*ਪਤਕਮ ਵਾ ਸਦੋਸ਼ਮ ਵਾ ਕਰਤੱਵਿਅਮ ਰਕਸ਼ਯਤਾ ਸਦਾ।।*

ਪਰਜਾ ਦੀ ਰੱਖਿਆ ਲਈ ਰਾਜੇ ਨੂੰ ਹਰ ਕੰਮ ਕਰਨਾ ਚਾਹੀਦਾ ਹੈ। ਹਰੇਕ ਹਾਲ ਵਿਚ ਪਰਜਾ ਦੀ ਸੁਰੱਖਿਆ ਰਾਜੇ ਦਾ ਫਰਜ਼ ਹੈ।

*ਅਪ੍ਰਮਤੋ ਬਲੇ ਕੋਸ਼ੇ ਦੁਰਗੇ ਜਨਪਦੇ ਤਥਾ।*
*ਭਵੇਥਾ ਗੁਹ ਰਾਜਿਅਮ ਹੀ ਦੁਰਾਕਸ਼ਤਮ ਮਤਮ।।*

ਗੁਹਾ ਤੈਨੂੰ ਹਮੇਸ਼ਾ ਹੀ ਮੁਲਕ ਦੀ ਰੱਖਿਆ ਲਈ ਬਲ, ਕੋਸ਼, ਕਿਲ੍ਹੇ ਵਗੈਰਾ ਨਾਲ ਦੇਸ਼ ਦੀ ਰੱਖਿਆ ਕਰਨੀ ਚਾਹੀਦੀ ਹੈ। ਮੇਰੇ ਖਿਆਲ ਵਿਚ ਮੁਲਕ ਦੀ ਰੱਖਿਆ ਅਤੇ ਖ਼ੁਸ਼ਹਾਲੀ ਸਾਰਿਆਂ ਨਾਲੋਂ ਜ਼ਿਆਦਾ ਔਖਾ ਕੰਮ ਹੈ।

*ਨਾ ਰਾਜਕੇ ਜਨਪਦੇ ਬੀਜਮੁਸ਼ਟੀ ਪ੍ਰਕੀਰਅਤੇ।*
*ਨਾ ਰਾਜਕੇ ਪਿਤ੍ਰੂ ਪੁਤਰਾ ਭਾਰਯਾ ਵਾ ਵਰਤਤੇ ਵਸ਼ੇ।।*

ਰਾਜੇ ਦੇ ਬਗੈਰ ਦੇਸ਼ ਵਿਚ ਕਿਸਾਨ ਬੀਜ ਨਹੀਂ ਬੀਜ ਸਕਦੇ ਅਤੇ ਫਸਲਾਂ ਨਹੀਂ ਉਗਦੀਆਂ। ਪੁੱਤਰ ਪਿਉ ਦਾ ਅਤੇ ਪਤਨੀਆਂ ਪਤੀ ਦਾ ਕਿਹਾ ਨਹੀਂ ਮੰਨਦੇ।

*ਅਰਾਜਕੇ ਧਨਮ ਨਾਸਤੀ ਭਾਰਿਆਪਯਾਰਾਜੇ।*
*ਇਦਮਤਯਾਹਿਤਮ ਚਾਨਯਾਕੁਤਾਹ ਸਤਿਅਮਰਾਜਕੇ।।*

ਰਾਜੇ ਤੋਂ ਬਗੈਰ ਧਨ ਅਤੇ ਔਰਤਾਂ ਮਹਿਫੂਜ਼ ਨਹੀਂ ਰਹਿ ਸਕਦੇ। ਜਿਸ ਕੀ ਲਾਠੀ ਉਸ ਕੀ ਭੈਂਸ ਦਾ ਰਾਜ ਹਰ ਪਾਸੇ ਹੁੰਦਾ ਹੈ। ਰਾਜਾ ਰੱਖਿਆ ਅਤੇ ਖ਼ੁਸ਼ਹਾਲੀ ਲਿਆਉਂਦਾ ਹੈ।

*ਨਾ ਰਾਜਕੇ ਜਨਪਦੇ ਯੋਗਕਸ਼ੇਮਾਹ ਪ੍ਰਵਰਤਤੇ।*
*ਨਾ ਚਾਪਯਾਰਾਜਕੇ ਸੇਨਾ ਸ਼ਤ੍ਰੂਨ ਵਿਸ਼ਹਤੇ ਯੁਧੀ।।*

ਰਾਜੇ ਦੇ ਬਗੈਰ ਪਰਜਾ ਖ਼ੁਸ਼ਹਾਲ ਨਹੀਂ ਹੋ ਸਕਦੀ ਅਤੇ ਨਾ ਆਪਣੀ ਖ਼ੁਸ਼ਹਾਲੀ ਦੀ ਰੱਖਿਆ ਕਰ ਸਕਦੀ ਹੈ। ਰਾਜੇ ਦੇ ਬਗੈਰ ਹਮਲਾਵਰ ਫੌਜ ਨਾਲ ਲੜਿਆ ਅਤੇ ਉਸ ਨੂੰ ਹਰਾਇਆ ਨਹੀਂ ਜਾ ਸਕਦਾ

*ਅਰਥਸ਼ਾਸਤਰ ਵਿਚ ਚਾਣਕਿਯਾ ਨੇ ਤਕਸ਼ੀਲਾ ਵਿਚ ਉਸ ਦੌਰ ਦੀ ਸਿਆਸੀ ਸੂਝ ਦਾ ਨਿਰਣਾ ਕਰਕੇ ਲਿਖਿਆ*

*ਰਾਗਿਆ ਸਵਧਰਮਾਹ ਸਵਰਗਾਯਾ ਪ੍ਰਜਾ ਧਰਮੇਨ ਰਕਸ਼ਤੁਹ*

ਉਹ ਰਾਜਾ ਜੋ ਪਰਜਾ ਦੀ ਰੱਖਿਆ ਕਰਨ ਦਾ ਆਪਣਾ ਧਰਮ ਨਿਭਾਉਂਦਾ ਹੈ, ਸਵਰਗਾਂ ਨੂੰ ਜਾਂਦਾ ਹੈ।

*ਪ੍ਰਜਾਸੁਖੇ ਸੁਖਮ ਰਾਗਿਆਹ ਪ੍ਰਜਾਨਾਮ ਚ ਹਿਤੇ ਹਿਤਮ*
*ਨਾਤਰਮਪ੍ਰਿਯਮ ਹਿਤਮ ਰਾਗਿਆਹ ਪ੍ਰਜਾਨਾਮ ਤੁ ਪ੍ਰਿਯਮ ਹਿਤਮ*

ਪਰਜਾ ਦੇ ਸੁਖ ਵਿਚ ਹੀ ਰਾਜੇ ਦਾ ਸੁਖ ਹੈ, ਪਰਜਾ ਦੇ ਭਲੇ ਵਿਚ ਹੀ ਉਸਦਾ ਭਲਾ ਹੈ। ਉਸਦਾ ਭਲਾ ਉਸ ਗੱਲ ਵਿਚ ਨਹੀਂ ਜੋ ਉਹਨੂੰ ਚੰਗੀ ਲਗਦੀ ਹੈ ਬਲਕਿ ਜੋ ਗੱਲ ਪਰਜਾ ਨੂੰ ਪਿਆਰੀ ਹੈ ਉਸ ਵਿਚ ਹੀ ਰਾਜੇ ਦਾ ਭਲਾ ਹੈ।

*ਤਸਮਾਣੀਤਯੋਤਿਥੋ ਰਾਜਕੁਰਯਾਦਅਰਥਾਨੁਸ਼ਸਨਮ*
*ਅਰਥਸਯਾ ਮੁਲਮੁਤਥਾਨਮਅਰਥਸਯਾ ਵਿਪ੍ਰਾਹ*

ਰਾਜੇ ਨੂੰ ਪਰਜਾ ਦੀ ਖੁਸ਼ਹਾਲੀ ਲਈ ਹਮੇਸ਼ਾ ਚੌਕਸ ਰਹਿਣਾ ਚਾਹੀਦਾ ਹੈ। ਪਰਜਾ ਦੀ ਖੁਸ਼ਹਾਲੀ ਲਈ ਉਦਮ ਕਰਨਾ ਸਾਰੀ ਖ਼ੁਸ਼ਹਾਲੀ ਦੀ ਜੜ੍ਹ ਹੈ ਅਤੇ ਇਸ ਤੋਂ ਉਲਟ ਕੰਮ ਤਬਾਹੀ ਦਾ ਵਸੀਲਾ ਹੈ।

*ਤੇਨ ਭ੍ਰਿਤਾ ਰਾਜਾਨਾਹ ਪ੍ਰਜਾਨਾਮ ਯੋਗਯੇਕਸ਼ੇਮਾ ਵਹਾ*

ਪਰਜਾ ਤੇ ਨਿਰਭਰ ਰਾਜਾ ਪਰਜਾ ਦੀ ਖ਼ੁਸ਼ਹਾਲੀ ਅਤੇ ਰਖਵਾਲੀ ਕਰਦਾ ਹੈ।

*ਸਹੋਦਕਰਮਾਹਰਯੋਦਕਮ ਵਾ ਸੇਤੁਮ ਬੰਧਅਤੇ*

ਰਾਜੇ ਨੂੰ ਖੇਤੀ ਸਿੰਜਣ ਲਈ ਪਾਣੀ ਲਿਆਉਣ ਲਈ ਨਹਿਰਾਂ ਅਤੇ ਹੋਰ ਬੰਦੋਬਸਤ ਕਰਨੇ ਚਾਹੀਦੇ ਨੇ।

*ਅਕਰਕਰਮਾਂਤਦਰਵਯਾਹਸਤੀਵਨਵ੍ਰਜਵਨੀਕਪਥਪ੍ਰਚਾਰਨ*
*ਵਾਰੀਸਥਲਪਥਪਣਯਾਪਤਣਾਨੀ ਚ ਨਿਵੇਸ਼ਯਤ*

ਉਸ ਨੂੰ ਖਾਨਾਂ, ਕਾਰਖ਼ਾਨੇ ਹਾਥੀਆਂ ਦੇ ਜੰਗਲ ਵਪਾਰ ਲਈ ਸੜਕਾਂ ਅਤੇ ਪਾਣੀ ਦੇ ਰਸਤਿਆਂ ਅਤੇ ਬੰਦਰਗਾਹਾਂ ਦਾ ਇੰਤਜ਼ਾਮ ਕਰਨਾ ਚਾਹੀਦਾ ਹੈ।

*ਕੋਸ਼ਪੂਰਵਾਹ ਸਰਵਾਹਰੰਭਅਹ ਤਸਮਾਤਪੁਰਵਮ ਕੋਸ਼ਾਮਕਸ਼ੇਤ*

ਭਰਿਆ ਹੋਇਆ ਖ਼ਜ਼ਾਨਾ ਹੀ ਸਭ ਕੰਮ ਦੀ ਬੁਨਿਆਦ ਹੈ ਇਸ ਲਈ ਰਾਜੇ ਨੂੰ ਖ਼ਜ਼ਾਨੇ ਵੱਲ ਪਹਿਲਾ ਧਿਆਨ ਦੇਣਾ ਚਾਹੀਦਾ ਹੈ।

ਪੰਚਤੰਤ੍ਰ ਵਿਚ ਇਹ ਖ਼ਿਆਲ ਜ਼ਾਹਰ ਕੀਤੇ ਗਏ ਹਨ:

*ਸੁਹਿਰਦਾਮੁਪਕਾਰਨਾਦ ਦਵੀਸ਼ਟਾਮਪਯਾਪਕਾਰਣਾਤ*
*ਨ੍ਰਿਪਸੰਸ਼੍ਰਯਾ ਇਸ਼ਯਤੇ ਬੁਧੈਰਜਠਰਮ ਕੋ ਨਾ ਬਿਭਰਤੀ ਕੇਵਲਮ।*

ਅਕਲਮੰਦ ਲੋਕ ਰਾਜੇ ਦਾ ਆਸਰਾ ਖੁਸ਼ਹਾਲੀ ਲਈ ਅਤੇ ਦੁਸ਼ਟਾਂ ਨੂੰ ਸਜ਼ਾ ਦੇਣ ਲਈ ਲੈਂਦੇ ਹਨ, ਵਰਨਾਂ ਕੌਣ ਆਪਣਾ ਪੇਟ ਨਹੀਂ ਪਾਲ ਸਕਦਾ?

*ਫਲਹੀਨਮ ਨ੍ਰਿਪਮ ਭ੍ਰੀਤਯ ਕੁਲੀਨਮਪੀ ਚੋਣਾਤਮ*
*ਸੰਤਜਯਾਨਯਤਰਾ ਗਛੰਤੀ ਸ਼ੁਸ਼ਕਮ ਵਿਰਕਸ਼ਾਮੀਵਾਂਧਅਹ*

ਲੋਕ ਇਕ ਚੰਗੇ ਖ਼ਾਨਦਾਨੀ ਰਾਜੇ ਨੂੰ ਵੀ, ਜੇ ਉਹ ਉਨ੍ਹਾਂ ਦੀ ਖੁਸ਼ਹਾਲੀ ਅਤੇ ਰੱਖਿਆ ਨਹੀਂ ਕਰਦਾ, ਇੰਜ ਛੱਡ ਜਾਂਦੇ ਹਨ ਜਿਸ ਤਰ੍ਹਾਂ ਪੰਛੀ ਇਕ ਉੱਚੇ ਦਰਖ਼ਤ ਨੂੰ ਛੱਡ ਜਾਂਦੇ ਹਨ ਜੇ ਉਨ੍ਹਾਂ ਦਾ ਪੇਟ ਨਹੀਂ ਪਾਲ ਸਕਦਾ।

*ਹਿਰਣਯਾਧਾਨਯਰਤਨਾਨੀ ਯਾਨਾਨੀ ਵਿਵਧਾਨੀ ਚ*
*ਤਥਾਨਯਾਦਪੀ ਯਤਕਿੰਚਤਪ੍ਰਜਾਭਯਾਹ ਸਯਾਨਮਹੀਪੀਤੇ*

ਸੋਨਾ, ਹੀਰੇ ਮੋਤੀ, ਹੋਰ ਕੀਮਤੀ ਧਾਤਾਂ ਅਤੇ ਸਭ ਦੌਲਤ ਰਾਜੇ ਨੂੰ ਪਰਜਾ ਹੀ ਦਿੰਦੀ ਹੈ ਕਿਉਂਕਿ ਪਰਜਾ ਹੀ ਇਨ੍ਹਾਂ ਦੌਲਤਾਂ ਨੂੰ ਪੈਦਾ ਕਰਦੀ ਹੈ।

ਇਸ ਸਿਆਸੀ ਸਿਧਾਂਤ ਵਿਚ ਆਪਣੇ ਮੰਤਵ ਪ੍ਰਾਪਤ ਕਰਨ ਲਈ ਚਾਰ ਤਰੀਕੇ ਦੱਸੇ ਗਏ ਹਨ:

ਸਾਮ, ਦਾਮ, ਭੇਦ ਅਤੇ ਦੰਡ

**ਸਾਮ** ਦਾ ਮਤਲਬ ਹੈ ਸੰਜਮ। ਮਸਲਿਆਂ ਦੇ ਹੱਲ ਲਈ ਸੰਜਮ ਵਰਤਿਆ ਜਾਵੇ ਤਾਂ ਸਿਆਸੀ ਅਤੇ ਹੋਰ ਮਸਲੇ ਹੱਲ ਹੋ ਸਕਦੇ ਹਨ। ਮਿਸਾਲ ਦੇ ਤੌਰ ਤੇ ਇਕ ਰਾਜਤੰਤ੍ਰ ਵਿਚ ਕਈ ਤਰ੍ਹਾਂ ਦੇ ਮਸਲੇ ਹੁੰਦੇ ਹਨ, ਲੋਕਾਂ ਤੇ ਰਾਜ ਵਿਚਕਾਰ ਅਤੇ ਲੋਕਾਂ ਵਿਚ ਕਈ ਆਪਸੀ ਮਸਲੇ ਵੀ ਹੋ ਸਕਦੇ ਹਨ। ਗੁਆਂਢੀ ਦੇ ਰਾਜਿਆਂ ਨਾਲ ਵੀ ਕਈ ਮਸਲੇ ਹੋ ਸਕਦੇ ਹਨ। ਇਨ੍ਹਾਂ ਸਾਰਿਆਂ ਹੀ ਮਸਲਿਆਂ ਨੂੰ ਪਹਿਲਾਂ ਸੰਜਮ ਤੇ ਧੀਰਜ ਨਾਲ ਹਲ ਕਰਨ ਦੀ ਲੋੜ ਹੁੰਦੀ ਹੈ।

**ਦਾਮ** ਦਾ ਰਾਹ ਇਹ ਹੈ ਕਿ ਕਿਸੇ ਮਸਲੇ ਦਾ ਹੱਲ ਕੁਝ ਲੈ ਦੇ ਕੇ ਹੋ ਜਾਵੇ। ਜੇ ਕਿਸੇ ਦੁਸ਼ਮਣ ਨਾਲ ਵੀ ਕੁਝ ਲੈ ਦੇ ਕੇ ਰੁਪਏ ਪੈਸੇ ਜਾਂ ਹੋਰ ਕੋਈ ਸਮਝੌਤੇ ਨਾਲ ਮਸਲਾ ਹਲ ਹੋ ਜਾਵੇ ਤਾਂ ਉਹ ਕਰਨਾ ਚਾਹੀਦਾ ਹੈ। ਇਸ ਕਰਕੇ ਕਿਹਾ ਜਾਂਦਾ ਹੈ ਕਿ ਜਿਹੜਾ ਕੰਮ ਗੁੜ ਨਾਲ ਹੋ ਜਾਵੇ ਉਹ ਜ਼ਹਿਰ ਨਾਲ ਨਹੀਂ ਕਰਨਾ ਚਾਹੀਦਾ।

**ਭੇਦ**: ਜਦੋਂ ਰਾਜ ਵਿਚ ਦੁਸ਼ਮਣ ਜ਼ਿਆਦਾ ਹੋਣ ਤਾਂ ਦਾਅ ਪੇਚ ਵਰਤਕੇ ਖ਼ੁਫ਼ੀਆ ਸੰਧੀਆਂ ਆਦਿ ਨਾਲ ਦੁਸ਼ਮਣਾਂ ਵਿਚ ਆਪਸੀ ਫੁੱਟ ਪਾਉਣੀ ਤਾਂਕਿ ਦੁਸ਼ਮਣ ਕਮਜ਼ੋਰ ਹੋ ਜਾਣ। ਇਸ ਨਾਲ ਵੀ ਮਸਲੇ ਹਨ ਕੀਤੇ ਜਾ ਸਕਦੇ ਹਨ। ਦੁਸ਼ਮਣਾਂ ਨਾਲ ਇਕਲੇ ਨਿਬੜਨਾ ਉਨ੍ਹਾਂ ਦੇ ਇਕੱਠ ਨਾਲੋਂ ਜ਼ਿਆਦਾ ਆਸਾਨ ਹੈ। ਦੁਸ਼ਮਣ ਦੀ ਫੁੱਟ ਨਾਲ ਤਾਕਤ ਘਟ ਜਾਂਦੀ ਹੈ ਅਤੇ ਉਹ ਕਮਜ਼ੋਰ ਹੋ ਜਾਂਦੇ ਹਨ।

**ਦੰਡ ਜਾਂ ਡੰਡਾ**: ਜਦੋਂ ਇਹ ਸਾਰੇ ਤਰੀਕੇ ਕਾਮਯਾਬ ਨਾ ਹੋਣ ਤਾਂ ਜ਼ੋਰ ਅਤੇ ਡੰਡੇ ਦਾ ਰਾਹ ਅਖ਼ਤਿਆਰ ਕਰਨਾ ਚਾਹੀਦਾ ਹੈ। ਜਦ

ਬਾਕੀ ਤਰੀਕੇ ਨਾਕਾਮ ਰਹਿਣ ਤਾਂ ਉਸ ਵੇਲੇ ਡੰਡਾ ਵਰਤਣ ਦੀ ਲੋੜ ਹੁੰਦੀ ਹੈ ਅਤੇ ਜ਼ੋਰ ਨਾਲ ਮਸਲੇ ਹੱਲ ਕਰਨ ਦੀ ਲੋੜ ਹੁੰਦੀ ਹੈ। ਕਹਾਵਤ ਹੈ ਕਿ *ਡੰਡਾ ਪੀਰ ਹੈ ਵਿਗੜਿਆਂ ਤਿਗੜਿਆਂ ਦਾ।*

ਇਸ ਲਈ ਪੰਚਤੰਤ੍ਰ ਵਿਚ ਕਿਹਾ ਗਿਆ ਹੈ:

*ਸਾਮਾਦਿਦੰਡਪਰਯੰਤੋ ਨਯ: ਪ੍ਰੋਕਤ: ਸਵਯਮਭੂਵਾ।*
*ਤੇਸ਼ਾਮ ਦੰਡਸਤੁ ਪਾਪੀਯਾਂਸਤਮ ਪੰਚਾਦਿਵਨਿਯੋਜਯੇਤ।।*

*ਬ੍ਰਹਮਾ ਨੇ ਸਾਮ ਤੋਂ ਲੈਕੇ ਦੰਡ ਤੀਕ ਜੋ ਨੀਤੀ ਦੱਸੀ ਹੈ ਉਨ੍ਹਾਂ ਵਿਚੋਂ ਦੰਡ ਜਾਂ ਡੰਡਾ ਸਾਰਿਆਂ ਨਾਲੋਂ ਸਖ਼ਤ ਹੈ। ਇਸ ਕਰਕੇ ਡੰਡੇ ਨੂੰ ਸਰਿਆਂ ਨਾਲੋਂ ਮਗਰੋਂ ਵਰਤਣਾ ਚਾਹੀਦਾ ਹੈ।*

*ਸਾਮਨੈਵ ਯਤ੍ਰ ਸਿਧਿਨਮ ਤਤ੍ਰ ਦੰਡੋ ਬੁਧੇਨ ਵਿਨਿਯੋਜਯ:।*
*ਪਿਤਮ ਯਦਿ ਸ਼ੁਕਰਯਾ ਸ਼ਾਮਯਤਿ ਕੋਅਰਥ: ਪਟੋਲਨ।।*

*ਜਿਥੇ ਸੰਜਮ ਨਾਲ ਹੀ ਕੰਮ ਚਲ ਸਕਦਾ ਹੈ ਉਥੇ ਡੰਡੇ ਦਾ ਇਸਤੇਮਾਲ ਨਹੀਂ ਕਰਨਾ ਚਾਹੀਦਾ ਕਿਉਂਕਿ ਜੇ ਪਿੱਤਾ ਸ਼ੱਕਰ ਨਾਲ ਹੀ ਸ਼ਾਂਤ ਹੋ ਜਾਵੇ ਤਾਂ ਕੌੜਾ ਪਟੋਲ ਦੇਣ ਦੀ ਕੀ ਲੋੜ ਹੈ?*

*ਆਦੌ ਸਾਮ ਪ੍ਰਯੋਕਤਵਯਮ ਪੁਰੁਸ਼ੇਣ ਵਿਜਾਨਤਾ।*
*ਸਾਮਸਾਧਯਾਨਿ ਕਾਰਯਾਣਿ ਵਿਕ੍ਰਿਯਾਮ ਯਾਂਤੀ ਨ ਕਵਚਿਤ।।*

*ਸਿਆਣੇ ਨੂੰ ਪਹਿਲਾਂ ਸਾਮ ਵਰਤਣਾ ਚਾਹੀਦਾ ਹੈ ਕਿਉਂਕਿ ਸਾਮ ਨਾਲ ਕੀਤਾ ਹੋਇਆ ਕੰਮ ਕਦੇ ਵਿਗੜਦਾ ਨਹੀਂ*

ਸਮਾਂ ਬੀਤਣ ਨਾਲ ਜ਼ਮਾਨੇ ਬਦਲ ਗਏ ਤੇ ਇਕ ਵਕਤ ਉਹ ਵੀ ਆਇਆ ਕਿ ਰਾਜਤੰਤ੍ਰ ਬ੍ਰਾਹਮਣਾਂ ਅਤੇ ਖੱਤਰੀਆਂ ਦੇ ਹੱਥ ਵਿਚ ਸਮਾਜ ਦੇ ਦੂਸਰੇ ਲੋਕਾਂ ਦੀ ਲੁੱਟ ਕਰਨ ਦਾ ਸਾਂਝਾ ਹਥਿਆਰ ਬਣ ਗਿਆ। ਇੱਕ ਸੂਭਾਸ਼ਤਮ ਵਿਚ ਇਹ ਗੱਲ ਇੰਜ ਦੱਸੀ ਗਈ ਹੈ:

*"ਰਾਜ ਦੁਆਰਮਭਗਦੁਆਰਮ। ਛਤਰਾਣੀਲਿੰਗਮ, ਅੰਡਕੋਸ਼ ਬ੍ਰਾਹਮਣ।। " ਭਾਵ ਰਾਜ ਦੁਆਰ ਜਾਂ ਰਾਜ ਗੱਦੀ ਇਸਤ੍ਰੀ ਦੀ ਯੋਨੀ ਵਾਂਗ ਹੈ। ਕਸ਼ਤਰੀ ਇਕ ਲਿੰਗ ਵਾਂਗ ਇਸਦੇ ਅੰਦਰ ਹਨ ਅਤੇ ਬ੍ਰਾਹਮਣ ਪਤਾਲੂਆਂ ਵਾਂਗ ਬਾਹਰ ਚਿੰਬੜੇ ਹਨ।*

ਰਾਜ ਤੰਤ੍ਰ ਹੁਣ ਕਸ਼ਤ੍ਰੀਆਂ ਅਤੇ ਬ੍ਰਾਹਮਣਾਂ ਦੇ ਹੱਥ ਵਿਚ ਇਕ ਹਥਿਆਰ ਬਣ ਗਿਆ ਜਿਸ ਨਾਲ ਉਹ ਕੁਦਰਤੀ ਅਤੇ ਮਨੁੱਖੀ ਸੋਮਿਆਂ ਦੀ ਪੈਦਾ ਕੀਤੀ ਹੋਈ ਦੌਲਤ ਆਪਣੇ ਹੱਥ ਵਿਚ ਲੈ ਕੇ ਮੌਜਾਂ ਮਾਰਦੇ ਸੀ। ਕਿਸਾਨਾਂ, ਕਾਰੀਗਰਾਂ, ਵਿਉਪਾਰੀਆਂ ਅਤੇ ਹੋਰਨਾਂ ਮੇਹਨਤਕਸ਼ਾਂ ਵਲੋਂ ਪੈਦਾ ਕੀਤੀ ਦੌਲਤ ਦਾ ਇਕ ਹਿੱਸਾ ਅਜੇ ਵੀ

ਰਾਜਤੰਤ੍ਰ ਨੂੰ ਦਿਤਾ ਜਾਂਦਾ ਸੀ। ਰਾਜਾ ਅਤੇ ਰਾਜ ਤੰਤ੍ਰ ਰਾਖੀ, ਨਹਿਰਾਂ, ਤਲਾਬਾਂ, ਆਵਾਜਾਈ, ਵਿਦਿਆ ਅਤੇ ਹੋਰ ਸੇਵਾਵਾਂ ਮੁਹੱਇਆ ਕਰਦੇ ਸੀ। ਪਰਜਾ ਦੇ ਸੁੱਖ ਅਤੇ ਰਖਿਆ ਦੀ ਜ਼ਾਮਨੀ ਦੇਣ ਦੀ ਥਾਂ ਤੇ ਹੁਣ ਰਾਜ ਤਾਕਤਵਰਾਂ, ਧਾੜਵੀਆਂ ਅਤੇ ਵਿਹਲੜਾਂ ਦੇ ਹੱਥ ਵਿਚ ਲੋਕਾਂ ਦੀ ਲੁੱਟ ਖਸੁੱਟ ਲਈ ਇਕ ਤਾਕਤਵਰ ਹਥਿਆਰ ਹੋ ਗਿਆ। ਉਸਦੀ ਤੁੱਲਨਾ ਜ਼ਹਰੀਲੇ ਸੱਪ ਨਾਲ ਕੀਤੀ ਗਈ:

*ਦਿਵਿਜਿਵਹਾ ਕ੍ਰੂਰਕਰਮਾਣੋਅਨਿਸ਼ਟਾਸ਼ਿਛ੍ਦ੍ਰਾਨੁਸਾਰਿਣ:ਦੂਰਤੋਅਪਿ ਹਿ ਪਸ਼ਯੰਤੀ ਰਾਜਾਨੋ ਭੁਜਗਾ ਇਵ।।*

*ਜਿਸ ਤਰ੍ਹਾਂ ਸੱਪ ਦੋ ਜੀਭਾਂ ਵਾਲਾ, ਦੁਸ਼ਟ ਕੰਮ ਕਰਨ ਵਾਲਾ, ਖੁੱਡ ਵਿਚ ਰਹਿਣ ਵਾਲਾ ਹੁੰਦਾ ਹੈ, ਇਸੇ ਤਰ੍ਹਾਂ ਰਾਜਾ ਵੀ ਦੋਜੀਭਾਂ ਵਾਲਾ, ਤਸ਼ੱਦਦ ਕਰਨ ਵਾਲਾ ਅਤੇ ਦੂਰ ਤੋਂ ਹੀ ਦੇਖਣਵਾਲਾ ਹੁੰਦਾ ਹੈ।*

*ਸਵਲਪਮਯਪਕਓਰਵੰਤਿ ਯੇਅਭੀਸ਼ਟਾ ਹਿ ਮਹੀਪਤੇ:*
*ਤੇ ਵਹਨਾਵਿਵ ਦਹੰਤੇ ਪਤੰਗਾ ਪਾਪਚੇਤਸਾਂ।।*

*ਜੇ ਕੋਈ ਰਾਜੇ ਦਾ ਛੋਟਾ ਜਿਹਾ ਵੀ ਕਸੂਰ ਕਰਦਾ ਹੈ, ਉਹ ਪਤੰਗੇ ਵਾਂਗ ਜਲ ਕੇ ਭਸਮ ਹੋ ਜਾਂਦੇ ਹਨ।*

ਇਕ ਲੰਮੇ ਦੌਰ ਵਿਚੋਂ ਲੰਘਣ ਮਗਰੋਂ ਇਕ ਐਸਾ ਸਮਾਂ ਆਇਆ ਕਿ ਰਾਜਗੱਦੀ ਸਿਰਫ਼ ਕਿਸੇ ਖਾਸ ਜ਼ਾਤ ਵਾਲੇ ਨੂੰ ਹੀ ਮਿਲਣ ਦੀ ਥਾਂ ਉਨ੍ਹਾਂ ਜ਼ੋਰਾਵਰਾਂ ਦੇ ਹੱਥ ਆ ਗਈ ਜਿਨ੍ਹਾਂ ਕੋਲ ਹਥਿਆਰ ਅਤੇ ਫੌਜ ਸੀ। ਰਾਜਭਾਗ ਹੁਣ ਲੋਕਾਂ ਕੋਲੋਂ ਨਹੀਂ ਸੀ ਮਿਲਦਾ ਬਲਕਿ ਡੰਡੇ ਦੇ ਜ਼ੋਰ ਨਾਲ ਲਿਆ ਜਾਂਦਾ ਸੀ। ਪਰਜਾ ਦਾ ਇਸ ਵਿਚ ਕੋਈ ਦਖ਼ਲ ਨਹੀਂ ਸੀ। ਰਾਜੇ ਨੂੰ ਹੁਣ ਪਰਜਾ ਨਹੀਂ ਸੀ ਚੁਣਦੀ ਬਲਕਿ ਉਹ ਉਨ੍ਹਾਂ ਉਤੇ ਥਾਪੇ ਜਾਂਦੇ ਸੀ। ਇਹ ਰਾਜਤੰਤ੍ਰ ਅਤੇ ਰਾਜੇ ਹੁਣ ਲੋਕਾਂ ਦੇ ਸੁੱਖ ਅਤੇ ਰਾਖੀ ਦੀ ਪਰਵਾਹ ਨਹੀਂ ਸੀ ਕਰਦੇ ਅਤੇ ਆਪਣੀ ਐਸ਼ ਅਤੇ ਆਰਾਮ ਲਈ ਉਨ੍ਹਾਂ ਤੋਂ ਜ਼ਬਰਦਸਤੀ ਮਾਮਲਾ ਅਤੇ ਹੋਰ ਵਗਾਰਾਂ ਲੈਂਦੇ ਸੀ। ਪਰਜਾ ਇਸ ਭਾਰ ਦੇ ਹੇਠਾਂ ਕੁਚਲ ਹੁੰਦੀ ਸੀ। ਇਸ ਦੌਰ ਵਿਚ ਪਰਜਾ ਨੇ ਆਪਣੀ ਸ਼ਕਤੀ ਅਤੇ ਪ੍ਰਭੂਸੱਤਾ ਗੁਆ ਲਈ। ਪਰ ਕਿਉਂਕਿ ਕੇਂਦਰੀ ਰਾਜ ਅਤੇ ਰਾਜੇ ਦੇ ਅਖ਼ਤਿਆਰ ਦਾ ਦਾਇਰਾ ਸਿਰਫ ਥੋਹੜੇ ਜਿਹੇ ਖੇਤਰ ਤੱਕ ਮਹਿਦੂਦ ਸੀ ਇਸ ਕਰਕੇ ਪਿੰਡਾਂ ਵਿਚ ਜ਼ਿਆਦਾ ਫੈਸਲੇ ਲੋਕ ਆਪ ਹੀ ਕਰਦੇ ਸੀ। ਪਿੰਡ ਦਾ ਭਾਈਚਾਰਾ ਅਤੇ ਪੰਚਾਇਤ ਹੀ ਕਾਫੀ ਫੈਸਲੇ ਕਰਦੀ ਸੀ।

ਰਾਜਿਆਂ ਦੇ ਜਬਰ ਅਤੇ ਜ਼ੁਲਮ ਦੇ ਖ਼ਿਲਾਫ਼ ਲੋਕਾਂ ਨੇ ਬਗਾਵਤਾਂ ਕੀਤੀਆਂ ਤੇ ਹਾਲਾਤ ਦੇ ਮੁਤਾਬਿਕ ਪੰਜਾਬੀ ਸਿਆਸੀ ਸਿਧਾਂਤ

ਨੂੰ ਪ੍ਰਫੁੱਲਤ ਕੀਤਾ। ਪੰਜਾਬ ਅਤੇ ਹਿੰਦੁਸਤਾਨ ਉੱਤੇ ਹਮਲਾਵਰ ਅਫ਼ਗਾਨਾਂ, ਮੁਗ਼ਲਾਂ, ਅਤੇ ਹੋਰਨਾਂ ਦੇ ਕਬਜ਼ੇ ਅਤੇ ਪਰਜਾ ਦੀ ਲੁੱਟ ਖ਼ਿਲਾਫ਼ ਵੀ ਅਤੇ ਬ੍ਰਾਹਮਣਵਾਦ ਅਤੇ ਮੁਲਾਂਸ਼ਾਹੀ ਖ਼ਿਲਾਫ਼ ਵੀ ਲੋਕਾਂ ਨੇ ਬਗਾਵਤਾਂ ਕੀਤੀਆਂ। ਕਈ ਗਿਆਨੀ, ਸੰਤ, ਫਕੀਰ ਅਤੇ ਗੁਰੂ ਇਸ ਬਗਾਵਤ ਦੀ ਆਵਾਜ਼ ਬਣ ਗਏ। ਗੁਰੂ ਨਾਨਕ ਦੇਵ ਜੀ ਨੇ ਇਨ੍ਹਾਂ ਹਾਲਾਤਾਂ ਬਾਰੇ ਆਪਣੀ ਜ਼ੋਰਦਾਰ ਆਵਾਜ਼ ਬੁਲੰਦ ਕੀਤੀ:

*ਰਾਜੇ ਸ਼ੀਂਹ ਮੁਕਦਮ ਕੁੱਤੇ, ਜਾਏ ਜਗਾਵਣ ਬੈਠੇ ਸੁੱਤੇ।*
*ਕਲਿ ਕਾਤੀ ਰਾਜੇ ਕਾਸਾਈ ਧਰਮੁ ਪੰਖ ਕਰਿ ਉਡਰਿਆ*
*ਹਉਮੇ ਕਰਿ ਰਾਜੇ ਬਹੁ ਧਾਵਹਿ*

ਗੁਰੂ ਨਾਨਕ ਦੇਵ ਜੀ ਨੇ ਰਾਜਿਆਂ ਅਤੇ ਉਨ੍ਹਾਂ ਦੇ ਬੰਦੋਬਸਤ ਨੂੰ ਭੰਡਿਆ ਜੋ ਪਰਜਾ ਦੇ ਸੁਖ ਅਤੇ ਰੱਖਿਆ ਵੱਲ ਧਿਆਨ ਨਹੀਂ ਦਿੰਦੇ ਅਤੇ ਉਨ੍ਹਾਂ ਨੇ ਲੋਕਾਂ ਨੂੰ ਇਹੋ ਜਿਹੇ ਨਿਜ਼ਾਮ ਦੇ ਖਿਲਾਫ ਖੜ੍ਹੇ ਹੋਣ ਲਈ ਜਾਗਰਤ ਕੀਤਾ।

ਮੁਗਲਾਂ ਦੇ ਰਾਜ ਖਿਲਾਫ਼ ਵੀ ਪੰਜਾਬੀ ਲੋਕਾਂ ਨੇ ਬਗਾਵਤਾਂ ਕੀਤੀਆਂ। ਰਾਜਾ ਅਕਬਰ ਦੇ ਖਿਲਾਫ ਬਗ਼ਾਵਤ ਦੀ ਅਗਵਾਈ ਦੁੱਲਾ ਭੱਟੀ ਨੇ ਕੀਤੀ ਜਿਹਦਾ ਇਹ ਨਾਅਰਾ ਸੀ:

*ਜਿੰਦ ਦੇਸਾਂ ਪੰਜਾਬ ਨਾਂ ਦੇਸਾਂ*

ਕਿਹਾ ਜਾਂਦਾ ਹੈ ਕਿ ਸ਼ਾਹ ਹੁਸੈਨ ਹੁਰਾਂ ਨੇ ਵੀ ਦੁੱਲਾ ਭੱਟੀ ਦੀ ਹੌਸਲਾ ਅਫਜ਼ਾਈ ਕੀਤੀ ਅਤੇ ਨਸੀਹਤ ਦਿੱਤੀ:

*ਕਹੇ ਹੁਸੈਨ ਫਕੀਰ ਸਾਂਈਂ ਦਾ ਤਖਤ ਨਾ ਮਿਲਦੇ ਮੰਗੇ।*

ਜ਼ੁਲਮ ਜਬਰ ਦੇ ਖ਼ਿਲਾਫ਼ ਪੰਜਾਬੀਆਂ ਦੀ ਬਗਾਵਤ ਨੂੰ ਗੁਰੂ ਗੋਬਿੰਦ ਸਿੰਘ ਦੀ ਅਗਵਾਈ ਨੇ ਇਕ ਨਵੇਂ ਪੱਧਰ ਤੇ ਪਹੁੰਚਾਇਆ। ਉਨ੍ਹਾਂ ਆਪਣੇ ਦੌਰ ਵਿਚ ਪੰਜਾਬੀ ਦਰਸ਼ਨ ਦੀ ਸੇਧ ਜ਼ੋਰਦਾਰ ਤਰੀਕੇ ਨਾਲ ਦੋਹਰਾਈ ਤੇ ਕਿਹਾ:

*'ਕੋਈ ਕਿਸੀ ਕੋ ਰਾਜ ਨਾਂ ਦੇ ਹੈ। ਜੋ ਲੈ ਹੈ ਨਿਜ ਬਲ ਸੇ ਲੈ ਹੈ। '*

*'ਚੂੰਕਾਰ ਅਜ਼ ਹਮਾ ਹੀਲਤੇ ਗਰ ਗੁਜ਼ਸ਼ਤ, ਹਲਾਲ ਅਸਤ ਬੁਰਦਨ ਵਾ ਸ਼ਮਸ਼ੀਰ ਦਸਤ'*

ਮੁਗਲ ਸਰਕਾਰ ਦੇ ਸਿਆਸੀ ਅਤੇ ਸਮਾਜੀ ਜ਼ੁਲਮ ਖਿਲਾਫ ਲਾਮਬੰਦ ਹੋਣ ਲਈ ਗੁਰੂ ਸਾਹਿਬ ਨੇ ਲੋਕਾਂ ਨੂੰ ਵੰਗਾਰਿਆ ਅਤੇ ਇਕ ਇਨਸਾਫ ਪਸੰਦ ਰਾਜ ਕਾਇਮ ਕਰਨ ਲਈ ਉਦਮ ਕੀਤਾ ਜਿਸ ਵਿਚ ਲੋਕਾਂ ਦੀ ਖੁਸ਼ਹਾਲੀ ਅਤੇ ਰਖਵਾਲੀ ਰਾਜ ਦਾ ਮੁੱਖ ਫਰਜ਼ ਸੀ। ਗੁਰੂ ਗੋਬਿੰਦ ਸਿੰਘ ਸਾਹਿਬ ਦੀ ਮੌਤ ਦੇ ਬਾਅਦ ਬੰਦਾ ਬਹਾਦਰ ਨੇ ਜ਼ੁਲਮ ਖਿਲਾਫ ਪੰਜਾਬ ਦੀ ਕਿਸਾਨੀ ਅਤੇ ਆਮ ਲੋਕਾਂ ਦੀ ਅਗਵਾਈ ਕੀਤੀ। ਉਸਦੀ ਅਗਵਾਈ ਵਿਚ ਵੱਡੇ ਜਗੀਰਦਾਰਾਂ ਅਤੇ ਮਨਸਬਦਾਰਾਂ ਤੋਂ ਜ਼ਮੀਨਾਂ ਖੋਹ ਕੇ ਕਿਸਾਨਾਂ ਨੂੰ ਵੰਡੀਆਂ ਗਈਆਂ। ਦੱਖਣੀ ਏਸ਼ੀਆ ਵਿਚ ਇਹ ਪਹਿਲਾ ਜਮਹੂਰੀ ਇਨਕਲਾਬ ਸੀ ਜਿਸਦਾ ਨਾਅਰਾ ਸਾਰਿਆਂ ਦਾ ਸੁੱਖ, ਰਖਵਾਲੀ ਅਤੇ ਸਰਬੱਤ ਦਾ ਭਲਾ ਸੀ।

ਦਿੱਲੀ ਦਰਬਾਰ ਦੇ ਕਮਜ਼ੋਰ ਹੋਣ ਬਾਅਦ ਪੰਜਾਬ ਵਿਚ ਸਿੱਖ ਮਿਸਲਾਂ ਦਾ ਦੌਰ ਆਇਆ ਜਿਹਦੇ ਵਿਚ ਲੋਕ ਮਿਸਲਾਂ ਦੇ ਸਰਦਾਰਾਂ ਨੂੰ ਆਪਣੀ ਰਖਵਾਲੀ ਕਰਨ ਲਈ ਲਗਾਨ ਦਿੰਦੇ ਸੀ ਕਿਉਂਕਿ ਸਰਕਾਰ ਉਨ੍ਹਾਂ ਦੀ ਰਖਵਾਲੀ ਨਹੀਂ ਸੀ ਕਰ ਸਕਦੀ। ਉਨ੍ਹਾਂ ਨੇ ਸਰਕਾਰ ਨੂੰ ਲਗਾਨ ਦੇਣਾ ਬੰਦ ਕਰ ਦਿਤਾ ਤੇ ਮਿਸਲਾਂ ਦੇ ਸਰਦਾਰਾਂ ਨੂੰ ਦੇਣ ਲੱਗ ਪਏ। ਮਹਾਂਰਾਜਾ ਰਣਜੀਤ ਸਿੰਘ ਨੇ ਪੰਜਾਬ ਦੀਆਂ ਸਾਰੀਆਂ ਮਿੱਸਲਾਂ ਨੂੰ ਇਕੱਠਾ ਕਰਕੇ ਪੰਜਾਬ ਵਿਚ ਹਕੂਮਤ ਸਾਂਭ ਲਈ ਤੇ ਇਕ ਵਾਰ ਫਿਰ ਲੋਕਾਂ ਦੀ ਰਖਵਾਲੀ ਅਤੇ ਖੁਸ਼ਹਾਲੀ ਦਾ ਜ਼ੁੰਮਾਂ ਲੈਣ ਦਾ ਐਲਾਨ ਕੀਤਾ। ਉਸਨੇ ਕਿਹਾ ਕਿ ਉਸ ਦਾ ਰਾਜ ਪਰਜਾ ਦੇ ਸੁੱਖ ਅਤੇ ਰਾਖੀ ਲਈ ਹੈ। ਇਸ ਨਾਲ ਪੰਜਾਬ ਦੇ ਲੋਕਾਂ ਨੇ ਕੁਝ ਸੁੱਖ ਦਾ ਸਾਹ ਲਿਆ। ਪਰ ਇਸ ਰਾਜ ਵਿਚ ਵੀ ਤਾਕਤ ਜ਼ੋਰ ਵਾਲਿਆਂ ਦੇ ਹੱਥ ਵਿਚ ਹੀ ਸੀ। ਰਣਜੀਤ ਸਿੰਘ ਨੇ ਆਪ ਵੀ ਰਾਜ ਗੱਦੀ ਜ਼ੋਰ ਨਾਲ ਹੀ ਹਾਸਲ ਕੀਤੀ ਸੀ। ਰਣਜੀਤ ਸਿੰਘ ਦੇ ਰਾਜ ਵਿਚ ਲੋਕਾਂ ਦੇ ਹਾਲ ਬਾਰੇ ਸ਼ਾਹ ਮੁਹੰਮਦ ਇੰਜ ਦੱਸਦਾ ਹੈ:

*'ਰਾਜ਼ੀ ਬਹੁਤ ਰਹਿੰਦੇ ਮੁਸਲਮਾਨ ਹਿੰਦੂ'*
*. ਤੇ*
*'ਸ਼ਾਹ ਮੁਹੰਮਦਾ ਜਾਣ ਪਚਾਸ ਬਰਸਾਂ*
*ਅੱਛਾ ਰੱਜ ਕੇ ਰਾਜ ਕਮਾਇ ਗਿਆ'*

ਡਾਕਟਰ ਕਰਨੈਲ ਸਿੰਘ ਥਿੰਦ ਆਪਣੀ ਕਿਤਾਬ ਪੰਜਾਬ ਦਾ ਲੋਕ ਵਿਰਸਾ ਵਿਚ ਕਹਿੰਦੇ ਹਨ ਕਿ " *ਮਹਾਰਾਜਾ ਰਣਜੀਤ ਸਿਘ ਦੇ ਸਮੇਂ ਨੂੰ ਸਿੱਖ ਰਾਜ ਦਾ ਨਾਂ ਵੀ ਦਿੱਤਾ ਜਾਂਦਾ ਹੈ, ਪਰ ਇਹ ਸਹੀ ਅਰਥਾਂ ਵਿਚ ਪੰਜਾਬੀਆਂ ਦਾ ਆਪਣਾ ਰਾਜ ਸੀ। ਧਰਮ ਦੇ ਆਧਾਰ ਤੇ ਕਿਸੇ ਨਾਲ ਵੀ ਕੋਈ ਵਿਤਕਰਾ ਨਹੀਂ ਸੀ ਕੀਤਾ ਜਾਂਦਾ। ਸਿੱਖ ਸਰਦਾਰਾਂ ਵਿਚ ਸੱਯਦ*

*ਮੁਸਲਮਾਨ, ਜੱਟ, ਡੋਗਰੇ ਖੱਤਰੀ ਅਤੇ ਬ੍ਰਾਹਮਣ ਵੀ ਸ਼ਾਮਲ ਸਨ। ਉਹ ਸਾਰੇ ਧਰਮਾਂ ਦਾ ਪੂਰਨ ਸਤਿਕਾਰ ਕਰਦਾ ਸੀ।"*

ਰਣਜੀਤ ਸਿੰਘ ਦੀ ਮੌਤ ਦੇ ਬਾਅਦ ਅੰਗ੍ਰੇਜ਼ ਨੇ ਪੰਜਾਬ ਤੇ ਕਬਜ਼ਾ ਕਰ ਲਿਆ। ਹਿੰਦੁਸਤਾਨ ਅਤੇ ਪੰਜਾਬ ਉੱਤੇ ਅੰਗਰੇਜ਼ਾਂ ਦੇ ਕਬਜ਼ੇ ਨੂੰ ਖ਼ਤਮ ਕਰਨ ਲਈ ਪੰਜਾਬੀਆਂ ਨੇ ਉਨ੍ਹਾਂ ਖ਼ਿਲਾਫ਼ ਲੋਹਾ ਲਿਆ ਅਤੇ ਆਪਣੇ ਸਿਆਸੀ ਸਿਧਾਂਤ ਨੂੰ ਵਰਤਿਆ ਤੇ ਤਕੜਾ ਕੀਤਾ। ਬਾਬਾ ਰਾਮ ਸਿੰਘ, ਅਹਿਮਦ ਖ਼ਾਨ ਖਰਲ ਅਤੇ ਹੋਰਨਾਂ ਆਗੂਆਂ ਨੇ ਇਸ ਪੁਰਾਣੇ ਵਿਰਸੇ ਤੇ ਸੋਚ ਤੋਂ ਸੇਧ ਲੈਕੇ ਲੋਕਾਂ ਨੂੰ ਅੰਗਰੇਜ਼ਾਂ ਦੇ ਖ਼ਿਲਾਫ਼ ਲਾਮਬੰਦ ਕੀਤਾ। ਆਜ਼ਾਦੀ ਦੀ ਜੰਗ ਦੇ ਘੋਲ ਵਿਚ ਗ਼ਦਰੀ ਬਾਬਿਆਂ ਅਤੇ ਭਗਤ ਸਿੰਘ ਹੁਰਾਂ ਨੇ ਵੀ ਪੰਜਾਬ ਦੇ ਸਿਆਸੀ ਸਿਧਾਂਤ ਨੂੰ ਅੱਗੇ ਵਧਾਇਆ। **10** ਮਾਰਚ **1914** ਦੀ ਗਦਰ ਦੀ ਗੂੰਜ ਕਹਿੰਦੀ ਹੈ:

*"ਜੋ ਚਾਹੋਂ ਬਣਨਾ ਵਿਦਵਾਨ। ਸੁਖ ਮੇਂ ਮੌਜ ਕਰੇ ਸੰਤਾਨ।*
*ਜੋ ਚਾਹੋਂ ਜੱਗ ਰਹੇ ਨਸ਼ਾਨ। ਜੋ ਚਾਹੋਂ ਆਪਣੀ ਭਲਿਆਈ*
*ਜਲਦੀ ਗਦਰ ਮਚਾ ਦਿਉ ਭਾਈ।।"*

**ਅਤੇ**

*"ਕਦੇ ਮੰਗਿਆਂ ਮਿਲਣ ਆਜ਼ਾਦੀਆਂ ਨਾ*
*ਹੁੰਦੇ ਤਰਲਿਆਂ ਨਾਲ ਨਾ ਰਾਜ ਲੋਕੋ"*

ਗਦਰੀ ਬਾਬਿਆਂ ਨੇ ਇਕ ਨਵੇਂ ਰਾਜ ਅਤੇ ਰਾਜ ਤੰਤ੍ਰ ਕਾਇਮ ਕਰਨ ਦੀ ਲੋੜ ਤੇ ਜ਼ੋਰ ਦਿੱਤਾ:

*ਹਿੰਦੁਸਤਾਨ ਚੋਂ ਕੱਢ ਫਰੰਗੀਆਂ ਨੂੰ*
*ਪਰਜਾ ਰਾਜ ਦੀ ਜੜ ਲਗਾਵਣੇ ਨੂੰ।*
*ਰਾਜ ਪੰਚੈਤੀ ਕਾਇਮ ਕਰੀਏ*
*ਬਾਦਸ਼ਾਹਾਂ ਦੀ ਅਲਖ ਮੁਕਾ ਦੇਈਏ।*
*ਨਵਾਂ ਰੂਪ ਰਚਾਂ ਹਿੰਦ ਦੇ ਸਮਾਜ ਦਾ*
*ਤੁਖ਼ਮ ਉਡਾਣਾ ਜ਼ਾਲਮਾਂ ਦੇ ਰਾਜ ਦਾ।*
*ਪਿਛੋਂ ਗਦਰ ਦੇ ਮਾਮਲਾ ਮਾਫ ਸਭ ਨੂੰ*
*ਖੇਤੀ ਕਰਾਂਗੇ ਮੌਜ ਬਹਾਰ ਵਾਲੀ।*
*ਵਿਦਿਆ ਬਥੇਰੀ ਵਧ ਜਾਏਗੀ ਆਜ਼ਾਦ ਹੋਇਆਂ*
*ਕਿਸੇ ਨਾ ਮਜਾਲ ਸਾਨੂੰ ਅਟਕਾਨ ਦੀ।*
*ਬਸੇ ਰਸੇ ਹਸੇਗਾ ਤਾਂ ਸਾਰਾ ਹੀ ਆਜ਼ਾਦ ਹਿੰਦ*
*ਹੌਲੀ ਜਦੋਂ ਹੋਈ ਪੰਡ ਟੈਕਸ ਲਗਾਨ ਦੀ।*
*ਹੋਵੇਗੀ ਤਰੱਕੀ ਪਿਛੋਂ ਬਹੁਤ ਹੀ ਸੁਖਾਲੀ ਸਾਡੀ*
*ਕਰ ਲੋ ਤਿਆਰੀ ਪਹਿਲਾਂ ਗਦਰ ਮਚਾਣ ਦੀ।*
*ਮੂਰਖ ਨਾ ਕੋਈ ਹੋਵੇ, ਸਭੇ ਵਿਦਵਾਨ ਹੋਣ*

*ਸਭੇ ਧਨਵਾਨ ਲੋੜ ਕਿਸੇ ਨਾ ਚੁਰਾਨ ਦੀ।*

ਸ਼ਹੀਦ ਭਗਤ ਸਿੰਘ ਦੇ ਸਿਆਸੀ ਨਜ਼ਰੀਏ ਦਾ ਨਿਚੋੜ ਉਸ ਦੇ ਕਚਹਿਰੀ ਵਿਚ ਦਿੱਤੇ ਹੋਏ ਬਿਆਨਾਂ ਤੋਂ ਮਿਲਦਾ ਹੈ:

*"ਅਸੀਂ ਇਹ ਗੱਲ ਡੰਕੇ ਦੀ ਚੋਟ ਤੇ ਕਹਿੰਦੇ ਆਂ ਕਿ ਆਜ਼ਾਦੀ ਦੀ ਜੰਗ ਉਸ ਸਮੇਂ ਤਾਈਂ ਜਾਰੀ ਰਹੂ ਜਦੋਂ ਤਾਈਂ ਹਿੰਦੁਸਤਾਨ ਦੇ ਲੋਕਾਂ ਦੀ ਮੇਹਨਤ ਅਤੇ ਹਿੰਦੁਸਤਾਨ ਦੇ ਕੁਦਰਤੀ ਸਾਧਨਾਂ ਦੀ ਲੁਟ ਥੋੜੇ ਜਿਹੇ ਲਹੂ ਪੀਣੇ ਲੋਟੂ ਬੰਦ ਨਹੀਂ ਕਰਦੇ। ਇਹ ਲੋਟੂ ਭਾਵੇਂ ਅੰਗਰੇਜ਼ ਸਰਮਾਏਦਾਰ ਹੋਣ ਜਾਂ ਅੰਗਰੇਜ਼ ਅਤੇ ਹਿੰਦੁਸਤਾਨੀ ਸਰਮਾਏਦਾਰ ਰਲਕੇ ਹੋਣ ਜਾਂ ਸਿਰਫ਼ ਹਿੰਦੁਸਤਾਨੀ ਸਰਮਾਏਦਾਰ ਹੀ ਕਿਉਂ ਨਾ ਹੋਣ। ਅਸੀਂ ਲੜਦੇ ਹੀ ਰਹਾਂਗੇ। '*

"ਇਹ ਜੰਗ ਹਾਲਾਤ ਦੇ ਮੁਤਾਬਿਕ ਵੱਖਰੀ *ਛਵੀ* ਲੈਂਦੀ ਰਹੇਗੀ। ਕਦੇ ਇਹ ਖੁਲ੍ਹੇ ਤੌਰ ਤੇ ਹੋਵੇਗੀ ਤੇ ਕਦੇ ਲੁਕਵੀਂ। ਕਦੇ ਇਹ ਹਲਚਲ ਦਾ ਰੂਪ *ਧਾਰੇਗੀ* ਤੇ ਕਦੇ ਜ਼ਿੰਦਗੀ ਅਤੇ ਮੌਤ ਦੀ ਲੜਾਈ ਦਾ। ਸਾਡੀ ਲੜਾਈ *ਤਦ* ਤੱਕ ਜਾਰੀ ਰਹੇਗੀ ਜਦ ਤੱਕ ਹਿੰਦੁਸਤਾਨ ਵਿਚ ਇਕ ਸੋਸ਼ਲਿਸਟ ਰਾਜ ਨਹੀਂ ਕਾਇਮ ਹੋ ਜਾਂਦਾ ਅਤੇ ਸਮਾਜੀ ਢਾਂਚੇ ਅਤੇ ਨਿਜ਼ਾਮ ਦਾ ਕਾਇਆ ਕਲਪ ਕਰਕੇ ਇਕ ਨਵਾਂ ਸਮਾਜ ਨਹੀਂ ਉਸਾਰਿਆ ਜਾਂਦਾ ਜਿਸ ਵਿਚ ਕਿਸੇ ਦੀ ਲੁਟ ਨਹੀਂ ਹੋਵੇਗੀ ਅਤੇ ਇਨਸਾਨ ਅਤੇ ਮਨੁੱਖਤਾ ਅਮਨ ਅਤੇ ਸ਼ਾਂਤੀ ਨਾਲ ਰਹਿਣਗੇ। "

*"ਇਨਕਲਾਬ ਤੋਂ ਸਾਡਾ ਮਤਲਬ ਇਕ ਇਹੋ ਜਿਹਾ ਸਮਾਜ ਬਣਾਉਣਾ ਹੈ ਜਿਸ ਵਿਚ ਮਜ਼ਦੂਰ ਜਮਾਤ ਸਰਬਸ਼ਕਤੀਮਾਨ ਹੋਵੇਗੀ ਅਤੇ ਇਕ ਆਲਮੀ ਇਨਕਲਾਬ ਫੈਡਰੇਸ਼ਨ ਦੁਨੀਆ ਭਰ ਦੇ ਲੋਕਾਂ ਨੂੰ ਸਰਮਾਏਦਾਰੀ ਦੀ ਗੁਲਾਮੀ ਅਤੇ ਸਾਮਰਾਜੀ ਜੰਗਾਂ ਤੋਂ ਮੁਕਤ ਕਰੇਗੀ। ਇਹ ਸਾਡਾ ਟੀਚਾ, ਸਿਧਾਂਤ ਅਤੇ ਪਰੇਰਨਾ ਹੈ। ਅਸੀਂ ਇਕ ਉੱਚਾ ਅਤੇ ਇਨਸਾਫ਼ਪਸੰਦ ਹੋਕਾ ਦਿੱਤਾ ਹੈ। ਜੇ ਸਾਡੀ ਇਸ ਚੇਤਾਵਨੀ ਵੱਲ ਧਿਆਨ ਨਾ ਦਿੱਤਾ ਗਿਆ ਤੇ ਮੌਜੂਦਾ ਪ੍ਰਣਾਲੀ ਅਤੇ ਸਰਕਾਰ ਲੋਕਾਂ ਦੇ ਰਾਹ ਦਾ ਰੋੜਾ ਬਣਦੇ ਰਹੇ ਤਾਂ ਉਹੋ ਤਾਕਤਾਂ ਜਿਹੜੀਆਂ ਕੁਦਰਤੀ ਤੌਰ ਤੇ ਇਸ ਬੰਦੋਬਸਤ ਨੂੰ ਖ਼ਤਮ ਕਰਨ ਲਈ ਇਸ ਦੀ ਕੁੱਖ ਵਿਚ ਪਲ ਰਹੀਆਂ ਹਨ ਇਕ ਦਿਨ ਇਸ ਪ੍ਰਣਾਲੀ ਅਤੇ ਨਿਜ਼ਾਮ ਦਾ ਜ਼ਬਰਦਸਤੀ ਤਖ਼ਤਾ ਪਲਟ ਦੇਣਗੀਆਂ ਅਤੇ ਮਜ਼ਦੂਰ ਜਮਾਤ ਦਾ ਰਾਜ ਕਾਇਮ ਕਰਕੇ ਇਨਕਲਾਬ ਦੇ ਨਿਸ਼ਾਨਿਆਂ ਨੂੰ ਪੂਰਾ ਕਰਨਗੀਆਂ। ਇਨਕਲਾਬ ਸਾਡਾ ਜੱਦੀ ਹੱਕ ਹੈ। ਕਿਰਤ ਹੀ ਸਮਾਜ ਦੀ ਬੁਨਿਆਦ ਹੈ। ਲੋਕਾਂ ਦੀ ਪ੍ਰਭੂਸੱਤਾ ਹੀ ਮਜ਼ਦੂਰਾਂ ਦੀ ਮੰਜ਼ਿਲ ਹੈ। "*

ਬੱਬਰ ਅਕਾਲੀ ਲਹਿਰ, ਗ਼ਦਰ ਪਾਰਟੀ, ਭਗਤ ਸਿੰਘ ਅਤੇ ਆਜ਼ਾਦੀ ਦੇ ਹੋਰਨਾਂ ਜੁਝਾਰੂਆਂ ਨੇ ਪੰਜਾਬੀ ਦਰਸ਼ਨ ਦੀ ਸਿਆਸੀ ਸੇਧ ਨੂੰ ਆਪਣੇ ਵਕਤ ਮੁਤਾਬਿਕ ਹੋਰ ਅੱਗੇ ਵਧਾਉਣ ਵਿਚ ਹਿੱਸਾ ਪਾਇਆ। ਪਰ ਅੰਗਰੇਜਾਂ ਦੇ ਜਾਣ ਅਤੇ ਪੰਜਾਬ ਦੀ ਵੰਡ ਦੇ ਬਾਅਦ ਆਈਆਂ ਸਾਰੀਆਂ ਹਕੂਮਤਾਂ ਅਤੇ ਸਾਰੇ ਸਿਆਸੀ ਅਦਾਰੇ ਪੰਜਾਬ ਦੇ

ਹਜ਼ਾਰਾਂ ਸਾਲਾਂ ਦੇ ਸਫ਼ਰ ਦੌਰਾਨ ਪੈਦਾ ਅਤੇ ਵਿਕਸਤ ਹੋਏ ਪੰਜਾਬੀ ਦਰਸ਼ਨ ਤੋਂ ਸਿਆਸੀ ਸੇਧ ਲੈਣ ਦੀ ਬਜਾਏ ਅੰਗ੍ਰੇਜ਼ਾਂ ਦੀ ਲਿਬਰਲ ਸਿਆਸੀ ਸੇਧ ਨਾਲ ਹੀ ਚਲਦੇ ਰਹੇ ਅਤੇ ਸਿਆਸੀ ਪਾਰਟੀਆਂ ਵੀ ਯੂਰਪੀਅਨ ਲਿਬਰਲਵਾਦ ਦੀ ਵਿਚਾਰਧਾਰਾ ਤੋਂ ਸੇਧ ਲੈ ਕੇ ਲੋਕਾਂ ਨੂੰ ਗੁੱਠੇ ਲਾਈ ਰੱਖਣ ਵਿਚ ਮਸਰੂਫ਼ ਰਹੀਆਂ। ਇਹ ਸੇਧ ਪੰਜਾਬੀਆਂ ਲਈ ਮਾਰੂ ਸੀ। ਇਨ੍ਹਾਂ ਅਦਾਰਿਆਂ ਅਤੇ ਇਸ ਮਾਰੂ ਸੇਧ ਖਿਲਾਫ਼ ਪੰਜਾਬੀਆਂ ਨੇ ਬਗਾਵਤਾਂ ਕੀਤੀਆਂ।

ਪੰਜਾਬੀ ਸੂਬੇ ਦੀ ਜਦੋਜਹਿਦ, ਕਿਸਾਨਾਂ ਦੀ ਜਦੋਜਹਿਦ ਅਤੇ ਨਕਸਲਬਾੜੀ ਲਹਿਰ ਦੌਰਾਨ ਆਪਣੀ ਸੇਧ ਦੀ ਲੋੜ ਬਾਰੇ ਅਤੇ ਲੋਕਾਂ ਦੀ ਖੁਸ਼ਹਾਲੀ ਤੇ ਰਖਵਾਲੀ ਬਾਰੇ ਕਾਫੀ ਚਰਚਾ ਹੋਈ। ਬਾਬਾ ਸੋਹਣ ਸਿੰਘ ਭਕਨਾ, ਬਾਬਾ ਬੂਝਾ ਸਿੰਘ, ਬਾਬਾ ਹਰੀ ਸਿੰਘ ਮਿਰਗਿੰਦ ਅਤੇ ਹੋਰਨਾਂ ਇਨਕਲਾਬੀ ਦੇਸ਼ਭਗਤਾਂ ਨੇ ਮੌਜੂਦਾ ਰਾਜਤੰਤ੍ਰ ਅਤੇ ਸਿਆਸੀ ਸੇਧ ਬਾਰੇ ਲੋਕਾਂ ਨੂੰ ਜਾਗਰਤ ਕੀਤਾ। ਇਨ੍ਹਾਂ ਲਹਿਰਾਂ ਦੌਰਾਨ ਪੰਜਾਬੀਆਂ ਦੀਆਂ ਅਣਗਿਣਤ ਕੁਰਬਾਨੀਆਂ ਦੇ ਬਾਵਜੂਦ ਵੀ ਪੰਜਾਬ ਦੀ ਕਿਸੇ ਸਿਆਸੀ ਪਾਰਟੀ ਨੇ ਪੰਜਾਬੀ ਸਿਆਸੀ ਸੇਧ ਨੂੰ ਨਹੀਂ ਅਪਣਾਇਆ। ਸਾਰੀਆਂ ਸਿਆਸੀ ਪਾਰਟੀਆਂ ਦੀ ਰਾਹਨੁਮਾ ਯੂਰਪੀਅਨ ਸੋਚ ਹੀ ਰਹੀ। ਪੰਜਾਬ ਦੀ ਕਿਸੇ ਵੀ ਯੂਨੀਵਰਸਿਟੀ ਦੇ ਰਾਜਨੀਤਕ ਵਿਗਿਆਨ ਵਿਭਾਗ ਵਿਚ ਪੰਜਾਬੀ ਸਿਆਸੀ ਸੇਧ ਬਾਰੇ ਕੁੱਝ ਵੀ ਪੜ੍ਹਿਆ ਜਾਂ ਪੜ੍ਹਾਇਆ ਨਹੀਂ ਜਾਂਦਾ ਅਤੇ ਨਾ ਹੀ ਇਸ ਬਾਰੇ ਕੋਈ ਖੋਜ ਕੀਤੀ ਜਾਂਦੀ ਹੈ।

ਇਨ੍ਹਾਂ ਹਾਲਾਤ ਬਾਰੇ ਹਰਦਿਆਲ ਬੈਂਸ ਨੇ ਹਿੰਦੁਸਤਾਨ, ਪਾਕਿਸਤਾਨ ਅਤੇ ਸਾਊਥ ਏਸ਼ੀਆ ਦੇ ਹੋਰ ਮੁਲਕਾਂ ਦੀ ਰਸਮੀ ਆਜ਼ਾਦੀ ਦੀ ਪੰਜਾਹਵੀਂ ਵਰ੍ਹੇ ਗੰਢ ਦੇ ਮੌਕੇ ਉੱਤੇ ਅਗਸਤ **1997** ਵਿਚ ਲਿਖਿਆ ਹੈ:

> ***"1947** ਵਿਚ ਬ੍ਰਤਾਨਵੀ ਬਸਤੀਵਾਦੀਆਂ ਦੇ ਅਦਾਰਿਆਂ ਨੂੰ ਪੂਰੀ ਤਰ੍ਹਾਂ ਤਸਲੀਮ ਕਰਨ ਦੇ ਅਧਾਰ ਉੱਤੇ, ਸਾਊਥ ਏਸ਼ੀਆ ਦੇ ਲੋਕਾਂ ਨੂੰ ਮਿਲੀ ਇਹ ਰਸਮੀ ਆਜ਼ਾਦੀ, ਇਸ ਖ਼ਿੱਤੇ ਦੇ ਲੋਕਾਂ ਦੀ ਆਪਣੀ ਆਜ਼ਾਦੀ ਲਈ ਕੀਤੀ ਗਈ ਜੱਦੋਜਹਿਦ ਦੀ ਇਕ ਬਹੁਤ ਵੱਡੀ ਹਾਰ ਸੀ। ਇਸ ਤਰ੍ਹਾਂ ਨਾਲ ਮਿਲੀ ਰਸਮੀ ਆਜ਼ਾਦੀ ਕਾਰਨ ਉਸ ਵੇਲੇ ਲੋਕਾਂ ਨੂੰ ਬ੍ਰਤਾਨਵੀ ਬਸਤੀਵਾਦੀਆਂ ਦਾ ਆਰਥਕ ਸਿਸਟਮ, ਉਨ੍ਹਾਂ ਦੇ ਸਿਧਾਂਤ ਅਤੇ ਅਮਲ, ਅਤੇ ਇਸ ਉਪਮਹਾਂਦੀਪ ਦੀ ਧਰਮ ਦੇ ਅਧਾਰ ਉੱਤੇ ਕੀਤੀ ਗਈ ਵੰਡ ਵੀ ਤਸਲੀਮ ਕਰਨੀ ਪਈ। ਪੰਜਾਹ ਸਾਲ ਪਹਿਲਾਂ ਹੋਈ ਇਸ ਵੱਡੀ ਹਾਰ ਅਤੇ ਉਨ੍ਹਾਂ ਨਾਲ ਹੋਏ ਇਸ ਧੋਖੇ ਸਦਕਾ, ਅੱਜ ਤੱਕ ਸਾਊਥ ਏਸ਼ੀਆ ਦੇ ਲੋਕਾਂ ਨੂੰ ਜ਼ਿੱਲਤ ਭਰੀ ਜ਼ਿੰਦਗੀ ਤੋਂ ਇਲਾਵਾ ਹੋਰ ਹਰ ਤਰ੍ਹਾਂ ਦੇ ਦੁਖ ਤਕਲੀਫ਼ਾਂ ਦਾ ਸਾਹਮਣਾ ਵੀ ਕਰਨਾ ਪੈ ਰਿਹਾ ਹੈ। ਤੀਸਰੀ ਸੰਸਾਰ ਜੰਗ ਦਾ ਖ਼ਤਰਾ ਵੀ*

*ਉਨ੍ਹਾਂ ਦੇ ਸਿਰਾਂ ਤੇ ਮੰਡਲਾ ਰਿਹਾ ਹੈ ਕਿਉਂਕਿ ਸਾਮਰਾਜੀਆਂ ਨੂੰ ਐਟਲਾਂਟਿਕ ਅਤੇ ਪੈਸਿਫ਼ਿਕ ਮਹਾਂਸਾਗਰ ਨੂੰ ਜਿਤਣ ਤੋਂ ਪਹਿਲਾਂ ਹਿੰਦ ਮਹਾਂਸਾਗਰ ਫ਼ਤਿਹ ਕਰਨਾ ਪੈਣਾ ਹੈ।*

*ਅੱਜ ਸਾਊਥ ਏਸ਼ੀਆ ਦੇ ਲੋਕ ਇਹ ਜਾਨਣਾ ਚਾਹੁੰਦੇ ਹਨ ਕਿ ਉਨ੍ਹਾਂ ਦੇ ਮੁਲਕਾਂ ਨੂੰ ਤਰੱਕੀ ਦੇ ਰਾਹ ਤੇ ਪੈਣ ਲਈ ਇਸ ਵੇਲੇ ਕੀ ਕਰਨ ਦੀ ਲੋੜ ਹੈ? ਇਹ ਇਕ ਐਸਾ ਸਵਾਲ ਹੈ ਜਿਸ ਦਾ ਜੁਆਬ ਸਿਰਫ਼ ਮਾਹਿਰ ਲੋਕ ਹੀ ਨਹੀਂ ਲੱਭਦੇ, ਸਗੋਂ ਇਸ ਖ਼ਿੱਤੇ ਦੇ ਲੱਖਾਂ ਤੇ ਕਰੋੜਾਂ ਲੋਕ ਵੀ ਇਸ ਸਵਾਲ ਦੇ ਉੱਤਰ ਦੀ ਭਾਲ ਵਿੱਚ ਹਨ। ਇਹ ਲੋਕ ਚਾਹੁੰਦੇ ਹਨ ਕਿ ਇਨ੍ਹਾਂ ਦੇ ਮੁਲਕ ਆਉਣ ਵਾਲੇ ਸਮੇਂ ਵਿਚ ਕਿਹੜਾ ਐਸਾ*
*ਰਾਹ ਫੜਨ ਜਿਸ ਤੇ ਚੱਲ ਕੇ ਇਨ੍ਹਾਂ ਦੇ ਆਪਣੇ ਹਿਤਾਂ ਦੀ ਰਾਖੀ ਹੋਵੇ, ਜਿਹਦੇ ਨਾਲ ਕਿਸੇ ਸੁੱਖ ਦੀ ਆਸ ਤਾਂ ਹੋਵੇ। ਲੋਕ ਉਸ ਸਵੇਰ ਦੀ ਬਹੁਤ ਹੀ ਬੇਤਾਬੀ ਨਾਲ ਇੰਤਜ਼ਾਰ ਕਰ ਰਹੇ ਹਨ ਜਿਸ ਖਾਤਰ ਸਾਡੇ ਸੂਰਬੀਰ ਦੇਸ਼ ਭਗਤਾਂ ਨੇ ਆਪਣਾ ਸਭ ਕੁਝ ਕੁਰਬਾਨ ਕਰ ਦਿੱਤਾ ਸੀ। ਉਹ ਖ਼ੁਸ਼ੀਆਂ ਭਰਿਆ ਸਵੇਰਾ ਕਦੋਂ ਆਵੇਗਾ?ਹਰ ਰੋਜ਼ ਦੀਆਂ ਵੱਧ ਰਹੀਆਂ ਤੰਗੀਆਂ, ਗ਼ਰੀਬੀ ਅਤੇ ਹੋ ਰਹੀ ਲੁਟਖਸੁਟ ਤੋਂ ਛੁਟਕਾਰਾ ਹਾਸਲ ਕਰਨ ਲਈ ਲੋਕਾਂ ਨੂੰ ਕੀ ਕਰਨ ਦੀ ਲੋੜ ਹੈ? ਲੋਕ ਕੀ ਕਦਮ ਲੈਣ ਕਿ ਪਹਿਲਾਂ ਵਾਲੀ ਗੱਲ ਹੀ ਨਾ ਹੋਈ ਜਾਵੇ? ਅੱਗੇ ਵਧਣ ਦਾ ਕਿਹੜਾ ਰਾਹ ਹੈ? ਅੱਗੇ ਕਿਵੇਂ ਵਧਿਆ ਜਾਵੇ? ਆਉਣ ਵਾਲੇ ਵਕਤ ਵਿਚ ਕੀ ਹੋਣ ਵਾਲਾ ਹੈ? ਮਜ਼ਦੂਰ, ਕਿਸਾਨ, ਵਿਦਿਆਰਥੀ, ਔਰਤਾਂ, ਅਤੇ ਪਿਸਮਾਂਦਾ ਲੋਕ ਅੱਜ ਇਹੋ ਸਵਾਲ ਹਰ ਪਾਸੇ ਪੁੱਛ ਰਹੇ ਹਨ। ਹਾਕਮ ਅਦਾਰੇ ਅਤੇ ਰਹਿਬਰ ਜੋ ਵੀ ਰਾਹ ਲੋਕਾਂ ਨੂੰ ਦੱਸਦੇ ਹਨ ਉਸ ਨਾਲ ਆਫਤਾਂ ਹੋਰ ਵੱਧ ਜਾਂਦੀਆਂ ਹਨ। ਲੋਕ ਮਾਯੂਸ ਹਨ, ਲਾਚਾਰ ਹਨ, ਬੇਬਸ ਹਨ। ਉਨ੍ਹਾਂ ਦੀ ਇਹ ਆਸ ਬਿਲਕੁਲ ਮੁੱਕ ਗਈ ਹੈ ਕਿ ਉਨ੍ਹਾਂ ਦੀ ਜ਼ਿੰਦਗੀ ਵਿਚ ਵੀ ਕਦੇ ਰੌਸ਼ਨੀ ਦੀ ਕਿਰਨ ਆਵੇਗੀ। ਲੋਕੀ ਸੋਚਦੇ ਹਨ ਕਿ ਕਿਹੜੀ ਕੁਰਬਾਨੀ ਉਨ੍ਹਾਂ ਨੇ ਨਹੀਂ ਕੀਤੀ ਜਾਂ ਕਿਹੜੀ ਐਸੀ ਭੁਲ ਹੋ ਗਈ ਜਿਸ ਕਰਕੇ ਉਨ੍ਹਾਂ ਨੂੰ ਇਤਨੇ ਕਸ਼ਟ ਝੱਲਣੇ ਪੈ ਰਹੇ ਹਨ? ਕਿਵੇਂ ਉਹ ਜਿੱਤੀ ਹੋਈ ਬਾਜ਼ੀ ਹਾਰ ਗਏ? ਕੌਣ ਧੋਖਾ ਕਰ ਗਿਆ ਉਨ੍ਹਾਂ ਨਾਲ?ਕੌਣ ਨੇ ਉਹ ਵਿਸ਼ਵਾਸਘਾਤੀ? ਕੀ ਹਸਰਤ ਹੀ ਰਹੇਗੀ ਜਾਂ ਕਦੀ ਉਨ੍ਹਾਂ ਦੀ ਤਾਂਘ ਪੂਰੀ ਵੀ ਹੋਵੇਗੀ? ਕਦੋਂ ਆਵੇਗਾ ਉਹ ਸਵੇਰਾ? ਇਸ ਤਰ੍ਹਾਂ ਦੀ ਸੋਚ ਹਰ ਸਮੇਂ ਲੋਕਾਂ ਨੂੰ ਘੇਰੀ ਰੱਖਦੀ ਹੈ।*

*ਇਸ ਖਿੱਤੇ ਦੀਆਂ ਸਾਰੀਆਂ ਸਮੱਸਿਆਵਾਂ ਦੀ ਜੜ੍ਹ ਇਹ ਚੀਜ਼ ਹੈ ਕਿ ਸੰਨ 1947 ਵਿਚ ਅੰਗਰੇਜ਼ਾਂ ਦੇ ਬਣਾਏ ਹੋਏ ਇਸ ਪਿਛਲੇ ਢਾਂਚੇ ਦੇ ਅਦਾਰਿਆਂ ਅਤੇ ਸਿਸਟਮ ਨਾਲੋਂ ਨਾਤਾ ਨਹੀਂ ਸੀ ਤੋੜਿਆ ਗਿਆ ਤੇ ਇਕ ਨਵੀਂ ਸ਼ੁਰੂਆਤ ਨਹੀਂ ਸੀ ਕੀਤੀ ਗਈ, ਜਿਸ ਖਾਤਰ ਲੋਕਾਂ ਨੇ ਜੱਦੋਜਹਿਦ ਕੀਤੀ ਸੀ। ਇਹ ਕੋਈ ਇਤਫ਼ਾਕੀਆ ਗੱਲ ਨਹੀ ਕਿ ਅੱਜ ਵੀ ਸਾਡੇ ਦੇਸ਼ ਭਗਤਾਂ, ਜਿਨ੍ਹਾਂ ਨੇ ਦੇਸ਼ ਨੂੰ ਫਰੰਗੀਆਂ ਤੋਂ ਆਜ਼ਾਦ ਕਰਾਉਣ ਲਈ ਹਰ ਕੁਰਬਾਨੀ ਦਿੱਤੀ, ਨੂੰ ਉਸੇ ਤਰ੍ਹਾਂ ਦੇ ਤਸੀਹੇ ਅਤੇ ਉਨ੍ਹਾਂ ਉੱਤੇ ਉਸੇ ਤਰ੍ਹਾਂ ਹੀ ਪੂਰੀ ਨਿਗਰਾਨੀ ਰੱਖੀ ਜਾਂਦੀ ਹੈ। ਦੇਸ਼ ਭਗਤਾਂ ਨੇ ਹੀ ਤਾਂ ਲੋਕਾਂ ਨੂੰ ਗੁਲਾਮੀ ਤੋਂ ਆਜ਼ਾਦ ਕਰਵਾਉਣ ਦਾ ਬੀੜਾ ਚੁਕ ਕੇ ਗੁਲਾਮੀ ਦੇ ਸੰਗਲ ਤੋੜੇ ਹੁੰਦੇ ਹਨ। ਆਜ਼ਾਦ ਦੇਸ਼ ਵਿਚ ਉਹਨਾਂ ਲੋਕਾਂ ਦੀਆਂ ਭਾਵਨਾਵਾਂ ਦੀ ਪ੍ਰਤੀਨਿਧਤਾ ਅਤੇ ਉਨ੍ਹਾਂ ਦੇ ਸੁੱਖ ਆਰਾਮ ਦੀ ਗਰੰਟੀ ਕਰਨੀ ਹੁੰਦੀ ਹੈ, ਕੀ ਇਨ੍ਹਾਂ ਦੇਸ਼ਾਂ ਦੇ ਸੰਵਿਧਾਨਾਂ ਵਿਚ ਦੇਸ਼ ਭਗਤਾਂ ਦੇ ਮਸ਼ਵਰੇ ਦਾ ਇਜ਼ਹਾਰ ਕਰਦੀ ਕੋਈ*

*ਅਜਿਹੀ ਧਾਰਾ ਹੈ? ਇਹ ਗੱਲ ਸਾਫ ਤੌਰ ਉੱਤੇ ਜ਼ਾਹਰ ਕਰਦੀ ਹੈ ਕਿ ਹਰ ਕੀਮਤ ਉੱਤੇ ਪੁਰਾਣੇ ਢਾਂਚੇ ਨੂੰ ਬਰਕਰਾਰ ਰੱਖਿਆ ਜਾਵੇ। ਸਾਡੇ ਸ਼ਹੀਦਾਂ ਅਤੇ ਦੇਸ਼ ਭਗਤਾਂ ਨੇ ਕੂਕ ਕੂਕ ਕੇ ਆਪਣੇ ਬਿਆਨਾ ਰਾਹੀਂ ਇਸ ਗੱਲ ਦੀ ਪੁਸ਼ਟੀ ਕੀਤੀ ਹੈ ਕਿ ਅਸੀਂ ਜਿਸ ਸਵੇਰੇ ਲਈ ਲੜਾਈ ਕੀਤੀ ਸੀ ਉਹ ਸਵੇਰ ਨਹੀਂ ਆਈ। ਕੀ ਇਹ ਲੋਕਾਂ ਨਾਲ ਭੱਦਾ ਮਜ਼ਾਕ ਨਹੀਂ ਸੀ? ਜਿਨ੍ਹਾਂ ਦੇਸ਼ ਭਗਤਾਂ ਦੇ ਆਸ਼ੀਰਵਾਦ ਨਾਲ ਇਹ ਸਿਸਟਮ ਚੱਲਣਾ ਚਾਹੀਦਾ ਸੀ ਅੱਜ ਉਨ੍ਹਾਂ ਲੋਕਾਂ ਉੱਤੇ ਦਬਾਅ ਪਾਇਆ ਜਾਂਦਾ ਹੈ ਕਿ ਉਹ ਤਰਸ ਦੇ ਪਾਤਰ ਬਣਨ।*

*ਅੰਗਰੇਜ਼ਾਂ ਦੇ ਬਣਾਏ ਪਿਛਲੇ ਢਾਂਚੇ ਨਾਲੋਂ ਪੂਰੀ ਤਰ੍ਹਾਂ ਨਾਤਾ ਤੋੜੇ ਬਗੈਰ ਇਹ ਲੋਕ ਕਦੇ ਵੀ ਆਪਣਾ ਵਰਤਮਾਨ ਅਤੇ ਭਵਿਖ ਸੁਆਰ ਨਹੀਂ ਸਕਦੇ। ਅੰਗਰੇਜ਼ਾਂ ਦੇ ਬਣਾਏ ਹੋਏ ਪੁਰਾਣੇ ਢਾਂਚੇ ਨੂੰ ਨਾ ਤੋੜਨ ਕਰਕੇ ਹੀ ਇਹ ਲੋਕ ਖੁੰਡੇ ਲੱਗੇ ਹੋਏ ਹਨ। ਅੰਗਰੇਜ਼ਾਂ ਦੇ ਬਣਾਏ ਢਾਂਚੇ ਦੇ ਅਸਰ ਅਤੇ ਬਸਤੀਵਾਦੀਆਂ ਦੇ ਬਣਾਏ ਹੋਏ ਅਦਾਰਿਆਂ ਅਤੇ ਸਿਸਟਮ ਦਾ ਬੋਲਬਾਲਾ ਹੋਣ ਕਰਕੇ ਸਾਊਥ ਏਸ਼ੀਆ ਦੇ ਲੋਕਾਂ ਦੀ ਹਾਲਤ ਬਦ ਤੋਂ ਬਦਤਰ ਹੁੰਦੀ ਜਾ ਰਹੀ ਹੈ। ਲੱਖਾਂ ਲੋਕ ਹਰ ਰੋਜ਼ ਦੁਖੀ ਲੋਕਾਂ ਦੀਆਂ ਲੰਬੀਆਂ ਕਤਾਰਾਂ ਵਿਚ ਸ਼ਾਮਲ ਹੋਈ ਜਾ ਰਹੇ ਹਨ। ਲੋਕ ਜਾਨਣਾ ਚਾਹੁੰਦੇ ਹਨ ਕਿ ਹੁਣ ਇਸ ਢਾਂਚੇ ਨਾਲੋਂ ਪੂਰੀ ਤਰ੍ਹਾਂ ਨਾਤਾ ਤੋੜਨ ਲਈ ਕੀ ਕੰਮ ਕਰਨ ਦੀ ਲੋੜ ਹੈ?*

*ਹਜ਼ਾਰਾਂ ਸਾਲਾਂ ਤੋਂ ਚਲੀ, ਅਤੇ ਵਿਕਸਤ ਹੁੰਦੀ ਆਈ ਹਿੰਦੁਸਤਾਨੀ ਸੋਚ ਅਨੁਸਾਰ ਰਾਜ {ਸਿਟੇਟ ਦਾ ਮੁਖ ਫ਼ਰਜ਼ ਆਪਣੇ ਲੋਕਾਂ ਨੂੰ ਸੁਖੀ ਰੱਖਣਾ ਅਤੇ ਉਨ੍ਹਾਂ ਦੀ ਰਾਖੀ ਕਰਨਾ ਹੈ। ਵੱਖ ਵੱਖ ਜ਼ਮਾਨਿਆਂ ਵਿਚ ਲੋਕਾਂ ਨੇ ਆਪਣੇ ਸੁਖ, ਖ਼ੁਸ਼ਹਾਲੀ ਅਤੇ ਜਾਨ ਮਾਲ ਦੀ ਰਾਖੀ ਨੂੰ ਯਕੀਨੀ ਬਣਾਉਣ ਲਈ ਢੁਕਵੇਂ ਰਾਜ ਹੋਂਦ ਵਿਚ ਲਿਆਂਦੇ। ਰਾਜ ਨੂੰ ਸਥਾਪਤ ਕਰਨ ਪਿੱਛੇ ਸਿਰਫ਼ ਇਕ ਚਾਲੂ ਜਿਹੀ ਸੋਚ ਹੀ ਕੰਮ ਨਹੀਂ ਸੀ ਕਰਦੀ ਸਗੋਂ ਰਾਜ ਦਾ ਗਠਨ ਕਰਨ ਵੇਲੇ ਠੋਸ ਸਥਿਤੀ ਨੂੰ ਧਿਆਨ ਵਿਚ ਰੱਖਿਆ ਜਾਂਦਾ ਸੀ। ਇਸ ਰਾਜ ਦਾ ਜਰੂਰੀ ਤੱਥ ਇਹ ਸੀ ਕਿ ਰਾਜ ਦੀਆਂ ਸਾਰੀਆਂ ਹੀ ਗਤੀਵਿਧੀਆਂ ਦਾ ਮਕਸਦ ਲੋਕਾਂ ਦੀ ਖ਼ੁਸ਼ਹਾਲੀ ਤੇ ਰਾਖੀ ਦਾ ਖਿਆਲ ਰੱਖਣਾ ਹੁੰਦਾ ਸੀ। ਇਹ ਸਮਾਜ ਜਮਾਤਾਂ ਵਿਚ ਵੰਡ ਦੇ ਅਧਾਰ ਤੇ ਜਾਂ ਕਬੀਲਿਆਂ ਵਿਚ ਵੰਡ ਦੇ ਅਧਾਰ ਤੇ ਬਣੇ ਹੋਏ ਸਮਾਜ ਸਨ। ਲਾਜ਼ਮੀ ਹੈ ਕਿ ਇਸ ਤਰ੍ਹਾਂ ਦੇ ਸਮਾਜ ਅੰਦਰ ਅਜੇਹੇ ਅਨਸਰ ਵੀ ਜ਼ਰੂਰ ਹੋਣਗੇ ਜੋ ਲੋਕਾਂ (ਪਰਜਾ) ਦੇ ਸੁਖ ਤੇ ਖ਼ੁਸ਼ਹਾਲੀ ਨੂੰ ਖ਼ਤਰਾ ਪੈਦਾ ਕਰ ਸਕਦੇ ਸਨ। ਪਰ ਇਕ ਗੱਲ ਪੱਕੀ ਲਗਦੀ ਹੈ ਕਿ ਇਸ ਤਰ੍ਹਾਂ ਦੇ ਰਾਜ ਵਿਚ ਵਸਦੀ ਪਰਜਾ ਦਾ ਰੁਤਬਾ ਸਰਬ ਉੱਚ ਸੀ। ਪ੍ਰਭੂਸੱਤਾ ਦੀ ਮਾਲਕ ਇਹ ਪਰਜਾ ਆਪਣੀ ਸਰਬਉੱਚ ਤਾਕਤ ਆਪਣੀ ਰਜ਼ਾਮੰਦੀ ਨਾਲ ਕਿਸੇ ਵੀ ਪ੍ਰਤੀਨਿਧ ਦੇ ਹਵਾਲੇ ਨਹੀਂ ਸੀ ਕਰਦੀ। ਪਰਜਾ ਦੀ ਤਾਕਤ ਏਨੀ ਸੀ ਕਿ ਜੇ ਕੋਈ ਰਾਜ ਲੋਕਾਂ ਦੇ ਸੁਖ ਤੇ ਰਾਖੀ ਦਾ ਖਿਆਲ ਨਹੀਂ ਰੱਖਦਾ ਤਾਂ ਲੋਕ ਆਪਣੀ ਸਰਬਉੱਚ ਤਾਕਤ ਦੇ ਜ਼ੋਰ ਰਾਜੇ ਨੂੰ ਤਖ਼ਤੋਂ ਲਾਹ ਕੇ ਇਸ ਸਥਿਤੀ ਦਾ ਅੰਤ ਕਰ ਦਿੰਦੇ ਸਨ। ਰਾਜ ਦਾ ਕੰਮ ਲੋਕਾਂ ਨੂੰ ਸੁਖ ਦੇਣਾ ਤੇ ਉਨ੍ਹਾਂ ਦੀ ਰਾਖੀ ਕਰਨਾ ਸੀ। ਇਹ ਰਾਖੀ ਕੁਦਰਤ ਦੀਆਂ ਤਾਕਤਾਂ ਕੋਲੋਂ, ਬਾਹਰਲੇ ਹਮਲਾਵਰਾਂ ਤੋਂ, ਅਤੇ ਅੰਦਰੂਨੀ ਸਵਾਰਥੀ ਹਿਤਾਂ ਤੋਂ ਸੀ।*

*ਸਾਊਥ ਏਸ਼ੀਆ ਦੀ ਰਾਜ ਵਿਵਸਥਾ ਦੇ ਪਿਛਲੇ ਪੰਜਾਹ ਸਾਲਾਂ ਦੇ ਤਜਰਬੇ ਦੀ ਜੇ ਗਹੁ ਨਾਲ ਪੜਚੋਲ ਕਰੀਏ ਅਤੇ ਵੇਦਾਂ, ਮਹਾਂਭਾਰਤ ਕਾਲ, ਸ਼ਾਸਤਰ੍ਹਾਂ, ਆਇਨੇਅਕਬਰੀ ਦੇ ਜ਼ਮਾਨੇ, ਅਤੇ ਹਿੰਦੁਸਤਾਨ ਦੀ ਆਜ਼ਾਦੀ ਦੀ ਪਹਿਲੀ ਜੰਗ ਵੇਲੇ ਬਹਾਦਰ ਸ਼ਾਹ ਜ਼ਫ਼ਰ ਦੇ ਫਰਮਾਨਾਂ ਨੂੰ ਧਿਆਨ ਵਿਚ ਰੱਖੀਏ ਤਾਂ ਦੋ ਗੱਲਾਂ ਸਾਹਮਣੇ ਆਉਂਦੀਆਂ ਹਨ। ਪਹਿਲੀ ਗੱਲ ਇਹ ਸਪੱਸ਼ਟ ਹੁੰਦੀ ਹੈ ਕਿ ਪਿਛਲੇ ਪੰਜਾਹ ਸਾਲਾਂ ਤੋਂ ਜਿਸ ਰਾਹ ਤੇ ਚੱਲਿਆ ਗਿਆ ਹੈ ਇਹ ਇਕ ਬਿਲਕੁਲ ਅਜੀਬ ਰਾਹ ਹੈ ਜੋ ਜੁਗਾਂ ਜੁਗਾਂਤਰ੍ਹਾਂ ਤੋਂ ਚਲਦੀ ਤੇ 1857 ਤੱਕ ਵਿਕਸਤ ਹੋਈ ਹਿੰਦੁਸਤਾਨੀ ਰਾਜਨੀਤਕ ਸੋਚ ਅਤੇ ਰਾਜਨੀਤੀ ਕਲਾ ਦੇ ਬਿਲਕੁਲ ਉਲਟ ਹੈ। ਦੂਸਰੀ ਗੱਲ ਇਹ ਨਿੱਖਰ ਕੇ ਸਾਹਮਣੇ ਆਉਂਦੀ ਹੈ ਕਿ ਸਾਊਥ ਏਸ਼ੀਆ ਵਿਚ ਜੁਗਾਂ ਜੁਗਾਂਤਰ੍ਹਾਂ ਤੋਂ ਰਾਜ ਦੇ ਕਰਤਵਾਂ ਦਾ ਜੋ ਸੰਕਲਪ ਚਲਦਾ ਆ ਰਿਹਾ ਸੀ, ਸਾਊਥ ਏਸ਼ੀਆ ਦੀਆਂ ਸਾਰੇ ਮੌਜੂਦਾ ਰਾਜ, ਸਿਧਾਂਤਕ ਅਤੇ ਅਮਲੀ ਤੌਰ ਤੇ ਇਸ ਸੰਕਲਪ ਦੇ ਬਿਲਕੁਲ ਉਲਟ ਚੱਲ ਕੇ ਬਣਾਏ ਗਏ ਹਨ। ਇਕ ਸਰਸਰੀ ਨਜ਼ਰ ਮਾਰਿਆਂ ਹੀ ਪਤਾ ਲੱਗ ਜਾਂਦਾ ਹੈ ਕਿ ਹਜ਼ਾਰਾਂ ਸਾਲਾਂ ਦੇ ਤਜਰਬੇ ਤੋਂ ਬਣੀ ਹਿੰਦੁਸਤਾਨੀ ਰਾਜਨੀਤਕ ਸੋਚ, ਇਕ ਬਹੁਤ ਵਿਕਸਤ ਸੋਚ ਸੀ। ਪਾਰਲੀਮੈਂਟਰੀ ਜਮਹੂਰੀਅਤ ਅਤੇ ਸਮਾਜਕ ਆਰਥਕ ਸਿਸਟਮ ਦੇ ਸੰਕਟ ਨੂੰ ਹੱਲ ਕਰਨ ਲਈ ਇਸ ਸੋਚ ਨੂੰ ਮੱਦੇ ਨਜ਼ਰ ਰੱਖੇ ਬਗੈਰ ਗੁਜ਼ਾਰਾ ਨਹੀਂ। ਹਿੰਦੁਸਤਾਨੀ ਰਾਜਨੀਤਕ ਸੋਚ ਹਰੇਕ ਜ਼ਮਾਨੇ ਵਿਚ ਰਾਜਕਲਾ ਅਤੇ ਰਾਜ ਵਿਵਸਥਾ ਬਾਰੇ ਚਾਨਣ ਪਾਉਂਦੀ ਰਹੀ ਹੈ। ਖੋਜ ਕਰਨ ਤੋਂ ਪਤਾ ਲਗਦਾ ਹੈ ਕਿ ਗੁਜ਼ਰੇ ਜ਼ਮਾਨਿਆਂ ਦੇ ਹਰੇਕ ਇਤਿਹਾਸਕ ਯੁਗ ਦੇ ਤਜਰਬੇ ਅਤੇ ਵਿਚਾਰ ਵਟਾਂਦਰੇ ਤੋਂ ਸਾਹਮਣੇ ਆਈ ਸੋਚ ਸਮੱਗਰੀ ਸਦੀਆਂ ਤੱਕ ਸਾਂਭੀ ਜਾਂਦੀ ਰਹੀ ਹੈ ਤੇ ਵੇਲੇ ਵੇਲੇ ਦੀਆਂ ਜ਼ਰੂਰਤਾਂ ਅਨੁਸਾਰ ਇਸ ਅੰਦਰ ਤਬਦੀਲੀਆਂ ਕਰਕੇ ਇਸ ਨੂੰ ਵਰਤਿਆ ਜਾਂਦਾ ਰਿਹਾ ਹੈ। ਹੁਣ ਵੀ, ਜੇ ਮੌਜੂਦਾ ਸਮੇਂ ਦੀ ਸਥਿਤੀ ਨੂੰ ਲੋੜ ਅਨੁਸਾਰ ਇਸ ਵਿਚ ਲੋੜੀਂਦੀ ਤਬਦੀਲੀ ਕਰਕੇ ਇਸ ਸੰਕਲਪ ਅਤੇ ਸੋਚ ਉੱਤੇ ਚੱਲਿਆ ਜਾਵੇ ਤਾਂ ਇਹ ਮੌਜੂਦਾ ਸਿਆਸੀ ਤੇ ਆਰਥਕ ਸੰਕਟ ਨੂੰ ਹੱਲ ਕਰਨ ਵਿਚ ਜ਼ਰੂਰ ਹਿੱਸਾ ਪਾਏਗੀ। ਇਹ ਗੱਲ ਕਹੀ ਜਾ ਸਕਦੀ ਹੈ ਕਿ 26 ਜਨਵਰੀ 1950 ਵਿਚ ਲਾਗੂ ਕੀਤੇ ਗਏ ਹਿੰਦੁਸਤਾਨੀ ਸੰਵਿਧਾਨ ਦੇ ਜੋ ਡਾਇਰੈਕਟਿਵ ਪ੍ਰਿੰਸੀਪਲਜ਼ ਜਾਂ ਸੇਧ ਦੇਣ ਵਾਲੇ ਅਸੂਲ ਹਨ ਉਹ ਰਾਜ ਦੇ ਕਰਤਵਾਂ ਨੂੰ ਲੱਗਭੱਗ ਉਸੇ ਹੀ ਤਰ੍ਹਾਂ ਪੇਸ਼ ਕਰਦੇ ਹਨ ਜਿਵੇਂ ਮੁੱਦਤਾਂ ਤੋਂ ਚਲੀ ਆਉਂਦੀ ਹਿੰਦੁਸਤਾਨੀ ਰਾਜਨੀਤਕ ਸੋਚ ਦੱਸਦੀ ਹੈ, ਭਾਵੇਂ ਕਿ ਇਹ ਆਇਰਸ਼ ਸੰਵਿਧਾਨ ਤੋਂ ਨਕਲ ਕੀਤੇ ਗਏ ਹਨ। ਪਰੰਤੂ, ਇਹ ਅਸੂਲ ਸਿਰਫ਼ ਸੇਧ ਦੇਣ ਵਾਲੇ ਅਸੂਲ ਹੀ ਹਨ, ਸਿਰਫ਼ ਨੀਤੀ ਉਦੇਸ਼ ਹਨ ਜਿਨ੍ਹਾਂ ਨੂੰ ਪੂਰਾ ਵੀ ਕੀਤਾ ਜਾ ਸਕਦਾ ਸੀ ਤੇ ਨਜ਼ਰ ਅੰਦਾਜ਼ ਵੀ ਕੀਤਾ ਜਾ ਸਕਦਾ ਸੀ। ਇਨ੍ਹਾਂ ਸੇਧਕ ਅਸੂਲਾਂ ਦੀ ਬਹੁਤ ਵੱਡੀ ਖ਼ਾਮੀ ਇਹ ਹੈ ਕਿ ਇਨ੍ਹਾਂ ਦੇ ਪਿਛੇ ਇਕ ਪ੍ਰਭੂਸੱਤਾ ਦੇ ਮਾਲਕ ਲੋਕਾਂ ਦਾ ਜ਼ੋਰ ਨਹੀਂ ਜੋ ਯਕੀਨੀ ਬਣਾਉਂਦਾ ਹੋਵੇ ਕਿ ਜੇ ਕੋਈ ਸਰਕਾਰ ਇਨ੍ਹਾਂ ਸੇਧਕ ਅਸੂਲਾਂ ਨੂੰ ਪੂਰਾ ਕਰਨ ਲਈ ਕਾਰਵਾਈ ਨਹੀਂ ਕਰਦੀ ਤਾਂ ਉਸ ਸਰਕਾਰ ਦਾ ਤਖ਼ਤਾ ਪਲਟ ਦਿਤਾ ਜਾਵੇ। ਸਵਾਲ ਇਹ ਉੱਠਦਾ ਹੈ ਕਿ ਸਾਊਥ ਏਸ਼ੀਆ ਦੇ ਲੋਕਾਂ ਦੇ ਸੁੱਖ ਅਤੇ ਰਾਖੀ ਦੀ ਗਰੰਟੀ ਸੰਵਿਧਾਨਾਂ ਵਿਚ ਕਿਉਂ ਨਹੀਂ ਲਿਖੀ ਗਈ?*

*ਹਿੰਦੁਸਤਾਨ ਦੇ ਸਿਆਸੀ ਖੇਤਰ ਵਿਚ ਮੌਜੂਦ ਸਾਰੇ ਹੀ ਅਦਾਰੇ 1947 ਤੋਂ ਪਹਿਲਾਂ ਦੇ ਚਲੇ ਆ ਰਹੇ ਹਨ ਤੇ 1947 ਤੋਂ ਬਾਅਦ ਹੋਰ ਮਜ਼ਬੂਤ ਕੀਤੇ*

*ਗਏ ਹਨ। ਹਿੰਦੁਸਤਾਨ ਦਾ ਇਹ ਸਾਰਾ ਸਿਆਸੀ ਢਾਂਚਾ ਇਸ ਵੇਲੇ ਪੂਰੀ ਤਰ੍ਹਾਂ ਸੰਕਟਗ੍ਰਸਤ ਹੈ। ਇਸ ਦੀ ਵਜ੍ਹਾ ਕੀ ਹੈ? ਕੀ ਇਸ ਸੰਕਟ ਦੀ ਵਜ੍ਹਾ ਇਹ ਹੈ ਕਿ ਸਿਸਟਮ ਤਾਂ ਠੀਕ ਠਾਕ ਹੈ ਪਰ ਕੁਝ ਬੇਈਮਾਨ ਅਤੇ ਕੁਰੱਪਟ ਬੰਦੇ ਇਸ ਨੂੰ ਗਲਤ ਢੰਗ ਨਾਲ ਵਰਤ ਰਹੇ ਹਨ? ਇਹ ਠੀਕ ਹੈ ਕਿ ਹਿੰਦੁਸਤਾਨ ਵਿਚ ਬੇਈਮਾਨ ਤੇ ਕੁਰੱਪਟ ਬੰਦੇ ਮੌਜੂਦ ਹਨ ਪਰ ਇਸ ਤਰ੍ਹਾਂ ਦੀ ਦਲੀਲ ਤੋਂ ਇਹ ਪਤਾ ਨਹੀਂ ਲਗਦਾ ਕਿ ਸਿਆਸੀ ਸਿਸਟਮ ਸੰਕਟਗ੍ਰਸਤ ਕਿਉਂ ਹੈ? ਦਰਅਸਲ, ਕੈਨੇਡਾ, ਬਰਤਾਨੀਆਂ, ਯੂ. ਐਸ. ਏ. ਅਤੇ ਹੋਰ ਸਾਰੇ ਸੰਸਾਰ ਵਿਚ ਵੀ ਸਿਆਸੀ ਸਿਸਟਮ ਸੰਕਟ ਵਿਚ ਫਸਿਆ ਹੋਇਆ ਹੈ। ਕੀ ਇਨ੍ਹਾਂ ਸਾਰੇ ਸਿਸਟਮਾਂ ਵਿਚ ਕੋਈ ਅਜੇਹੀ ਸਾਂਝੀ ਗੱਲ ਹੈ ਜੋ ਮਸਲੇ ਦੀ ਜੜ੍ਹ ਹੈ? ਕਈ ਵਾਰੀ ਇਹ ਗੱਲ ਸੁਣੀਂਦੀ ਹੈ ਕਿ ਮੁਲਕ ਦੇ ਸੰਵਿਧਾਨ ਅਤੇ ਸਿਆਸੀ ਪ੍ਰਣਾਲੀ ਵਿਚ ਤਾਂ ਕੋਈ ਨੁਕਸ ਨਹੀਂ ਪਰ ਤਾਕਤ ਦੀ ਗੱਦੀ ਤੇ ਬੈਠੇ ਬੰਦੇ ਇਸ ਦੀ ਪਾਲਣਾ ਚੰਗੀ ਤਰ੍ਹਾਂ ਨਹੀਂ ਕਰਦੇ ਜਿਸ ਕਰਕੇ ਲੋਕਾਂ ਦੇ ਹਿਤਾਂ ਦੀ ਪੈਰਵੀ ਨਹੀਂ ਹੁੰਦੀ। ਇਹ ਕਹਿਣ ਦੀ ਕੋਸ਼ਿਸ਼ ਕੀਤੀ ਜਾਂਦੀ ਹੈ ਕਿ ਜੇ ਤਾਕਤ ਦੀ ਗੱਦੀ ਉਤੇ ਚੰਗੇ ਬੰਦੇ ਬੈਠੇ ਹੋਣ ਤਾਂ ਸਿਸਟਮ ਠੀਕ ਠਾਕ ਚੱਲ ਸਕਦਾ ਹੈ। ਪਰ ਸਿਆਸੀ ਸੰਕਟ ਹੋਣ ਦੇ ਅਸਲੀ ਕਾਰਨਾਂ ਦਾ ਇਸ ਤਰ੍ਹਾਂ ਦੀ ਦਿਤੀ ਗਈ ਸਫ਼ਾਈ ਤੋਂ ਵੀ ਕੋਈ ਪਤਾ ਨਹੀਂ ਲਗਦਾ। ਕਿਸੇ ਵੀ ਮੁਲਕ ਦਾ ਸੰਵਿਧਾਨ ਐਵੇ ਸ਼ੁਗਲ ਲਈ ਨਹੀਂ ਬਣਾਇਆ ਜਾਂਦਾ ਅਤੇ ਨਾ ਹੀ ਕੋਈ ਐਹੋ ਜਿਹੀ ਸਿਆਸੀ ਪ੍ਰਣਾਲੀ ਬਣਾਉਂਦਾ ਹੈ ਜੋ ਬਣਾਉਣ ਵਾਲਿਆਂ ਦਾ ਪੱਖ ਨਾ ਪੂਰੇ। 1947 ਵਿਚ ਕਾਇਮ ਰਖਿਆ ਗਿਆ ਇਹ ਢਾਂਚਾ ਅਤੇ 1950 ਵਿਚ ਲਾਗੂ ਕੀਤਾ ਗਿਆ ਸੰਵਿਧਾਨ ਉਸ ਵੇਲੇ ਤਾਕਤ ਦੀ ਤਬਦੀਲੀ ਦੇ ਅਮਲ ਲਈ ਬੜੇ ਢੁਕਵੇਂ ਸਨ। ਜਿਨ੍ਹਾਂ ਨੇ ਇਹ ਤਾਕਤ ਦੇਣੀ ਸੀ ਅਤੇ ਜਿਨ੍ਹਾਂ ਨੇ ਤਾਕਤ ਹਾਸਲ ਕਰਨੀ ਸੀ ਉਨ੍ਹਾਂ ਦੋਹਾਂ ਧਿਰਾਂ ਲਈ ਇਹ ਢਾਂਚਾ ਬੜਾ ਮੁਫ਼ੀਦ ਸੀ।*

*ਜਿਸ ਆਖ਼ਰੀ ਸੁਧਾਰ ਦੀ ਅਸੀਂ ਗੱਲ ਕਰਦੇ ਹਾਂ ਲਾਜ਼ਮੀ ਤੌਰ ਤੇ ਉਸ ਦਾ ਮਤਲਬ ਉਹ ਸੁਧਾਰ ਹੈ ਜੋ ਅਜੇ ਕਰਨਾ ਬਾਕੀ ਹੈ ਉਹ ਹੋਇਆ ਨਹੀਂ, ਅਤੇ ਇਹ ਆਖ਼ਰੀ ਸੁਧਾਰ ਕੀਤਿਆਂ ਹੀ ਸਮਾਜ ਦੀ ਤਰੱਕੀ ਦਾ ਰਾਹ ਖੁੱਲ੍ਹੇਗਾ। ਸਾਊਥ ਏਸ਼ੀਆ ਦੇ ਲੋਕ ਪਿਛਲੇ ਪੰਜਾਹ ਸਾਲ ਦੇ ਅਰਸੇ ਤੋਂ ਲੜਦੇ ਚਲੇ ਆ ਰਹੇ ਹਨ ਕਿ ਇਸ ਸਾਰੇ ਇਲਾਕੇ ਨੂੰ ਰਸਮੀ ਆਜ਼ਾਦੀ ਅਤੇ ਵੰਡ ਦੇ ਦੌਰ ਚੋਂ ਬਾਹਰ ਕੱਢਕੇ ਉਸ ਮੁਕਾਮ ਤੇ ਲਿਆਂਦਾ ਜਾ ਸਕੇ ਜਿਥੇ ਸਾਊਥ ਏਸ਼ੀਆ ਦੇ ਸਾਰੇ ਲੋਕ ਸਹੀ ਤੌਰ ਤੇ ਆਜ਼ਾਦ ਹੋਣ ਅਤੇ ਇਹ ਫੈਸਲਾ ਕਰ ਸਕਣ ਕਿ ਉਹ ਕਿਸ ਤਰ੍ਹਾਂ ਦਾ ਸਿਆਸੀ ਤੇ ਆਰਥਕ ਨਿਜ਼ਾਮ ਸਿਰਜਣਾ ਚਾਹੁੰਦੇ ਹਨ। ਉਨ੍ਹਾਂ ਦੀ ਇਹ ਜੱਦੋਜਹਿਦ ਕਿਸੇ ਅਦਾਰੇ, ਜਾਂ ਸਿਧਾਂਤ, ਜਾਂ ਅਮਲ, ਦੇ ਇਸ ਕਰਕੇ ਖ਼ਿਲਾਫ਼ ਨਹੀਂ ਕਿ ਇਹ ਵਿਦੇਸ਼ੀ ਹਨ। ਬਲਕਿ ਇਹ ਜੱਦੋਜਹਿਦ ਉਸ ਹਰ ਚੀਜ਼ ਦੇ ਖ਼ਿਲਾਫ਼ ਹੈ ਜੋ ਨਿਕੰਮੀ ਬਣ ਚੁਕੀ ਹੈ, ਜੋ ਸਮੇਂ ਦੀ ਹਾਣੀ ਨਹੀਂ ਰਹੀ, ਅਤੇ ਇਹ ਜੱਦੋਜਹਿਦ ਇਸ ਸੋਚ ਦੇ ਵੀ ਖ਼ਿਲਾਫ਼ ਹੈ ਜੋ ਕਹਿੰਦੀ ਹੈ ਕਿ ਐਸ ਵੇਲੇ ਜੋ ਕੁਝ ਮੌਜੂਦ ਹੈ ਠੀਕ ਠਾਕ ਹੀ ਹੈ ਜਾਂ ਇਸ ਤੋਂ ਵੱਧ ਦੀ ਆਸ ਨਹੀਂ ਰੱਖਣੀ ਚਾਹੀਦੀ। ਸਥਿਤੀ ਨਾਲ ਸਮਝੌਤਾ ਕਰਨ ਦੀ ਬਜਾਏ ਲੋਕਾਂ ਨੂੰ ਆਪਣੀਆਂ ਉਮੰਗਾਂ ਤੇ ਤਾਂਘਾਂ ਪੂਰੀਆਂ ਕਰਨ ਲਈ ਹੰਭਲਾ ਮਾਰਨਾ ਚਾਹੀਦਾ ਹੈ। ਉਨ੍ਹਾਂ ਉਮੰਗਾਂ ਤੇ ਤਾਂਘਾਂ ਨੂੰ ਪੂਰੀਆਂ ਕਰਨ ਲਈ ਹੰਭਲਾ ਮਾਰਨਾ ਚਾਹੀਦਾ ਹੈ ਜਿਨ੍ਹਾਂ ਲਈ ਸਾਡੇ ਮਹਾਨ ਸੂਰਬੀਰ ਦੇਸ਼ ਭਗਤਾਂ ਨੇ ਕੰਨਿਆਂ ਕੁਮਾਰੀ ਤੋਂ ਲੈ ਕੇ ਹਿਮਾਲਾ ਦੇ ਪੈਰਾਂ ਵਿਚ ਤਰਾਈ ਤੱਕ, ਉਤਰ ਪੂਰਬ ਦੇ ਚਾਹ ਦੇ ਬਾਗਾਂ ਤੋਂ ਲੈ ਕੇ*

*ਉੱਤਰਪੱਛਮ ਦੇ ਜ਼ਰਖੇਜ਼ ਮੈਦਾਨਾਂ ਤੱਕ, ਆਪਣਾ ਸਭ ਕੁਝ ਕੁਰਬਾਨ ਕਰ ਦਿਤਾ ਸੀ। ਉਸ ਮੁਕਾਮ ਤੇ ਪਹੁੰਚਣਾ ਚਾਹੀਦਾ ਹੈ ਜਿਥੇ ਇਸ ਇਲਾਕੇ ਦੇ ਇਕ ਹਿਸੇ ਦੇ ਲੋਕਾਂ ਦੀ ਖ਼ੁਸ਼ਹਾਲੀ ਬਾਕੀ ਹਿਸਿਆਂ ਦੇ ਲੋਕਾਂ ਦੀ ਖ਼ੁਸ਼ਹਾਲੀ ਨਾਲ ਜੁੜੀ ਹੋਈ ਹੋਵੇ। ਇਸ ਚੀਜ਼ ਨੂੰ ਹਾਸਲ ਕਰਨ ਲਈ ਸਾਊਥ ਏਸ਼ੀਆ ਦੇ ਲੋਕਾਂ ਨੂੰ ਬਹੁਤ ਹੀ ਫਰਾਖ਼ਦਿਲ ਬਣਨ ਦੀ ਜ਼ਰੂਰਤ ਹੈ। ਇਕ ਪਾਸੇ, ਉਨ੍ਹਾਂ ਨੂੰ ਹਰ ਖੇਤਰ ਵਿਚ ਸਾਰੇ ਸੰਸਾਰ ਦੇ ਤਜਰਬੇ ਨੂੰ ਜਾਂਚ ਕੇ ਉਹ ਚੀਜ਼ ਚੁਣਨ ਦੀ ਲੋੜ ਹੈ ਜੋ ਬਹੁਤ ਆਧੁਨਿਕ ਅਤੇ ਸਾਰਿਆਂ ਲਈ ਲਾਭਕਾਰੀ ਹੋਵੇ। ਦੂਸਰੇ ਪਾਸੇ, ਲੋਕਾਂ ਨੂੰ ਇਹ ਗੱਲ ਹਮੇਸ਼ਾਂ ਯਾਦ ਰੱਖਣੀ ਚਾਹੀਦੀ ਹੈ ਕਿ ਮੌਜੂਦਾ ਸਥਿਤੀ ਨੂੰ ਖ਼ਤਮ ਕੀਤੇ ਬਗੈਰ ਉਨ੍ਹਾਂ ਦਾ ਗੁਜ਼ਾਰਾ ਨਹੀਂ। ਜਿਥੇ ਸੰਸਾਰ ਦੇ ਸਾਰੇ ਮੁਲਕਾਂ ਨੂੰ ਨਵੀਨੀਕਰਣ ਦੀ ਲੋੜ ਹੈ ਉਥੇ ਇਹੋ ਲੋੜ ਸਾਊਥ ਏਸ਼ੀਆ ਦੇ ਸਾਰੇ ਮੁਲਕਾਂ ਨੂੰ ਹੋਰ ਵੀ ਜਿਆਦਾ ਹੈ। ਆਪੋ ਆਪਣੇ ਮੁਲਕਾਂ ਦਾ ਨਵੀਨੀਕਰਣ ਕਰਕੇ ਭਾਵ ਸਾਰੇ ਸੰਸਾਰ ਦੇ ਹੁਣ ਤੱਕ ਦੇ ਤਜਰਬੇ ਅਤੇ ਖ਼ੁਦ ਆਪਣੇ ਤਜਰਬੇ ਨੂੰ ਸਾਹਮਣੇ ਰੱਖ ਕੇ ਇਕ ਨਵੀਂ ਸ਼ੁਰੂਆਤ ਕਰਨ ਨਾਲ ਸਾਰੇ ਸੰਸਾਰ ਦੇ ਨਵੀਨੀਕਰਣ ਵਿਚ ਹਿੱਸਾ ਵੀ ਪਵੇਗਾ ਅਤੇ ਸਾਰੇ ਲੋਕਾਂ ਦੀ ਖੁਸ਼ਹਾਲੀ ਤੇ ਇਕ ਪੱਕੀ ਮੋਹਰ ਵੀ ਲੱਗੇਗੀ।'*

ਪਿਛਲੇ ਤਿਨ ਚਾਰ ਦਹਾਕਿਆਂ ਵਿਚ, ਖ਼ਾਸ ਤੌਰ ਤੇ ਹਰਿਮੰਦਰ ਸਾਹਿਬ ਉਤੇ ਹਿੰਦੁਸਤਾਨੀ ਫੌਜ ਦੇ ਹਮਲੇ ਅਤੇ ਪੰਜਾਬ ਵਿਚ ਹੋਈ ਕਤਲੋਗਾਰਤ ਬਾਅਦ, ਰਾਜ ਦੇ ਫਰਜ਼ ਬਾਰੇ, ਪਰਜਾ ਦੀ ਪ੍ਰਭੁਸੱਤਾ ਬਾਰੇ, ਮਨੁੱਖੀ ਹੱਕਾਂ ਬਾਰੇ, ਪੰਜਾਬੀ ਸਿਆਸੀ ਸੇਧ ਅਤੇ ਇਸ ਦੀ ਲੋੜ ਬਾਰੇ ਚੜ੍ਹਦੇ ਅਤੇ ਲਹਿੰਦੇ ਪੰਜਾਬ ਵਿਚ ਜ਼ਰਾ ਗੱਲ ਚੱਲੀ ਹੈ ਤੇ ਹੁਣ ਪੰਜਾਬੀ ਦਰਸ਼ਨ ਦੀ ਸਿਆਸੀ ਸੇਧ ਲਈ ਕੁੱਝ ਚੁਨੌਤੀਆਂ ਇਹ ਦੱਸਦੀਆਂ ਹਨ ਕਿ ਅੱਜ ਦੇ ਹਾਲਾਤ ਵਿਚ ਪਰਜਾ ਕਿਸ ਤਰ੍ਹਾਂ ਆਪਣੀ ਖ਼ੁਸ਼ਹਾਲੀ ਅਤੇ ਰੱਖਵਾਲੀ ਯਕੀਨੀ ਬਣਾ ਸਕਦੀ ਹੈ? ਅੱਜ ਦੇ ਹਾਲਾਤ ਵਿਚ ਕਿਸ ਤਰ੍ਹਾਂ ਦੇ ਰਾਜਤੰਤ੍ਰ ਦੀ ਲੋੜ ਹੈ? ਪਰਜਾ ਰਾਜ ਕਿਸ ਤਰ੍ਹਾਂ ਕਾਇਮ ਕੀਤਾ ਜਾ ਸਕਦਾ ਹੈ? ਸਾਰਿਆਂ ਦੇ ਹੱਕਾਂ ਦੀ ਰਾਖੀ ਕਿਸ ਤਰ੍ਹਾਂ ਹੋ ਸਕਦੀ ਹੈ? ਪੰਜਾਬੀ ਸਿਆਸੀ ਸੇਧ ਦੇ ਵਿਕਾਸ ਲਈ ਇਹ ਸਵਾਲ ਹੁਣ ਜੁਆਬ ਮੰਗਦੇ ਹਨ।

# ਹੱਕ ਅਤੇ ਫ਼ਰਜ਼

ਜਿਵੇਂ ਕਿ ਅਸੀਂ ਪਹਿਲਾਂ ਦੇਖ ਚੁਕੇ ਹਾਂ ਰਿਗਵੇਦ ਵਿਚ ***ਰਿਤਮ*** ਇਕ ਬ੍ਰਹਿਮੰਡੀ ਅਸੂਲ ਹੈ। ਇਸਦੇ ਅਨੁਸਾਰ ਹੀ ਸਾਰਾ ਆਵਾਗਮਨ (ਹਰੇਕ ਸ਼ੈਅ ਦਾ ਹੋਂਦ ਵਿਚ ਆਉਣਾਂ ਤੇ ਗੁਜ਼ਰ ਜਾਣਾਂ), ਗਤੀ ਅਗਤੀ ਅਤੇ ਮਾਇਆ(ਕੁਦਰਤ ਅਤੇ ਸਮਾਜ ਦਾ ਸਾਰਾ ਕਾਰੋਬਾਰ) ਚਲਦਾ ਹੈ। ***ਰਿਤਮ*** ਦੇ ਅਨੁਸਾਰ ਹੀ ਅਵਾਗਮਨ ਦਸਦਾ ਹੈ ਕਿ ਸਾਰੀਆਂ ਸ਼ੈਆਂ ਤੇ ਵਾਕਿਆਤ ਆਪਣਾ ਅਸਲਾ ਜ਼ਾਹਰ ਕਰਦੇ ਹਨ, ਆਪਣਾ, ਰੰਗ, ਰੂਪ ਅਤੇ ਸੁਭਾਅ ਬਦਲਦੇ ਰਹਿੰਦੇ ਹਨ ਅਤੇ ਆਪਣੇ ਵਜੂਦ ਦੀ ਛਾਪ ਛੱਡਦੇ ਹੋਏ ਹੋਂਦ ਵਿਚ ਆਉਂਦੇ ਹਨ ਤੇ ਗੁਜ਼ਰ ਜਾਂਦੇ ਹਨ।

ਰਿਗਵੇਦ ਕਹਿੰਦਾ ਹੈ:

*"ਯਾਦੀਮਪ ਹਾਵਾਰਤੇ ਸਾਧਤੇ ਮਾਤੀਰਤਾਸਿਆ ਧੇਨਾ ਅਨਾਅੰਤ ਸਾਸੁਰਤਰਾਤਾਹ"*

*ਰਿਤਮ ਦੀ ਸਿਆਣਪ, ਅਤੇ ਇਸਦੀ ਵਿਆਪਕ ਸੂਝ, ਸਾਡੇ ਮਕਸਦ ਪੂਰੇ ਕਰਦੀ ਹੈ, ਸਾਨੂੰ ਵਜੂਦ ਦਿੰਦੀ ਹੈ।*

*"ਕਵਾ ਰਤਾਮ ਪੁਰਵਯਾਮ ਗਾਤਾਮ ਕਾਸਤਾਦਵਿਭਾਰਤੀ ਨੁਤਾਨੋ ਵਿਤਾਮ ਮੇ ਆਸਿਆ ਰੋਦਸੀ"*

*ਪੁਰਾਣਾ ਰਿਤਮ ਖ਼ਤਮ ਹੋ ਕੇ ਨਵਾਂ ਰਿਤਮ ਵਜੂਦ ਵਿਚ ਕਿਵੇਂ ਆਉਂਦਾ ਹੈ, ਇਸ ਨਵੇਂ ਰਿਤਮ ਦੀ ਵਾਗਡੋਰ ਕਿਹਦੇ ਹੱਥ ਹੈ? ਅਸੀਂ ਇਹ ਸਾਰੀ ਗੱਲ ਜਾਣਨਾ ਚਾਹੁੰਦੇ ਹਾਂ।*

*"ਕਾਦ ਰਤਾਮ ਕਾਦਾਨਰਤਾਮ ਕਵਾ ਪਰਾਤਨਾਆਹੂਤਵਿਰਿਤਮ ਮੇਯ ਆਸਿਆ ਰੋਦਸੀ"*
*ਰਿਤਮ ਕਿਥੇ ਹੈ ਤੇ ਅਨਰਿਤਮ ਕਿਥੇ ਹੈ? ਪੁਰਾਣੀਆਂ ਸ਼ੈਆਂ ਕਿਵੇਂ ਅਲੋਪ ਹੋ ਜਾਂਦੀਆਂ ਨੇ? ਅਸੀਂ ਇਹ ਸਭ ਜਾਣਨਾ ਚਾਹੁੰਨੇ ਆਂ।*

*"ਕਾਦ ਰਤਸਿਆ ਧਾਰਨਸੀ ਕਾਦਵਰੁਨਸਿਆ ਚਕਸ਼ਨਮ"*

*ਰਿਤਮ ਦਾ ਰਾਖਾ ਕਿਥੇ ਹੈ? ਵਰੁਨ ਦੀ ਦੇਖ ਭਾਲ ਕਰਨ ਵਾਲਾ ਕੌਣ ਹੈ।*

*"ਤੈਦੇਵਾਨਮ ਸਾਧਮਾਦ ਆਸਾਨਰਿਤਾਵਾਨਾਹ ਕਾਵਿਯ ਪੁਰਵੇਆਸ਼"*

*ਰਿਤਮ ਅੰਦਰ ਸਾਂਝੇ ਇਕੱਠਾਂ ਵਿਚ ਬੈਠੇ ਹੋਏ ਦੇਵ ਪੁਰਾਣੇ ਕਵੀ ਸਨ।*

*"ਮਾਹੀ ਮਿਤਰਾਸਿਆ ਸਾਧਾਬਸਤਾਰਾਂਤਾ ਪਿਪਰਾਤੀ ਰਿਤਮ। ਪਾਰੀਯਾਗਿਅਮ ਨੀ ਸ਼ੇਦਾਤੂ।"*

***ਧਰਤੀ ਤੇ ਸੂਰਜ,** ਰਿਤਮ **ਦੇ ਅਨੁਸਾਰ ਆਪਣਾਂ ਕਾਰੋਬਾਰ ਕਿਵੇਂ ਕਰੀ ਜਾ ਰਹੇ ਹਨ, ਇਹ ਪਤਾ ਕਰ ਤੇ ਆਪਣੀ ਸੰਤੁਸ਼ਟੀ ਲਈ ਕਰਮ ਕਰ।***

ਰਿਤਮ ਅਨੁਸਾਰ ਹਰ ਸ਼ੈਅ *ਆਵਾਗਮਨ* ਵਿਚ ਮਸਰੂਫ਼ ਹੈ। ਇਸ ਆਵਾਗਮਨ ਵਿਚ ਆਪਣੀ **ਸਵਗੁਰਤਾ**, ਖ਼ੂਬੀ ਅਤੇ ਖ਼ਾਸਿਅਤ ਨੂੰ ਨਿਭਾਉਣਾ ਹੀ ਇਸਦਾ ਵਜੂਦ ਹੈ। ਇਹ ਹੀ ਇਸਦੀ ਹੋਂਦ ਹੈ। ਇਹ ਆਵਾਗਮਨ ਉਲੰਘਿਆ ਨਹੀਂ ਜਾ ਸਕਦਾ ਤੇ ਬਿਲਕੁਲ ਉਲੰਘਣਾਂ ਵੀ ਨਹੀਂ ਚਾਹੀਦਾ। ਇਸ ਵਜੂਦ ਦੀ ਉਲੰਘਣਾਂ ਰਿਤਮ ਦੇ ਖਿਲਾਫ **ਅਨਰਿਤਮ** ਹੈ, ਅਧਰਮ ਹੈ। ਇਸੇ ਲਈ ਕਿਹਾ ਗਿਆ ਹੈ

***ਸਤਿਯਮੇਵ ਜਯਤੇ ਨਾਅਨਰਿਤਮ***

ਰਿਤਮ ਦਾ ਸਤ ਹੀ ਕਾਇਮ ਰਹਿੰਦਾ ਹੈ ਅਨਰਿਤਮ ਨਹੀਂ। ਆਪਣਾਂ ਵਜੂਦ ਕਾਇਮ ਰੱਖਣ ਲਈ ਜੀਵ ਅਤੇ ਹਰ ਸ਼ੈਅ ਆਪਣਾ ਧਰਮ, ਆਪਣੀ ਸਵਗੁਰਤਾ, ਲੋੜ ਤੇ ਖ਼ੂਬੀ, ਜੋ ਇਸਦੇ ਵਜੂਦ ਵਿਚੋਂ ਹੀ ਨਿਕਲਦੇ ਹਨ ਉਨ੍ਹਾਂ ਨੂੰ ਨਿਭਾਉਂਦੇ ਤੇ ਜ਼ਾਹਰ ਕਰਦੇ ਹਨ ਅਤੇ ਪੂਰਾ ਕਰਦੇ ਹਨ।

ਇਨਸਾਨ ਦੀ ਹੋਂਦ ਅਤੇ ਸਮਾਜਿਕ ਜ਼ਿੰਦਗੀ ਵਿਚ ਅਧਿਕਾਰ ਅਤੇ ਫ਼ਰਜ਼ ਉਸ ਦੀ ਹਸਤੀ ਅਤੇ ਲੋੜਾਂ ਤੋਂ ਹੀ ਉਪਜੇ ਹਨ। ਇਹ ਉਸਦੀ ਸਵਗੁਰਤਾ ਅਤੇ ਧਰਮ ਤੋਂ ਬਣੇ ਹਨ। ਉਸ ਦਾ ਇਹ ਗੁਣ ਜਾਂ ਖ਼ਾਸਿਅਤ ਉਸਦੇ ਇਨਸਾਨ ਹੋਣ ਦੇ ਨਾਤੇ ਹੈ। ਇਹ ਹੀ ਉਸ ਦਾ ਧਰਮ ਹੈ। ਇਨਸਾਨ ਦੇ ਹੱਕ ਤੇ ਫਰਜ਼ ਉਸ ਦੀ ਹੋਂਦ ਨਾਲ ਬਣੇ ਅਤੇ ਜੁੜੇ ਹੋਏ ਹਨ। ਇਸ ਸਮਾਜੀ ਜੀਵ ਦਾ ਫ਼ਰਜ਼ ਹੈ ਕਿ ਆਪਣੇ ਹੱਕ ਅਤੇ ਫਰਜ਼ ਪਛਾਣੇ ਤੇ ਉਨ੍ਹਾਂ ਨੂੰ ਅਮਲ ਵਿਚ ਲਿਆਵੇ। ਮਾਨਵ ਧਰਮ ਇਹ ਹੀ ਹੈ। ਇਹ ਹੀ ਉਸਨੂੰ ਕਾਇਮ ਰੱਖਦਾ ਹੈ। ਇਸੇ ਤਰ੍ਹਾਂ ਸਮਾਜ ਦੇ ਸਾਰੇ ਅਦਾਰਿਆਂ ਦਾ ਫਰਜ਼ ਹੈ ਕਿ ਸਮਾਜੀ ਜੀਵ ਲਈ ਉਹ ਹਾਲਾਤ ਪੈਦਾ ਕਰਨ ਜਿਸ ਵਿਚ ਉਹ ਆਪਣੀ ਸਵਗੁਰਤਾ, ਧਰਮ ਅਤੇ ਅਧਿਕਾਰ ਪੂਰੇ ਕਰ ਸਕੇ।

ਇਨਸਾਨਾਂ ਦਾ ਧਰਮ ਇਕ ਲੰਬੀ, ਖ਼ੁਸ਼ਹਾਲ ਤੇ ਆਜ਼ਾਦ ਜ਼ਿੰਦਗੀ ਬਸਰ ਕਰਨਾ ਹੈ ***ਜੀਵਮ ਸ਼ਰਦ ਸ਼ਤਮ*** ਭਾਵ ਅਸੀਂ ਸੌ ਸਾਲ ਲੰਬੀ ਤੇ ਖ਼ੁਸ਼ ਜ਼ਿੰਦਗੀ ਬਸਰ ਕਰੀਏ।

ਇਹ ਉਸਦਾ ਅਧਿਕਾਰ ਵੀ ਹੈ ਤੇ ਫਰਜ਼ ਵੀ। ਸਾਰੀ ਸਮਾਜੀ ਇਨਸਾਨੀ ਹਰਕਤ ਇਸ ਤਰ੍ਹਾਂ ਦੇ ਇਨਸਾਨੀ ਵਜੂਦ ਨੂੰ ਸਥਾਪਤ ਕਰਨ ਲਈ ਹੀ ਹੈ। ਸਮਾਜ ਅਤੇ ਕੁਦਰਤ ਨੂੰ ਇਨਸਾਨਾ ਦੀਆਂ ਜ਼ਰੂਰਤਾਂ ਪੂਰੀਆਂ ਕਰਨ ਦੇ ਕਾਬਲ ਕਰਨਾ ਇਸ ਇਨਸਾਨੀ ਹੋਂਦ ਦੀ ਸੰਤੁਸ਼ਟੀ ਲਈ ਹੀ ਹੈ, ਇਹ ਹੀ ਇਸ ਦਾ ਧਰਮ ਹੈ:

*"ਅਭੀ ਨੋ ਅਗਨੂਕਾਥਮੀਜੁਗੁਰਿਯਾ ਦਵਾਕਸ਼ਮਾ ਸਿੰਧਵਾਚਸ਼ ਸਵਾਗੁਰਥ ਗਾਵਿਯਮ ਯਾਨਤੂ ਦੀਰਘਾਹੀਸ਼ਾਮ ਵਾਰਾਮਰੂਨੀਓ ਵਾਰਰਾਂਤ*
*" ਹੇ ਅਗਨੀ! ਅਸੀਂ ਧਰਤੀ ਤੇ, ਆਕਾਸ਼ ਵਿਚ ਅਤੇ ਪਾਣੀ ਵਿਚ ਹਰ ਪਾਸੇ ਸਰਗਰਮ ਹਾਂ ਤਾਂ ਕਿ ਦੌਲਤ, ਦੁਧ ਅਤੇ ਦਾਣਾਫੱਕਾ ਇਕੱਠਾ ਕਰਕੇ ਅਪਣੀਆਂ ਵਿਅਕਤੀਗਤ ਖ਼ੂਬੀਆਂ (ਸਵਾਗੁਰਤਾ)ਅਨੁਸਾਰ ਇਕ ਲੰਬਾ ਅਤੇ ਖ਼ੁਸ਼ ਜੀਵਨ ਬਤੀਤ ਕਰ ਸਕੀਏ।*

ਇਸ ਦੌਰ ਵਿਚ **ਸਰਵੇ ਜਨਾਹ ਸੁਖੀਨੋ ਭਵੰਤੋ** ਸਾਰੇ ਲੋਕ ਖ਼ੁਸ਼ਹਾਲ ਤੇ ਪ੍ਰਸੰਨ ਰਹਿਣ ਦਾ ਆਦਰਸ਼ ***ਰਿਤਮ*** ਦਾ ਆਦਰਸ਼ ਹੈ। ਇਸਦੇ ਨਾਲ ਨਾਲ ਰਿਗਵੇਦ ਵਿਚ ਇਸ ਗੱਲ ਨੂੰ ਤਸਲੀਮ ਕੀਤਾ ਗਿਆ ਹੈਕਿ ਕਿਉਂਕਿ ਹਰ ਸ਼ੈਅ ਦੀ ਆਪਣੀ ਸਵਗੁਰਤਾ ਜਾਂ ਖ਼ੂਬੀ ਹੈ, ਇਸ ਲਈ ਹਰੇਕ ਇਨਸਾਨ ਇਕ ਦੂਸਰੇ ਨਾਲੋਂ ਭਿੰਨ ਹੈ ਤੇ ਹਰੇਕ ਬੰਦੇ ਦੀਆਂ ਜ਼ਰੂਰਤਾਂ ਵੀ ਵੱਖੋ ਵੱਖਰੀਆਂ ਹਨ। ਇਹ ਵਿਅਕਤੀਆਂ ਦੀ ਸਮਾਨਤਾ ਅਤੇ ਅਸਮਾਨਤਾ ਨੂੰ ਸਮਝਦਾ ਹੈ ਤਾਂਕਿ ਹਰੇਕ ਦੀ ਜ਼ਰੂਰਤ ਪੂਰੀ ਕਰਨ ਦਾ ਬੰਦੋਬਸਤ ਹੋ ਸਕੇ॥

*"ਦੋ ਹੱਥ ਬੇਸ਼ੱਕ ਸਾਮਾਨ ਹਨ*
*ਪਰ ਇਨ੍ਹਾਂ ਦੀ ਬਣਾਈ ਹੋਈ ਸ਼ੈਅ ਸਾਮਾਨ ਨਹੀਂ*
*ਇਕੋ ਮਾਂ ਦੀਆਂ ਜਾਈਆਂ ਗਊਆਂ*
*ਇਕੋ ਜਿਹਾ ਦੁਧ ਨਹੀਂ ਦਿੰਦੀਆਂ*
*ਜੌੜੇ ਬੱਚੇ ਵੀ ਇਕੋ ਜਿਹੇ ਜ਼ੋਰ ਦੇ ਮਾਲਕ ਨਹੀਂ ਹੁੰਦੇ*
*ਬੜੇ ਨੇੜੇ ਦੇ ਰਿਸ਼ਤੇਦਾਰਾਂ ਦੀ ਖ਼ੂਬੀ ਵੀ ਵੱਖੋ ਵੱਖ਼ਰੀ ਹੈ"*

ਲੋੜਾਂ, ਅਧਿਕਾਰਾਂ ਅਤੇ ਫ਼ਰਜ਼ਾਂ ਦੀ ਪੂਰਤੀ ਲਈ ਹੀ ਰਾਜ ਅਤੇ ਰਾਜਾ ਬਣਾਏ ਗਏ ਹਨ। ਰਾਜੇ ਦਾ ਧਰਮ ਇਹ ਸੀ ਕਿ ਹਰੇਕ ਇਨਸਾਨ ਨੂੰ ਆਪਣੇ ਧਰਮ ਤੇ ਚਲਣ ਦੀ ਜ਼ਾਮਨੀ ਦੇਵੇ ਯਾਨੀ ਕਿ ਹਰੇਕ ਇਨਸਾਨ ਆਪਣੀ ਲੋੜ, ਗੁਣ, ਖ਼ੂਬੀ ਅਤੇ ਅਧਿਕਾਰ ਵੀ ਮਾਣੇ ਅਤੇ ਫਰਜ਼ ਵੀ ਪੂਰੇ ਕਰੇ। ਇਸਦੇ ਰਾਹ ਵਿਚ ਜੋ ਵੀ ਔਕੜ ਹੋਵੇ ਉਸਨੂੰ ਦੂਰ ਕਰਨਾ ਹੀ ਰਾਜੇ ਦਾ ਧਰਮ ਸੀ। ਅਧਿਕਾਰਾਂ ਅਤੇ ਫ਼ਰਜ਼ਾਂ ਦਾ ਮਿਸ਼ਰਣ ਹੀ ਹਰੇਕ ਸ਼ੈਅ ਦਾ ਧਰਮ ਹੈ ਅਤੇ ਇਸ ਨੂੰ ਜੋੜਦਾ ਹੈ ਤੇ ਇਹ ਇਕ ਐਸਾ ਗੂੰਦ ਹੈ ਜੋ ਸਮਾਜ ਦੇ ਤਾਣੇਬਾਣੇ ਨੂੰ ਇਕੱਠਾ

ਰੱਖਦਾ ਹੈ, ਇਸ ਦੇ ਵਿਕਾਸ ਅਤੇ ਕਾਰੋਬਾਰ ਨੂੰ ਚਲਾਉਂਦਾ ਹੈ। ਇਸ ਕਰਕੇ ਕਿਹਾ ਗਿਆ ਹੈ ਕਿ ਧਰਮ ਹਰੇਕ ਸ਼ੈਅ ਦਾ ਰਾਖਾ ਹੈ, ਉਸਦੀ ਹੋਂਦ ਅਤੇ ਖਾਸੀਅਤ ਬਰਕਰਾਰ ਰਖਦਾ ਹੈ। ਇਸ ਧਰਮ ਦੇ ਸਿਰ ਤੇ ਹੀ ਇਹ ਜੱਗ ਅਤੇ ਕਾਇਨਾਤ, ਕੁਦਰਤ ਅਤੇ ਸਮਾਜ ਚਲਦੇ ਹਨ। ਹੱਕਾਂ ਅਤੇ ਫ਼ਰਜ਼ਾਂ ਦੇ ਇਸ ਤਵਾਜ਼ਨ ਦੇ ਬਗੈਰ ਸਮਾਜ ਦਾ ਕਾਰੋਬਾਰ ਚੱਲ ਨਹੀਂ ਸਕਦਾ।

ਰਾਜ ਵਿਵਸਥਾ ਦੇ ਬਾਰੇ ਬਾਰ ਬਾਰ ਇਹ ਗੱਲ ਕਹੀ ਗਈ ਹੈ ਕਿ ਸੁੱਖ ਅਤੇ ਰਖ਼ਸ਼ਾ ਪਰਜਾ ਦਾ ਅਧਿਕਾਰ ਇਸ ਲਈ ਹੈ ਕਿਉਂਕਿ ਪਰਜਾ, ਪਰਜਾ ਹੈ। ਇਹ ਹੱਕ ਪਰਜਾ ਦੀ ਹੋਂਦ ਤੋਂ ਹੀ ਨਿਕਲਦਾ ਹੈ। ਪਰਜਾ ਹੀ ਰਾਜੇ ਨੂੰ ਜਨਮ ਦਿੰਦੀ ਹੈ ਤੇ ਪਾਲਦੀ ਹੈ। ਇਹ ਰਾਜੇ ਦੀ ਜ਼ੁੰਮੇਵਾਰੀ ਹੈ ਅਤੇ ਰਾਜ (ਸਟੇਟ)ਦਾ ਫ਼ਰਜ਼ ਹੈ ਕਿ ਪਰਜਾ ਦੇ ਸੁੱਖ ਅਤੇ ਹਿਫ਼ਾਜ਼ਤ ਦੀ ਜ਼ਾਮਨੀ ਦੇਵੇ। ਜੇ ਰਾਜਾ ਆਪਣੇ ਧਰਮ ਦੀ ਪਾਲਣਾਂ ਨਹੀਂ ਕਰਦਾ ਭਾਵ ਪਰਜਾ ਦਾ ਸੁੱਖ ਤੇ ਹਿਫ਼ਾਜ਼ਤ (ਸੁਰੱਖਿਆ), ਖ਼ੁਸ਼ਹਾਲੀ ਅਤੇ ਰਖਵਾਲੀ ਲਈ ਚੰਗੀ ਤਰ੍ਹਾਂ ਕੰਮ ਨਾ ਕਰਦਾ ਹੋਇਆ ਆਪਣਾ ਰਾਜਧਰਮ ਨਹੀਂ ਪਾਲਦਾ ਤਾਂ ਪਰਜਾ ਦਾ ਵੀ ਇਹ ਧਰਮ ਹੈ ਕਿ ਇਹੋ ਜਿਹੇ ਰਾਜੇ ਨੂੰ ਖ਼ਤਮ (ਮਾਰ) ਕਰ ਦੇਵੇ। ਜਿਵੇਂ ਕਿ ਅਸੀਂ ਪਹਿਲਾਂ ਦੇਖ ਚੁਕੇ ਹਾਂ ਰਾਜ (ਸਟੇਟ) ਦੇ ਸੱਤ ਅੰਗ ਦਸੇ ਗਏ ਹਨ, ਸਪਤਅੰਗ । ਇਨ੍ਹਾਂ ਸੱਤਾਂ ਅੰਗਾਂ ਦਾ ਆਪੋ ਆਪਣਾ ਕਾਰੋਬਾਰ ਅਤੇ ਸਾਰਿਆਂ ਦਾ ਸਾਂਝਾ ਕੰਮ ਹੀ ਰਾਜ (ਸਟੇਟ) ਹੈ। ਰਾਜ (ਸਟੇਟ) ਦਾ ਕੰਮ ਆਪਣੇ ਨਾਗਰਿਕਾਂ ਦੀਆਂ ਪਦਾਰਥਕ ਅਤੇ ਸਭਿਆਚਾਰਕ ਜ਼ਰੂਰਤਾਂ ਪੂਰਾ ਕਰਨਾ ਹੈ। ਰਾਜ ਅਤੇ ਰਾਜੇ ਦੇ ਦਰਬਾਰੀਆਂ ਤੇ ਸਲਾਹਕਾਰਾਂ ਦਾ ਮੁਖ ਕੰਮ ਲੋਕਾਂ ਦੀ ਭਲਾਈ ਯਕੀਨੀ ਬਣਾਉਣਾ ਹੈ। ਇਹ ਕਿਸੇ ਦਾ ਕੀਤਾ ਹੋਇਆ ਕੋਈ ਪਰਉਪਕਾਰ, ਰਿਆਇਤ ਜਾਂ ਨਿਵਾਜ਼ਿਸ਼ ਨਹੀਂ, ਕਿਸੇ ਵੀ ਰਾਸ਼ਟਰ ਜਾਂ ਰਾਜਨਗਰੀ ਦੇ ਸ਼ਹਿਰੀਆਂ ਦੇ ਇਹ ਹੱਕ ਹਨ ਜੋ ਸ਼ਹਿਰੀ ਹੋਣ ਦੇ ਤੌਰ ਤੇ ਉਨ੍ਹਾਂ ਦੇ ਹਨ।

ਜੇ ਰਾਜਾ ਆਪਣੇ ਰਾਜ ਧਰਮ ਵਿਚ ਪੂਰਾ ਨਹੀਂ ਉਤਰਦਾ ਸੀ ਤਾਂ ਪਰਜਾ ਦਾ ਇਹ ਧਰਮ ਸੀ, ਉਸਦਾ ਇਹ ਫਰਜ਼ ਅਤੇ ਹੱਕ ਸੀ ਕਿ ਇਹੋ ਜਿਹੇ ਰਾਜੇ ਨੂੰ ਅਤੇ ਉਸਦੇ ਰਾਜ ਨੂੰ ਮੁਕਾ ਦੇਵੇ। ਇਸ ਦੀ ਝਲਕ ਮਹਾਭਾਰਤ ਦੇ ਅਨੁਸ਼ਾਸਨ ਪਰਵ ਵਿਚ ਵੀ ਮਿਲਦੀ ਹੈ ਕਿ

> *'ਪ੍ਰਜਾ ਨੂੰ ਚਾਹੀਦਾ ਹੈ ਕਿ ਉਹ ਉਸ ਰਾਜੇ ਨੂੰ ਕਤਲ ਕਰਨ ਲਈ ਹਥਿਆਰਬੰਦ ਹੋ ਜਾਵੇ, ਜਿਹੜਾ ਉਨ੍ਹਾਂ ਦੀ ਰਾਖੀ ਨਹੀਂ ਕਰਦਾ, ਜਿਹੜਾ ਸਿਰਫ ਉਨ੍ਹਾਂ ਦੀ ਦੌਲਤ ਨੂੰ ਲੁਟਦਾ ਹੈ, ਜਿਹੜਾ ਸੱਭ ਖ਼ਾਸੀਅਤਾਂ ਨੂੰ ਮਿੱਟੀ*

*ਵਿਚ ਮਿਲਾਉਂਦਾ ਹੈ ਜਿਹੜਾ ਉਨ੍ਹਾਂ ਦੀ ਅਗਵਾਈ ਕਰਨ ਦੇ ਕਾਬਲ ਨਹੀਂ ਹੈ ਅਤੇ ਜਿਹੜਾ ਬੇਰਹਿਮ ਹੈ। ਉਹ ਰਾਜਾ ਜਿਹੜਾ ਆਪਣੀ ਪ੍ਰਜਾ ਨੂੰ ਕਹਿੰਦਾ ਹੈ ਕਿ ਉਹ ਉਨ੍ਹਾਂ ਦਾ ਰਖਵਾਲਾ ਹੈ ਪਰ ਜਿਹੜਾ ਉਨ੍ਹਾਂ ਦੀ ਰਾਖੀ ਨਹੀਂ ਕਰਦਾ ਜਾਂ ਰਾਖੀ ਕਰਨ ਦੇ ਕਾਬਲ ਨਹੀਂ ਹੈ, ਪ੍ਰਜਾ ਨੂੰ ਚਾਹੀਦਾ ਹੈ ਕਿ ਉਹ ਉਸ ਰਾਜੇ ਨੂੰ ਕਤਲ ਕਰ ਦੇਵੇ। '*

ਇਸ ਜ਼ਮਾਨੇ ਦੇ ਲੋਕ, ਔਰਤਾਂ ਤੇ ਮਰਦ, ਹਰ ਪਾਸੇ ਪ੍ਰਧਾਨ ਹਨ। ਇਹ ਕੁਦਰਤ ਨੂੰ ਇਨਸਾਨਪ੍ਰਸਤ ਬਣਾ ਚੁਕੇ ਹਨ ਅਤੇ ਕੁਦਰਤ ਇਨ੍ਹਾਂ ਦੀ ਭਲਾਈ ਲਈ ਵਰਤੀ ਜਾ ਰਹੀ ਹੈ। ਇਸ ਤਰ੍ਹਾਂ ਉਸ ਵੇਲੇ ਦਾ ਸਮਾਜ ਹੋਂਦ ਵਿਚ ਆਇਆ ਜਿਸ ਵਿਚ ਇਨਸਾਨ ਪ੍ਰਧਾਨ ਹੈ। ਖਾਣਾਪੀਣਾ, ਆਰਾਮ ਕਰਨਾ, ਔਲਾਦ ਪੈਦਾ ਕਰਨਾ, ਅਤੇ ਰਾਜ(ਸਟੇਟ) ਨੂੰ ਵਜੂਦ ਵਿਚ ਲਿਆਉਣਾ ਉਨ੍ਹਾਂ ਲਈ ਧਰਮ ਹੈ, ਉਨ੍ਹਾਂ ਦਾ ਅਧਿਕਾਰ ਹੈ, ਫ਼ਰਜ਼ ਹੈ। ਰਾਜਾ, ਰਾਜ ਅਤੇ ਸਮਾਜ ਦੇ ਹੋਰ ਅਦਾਰੇ ਇਨਸਾਨੀ ਹਸਤੀ ਨੂੰ ਉਚਾ ਚੁਕਣ ਲਈ ਵਜੂਦ ਵਿਚ ਲਿਆਂਦੇ ਗਏ ਹਨ ਅਤੇ ਇਨਸਾਨੀ ਹਸਤੀ ਦੇ ਭਲੇ ਲਈ ਹੀ ਰਾਜ ਅਤੇ ਸਮਾਜ ਦਾ ਹਰੇਕ ਕੰਮ ਹੁੰਦਾ ਹੈ, ਅਤੇ ਇਹ ਇਨਸਾਨੀ ਹਸਤੀ ਦਾਅਵਾ ਕਰਦੀ ਹੈ:

*"ਪਿਆਰੇ ਆਗੂ, ਸਫ਼ਰ ਲਈ ਚੰਗੀਆਂ ਸੜਕਾਂ, ਸਿਹਤ ਠੀਕ ਰੱਖਣ ਲਈ ਚੰਗੀਆਂ ਦਵਾਈਆਂ ਅਤੇ ਹੋਰ ਚੰਗੇ ਕੰਮ ਕਰਨ ਲਈ ਸਿਆਣਪ ਨਾਲ ਚਲ ਤਾਂ ਕਿ ਅਸੀਂ ਖ਼ੁਸ਼ ਹੋਵੀਏ। "*

ਅਤੇ

*"ਐ ਸਭਾ ਦੇ ਆਗੂ, ਸਾਡੀ ਖ਼ੁਸ਼ੀ ਤੇ ਆਰਾਮ ਯਕੀਨੀ ਬਣਾ ਅਤੇ ਮਾੜੇ ਕੰਮਾਂ ਤੋਂ ਬਾਜ਼ ਰਹਿ। ਸਾਡੇ ਦੁਸ਼ਮਣਾਂ ਅਤੇ ਬੁਰਾਈ ਕਰਨ ਵਾਲਿਆਂ ਨੂੰ ਖ਼ਤਮ ਕਰ। ਸਾਡੇ ਪੇਟ ਲਈ ਵਧੀਆ ਖ਼ੁਰਾਕ ਮੁਹੱਈਆ ਕਰਨ ਵਾਸਤੇ ਤੂੰ ਜੰਗ ਅਤੇ ਪ੍ਰਬੰਧ ਦਾ ਸਾਰਾ ਵਿਗਿਆਨ ਸਿੱਖਕੇ, ਫ਼ੌਜ ਅਤੇ ਸਿਵਲ ਅਦਾਰਿਆਂ ਦੀ ਰਾਖੀ ਕਰ। "*

ਅਤੇ ਇਹ ਵੀ,

*"ਹੇ ਗੁਣੀ ਗਿਆਨੀ ਰਾਜਾ, ਜਿਹੜੇ ਦੂਜਿਆਂ ਦੀਆਂ ਚੀਜ਼ਾਂ ਖੋਂਹਦੇ ਹਨ ਉਨ੍ਹਾਂ ਨੂੰ ਇਸ ਰਾਹੋਂ ਹੋੜਨ ਅਤੇ ਖ਼ਤਮ ਕਰਨ ਲਈ ਇਨ੍ਹਾਂ ਨੂੰ ਸਮਝਾਉਣ ਬੁਝਾਉਣ ਅਤੇ ਸਜ਼ਾ ਦੇਣ ਦਾ ਰਾਹ ਫੜ। ਜਿਹੜੇ ਸਾਡੇ ਲਈ ਮੁਸੀਬਤ ਖੜੀ ਕਰਦੇ ਹਨ, ਜਿਹੜੇ ਦੂਜਿਆਂ ਦਾ ਹੱਕ ਮਾਰਦੇ ਹਨ, ਚੋਰੀ ਕਰਦੇ ਹਨ, ਜਿਹੜੇ ਸਾਡੇ ਮਹਿਮਾਨਾਂ ਨੂੰ ਜ਼ਹਿਰ ਦੇਂਦੇ ਹਨ, ਉਨ੍ਹਾਂ ਦਾ ਨਾਸ ਕਰਨ ਲਈ ਫ਼ੌਜ ਤੇ ਨੀਤੀ ਵਰਤ। ਉਨ੍ਹਾਂ ਦੇ ਸ਼ਹਿਰਾਂ ਵਿਚ ਵੜ ਜਾ। ਅਤੇ*

*ਤੂੰ ਸਾਡੀਆਂ ਵਸਤਾਂ ਅਤੇ ਪੈਦਾ ਕੀਤੀਆਂ ਜਿਣਸਾਂ ਦੀ ਰਾਖੀ ਇਕ ਵਧੀਆ ਸਿਖਾਏ ਹੋਏ ਕੁੱਤੇ ਵਾਂਗ ਕਰ। "*

ਸਾਰਿਆਂ ਦੇ ਸੁਖ, ਸਾਰਿਆਂ ਦੀਆਂ ਲੋੜਾਂ ਪੂਰੀਆਂ ਕਰਨਾ ਹੀ ਸਮਾਜ ਦੀ ਜ਼ੁੰਮੇਵਾਰੀ ਹੈ, ਸਾਰੇ ਸਮਾਜਕ ਅਦਾਰਿਆਂ, ਖ਼ਾਸ ਕਰ ਸਟੇਟ ਦਾ ਤੇ ਮਕਸਦ ਹੀ ਸਾਰਿਆਂ ਦੇ ਭਲੇ ਲਈ ਕੰਮ ਕਰਨਾ ਹੈ। ਸਾਰੇ ਅਦਾਰੇ, ਕਾਨੂੰਨ, ਅਤੇ ਰਸਮੋ ਰਿਵਾਜ ਵੀ ਇਸ ਮਕਸਦ ਦੀ ਪੂਰਤੀ ਲਈ ਹੀ ਹਨ। ਲੋਕਾਂ ਨੂੰ ਇਕ ਦੂਸਰੇ ਨਾਲ ਦੋਸਤੀ ਤੇ ਭਾਈਵੰਦੀ ਨਾਲ ਰਹਿਣ ਅਤੇ ਇਹ ਮੰਤਵ ਹਾਸਲ ਕਰਨ ਦੀ ਨਸੀਹਤ ਹੈ:

*"ਮਧਮੀਤਾਰੋਸ਼ਆਧੀਦਾਈਰਵ ਆਪੋ ਮਾਧ੍ਰਮਾਨੋਭਵਤਵੰਤਰਿਕਸ਼ਮ। ਖਸ਼ੇਤਰਸਿਆ ਪਾਤੀਮਰਧਮਾਂਤੋ ਅਸਤਰਵਸ਼ਿਆਨਤੋ ਅਨਵੇਨਮ ਚਾਰਮ*

"ਸਾਡੀ ਬੋਲਬਾਣੀ ਮਿਠੀ ਹੋਣੀ ਚਾਹੀਦੀ ਹੈ। ਸੂਰਜ, ਆਕਾਸ਼ ਅਤੇ ਪਾਣੀ ਸਾਨੂੰ ਮਿਠੀ ਦੁਆਈ ਦਿੰਦੇ ਹਨ। ਖੇਤਾਂ ਵਿਚ ਅਨਾਜ ਪੈਦਾ ਕਰਨ ਵਾਲੇ ਦੀ ਜ਼ਬਾਨ ਵੀ ਮਿਠੀ ਹੋਵੇ। ਸਾਨੂੰ ਦੂਸਰਿਆਂ ਨਾਲ ਵੀ ਮਿੱਠੇ ਢੰਗ ਨਾਲ ਗਲ ਕਰਨੀ ਚਾਹੀਦੀ ਹੈ। ਸਾਰਿਆਂ ਦਾ ਫ਼ਰਜ਼ ਹੈ ਕਿ ਕੁਦਰਤ ਦੀ ਹਰੇਕ ਸ਼ੈਅ ਤੋਂ ਸਿਖਿਆ ਹਾਸਲ ਕਰਨ ਤੇ ਪਤਾ ਲਾਉਣ ਕਿ ਕੁਦਰਤ ਕਿਵੇਂ ਚਲਦੀ ਹੈ ਤੇ ਇਸ ਇਲਮ ਨੂੰ ਸਾਰਿਆਂ ਦੇ ਭਲੇ ਲਈ ਵਰਤਣ।

ਸਮਾਜ ਦੇ ਸਾਰੇ ਹਿਸਿਆਂ ਨੂੰ ਤਾਗ਼ੀਦ ਕੀਤੀ ਗਈ ਹੈ ਕਿ ਕੁਲ ਸਮਾਜ ਦੇ ਫ਼ਾਇਦੇ ਲਈ ਕੰਮ ਕਰਨ। ਕਿਰਤੀਆਂ ਨੂੰ ਵਧੀਆ ਪੈਦਾਵਾਰ ਕਰਨ ਨੂੰ ਕਿਹਾ ਗਿਆ ਹੈ ਜੋ ਹਰੇਕ ਦੀਆਂ ਜ਼ਰੂਰਤਾਂ ਪੂਰੀਆਂ ਕਰੇ।

*"ਸ਼ੁਨਾਮ ਵਾਹਾ ਸ਼ੁਨਾਮ ਕਰੀਸ਼ਤੂ ਲਾਂਗਾਲਮ। ਸ਼ੁਨਾਮ ਵਾਰਤਾ ਬਾਧਿਆਨਤਾ ਸ਼ੁਨਾਮਸ਼ਤਰਾਮੁਦਿੰਗਿਆ।"*

*ਬੈਲ ਅਤੇ ਹੋਰ ਪਸ਼ੂ ਸਾਨੂੰ ਖ਼ੁਸ਼ੀ ਦਿੰਦੇ ਹਨ ਤੇ ਲੋਕ ਖ਼ੁਸ਼ਹਾਲ ਤੇ ਅਨੰਦਪ੍ਰਸੰਨ ਹੋ ਜਾਂਦੇ ਹਨ। ਸਾਡੇ ਹਲ ਜ਼ਮੀਨ ਨੂੰ ਵਾਹਕੇ ਸਾਨੂੰ ਖ਼ੁਸ਼ ਰੱਖਣ। ਬੈਲਾਂ ਦੇ ਰੱਸੇ ਵੀ ਸਾਨੂੰ ਖ਼ੁਸ਼ ਰੱਖਣ, ਤੇ ਖੇਤੀਬਾੜੀ ਦੇ ਸਾਰੇ ਹੀ ਸੰਦ ਸਾਨੂੰ ਖ਼ੁਸ਼ ਰੱਖਣ।*

*"ਸ਼ੁਨਾਸੀਰਾਵੀਮਾਮ ਵਾਛਾਮ ਜੁਸ਼ੀਥਾਮ ਯਾਦਯੀਵੀ ਚਕਰਥੁਹਪਾਯਾ। ਤਾਨੀਮਾਮੁਪ ਸਿੰਚਾਤਮ।"*

*ਖ਼ੇਤਾਂ ਵਿਚ ਕੰਮ ਕਰਦਾ ਬੰਦਾ ਤੇ ਉਸਦੀ ਔਰਤ ਦੋਵੇਂ ਸਮਝ ਤੇ ਜਾਣਕਾਰੀ ਰੱਖਦੇ ਹਨ ਤੇ ਪਾਣੀ ਦੀ ਅਹਿਮੀਅਤ ਸਮਝਦੇ ਹਨ। ਇਨ੍ਹਾਂ ਖੇਤਾਂ ਨੂੰ ਸਿੰਜ ਕੇ ਜਾਣਕਾਰੀ ਦਾ ਫ਼ਾਇਦਾ ਉਠਾ।*

ਕਾਰੀਗਰ ਅਤੇ ਕਸਬੀ ਬੰਦੇ, ਜੋ ਸੰਦ, ਬਣਾਉਂਦੇ ਹਨ, ਰੱਥ ਅਤੇ ਹਥਿਆਰ ਤਿਆਰ ਕਰਦੇ ਹਨ, ਉਨ੍ਹਾਂ ਦਾ ਇਹ ਫ਼ਰਜ਼ ਹੈ ਕਿ ਆਪਣੀ ਜਾਣਕਾਰੀ ਤੇ ਤਜਰਬੇ ਨੂੰ ਵਰਤਕੇ ਵਧੀਆ ਤੋਂ ਵਧੀਆ ਵਸਤਾਂ ਸਾਰਿਆਂ ਦੇ ਭਲੇ ਲਈ ਤਿਆਰ ਕਰਨ ਅਤੇ ਸੁੱਖ ਵਿਚ ਵਾਧਾ ਕਰਨ। ਤੇ ਉਨ੍ਹਾਂ ਦਾ ਹੱਕ ਹੈ ਕਿ ਆਪਣਾ ਫ਼ਰਜ਼ ਪੂਰਾ ਕਰਨ ਲਈ ਉਨ੍ਹਾਂ ਨੂੰ ਜਿਹੜੀ ਵੀ ਚੀਜ਼ ਚਾਹੀਦੀ ਹੈ ਉਹਦੀ ਮੰਗ ਕਰਨ।

*"ਰੱਥਮ ਯੇ ਚੱਕਰ ਸੁਵਰੰਤਮ ਸੁਚੇਤਾਸੋਵੀਹਾਨਾਰਿਤਮ ਮਾਨਸਸਪਾਰੀ ਧਿਆਇਆ। ਤਮ ਅਨਵਾਸਿਆ ਸਾਵਨਸਿਆ ਪੀਤਾਇ ਆ ਵੋ ਵਾਜਾ ਰਿਭਾਵੋ ਵੈਦਿਯਾਮਸੀ।"*

*ਰੱਥਾਂ ਦੇ ਇਹ ਪਹੀਏ (ਤੂੰ)ਬਹੁਤ ਵਧੀਆ ਤਰੀਕੇ ਨਾਲ ਬਣਾਏ ਹਨ ਤੇ ਉਹ ਕਿਸੇ ਵੀ ਅੜਚਨ ਅੱਗੇ ਰੁਕਣ ਵਾਲੇ ਨਹੀਂ, ਤੂੰ ਇਨ੍ਹਾਂ ਨੂੰ ਬੜੀ ਮੁਹਾਰਤ ਨਾਲ ਬਣਾਇਆ ਹੈ। ਇਸ ਵੱਲ ਹੋਰ ਧਿਆਨ ਦੇਹ ਤੇ ਇਹ ਜਾਣਕਾਰੀ ਅੱਗੇ ਫੈਲਾਅ ਤਾਂ ਕਿ ਹੋਰ ਕੰਮ ਵੀ ਪੂਰੇ ਹੋਣ।*

ਜੀਵਨ ਦੇ ਹਰ ਪਹਿਲੂ ਦੇ ਆਲਮਾਂ ਤੇ ਕਸਬੀ ਲੋਕਾਂ ਦੀ ਜ਼ਿੰਮੇਵਾਰੀ ਹੈ ਕਿ ਹੋਰ ਖੋਜ ਤੇ ਅਧਿਆਨ ਕਰਕੇ ਆਪਣਾ ਹੁਨਰ ਤੇ ਕਾਬਲੀਅਤ ਵਧਾਉਣ ਤਾਂ ਕਿ ਇਨ੍ਹਾਂ ਦੇ ਹੁਨਰ ਤੋਂ ਸਾਰੇ ਸਮਾਜ ਨੂੰ ਲਾਭ ਹੋਵੇ ਕਿਉਂਕਿ ਸਰਬੱਤ ਦੇ ਭਲੇ ਵਿਚ ਹੀ ਉਨ੍ਹਾਂ ਦਾ ਵੀ ਭਲਾ ਹੈ।

*"ਯੁਆਮਸਮਭਿਯਮ ਧਿਸ਼ਨਾਭੀਯਸਪਰੀ ਵਿਦਵਾਨਸੋ ਵਿਸ਼ਵਾ ਨਿਆਰਨੀ ਭੋਜਨਾ। ਦਿਆਮੰਤਮ ਵਜਾਮ ਵਰਿਸ਼ਾਸ਼ੂਸ਼ਮਾਮਯੁਤਮਾਮਾ ਨੋ ਰੇਆਮਰੀਭਾਵਾਸਤਕਸ਼ਾਤਾ ਵਿਆਮ।"*

*ਅਕਲਮੰਦਾ! ਆਪਣੀ ਅਕਲ ਤੇ ਸਿਆਣਪ ਨਾਲ ਸਾਡੇ ਸਾਰਿਆਂ ਲਈ ਖ਼ੁਰਾਕ ਤੇ ਦੌਲਤ ਪੈਦਾ ਕਰ ਤੇ ਆਪਣੀ ਅਕਲ ਤੇ ਇਲਮ ਦੇ ਜ਼ੋਰ ਨਾਲ ਪਤਾ ਲਾ ਕਿ ਸਾਰੇ ਖ਼ੁਸ਼ ਕਿਵੇਂ ਹੋ ਸਕਦੇ ਹਨ।*

*"ਸਾ ਹੀ ਕਰੁਤੂਹ ਮਰਯਾਹ ਸਾਧੂਮਿਰਤਰੋ ਨਾ ਬੁਧਾਦਬੱਤਾਸਿਆ ਰਾਥੀਹ। ਤਾਮ ਮੇਧੇਸ਼ੂ ਪਰਥਮਮ ਦੇਵਾਨਤਰੀਵਿਸ਼ਾਹ ਉਪ ਬਰੁਵਾਤੇ ਦਸਮਮਾਰੀਹ"*

*ਪਰਜਾ ਨੂੰ ਸਭਾ ਦਾ ਆਗੂ ਉਹ ਵਿਅਕਤੀ ਬਣਾਉਣਾਂ ਚਾਹੀਦਾ ਹੈ ਜੋ ਸਾਰਿਆਂ ਦਾ ਮਿਤਰ ਹੋਵੇ, ਜੋ ਅਕਲਮੰਦ ਹੋਵੇ, ਜੋ ਸਾਰਿਆਂ ਦਾ ਭਲਾ ਮੰਗਦਾ ਹੋਵੇ, ਜੋ ਫੌਜ ਦਾ ਵਧੀਆ ਸੈਨਾਪਤੀ ਹੋਵੇ, ਜਿਹਦੇ ਕੋਲ ਬਹੁਤ ਆਹਲਾ ਹਥਿਆਰ ਅਤੇ ਰੱਥ ਹੋਣ।*

*"ਪਰਜਾਵਤਾ ਵਾਚਸਾ ਵਾਹਿਨਰਸਾ ਛੂ ਹੁਵੇ ਨੀ ਸਤਸੀਹ ਦੇਵੈਹਿ। ਵੇਸ਼ੀ ਹੋਤਰਾਮੁਤ ਪੋਤਰਮ ਯਜਾਤਰਾ ਬੋਧੀ ਪ੍ਰਯੰਤਰਾਜਅਨਿਤਾਵੋਸੁਨਮ"*

*ਪਰਜਾ ਦੇ ਆਖੇ ਅਨੁਸਾਰ, ਇਲਮ ਨਾਲ, (ਪਰਜਾ ਲਈ) ਖ਼ੁਸ਼ਹਾਲੀ ਲਿਆ, ਕਿਉਂਕਿ ਸਾਡੇ ਵਾਸਤੇ ਖ਼ੁਸ਼ਹਾਲੀ ਲਿਆਉਣ ਲਈ ਤੇਰੀਆਂ ਲਗਾਤਾਰ ਕੋਸ਼ਿਸ਼ਾਂ ਦੇ ਅਸੀਂ ਬਹੁਤ ਹੀ ਮਸ਼ਕੂਰ ਹਾਂ।*

ਇਸ ਜ਼ਮਾਨੇ ਵਿਚ ਫਰਜ਼ ਅਤੇ ਅਧਿਕਾਰਾਂ ਦੀ ਉਤਪਤੀ ***ਧਰੀ ਜਾਂ ਧਰਮ*** ਵਿਚੋਂ ਹੁੰਦੀ ਹੈ। ਇਸਦਾ ਮਤਲਬ ਇਹ ਹੈ ਕਿ ਮਨੁੱਖ ਦੇ ਅਧਿਕਾਰ ਉਸਦੇ ਵਜੂਦ, ਹਸਤੀ ਅਤੇ ਹੋਂਦ ਕਰਕੇ ਹਨ। ਕੋਈ ਹੋਰ ਇਹ ਹੱਕ ਦੇ ਵੀ ਨਹੀਂ ਸਕਦਾ ਤੇ ਲੈ ਵੀ ਨਹੀ ਸਕਦਾ। ਭਾਵ ਇਹ ਹੈ ਕਿ ਬੰਦੇ ਦੇ ਵਜੂਦ ਕਰਕੇ ਹੀ ਉਸਦੇ ਹੱਕ ਵੀ ਹਨ ਤੇ ਫ਼ਰਜ਼ ਵੀ ਹਨ ਤੇ ਇਹ ਦੋਵੇਂ ਚੀਜ਼ਾਂ ਉਸਦਾ ਧਰਮ ਹਨ ਜਿਸ ਵਿਚ ਹੋਰ ਕਿਸੇ ਦਾ ਦਖ਼ਲ ਨਹੀਂ ਹੋ ਸਕਦਾ। ਇਸ ਕਰਕੇ ਹੀ ਸਵੈਧਰਮ ਅਤੇ ਜਾਤੀ ਧਰਮ ਵੀ ਬਣਦੇ ਹਨ।

ਇਸ ਦੌਰ ਵਿਚ ਇਹ ਖਿਆਲ ਵੀ ਪੈਦਾ ਹੋਇਆ ਕਿ ਕੁਝ ਅਧਿਕਾਰ ਇਨਸਾਨ ਆਪਣੀ ਹੋਂਦ ਦੇ ਨਾਲ ਨਾਲ ਆਪਣੀ ਮੇਹਨਤ ਅਤੇ ਹਿੰਮਤ ਨਾਲ ਵੀ ਹਾਸਲ ਕਰਦਾ ਹੈ ਅਤੇ ਇਸ ਕਰਕੇ ਇਸ ਮੇਹਨਤ ਨਾਲ ਉਹ ਇਸ ਦੇ ਫਲ ਦਾ ਅਧਿਕਾਰੀ ਬਣ ਜਾਂਦਾ ਹੈ। ਇਨਸਾਨ ਦੀ ਮੇਹਨਤ ਦਾ ਫਲ ਉਸਦਾ ਹੱਕ ਅਤੇ ਉਸਦਾ ਅਧਿਕਾਰ ਸਮਝਿਆ ਗਿਆ। ਜਿਵੇਂ ਕਿ ਆਪਣੀ ਮੇਹਨਤ ਨਾਲ ਗੁਰੂ ਤੋਂ ਗਿਆਨ ਹਾਸਲ ਕਰਨ ਦਾ ਅਧਿਕਾਰੀ ਸ਼ਾਗਿਰਦ ਹੈ। ਗੁਰੂ ਕਈ ਤਰ੍ਹਾਂ ਦੇ ਇਮਤਿਹਾਨ ਲੈਂਦਾ ਹੈ ਤੇ ਸ਼ਾਗਿਰਦ ਉਨ੍ਹਾਂ ਇਮਤਿਹਾਨਾਂ ਰਾਹੀਂ, ਆਪਣੀ ਮੇਹਨਤ ਰਾਹੀਂ ਆਪਣੇ ਆਪ ਨੂੰ ਗੁਰੂ ਤੋਂ ਗਿਆਨ ਹਾਸਲ ਕਰਨ ਦਾ ਅਧਿਕਾਰੀ ਬਣਾਉਂਦਾ ਹੈ। ਮਹਾਭਾਰਤ ਵਿਚ ਦ੍ਰੋਣਾਚਾਰਿਯਾ ਆਪਣੇ ਸਾਰੇ ਹੀ ਚੇਲਿਆਂ ਦੀ ਪਰੀਖਿਆ ਲੈਂਦਾ ਹੈ ਅਤੇ ਅਰਜਨ ਨੂੰ ਖ਼ਾਸ ਵਿਦਿਆ ਦਾ ਅਧਿਕਾਰੀ ਸਮਝਦਾ ਹੈ। ਇਕਲਵਿਯਾ ਆਪਣੀ ਮੇਹਨਤ ਨਾਲ ਹੀ ਆਪਣੇ ਆਪ ਨੂੰ ਇਸ ਖ਼ਾਸ ਵਿਦਿਆ ਦਾ ਅਧਿਕਾਰੀ ਸਮਝਦਾ ਹੈ। ਉਸਨੇ ਇਹ ਹੱਕ ਆਪਣੀ ਮੇਹਨਤ ਅਤੇ ਭਗਤੀ ਨਾਲ ਲਿਆ ਹੈ। ਕਠੋਪਨਿਸ਼ਦ ਦੇ ਵਿਚ ਨਚੀਕੇਤ ਜਮਰਾਜ ਦੇ ਘਰ ਜਾਂਦਾ ਹੈ। ਜਮਰਾਜ ਉਸ ਦੀ ਕਈ ਤਰ੍ਹਾਂ ਨਾਲ ਪਰੀਖਿਆ ਲੈਂਦਾ ਹੈ ਤੇ ਨਚੀਕੇਤ ਸਭ ਵਿਚ ਪੂਰਾ ਉਤਰਦਾ ਹੈ। ਜਮਰਾਜ ਫਿਰ ਉਸਨੂੰ ਕਹਿੰਦਾ ਹੈ ਕਿ ਹੁਣ ਉਹ ਵਿਦਿਆ ਦਾ ਅਧਿਕਾਰੀ ਹੋ ਗਿਆ ਹੈ। ਇਹ ਉਸਦਾ ਹੱਕ ਬਣ ਗਿਆ ਹੈ।

ਇਸ ਤਰ੍ਹਾਂ ਹਸਤੀ ਅਤੇ ਹੋਂਦ ਦੇ ਨਾਲ ਹੀ ਮੇਹਨਤ ਅਤੇ ਹਿੰਮਤ ਨਾਲ ਅਧਿਕਾਰ ਲੈਣ ਦਾ ਖਿਆਲ ਵੀ ਸਾਹਮਣੇ ਆਇਆ। ਸਮਾਜੀ ਜ਼ਿੰਦਗੀ ਵਿਚ ਇਹ ਗੱਲ ਸਮਝੀ ਜਾਂਦੀ ਸੀ ਕਿ ਮੇਹਨਤ ਕਰਨ ਵਾਲੇ ਦਾ ਉਸਦੀ ਮੇਹਨਤ ਤੇ ਹੱਕ ਹੈ ਪਰ ਸਮਾਜ ਦੇ ਤਾਣੇ ਬਾਣੇ ਨੂੰ ਚਲਾਉਣ ਲਈ ਉਸਦਾ ਫਰਜ਼ ਹੈ ਕਿ ਉਹ ਆਪਣੀ ਮੇਹਨਤ ਦਾ ਇਕ ਹਿੱਸਾ ਸਮਾਜ ਦੇ ਕੰਮ ਲਈ ਲਾਵੇ ਅਤੇ ਰਾਜੇ ਨੂੰ ਦੇਵੇ। ਇਸਨੂੰ ਰਿਣ ਜਾਂ ਬਲੀ ਕਿਹਾ ਜਾਂਦਾ ਸੀ। ਇਹ ਉਨ੍ਹਾਂ ਦਾ ਫਰਜ਼ ਅਤੇ ਹੱਕ ਦੋਨੋਂ ਹੀ ਸੀ। ਇਹ ਉਨ੍ਹਾਂ ਦਾ ਧਰਮ ਸੀ।

ਸਮਾਜ ਦੇ ਵਿਕਾਸ ਵਿਚ ਇਕ ਵਿਸ਼ੇਸ਼ ਮੁਕਾਮ ਤੇ ਪਹੁੰਚ ਕੇ ਕਸ਼ਤਰੀ ਅਤੇ ਬ੍ਰਾਹਮਣ ਰਾਜ ਤੇ ਕਬਜ਼ਾ ਕਰ ਲੈਂਦੇ ਹਨ ਅਤੇ ਸਾਂਝੀ ਪੈਦਾ ਕੀਤੀ ਹੋਈ ਦੌਲਤ ਨੂੰ ਹੜੱਪਣਾ ਅਤੇ ਵਰਤਣਾ ਆਪਣਾ ਹੱਕ ਸਮਝਦੇ ਹਨ। ਜਮਾਤੀ ਰਾਜ ਤਕੜਾ ਹੋ ਜਾਂਦਾ ਹੈ। ਸਮਾਜ ਵਿਚ ਜਿਨ੍ਹਾਂ ਦੇ ਹੱਥ ਵਿਚ ਸਾਰੀ ਤਾਕਤ ਤੇ ਸਾਰੀਆਂ ਸਹੂਲਤਾਂ ਹਨ, ਉਨ੍ਹਾਂ ਦੀ ਨੁਮਾਇੰਦਗੀ ਬ੍ਰਹਾਮਣਵਾਦੀ ਨਿਜ਼ਾਮ ਕਰਦਾ ਹੈ। ਇਥੇ ਆ ਕੇ ਧਰਮ ਦਾ ਮਤਲਬ ਇਹ ਬਣ ਜਾਂਦਾ ਹੈ ਕਿ ਕਰਮ ਕਾਂਡ ਅਤੇ ਕਿਸੇ ਗੈਬੀ ਤਾਕਤਾਂ ਦੀ ਪੂਜਾ ਕਰੋ। ਇਨਸਾਨੀ ਹਸਤੀ ਦੀ ਪਹਿਲੇ ਵੇਲਿਆਂ ਵਾਲੀ ਚੜ੍ਹਤ ਹੁਣ ਨਹੀਂ ਰਹਿੰਦੀ ਤੇ ਧਰਮ ਨੂੰ ਵੀ ਬਾਕੀ ਹਰ ਚੀਜ਼ ਵਾਂਗ ਦੇਵਤਾ ਜਾ ਗੈਬੀ ਸ਼ਕਤੀ ਦੀ ਦੇਣ ਸਮਝਿਆ ਜਾਣ ਲੱਗ ਪੈਂਦਾ ਹੈ। ਸੋ, ਹੁਣ ਇਨਸਾਨੀ ਹਸਤੀ, ਮਨੁੱਖ, ਦਾ ਕਰਤਵ ਇਹ ਹੈ ਕਿ ਗੈਬੀ ਹਸਤੀ ਦੇ ਬਣਾਏ ਹੋਏ ਧਰਮ ਤੇ ਚੱਲੇ ਤੇ ਇਸਦੀ ਦੀ ਪੂਜਾ ਕਰੇ। ਰਿਗਵੇਦ ਦੇ ਜ਼ਮਾਨੇ ਵਾਲੇ ਹੱਕਾਂ ਤੇ ਫ਼ਰਜ਼ਾਂ ਤੇ ਅਧਾਰਤ ਇਨਸਾਨੀ ਧਰਮ ਨੂੰ ਹੁਣ ਜਮਾਤੀ ਰਾਜ ਵਾਲੇ ਸਮਾਜ ਵਿਚ ਕੋਈ ਨਹੀਂ ਪੁੱਛਦਾ, ਹੱਕਾਂ ਲਈ ਕੋਈ ਥਾਂ ਨਹੀਂ ਸਿਰਫ਼ ਫਰਜ਼ ਜਾਂ ਕਰਤੱਵ ਰਹਿ ਜਾਂਦੇ ਹਨ। ਧਰਮ ਹੋਂਦ ਦਾ ਤੱਤ ਸੱਤ ਨਹੀਂ ਬਲਕਿ ਇਕ ਠੋਸੀ ਹੋਈ ਚੀਜ਼ ਬਣ ਜਾਂਦੀ ਹੈ ਤੇ ਸਾਰਿਆਂ ਨੂੰ ਇਸ ਉਤੇ ਚੱਲਣ ਦੀ ਮਜਬੂਰੀ ਹੈ। ਇਸ ਅਵਸਥਾ ਵਿਚ ਜਿਨ੍ਹਾਂ ਕੋਲ ਤਾਕਤ ਅਤੇ ਡੰਡਾ ਹੈ ਉਨ੍ਹਾਂ ਦੇ ਹੀ ਹੱਕ ਹਨ ਬਾਕੀ ਸਾਰਿਆਂ ਦੇ ਸਿਰਫ਼ ਫ਼ਰਜ਼ ਹੀ ਰਹਿ ਗਏ ਹਨ। ਇਸ ਵੇਲੇ ਦੇ ਧਰਮਸ਼ਾਸਤਰ੍ਹਾਂ ਵਿਚ ਬੰਦੇ ਦੇ ਫ਼ਰਜ਼ਾਂ ਦਾ ਤਾਂ ਵਿਸਥਾਰਪੂਰਣ ਵੇਰਵਾ ਹੈ ਪਰ ਹੱਕਾਂ ਦੀ ਸਿਰਫ਼ ਚਲਵੀਂ ਜਿਹੀ ਹੀ ਗੱਲ ਹੈ। ਬੰਦੇ ਦੇ ਸਮਾਜੀ ਫ਼ਰਜ਼ਾਂ ਅਤੇ ਕਰਤੱਵਾਂ ਉਤੇ ਬਹੁਤਾ ਜ਼ੋਰ ਹੈ।

ਵੱਖੋ ਵੱਖ ਸਮੂਹਾਂ ਦੀਆਂ ਜ਼ਿੰਮੇਵਾਰੀਆਂ ਦਾ ਵੀ ਬਥੇਰਾ ਵੇਰਵਾ ਹੈ ਪਰ ਵਿਅਕਤੀਗਤ ਹੱਕਾਂ ਅਤੇ ਸਮੂਹਕ ਹੱਕਾਂ ਦਾ ਕਿਤੇ ਜ਼ਿਕਰ ਤੱਕ ਨਹੀਂ ਕੀਤਾ ਗਿਆ। ਇਹ ਵੇਲਾ ਰਿਗਵੇਦ ਦੇ ਜ਼ਮਾਨਿਆਂ ਦੇ ਧਰਮ ਦੇ ਪਤਨ ਅਤੇ ਬਹੁਗਿਣਤੀ ਲੋਕਾਂ ਦੇ ਹੱਕਾਂ ਦੇ ਪਤਨ ਦਾ

ਵੇਲਾ ਹੈ। ਧਰਮ ਹੁਣ ਜ਼ਿੰਦਗੀ ਦਾ ਹਿੱਸਾ ਨਹੀ ਰਿਹਾ, ਧਰਮ ਦਾ ਅਰਥ ਹੁਣ ਇਹ ਨਹੀਂ ਰਿਹਾ ਕਿ ਇਨਸਾਨ ਦੇ ਵਜੂਦ ਕਰਕੇ ਉਸਦੇ ਦੇ ਅਧਿਕਾਰ ਅਤੇ ਫਰਜ਼ ਹਨ ਤੇ ਇਨ੍ਹਾਂ ਅਧਿਕਾਰਾਂ ਤੇ ਫਰਜ਼ਾਂ ਦੀ ਪੂਰਤੀ ਕਰਨਾ ਹੀ ਬੰਦੇ ਦਾ ਧਰਮ ਹੈ। ਹੁਣ ਧਰਮ ਉਹ ਹੈ ਜੋ ਗੈਬੀ ਤਾਕਤ ਵਿਚੋਂ ਉਪਜਦਾ ਹੈ ਤੇ ਜਿਸਦਾ ਵੇਰਵਾ ਤਾਕਤ ਅਤੇ ਜ਼ੋਰ ਵਾਲੇ ਦੱਸਦੇ ਹਨ ਤੇ ਹਰ ਕੋਈ ਇਸ ਧਰਮ ਤੇ ਚਲਣ ਲਈ ਮਜਬੂਰ ਹੈ, ਪਾਬੰਦ ਹੈ। ਸਮਾਜ ਵਿਚ ਤਾਕਤ ਅਤੇ ਰੁਤਬੇ ਦੇ ਮਾਲਕ, ਇਸ ਗੈਬੀ ਤਾਕਤ ਦੇ ਨਾਂ ਤੇ ਜੋ ਕਹਿੰਦੇ ਹਨ ਉਹੋ ਹੀ ਧਰਮ ਹੈ ਜਿਸਦੇ ਸਹਾਰੇ ਉਹ ਆਪਣੀ ਤਾਕਤ ਅਤੇ ਸਹੂਲਤ ਬਰਕਰਾਰ ਰੱਖਦੇ ਹਨ। ਸਵੈਧਰਮ ਯਾਨੀ ਵਿਅਕਤੀਗਤ ਧਰਮ ਅਤੇ ਜਾਤੀਧਰਮ ਯਾਨੀ ਸਮੂਹਕ ਧਰਮ ਦੀ ਵਰਤੋਂ ਲੋਕਾਂ ਦੇ ਵਿਅਕਤੀਗੱਤ ਅਤੇ ਸਮੂਹਕ ਹੱਕ ਮਾਰਨ ਲਈ ਕੀਤੀ ਜਾਂਦੀ ਹੈ। ਔਰਤਾਂ ਅਤੇ ਸ਼ੂਦਰਾਂ ਨੂੰ  ਤੇ ਪੂਰੇ ਇਨਸਾਨ ਵੀ ਨਹੀਂ ਸਮਝਿਆ ਜਾਂਦਾ। ਉਨ੍ਹਾਂ ਦੀ ਇਨਸਾਨੀ ਹਸਤੀ ਅਤੇ ਉਨ੍ਹਾਂ ਦੇ ਸਮੂਹਾਂ ਦੀ ਤਾਂ ਬਿਲਕੁਲ ਹੀ ਕੋਈ ਕਦਰ ਨਹੀਂ, ਕੋਈ ਸਥਾਨ ਨਹੀਂ। ਉਨ੍ਹਾਂ ਨੂੰ ਬਿਲਕੁਲ ਕੋਈ ਹੱਕ ਹਾਸਲ ਨਹੀਂ। ਉਨ੍ਹਾਂ ਦੇ ਜ਼ਿੰਮੇ ਜ਼ਾਤੀ ਤੇ ਸਮੂਹਕ ਫ਼ਰਜ਼ ਲਾ ਦਿਤੇ ਗਏ ਹਨ ਜਿਨ੍ਹਾਂ ਨੂੰ  ਪਾਲਣਾਂ ਹੀ ਉਨ੍ਹਾਂ ਦਾ ਧਰਮ ਹੈ।

ਮੰਨੂ ਸਮਰਿਤੀ ਵਿਚ ਧਰਮ ਦੇ ਦਾਇਰੇ ਅਤੇ ਖੇਤਰ ਵਿਚ ਆਉਣ ਵਾਲੀਆਂ ਗੱਲਾਂ ਦਾ ਵੇਰਵਾ ਇੰਜ ਹੈ:

*"ਬ੍ਰਹਿਮੰਡ ਦੀ ਉਤਪਤੀ, ਪੂਜਾਪਾਠ ਦਾ ਤਰੀਕਾ, ਬ੍ਰਹਮਚਾਰੀਆਂ ਦੀ ਸਹੁੰ ਚੁਕਣ ਦਾ ਸਾਰਾ ਸਿਲਸਿਲਾ, ਪਵਿਤਰ ਇਸ਼ਨਾਨ ਦੇ ਅਸੂਲ, ਵਿਆਹ ਰਚਾਉਣ ਅਤੇ ਬਲੀ ਦੇਣ ਦੇ ਤਰੀਕੇ, ਅੰਤਮ ਸੰਸਕਾਰ ਦੀਆਂ ਰਸਮਾਂ।*
*ਗੁਜ਼ਾਰਾ ਚਲਾਉਣ ਦੇ ਤਰੀਕੇ, ਵੇਦਾ ਦੇ ਗਿਆਨੀਆਂ ਨੂੰ  ਸਹੁੰ ਚੁਕਾਉਣੀ, ਕੀ ਚੀਜ਼ ਖਾਣ ਦੀ ਆਗਿਆ ਹੈ ਤੇ ਕੀ ਨਹੀਂ ਖਾਣਾ, ਇਨਸਾਨਾਂ ਤੇ ਚੀਜ਼ਾਂ ਦੀ ਸ਼ੁਧੀ ਕਰਨੀ।*
*ਔਰਤਾਂ ਨਾਲ ਸਬੰਧਤ ਕਾਨੂੰਨ, ਰਿਸ਼ੀਆਂ ਮੁਨੀਆਂ ਦੀਆਂ ਜ਼ਿੰਦਗੀਆਂ ਨਾਲ ਸਬੰਧਤ ਕਾਨੂੰਨ, ਰੂਹਾਨੀ ਮੁਕਤੀ, ਸੰਸਾਰਕ ਜ਼ਿੰਦਗੀ ਤਿਆਗਣ, ਰਾਜੇ ਦੇ ਫ਼ਰਜ਼, ਮੁਕੱਦਮਿਆਂ ਦੇ ਫ਼ੈਸਲੇ।*
*ਗਵਾਹਾਂ ਨਾਲ ਜਿਰਾਹ ਕਰਨ ਦੇ ਤਰੀਕੇ, ਪਤੀਪਤਨੀ ਦੇ ਆਪਸੀ ਸਬੰਧਾਂ ਨੂੰ  ਚਲਾਉਣ ਵਾਲੇ ਕਾਨੂੰਨ, ਪਿਤਾਪੁਰਖੀ ਜਇਦਾਦ ਦਾ ਬਟਵਾਰਾ ਕਰਨ ਸਬੰਧੀ ਕਾਨੂੰਨ, ਜੂਏਬਾਜ਼ੀ ਬਾਰੇ ਕਾਨੂੰਨ, ਜਿਹੜੇ ਬੰਦੇ ਸਮਾਜ ਦੇ ਆਖੇ ਨਹੀਂ ਲਗਦੇ ਉਨ੍ਹਾਂ ਨਾਲ ਸਿੱਝਣ ਲਈ ਕਾਨੂੰਨ, ਵੈਸ਼ਾਂ ਅਤੇ ਸ਼ੂਦਰਾਂ ਦੇ ਚਾਲਚਲਣ, ਮਿਲਗੋਭਾ ਜਾਤੀਆਂ ਦੀ ਉਤਪਤੀ, ਸਦਮੇ ਦੇ ਮੌਕਿਆਂ ਉਤੇ ਚਾਰੇ ਜਾਤੀਆਂ ਲਈ ਕਾਨੂੰਨ।*
*ਬੰਦੇ ਦੇ ਕਰਮਾਂ ਦੇ ਸਿਟੇ ਵਜੋਂ ਭੋਗਣੀਆਂ ਪੈਂਦੀਆਂ ਜੂਨਾਂ, ਰੂਹਾਨੀ ਭਲਾਈ, ਕਰਮਾਂ ਦੀ ਚੰਗਿਆਈ ਬੁਰਾਈ, ਕਿਸੇ ਵਿਸ਼ੇਸ਼ ਮੁਲਕਾਂ ਦੇ ਕਾਨੂੰਨ, ਵਿਸ਼ੇਸ਼*

*ਜ਼ਾਤਾਂ ਦੇ ਕਾਨੂੰਨ, ਆਦਿਵਾਸੀ ਤੇ ਕਬਾਇਲੀ ਲੋਕਾਂ ਲਈ ਕਾਨੂੰਨ। " ਇਹ ਸਾਰੇ ਕੰਮ ਧਰਮ ਦੇ ਦਾਇਰੇ ਵਿਚ ਦੱਸੇ ਗਏ ਹਨ।*

*ਯਗਿਆਵਾਲਕਿਆ ਸਮਰਿਤੀ ਵਿਚ ਇਸ ਵਿਚ ਹੋਰ ਗੱਲਾਂ ਵੀ ਸ਼ਾਮਲ ਕਰ ਦਿਤੀਆਂ ਗਈਆਂ ਹਨ, "ਸ਼ਰੂਤੀ ਤੇ ਸਮਰਿਤੀ, ਨੇਕੀ ਕਰਨੀ, ਜਿਹੜੀ ਗੱਲ ਕਿਸੇ ਨੂੰ ਚੰਗੀ ਲਗਦੀ ਹੋਵੇ, ਤੇ ਇਰਾਦੇ ਦੀ ਪਕਿਆਈ ਵਿਚੋਂ ਉਪਜੀ ਇਛਾ, ਇਹ ਸਾਰੀਆਂ ਗੱਲਾਂ ਧਰਮ ਦਾ ਸਰੋਤ ਹਨ। ਇਸਦੇ ਇਲਾਵਾ ਬਲੀ, ਰਸਮਾਂ ਰਿਵਾਜ ਕਰਨੇ, ਆਪਾ ਕੰਟਰੋਲ ਕਰਨਾ, ਅਹਿੰਸਕ ਦਾਨ ਦੇਣਾ, ਵੇਦਾਂ ਦੀ ਪੜ੍ਹਾਈ ਆਦਿ ਸੱਭ ਤੋਂ ਵੱਡਾ ਧਰਮ ਹੈ। ਜੋਗ ਦੇ ਜ਼ਰੀਏ ਖ਼ੁਦੀ ਨੂੰ ਪਾਉਣਾਂ ਹੀ ਧਰਮ ਹੈ।*
*ਵੇਦਾਂ ਅਤੇ ਧਰਮ ਦੇ ਗਿਆਤਾ ਚਾਰ ਬੰਦੇ, ਜਾਂ ਉਹ ਜੋ ਸਿਰਫ਼ ਤਿੰਨ ਵੇਦ ਹੀ ਜਾਣਦੇ ਹਨ, ਇਕ ਅਦਾਲਤ ਹਨ। ਇਹ ਅਦਾਲਤ ਜੋ ਵੀ ਕਹਿ ਦੇਵੇ ਉਹੋ ਹੀ ਧਰਮ ਹੈ ਤੇ ਜੇ ਸਿਰਫ਼ ਇਕ ਬੰਦਾ ਹੀ ਹੈ ਜੋ ਵੇਦਾਂ ਦਾ ਮਾਹਰ ਹੈ ਤਾਂ ਉਹਦਾ ਕਿਹਾ ਹੀ ਧਰਮ ਹੈ। "*

ਮਨੂ ਦੇ ਕਹਿਣ ਅਨੁਸਾਰ ਹਰੇਕ ਯੁਗ ਵਿਚ ਧਰਮ ਵੀ ਭਿੰਨ ਹੈ। ਹਰੇਕ ਯੁਗ ਦਾ ਆਪਣਾ ਹੀ ਧਰਮ ਹੈ।

*"ਕਰੀਤਾ ਯੁਗ ਵਿਚ ਬੰਦਿਆਂ ਲਈ ਜੋ ਧਰਮ ਹੈ, ਤਰੇਤਾ ਯੁਗ ਵਿਚ ਉਹ ਨਹੀਂ ਬਲਕਿ ਹੋਰ ਹੈ। ਇਸੇ ਤਰ੍ਹਾਂ ਦਵਾਪਰ ਯੁਗ ਵਿਚ ਧਰਮ ਹੋਰ ਹੈ ਤੇ ਕਲਯੁਗ ਵਿਚ ਹੋਰ। ਹਰ ਯੁਗ ਵਿਚ ਜਿਵੇਂ ਜਿਵੇਂ ਹਾਲਾਤ ਹੋਰ ਵਿਗੜਦੇ ਜਾਂਦੇ ਹਨ ਧਰਮ ਵੀ ਬਦਲਦਾ ਜਾਂਦਾ ਹੈ। "*

ਮਹਾਂਭਾਰਤ ਦੇ ਜ਼ਮਾਨੇ ਤੱਕ ਪਹੁੰਚਦੇ ਪਹੁੰਚਦੇ ਧਰਮ ਦਾ ਆਧਾਰ ਵਰਨ ਆਸ਼ਰਮ ਬਣ ਜਾਂਦਾ ਹੈ ਜਿਸਦੇ ਮੁੱਖ ਹਿਸੇ ਹਨ ਜਾਤੀਧਰਮ ਅਤੇ ਸਵੈਧਰਮ। ਮਹਾਂਭਾਰਤ ਦੇ ਸ਼ਾਂਤੀਪਰਵ ਅਤੇ ਅਨੁਸ਼ਾਸਨ ਪਰਵ ਵਿਚ ਇਨ੍ਹਾਂ ਦਾ ਵਰਨਣ ਬੜੇ ਵਿਸਥਾਰ ਨਾਲ ਕੀਤਾ ਗਿਆ ਹੈ। ਜਾਤੀ ਧਰਮ ਦੇ ਹੋਰ ਵਿਸਥਾਰ ਲਈ ਆਉ ਇਕ ਦਫ਼ਾ ਫੇਰ ਮਨੂਸਮਰਿਤੀ ਵੱਲ ਨਜ਼ਰ ਮਾਰੀਏ:

*"ਇਸ ਸਾਰੀ ਕਾਇਨਾਤ ਨੂੰ ਬਣਾਈ ਰੱਖਣ ਲਈ ਮਹਾਪੁਰਖ ਨੇ ਆਪਣੇ ਮੂੰਹ, ਬਾਹਵਾਂ, ਪੱਟਾਂ ਅਤੇ ਪੈਰਾਂ ਵਿਚੋਂ ਪੈਦਾ ਕੀਤੀਆਂ ਹੋਈਆਂ ਵੱਖੋ ਵੱਖ ਜਾਤੀਆਂ ਨੂੰ ਵੱਖੋ ਵੱਖ ਜ਼ੁੰਮੇਵਾਰੀਆਂ ਦਿਤੀਆਂ (ਇਥੇ ਮਨੂ ਰਿਗਵੇਦ ਦੇ ਪਰੁਸ਼ਸੁਕਤਾ ਦੀ ਗੱਲ ਕਰ ਰਿਹਾ ਹੈ) ਪੁਰਸ਼ਾ ਨੇ ਬ੍ਰਾਹਮਣਾਂ ਨੂੰ ਪੂਜਾਪਾਠ, ਦਾਨਪੁੰਨ ਦੇ ਲੈਣ ਦੇਣ ਅਤੇ ਪੜ੍ਹਾਈਲਿਖਾਈ ਦਾ ਕੰਮ ਸੌਂਪਿਆ। ਕਸ਼ੱਤਰੀਆਂ ਨੂੰ ਦੌਲਤ ਦਾ ਦਾਨ ਕਰਨ, ਪੜ੍ਹਨਲਿਖਣ, ਅਨੰਦਵਿਲਾਸ ਤੋਂ ਦੂਰ ਰਹਿਣ ਅਤੇ ਲੋਕਾਂ ਦੀ ਰਾਖੀ ਦਾ ਕੰਮ ਸੰਭਾਲਿਆ। ਵੈਸ਼ਿਆ ਜਾਤੀ ਨੂੰ ਪਸ਼ੂਪਾਲਣ, ਖੇਤੀ ਬਾੜੀ, ਵਪਾਰ, ਸ਼ਾਹੂਕਾਰਾ ਅਤੇ ਦਾਨਪੁੰਨ ਦੀਆਂ ਜ਼ੁਮੇਵਾਰੀਆਂ ਦਿਤੀਆਂ ਗਈਆਂ। ਸ਼ੂਦਰਾਂ ਦੇ ਲਈ ਮਹਾਂਪੁਰਖ ਨੇ ਸਿਰਫ਼ ਇਕੋ ਜ਼ਿੰਮੇਵਾਰੀ ਇਹ ਲਾਈ ਕਿ ਉਪਰਲੀਆਂ ਤਿੰਨਾਂ ਹੀ ਜ਼ਾਤੀਆਂ ਦੀ ਬਗੈਰ ਕਿਸੇ ਗਿਲੇ ਸ਼ਿਕਵੇ ਦੇ ਪੂਰੀ ਪੂਰੀ ਸੇਵਾ ਕਰਨ। ਮਨੁੱਖੀ ਸਰੀਰ ਦੇ ਧੁੰਨੀ ਤੋਂ ਉਪਰਲੇ ਭਾਗ ਨੂੰ ਹੇਠਲੇ ਹਿਸੇ ਨਾਲੋਂ ਪਵਿਤਰ ਗਿਣਿਆ ਗਿਆ*

*ਹੈ। ਇਸ ਕਰਕੇ ਮਹਾਂਪੁਰਖ ਦਾ ਮੂੰਹ, ਸਰੀਰ ਦਾ ਸੱਭ ਤੋਂ ਪਵਿਤਰ ਹਿਸਾ ਹੈ। ਤੇ ਬ੍ਰਾਹਮਣ, ਕਿਉਂਕਿ ਮਹਾਂਪੁਰਖ ਦੇ ਸੱਭ ਤੋਂ ਵਧੀਆ ਅਤੇ ਪਵਿਤਰ ਹਿਸੇ ਵਿਚੋਂ ਪੈਦਾ ਹੋਇਆ ਅਤੇ ਵੇਦਾਂ ਦਾ ਗਿਆਤਾ ਹੈ, ਇਸ ਕਰਕੇ ਸਾਰੀ ਕਾਇਨਾਤ ਦਾ ਧਰਮ ਦੱਸਣ ਵਾਲਾ ਉਹੋ ਹੀ ਹੈ। "*

ਸੋ, ਅਸੀਂ ਵੇਖ ਸਕਦੇ ਹਾਂ ਕਿ ਰਿਗਵੇਦ ਦੇ ਵੇਲੇ ਦੇ ਰਿਤਮ ਅਤੇ ਧਰਮ ਵਿਚ ਅਤੇ ਮਨੂਸਮਰਿਤੀ ਵੇਲੇ ਦੇ ਧਰਮ ਵਿਚ ਬੜਾ ਫ਼ਰਕ ਆ ਚੁਕਾ ਹੈ। ਮਨੂ ਸਮਰਿਤੀ ਦੇ ਜ਼ਮਾਨੇ ਵਿਚ ਆ ਕੇ ਜ਼ਾਤੀ ਅਤੇ ਸਮਾਜੀ ਜੀਵਨ ਵਿਚ ਧਰਮ ਬੰਦੇ ਦੀਆਂ ਜ਼ਿੰਮੇਵਾਰੀਆਂ ਅਤੇ ਅਧਿਕਾਰਾਂ ਦੇ ਮੇਲ ਦਾ ਨਾਮ ਨਹੀਂ ਰਿਹਾ। ਮਨੁੱਖ ਦੀਆਂ ਜ਼ੁਮੇਵਾਰੀਆਂ ਦਾ ਵੇਰਵਾ ਬੜਾ ਖ੍ਹੋਲ ਕੇ ਦਿਤਾ ਗਿਆ ਹੈ ਪਰ ਅਧਿਕਾਰਾਂ ਦਾ ਕਿਤੇ ਜ਼ਿਕਰ ਤੱਕ ਨਹੀਂ ਕੀਤਾ ਗਿਆ। ਹਰੇਕ ਜਾਤੀ ਦੇ ਜ਼ਿੰਮੇ ਲਾਏ ਗਏ ਕੰਮ ਨੂੰ ਪੂਰਾ ਕਰਨਾ ਜਾਤੀਧਰਮ ਹੈ ਅਤੇ ਜਾਤੀ ਦੇ ਅੰਦਰ ਬੰਦੇ ਦੇ ਜ਼ੁੰਮੇ ਲਾਏ ਕੰਮ ਜਾਂ ਫ਼ਰਜ਼ ਨੂੰ ਪੂਰਾ ਕਰਨਾ ਬੰਦੇ ਦਾ ਸਵੈਧਰਮ ਹੈ। ਪਹਿਲੀਆਂ ਤਿੰਨਾ ਜਾਤਾਂ ਨੂੰ ਆਪਣਾ ਜਾਤੀ ਧਰਮ ਨਿਭਾਉਣ ਲਈ ਜੀਵਨ ਦੇ ਚਾਰ ਆਸ਼ਰਮਾਂ ਵਿਚੀਂ ਗੁਜ਼ਰਨ ਦਾ ਹੁਕਮ ਸੀ। ਬ੍ਰਹਮਚਾਰੀ, ਗ੍ਰਹਿਸਤ, ਸਨਿਆਸ ਅਤੇ ਵਣਪ੍ਰਸਤ, ਬੰਦੇ ਦੀ ਜ਼ਿੰਦਗੀ ਦੇ ਚਾਰ ਦੌਰ ਮਿਥੇ ਗਏ ਸਨ। ਯਗਿਆਵਾਲਕਿਆ ਸਮਰਿਤੀ, ਮਨੂ ਸਮਰਿਤੀ, ਅਤੇ ਗ੍ਰਹਿ ਸੂਤਰ, ਵਿਚ ਸਵੈਧਰਮ ਉਤੇ ਬੜਾ ਚਾਨਣ ਪਾਇਆ ਗਿਆ ਹੈ। ਪਹਿਲੇ ਆਸ਼ਰਮ, ਬ੍ਰਹਮਚਾਰੀ, ਮੁਤੱਲਿਕ ਲਿਖਿਆ ਗਿਆ ਹੈ:

*"ਬ੍ਰਹਮਚਾਰੀ ਆਸ਼ਰਮ ਵਿਚ, ਇਕ ਬ੍ਰਾਹਮਣ ਨੂੰ ਗਿਆਰਾਂ ਸਾਲ ਦੀ ਉਮਰ ਵਿਚ, ਇਕ ਖ਼ੱਤਰੀ ਨੂੰ ਬਾਰਾਂ ਸਾਲ ਦੀ ਉਮਰ ਵਿਚ, ਅਤੇ ਇਕ ਵੈਸ਼ ਨੂੰ ਤੇਰਾਂ ਸਾਲ ਦੀ ਉਮਰ ਵਿਚ, ਦਾਖ਼ਲ ਹੋਣਾਂ ਚਾਹੀਦਾ ਹੈ। "*

ਸੋ ਜੀਵਨ ਦੇ ਪਹਿਲੇ ਹਿਸੇ ਵਿਚ ਬੰਦਾ ਵਿਦਿਆ ਹਾਸਲ ਕਰੇ, ਦੂਸਰੇ ਵਿਚ ਘਰਗ੍ਰਹਿਸਥੀ ਅਤੇ ਸਮਾਜ ਦੇ ਮੁਆਮਲੇ ਚਲਾਵੇ, ਤੀਸਰੇ ਵਿਚ ਸਨਿਆਸ ਲਵੇ ਤੇ ਵਣਾਂ ਨੂੰ ਚਲਾ ਜਾਵੇ। ਇਸ ਤਰ੍ਹਾਂ ਮਨੁੱਖ ਦੇ ਜ਼ਿੰਮੇ ਲਾਈਆਂ ਗਈਆਂ ਜ਼ਿੰਮੇਵਾਰੀਆਂ ਦਾ ਥਾਂ ਥਾਂ ਵੇਰਵਾ ਹੈ ਪਰ ਅਧਿਕਾਰਾਂ ਬਾਰੇ ਬਿਲਕੁਲ ਕੋਈ ਜ਼ਿਕਰ ਨਹੀਂ।

ਮਹਾਭਾਰਤ ਦੇ ਸਮੇ ਤੀਕ ਅਧਿਕਾਰ ਅਤੇ ਹੱਕ ਇਕ ਲੰਮਾ ਸਫਰ ਤੈਅ ਕਰ ਚੁਕੇ ਹਨ। ਮਿਸਾਲ ਦੇ ਤੌਰ ਤੇ ਦੁਰਯੋਧਨ ਕੌਰਵਾਂ ਦਾ ਵੱਡਾ ਪੁਤ ਹੁਣ ਕਰਕੇ ਰਾਜ ਗੱਦੀ ਤੇ ਆਪਣਾ ਅਧਿਕਾਰ ਸਮਝਦਾ ਸੀ ਜਿਸ ਤੋਂ ਉਸਨੂੰ ਹਾਲਾਤ ਨੇ ਵਾਂਝੇ ਕਰ ਦਿਤਾ ਹੈ। ਉਹ ਇਸ ਨੂੰ ਆਪਣਾ ਅਧਿਕਾਰ ਧਿਰਤਰਾਸ਼ਟ੍ਰ ਦਾ ਵੱਡਾ ਪੁਤ ਹੋਣ ਕਰਕੇ ਸਮਝਦਾ ਹੈ, ਆਪਣੀ ਹੋਂਦ ਤੋਂ ਹੀ ਸਮਝਦਾ ਹੈ। ਯੁਧਿਸ਼ਟਰ ਦਾ ਰਾਜ ਗੱਦੀ ਤੇ

ਹੱਕ ਵੀ ਉਸਦੇ ਵੱਡੇ ਹੋਣ ਕਰਕੇ ਹੀ ਉਸਦੀ ਹੋਂਦ ਤੋਂ ਹੀ ਸਮਝਿਆ ਜਾਂਦਾ ਹੈ।

ਬ੍ਰਾਹਮਣਵਾਦ ਦੇ ਇਸ ਕਰਮ ਕਾਂਡ ਅਤੇ ਧੌਂਸ ਦੇ ਖਿਲਾਫ, ਜਿਸ ਵਿਚ ਅਧਿਕਾਰਾਂ ਅਤੇ ਹੱਕਾਂ ਦੀ ਜਗ੍ਹਾ ਸਿਰਫ ਫਰਜ਼ ਤੇ ਹੀ ਜ਼ੋਰ ਸੀ, ਛਿਨਭੰਗੁਰਵਾਦੀ, ਜੈਨੀ, ਬੋਧੀਆਂ, ਚਾਰਵਾਕ, ਦੇਹਆਤਮਵਾਦੀਆਂ ਨੇ ਆਵਾਜ਼ ਉਠਾਈ ਅਤੇ ਬਗਾਵਤ ਕੀਤੀ। ਪੰਜਾਬ ਵਿਚ ਬੁਧ ਮੱਤ ਅੱਗ ਵਾਂਗ ਫੈਲ ਗਿਆ। ਇਨ੍ਹਾਂ ਸਾਰਿਆਂ ਮੱਤਾਂ ਨੇ ਬ੍ਰਾਹਮਣਵਾਦ ਦੀ ਸਾਰੀ ਵਿਵਸਥਾ ਦੀ ਨਿਖੇਧੀ ਕੀਤੀ ਅਤੇ ਇਕ ਵਾਰ ਫਿਰ ਮਨੁੱਖ ਨੂੰ ਸਮਾਜ ਅਤੇ ਇਤਿਹਾਸ ਸਿਰਜਣ ਲਈ ਕੇਂਦਰ ਬਿੰਦੂ ਵਿਚ ਲੈ ਆਂਦਾ। ਇਕ ਵਾਰ ਫਿਰ ਧਰਮ ਨੂੰ ਅਧਿਕਾਰਾਂ ਅਤੇ ਫਰਜ਼ਾਂ ਦਾ ਸੁਮੇਲ ਬਨਾਉਣ ਦੀ ਕੋਸ਼ਿਸ਼ ਕੀਤੀ। ਇਸ ਦੌਰ ਵਿਚ ਖ਼ਾਸ ਤੌਰ ਤੇ ਜ਼ਮੀਰ ਦੇ ਹੱਕ ਦੀ ਬਹੁਤ ਹੀ ਪੈਰਵੀ ਕੀਤੀ ਗਈ। ਇਨਸਾਨ ਦੀ ਆਸਥਾ, ਵਿਸ਼ਵਾਸ, ਭਾਵਨਾ, ਸ਼ਰਧਾ ਅਤੇ ਭਗਤੀ ਨੂੰ ਉਸਦਾ ਜੱਦੀ ਹੱਕ ਮੰਨਿਆ ਗਿਆ ਜਿਸ ਤੇ ਕਿਸੇ ਦੀ ਵੀ ਧੌਂਸ ਨਹੀਂ ਚਲ ਸਕਦੀ। ਇਹ ਧੌਂਸ ਭਾਵੇਂ ਰਾਜੇ ਦੀ ਹੋਵੇ ਜਾਂ ਬ੍ਰਾਹਮਣ ਦੀ। ਉਸਦੇ ਜ਼ਮੀਰ ਦੇ ਹੱਕ ਨੂੰ ਬਹੁਤ ਹੀ ਅਹਿਮੀਅਤ ਦਿਤੀ ਗਈ। ਪਰ ਤਕਰੀਬਨ ਇਕ ਹਜ਼ਾਰ ਸਾਲ ਦੇ ਬਾਅਦ ਬ੍ਰਾਹਮਣਵਾਦ ਇਕ ਬਾਰ ਫਿਰ ਹਾਵੀ ਹੋ ਗਿਆ।

ਬ੍ਰਾਹਮਣਵਾਦ ਦੀ ਦੁਬਾਰਾ ਚੜ੍ਹਤ ਅਤੇ ਮੁੱਲਾਂਸ਼ਾਹੀ ਦੇ ਕਾਇਮ ਹੋਣ ਦੇ ਬਾਅਦ ਨਾਥ ਪੰਥੀਆਂ, ਸਨਿਆਸੀਆਂ ਅਤੇ ਹੋਰ ਜੋਗੀਆਂ ਨੇ ਵੀ ਇਸ ਦੌਰ ਵਿਚ ਜ਼ਮੀਰ ਦੇ ਹੱਕ ਲਈ ਆਵਾਜ਼ ਉਠਾਈ। ਇਹ ਸਿਲਸਿਲਾ ਇਕ ਵਕਤ ਵਿਚ ਇਕ ਵੱਡੀ ਲਹਿਰ ਬਣ ਗਿਆ ਜਿਸਨੂੰ ਭਗਤੀ ਲਹਿਰ ਵੀ ਕਿਹਾ ਜਾਂਦਾ ਹੈ। ਭਗਤਾਂ, ਸੂਫ਼ੀਆਂ, ਸੰਤਾਂ, ਪੀਰਾਂ ਅਤੇ ਗੁਰੂਆਂ ਨੇ ਬ੍ਰਾਹਮਣਵਾਦ, ਮੁਲਾਂਸ਼ਾਹੀ ਅਤੇ ਰਾਜ ਦੀ ਧੌਂਸ ਦੇ ਖਿਲਾਫ ਜ਼ਬਰਦਸਤ ਆਵਾਜ਼ ਉਠਾਈ ਅਤੇ ਲੋਕਾਂ ਨੂੰ ਇਨ੍ਹਾਂ ਦੇ ਖਿਲਾਫ ਜਾਗਣ ਅਤੇ ਉਠਣ ਲਈ ਆਪਣੀ ਅਸਲੀਅਤ ਪਹਿਚਾਣਨ ਲਈ ਵੰਗਾਰਿਆ। ਇਨਸਾਨ ਦੇ ਜ਼ਮੀਰ ਦੇ ਹੱਕ, ਵਿਸ਼ਵਾਸ, ਭਗਤੀ, ਸ਼ਰਧਾ, ਪ੍ਰੇਮ, ਇਸ਼ਕ ਅਤੇ ਨਾਮ ਨੂੰ ਹਰ ਕਿਸਮ ਦੀ ਧੌਂਸ ਦੇ ਖਿਲਾਫ ਇਨਸਾਨ ਦੀ ਹਸਤੀ ਦਾ ਬੁਨਿਆਦੀ ਤੱਤ ਕਰਾਰ ਦਿਤਾ ਗਿਆ। ਭਗਤੀ, ਆਸਥਾ, ਵਿਸ਼ਵਾਸ ਅਤੇ ਭਾਵਨਾ ਨੂੰ ਆਤਮਾ ਅਤੇ ਬ੍ਰਹਮ ਦਾ ਰਾਹ ਹੋਣ ਕਰਕੇ ਹਰ ਤਰੀਕੇ ਦੀ ਧੌਂਸ ਤੋਂ ਆਜ਼ਾਦ ਦੱਸਿਆ ਗਿਆ। ਇਹ ਆਜ਼ਾਦੀ ਆਤਮਾ ਅਤੇ ਬ੍ਰਹਮ ਦੇ ਵਜੂਦ ਦੀ ਆਜ਼ਾਦੀ ਹੈ ਜਿਹੜੀ ਮਨੁੱਖੀ ਹੋਂਦ ਵੀ ਹੈ। ਇਹ ਉਸਦਾ ਅਧਿਕਾਰ ਹੈ। ਇਹ ਉਸਦੀ ਹਸਤੀ ਅਤੇ ਵਜੂਦ ਹੈ। ਮਨਸੂਰ ਦੀ ਵੰਗਾਰ **ਅਨ ਅਲ ਹੱਕ**,

ਇਸ ਸਮੇਂ ਦੀ ਪੁਕਾਰ ਬਣ ਕੇ ਹੱਕਾਂ ਅਤੇ ਅਧਿਕਾਰਾਂ ਦੀ ਆਵਾਜ਼ ਬਣ ਗਈ। ਜ਼ਮੀਰ ਦਾ ਹੱਕ ਧੌਂਸ ਦੇ ਖਿਲਾਫ ਆਵਾਜ਼ ਬਣਕੇ ਸਾਰੇ ਹੀ ਹੱਕਾਂ ਅਤੇ ਫਰਜ਼ਾਂ ਦੀ ਆਵਾਜ਼ ਬਣ ਗਈ। ਇਹ ਆਵਾਜ਼ ਹਰ ਤਰ੍ਹਾਂ ਦੇ ਜਬਰ, ਅਤੇ ਲੁੱਟ ਦੇ ਖਿਲਾਫ ਆਵਾਜ਼ ਸੀ।

ਬਾਬਾ ਫਰੀਦ ਕਹਿੰਦਾ ਹੈ :

*ਦਿਲਹੁ ਮੁਹਬਤਿ ਜਿੰਨ ਸੇਈ ਸਚਿਆ।*
*ਜਿਨ੍ਹ ਮਨਿ ਹੋਰੁ ਮੁਖਿ ਹੋਰ ਸਿ ਕਾਂਢੇ ਕਚਿਆ।*
*ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨਾ ਲੇਖ।*
*ਆਪਨੜੇ ਗਿਰੀਵਾਨ ਮਹਿ ਸਿਰੁ ਨੀਵਾਂ ਕਰ ਦੇਖੁ।*

*ਕਿਝੁ ਨ ਬੁਝੈ ਕਿਝੁ ਨ ਸੁਝੈ ਦੁਨੀਆ ਗੁਝੀ ਭਾਹਿ।*
*ਸਾਈਂ ਮੇਰੇ ਚੰਗਾ ਕੀਤਾ ਨਾਹੀ ਤ ਹੰਭੀ ਦਝਾਂ ਆਹਿ*
*ਫਰੀਦਾ ਇਕਨਾ ਆਟਾ ਅਗਲਾ ਇਕਨਾ ਨਾਹੀ ਲੋਣੁ।*
*ਅਗੈ ਗਏ ਸਿੰਞਾਪਸਨਿ ਚੋਟਾਂ ਖਾਸੀ ਕਉਣੁ।*
*ਫਰੀਦਾ ਕੰਨਿ ਮੁਸਲਾ ਸੂਫੁ ਗਲਿ ਦਿਲਿ ਕਾਤੀ ਗੁੜੁ ਵਾਤਿ।*
*ਬਾਹਰਿ ਦਿਸੈ ਚਾਨਣਾ ਦਿਲਿ ਅੰਧਿਆਰੀ ਰਾਤਿ।*
*ਫਰੀਦਾ ਮਨ ਮੈਦਾਨੁ ਕਰਿ ਟੋਏ ਟਿਬੇ ਲਾਹਿ*
*ਅਗੈ ਮੂਲਿ ਨ ਆਵਸੀ ਦੋਜਕ ਸੰਦਿ ਭਾਹਿ।*
*ਲੰਮੀ ਲੰਮੀ ਨਦੀ ਵਹੈ ਕੰਧੀ ਕੇਰੇ ਹੇਤਿ।*
*ਬੇੜੇ ਨੇ ਕਪਰੂ ਕਿਆ ਕਰੇ ਜੇ ਪਾਤਣ ਰਹੇ ਸੁਚੇਤਿ।*

ਗੁਰੂ ਨਾਨਕ ਦੇਵ ਜੀ ਵੀ ਇਨਸਾਨ ਦੇ ਹੱਕਾਂ ਦੀ ਪੁਰਜ਼ੋਰ ਆਵਾਜ਼ ਹਨ। ਕਿਰਤ ਕਰੋ, ਵੰਡ ਕੇ ਛਕੋ, ਨਾਮ ਜਪੋ ਅਤੇ ਮਾਨਸ ਕੀ ਜਾਤ ਇਕ ਹੀ ਪਹਿਚਾਨਵੋ ਦੇ ਬੁਨਿਆਦੀ ਅਸੂਲਾਂ ਨਾਲ ਉਹ ਹੱਕਾਂ ਅਤੇ ਫਰਜ਼ਾਂ ਨੂੰ ਇਕ ਵਾਰ ਫਿਰ ਧੌਂਸ ਦੇ ਖਿਲਾਫ ਸਰਗਰਮ ਕਰਨ ਦੀ ਪੈਰਵੀ ਅਤੇ ਵਕਾਲਤ ਕਰਦੇ ਹਨ

*ਧਰਮ ਭੂਮਿ ਸਤੁ ਬੀਜ ਕਰਿ ਐਸੀ ਕਿਰਸ ਕਮਾਵਹੁ*
*ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ*

*ਸਾਹਾਂ ਸੁਰਤਿ ਗਵਾਇਆ ਰੰਗਿ ਤਮਾਸੇ ਚਾਇ*
*ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਏ*

*ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ*
*ਖ਼ੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੰਗੁ ਪਾਇ ਵੇ ਲਾਲੋ*

*ਸਚ ਦੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਬੇਲਾ*

ਸ਼ਾਹ ਹੁਸੈਨ, ਸੁਲਤਾਨ ਬਾਹੂ, ਵਾਰਸ ਸ਼ਾਹ, ਬੁਲ੍ਹੇ ਸ਼ਾਹ, ਕਾਦਰ ਯਾਰ, ਖ਼ਵਾਜਾ ਗੁਲਾਮ ਫਰੀਦ ਹੁਰੀਂ ਸਾਰੇ ਇਸੇ ਰੰਗ ਵਿਚ ਹੱਕਾਂ ਲਈ ਧੌਂਸ ਖਿਲਾਫ ਆਵਾਜ਼ ਉਠਾਉਂਦੇ ਰਹੇ। ਉਨ੍ਹਾਂ ਨੂੰ ਧੌਂਸ ਦੇ ਖਿਲਾਫ ਪ੍ਰੇਮ ਵਿਚ ਮਰਨਾ ਕਬੂਲ ਹੈ ਪਰ ਧੌਂਸ ਨਾਲ ਜੀਣਾ ਕਬੂਲ ਨਹੀਂ। ਸ਼ਾਹ ਹੁਸੈਨ ਕਹਿੰਦਾ ਹੈ:

*ਗਲਿ ਵੋ ਕੀਤੀ ਸਾਡੇ ਖ਼ਿਆਲੁ ਪਈ, ਗਲਿ ਪਈ ਵੋ ਨਿਬਾਹੀ ਲੋੜੀਏ।*
*ਸ਼ਮਾਂ ਦੇ ਪਰਵਾਨੇ ਵਾਂਗੂੰ, ਜਲਦਿਆਂ ਅੰਗਿ ਨ ਮੋੜੀਏ।*
*ਹਾਥੀ ਇਸ਼ਕ ਮਹਾਵਤ ਰਾਂਝਾ, ਅੰਕੁਸ ਦੇ ਦੇ ਹੋੜੀਏ।*
*ਕਹੈ ਹੁਸੈਨ ਫ਼ਕੀਰ ਸਾਂਈ ਦਾ, ਲੱਗੀ ਪ੍ਰੀਤ ਨ ਤੋੜੀਏ।*

*ਉੱਚੇ ਮੰਦਰ ਸੁਨਹਿਰੇ ਛੱਜੇ, ਵਿਚ ਰਖਾਇਆ ਦਰ ਵੋਏ।*
*ਜਿਸ ਮਾਇਆ ਦਾ ਮਾਣ ਕਰੇਂਦਾ, ਸੋ ਦੂਤਾਂ ਦਾ ਘਰ ਵੋਏ*
*ਕਹੇ ਹੁਸੈਨ ਫ਼ਕੀਰ ਰਬਾਣਾਦੁਨੀਆਂ ਛੋੜ ਜ਼ਰੂਰੀ ਜਾਣਾ*
*ਮਰਨ ਤੋਂ ਅੱਗੇ ਮਰ ਵੋਏ।*

*ਹਰ ਦਮ ਨਾਮੁ ਸਮਾਲ ਸਾਈਂ ਦਾ*
*ਤਾਂ ਤੂੰ ਇਸਥਿਰ ਥੀਵੇਂ*
*ਚਰਖਾ ਬੋਲੇ ਸਾਈਂ ਸਾਈਂਬਾਇੜ ਬੋਲੇ ਤੂੰ*
*ਕਹੈ ਹੁਸੈਨ ਫ਼ਕੀਰ ਸਾਈਂ ਦਾਨ ਮੈਂ ਨਾਹੀ ਸਭ ਤੂੰ*

*ਜੋਗਿਣ ਹੋਵਾਂ ਧੂਹਾਂ ਪਾਵਾਂ*
*ਤੇਰੇ ਕਾਰਣਿ ਮੈਂ ਮਰ ਜਾਵਾਂ*
*ਤੋਂ ਮਿਲਿਆਂ ਮੇਰੀ ਤਾਜ਼ਗੀ ਵੋ।*
*ਪ੍ਰੇਮ ਪਿਆਲਾ ਸਤਿਗੁਰ ਵਾਲਾ*
*ਪੀਵਤਿ ਹੀ ਮੈਂ ਝੁਲੀਆਂ।*
*ਲੋਕ ਲਾਜਿ ਕੁਲ ਦੀ ਮਿਰਜਾਦਾ*
*ਡਅਲ ਸਜਣ ਵਾਲਿ ਚੁਲੀਆਂ।*
*ਕਹੇ ਹੁਸੈਨ ਫਕੀਰ ਸਾਈਂ ਦਾ*
*ਨਾਮ ਤੇਰੇ ਮੈਂ ਹੁੱਲੀ ਆਂ।*

*ਦੁਨਿਆ ਤਾਲਬ ਮਤਬਲ ਦੀ ਵੋ*
*ਸਚੁ ਸੁਣ ਵੋ ਫ਼ਕੀਰਾ।*
*ਮਤਬਲ ਆਵੈ ਮਤਬਲ ਜਾਵੈ*
*ਮਤਬਲ ਪੁਜੈ ਗੁਰ ਪੀਰਾ।*
*ਮਤਬਲ ਪਹਨਾਵੇ, ਮਤਬਲ ਖਿਲਾਵੇ*
*ਮਤਬਲ ਪਿਲਾਵੈ ਨੀਰਾ।*
*ਕਹੈ ਹੁਸੈਨ ਜਿਨ ਮਤਬਲ ਛੋਡਿਆ*
*ਸੋ ਮੀਰਨ ਸਿਰ ਮੀਰਾ।*

ਇਕ ਪਾਸੇ ਬ੍ਰਾਹਮਣਵਾਦ, ਮੁੱਲਾਸ਼ਾਹੀ ਅਤੇ ਧਾੜਵੀ ਆਪਣੀ ਤਾਕਤ ਸਭ ਤੇ ਠੋਸ ਰਹੇ ਸਨ। ਦੂਸਰੇ ਪਾਸੇ ਬੁਨਿਆਦੀ ਹੋਂਦ ਅਤੇ ਹਾਲਾਤ ਵਿਚੋਂ ਨਿਕਲਦੀ ਹੱਕ ਅਤੇ ਸੱਚ ਦੀ ਆਵਾਜ਼ ਇਨਸਾਨ ਦੇ ਜ਼ਮੀਰ ਅਤੇ ਹੋਰਨਾਂ ਹੱਕਾਂ ਦੀ ਪੈਰਵੀ ਕਰ ਰਹੀ ਸੀ। ਬੁਲ੍ਹੇ ਸ਼ਾਹ ਕਹਿੰਦਾ ਹੈ:

*ਮੂੰਹ ਆਈ ਬਾਤ ਨਾ ਰਹਿੰਦੀ ਹੈ*
*ਝੂਠ ਆਖਾਂ ਤਾਂ ਕੁਝ ਬਚਦਾ ਹੈ, ਸੱਚ ਆਖਿਆਂ ਭਾਂਭੜ ਮੱਚਦਾ ਹੈ*

ਇੱਥੇ ਦੁਨਿਆ ਵਿਚ ਹਨੇਰਾ ਹੈ, ਇਹ ਤਿਲਕਣਬਾਜ਼ੀ ਵੇਹੜਾ ਹੈ

ਵਾਰਿਸ ਸ਼ਾਹ ਵੀ ਦੱਸਦਾ ਹੈ:

*ਜੇਹੜਾ ਹੱਕ ਨੂੰ ਕਹੇ ਨਹੱਕ ਮੀਆਂ ਏਸ ਜੱਗ ਤੋਂ ਉਸ ਕੀ ਖੱਟਣਾ ਏਂ*
*ਮੈਂ ਤਾਂ ਵਿਚ ਇਮਾਨ ਦੇ ਰਹਾਂ ਸਾਬਤ ਭਲਾ ਕਾਜ਼ੀਆਂ ਤੁਧ ਕੀ ਵੱਟਣਾ ਏ*
*ਜੇਹੜੀ ਇਸ਼ਕ ਦੀ ਅੱਗ ਦੀ ਤਾ ਤੱਤੀ ਉਨ੍ਹਾਂ ਦੋਜ਼ਖਾਂ ਨਾਲ ਕੀ ਵਾਸਤਾ ਈ*
*ਜਿਨ੍ਹਾਂ ਇਕ ਦੇ ਨਾਮ ਦਾ ਵਿਰਦ ਕੀਤਾ ਉਨ੍ਹਾਂ ਫਿਕਰ ਅੰਦੇਸੜਾ ਕਾਸ ਦਾ ਈ*
*ਆਖ਼ਰ ਸਿਦਕ ਯਕੀਨ ਦੇ ਕੰਮ ਪੈਸੀ ਹੱਡ ਚੰਮ ਇਹ ਪੁਤਲਾ ਮਾਸ ਦਾ ਈ*
*ਝੂਠ ਬੋਲਣਾ ਕੁਫਰ ਥੀਂ ਬਹੁਤ ਮੰਦਾ ਹੁਕਮ ਹੱਕ ਫਰਮਾਇਆ ਰਾਸ ਦਾ ਈ*
*ਵਾਰਿਸ ਜਿਨ੍ਹਾਂ ਤੇ ਰੱਬ ਦਾ ਕੈਹਰ ਹੁੰਦਾ ਉਹ ਤਾਂ ਝੂਠ ਦੇ ਵਿਚ ਆ ਫਸਦਾ ਈ*

*ਸੂਲੀ ਚੜਨਾ ਤੇ ਜ਼ਰਾ ਨ ਫ਼ਿਕਰ ਕਰਨਾ ਮੁਢੋਂ ਇਸ਼ਕ ਦੀ ਰਸਮ ਆਈਨ ਕਾਜ਼ੀ*
*ਵਾਰਿਸ ਕੌਲ ਜ਼ਬਾਨ ਤੋਂ ਹਾਰ ਜਾਣਾ ਨਹੀਂ ਆਸ਼ਕਾਂ ਦਾ ਮਜ਼ਹਬ ਦੀਨ ਕਾਜ਼ੀ*

ਇਸ ਦੌਰ ਵਿਚ ਕੌਮੀ ਹੱਕ ਅਤੇ ਬੋਲੀ ਦੇ ਹੱਕ ਬਾਰੇ ਵੀ ਸਮਾਜ ਵਿਚ ਚੇਤਨਾ ਵਧੀ। ਕੌਮਾਂ ਦੇ ਕੌਮੀ ਹੱਕਾਂ ਅਤੇ ਉਨ੍ਹਾਂ ਦੀ ਆਪਣੀ ਬੋਲੀ ਦੇ ਹੱਕ ਬਾਰੇ ਵੀ ਭਗਤੀ ਲਹਿਰ ਨੇ ਵੱਡਾ ਹਿੱਸਾ ਪਾਇਆ। ਇਸ ਦੌਰ ਵਿਚ ਸੰਤਾ, ਸੂਫੀਆਂ, ਭਗਤਾਂ, ਗੁਰੂਆਂ ਅਤੇ ਪੀਰਾਂ ਨੇ ਲੋਕਾਂ ਦੀਆਂ ਕੌਮੀ ਜ਼ੁਬਾਨਾਂ ਬਹੁਤ ਕੁੱਝ ਲਿਖਿਆ ਅਤੇ ਸਿਖਾਇਆ।

ਅੰਗ੍ਰੇਜ਼ਾਂ ਦੇ ਕਬਜ਼ੇ ਦੇ ਬਾਅਦ ਪੰਜਾਬ ਵਿਚ ਜ਼ਾਤੀ, ਕੌਮੀ ਅਤੇ ਸਾਰੇ ਸਮਾਜ ਦੇ ਹੱਕਾਂ ਨੂੰ ਕੁਚਲਿਆ ਗਿਆ। ਪੰਜਾਬ ਵੀ ਹਿੰਦੁਸਤਾਨ ਦੇ ਹੋਰ ਹਿੱਸਿਆਂ ਵਾਂਗ ਅੰਗ੍ਰੇਜ਼ ਦੀ ਗੁਲਾਮੀ ਦੇ ਜੂਲੇ ਵਿਚ

ਫਸ ਗਿਆ। ਪੰਜਾਬ ਦੇ ਸਾਰੇ ਹੀ ਕੁਦਰਤੀ ਅਤੇ ਮਨੁਖੀ ਸੋਮੇ ਅੰਗ੍ਰੇਜ਼ ਅਤੇ ਉਨ੍ਹਾਂ ਦੇ ਝੋਲੀ ਚੁਕ ਆਪਣੇ ਮੁਫਾਦ ਲਈ ਵਰਤਣ ਲਗ ਪਏ। ਇਸ ਗੁਲਾਮੀ ਦੇ ਦੌਰ ਵਿਚ ਦੇਸ਼ ਭਗਤਾਂ ਅਤੇ ਰੌਸ਼ਨਖਿਆਲ ਬਹਾਦਰਾਂ ਨੇ ਇਹ ਆਵਾਜ਼ ਬੁਲੰਦ ਕੀਤੀ ਕਿ ਆਜ਼ਾਦੀ ਸਾਡਾ ਜੱਦੀ ਜਾਂ ਜਨਮਸਿੱਧ ਅਧਿਕਾਰ ਹੈ। ਇਹ ਲਲਕਾਰ ਪੰਜਾਬੀ ਦਰਸ਼ਨ ਦੀ ਪੁਰਾਣੀ ਸੂਝ ਵਿਚੋਂ ਨਿਕਲ ਕੇ ਸਮੇਂ ਦੇ ਹਾਲਾਤ ਨਾਲ ਨਜਿੱਠਣ ਲਈ ਹੱਕ ਦੀ ਆਵਾਜ਼ ਸੀ। ਇਸ ਸਿਧਾਂਤ ਅਨੁਸਾਰ ਮਨੁੱਖ ਆਪਣੀ ਹੋਂਦ ਅਤੇ ਹਸਤੀ ਕਰਕੇ ਹੀ ਆਜ਼ਾਦ ਹੈ ਅਤੇ ਇਸ ਕਰਕੇ ਪੰਜਾਬੀਆਂ ਨੂੰ ਆਪਣੇ ਇਸ ਹੱਕ ਨੂੰ ਅੰਗ੍ਰੇਜ਼ ਦੀ ਗੁਲਾਮੀ ਖ਼ਤਮ ਕਰਕੇ ਅਮਲ ਵਿਚ ਲਿਆਉਣਾ ਚਾਹੀਦਾ ਹੈ। ਅੰਗ੍ਰੇਜ਼ ਦਾ ਰਾਜ ਆਜ਼ਾਦੀ ਦੇ ਜਨਮਸਿੱਧ ਅਤੇ ਜੱਦੀ ਹੱਕ ਦੀ ਉਲੰਘਣਾਂ ਹੈ ਅਤੇ ਇਸ ਦੇ ਖ਼ਿਲਾਫ ਲੋਕਾਂ ਨੂੰ ਘੋਲ ਚਲਾਉਣ ਲਈ ਲਾਮਬੰਦ ਹੋਣ ਦੀ ਲੋੜ ਹੈ। ਆਜ਼ਾਦੀ ਦੇ ਇਸ ਜਨਮਸਿੱਧ ਅਧਿਕਾਰ ਨੂੰ ਇਕ ਹਕੀਕਤ ਬਣਾਉਣ ਲਈ ਸਿਧਾਂਤਕ ਅਤੇ ਜੱਥੇਬੰਦਕ ਕਦਮ ਵੀ ਚੁਕੇ ਗਏ।

ਬਾਬਾ ਰਾਮ ਸਿੰਘ, ਅਹਿਮਦ ਖ਼ਾਨ ਖਰਲ, ਅਜੀਤ ਸਿੰਘ, ਗਦਰੀ ਬਾਬਿਆਂ, ਭਗਤ ਸਿੰਘ, ਬੱਬਰਾਂ ਅਤੇ ਹੋਰ ਦੇਸ਼ ਭਗਤਾਂ ਨੇ ਆਜ਼ਾਦੀ ਨੂੰ ਆਪਣਾ ਜੱਦੀ ਹੱਕ ਦੱਸਿਆ ਅਤੇ ਇਸ ਲਈ ਕਿਸੇ ਵੀ ਕੁਰਬਾਨੀ ਤੋਂ ਪਿੱਛੇ ਨਹੀਂ ਹਟੇ:

*ਸਿਰ ਦਿਤੇ ਬਾਝ ਨਹੀਂ ਕੰਮ ਸਰਨਾ*
*ਯੁਧ ਵਿਚ ਪਵੇਗਾ ਜ਼ਰੂਰ ਮਰਨਾ*
*ਪਾਵੋ ਲਲਕਾਰ ਸ਼ੇਰਾਂ ਵਾਂਗ ਗੱਜ ਕੇ*

*ਇਸ ਗਦਰ ਨੂੰ ਪਾਲਣਾ ਧਰਮ ਸਾਡਾ,*
*ਬੜੀ ਸੋਹਣੀ ਗਦਰ ਹੈ ਆੜ ਸਾਡੀ*
*ਨਾਲੇ ਗਦਰ ਮਚਾਵਨਾ ਫਰਜ਼ ਸਾਡਾ,*
*ਏਹਨੂੰ ਸਮਝ ਲੈ ਆਪਣਾ ਬਾਲ ਸਿੰਘੋ*
*ਹਿੰਦੂ ਮੋਮਨੋ ਮੁਗਲ ਪਠਾਣ ਮਿਲਕੇ,*
*ਬੇੜਾ ਦੇਹੋ ਫਰੰਗੀਆਂ ਗਾਲ ਸਿੰਘੋ।*

ਭਗਤ ਸਿੰਘ ਅਤੇ ਹੋਰਨਾਂ ਨੇ ਜਬਰ ਖ਼ਿਲਾਫ ਜੰਗ ਅਤੇ ਇਨਕਲਾਬ ਨੂੰ ਵੀ ਆਪਣਾ ਜੱਦੀ ਅਤੇ ਜਨਮਸਿੱਧ ਅਧਿਕਾਰ ਕਿਹਾ:

"ਇਨਕਲਾਬ ਸਾਡਾ ਜੱਦੀ ਹੱਕ ਹੈ। ਕਿਰਤ ਹੀ ਸਮਾਜ ਦੀ ਬੁਨਿਆਦ ਹੈ। ਲੋਕਾਂ ਦੀ ਪ੍ਰਭੂਸੱਤਾ ਹੀ ਮਜ਼ਦੂਰਾਂ ਦੀ ਮੰਜ਼ਿਲ ਹੈ। "

"ਇਸ ਨਿਸ਼ਾਨੇ ਲਈ ਅਤੇ ਇਸ ਸੇਧ ਲਈ ਅਸੀਂ ਹਰ ਤਕਲੀਫ ਅਤੇ ਤਸੀਹੇ ਝੱਲਣ ਲਈ ਤਿਆਰ ਹਾਂ। ਇਨਕਲਾਬ ਦੀ

ਵੇਦੀ ਤੇ ਅਸੀਂ ਆਪਣੀ ਜਵਾਨੀ ਦਾ ਧੂਫ਼ ਪੇਸ਼ ਕਰਦੇ ਹਾਂ। ਇਸ ਮਹਾਨ ਨਿਸ਼ਾਨੇ ਲਈ ਕੋਈ ਵੀ ਕੁਰਬਾਨੀ ਜ਼ਿਆਦਾ ਨਹੀਂ। ਅਸੀਂ ਇਨਕਲਾਬ ਦੀ ਤਿਆਰੀ 'ਚ ਉਸ ਦਿਨ ਦੀ ਉਡੀਕ ਵਿਚ ਹਾਂ। ਇਨਕਲਾਬ ਜ਼ਿੰਦਾਬਾਦ !"

ਇਨਕਲਾਬ ਦਾ ਜੱਦੀ ਹੱਕ ਗੁਲਾਮੀ ਦੇ ਹਾਲਾਤ ਵਿਚੋਂ ਉਪਜਦਾ ਹੈ। ਇਕ ਗੁਲਾਮ ਇਨਸਾਨ ਦੀ ਹੋਂਦ ਉਸਨੂੰ ਇਨਕਲਾਬ ਦਾ ਹੱਕ ਦਿੰਦੀ ਹੈ ਕਿਉਂਕਿ ਗੁਲਾਮੀ ਦੀਆਂ ਬੇੜੀਆਂ ਉਸਦੀ ਹਸਤੀ ਨੂੰ, ਉਸ ਦੀ ਆਜ਼ਾਦ ਹੋਂਦ ਨੂੰ ਜਕੜਦੀਆਂ ਹਨ। ਇਸ ਕਰਕੇ ਆਜ਼ਾਦੀ ਅਤੇ ਇਨਕਲਾਬ ਦਾ ਹੱਕ ਇਕ ਜੱਦੀ ਹੱਕ ਹੈ। ਤੇ ਇਸ ਕੰਮ ਵਾਸਤੇ ਕਿਸੇ ਤੋਂ ਇਜਾਜ਼ਤ ਲੈਣ ਦੀ ਲੋੜ ਨਹੀਂ। ਆਜ਼ਾਦੀ ਇਨਸਾਨ ਦਾ ਜਨਮਸਿੱਧ ਹੱਕ ਹੈ।

**1947** ਵਿਚ ਆਜ਼ਾਦੀ ਦੇ ਬਾਅਦ ਵੀ ਅੰਗ੍ਰੇਜ਼ ਦਾ ਰਾਜਤੰਤ੍ਰ ਹੀ ਕਾਇਮ ਰਿਹਾ। ਪੰਜਾਬ ਨੂੰ ਫਿਰਕੂ ਆਧਾਰ ਤੇ ਵੰਡ ਦਿਤਾ ਗਿਆ। ਇੰਡੀਆ ਦੇ ਸੰਵਿਧਾਨ ਵਿਚ ਹੱਕਾਂ ਦੀਆਂ ਗੱਲਾਂ ਤਾਂ ਕੀਤੀਆਂ ਗਈਆਂ ਪਰ ਅਮਲ ਵਿਚ ਕਿਸੇ ਵੀ ਹੱਕ ਦੀ ਗਰੰਟੀ ਕੋਈ ਨਹੀਂ ਦਿਤੀ ਗਈ। ਜ਼ਾਤੀ ਹੱਕਾਂ ਅਤੇ ਕੌਮਾਂ ਦੇ ਸਮੂਹਿਕ ਹੱਕਾਂ ਨੂੰ ਪਹਿਲਾਂ ਵਾਂਗ ਹੀ ਰੱਦ ਕੀਤਾ ਗਿਆ ਤੇ ਪੰਜਾਬੀਆਂ ਨੂੰ ਆਪਣੀ ਬੋਲੀ ਤੱਕ ਦਾ ਅਧਿਕਾਰ ਨਾ ਰਿਹਾ। ਚੜ੍ਹਦੇ ਪੰਜਾਬ ਵਿਚ ਪੰਜਾਬੀ ਸੂਬੇ ਦੀ ਜਦੋਜਹਿਦ ਦੇ ਬਾਅਦ ਬੋਲੀ ਦੇ ਹੱਕ ਨੂੰ ਮੰਨ ਤਾਂ ਲਿਆ ਗਿਆ ਪਰ ਪੰਜਾਬ ਦੇ ਤਿੰਨ ਟੋਟੇ ਕਰ ਦਿਤੇ ਗਏ। ਲਹਿੰਦੇ ਪੰਜਾਬ ਵਿਚ ਬੋਲੀ ਦਾ ਹੱਕ ਹਾਲੇ ਵੀ ਪੰਜਾਬੀਆਂ ਨੂੰ ਹਾਸਲ ਨਹੀਂ ਹੈ।

ਪੰਜਾਬ ਦੇ ਕੁਦਰਤੀ ਸੋਮਿਆਂ ਤੇ ਵੀ ਪੰਜਾਬੀਆਂ ਦਾ ਕੋਈ ਹੱਕ ਨਹੀਂ ਹੈ। ਅੰਗ੍ਰੇਜ਼ਾਂ ਵਾਲੇ ਰਾਜਤੰਤ੍ਰ ਵਿਚ ਇਹ ਸਾਰੇ ਸਮੂਹਿਕ ਹੱਕ ਕੇਂਦਰੀ ਸਰਕਾਰ ਨੇ ਹਥਿਆ ਲਏ ਹਨ। ਪੰਜਾਬ ਦੇ ਪਾਣੀਆਂ ਤੇ ਪੰਜਾਬੀਆਂ ਦਾ ਕੋਈ ਹੱਕ ਨਹੀਂ ਹੈ। ਇਨ੍ਹਾਂ ਕੌਮੀ ਅਤੇ ਸਮੂਹਿਕ ਹੱਕਾਂ ਦੀ ਪ੍ਰਾਪਤੀ ਲਈ ਪੰਜਾਬ ਵਿਚ ਘੋਲ ਜਾਰੀ ਰਹੇ ਹਨ।

ਰੁਜ਼ਗਾਰ ਅਤੇ ਜੀਣ ਦੇ ਹੱਕ ਨੂੰ ਵੀ ਮੌਜੂਦਾ ਰਾਜਤੰਤ੍ਰ ਮਾਨਤਾ ਨਹੀਂ ਦਿੰਦਾ। ਇਹ ਜ਼ਾਤੀ ਹੱਕਾਂ ਤੇ ਕੌਮੀ ਹੱਕਾਂ ਦੀ ਗਰੰਟੀ ਨਹੀਂ ਕਰਦਾ। ਰੁਜ਼ਗਾਰ, ਸੇਹਤ, ਵਿਦਿਆ ਦੇ ਬੁਨਿਆਦੀ ਹੱਕਾਂ ਦੀ ਪੂਰਤੀ ਲਈ ਵੀ ਰਾਜਤੰਤ੍ਰ ਕੋਈ ਪੈਰਵੀ ਨਹੀਂ ਕਰਦਾ। ਇਹ ਸਿਰਫ ਲੀਡਰਾਂ ਦੀਆਂ ਤਕਰੀਰਾਂ ਤਕ ਹੀ ਮਹਿਦੂਦ ਰਹਿ ਜਾਂਦੇ ਹਨ। ਇਨ੍ਹਾਂ ਹਾਲਾਤਾਂ ਖਿਲਾਫ ਇਕ ਵੱਡੀ ਲਹਿਰ ਉਠੀ ਅਤੇ ਸਰਕਾਰ ਨੇ ਦਹਿਸ਼ਤਗਰਦੀ ਨਾਲ ਹਜ਼ਾਰਾਂ ਹੀ ਨੌਜਵਾਨਾਂ ਨੂੰ ਫਰਜ਼ੀ ਪੁਲਿਸ ਮੁਕਾਬਲਿਆਂ ਵਿਚ

ਮਾਰ ਦਿਤਾ। ਹਰਮੰਦਰ ਸਾਹਿਬ ਉਤੇ ਹਮਲਾ, ਅਤੇ ਪੰਜਾਬ ਵਿਚ ਫ਼ੌਜ ਅਤੇ ਨੀਮ ਫੌਜ ਦਾ ਤਕਰੀਬਨ **20** ਸਾਲ ਰਾਜ ਲੋਕਾਂ ਦੇ ਹੱਕਾਂ ਨੂੰ ਕੁਚਲਣ ਦਾ ਇਤਿਹਾਸ ਹੈ। ਇਸ ਦੌਰਾਨ ਹੀ ਪੰਜਾਬ ਵਿਚ ਮਨੁੱਖੀ ਹੱਕਾਂ ਦੀ ਰਾਖੀ ਲਈ ਕਈ ਜੱਥੇਬੰਦੀਆਂ ਹੋਂਦ ਵਿਚ ਆਈਆਂ। ਪੰਜਾਬ ਮਨੁੱਖੀ ਅਧਿਕਾਰ ਸੰਸਥਾ ਨੇ ਜਸਟਿਸ ਅਜੀਤ ਸਿੰਘ ਬੈਂਸ ਦੀ ਅਗਵਾਈ ਵਿਚ ਪੰਜਾਬ ਵਿਚ ਮਨੁੱਖੀ ਅਧਿਕਾਰਾਂ ਦੀ ਰਾਖੀ ਵਿਚ ਕਾਫ਼ੀ ਹਿੱਸਾ ਪਾਇਆ। ਪੰਜਾਬ ਦੇ ਹਾਲਾਤ ਬਾਰੇ ਉਨ੍ਹਾਂ ਦਸਿਆ ਕਿ:

"ਅੰਨ੍ਹੀ ਨੂੰ ਬੋਲਾ ਘੜੀਸੀ ਫਿਰਦਾ ਹੈ। ਸਰਕਾਰ ਹੱਕਾਂ ਦੀ ਹਰ ਜਦੋਜਹਿਦ ਨੂੰ ਅਮਨ ਅਤੇ ਕਾਨੂੰਨ ਦਾ ਮਸਲਾ ਬਣਾ ਦਿੰਦੀ ਹੈ ਅਤੇ ਉਥੇ ਕਿਸੇ ਦੇ ਵੀ ਹੱਕ ਦੀ ਰਾਖੀ ਨਹੀਂ ਹੈ। ਦੁਧ ਦੀ ਰਾਖੀ ਬਿੱਲੀ ਬੈਠੀ ਹੈ। '

ਬਦੇਸ਼ਾਂ ਵਿਚ ਵਸਦੇ ਪੰਜਾਬੀਆਂ ਨੇ ਵੀ ਪੰਜਾਬ ਵਿਚ ਹੱਕਾਂ ਦੀ ਉਲੰਘਣਾਂ ਬਾਰੇ ਬਹੁਤ ਰੋਹ ਅਤੇ ਚਿੰਤਾ ਜ਼ਾਹਰ ਕੀਤੀ। ਰੈਲੀਆਂ ਅਤੇ ਜਲਸਿਆਂ ਕਰਕੇ ਪੰਜਾਬ ਵਿਚ ਮਨੁੱਖੀ ਹੱਕਾਂ ਦੀ ਉਲੰਘਣਾਂ ਬਾਰੇ ਆਪਣਾ ਰੋਸ ਪ੍ਰਗਟ ਕੀਤਾ। ਪੰਜਾਬ ਦੇ ਅੰਦਰ ਅਤੇ ਪੰਜਾਬ ਤੋਂ ਬਾਹਰ ਲੋਕੀ ਪੰਜਾਬ ਵਿਚ ਅਧਿਕਾਰਾਂ ਦੇ ਹਾਲ ਬਾਰੇ ਬੜੇ ਫਿਕਰਮੰਦ ਹਨ। ਪੰਜਾਬੀ ਬੋਲੀ ਦੇ ਹੱਕ ਬਾਰੇ ***'ਅਕੈਡਮੀ ਆਫ ਪੰਜਾਬ ਇਨ ਨਾਰਥ ਅਮੇਰੀਕਾ(ਅਪਨਾ)'*** ਅਤੇ ਹੋਰ ਕਈ ਜੱਥੇਬੰਦੀਆਂ ਨੇ ਕਾਫੀ ਕੰਮ ਕੀਤਾ ਹੈ। ਲਹਿੰਦੇ ਪੰਜਾਬ ਵਿਚ ਵੀ ਇਸ ਹੱਕ ਲਈ ਲੋਕ ਜਦੋਜਹਿਦ ਕਰਦੇ ਰਹੇ ਹਨ।

ਅਧਿਕਾਰਾਂ ਅਤੇ ਹੱਕਾਂ ਦੀ ਜਦੋਜਹਿਦ ਇਨਸਾਨ ਦੀ ਆਪਣੀ ਹੋਂਦ ਅਤੇ ਹਸਤੀ ਦਾ ਲੋਹਾ ਮੰਨਵਾਉਣ ਦੀ ਜਦੋਜਹਿਦ ਹੈ। ਇਹ ਇਨਸਾਨ ਹੋਣ ਦੇ ਨਾਤੇ ਇਨਸਾਨ ਦੇ ਫਰਜ਼ ਦੀ ਜਦੋਜਹਿਦ ਹੈ। ਅਧਿਕਾਰਾਂ ਅਤੇ ਕਰਤੱਵਾਂ ਦੇ ਸੁਰਮੇਲ ਬਗੈਰ ਮਨੁੱਖ ਮਨੁੱਖ ਨਹੀਂ ਰਹਿੰਦਾ। ਮਨੁਖ ਆਪਣੇ ਆਪ ਤੋਂ ਬੇਗਾਨਾ ਹੋ ਕੇ ਆਪਣੀ ਹਸਤੀ ਗੁਆ ਦਿੰਦਾ ਹੈ। ਸਭਨਾਂ ਦੇ ਹੱਕਾਂ ਦੀ ਰਾਖੀ ਕਰ ਕੇ ਹੀ ਹਰ ਕੋਈ ਆਪਣੇ ਹੱਕ ਮਾਣ ਸਕਦਾ ਹੈ। ਇਸ ਅਹਿਮ ਮਸਲੇ ਬਾਰੇ ਹਰਦਿਆਲ ਬੈਂਸ ਕਹਿੰਦੇ ਹਨ:

*"ਵਿਸ਼ਵ ਵਿਚ ਅਤੇ ਹਿੰਦੋਸਤਾਨ ਵਿਚ ਵਾਪਰ ਰਹੀਆਂ ਘਟਨਾਵਾਂ ਤੋਂ ਵੇਖਿਆ ਜਾ ਸਕਦਾ ਹੈ ਕਿ ਨਵੀਨੀਕਰਣ ਬਗੈਰ ਛੁਟਕਾਰਾ ਨਹੀਂ ਪਰ ਜ਼ਮੀਰ ਦੇ ਹੱਕ ਬਗੈਰ ਨਵੀਨੀਕਰਣ ਹੋਣਾਂ ਮੁਮਕਿਨ ਨਹੀਂ ਹੈ। ਇਸ ਵੇਲੇ ਇਹ ਗੱਲ ਕਹਿਣ ਦੀ ਬੜੀ ਲੋੜ ਹੈ ਕਿਉਂਕਿ ਦੂਸਰੀ ਸੰਸਾਰ ਜੰਗ ਮਗਰੋਂ*

*ਦੇ ਚਾਲੀ ਸਾਲ ਦਾ ਤਜਰਬਾ ਦੱਸਦਾ ਹੈ ਕਿ ਲੋਕਾਂ ਨੂੰ ਜ਼ਮੀਰ ਦੇ ਹੱਕ ਤੋਂ ਮਹਿਰੂਮ ਕਰਨ ਨਾਲ ਸਤਾਧਾਰੀ ਤਾਕਤ ਦੀ ਪੂਜਾ ਹੋਣ ਲੱਗ ਪੈਂਦੀ ਹੈ ਤੇ ਹਾਲਾਤ ਨੂੰ ਇਕ ਐਸਾ ਇਸ਼ਟਦੇਵਤਾ ਸਮਝ ਲਿਆ ਜਾਂਦਾ ਹੈ ਜਿਸਨੂੰ ਬਦਲਿਆ ਨਹੀਂ ਜਾ ਸਕਦਾ।*

*ਆਖ਼ਿਰ ਨੂੰ , ਅਧਿਕਾਰ ਹਕੀਕਤ ਦਾ ਰੂਪ ਤੱਦ ਹੀ ਲੈ ਸਕਦੇ ਹਨ ਜੇ ਉਹ ਮਸਲੇ ਹੱਲ ਕੀਤੇ ਜਾਣ ਜੋ ਸਮਾਜ ਨੂੰ ਦਰਪੇਸ਼ ਹਨ, ਕਿਉਂਕਿ ਲੋਕਾਂ ਦੀ ਆਰਥਕ ਭਲਾਈ, ਅਮਨ, ਖ਼ੁਸ਼ਹਾਲੀ, ਅਤੇ ਕੌਮਾਂ ਤੇ ਲੋਕਾਂ ਦੇ ਆਪਸੀ ਸੁਰਮੇਲ ਬਗੈਰ ਅਧਿਕਾਰ ਸਿਰਫ਼ ਕਾਗਜ਼ਾਂ ਦਾ ਸ਼ਿੰਗਾਰ ਬਣ ਕੇ ਰਹਿ ਜਾਂਦੇ ਹਨ। ਹੱਕ ਹਕੀਕਤ ਤੱਦ ਹੀ ਬਣਨਗੇ ਜਦ ਸਤਾ ਸਥਿਤੀ ਨੂੰ ਲੋਕਾਂ ਦੇ ਹਿਤ ਵਿਚ ਬਦਲੇਗੀ ਤੇ ਲੋਕ ਆਪਣੇ ਫ਼ਰਜ਼ ਦਾ ਪਾਲਣ ਕਰਦੇ ਹੋਏ ਸਤਾ ਨੂੰ ਇੰਜ ਕਰਨ ਲਈ ਮਜਬੂਰ ਕਰਨਗੇ। ਲੋਕ ਆਪਣਾ ਫ਼ਰਜ਼ ਤੱਦ ਹੀ ਨਿਭਾ ਸਕਦੇ ਹਨ ਜੇ ਉਨ੍ਹਾਂ ਨੂੰ ਜ਼ਮੀਰ ਦਾ ਹੱਕ ਹੋਵੇ। ਸੋ ਜ਼ਮੀਰ ਦੇ ਹੱਕ ਲਈ ਇਹ ਜਦੋਜਹਿਦ, ਇਕ ਐਸਾ ਤੁਲ੍ਹ ਹੈ ਜਿਸ ਉਤੇ ਸੰਸਾਰ ਦੀ ਭਲਾਈ ਅਤੇ ਤਰੱਕੀ ਦਾ ਕੰਮ ਟਿਕਿਆ ਹੋਇਆ ਹੈ।"*

ਪੰਜਾਬੀ ਦਰਸ਼ਨ ਦੇ ਹਜ਼ਾਰਾਂ ਸਾਲਾਂ ਪੁਰਾਣੇ ਅਧਿਕਾਰਾਂ ਅਤੇ ਫਰਜ਼ਾਂ ਦੇ ਸਫਰ ਵਿਚੋਂ ਨਿਕਲੇ ਸਿਧਾਂਤ ਅਤੇ ਸੂਝ ਦੀ ਪੰਜਾਬੀਆਂ ਨੂੰ ਲੋੜ ਹੈ। ਇਸ ਸੂਝ ਅਤੇ ਸੋਚ ਦੀ ਰੌਸ਼ਨੀ ਨਾਲ ਉਹ ਆਪਣਾ ਰਾਹ ਰੌਸ਼ਨ ਕਰ ਸਕਦੇ ਹਨ ਅਤੇ ਸਰਬੱਤ ਦੇ ਭਲੇ ਦੀ ਗੱਲ ਅਗਾਂਹ ਤੋਰ ਸਕਦੇ ਹਨ। ਹੱਕ ਅਤੇ ਫਰਜ਼ ਦਾ ਸੁਰਮੇਲ ਹੀ ਇਨਸਾਨ ਦੀ ਹੋਂਦ ਅਤੇ ਹਸਤੀ ਨੂੰ ਪ੍ਰਫੁੱਲਤ ਕਰ ਸਕਦਾ ਹੈ। ਇਸ ਸੁਰਮੇਲ ਤੋਂ ਬਗੈਰ ਇਨਸਾਨ ਆਪਣੀ ਹਸਤੀ ਨੂੰ ਉਜਾਗਰ ਨਹੀਂ ਕਰ ਸਕਦਾ।

# ਮਾਨਸਿਕਤਾ, ਚੇਤਨਾ ਅਤੇ ਜ਼ਿਹਨੀਅਤ

ਇਨਸਾਨ ਦੀ ਸੋਚ, ਸੂਝ, ਉਸਦਾ ਚੌਗਿਰਦਾ, ਹਾਲਾਤ ਅਤੇ ਦੇਸ਼ਕਾਲ, ਇਨਸਾਨ ਦੇ ਇਨਸਾਨ ਨਾਲ ਅਤੇ ਕੁਦਰਤ ਨਾਲ ਰਿਸ਼ਤਿਆਂ ਉਤੇ ਫੈਸਲਾਕੁੰਨ ਅਸਰ ਹੁੰਦਾ ਹੈ। ਇਹ ਸਭ ਤੱਤ ਮਿਲਕੇ ਉਸਦੀ ਚੇਤਨਾ, ਫ਼ਿਤਰਤ ਅਤੇ ਮਾਨਸਿਕਤਾ ਨੂੰ ਘੜਦੇ ਹਨ। ਉਸਦੀ ਮਾਨਸਿਕਤਾ ਕਿਸੇ ਹੱਦ ਤਕ ਇਨ੍ਹਾਂ ਤੱਤਾਂ ਦੀ ਹੀ ਝਲਕ ਹੁੰਦੀ ਹੈ। ਗੁਰੂ ਗੋਬਿੰਦ ਸਿੰਘ ਕਹਿੰਦੇ ਨੇ:

*ਡੇਹਰਾ ਮਸੀਤ, ਪੂਜਾ ਔਰ ਨਮਾਜ ਸੈ*
*ਮਾਨਸ ਇਕ ਪਰ ਅਨੇਕ ਪਰਭਾਵ ਹੈ*
*ਦੇਵਤਾ, ਰਾਖਸ, ਯਖਸ਼, ਗੰਧਰਵ, ਤੁਰਕ ਔਰ ਹਿੰਦੂ ਪਰ*
*ਨਿਆਰੇ ਨਿਆਰੇ ਦੇਸ਼ ਕਾ ਨਿਆਰਾ ਹੀ ਤੌ ਭਾਵ ਹੈ।*

ਇਸੇ ਕਰਕੇ ਮਨ ਨੂੰ ਦਰਪਣ ਵੀ ਕਿਹਾ ਗਿਆ ਹੈ ਕਿਉਂਕਿ ਇਸ ਵਿਚ ਇਨਸਾਨ ਦੇ ਇਨਸਾਨ ਨਾਲ ਅਤੇ ਕੁਦਰਤ ਨਾਲ ਰਿਸ਼ਤਿਆਂ ਦੀ ਝਲਕ ਹੁੰਦੀ ਹੈ ਅਤੇ ਉਸਦੀ ਮਾਨਸਕਿਤਾ ਦੇ ਰੂਪ ਵਿਚ ਦਿਸਦੀ ਹੈ। ਇਕ ਗੀਤ ਵਿਚ ਇਹੋ ਗੱਲ ਦੱਸੀ ਗਈ ਹੈ:

*ਤੇਰਾ ਮਨ ਦਰਪਨ ਕਹਿਲਾਏ*
*ਚੰਗੇ ਮਾੜੇ ਸਾਰੇ ਕਰਮਾਂ ਨੂੰ*
*ਵੇਖੇ ਅਤੇ ਵਖਾਏ*
*ਮਨ ਹੀ ਈਸ਼ਵਰ, ਮਨ ਹੀ ਦੇਵਤਾ*
*ਮਨ ਤੋਂ ਬੜਾ ਨਾਂ ਕੋਏ*

ਇਕ ਸਮੇਂ ਵਿਚ ਇਹ ਸੋਚ ਵੀ ਪੈਦਾ ਹੋਈ ਸੀ ਕਿ ਵਿਕਾਸ ਰਾਹੀਂ ਮਨੁੱਖੀ ਜੂਨ ਕਈ ਜੂਨਾਂ ਵਿਚੋਂ ਹੋਕੇ ਆਉਂਦੀ ਹੈ ਇਸ ਲਈ ਉਨ੍ਹਾਂ ਜੂਨਾਂ ਦਾ ਅਸਰ ਵੀ ਇਸ ਜੂਨ ਤੇ ਪੈਂਦਾ ਹੈ ਅਤੇ ਸੰਸਕਾਰਾਂ ਦਾ ਹਿੱਸਾ ਹੋ ਜਾਂਦਾ ਹੈ। ਸੰਸਕਾਰ ਬੰਦੇ ਵਲੋਂ ਕੀਤੇ ਜਾਂ ਸੋਚੇ ਕੰਮਾਂ ਦਾ ਨਤੀਜਾ ਹੈ ਜੋ ਉਸਦੀ ਜ਼ਿਹਨੀਅਤ ਦਾ ਹਿੱਸਾ ਬਣ ਜਾਂਦੇ ਹਨ।

ਇਨਸਾਨ ਦੀਆਂ ਪੰਜ ਗਿਆਨ ਇੰਦ੍ਰੀਆਂ, ਪੰਜ ਕਰਮ ਇੰਦ੍ਰੀਆਂ, ਪੰਜ ਪਰਾਣ, ਮਨ ਅਤੇ ਬੁੱਧੀ ਸੂਖਮ ਅਤੇ ਸਥੂਲ ਅੰਗ ਦੱਸੇ ਗਏ ਹਨ ਜਿਨ੍ਹਾਂ ਨਾਲ ਉਹ ਸੰਸਾਰ ਵਿਚ ਵਿਚਰਦਾ ਹੈ ਅਤੇ ਇਨ੍ਹਾਂ ਨਾਲ ਉਹ ਸਚੇਤ ਹੁੰਦਾ ਹੈ। ਇਨਸਾਨ ਦੇ **11** ਦਰਵਾਜ਼ੇ ਵੀ ਦੱਸੇ ਗਏ ਹਨ ਜਿਨ੍ਹਾਂ ਨਾਲ ਉਹ ਸੰਸਾਰ ਵਿਚ ਵਿਚਰਦਾ ਹੈ। ਕਠੋਪਨਿਸ਼ਦ ਦੱਸਦਾ ਹੈ

*ਪਰਮੇਕਾਦਸ਼ਦਵਾਰਮਜਸਯਾਵਕ੍ਰਚੇਤਸ:।*
*ਅਨੁਸ਼ਠਾਯ ਨ ਸ਼ੋਚਤਿ ਵਿਮੁਕਤਸ਼ਚ ਵਿਮੁਚਯਤੇ।।*
*ਏਤਦਵੈ ਤਤ।।*

*ਗਿਆਰਾਂ ਦਰਵਾਜ਼ਿਆਂ ਵਾਲੇ ਇਸ ਸ਼ਹਿਰ ਨੂੰ ਮਨੁੱਖ ਸਰਲ, ਮਨ ਨੂੰ ਸ਼ੁੱਧ ਅਤੇ ਚਿਤ ਨੂੰ ਸ਼ਾਂਤ ਬਣਾ ਕੇ ਸਾਰੀਆਂ ਹੀ ਇੰਦ੍ਰੀਆਂ ਨੂੰ ਵੱਸ ਵਿਚ ਰਖਦਾ ਹੈ ਤਾਂ ਉਹ ਮੁਕਤ ਹੋ ਜਾਂਦਾ ਹੈ ਅਤੇ ਇਹ ਨਗਰ ਉਸ ਲਈ ਸੁਖ ਦਾ ਸਾਧਨ ਬਣ ਜਾਂਦਾ ਹੈ।*

ਸ਼ਾਹ ਹੁਸੈਨ ਇਸਦੇ ਦਸ ਦਰਵਾਜ਼ੇ ਦੱਸਦਾ ਹੈ

*ਇਸ ਵੇਹੜੇ ਦੇ ਨੌਂ ਦਰਵਾਜ਼ੇ*
*ਦਸਵੇਂ ਕੁਫਲ ਚੜ੍ਹਾਈ*

ਬੁਲ੍ਹੇ ਸ਼ਾਹ ਕਹਿੰਦਾ ਹੈ

*ਏਸ ਵਿਹੜੇ ਦੇ ਨੌ ਦਰਵਾਜ਼ੇ ਦਸਵਾਂ ਗੁਪਤ ਰਖਾਤੀ*

ਇਨ੍ਹਾਂ ਇੰਦ੍ਰੀਆਂ ਨਾਲ ਹੀ ਵੱਖ ਵੱਖ ਮਜ਼ਮੂਨਾਂ ਦਾ ਅਤੇ ਦੁਨੀਆ ਦਾ ਗਿਆਨ ਹੁੰਦਾ ਹੈ। ਮਹਾਂਭਾਰਤ ਅਨੁਸਾਰ:

*"ਸ਼ਬਦ: ਸਪ੍ਰਸ਼ਮ ਚ ਰੂਪਮ ਚ ਰਸੋ ਗੰਧਸ਼ਚ ਮੂਰਤਯ:।*
*ਏਤੇਹਯਾਮਰਣਾਤ ਪੰਜ ਸ਼ਡਗੁਣਾ ਗਿਆਨਸਿੱਧਯੇ।"*

*ਸ਼ਬਦ, ਛੋਹ, ਰੂਪ, ਰਸ, ਗੰਧ ਅਤੇ ਮੂਰਤ ਇਹ ਚੀਜ਼ਾਂ ਮੌਤ ਤੋਂ ਪਹਿਲਾਂ ਇੰਦ੍ਰੀਆਂ ਤੋਂ ਪੈਦਾ ਹੋਏ ਗਿਆਨ ਨਾਲ ਹਾਸਲ ਹੁੰਦੇ ਹਨ। ਇਨ੍ਹਾਂ ਇੰਦ੍ਰੀਆਂ ਦਾ ਸੰਜੋਗ ਹੋਣ ਨਾਲ ਹੀ ਵੱਖ ਵੱਖ ਵਿਸ਼ਿਆਂ ਦਾ ਗਿਆਨ ਹੁੰਦਾ ਹੈ।*

ਇਨਸਾਨ ਦੀਆਂ ਇੰਦ੍ਰੀਆਂ ਦੀ ਤੁਲਨਾ ਘੋੜਿਆਂ ਨਾਲ ਵੀ ਕੀਤੀ ਗਈ ਹੈ ਤੇ ਮਨ ਦੀ ਇਕ ਘੋੜਸਵਾਰ ਨਾਲ। ਮਨ ਹੀ ਇਨ੍ਹਾਂ ਘੋੜਿਆਂ ਨੂੰ ਵੱਸ ਵਿਚ ਰਖਦਾ ਹੈ ਜਾਂ ਇਨ੍ਹਾਂ ਦੇ ਵੱਸ ਹੋ ਕੇ ਇੱਧਰ ਉੱਧਰ ਭਟਕਦਾ ਫਿਰਦਾ ਹੈ। ਕਠੋਪਨਿਸ਼ਦ ਕਹਿੰਦਾ ਹੈ:

*"ਯਸਤੁ ਵਿਗਿਆਨਵਾਨ ਭਵਤਿ ਯੁਕਤੇਨ ਮਨਸਾ ਸਦਾ।*
*ਤਸਯੈਇੰਦ੍ਰਯਾਣਿ ਵਸ਼ਯਾਨਿ ਸਦਸ਼ਵਾ ਇਵ ਸਾਰਥੇ:।।"*

*ਜੋ ਗਿਆਨੀ ਮਨ ਨੂੰ ਵੱਸ ਵਿਚ ਕਰਕੇ ਇੰਦ੍ਰੀਆਂ ਰੂਪੀ ਘੋੜਿਆਂ ਨੂੰ ਵੱਸ ਵਿਚ ਰਖਦੇ ਹਨ ਉਹ ਸੁੱਖੀ ਰਹਿੰਦੇ ਹਨ।*

ਇਨਸਾਨ ਜਿਸ ਚੌਗਿਰਦੇ ਵਿਚ ਪੈਦਾ ਹੁੰਦਾ ਹੈ, ਉਸ ਉਤੇ ਉਸ ਦੇਸ਼ ਕਾਲ ਦਾ ਅਸਰ ਹੁੰਦਾ ਹੈ। ਇਸ ਇਤਹਾਸਿਕ ਸਥਿਤੀ ਵਿੱਚ ਉਹ ਕਈ ਰਿਸ਼ਤਿਆਂ ਘੇਰਿਆ ਜਾਂਦਾ ਜੋ ਉਸਦੇ ਆਪ ਬਣਾਏ ਹੋਏ ਨਹੀਂ ਹੁੰਦੇ। ਇਨ੍ਹਾਂ ਰਿਸ਼ਤਿਆਂ ਵਿਚ ਉਸਦਾ ਸਥਾਨ ਅਤੇ ਉਸ ਦੀਆਂ ਲੋੜਾਂ ਉਸਦੀ ਮਾਨਸਿਕਤਾ ਨੂੰ ਢਾਲਦੀਆਂ ਹਨ। ਲੋੜ ਨਾਲੋਂ ਜ਼ਿਆਦਾ ਕਾਮ, ਕਰੋਧ, ਲੋਭ, ਅਹੰਕਾਰ ਅਤੇ ਮੋਹ ਇਨਸਾਨ ਦੀ ਅਕਲ ਤੇ ਪਰਦਾ ਪਾ ਦਿੰਦੇ ਹਨ ਅਤੇ ਉਸਨੂੰ ਪਸ਼ੂ ਬਿਰਤੀ ਵਾਲਾ ਬਣਾ ਦਿੰਦੇ ਹਨ ਜੋ ਸਹੀ ਅਤੇ ਗਲਤ ਵਿਚ ਫਰਕ ਨਹੀਂ ਦਸ ਸਕਦਾ। ਉਹ ਸਿਰਫ਼ ਆਪਣੀ 'ਮੈਂ' ਤਕ ਹੀ ਮਹਦੂਦ ਹੋ ਕੇ ਰਹਿ ਜਾਂਦਾ ਹੈ। ਉਹ ਅਸਲੀ ਅਤੇ ਨਕਲੀ, ਚੰਗੇ ਅਤੇ ਮੰਦੇ ਵਿਚ ਫਰਕ ਨਹੀਂ ਦੱਸ ਸਕਦਾ ਅਤੇ ਅਸਲੀਅਤ ਨਹੀਂ ਵੇਖ ਸਕਦਾ। ਉਹ ਅਗਿਆਨਤਾ ਦੇ ਹਨੇਰੇ ਵਿਚ ਰੁਲ ਜਾਂਦਾ ਹੈ ਅਤੇ ਜਾਨਵਰਾਂ ਦੀ ਜ਼ਿੰਦਗੀ ਜੀਣ ਲਗ ਪੈਦਾ ਹੈ। ਜਿਸ ਤਰ੍ਹਾਂ ਮੱਛੀ ਮੱਛੀ ਨੂੰ ਖਾਂਦੀ ਹੈ ਬੰਦੇ ਦਾ ਵਤੀਰਾ ਵੀ ਇਸ ਤਰ੍ਹਾਂ ਦਾ ਹੀ ਹੋ ਜਾਂਦਾ ਹੈ। ਮਹਾਂਭਾਰਤ ਵਿਚ ਦੱਸਿਆ ਗਿਆ ਹੈ:

*"ਪਾਪਸਯ ਯਦਧਿਸ਼ਠਾਨਮ ਤੱਛ੍ਰਣੁਸ਼ਵ ਨਰਾਧਿਪ। ਏਕੋ ਲੋਭੋ ਮਹਾਗ੍ਰਾਹੋ ਲੋਭਾਤ ਪਾਪਮ ਪ੍ਰਵਰਤਤੇ।।"*

*ਲੋਭ ਹੀ ਪਾਪ ਦਾ ਆਧਾਰ ਹੈ। ਉਹ ਮਨੁੱਖ ਨੂੰ ਨਿਗਲ ਜਾਣ ਵਾਲਾ ਇਕ ਵੱਡਾ ਜਾਨਵਰ ਹੈ। ਲੋਭ ਨਾਲ ਹੀ ਪਾਪ ਸ਼ੁਰੂ ਹੁੰਦਾ ਹੈ।*

*"ਦਰਪ: ਕ੍ਰੋਧੋ ਮਦ: ਸਵਪਨੋ ਹ੍ਰਸ਼: ਸ਼ੋਕੋਅਤਿਮਾਨਿਤਾ।*
*ਏਤ ਏਵ ਹਿ ਕੌਰਵਯ ਦ੍ਰਸ਼ਯੰਤੇ ਲੁਬਧਬੁਧਿਸ਼ੁ।।"*

*ਜਿਨ੍ਹਾਂ ਦੀ ਬੁੱਧੀ ਲੋਭ ਵਿਚ ਫਸੀ ਹੋਈ ਹੈ ਉਨ੍ਹਾਂ ਮਨੁੱਖਾਂ ਵਿਚ ਦਰਪ, ਕ੍ਰੋਧ, ਮਦ, ਬੁਰੇ ਸੁਫਨੇ, ਹਰਖ, ਸੋਗ ਅਤੇ ਬਹੁਤ ਹੀ ਘਮੰਡ, ਇਹ ਸਭ ਦੋਸ਼ ਪਾਏ ਜਾਂਦੇ ਹਨ।*

*"ਲੋਭਪ੍ਰਭਵਮਗਿਆਨਮ ਵ੍ਰਿਧਮ ਭੂਯ: ਪ੍ਰਵ੍ਰਧਤੇ।*
*ਸਥਾਨੇ ਸਥਾਨਮਕਸ਼ਯੇ ਕਸ਼ੈਣਯਮੁਪੈਤਿ ਵਿਵਿਧਾਂ ਗਤਿਮ।।"*

*ਲੋਭ ਨਾਲ ਅਗਿਆਨ ਪੈਦਾ ਹੁੰਦਾ ਹੈ ਅਤੇ ਲੋਭ ਦੇ ਵਧਣ ਨਾਲ ਅਗਿਆਨ ਹੋਰ ਵੱਧਦਾ ਹੈ। ਜਦੋਂ ਤਕ ਲੋਭ ਰਹਿੰਦਾ ਹੈ ਉਦੋਂ ਤਕ ਅਗਿਆਨ ਵੀ ਕਾਇਮ ਰਹਿੰਦਾ ਹੈ ਅਤੇ ਜਦੋਂ ਲੋਭ ਮੁੱਕ ਜਾਂਦਾ ਹੈ ਤਾਂ ਅਗਿਆਨ ਵੀ ਮੁੱਕ ਜਾਂਦਾ ਹੈ। ਲੋਭ ਅਤੇ ਅਗਿਆਨ ਦੇ ਕਾਰਨ ਹੀ ਜੀਵ ਕਈ ਤਰ੍ਹਾਂ ਦੀਆਂ ਜੂਨਾਂ ਵਿਚ ਪੈਦਾ ਹੁੰਦਾ ਹੈ।*

ਪਤੰਜਲੀ ਅਤੇ ਹੋਰਨਾਂ ਨੇ ਯੋਗ ਅਤੇ ਹੋਰ ਰਾਹਾਂ ਰਾਹੀਂ ਮਨ ਅਤੇ ਬਿਰਤੀਆਂ ਨੂੰ ਇਕ ਸੰਤੁਲਨ ਵਿਚ ਰੱਖਣ ਦਾ ਉਪਰਾਲਾ ਕੀਤਾ। ਪਤੰਜਲੀ ਯੋਗ ਸੂਤਰ ਵਿਚ ਕਹਿੰਦਾ ਹੈ:

*''ਯੋਗਾਮਨਚਿਤਵਰਿਤੀ ਨਿਰੋਧ''*

***ਯੋਗ ਮਨ ਅਤੇ ਚਿੱਤ ਦੀ ਵਿਰਤੀਆਂ ਨੂੰ ਵੱਸ ਵਿਚ ਰਖਣਾ ਹੈ।***

ਮਹਾਭਾਰਤ ਅਨੁਸਾਰ

***''ਧਰਮਸਯ ਵਿਧਯੋ ਨੈਕੇ ਯੇ ਵੈ ਪ੍ਰੋਕਤਾ ਮਹਾਰਿਸ਼ਭਿ:।***
***ਸ਼ਵਮ ਸਵਮ ਵਿਗਿਆਨਮਾਸ਼੍ਰਤਿਯ ਦਮਸਤੇਸ਼ਾਮ ਪਰਾਯਣਮ।।''***

***ਮਹਾਂ ਰਿਸ਼ੀਆਂ ਨੇ ਆਪਣੇ ਆਪਣੇ ਗਿਆਨ ਮੁਤਾਬਿਕ ਧਰਮ ਦੀਆਂ ਕਈ ਵਿਧੀਆਂ ਦੱਸੀਆਂ ਹਨ ਲੇਕਿਨ ਉਨ੍ਹਾਂ ਸਭਨਾਂ ਦਾ ਧੁਰਾ ਇੰਦ੍ਰੀਆਂ ਨੂੰ ਵੱਸ ਵਿਚ ਕਰਨਾ ਹੀ ਹੈ।***

ਭਰਤ ਮੁਨੀ ਨਾਟਯਸ਼ਾਸਤ੍ਰ ਵਿਚ ਦਸਦਾ ਹੈ ਕਿ ਇਨਸਾਨ ਚ ਜੰਮਦਿਆਂ ਹੀ ਸਥਾਈ ਭਾਵਾਂ ਕਰਕੇ ਵਾਸਨਾਵਾਂ ਪੈਦਾ ਹੁੰਦੀਆਂ ਹਨ ਅਤੇ ਚਿੱਤਵ੍ਰਿਤੀਆਂ ਪੈਦਾ ਹੁੰਦੀਆਂ ਹਨ:

***''ਨ ਹਯੇਤਚਿੱਤਵਰਿਤੀਵਾਸਨਾਸ਼ੂਨਯ: ਪ੍ਰਾਣੀ ਭਵਤੀ। ਕੇਵਲਮ ਕਸਯਾਚਿਤ ਕਾਚਿਦਧਿਕਚਿੱਤਵਰਿਤੀ: ਕਾਚਿਦੂਨਾ। ਕਸਯਾਚਿਦੁਚਿਤਵਿਸ਼ਯਾਨਿਯੰਤ੍ਰਤਾ ਕਸਯਾਚਿਦਅਨਯਥਾ। ਤਤ ਕਾਚਿਦੇਵਪੁਮਰਥੋਪਯੋਗਿਨੀਤਯੁਪਦੇਸ਼ਯਾ: ਤਧਿਭਾਵਕਿਰਤਸ਼ਚੋਤਮਪ੍ਰਕਰਿਤਯਾਦਿਵਯਵਯੀਡਗੰਫ਼।***

***ਕੋਈ ਵੀ ਪ੍ਰਾਣੀ ਇਨ੍ਹਾਂ ਚਿੱਤ ਬਿਰਤੀਆਂ ਤੋਂ ਬਿਨਾਂ ਨਹੀਂ ਹੁੰਦਾ। ਸਿਰਫ਼ ਐਨਾ ਹੀ ਫਰਕ ਹੁੰਦਾ ਹੈ ਕਿ ਕਿਸੇ ਵਿਚ ਕੋਈ ਬਿਰਤੀ ਜ਼ਿਆਦਾ ਹੁੰਦੀ ਹੈ ਅਤੇ ਕੋਈ ਬਿਰਤੀ ਘੱਟ। ਕਿਸੇ ਦੀ ਬਿਰਤੀ ਇਕ ਵਿਸ਼ੇ ਵਿਚ ਹੁੰਦੀ ਹੈ ਤੇ ਕਿਸੇ ਦੀ ਉਸਦੇ ਉਲਟ ਵਿਸ਼ੇ ਵਿਚ। ਇਸ ਲਈ ਕੋਈ ਇਕ ਬਿਰਤੀ ਹੀ ਉਪਦੇਸ਼ ਦੇ ਲਾਇਕ ਹੁੰਦੀ ਹੈ।***

ਇਸ ਦੌਰ ਵਿਚ ਹੀ **ਆਹਾਰ, ਵਿਚਾਰ** ਅਤੇ **ਆਚਾਰ** ਦੇ ਰਿਸ਼ਤੇ ਬਾਰੇ ਵੀ ਸੂਝ ਬਣੀ ਕਿ ਇਨਸਾਨ ਜੋ ਕੰਮ ਕਰਕੇ ਖਾਂਦਾ ਹੈ ਉਸਦਾ ਉਸਦੇ ਵਿਚਾਰਾਂ ਅਤੇ ਕਰਨੀ ਉਤੇ ਅਸਰ ਪੈਂਦਾ ਹੈ। ਇਨ੍ਹਾਂ ਤਿਨ੍ਹਾਂ ਦੇ ਰਿਸ਼ਤੇ ਬਾਰੇ ਵੀ ਵਿਚਾਰ ਵਟਾਂਦਰੇ ਹੋਏ। ਇਹ ਸੋਚ ਬਣੀ ਕਿ ਹਰ ਚੀਜ਼ ਵਿਚ **ਸਾਤਵਿਕ, ਰਜਤ ਜਾਂ ਤਮਸ** ਗੁਣਾਂ ਵਿਚੋਂ ਕੋਈ ਇਕ ਗੁਣ ਪ੍ਰਧਾਨ ਹੁੰਦਾ ਹੈ। ਸਾਤਵਿਕ ਚੀਜ਼ਾਂ ਖਾਣ ਨਾਲ ਸਾਤਵਿਕ ਵਿਚਾਰ ਵੱਧਦੇ ਨੇ ਅਤੇ ਰਜਤ ਆਹਾਰ ਨਾਲ ਰਜਤ ਅਤੇ ਤਮਸ ਨਾਲ

ਤਮਸ ਵਿਚਾਰ ਵੱਧਦੇ ਹਨ। ਇਨਸਾਨ ਇਕ ਹੱਦ ਤਕ ਆਪਣੇ ਵਿਚਾਰਾਂ ਅਨੁਸਾਰ ਹੀ ਵਿਚਰਦਾ ਹੈ ਇਸ ਲਈ ਆਹਾਰ, ਵਿਚਾਰ ਅਤੇ ਆਚਾਰ ਵਿਚ ਵੀ ਇਕ ਰਿਸ਼ਤਾ ਹੈ।

ਹਿਰਖ, ਪ੍ਰੀਤ, ਆਨੰਦ, ਸੁੱਖ ਅਤੇ ਮਨ ਦੀ ਸ਼ਾਂਤੀ ਸਾਤਵਿਕ ਗੁਣ ਕਹੇ ਗਏ ਹਨ। ਸੰਤੋਖ ਨਾ ਹੋਣਾ, ਸੰਤਾਪ, ਸੋਗ, ਲੋਭ ਅਤੇ ਬਰਦਾਸ਼ਤ ਨਾ ਕਰਨਾ ਰਜੋਗੁਣ ਦੱਸੇ ਗਏ ਹਨ। ਮੋਹ, ਪ੍ਰਮਾਦ, ਬੇਵਕੂਫੀ, ਸੁਫਨਾ ਅਤੇ ਸੁਸਤੀ ਤਮਸ ਗੁਣ ਦੱਸੇ ਗਏ ਹਨ।

*ਚੇਤਨਾ ਦੀਆਂ ਚਾਰ ਅਵਸਥਾਵਾਂ ਦੱਸੀਆਂ ਗਈਆਂ ਹਨ।*

**ਜਾਗਣਾ**– ਆਮ ਅਵਸਥਾ ਵਿਚ ਆਦਮੀ ਜਾਗਦਾ ਫਿਰਦਾ ਹੈ ਕ੍ਰਯਾਸ਼ੀਲ ਹੁੰਦਾ ਹੈ। ਆਪਣੇ ਕਾਜ ਕਰਦਾ ਹੈ।

**ਨੀਂਦ**–ਚੇਤਨਾ ਦੂਸਰੀ ਦੂਸਰੀ ਅਵਸਥਾ ਨੀਂਦ ਹੈ ਜਿਸ ਵਿਚ ਉਹ ਸੌਂਦਾ ਹੈ ਅਤੇ ਉਸਨੂੰ ਜਾਗਣ ਵਾਲੀ ਅਵਸਥਾ ਦਾ ਕੋਈ ਪਤਾ ਨਹੀਂ ਹੁੰਦਾ।

**ਸੁਫਨਾਂ**– ਨੀਂਦ ਦੀ ਹੀ ਇਕ ਅਵਸਥਾ ਸੁਫ਼ਨਾ ਹੈ ਜਿਸ ਵਿਚ ਉਹ ਕਈ ਚੀਜ਼ਾਂ ਵੇਖਦਾ ਹੈ। ਕਿਹਾ ਜਾਂਦਾ ਹੈ ਕਿ ਜੋ ਕੁਝ ਬੰਦਾ ਦਿਨ ਵਿਚ ਸੋਚਦਾ ਜਾਂ ਕਰਦਾ ਹੈ ਅਕਸਰ ਸੁਫਨੇ ਉਸੇ ਬਾਰੇ ਹੀ ਆਉਂਦੇ ਹਨ। ਪੰਚਤੰਤ੍ਰ ਵਿਚ ਕਿਹਾ ਹੈ:

*"ਯਦ੍ਵਾਂਛਤਿ ਦਿਵਾ ਮ੍ਰਤਯੋ ਵੀਕਸ਼ਤੇ ਵਾ ਕਰੋਤਿ ਵਾ।*
*ਤਤਸਵਪਨੇਪਿ ਤਦਭਯਾਸਾਦ ਬ੍ਰੂਤੇ ਵਾਥ ਕਰੋਤਿ ਵਾ।।"*

*ਮਨੁੱਖ ਦਿਨ ਵਿਚ ਜੋ ਖਾਹਿਸ਼ ਕਰਦਾ ਹੈ, ਦੇਖਦਾ ਹੈ ਜਾਂ ਕਰਦਾ ਹੈ, ਸੁਫਨੇ ਵਿਚ ਵੀ ਉਸਨੂੰ ਉਹ ਹੀ ਦਿਸਦਾ ਹੈ ਅਤੇ ਉਹ ਉਹੋ ਕੁਝ ਹੀ ਬੋਲਦਾ ਹੈ।*

*"ਜਲਪੰਤਿ ਸਾਰਧਾਮਨਯੇਨ ਪਸ਼ਯੰਤਯਨਯਮ ਸਵਿਭ੍ਰਮਾ।*
*ਹ੍ਰਿਦਗਤਮ ਚਿੰਤਯਤਯਨਯਮ ਪ੍ਰਿਯ: ਕੋ ਨਾਮ ਯੋਸ਼ਿਤਾਮ।।"*

*ਚੰਗਾ ਜਾਂ ਮਾੜਾ ਜੋ ਵੀ ਭਾਵ ਇਨਸਾਨ ਦੇ ਦਿਲ ਵਿਚ ਹੁੰਦਾ ਹੈ, ਬਹੁਤ ਗੂੜ੍ਹਾ ਹੋਵੇ ਤੇ ਸੁਫਨੇ ਵਿਚ ਵੀ ਦਿਸ ਜਾਂਦਾ ਹੈ।*

ਮਹਾਂ ਭਾਰਤ ਵਿਚ ਕਿਹਾ ਗਿਆ ਹੈ:

*"ਇੰਦ੍ਰੀਯਾਣਾਮ ਸ਼੍ਰਮਾਤ ਸਵੱਪਨਮਾਹੁ: ਸਰਵਗਤਮ ਬੁਧਾ:।*
*ਮਨਸਸੱਤਵਪ੍ਰਲੀਨਤਵਾਤ ਤਤ ਤਦਾਹੁਨ੍ਰਿਦਰਸ਼ਨਮ।।"*

*ਜਾਗ੍ਰਤ ਅਵਸਥਾ ਵਿਚ ਲਗਾਤਰ ਸ਼ਬਦ ਅਤੇ ਹੋਰ ਵਿਸ਼ਿਆਂ ਤੋਂ ਜਦੋਂ ਇੰਦ੍ਰੀਆਂ ਥੱਕ ਜਾਂਦੀਆਂ ਹਨ ਤਾਂ ਸਭ ਪ੍ਰਾਣੀਆਂ ਨੂੰ ਸੁਫ਼ਨਾ ਆਉਂਦਾ ਹੈ।*

*ਉਸ ਵੇਲੇ ਇੰਦ੍ਰੀਆਂ ਦੇ ਸੌਣ ਨਾਲ ਮਨ ਨਹੀਂ ਸੌਂਦਾ। ਇਸ ਲਈ ਉਹ ਸਭ ਵਿਸ਼ਿਆਂ ਨੂੰ ਮਨ ਨਾਲ ਮਹਿਸੂਸ ਕਰਦਾ ਹੈ।*

**ਤੁਰੀਆ**–ਇਹ ਚੌਥੀ ਅਵਸਥਾ ਹੈ ਤੇ ਇਹਨੂੰ ਬੰਦਾ ਜੋਗ ਅਤੇ ਤਪ ਨਾਲ ਹਾਸਲ ਕਰਦਾ ਹੈ। ਇਸ ਨਾਲ ਬੰਦਾ ਸਤ ਅਤੇ ਚਿਤ ਆਨੰਦ ਦਾ ਤਜਰਬਾ ਕਰਦਾ ਹੈ। ਇਸ ਅਵਸਥਾ ਵਿਚ ਬੰਦਾ ਆਪਣੀ ਅਸਲੀਅਤ ਪਛਾਣ ਲੈਂਦਾ ਹੈ ਕਿ ਉਹ ਇਸ ਸਾਰੀ ਕਾਇਨਾਤ ਦਾ ਅਨਿਖੜਵਾਂ ਹਿੱਸਾ ਹੈ। ਉਹ ਹੀ ਇਹ ਕਾਇਨਾਤ ਹੈ। ਇਹ ਹੀ ਵਜੂਦ ਦਾ ਤੱਤ ਅਤੇ ਸੱਤ ਹੈ। ਬੁਲ੍ਹੇ ਸ਼ਾਹ ਕਹਿੰਦਾ ਹੈ:

*"ਮੈਂ ਵਿਚ ਮੈਂ ਨਾ ਰਹਿ ਗਈ*
*ਜਬ ਕੀ ਪੀਆ ਸੰਗ ਪ੍ਰੀਤ ਲਗਾਈ*
*ਤੁਧ ਕਾਰਨ ਮੈਂ ਐਸਾ ਹੋਇਆ,*
*ਨੌਂ ਦਰਵਾਜ਼ੇ ਬੰਦ ਕਰ ਸੋਇਆ*
*ਦਰ ਦਸਵੇਂ ਤੇ ਆਣ ਖਲੋਇਆ,*
*ਕਦੇ ਮੰਨ ਮੇਰੀ ਅਸ਼ਨਾਈ।"*

ਰਿਗਵੇਦ ਦੇ ਪਹਿਲੇ ਹਿਸਿਆਂ ਦੇ ਵਕਤ ਦੇ ਬਾਅਦ ਮਾਨਸਿਕਤਾ ਬਾਰੇ ਦੋ ਤਰ੍ਹਾਂ ਦੀ ਸੋਚ ਦਿਸਦੀ ਹੈ, ਜਨਮ ਪ੍ਰਧਾਨ ਅਤੇ ਕਰਮ ਪ੍ਰਧਾਨ। ਜਨਮ ਪ੍ਰਧਾਨ ਸੋਚ ਦੇ ਪੈਰੋਕਾਰ ਬ੍ਰਾਹਮਣਵਾਦੀ, ਕਸ਼ੱਤਰੀ ਰਾਜੇ ਅਤੇ ਹੋਰ ਲੋਟੂ ਧਿਰਾਂ ਸਨ ਜੋ ਇਨਸਾਨ ਦੀ ਫਿਤਰਤ ਅਤੇ ਮਾਨਸਿਕਤਾ ਨੂੰ ਜਮਾਂਦਰੂ ਚੀਜ਼ ਦੱਸਦੇ ਸਨ ਜੋ ਬਦਲ ਨਹੀਂ ਸਕਦੀ। ਕਰਮਪ੍ਰਧਾਨ ਸੋਚ ਵਾਲੇ ਬ੍ਰਾਹਮਣਵਾਦ ਦੀ ਜਕੜ ਨੂੰ ਤੋੜ ਕੇ ਇਨਸਾਨ ਦੇ ਕੰਮ ਅਤੇ ਕਿਰਤ ਨਾਲ ਬਣੀ ਕਿਸਮਤ ਅਤੇ ਫਿਤਰਤ ਦੀ ਗੱਲ ਕਰਦੇ ਸਨ। ਉਹ ਕਹਿੰਦੇ ਸਨ ਕਿ ਇਨਸਾਨ ਦੀ ਫਿਤਰਤ ਕੰਮ ਅਤੇ ਹੋਰ ਸਮਾਜੀ ਰਿਸ਼ਤਿਆਂ ਨਾਲ ਹੋਂਦ ਵਿਚ ਆਉਂਦੀ ਹੈ। ਕਰਨੀ ਅਤੇ ਹਾਲਾਤ ਬਦਲਣ ਨਾਲ ਬੰਦੇ ਦੀ ਮਾਨਸਿਕਤਾ ਵੀ ਬਦਲ ਜਾਂਦੀ ਹੈ।

ਮਾਨਸਿਕਤਾ ਅਤੇ ਸੰਸਕਾਰਾਂ ਬਾਰੇ ਕਰਮ ਅਤੇ ਜਨਮ ਪ੍ਰਧਾਨ ਸੋਚ ਵਿਚ ਬਹੁਤ ਬਹਿਸ ਚਲਦੀ ਰਹੀਤੇ ਇਕ ਹੱਦ ਤਕ ਅਜੇ ਵੀ ਜਾਰੀ ਹੈ। ਆਪਣੇ ਉਦਮ ਅਤੇ ਕਰਮ ਨਾਲ ਇੰਦ੍ਰੀਆਂ ਅਤੇ ਬਿਰਤੀਆਂ ਨੂੰ ਸੰਤੁਲਨ ਵਿਚ ਰੱਖਕੇ ਆਪਣੀ ਮਾਨਸਿਕਤਾ ਨੂੰ ਢਾਲਣ ਦੀ ਅਹਿਮੀਅਤ ਸਮਝਾਉਂਦੇ ਹੋਏ ਸ਼ੇਖ਼ ਫ਼ਰੀਦ ਜੀ ਦੱਸਦੇ ਹਨ:

*"ਆਪ ਸਰਵਿਾਹ ਮੈ ਮਿਲਹਿ ਮੈ ਮਿਲਿਆ ਸੁਖ ਹੋਇ"*
*'ਫਰੀਦਾ ਮਨ ਮੈਦਾਨ ਕਰ ਟੋਏ ਟਿੱਬੇ ਲਾਹਿ'*

*'ਸਭਨਾ ਮਨ ਮਾਣਿਕ ਠਾਹਣੁ ਮੂਲਿ ਮਚਾਂਗਵਾ*

*ਜੇ ਤਉ ਪਿਰੀਆ ਦੀ ਸਿਕ ਹਿਆਉ ਨਾ ਠਾਹੇ ਕਹੀਦਾ*

*ਦਿਲਹੁ ਮੁਹਬਤਿ ਜਿੰਨ ਸੇਈ ਸਚਿਆ*
*ਜਿਨ ਮਨਿ ਹੋਰੁ ਮੁਖਿ ਹੋਰ ਸਿ ਕਾਂਢੇ ਕਚਿਆ'*

ਗਿਆਨਵਾਨ ਜਾਂ ਸਾਧੂ ਇਹੋ ਜਿਹਾ ਸੰਤੁਲਨ ਰਖਦਾ ਹੈ ਜਿਸ ਵਿਚ :

*ਹਰਖ ਸੋਗ ਜਾਗੇ ਨਹੀਂ ਕੰਚਨ ਲੋਹ ਸਮਾਨ (ਗੁਰੂ ਤੇਗ ਬਹਾਦਰ)*

ਇਨਸਾਨ ਜਦ ਇਨ੍ਹਾਂ ਬਿਰਤੀਆਂ ਨੂੰ ਸੰਤੁਲਨ ਵਿਚ ਰਖਕੇ ਕੰਮ ਕਰਦਾ ਹੈ ਤਾਂ ਉਸਨੂੰ ਦੁਨੀਆ ਦਾ ਅਤੇ ਆਪਣੀ ਹਕੀਕਤ ਦਾ ਗਿਆਨ ਹੁੰਦਾ ਹੈ ਕਿ ਉਹ ਵੀ ਕੁਦਰਤ ਦਾ ਹੀ ਹਿੱਸਾ ਹੈ। ਉਪਨਿਸ਼ਦ ਦਾ ਇਹ ਮਹਾਂਵਾਕ ਇਸ ਹਕੀਕਤ ਨੂੰ ਜ਼ੋਰ ਨਾਲ ਕਹਿੰਦਾ ਹੈ:

*'ਅਹਮਬਰਹਮਾਸਮੀ'* ਭਾਵ ਮੈਂ ਬ੍ਰਹਮ ਇਹ ਸਾਰਾ ਪਸਾਰਾ ਹਾਂ।

ਬੁਲ੍ਹੇ ਸ਼ਾਹ ਵੀ ਕਹਿੰਦਾ ਹੈ: *''ਅੱਵਲ ਆਖ਼ਰ ਆਪ ਨੂੰ ਜਾਣਾਂ, ਨਾ ਕੋਈ ਦੂਜਾ ਹੋਰ ਪਛਾਣਾਂ''*

ਜਦੋਂ ਬੰਦਾ ਆਪਣੇ ਤਜਰਬੇ ਨਾਲ ਇਹ ਜਾਣ ਲੈਂਦਾ ਹੈ ਤਾਂ ਉਹ ਫ਼ਰਾਖਦਿਲੀ ਅਤੇ ਸਾਫ ਮਨ ਨਾਲ ਕੁਦਰਤ ਤੇ ਇਨਸਾਨ ਨਾਲ ਵਿਚਰਦਾ ਹੈ। ਲੋਭ ਤੇ ਅਗਿਆਨ ਮੁੱਕ ਜਾਂਦੇ ਹਨ। ਬੰਦਾ ਸਮਝ ਜਾਂਦਾ ਹੈ ਕਿ ਤਮਾਮ ਕਾਇਨਾਤ ਅਤੇ ਸ੍ਰਿਸ਼ਟੀ ਦਾ ਉਹ ਹਿੱਸਾ ਵੀ ਹੈ ਤੇ ਕਰਤਾ ਵੀ। ਹਰ ਸ਼ੈਅ ਦੀ ਇਕ ਦੂਸਰੇ ਨਾਲ ਜੁੜਤ ਅਤੇ ਅਪਣੱਤ ਹੈ। ਜਦੋਂ ਇਹ ਚੀਜ਼ ਸਮਝ ਆ ਜਾਂਦੀ ਹੈ ਤਾਂ ਉਹ ਸੁਖੀ ਰਹਿੰਦਾ ਹੈ। ਉਸਦੀ ਸੋਚਣੀ, ਕਹਿਣੀ ਅਤੇ ਕਰਨੀ ਇਕੋ ਹੋ ਜਾਂਦੀ ਹੈ।

ਗੁਰੂਆਂ ਅਤੇ ਭਗਤਾਂ ਨੇ ਵੀ ਮਨ ਅਤੇ ਇਸਦੇ ਵੱਖ ਵੱਖ ਪਹਿਲੂਆਂ ਅਤੇ ਇਸ ਤਰ੍ਹਾਂ ਉਪਜੀ ਮਾਨਸਿਕਤਾ ਅਤੇ ਵਿਹਵਾਰ ਬਾਰੇ ਦੱਸਿਆ ਹੈ:

**ਅੰਗ 13, ਸਤਰ 15 -- ਗੁਰੂ ਅਰਜਨ ਦੇਵ**
ਅਉਧ ਘਟੈ ਦਿਨਸੁ ਰੈਣਾਰੇ ॥ ਮਨ ਗੁਰ ਮਿਲਿ ਕਾਜ ਸਵਾਰੇ
**ਅੰਗ 13, ਸਤਰ 18 -- ਗੁਰੂ ਅਰਜਨ ਦੇਵ**
ਅੰਤਰਜਾਮੀ ਪੁਰਖ ਬਿਧਾਤੇ ਸਰਧਾ ਮਨ ਕੀ ਪੂਰੇ

ਅੰਗ 15, ਸਤਰ 14 -- ਗੁਰੂ ਨਾਨਕ ਦੇਵ
ਫਿਕਾ ਬੋਲਿ ਵਿਗੁਚਣਾ ਸੁਣਿ ਮੂਰਖ ਮਨ ਅਜਾਣ ॥
ਅੰਗ 16, ਸਤਰ 14 -- ਗੁਰੂ ਨਾਨਕ ਦੇਵ
ਜਿਤੁ ਖਾਧੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥
ਅੰਗ 16, ਸਤਰ 18 -- ਗੁਰੂ ਨਾਨਕ ਦੇਵ
ਜਿਤੁ ਚੜਿਐ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥
ਅੰਗ 17, ਸਤਰ 2 -- ਗੁਰੂ ਨਾਨਕ ਦੇਵ
ਜਿਤੁ ਸੁਤੈ ਤਨੁ ਪੀੜੀਐ ਮਨ ਮਹਿ ਚਲਹਿ ਵਿਕਾਰ ॥
ਅੰਗ 18, ਸਤਰ 5 -- ਗੁਰੂ ਨਾਨਕ ਦੇਵ
ਮਨ ਰੇ ਸਚੁ ਮਿਲੈ ਭਉ ਜਾਇ ॥
ਅੰਗ 19, ਸਤਰ 15 -- ਗੁਰੂ ਨਾਨਕ ਦੇਵ
ਮਨ ਰੇ ਸਬਦਿ ਤਰਹੁ ਚਿਤੁ ਲਾਇ ॥
ਅੰਗ 20, ਸਤਰ 1 -- ਗੁਰੂ ਨਾਨਕ ਦੇਵ
ਪੰਚ ਭੂਤ ਸਚਿ ਭੈ ਰਤੇ ਜੋਤਿ ਸਚੀ ਮਨ ਮਾਹਿ
ਅੰਗ 20, ਸਤਰ 10 -- ਗੁਰੂ ਨਾਨਕ ਦੇਵ
ਸੁਣਿ ਮਨ ਮਿਤ੍ਰ ਪਿਆਰਿਆ ਮਿਲੁ ਵੇਲਾ ਹੈ ਏਹ ॥
ਅੰਗ 20, ਸਤਰ 12 -- ਗੁਰੂ ਨਾਨਕ ਦੇਵ
ਮੇਰੇ ਮਨ ਲੈ ਲਾਹਾ ਘਰਿ ਜਾਹਿ
ਅੰਗ 21, ਸਤਰ 9 -- ਗੁਰੂ ਨਾਨਕ ਦੇਵ
ਮਨ ਰੇ ਹਉਮੈ ਛੋਡਿ ਗੁਮਾਨੁ
ਅੰਗ 21, ਸਤਰ 14 -- ਗੁਰੂ ਨਾਨਕ ਦੇਵ
ਇਕੁ ਤਿਲੁ ਪਿਆਰਾ ਵੀਸਰੈ ਰੋਗੁ ਵਡਾ ਮਨ ਮਾਹਿ
ਅੰਗ 21, ਸਤਰ 15 -- ਗੁਰੂ ਨਾਨਕ ਦੇਵ
ਕਿਉ ਦਰਗਹ ਪਤਿ ਪਾਈਐ ਜਾ ਹਰਿ ਨ ਵਸੈ ਮਨ ਮਾਹਿ
ਅੰਗ 22, ਸਤਰ 8 -- ਗੁਰੂ ਨਾਨਕ ਦੇਵ
ਮਨ ਮਹਿ ਮਾਣਕੁ ਲਾਲੁ ਨਾਮੁ ਰਤਨੁ ਪਦਾਰਥੁ ਹੀਰੁ
ਅੰਗ 22, ਸਤਰ 11 -- ਗੁਰੂ ਨਾਨਕ ਦੇਵ
ਮਨ ਰੇ ਗੁਰਮੁਖਿ ਅਗਨਿ ਨਿਵਾਰਿ ॥
ਅੰਗ 23, ਸਤਰ 5 -- ਗੁਰੂ ਨਾਨਕ ਦੇਵ
ਹਰਿ ਜਪਿ ਲਾਹਾ ਅਗਲਾ ਨਿਰਭਉ ਹਰਿ ਮਨ ਮਾਹ
ਅੰਗ 26, ਸਤਰ 4 -- ਗੁਰੂ ਅਮਰ ਦਾਸ
ਸਤਿਗੁਰੁ ਮਨ ਕਾਮਨਾ ਤੀਰਥੁ ਹੈ ਜਿਸ ਨੋ ਦੇਇ ਬੁਝਾਇ
ਅੰਗ 26, ਸਤਰ 5 -- ਗੁਰੂ ਅਮਰ ਦਾਸ
ਮਨ ਚਿੰਦਿਆ ਵਰੁ ਪਾਵਣਾ ਜੋ ਇਛੈ ਸੋ ਫਲੁ ਪਾਇ ॥
ਅੰਗ 26, ਸਤਰ 6 -- ਗੁਰੂ ਅਮਰ ਦਾਸ
ਮਨ ਮੇਰੇ ਹਰਿ ਰਸੁ ਚਾਖੁ ਤਿਖ ਜਾਇ

**ਅੰਗ 26, ਸਤਰ 14 -- ਗੁਰੂ ਅਮਰ ਦਾਸ**
ਮਨ ਰੇ ਗ੍ਰਿਹ ਹੀ ਮਾਹਿ ਉਦਾਸੁ ॥
**ਅੰਗ 27, ਸਤਰ 10 -- ਗੁਰੂ ਅਮਰ ਦਾਸ**
ਮਨ ਭੁਖਾ ਭੁਖਾ ਮਤ ਕਰਹਿ ਮਤ ਤੂ ਕਰਹਿ ਪੂਕਾਰ
**ਅੰਗ 27, ਸਤਰ 14 -- ਗੁਰੂ ਅਮਰ ਦਾਸ**
ਮਨ ਮੇਰੇ ਹਰਿ ਹਰਿ ਨਿਰਮਲੁ ਧਿਆਇ
**ਅੰਗ 28, ਸਤਰ 15 -- ਗੁਰੂ ਅਮਰ ਦਾਸ**
ਭਾਈ ਰੇ ਇਸੁ ਮਨ ਕਉ ਸਮਝਾਇ ॥
**ਅੰਗ 28, ਸਤਰ 15 -- ਗੁਰੂ ਅਮਰ ਦਾਸ**
ਏ ਮਨ ਆਲਸੁ ਕਿਆ ਕਰਹਿ ਗੁਰਮੁਖਿ ਨਾਮੁ ਧਿਆਇ
**ਅੰਗ 29, ਸਤਰ 12 -- ਗੁਰੂ ਅਮਰ ਦਾਸ**
ਮੇਰੇ ਮਨ ਅਹਿਨਿਸਿ ਪੂਰਿ ਰਹੀ ਨਿਤ ਆਸਾ
**ਅੰਗ 29, ਸਤਰ 19 -- ਗੁਰੂ ਅਮਰ ਦਾਸ**
ਮੇਰੇ ਮਨ ਤਜਿ ਨਿੰਦਾ ਹਉਮੈ ਅਹੰਕਾਰੁ ॥
**ਅੰਗ 31, ਸਤਰ 3 -- ਗੁਰੂ ਅਮਰ ਦਾਸ**
ਮਨ ਰੇ ਸਦਾ ਭਜਹੁ ਹਰਿ ਸਰਣਾਈ
**ਅੰਗ 32, ਸਤਰ 13 -- ਗੁਰੂ ਅਮਰ ਦਾਸ**
ਮੇਰੇ ਮਨ ਗੁਰ ਮੁਖਿ ਧਿਆਇ ਹਰਿ ਸੋਇ
**ਅੰਗ 33, ਸਤਰ 9 -- ਗੁਰੂ ਅਮਰ ਦਾਸ**
ਸੁਣਿ ਮਨ ਮੇਰੇ ਭਜੁ ਸਤਗੁਰ ਸਰਣਾ
**ਅੰਗ 33, ਸਤਰ 16 -- ਗੁਰੂ ਅਮਰ ਦਾਸ**
ਮਨ ਰੇ ਦੂਜਾ ਭਾਉ ਚੁਕਾਇ ॥
**ਅੰਗ 34, ਸਤਰ 5 -- ਗੁਰੂ ਅਮਰ ਦਾਸ**
ਮਨ ਮੇਰੇ ਸਦਾ ਹਰਿ ਵੇਖੁ ਹਦੂਰਿ
**ਅੰਗ 34, ਸਤਰ 15 -- ਗੁਰੂ ਅਮਰ ਦਾਸ**
ਮਨ ਮੇਰੇ ਅਨਦਿਨੁ ਜਾਗੁ ਹਰਿ ਚੇਤਿ ॥
**ਅੰਗ 34, ਸਤਰ 16 -- ਗੁਰੂ ਅਮਰ ਦਾਸ**
ਮਨ ਕੀਆ ਇਛਾ ਪੂਰੀਆ ਸਬਦਿ ਰਹਿਆ ਭਰਪੂਰਿ
**ਅੰਗ 35, ਸਤਰ 6 -- ਗੁਰੂ ਅਮਰ ਦਾਸ**
ਮੇਰੇ ਮਨ ਹਰਿ ਕਾ ਨਾਮੁ ਧਿਆਇ
**ਅੰਗ 35, ਸਤਰ 15 -- ਗੁਰੂ ਅਮਰ ਦਾਸ**
ਮਨ ਮੇਰੇ ਹਉਮੈ ਮੈਲੁ ਭਰ ਨਾਲਿ ॥
**ਅੰਗ 36, ਸਤਰ 4 -- ਗੁਰੂ ਅਮਰ ਦਾਸ**
ਮਨ ਰੇ ਨਿਜ ਘਰਿ ਵਾਸਾ ਹੋਇ

ਮਨ ਦੀ ਤੁਲਨਾ ਇਕ ਤਾਕਤਵਰ ਹਾਥੀ ਨਾਲ ਕਰਕੇ ਇਕ ਸ਼ਲੋਕ ਵਿਚ ਬਹੁਤ ਹੀ ਖੂਬਸੂਰਤ ਤਰੀਕੇ ਨਾਲ ਦੱਸਿਆ ਗਿਆ ਹੈ:

*ਮਨ ਕੁੰਚਰੁ ਪੀਲਕ ਗੁਰੂ, ਗਿਆਨ ਕੁੰਡਾ ਜਿੰਹ ਖੀਚੇ ਤਿੰਹ ਜਾਏ*
*ਨਾਨਕ ਹਸਤੀ ਕੁੰਡੇ ਬਾਹਰ ਫਿਰ ਫਿਰ ਉਝੜ ਪਾਏ।।*

ਭਾਵ ਕਿ ਮਨ ਇਕ ਹਾਥੀ ਦੀ ਤਰ੍ਹਾਂ ਹੈ ਅਤੇ ਗਿਆਨ ਨੱਥ ਹੈ ਅਤੇ ਗੁਰੂ ਮਹਾਵਤ ਹੈ। ਜਿਸ ਪਾਸੇ ਗਿਆਨ ਦਾ ਕੁੰਡਾ ਉਸਨੂੰ ਖਿਚਦਾ ਹੈ ਉਧਰ ਹੀ ਜਾਂਦਾ ਹੈ। ਗਿਆਨ ਦੇ ਕੁੰਡੇ ਬਗੈਰ ਇਹ ਹਾਥੀ ਬਹੁਤ ਹੀ ਖੋਰੂ ਪਾਉਂਦਾ ਹੈ।

ਮਾਨਸਿਕਤਾ ਅਤੇ ਇਨਸਾਨ ਦੇ ਕੰਮ ਦਾ ਅਟੁੱਟ ਰਿਸ਼ਤਾ ਹੈ।
ਬੁਲ੍ਹੇ ਸ਼ਾਹ ਕਹਿੰਦੇ ਹਨ:

*ਐਸੀ ਮਨ ਮੇਂ ਆਉਏ ਰੇ*
*ਦੁੱਖ ਸੁਖ ਸਭ ਵੰਜਾਇਉ ਰੇ*
*ਹਾਰ ਸਿੰਗਾਰ ਕੋ ਆਗ ਲਗਾਉ*
*ਤਨ ਪਰ ਢਾਂਡ ਮਚਾਇਉ ਰੇ*

*ਮੂੰਹ ਆਈ ਬਾਤ ਨਾਂ ਰਹਿੰਦੀ ਹੈ*
*ਸੱਚ ਕਹਿੰਦਿਆਂ ਭਾਂਬੜ ਮਚਦਾ ਹੈ*
*ਚੁੱਪ ਰਹਿੰਦਿਆਂ ਕੁਝ ਨਹੀਂ ਬਚਦਾ ਹੈ।*

ਸ਼ਾਹ ਹੁਸੈਨ ਕਹਿੰਦੇ ਹਨ:

*ਆਪ ਨੂੰ ਪਛਾਣ ਬੰਦੇ*
*ਜੇ ਤੁੱਧ ਆਪਣਾ ਆਪ ਪਛਾਤਾ*
*ਸਾਹਿਬ ਨੂੰ ਮਿਲਣਾ ਅਸਾਨ ਬੰਦੇ*

*ਬਾਹਿਰ ਪਾਕ ਅੰਦਰ ਆਲੂਦਾ*
*ਕਿਆ ਤੈਂ ਸ਼ੇਖ ਕਹਾਵੈਂ*
*ਰਾਜ ਇਸ਼ਕ ਦਾ ਸੂਈ ਦਾ ਨੱਕਾ*
*ਤਾਗਾ ਹੋਵੈਂ ਤਾਂ ਜਾਵੈਂ*

*ਮੇਰੀ ਜਾਂ ਜੋ ਰੰਗੇ ਸੋ ਰੰਗੇ*
*ਸੁਰਤ ਦੀ ਸੂਈ, ਪਰੇਮ ਦੇ ਧਾਗੇ*
*ਪਿਉਂਦ ਲਗੇ ਸੱਤਸੰਗੇ*

*ਛੋਡਿ ਤਕੱਬਰੀ ਪਕੜਿ ਹਲੀਮੀ*
*ਕੀ ਵਟਿਉ ਇਸ ਖ਼ੁਦੀ ਗੁਮਾਨੋਂ*
*ਹੱਡਾਂ ਦਾ ਕਲਬੂਤ ਬਣਾਇਆ*

*ਵਿਚ ਰਖਿਆ ਭੌਰ ਰਬਾਣਾ ਹੀ*

*ਪੰਜੇ ਸਹੀਆਂ ਇਕੋ ਜੇਹੀਆਂ*
*ਹੁਕਮ ਸੰਜੋਗ ਇਕਠੀਆਂ ਹੋਈਆਂ*
*ਜੋ ਪੰਜਾਂ ਨੂੰ ਧਾਗਾ ਪਾਏ*
*ਸਾ ਸਭਰਾਈ ਕੰਤ ਰੀਝਾਏ*

*ਟੁਕ ਬੂਝ ਸਮਝ ਦਿਲ ਕੌਣ ਹੈ*
*ਮਨ ਕਾ ਵਸੀਲਾ ਪੌਣ ਹੈ*
*ਮਨ ਔਰ ਹੈ ਮੁੱਖ ਔਰ ਹੈ*
*ਦੁਨੀਆਂ ਆਵਾਗੌਨ ਹੈ*

*ਨਿੰਦਿਆ, ਧਰੋਹ ਬਖੀਲੀ ਚੁਗਲੀ*
*ਨਿਵ ਕਰਦਾ ਫਿਰਦਾ ਟੱਗ ਹੈ*

ਮੀਆਂ ਮੁਹੰਮਦ ਬਖ਼ਸ਼ ਲਿਖਦੇ ਨੇ:

*ਨਫਸ ਅਸਾਡਾ ਦੇਵ ਮਰੇਲਾ, ਗਫਲਤ ਨਦੀ ਡੂੰਘੇਰੀ।*
*ਜਿਹਲ ਸੰਦੂਕ ਹੋਏ ਦਰ ਪੱਕੇ, ਕੁੰਜੀ ਇਸਮ ਚੰਗੇਰੀ।*
*ਪੰਖੀ ਪਿੰਜਰਿਆਂ ਵਿਚ ਹਿੱਸਾ, ਪੰਜ ਬਾਤਿਨ ਪੰਜ ਜ਼ਾਹਿਰ।*
*ਬਾਗ ਇਰਮ ਦਿਲ ਤਾਂਘਾਂ ਕਰ ਕੇ, ਨਿਕਲ ਹੋਏ ਨ ਬਾਹਿਰ।*

ਸਮਾਜ ਵਿਚ ਦੌਲਤ ਦੀ ਕਾਣੀ ਵੰਡ ਹੋਣ ਕਰਕੇ ਖ਼ੂਨ ਦੇ ਰਿਸ਼ਤੇ ਵੀ ਕਾਇਮ ਨਹੀਂ ਰਹਿ ਸਕਦੇ। ਇਨ੍ਹਾਂ ਹਾਲਾਤਾਂ ਵਿਚ ਇਕ ਇਹੋ ਜਿਹੀ ਮਾਨਸਿਕਤਾ ਬਣ ਜਾਂਦੀ ਹੈ ਜਿਸ ਨਾਲ ਭਰਾ ਭਰਾ ਦਾ ਦੁਸ਼ਮਣ ਬਣ ਜਾਂਦਾ ਹੈ। ਇਨਸਾਨ ਦੀ ਮਾਨਸਿਕਤਾ ਅਤੇ ਆਦਤਾਂ ਵੀ ਹਾਲਾਤ ਮੁਤਾਬਕ ਹੀ ਢਲ ਜਾਂਦੀਆਂ ਹਨ। ਜਿਨ੍ਹਾਂ ਚਿਰ ਹਾਲਾਤ ਨਹੀਂ ਬਦਲਦੇ ਅਤੇ ਬੰਦਾ ਗਿਆਨ ਨਾਲ ਜਾਗਦਾ ਨਹੀਂ ਉਦੋ ਤਕ ਇਹ ਮਾਨਸਿਕਤਾ ਅਤੇ ਆਦਤਾਂ ਬੰਦੇ ਨੂੰ ਗੁਲਾਮ ਬਣਾਈ ਰਖਦੀਆਂ ਹਨ। ਇਸ ਲਈ ਲਈ ਵਾਰਿਸ ਸ਼ਾਹ ਕਹਿੰਦਾ ਹੈ:

*ਵਾਰਿਸ ਸ਼ਾਹ ਨਾ ਆਦਤਾਂ ਜਾਣ ਮੀਆਂ, ਭਾਵੇਂ ਕੱਟੀਏ ਪੋਰੀਆਂ ਪੋਰੀਆਂ ਜੀ*

ਸਮਾਜ ਵਿਚ ਪ੍ਰਚਲਿਤ ਖ਼ਿਆਲ ਹੀ ਬੰਦੇ ਦੀ ਮਾਨਸਿਕਤਾ ਬਣ ਜਾਂਦੀ ਹੈ। ਇਨਸਾਨ ਨੂੰ ਇਹ ਖ਼ਿਆਲ ਵਿਰਸੇ ਵਿਚ ਮਿਲਦੇ ਹਨ, ਉਸਦੇ ਤਾਰੀਖ਼ੀ ਪੰਘੂੜੇ ਅਤੇ ਪਾਲਣੇ ਤੋਂ ਮਿਲਦੇ ਹਨ। ਪਰ ਬੰਦਾ ਆਪਣੇ ਤਜਰਬੇ ਅਤੇ ਸਮਾਜੀ ਰਿਸ਼ਤਿਆਂ ਅਤੇ ਖ਼ਿਆਲਾਂ ਤੇ ਝਾਤ ਮਾਰਕੇ ਨਵੇਂ ਰਿਸ਼ਤਿਆਂ, ਨਵੇਂ ਖ਼ਿਆਲਾਂ ਅਤੇ ਨਵੀਂ ਮਾਨਸਿਕਤਾ ਦੀ ਵੀ ਸਿਰਜਣਾ ਕਰਦਾ ਹੈ। ਉਹ ਕੱਚ ਅਤੇ ਪੱਕ ਦਾ ਨਿਤਾਰਾ ਕਰਨ

ਲੱਗ ਪੈਂਦਾ ਹੈ। ਕਿਓਂਕਿ ਹਰ ਸ਼ੈਅ ਆਵਾਗਮਨ ਚ' ਹੈ ਤੇ ਬਦਲਦੀ ਹੈ, ਇਸ ਨਾਲ ਬੰਦੇ ਦੀ ਮਾਨਸਿਕਤਾ ਵੀ ਬਦਲਦੀ ਰਹਿੰਦੀ ਹੈ। ਜਿਸ ਤਰ੍ਹਾਂ ਹਾਲਾਤ ਬਦਲਦੇ ਹਨ ਮਾਨਸਿਕਤਾ ਵੀ ਬਦਲ ਜਾਂਦੀ ਹੈ। ਮਿਸਾਲ ਦੇ ਤੌਰ ਤੇ ਕਿਸੇ ਵਕਤ ਕਿਹਾ ਜਾਂਦਾ ਸੀ ਕਿ ਜ਼ਮੀਨ, ਦੁਧ ਤੇ ਪੁਤ ਵੇਚੀ ਦੇ ਨਹੀਂ ਤੇ ਲੋਕ ਇਹਨੂੰ ਇਕ ਸ਼ਰਮਨਾਕ ਗੱਲ ਸਮਝਦੇ ਸਨ ਪਰ ਪੰਜਾਬ ਵਿਚ ਹਾਲਾਤ ਬਦਲਣ ਨਾਲ ਚੀਜ਼ਾਂ ਬਦਲ ਗਈਆਂ ਹਨ ਤੇ ਹਰ ਸ਼ੈਅ ਮੰਡੀ ਵਿਚ ਵਿਕਣ ਲਈ ਹੀ ਪੈਦਾ ਕਰਨੀ ਪੈਂਦੀ ਹੈ ਤੇ ਹੁਣ ਪਿੰਡਾਂ ਸ਼ਹਿਰਾਂ ਵਿਚ ਮੁੱਲ ਦਾ ਦੁੱਧ ਹੀ ਲੱਭਦਾ ਹੈ, ਜ਼ਮੀਨਾਂ ਵਿਕਦੀਆਂ ਹਨ ਤੇ ਪੁਤ ਵੀ ਬਾਹਰਲੇ ਮੁਲਕਾਂ ਵਿਚ ਜਾਣ ਲਈ ਵਿਕਦੇ ਹਨ। ਐਸਾ ਕਰਨਾ ਹੁਣ ਸ਼ਰਮ ਦੀ ਗੱਲ ਨਹੀਂ ਰਹੀ ਸਗੋਂ ਇਕ ਜ਼ਰੂਰਤ ਬਣ ਗਈ ਹੈ। ਤੇ ਇਸ ਬਾਰੇ ਮਾਨਸਿਕਤਾ ਅਤੇ ਸੋਚ ਹੁਣ ਬਦਲ ਗਈ ਹੈ।

ਮਾਨਸਿਕਤਾ, ਚੇਤਨਾ ਅਤੇ ਹਾਲਾਤ ਦਾ ਕਦੀਮੀ ਸਾਥ ਹੈ। ਮਾਨਸਿਕਤਾ ਹਾਲਾਤ ਅਤੇ ਪ੍ਰਕ੍ਰਿਤੀ ਤੋਂ ਪੈਦਾ ਹੁੰਦੀ ਪਰ ਇਸ ਸਦੀਵੀ ਕ੍ਰਿਆਸ਼ੀਲ ਪ੍ਰਕ੍ਰਿਤੀ ਤੇ ਆਪਣਾ ਅਸਰ ਵੀ ਪਾਉਂਦੀ ਹੈ। ਮਨੁੱਖ ਦੇ ਮਨੁੱਖ ਨਾਲ ਰਿਸ਼ਤੇ ਅਤੇ ਮਨੁੱਖ ਦੇ ਕੁਦਰਤ ਨਾਲ ਰਿਸ਼ਤਿਆਂ ਨੂੰ ਬਦਲ ਵੀ ਦਿੰਦੀ ਹੈ। ਗਿਆਨ ਦੀ ਅੱਖ ਖੁੱਲ੍ਹਣ ਨਾਲ ਇਹ ਸੰਭਵ ਹੁੰਦਾ ਹੈ ਤੇ ਬੰਦਾ ਉਸ ਗੱਲ ਵਿਚ ਤਕਲੀਫ਼ ਮਹਿਸੂਸ ਕਰਦਾ ਹੈ ਜਿਹੜੀ ਕਰਦਾ ਅਤੇ ਸੋਚਦਾ ਆਇਆ ਸੀ। ਉਹ ਪ੍ਰਚਲਿਤ ਸੋਚਣੀ ਅਤੇ ਕਰਨੀ ਦੇ ਉਲਟ ਸੋਚਣਾ ਅਤੇ ਕਰਨਾ ਸ਼ੁਰੂ ਕਰ ਦਿੰਦਾ ਹੈ। ਇਸ ਤੇ ਕਿੰਤੂ ਕਰਨ ਲਗਦਾ ਹੈ। ਉਹ ਆਪਣੇ ਆਪ ਨੂੰ ਚਾਲੂ ਵਸੇਬੇ ਤੋਂ ਵੱਖਰਾ ਸਮਝਦਾ ਹੈ ਅਤੇ ਕਾਇਨਾਤ ਦਾ ਹਿੱਸਾ ਸਮਝਣ ਲਗ ਪੈਂਦਾ ਹੈ। ਸਮਾਜ ਦੇ ਰਿਸ਼ਤੇ ਉਸਨੂੰ ਕੁਦਰਤ ਤੋਂ ਦੂਰ ਕਰਦੇ ਹਨ ਪਰ ਉਸਦੀ ਹੋਂਦ ਦੀ ਇੱਛਾ ਅਤੇ ਉਸਦੇ ਵਜੂਦ ਦੀ ਤਾਂਘ ਉਸਨੂੰ ਵੰਗਾਰਦੀ ਹੈ। ਉਹ ਜ਼ਿੰਦਗੀ ਦੇ ਸੱਚ ਅਤੇ ਆਵਾਗਾਉਣ ਵਾਰੇ ਸੋਚਦਾ ਹੈ। ਇਹ ਵਜੂਦ ਦੀ ਤਾਂਘ ਉਸਨੂੰ ਉਸ ਪੜਾਅ ਤੇ ਲੈ ਆਓਂਦੀ ਹੈ ਜਿਥੇ ਉਸਨੂੰ ਫੈਸਲਾ ਕਰਨਾ ਪੈਂਦਾ ਹੈ ਕਿ ਕਿਸ ਰਾਹ ਤੇ ਚਲਣਾ ਹੈ। ਕੀ ਸੋਚਣਾ ਹੈ, ਕਿਹੜੀ ਮਾਨਸਿਕਤਾ ਪਕੜਨੀ ਹੈ। ਇਸ ਹੋਂਦ ਦੀ ਖਾਹਿਸ਼ ਅਤੇ ਵਜੂਦ ਦੀ ਤਾਂਘ ਕਰਕੇ ਜਿਸ ਤਾਰੀਖ਼ੀ ਪੰਘੂੜੇ ਵਿਚ ਉਹ ਜਨਮ ਲੈਂਦਾ ਹੈ, ਉਹ ਉਸ ਨੂੰ ਨਕਾਰਦਾ ਹੈ। ਹੋਂਦ ਦੀ ਤਾਂਘ ਅਤੇ ਤਾਰੀਖ਼ੀ ਝੂਲੇ ਦੀ ਮੌਜ ਵਿਚ ਟਕਰਾ ਹੁੰਦਾ ਹੈ। ਉਹਨੂੰ ਇੰਜ ਲਗਦਾ ਹੈ ਜਿਸ ਤਰ੍ਹਾਂ ਨੂੰ ਭਲੇਖਾ ਪਾਇਆ ਗਿਆ ਹੋਵੇ, ਧੋਖੇ ਵਿਚ ਰੱਖਿਆ ਜਾ ਰਿਹਾ ਹੋਵੇ। ਵਸੇਬ ਦੇ ਠੇਕੇਦਾਰ ਉਸਨੂੰ ਆਪਣਾ ਤਜਰਬਾ ਭੁਲਕੇ ਪੁਰਾਣੀਆਂ ਗੱਲਾਂ ਕਬੂਲ ਕਰਨ ਦੀ ਨਸੀਹਤ ਕਰਦੇ ਹਨ ਅਤੇ ਇਸੇ ਨੂੰ ਹੀ ਜੀਵਨ ਦੱਸਦੇ ਹਨ। ਉਹ ਵਸੇਬ ਦੇ ਜ਼ੁਲਮ ਨੂੰ ਕਬੂਲ ਤਾਂ ਕਰਦੇ ਹਨ ਪਰ

ਇਸਨੂੰ ਬਦਲਣ ਤੋਂ ਮੁਨਕਰ ਹਨ। ਹੋਂਦ ਦੀ ਖਾਹਿਸ਼ ਅਤੇ ਤਾਰੀਖ਼ੀ ਝੂਲੇ ਦੇ ਇਸ ਟਾਕਰੇ ਤੋਂ ਫਿਰ ਨਵੀਂ ਮਾਨਸਿਕਤਾ ਜਨਮ ਲੈਂਦੀ ਹੈ ਅਤੇ ਇਸ ਨਾਲ ਪਣਪਦੀ ਹੈ। ਬੁਲ੍ਹੇ ਸ਼ਾਹ ਕਹਿੰਦਾ ਹੈ

*ਉਲਟੀ ਗੰਗਾ ਬਹਾਉ ਰੇ ਸਾਧੋ*
*ਤਬ ਹਰ ਦਰਸ਼ਨ ਪਾਏ*
*ਗਿਆਨ ਕਾ ਤਕਲਾ ਧਿਆਨ ਕਾ ਚਰਖਾ,*
*ਉਲਟਾ ਫੇਰ ਭੁਵਾਏ*

ਜਦੋਂ ਬੰਦੇ ਦੀ ਚੇਤਨਾ ਜਾਗਦੀ ਹੈ, ਮੱਤ ਖੁੱਲ੍ਹਦੀ ਹੈ ਤਾਂ ਉਹ ਹਾਲਾਤ ਨੂੰ ਬਦਲ ਦਿੰਦਾ ਹੈ। ਉਹ ਨਵੀਂ ਉਸਾਰੀ ਕਰਦਾ ਹੈ। ਉਹ ਉਲਟੀ ਗੰਗਾ ਬਹਾਉਣ ਲਗਦਾ ਹੈ। ਇਸ ਤਰ੍ਹਾਂ ਮਾਨਸਿਕਤਾ, ਫਿਤਰਤ ਅਤੇ ਚੇਤਨਾ ਵੀ ਆਵਾਗਾਉਣ ਦਾ ਹਿੱਸਾ ਬਣੀ ਰਹਿੰਦੀ ਹੈ। ਨਵੇਂ ਹਾਲਾਤ ਨਵੇਂ ਖਿਆਲਾਂ ਨੂੰ ਜਨਮ ਦਿੰਦੇ ਹਨ ਅਤੇ ਨਵੇਂ ਖਿਆਲ ਨਵੇਂ ਹਾਲਾਤ ਪੈਦਾ ਕਰਦੇ ਹਨ। ਇਸ ਤਰ੍ਹਾਂ ਕਰਨੀ ਤੇ ਸੋਚਣੀ ਦੀ ਇਕ ਦੂਜੇ ਨਾਲ ਮੁੱਢ ਕਦੀਮ ਤੋਂ ਸਾਂਝ ਹੈ। ਪ੍ਰਕ੍ਰਿਤੀ ਅਤੇ ਪੁਰਖ ਦਾ ਆਦਿ ਜੁਗਾਦ ਦਾ ਸੰਬੰਧ ਹੈ।

## ਨਿਸ਼ਕਾਮ ਕਰਮ ਅਤੇ ਮਾਨਸਿਕ ਸ਼ਾਂਤੀ

ਮਾਨਸਿਕ ਸ਼ਾਂਤੀ ਅਤੇ ਚੰਗੀ ਮਾਨਸਿਕ ਸਿਹਤ ਲਈ ਇਨਸਾਨ ਨੂੰ ਸਰਬੱਤ ਦੇ ਭਲੇ ਲਈ ਨਿਸ਼ਕਾਮ ਕੰਮ ਕਰਨਾ ਚਾਹੀਦਾ ਹੈ। ਇਹ ਦੁਨੀਆ ਅਤੇ ਇਸਦੀ ਹਰ ਸ਼ੈਅ ਗਤੀਮਾਨ ਹੈ ਖੜੋਤ ਵਿਚ ਨਹੀਂ। ਆਵਾਗਮਨ ਕੁਦਰਤ ਦਾ ਨੇਮ ਹੈ ਜਿਸ ਤਹਿਤ ਹਰੇਕ ਇਨਸਾਨ ਵੀ ਹਮੇਸ਼ਾ ਕੋਈ ਨਾ ਕੋਈ ਕੰਮ ਕਰਦਾ ਰਹਿੰਦਾ ਹੈ। ਇਸੇ ਕਰਕੇ ਇਹ ਵੀ ਕਿਹਾ ਜਾਂਦਾ ਹੈ ਕਿ ਚਲਣਾ ਜ਼ਿੰਦਗੀ ਹੈ। ਕਰਮਸ਼ੀਲ ਅਤੇ ਗਤੀਮਾਨ ਹੋਣ ਦੇ ਨਾਲ ਇਨਸਾਨ ਇਕ ਸੂਝਵਾਨ ਅਤੇ ਇਕ ਹੱਦ ਤਕ ਆਜ਼ਾਦ ਪ੍ਰਾਣੀ ਵੀ ਹੈ। ਉਹ ਆਪਣੀ ਕਰਮਸ਼ੀਲਤਾ ਨੂੰ ਇਕ ਦਿਸ਼ਾ ਦੇ ਸਕਦਾ ਹੈ। ਉਹ ਹਾਲਾਤ ਮੁਤਾਬਕ ਸਹੀ ਅਤੇ ਗਲਤ ਦਾ ਨਿਰਨਾ ਕਰ ਸਕਦਾ ਹੈ। ਇਸ ਚੀਜ਼ ਦਾ ਫੈਸਲਾ ਵੀ ਕਰ ਸਕਦਾ ਹੈ ਕਿ ਕੀ ਚੀਜ਼ ਕਰਨ ਦੀ ਲੋੜ ਹੈ। ਉਹ ਕਿਹੜਾ ਕੰਮ ਹੈ ਜਿਸ ਨਾਲ ਜ਼ਾਤੀ ਅਤੇ ਸਮਾਜੀ ਲੋੜ ਪੂਰੀ ਹੋ ਸਕਦੀ ਹੈ। ਇਹ ਫੈਸਲੇ ਉਸਨੂੰ ਇਕ ਖ਼ਾਸ ਹਾਲਾਤ ਵਿਚ, ਖਾਸ ਸਮਾਜ ਵਿਚ ਰਹਿਕੇ ਹੀ ਕਰਨੇ ਹੁੰਦੇ ਹਨ ਕਿਉਂਕਿ ਇਨਸਾਨ ਸਮਾਜ ਵਿਚ ਰਹਿੰਦਾ ਹੈ ਅਤੇ ਉਸਦੇ ਹਰ ਕੰਮ ਤੇ ਕਿਸੇ ਹੱਦ ਤਕ ਇਸ ਸਮਾਜ ਦੀ ਛਾਪ ਹੁੰਦੀ ਹੈ। ਬਲਕਿ ਇਹ ਵੀ ਕਿਹਾ ਜਾ ਸਕਦਾ ਹੈ ਕਿ ਇਕ ਹੱਦ ਤੱਕ ਇਨਸਾਨ ਦੀ ਆਜ਼ਾਦੀ

ਸਮਾਜ ਦੀ ਆਜ਼ਾਦੀ ਤਕ ਹੀ ਮਹਿਦੂਦ ਹੁੰਦੀ ਹੈ। ਇਸ ਕਰਕੇ ਇਨਸਾਨ ਅਤੇ ਸਮਾਜ ਦਾ ਰਿਸ਼ਤਾ ਇਕ ਬੁਨਿਆਦੀ ਰਿਸ਼ਤਾ ਹੈ। ਇਹ ਮਾਂ ਅਤੇ ਔਲਾਦ ਦਾ ਰਿਸ਼ਤਾ ਹੈ। ਇਨਸਾਨ ਦੀ ਹੋਂਦ ਸਮਾਜ ਵਿਚ ਹੀ ਹੁੰਦੀ ਹੈ ਉਸਤੋਂ ਬਾਹਰ ਨਹੀਂ।

ਉਪਨਿਸ਼ਦ ਕਹਿੰਦਾ ਹੈ ਕਿ ਇਨਸਾਨ ਨੂੰ ਪ੍ਰੇਯ ਦੀ ਥਾਂ ਸ਼੍ਰੇਯ ਯਾਨੀ ਕਿ ਉਹ ਕੰਮ ਕਰਨਾ ਚਾਹੀਦਾ ਹੈ। ਜਿਸਦੀ ਸਭ ਨੂੰ ਲੋੜ ਹੈ ਨਾਂਕਿ ਜੋ ਸਿਰਫ ਉਸਨੂੰ ਹੀ ਚੰਗਾ ਲਗਦਾ ਹੈ:

***ਅਨਯਚਛ੍ਰੇਯੋਨਯਦੁਤੈਵ ਪ੍ਰੇਯ ਸਤੇ ਉਭੇ ਨਾਨਾਰਥੇ ਪੁਰੁਸ਼ਮ ਸਿਨੀਤ:।***
***ਤਯੋ॥ ਸ਼੍ਰੇਯ ਆਦਦਾਨਸਯ ਸਾਧੁ ਭਵਤਿ***
***ਹੀਯਤੇਅਰਥਾਰਦ ਓ ਪ੍ਰੇਯੋ ਵ੍ਰਣੀਤੇ।।***

*ਸ਼੍ਰੇਯ ਅਤੇ ਪ੍ਰੇਯ ਦੋ ਟੀਚੇ ਹਨ ਜੋ ਵੱਖ ਵੱਖ ਤਰੀਕੇ ਨਾਲ ਇਨਸਾਨ ਨੂੰ ਬੰਨ੍ਹਦੇ ਨੇ। ਇਨ੍ਹਾਂ ਦੋਨਾਂ ਵਿਚ ਸ਼੍ਰੇਯ ਨਾਲ ਇਨਸਾਨ ਦਾ ਕਲਿਆਣ ਹੁੰਦਾ ਹੈ ਅਤੇ ਪ੍ਰੇਯ ਨਾਲ ਨੁਕਸਾਨ। ਇਨਸਾਨ ਨੂੰ ਪ੍ਰੇਯ ਯਾਨੀ ਕਿ ਉਹ ਕੰਮ ਜਿਹੜਾ ਉਸਨੂੰ ਆਪ ਨੂੰ ਚੰਗਾ ਲਗਦਾ ਹੈ ਇਸ ਤਰੀਕੇ ਨਾਲ ਕਰਨਾ ਚਾਹੀਦਾ ਹੈ ਕਿ ਸ਼੍ਰੇਯ ਦਾ ਹਿੱਸਾ ਬਣ ਜਾਏ, ਉਸ ਉਦਮ ਦਾ ਹਿੱਸਾ ਬਣ ਜਾਏ ਜਿਸ ਵਿਚ ਸੱਭ ਦਾ ਭਲਾ ਹੈ।*

ਨਿਸ਼ਕਾਮ ਕਰਮ ਸ਼੍ਰੇਯ ਵਿਚ ਪ੍ਰੇਯ ਦਾ ਮੇਲ ਹੈ। ਕਿਉਂਕਿ ਚਲਨਾ ਹੀ ਜ਼ਿੰਦਗੀ ਹੈ ਅਤੇ ਇਨਸਾਨ ਹਮੇਸ਼ਾ ਕੰਮ ਵਿਚ ਲਗਿਆ ਰਹਿੰਦਾ ਹੈ ਤਾਂ ਮਾਨਸਿਕ ਸ਼ਾਂਤੀ ਲਈ ਇਹ ਗੱਲ ਬਹੁਤ ਜ਼ਰੂਰੀ ਹੋ ਜਾਂਦੀ ਹੈ ਕਿ ਬੰਦਾ ਕੀ ਕਰੇ? ਕ੍ਰਿਸ਼ਨ ਨੇ ਗੀਤਾ ਵਿਚ ਨਿਸ਼ਕਾਮ ਕੰਮ ਕਰਨ ਦਾ ਸੰਦੇਸ਼ ਦਿਤਾ। ਉਸਨੇ ਕਿਹਾ ਕਿ ਇਨਸਾਨ ਦ`ਵੱਸ ਵਿਚ ਕੰਮ ਕਰਨਾ ਹੈ। ਫ਼ਲ ਕੀ ਮਿਲੇਗਾ ਇਹ ਬੰਦੇ ਦੇ ਵੱਸ ਦੀ ਗੱਲ ਨਹੀਂ। ਫ਼ਲ ਤਾਂ ਬਹੁਤ ਗੱਲਾਂ ਤੇ ਨਿਰਭਰ ਕਰਦਾ ਹੈ ਜੋ ਇਨਸਾਨ ਦੇ ਹੱਥ ਵਿਚ ਨਹੀਂ। ਪਰ ਉਸਦੀ ਕਰਨੀ ਅਤੇ ਸੋਚਣੀ ਕਿਸੇ ਹੱਦ ਤੱਕ ਉਸਦੇ ਹੱਥ ਵਿਚ ਹੈ। ਇਸ ਲਈ ਇਹ ਕੰਮ ਉਸਨੂੰ ਆਪਣੀ ਪੂਰੀ ਕਾਬਲੀਅਤ ਨਾਲ ਨਿਸ਼ਕਾਮ ਤਰੀਕੇ ਨਾਲ ਕਰਨਾ ਚਾਹੀਦਾ ਹੈ। ਨਿਸ਼ਕਾਮ ਕਰਮ ਨਾਲ ਉਸਨੂੰ ਸ਼ਾਂਤੀ ਅਤੇ ਸੁੱਖ ਮਿਲਦਾ ਹੈ।

ਇਕ ਹੱਦ ਤਕ ਸਮਾਜ ਵਿਚ ਕਾਇਮ ਰਿਸ਼ਤੇ ਇਸ ਗੱਲ ਵਿਚ ਫੈਸਾਲਾਕੁਨ ਹੁੰਦੇ ਹਨ ਕਿ ਕਿਸੇ ਨੇ ਕੀ ਕਰਨਾ ਹੈ। ਮਿਸਾਲ ਦੇ ਤੌਰ ਤੇ ਮਰਦ ਪ੍ਰਧਾਨ ਸਮਾਜ ਵਿਚ ਔਰਤਾਂ ਨੇ ਕੀ ਕਰਨਾ ਹੈ ਆਮ ਤੌਰ ਤੇ ਮੁਕੱਰਰ ਹੀ ਹੁੰਦਾ ਹੈ। ਇਸੇ ਤਰ੍ਹਾਂ ਜ਼ਾਤਾਂ ਵਿਚ ਵੰਡੇ ਹੋਏ ਸਮਾਜ ਵਿਚ ਕੰਮ ਧੰਦੇ ਇਕ ਹੱਦ ਤੱਕ ਪਹਿਲਾਂ ਹੀ ਮੁਕੱਰਰ ਹੁੰਦੇ ਹਨ। ਜਮਾਤਾਂ ਵਿਚ ਵੰਡੇ ਹੋਏ ਸਮਾਜ ਵਿਚ ਵੀ ਇਹ ਕਿੱਤੇ ਤਕਰੀਬਨ ਤੈਅ ਹੀ ਹੁੰਦੇ ਹਨ। ਕੁੱਝ ਲੋਕ ਇਨ੍ਹਾਂ ਹੱਦਾਂ ਤੋਂ ਬਾਹਰ ਨਿਕਲਕੇ ਹੋਰ ਕੁਝ ਵੀ ਕਰ ਲੈਂਦੇ ਹਨ। ਪਰ ਹਰੇਕ ਨੂੰ ਕੁਝ ਨਾ ਕੁਝ

ਕਰਨਾ ਹੀ ਪੈਂਦਾ ਹੈ। ਇਨਸਾਨ ਦੀਆਂ ਲੋੜਾਂ ਕੁਝ ਕਰਨ ਨਾਲ ਹੀ ਪੂਰੀਆਂ ਹੁੰਦੀਆਂ ਹਨ। ਇਸੇ ਕਰਕੇ ਇਹ ਕਿਹਾ ਜਾਂਦਾ ਹੈ ਕਿ ਜੀਵਨ ਕਰਮ ਪ੍ਰਧਾਨ ਹੈ। ਇਨ੍ਹਾਂ ਕੰਮਾਂਕਾਰਾਂ ਦੇ ਸਿਲਸਿਲੇ ਵਿਚ ਇਨਸਾਨ ਦੀ ਉਮਰ ਲੰਘ ਜਾਂਦੀ ਹੈ। ਕੰਮ ਦਾ ਅਸਰ ਉਸਦੀ ਚੇਤਨਤਾ ਅਤੇ ਰੂਹ ਤੇ ਵੀ ਬਹੁਤ ਪੈਂਦਾ ਹੈ। ਬੰਦੇ ਦੀ ਚੇਤਨਤਾ ਇਨ੍ਹਾਂ ਸਮੁਚੇ ਰਿਸ਼ਤਿਆਂ ਦੀ ਝਲਕ ਹੀ ਹੁੰਦੀ ਹੈ। ਇਨਸਾਨ ਦੇ ਇਨਸਾਨ ਨਾਲ ਅਤੇ ਇਨਸਾਨ ਦੇ ਕੁਦਰਤ ਨਾਲ ਜੋ ਰਿਸ਼ਤੇ ਹੁੰਦੇ ਹਨ ਉਨ੍ਹਾਂ ਸਭ ਦੀ ਝਲਕ ਹੀ ਇਨਸਾਨ ਦੀ ਚੇਤਨਤਾ ਵਿਚ ਮਿਲਦੀ ਹੈ ਅਤੇ ਇਨ੍ਹਾਂ ਰਿਸ਼ਤਿਆਂ ਵਿਚ ਹੀ ਉਸਦੀ ਸੂਝ ਵਿਕਸਿਤ ਹੁੰਦੀ ਹੈ। ਉਸਦੇ ਖਿਆਲ ਅਤੇ ਤਸੱਵਰ ਇਨ੍ਹਾਂ ਰਿਸ਼ਤਿਆਂ ਨਾਲ ਹੀ ਵਿਕਸਿਤ ਹੁੰਦੇ ਹਨ।

ਨਿਸ਼ਕਾਮ ਕੰਮ ਦਾ ਖ਼ਿਆਲ ਸਮਾਜ ਦੇ ਉਨ੍ਹਾਂ ਰਿਸ਼ਤਿਆਂ ਦੀ ਝਲਕ ਹੈ ਜਿਥੇ ਇਨਸਾਨ ਦੇ ਜ਼ਾਤੀ ਹਿੱਤਾਂ, ਸਮੂਹਿਕ ਹਿੱਤਾਂ ਅਤੇ ਕੁਲ ਸਮਾਜ ਦੇ ਹਿੱਤਾਂ ਵਿਚ ਕਸ਼ਮਕਸ਼ ਹੈ ਸੁਰਮੇਲਤਾ ਨਹੀਂ। ਇਹ ਉਸ ਸਮਾਜ ਦੀ ਝਲਕ ਹੈ ਜਿਸ ਵਿਚ ਕੁਝ ਇਕ ਲੋਕਾਂ ਨੂੰ ਦੂਸਰਿਆਂ ਨਾਲੋਂ ਜ਼ਿਆਦਾ ਹੱਕ ਹਾਸਲ ਹਨ। ਕੁਝ ਲੋਕਾਂ ਦੀਆਂ ਲੋੜਾਂ ਪੂਰੀਆਂ ਹੁੰਦੀਆਂ ਹਨ ਅਤੇ ਬਾਕੀਆਂ ਦੀਆਂ ਪੂਰੀਆਂ ਨਹੀਂ ਹੁੰਦੀਆਂ। ਇਸ ਸਮਾਜ ਵਿਚ ਰਿਸ਼ਤਿਆਂ ਨੂੰ ਸੁਰਮੇਲ ਕਰਨ ਲਈ ਗਿਆਨੀ, ਧਿਆਨੀ ਅਤੇ ਰੌਸ਼ਨ ਖ਼ਿਆਲ ਸ਼ਖ਼ਸੀਅਤਾਂ ਇਹ ਤੱਤ ਕੱਢਿਆ ਕਿ ਸਮਾਜ ਦੀ ਬੇਹਤਰੀ ਲਈ ਅਤੇ ਮਨੁੱਖ ਦੀ ਮਾਨਸਿਕ ਸ਼ਾਂਤੀ ਲਈ ਇਹ ਬਹੁਤ ਜ਼ਰੂਰੀ ਹੈ ਕਿ ਹਰੇਕ ਦੇ ਹਿੱਤ ਦੀ ਰਾਖੀ ਕੀਤੀ ਜਾਵੇ। ਸਭਨਾਂ ਨੂੰ ਰਖਵਾਲੀ ਅਤੇ ਖ਼ੁਸ਼ਹਾਲੀ ਮੁਹੱਈਆ ਜਾਵੇ। ਸਮਾਜ ਦੇ ਸਾਰੇ ਹੀ ਅਦਾਰਿਆਂ ਦਾ ਇਹ ਫਰਜ਼ ਹੈ ਕਿ ਹਰੇਕ ਦੇ ਭਲੇ ਦੀ ਗੱਲ ਕੀਤੀ ਜਾਵੇ। ਇਸ ਟੀਚੇ ਲਈ, ਸਰਬੱਤ ਦੇ ਭਲੇ ਲਈ, ਹਰੇਕ ਇਨਸਾਨ ਨੂੰ ਇਸ ਸਾਂਝੇ ਟੀਚੇ ਲਈ ਨਿਸ਼ਕਾਮ ਕੰਮ ਕਰਨ ਦੀ ਲੋੜ ਹੈ। ਨਿਸ਼ਕਾਮ ਕੰਮ ਦਾ ਮਤਲਬ ਹੈ ਕਿ ਬੇਗਰਜ਼ੀ ਹੋਕੇ ਉਹ ਕੰਮ ਕੀਤਾ ਜਾਵੇ ਜਿਸ ਦੀ ਸਭ ਨੂੰ ਲੋੜ ਹੈ। ਮਨੁੱਖਤਾ ਅਤੇ ਸਮਾਜ ਨੂੰ ਜਿਸ ਚੀਜ਼ ਦੀ ਲੋੜ ਹੁੰਦੀ ਹੈ ਉਹ ਇਕ ਮਸਲਾ ਬਣ ਜਾਂਦਾ ਹੈ। ਇਸਦੇ ਹੱਲ ਲਈ ਲੋੜੀਂਦਾ ਉਦਮ ਕਰਕੇ ਸਮਾਜ ਦੀ ਗਤੀ ਨਾਲ ਸੁਰ ਮੇਲਣਾ ਜ਼ਰੂਰੀ ਹੋ ਜਾਂਦਾ ਹੈ। ਸਾਂਝੀ ਸਮੱਸਿਆ ਦੇ ਹੱਲ ਲਈ ਲੋੜੀਦਾ ਉਦਮ ਕਰਨਾ ਹੀ ਨਿਸ਼ਕਾਮ ਕੰਮ ਹੁੰਦਾ ਹੈ ਜਿਸ ਨਾਲ ਸਰਬੱਤ ਦਾ ਭਲਾ ਹੋਵੇ, ਜਿਸ ਨਾਲ ਜ਼ਾਤੀ ਅਤੇ ਸਮਾਜੀ ਹਿੱਤ ਸੁਰਮੇਲ ਹੋਣ। ਪ੍ਰੇਯ ਅਤੇ ਸ਼੍ਰੇਯ ਇਹ ਦਸਦੇ ਹਨ। ਗਿਆਨ ਅਤੇ ਵਿਗਿਆਨ ਵੀ ਇਹ ਹੀ ਦਸਦੇ ਹਨ। ਵਾਰਸ ਸ਼ਾਹ ਕਹਿੰਦਾ ਹੈ:

*"ਪੱਲੇ ਦੌਲਤਾਂ ਹੋਣ ਤਾਂ ਵੰਡ ਦਈਏ ਗੰਢੀ ਛੋੜਿਆਂ ਨਾਂਹ ਸਦਾਈਏ ਜੀ*
*ਬੁਲਬੁਲ ਹੋਇਕੇ ਚਹਿਕੀਏ ਬਾਗ ਅੰਦਰ ਸੁਖ਼ਨ ਰਮਜ਼ ਦੇ ਨਾਲ ਅਲਾਈਏ ਜੀ"*

# ਬੋਲੀ ਅਤੇ ਜ਼ਬਾਨ

ਪੰਜਾਬੀ ਦਰਸ਼ਨ ਮੁਤਾਬਿਕ ਬੋਲੀ ਇਨਸਾਨ ਦੇ ਵਿਕਾਸ ਅਤੇ ਹੋਂਦ ਲਈ ਬਹੁਤ ਅਹਿਮ ਹੈ। ਇਸਨੇ ਇਨਸਾਨ ਦੇ ਵਿਕਾਸ ਵਿਚ ਬਹੁਤ ਵੱਡਾ ਹਿੱਸਾ ਪਾਇਆ ਹੈ। ਮਨੁੱਖ ਦੇ ਵਿਕਾਸ ਦੇ ਇਕ ਮੁਕਾਮ ਤੇ ਬੋਲੀ ਹੋਂਦ ਵਿਚ ਆਈ। ਬੋਲੀ ਇਨਸਾਨ ਦੀ ਸੂਝ, ਸੋਚ ਅਤੇ ਖਿਆਲ ਦਾ ਲਿਬਾਸ ਹੈ ਅਤੇ ਇਸਦਾ ਖੇਤਰ ਬਹੁਤ ਵਿਸ਼ਾਲ ਹੈ। ਰਿਗਵੇਦ ਮੰਡਲ **10**, ਸੁਕਤ **71** ਵਿਚ ਕਿਹਾ ਹੈ ਕਿ:

*ਯਾਵਦ ਬ੍ਰਹਮ ਵਿਸ਼ਿਠਤਮ ਤਾਵਤੀ ਵਾਕ*

*ਜਿੰਨਾਂ ਪਸਾਰਾ ਬ੍ਰਹਮ ਦਾ ਹੈ ਉਤਨਾਂ ਹੀ ਪਸਾਰਾ ਬੋਲੀ ਦਾ ਹੈ।*

*ਬ੍ਰਹਸਪਤ ਪਰਥਮਮ ਵਾਚੋ ਅਗਰਮ ਨਾਮਧੇਅਮ ਦਧਾਨਾਮ*
*ਯਦੇਸ਼ਾਮ ਸ਼੍ਰੇਸ਼ਠਮ ਯਦਰਿਪ੍ਰਮਾਸੀਤਪ੍ਰਣਾ।*

*ਬ੍ਰਹਸਪਤੀ ਨੇ ਸਭਤੋਂ ਪਹਿਲਾਂ ਬੋਲੀ ਰਾਹੀਂ ਉਨ੍ਹਾਂ ਦੇ ਗਿਆਨ ਲਈ ਵੱਖ ਵੱਖ ਚੀਜ਼ਾਂ ਦੇ ਨਾਂਅ ਰਖੇ ਅਤੇ ਇਹ ਬੋਲੀ ਮਨੁੱਖ ਦੇ ਅੰਦਰ ਵਸਦੀ ਹੈ।*

*ਸਕਤੂਮਿਵ ਤਿਤਉਨਾ ਪੁਨਅੰਤੋ ਯਤ੍ਰ ਧੀਰਾ ਮਨਸਾ ਵਾਚਮਕ੍ਰਤ*
*ਅਤ੍ਰਾ ਸਖਾਯਾ: ਸਖਯਾਨਿ ਜਾਨਤੇ ਭਦ੍ਰੈਸ਼ਅਮ ਲਕਸ਼ਮੀਨਿਹਿਤਾਧਿਵਾਚਿ*

*ਜਿਸ ਤਰ੍ਹਾਂ ਛਾਨਣੀ ਨਾਲ ਸੱਤੂ ਛਾਣੀਦੇ ਹਨ ਉਸੇ ਤਰ੍ਹਾਂ ਵਿਦਵਾਨ ਬੋਲੀ ਨਾਲ ਵਿਚਾਰ ਕਰਕੇ ਖਿਆਲਾਂ ਨੂੰ ਛਾਣਦੇ ਹਨ। ਸ਼ਬਦ, ਅਰਥ ਅਤੇ ਇਨ੍ਹਾਂ ਦੇ ਸੰਬੰਧ ਦਾ ਗਿਆਨ ਮਨੁੱਖ ਲਈ ਕਲਿਆਣਕਾਰੀ ਹੁੰਦਾ ਹੈ।*

*ਯਗਏਨ ਵਾਚ: ਪਦਵੀਅਮਾਯੰਤਾਮਵਿੰਦਨ੍ਰਿਸ਼ਿਸ਼ੁ ਪ੍ਰਵਿਸ਼ਠਾਮ*
*ਤਾਮਾਭ੍ਰਤਿਯਾ ਵਿਯਦੁਧ: ਪੁਰੁਤ੍ਰਾ ਤਾਮ ਸਪਤ ਰੇਭਾ ਅਭਿ ਸਮ ਨਵੰਤੇ।*

*ਇਕੱਠੇ ਹੋਕੇ ਰਿਸ਼ੀ ਬੋਲੀ ਦੇ ਰਾਹ ਤੋਂ ਜਾਣੂੰ ਹੁੰਦੇ ਹਨ ਅਤੇ ਬੋਲੀ ਨੂੰ ਹਾਸਿਲ ਕਰਕੇ ਉਸਨੂੰ ਹਰ ਪਾਸੇ ਲੈ ਜਾਂਦੇ ਹਨ। ਇਸ ਬੋਲੀ ਦੀਆਂ ਸੱਤ ਕਿਰਨਾਂ ਹਨ ਜਿਹੜੀਆਂ ਆਪਣਾ ਚਾਨਣ ਹਰ ਪਾਸੇ ਫੈਲਾਉਂਦੀਆਂ ਹਨ।*

*ਉਤ ਤਵ: ਪਸ਼ਯਣ ਦਦਰਸ਼ ਵਾਚਮੁਤ ਤਵਾ: ਸ਼੍ਰਣਵਣ ਸ਼੍ਰਣੋਤਿਯੇਨਾਮ*
*ਉਤੋ ਤਵਮਅਸਮੈ ਤਨਵੰਵਿ ਸਸਤਰੇ ਜਾਯਵੇ ਪਤਯ ਉਸ਼ਤੀ ਸੁਵਾਸਾ:।*

*ਇਕ ਵਿਅਕਤੀ ਬਾਣੀ ਨੂੰ ਵੇਖਦੇ ਹੋਏ ਵੀ ਨਹੀਂ ਦੇਖ ਸਕਦਾ ਅਤੇ ਦੂਸਰਾ ਸੁਣਦੇ ਹੋਏ ਵੀ ਨਹੀਂ ਸੁਣਦਾ। ਸੁੰਦਰ ਕਪੜੇ ਪਹਿਨਣ ਵਾਲੀ ਇਹ ਬਾਣੀ ਪਤੀ ਨਾਲ ਸੰਗਮ ਦੀ ਕਾਮਨਾ ਕਰਨ ਵਾਲੀ ਪਤਨੀ ਵਾਂਗ ਅਪਣੇ ਪਤੀ ਵਿਆਕਰਣ ਲਈ ਕਪੜੇ ਲਾਹ ਦਿੰਦੀ ਹੈ ਅਤੇ ਸਰੀਰ ਦੀ ਸੁੰਦਰਤਾ ਦਿਖਾਂਵਦੀ ਹੈ।*

*ਉਤ ਤਵਮ ਸਖਯੇ ਸਿਥਰਪੀਤਮਾਹੁਨ੍ਨੈਨ ਵਾਜਿਨੇਸ਼ੁ*
*ਅੰਧੇਵ ਚਰਤਿ ਮਾਯਯੈਸ਼ ਵਾਚਮ ਸ਼ੁਸ਼੍ਰਵਾਂਮ ਅਫਲਾਮਪੁਸ਼ਪਾਮ।*

*ਇਕ ਵਿਅਕਤੀ ਵਿਦਵਾਨਾਂ ਦੀ ਮਹਿਫਲ ਵਿਚ ਬੋਲੀ ਦੇ ਸ਼ਬਦ, ਅਰਥ ਅਤੇ ਉਨ੍ਹਾਂ ਦੇ ਸੰਬੰਧ ਨੂੰ ਸਮਝ ਕੇ ਗਿਆਨ ਨੂੰ ਚੰਗੀ ਤਰ੍ਹਾਂ ਪ੍ਰਾਪਤ ਕਰਦਾ ਹੈ। ਬੋਲੀ ਦੇ ਸ਼ਬਦ, ਅਰਥ ਅਤੇ ਉਨ੍ਹਾਂ ਦੇ ਸੰਬੰਧ ਨੂੰ ਨਾ ਜਾਨਣ ਵਾਲਾ ਸਿਰਫ਼ ਇਸਨੂੰ ਸੁਣਦਾ ਹੈ ਇਸਦੇ ਫਲ ਅਤੇ ਫੁਲਾਂ ਦਾ ਪੂਰਾ ਆਨੰਦ ਨਹੀਂ ਲੈ ਸਕਦਾ*

*ਯਸਤਿਤਯਅਜ ਸਚਵਿਦਮ ਸਖਾਯਮ ਨ ਤਸਯ ਵਾਚਯਪਿ ਭਾਗੋ ਅਸਤਿ*
*ਯਦੀ ਸ਼੍ਰਣੋਤਯਲਕਮ ਸ਼੍ਰਣੋਤੀ ਨਹਿ ਪ੍ਰਵੇਦ ਸੁਕ੍ਰਤਸਯ ਪੰਥਾਮ।*

*ਜਿਹੜਾ ਇਨਸਾਨ ਇਸ ਸੱਚ ਵਿਖਾਉਣ ਵਾਲੇ ਗਿਆਨ ਨੂੰ ਛੱਡ ਦਿੰਦਾ ਹੈ ਉਸਦਾ ਬੋਲੀ ਵਿਚ ਕੋਈ ਹਿੱਸਾ ਨਹੀਂ ਰਹਿੰਦਾ। ਉਹ ਜੋ ਕੁਝ ਵੀ ਸੁਣਦਾ ਹੈ ਬੇਕਾਰ ਹੀ ਸੁਣਦਾ ਹੈ, ਬੇਅਰਥ ਹੀ ਸੁਣਦਾ ਹੈ। ਉਹ ਬੋਲੀ ਦੇ ਵਧੀਆ ਰਾਹ ਨੂੰ ਨਹੀਂ ਜਾਣਦਾ।*

*ਅਕਸ਼ਨਵੰਤ: ਕ੍ਰਣਵੰਤ: ਸਖਾਯੋ ਮਨੋਜਵੇਸ਼ਵਸਮਾ ਬਭੂਵ:*
*ਆਦਘਨਾਸ ਉਪਕਕਸ਼ਾਸ ਉ ਤਵੇ ਹਲਦਾਈਵ ਸਨਾਤਵਾ ਉ ਤਵੇ ਦਦ੍ਰਿਸ਼੍ਰੇ।*

*ਦੋ ਅੱਖਾਂ ਅਤੇ ਦੋ ਕੰਨ ਰੱਖਣ ਵਾਲੇ ਦੋ ਦੋਸਤ ਮਨ ਦੀ ਗਤੀ ਵਿਚ ਬਰਾਬਰ ਨਹੀਂ ਹੁੰਦੇ। ਕੋਈ ਪਾਣੀ ਨਾਲ ਮੂੰਹ ਤਕ ਭਰੇ ਤਲਾ ਵਾਂਗ ਹੁੰਦਾ ਹੈ, ਕੋਈ ਢਿੱਡ ਤੱਕ ਭਰੇ ਪਾਣੀ ਦੇ ਤਲਾ ਵਾਂਗ ਅਤੇ ਕੋਈ ਬੇਅੰਤ ਪਾਣੀ ਦੇ ਤਲਾ ਵਾਂਗ ਹੁੰਦਾ ਹੈ।*

*ਹ੍ਰਿਦਾ ਤਸ਼ਟੇਸ਼ੂ ਮਨਸੋ ਜਵੇਸ਼ੁ ਯਦ ਬ੍ਰਾਹਮਣਾ: ਸੰਜਯੰਤੇ ਸਖਾਯ:*
*ਅਤ੍ਰਾਹ ਤਵਮ ਵਿ ਜਹੁਰਵੇਦਯਾਭਿਰੋਬ੍ਰਹਾਮਣੋ ਵਿ ਚਰੰਤਯੁ ਤਵੇ।*

*ਜਦੋਂ ਗਿਆਨੀ ਦਿਲ ਦੇ ਵੇਗਾਂ ਬਾਰੇ ਇਕੋ ਜਿਹੇ ਹੁੰਦੇ ਹਨ ਅਤੇ ਆਪਸ ਵਿਚ ਵਿਚਾਰ ਵਟਾਂਦਰਾ ਕਰਦੇ ਹਨ ਤਾਂ ਉਹ ਬੋਲੀ ਦੇ ਗਿਆਨ ਨੂੰ ਨਾ ਜਾਨਣ ਵਾਲੇ ਨੂੰ ਅਗਿਆਨੀ ਸਮਝਕੇ ਛੱਡ ਦਿੰਦੇ ਹਨ। ਸ਼ਬਦ, ਅਰਥ, ਉਨ੍ਹਾਂ ਦੇ ਸੰਬੰਧ, ਵਿਭਕਤੀ ਅਤੇ ਲਿੰਗ ਦੇ ਇਸਤਮਾਲ ਨਾਲ ਸ਼ਲੋਕਾਂ ਅਤੇ ਸੂਤਰ੍ਹਾਂ ਨੂੰ ਇਕੱਠੇ ਬੈਠ ਕੇ ਸਮਝਦੇ ਹਨ।*

*ਇਮੇ ਯਏ ਨਾਵਾਰਙ ਨ ਪਰਸ਼ਚਰੰਤੀ ਨ ਬ੍ਰਾਹਮਣਾਸੋ ਨ ਸੁਤੇਕਰਾਸ:*
*ਤ ਏਤੇ ਵਾਚਮਭਿਪਦਯ ਪਾਪਯਾ ਸਿਰੀਸਤੰਤ੍ਰ ਅਪ੍ਰਜਗਿਯਾ:।*

*ਜਿਹੜੇ ਇਸ ਬੋਲੀ ਬਗੈਰ ਵਿਚਰਦੇ ਹਨ ਅਤੇ ਹੋਰ ਵਿਦਿਆ ਵਿਚ ਵੀ ਸਫਲ ਨਹੀਂ ਹੁੰਦੇ ਉਹ ਅਗਿਆਨੀ ਹੋਕੇ ਨਾ ਕਰਮ ਕਾਂਡ ਕਰ ਸਕਦੇ ਹਨ ਅਤੇ ਨਾ ਚੰਗੀ ਖੇਤੀ ਹੀ ਕਰ ਸਕਦੇ ਹਨ।*

*ਸਰਵੇ ਨਦੰਤੀ ਯਸ਼ਸਾਗਤੇਨ ਸਭਾਸਾਹੇਨ ਸਖਯਾ ਸਖਾਯ:*
*ਕਿਲਿਵਿਸ਼ਸਪ੍ਰਤਿਪਤੁਸ਼ਨਿਹਰੋਸ਼ਾਮਰਮ ਹਿਤੋ ਭਵਤਿ ਵਾਜਨਾਯ।*

*ਬੋਲੀ ਨਾਲ ਸਭ ਦੋਸਤ ਇਕਠੇ ਹੋਕੇ ਸਭਾ ਵਿਚ ਆਪਣਾ ਸਥਾਨ ਬਣਾਕੇ ਖੁਸ਼ ਹੁੰਦੇ ਹਨ। ਇਨਾਂ ਵਿਚ ਅੰਨ ਦੇਣ ਵਾਲਾ ਅਤੇ ਅਗਿਆਨ ਨੂੰ ਨਾਸ਼ ਕਰਨ ਵਾਲਾ ਬੋਲੀ ਨੂੰ ਜਾਨਣ ਵਾਲਾ ਹੀ ਹੁੰਦਾ ਹੈ।*

*ਰਿਚਾਮ ਤਵ: ਪੋਸ਼ਾਮਸਤੇ ਪੁਪੁਸ਼ਵਾਂਗਾਯਤ੍ਰ ਤਵੋ ਗਾਯਤੀ ਸ਼ਕਵਰੀਸ਼ੁ*
*ਬ੍ਰਹਮਾ ਤਵੋ ਵਦਤੀ ਜਾਤਵਿਦਯਾ ਯਗਸਯ ਮਾਤ੍ਰਾਮ ਵਿ ਮਿਮੀਤ ਉ ਤਵ:।*

*ਇਹੋ ਜਿਹੇ ਇਕੱਠ ਵਿਚ ਰਿਚਾਵਾਂ ਦੇ ਇਸਤਮਾਲ ਨੂੰ ਦਸਦੇ ਹਨ। ਕੋਈ ਸ਼ਕਵਰੀ ਰਿਚਾ ਵਿਚ ਗਾਯਤਰੀ ਗਾਉਂਦਾ ਹੈ। ਕੋਈ ਕੀ ਕਰਨਾ ਚਾਹੀਦਾ ਹੈ ਉਸਦੇ ਬਾਰੇ ਦਸਦਾ ਹੈ। ਕੋਈ ਜੱਗ ਦੀ ਸਾਮਗਰੀ ਨੂੰ ਨਾਪਦਾ ਹੈ। ਇਸ ਸਭ ਕੁਝ ਬੋਲੀ ਨਾਲ ਹੀ ਮੁਮਕਿਨ ਹੈ।*

ਬਰਹਦਅਰਣਾਯਕ ਉਪਨਿਸ਼ਦ ਵਿਚ ਬੋਲੀ ਨੂੰ ਹੀ ਬ੍ਰਹਮ ਕਿਹਾ ਗਿਆ ਹੈ:

*ਵਾਗੇਵ ਸਮ੍ਰਾਡਤਿ ਹੋਵਾਚ। ਵਾਚਾ ਵੈ ਸਮ੍ਰਾਡਬੰਧੁ: ਪ੍ਰਗਿਯਾਤੇ, ਰਿਗਵੇਦੋ ਯਜੁਰਵੇਦ: ਸਾਮਵੇਦੋਅਥਰਵਾਂਗਿਰਸ। ਇਤਿਹਾਸ: ਪੁਰਾਣਮ ਵਿਦਿਯਾ ਉਪਨਿਸ਼ਦ: ਸ਼ਲੋਕ: ਸੂਤ੍ਰਾਣਯਨੁਵਿਯਾਖਯਾਨਾਨਿ ਵਿਯਾਖਯਾਨਾਨੀਸ਼ਟਮ ਹੁਤਮਾਸ਼ਿਤਮ ਪਾਯਿਤਮ, ਅਯਮ ਚ ਲੋਕ: ਪਰਸ਼ਚ ਲੋਕ: ਸਰਵਾਣਿ ਚ ਭੁਤਾਨਿ ਵਾਚੈਵ ਸਮ੍ਰਾਟ ਪ੍ਰਗਿਯਾਂਤੇ। ਵਾਗੈਵ ਸਮ੍ਰਾਟ ਪਰਮੰ ਬ੍ਰਹਮ ਨੈਨਮ ਵਾਗਜਹਾਤੀ, ਸਰਵਾਣਯੇਨਮ ਭੁਤਾਨਯਾਭਿਰਕਸ਼ੰਤਿ, ਦੇਵੋ ਭੁਤਵਾ ਦੇਵਾਨਪਯੇਤੀ, ਯ ਏਵਮ ਵਿਦਵਾਨੇਦੁਪਾਸਤੇ।*

*ਬੋਲੀ ਨਾਲ ਹੀ ਦੋਸਤ ਦਾ ਪਤਾ ਲਗਦਾ ਹੈ, ਐ ਰਾਜਾ, ਬੋਲੀ ਨਾਲ ਹੀ ਰਿਗਵੇਦ, ਯਜੁਰਵੇਦ, ਸਾਮਵੇਦ, ਅਥਰਵੇਦ, ਇਤਿਹਾਸ, ਪੁਰਾਣ, ਵਿਦਿਆ, ਉਪਨਿਸ਼ਦ, ਸ਼ਲੋਕ, ਸੂਤ੍ਰ, ਵਿਆਕਰਣ, ਕਰਮਕਾਂਡ ਅਤੇ ਇਸ ਦੁਨੀਆ ਅਤੇ ਹੋਰਨਾਂ ਦੁਨੀਆ ਦੇ ਪ੍ਰਾਣੀ ਜਾਣੇ ਜਾਂਦੇ ਹਨ। ਐ ਰਾਜਾ, ਬੋਲੀ ਹੀ ਪਾਰਬ੍ਰਹਮ ਹੈ। ਬੋਲੀ ਉਸ ਵਿਅਕਤੀ ਨੂੰ ਨਹੀਂ ਛੱਡਦੀ ਜੋ ਉਸਨੂੰ ਜਾਣਦਾ ਹੈ। ਸਾਰੇ ਪ੍ਰਾਣੀ ਬੋਲੀ ਦੁਆਰਾ ਹੀ ਜਾਣੇ ਜਾਂਦੇ ਹਨ।*

*ਤ੍ਰਿਯਮ ਵਾ ਇਦਮਨਾਮ ਰੁਪਮ ਕਰਮ, ਤੇਸ਼ਾਮ ਨਾਮਨਾਮ ਵਾਗਿਤਯੇਤਦੇਸ਼ਾਮੁਕਥਮ, ਅਤੋ ਹੀ ਸਰਵਾਣਿ ਨਾਮਾਨਯੁਤਿਸ਼ਠੰਤੀ। ਏਤਦੇਸ਼ਾਮ ਸਾਮ, ਏਤਧਿ ਸਰਵੈਨਾਮਭਿ: ਸਮਮ, ਏਤਦੇਸ਼ਾਮ ਬ੍ਰਹਮ, ਏਤਧਿ ਸਰਵਾਣਿ ਨਾਮਾਨਿ ਬਿਭ੍ਰਤੀ।*

*ਇਹ ਸੰਸਾਰ ਤਿੰਨ ਹੈ ਨਾਮ, ਰੂਪ ਅਤੇ ਕਰਮ। ਬੋਲੀ ਸਾਰੇ ਹੀ ਨਾਂਵਾਂ ਦਾ ਸਰੋਤ ਹੈ। ਸਾਰੇ ਹੀ ਨਾਂਅ ਇਸ ਤੋਂ ਨਿਕਲਦੇ ਹਨ। ਇਹ ਉਨ੍ਹਾਂ ਵਿਚ ਸਾਮ ਹੈ, ਇਹ ਇਨ੍ਹਾਂ ਸਭਨਾਂ ਦਾ ਬ੍ਰਹਮ ਹੈ ਕਿਉਂਕਿ ਇਹ ਸਭ ਨਾਂਵਾਂ ਦੀ ਬੁਨਿਆਦ ਹੈ।*

ਬੋਲੀ ਦੇ ਗਿਆਨ ਨੂੰ ਸਿਖਿਆ, ਵਿਆਕਰਣ, ਛੰਦ ਅਤੇ ਨਿਰੁਕਤ ਆਦਿ ਹਿੱਸਿਆਂ ਵਿਚ ਵੰਡਿਆ ਗਿਆ ਹੈ। ਪਾਣਿਨੀ, ਪਤੰਜਲੀ, ਯਾਸਕ ਅਤੇ ਭਰਥਰੀ ਹੋਰਾਂ ਨੇ ਵੀ ਬੋਲੀ ਨੂੰ ਗਿਆਨ, ਸੋਚ ਅਤੇ ਸਮਝ ਦੇ ਵਿਕਾਸ ਲਈ ਬਹੁਤ ਅਹਿਮੀਅਤ ਦਿੱਤੀ।

ਪਾਣਿਨੀ ਨੇ ਵੱਖ ਵੱਖ ਇਲਾਕਿਆਂ ਵਿਚ ਘੁੰਮ ਕੇ ਆਪਣੇ ਵਕਤ ਤਾਈਂ ਹੋਏ ਸਾਰੇ ਵਿਆਕਰਣ ਸ਼ਾਸਤਰੀਆਂ ਦੀ ਬੋਲੀ ਬਾਰੇ ਸੂਝ ਦਾ ਨਿਰਣਾ ਕਰਕੇ ਆਪਣੀ ਅਸ਼ਟਅਧਯਾਈ ਕਿਰਤ ਦੇ ਸੂਤਰ੍ਹਾਂ ਵਿਚ ਵਿਆਕਰਣ ਨੂੰ ਸਿੱਕੇਬੰਦ ਕਰ ਦਿਤਾ ਜਿਸਨੂੰ ਅੱਜ ਵੀ ਮੰਨਿਆਂ ਜਾਂਦਾ ਹੈ। ਉਸਨੇ ਸ਼ਬਦ, ਵਾਕ, ਅਤੇ ਉਨ੍ਹਾਂ ਦੀ ਉਤਪਤੀ, ਬਣਤਰ, ਜੋੜ, ਧੁਨੀਆਂ, ਸਮਾਸ, ਅਰਥ ਅਤੇ ਸੰਬੰਧਾਂ ਬਾਰੇ ਬਹੁਤ ਹੀ ਸੰਖੇਪ ਵਿਚ ਆਪਣੇ **3995** ਸੂਤਰ੍ਹਾਂ ਵਿਚ ਨਿਚੋੜ ਕੱਢ ਕੇ ਦਿਤਾ। ਪਣਿਨੀ ਦੇ ਦੱਸੇ ਹੋਏ ਭਾਸ਼ਾ ਦੇ ਨਿਯਮ ਅੱਜ ਵੀ ਚਲਦੇ ਹਨ। ਅਸ਼ਟਾਧਯਾਈ ਦਾ ਸ਼ੁਰੂ ਸ਼ਬਦਾਂ ਦੀ ਗੱਲ ਨਾਲ ਹੁੰਦਾ ਹੈ:

ਅੱਥ ਸ਼ਬਦਾਨੁਸ਼ਾਸਨਮ
*ਹੁਣ ਸ਼ਬਦਾਂ ਦਾ ਅਨੁਸ਼ਾਸਨ ਯਾਨੀ ਕਿ ਉਹ ਕਿਸ ਤਰ੍ਹਾਂ ਬਣਦੇ ਹਨ।*

ਪਣਿਨੀ ਦੇ ਅਸ਼ਟਅਧਯਾਈ ਉਤੇ ਬਹੁਤ ਹੀ ਆਲਮਾਂ ਨੇ ਟੀਕਾ ਟਿਪਣੀ ਅਤੇ ਗ੍ਰੰਥ ਲਿਖੇ। ਪਤੰਜਲੀ ਦਾ ਮਹਾਭਾਸ਼ਿਯਾ ਇਨ੍ਹਾਂ ਗ੍ਰੰਥਾਂ ਵਿਚੋਂ ਸਭ ਤੋਂ ਮਸ਼ਹੂਰ ਅਤੇ ਮਕਬੂਲ ਹੈ।

ਪਤੰਜਲੀ ਦੇ ਕਹਿਣ ਮੁਤਾਬਿਕ:

*ਯੇਨੋੱਚਾਰੀਤੇਨ ਸਾਸਨਾਲਾਂਙਗੁਲਕਕੁਦਖੁਰਵਿਸ਼ਾਣਿਨਾਮ ਸੰਪ੍ਰਤਯਯੋ ਭਵਤਿ, ਸ ਸ਼ਬਦ:॥*

*ਮੂੰਹ ਵਿਚੋਂ ਪੈਦਾ ਹੋਈ ਧੁਨ ਨਾਲ, ਉਚਾਰਣ ਨਾਲ, ਕਿਸੇ ਚੀਜ਼ ਦਾ ਜਿਵੇਂ ਕਿ ਗਾਂ ਦਾ ਉਸਦੀ ਖੱਲ, ਮੋਢੇ, ਖੁਰ ਅਤੇ ਸਿੰਗਾਂ ਦਾ ਬਿਆਨ ਹੁੰਦਾ ਹੈ, ਉਸਨੂੰ ਸ਼ਬਦ ਕਹਿੰਦੇ ਹਨ।*

*ਪ੍ਰਤੀਤਪਦਾਰਥਕੋ ਲੋਕੇ ਧਵਨੀ: ਸ਼ਬਦ ਇਤਯੁਚਤੇ*

*ਪਦਾਰਥ ਦਾ ਗਿਆਨ ਕਰਾਉਣ ਵਾਲੀ ਧੁਨ ਨੂੰ ਸ਼ਬਦ ਕਹਿੰਦੇ ਹਨ।*

*ਤਸਮਾਦ ਧਵਨੀ: ਸ਼ਬਦ:॥*

*ਇਸ ਕਰਕੇ ਧੁਨੀ ਸ਼ਬਦ ਹੈ।*

ਪਤੰਜਲੀ ਵਿਆਕਰਣ ਦੇ ਮੁੱਖ ਪੰਜ ਟੀਚੇ ਦਸਦਾ ਹੈ:

*ਰਕਸ਼ੋਹਾਗਮਲਘਵਸੰਦੇਹਾ ਪ੍ਰਯੋਜਨਮ॥*

*ਰਕਸ਼ਾ, ਊਹ, ਆਗਮ, ਲਘੁ ਅਤੇ ਸੰਦੇਹ ਮੁੱਖ ਪ੍ਰਯੋਜਨ ਹਨ।*

ਰਕਸ਼ਾ ਤੋਂ ਮਤਲਬ ਵੇਦਾਂ ਵਿਚਲੇ ਗਿਆਨ ਦੀ ਰਾਖੀ ਕਰਨ ਤੋਂ ਹੈ। ਉਹ ਦਾ ਮਤਲਬ ਸ਼ਲੋਕਾਂ ਵਿਚ ਜਿਹੜੀਆਂ ਵਿਭਕਤੀਆਂ ਅਤੇ ਲਿੰਗ ਨੂੰ ਬਦਲਣ ਲਈ ਵਿਆਕਰਣ ਦੀ ਲੋੜ ਹੈ। ਆਗਮ ਦਾ ਮਤਲਬ ਹੈ ਕਿ ਸ਼ਿਕਸ਼ਾ, ਕਲਪ, ਵਿਆਕਰਣ, ਨਿਰੁਕਤ, ਜੋਤਿਸ਼ ਅਤੇ ਛੰਦ ਸ਼ਾਸਤਰ ਜਿਨ੍ਹਾਂ ਨੂੰ ਛੇ ਵੇਦਾਂਗ ਕਿਹਾ ਗਿਆ ਹੈ ਉਨ੍ਹਾਂ ਵਿਚ ਪਹਿਲਾ ਅੰਗ ਵਿਆਕਰਣ ਹੀ ਹੈ। ਲਘੁ ਦਾ ਮਤਲਬ ਬਹੁਤ ਹੀ ਛੋਟੇ ਰੂਪ ਵਿਚ ਸੂਤਰ ਨੂੰ ਸਮਝਣ ਅਤੇ ਅਸੰਦੇਹ ਯਾਨੀ ਕਿ ਕਿਸੇ ਸੂਤਰ ਜਾਂ ਵਾਕ ਬਾਰੇ ਸੰਦੇਹ ਨਾ ਰਹੇ ਇਸ ਵਾਸਤੇ ਵਿਆਕਰਣ ਦੀ ਲੋੜ ਹੈ।

ਪਤੰਜਲੀ ਵਿਆਕਰਣ ਦੇ ਗਿਆਨ ਦੀਆਂ **13** ਛੋਟੀਆਂ ਲੋੜਾਂ ਬਾਰੇ ਵੀ ਦਸਦਾ ਹੈ। ਸ਼ਬਦ ਬਾਰੇ ਉਹ ਕਹਿੰਦਾ ਹੈ:

*ਚਤਵਾਰੀ ਸ਼੍ਰੰਗਾ ਤ੍ਰਿਯੋ ਅਸਯਾ ਪਾਦਾ ਦਵੇ ਸ਼ੀਰਸ਼ੇ ਸਪਤ ਹਸਤਾਸੋ ਅਸਯ।*
*ਤ੍ਰਿਧਾ ਬਧੋ ਵ੍ਰਿਸ਼ਭਾ ਰੋਰਵੀਤੀ ਮਹੋ ਦੇਵੋ ਮਰਤਯਾ ਅਵਿਵਿਸ਼ੇਸ਼॥*
*ਚਤਵਾਰੀ ਸ਼੍ਰੰਗਾਣੀ ਪਦਜਾਤਾਨੀ, ਨਾਮਾਖਯਾਤੋਪਸਰਗਨਿਪਾਤਾਸ਼ਚ।*
*ਤ੍ਰਿਯੋ ਅਸਯਾ ਪਾਦਾ:ਤ੍ਰਿਯ: ਕਾਲਾ ਭੁਤਭਵਿਸ਼ਯਦਵਰਤਮਾਨਾ:॥*

*ਸ਼ਬਦ ਰੂਪੀ ਸਾਹਨ ਦੇ ਚਾਰ ਸਿੰਗ, ਤਿੰਨ ਪੈਰ, ਦੋ ਸਿਰ ਅਤੇ ਸੱਤ ਹੱਥ ਹਨ। ਤਿੰਨ ਥਾਂਵਾਂ ਤੇ ਬੰਨ੍ਹਿਆ ਹੋਇਆ ਇਹ ਸ੍ਹਾਨ ਘੜੀ ਘੜੀ ਆਵਾਜ਼ ਕਰਦਾ ਹੈ, ਸ਼ਬਦ ਕਰਦਾ ਹੈ। ਇਹ ਮਹਾਂਦੇਵ(ਸ਼ਬਦ) ਨਾਸ਼ਵਨ ਮਨੁੱਖਾਂ ਅੰਦਰ ਕਾਇਮ ਹੈ। ਚਾਰ ਸਿੰਗ ਚਾਰ ਪਦ ਹਨਨਾਮ, ਅਖਾਨ, ਉਪਸਰਗ ਅਤੇ ਨਿਪਾਤ। ਇਸਦੇ ਤਿੰਨ ਪੈਰ ਤਿੰਨ ਕਾਲ ਹਨਭੂਤ ਕਾਲ, ਵਰਤਮਾਨ ਅਤੇ ਭਵਿਖ ਹਨ। ਇਸ ਦੇ ਦੋ ਸਿਰ ਅਤੇ ਦੋ ਤਰ੍ਹਾਂ ਦੇ ਸ਼ਬਦ ਹਨਨਿਤਯ ਅਤੇ ਅਨਿਤਯ।*

*ਸਪਤ ਹਸਤਾਸੋ ਅਸਯਸਪਤ ਵਿਭਕਤਯ:। ਤ੍ਰਿਧਾ ਬਧਾ:ਤ੍ਰਿਸ਼ੂ ਸਥਾਨੇਸ਼ੂ ਬਧ: ਉਰਸਿ ਕੰਠੇ ਸ਼ਿਰਸੀਤਿ॥*
*ਵ੍ਰਿਸ਼ਭੋ ਵਰਸ਼ਣਾਤ ਰੋਰਵੀਤਿ ਸ਼ਬਦਮ ਕਰੋਤੀ॥*

*ਇਸਦੇ ਸੱਤ ਹੱਥ ਤੇ ਸੱਤ ਵਿਭਕਤੀਆਂ ਹਨ। ਤਿੰਨ ਤਰੀਕਿਆਂ ਨਾਲ ਬੰਨ੍ਹਿਆਂ ਹੋਇਆ ਤਿੰਨ ਥਾਂਵਾਂ ਤੇ ਬੰਨ੍ਹਿਆਂ ਹੋਇਆ ਵਿਡ, ਸਿੰਗ ਅਤੇ ਸਿਰ ਹਨ। ਬਹੁਤ ਮਨੋਰਥਾਂ ਨੂੰ ਪੂਰਾ ਕਰਨ ਖ਼ਾਤਰ ਇਸਨੂੰ ਵ੍ਰਿਸ਼ਭ ਜਾਂ ਵਰਖਾ ਕਰਨ ਵਾਲਾ ਕਿਹਾ ਜਾਂਦਾ ਹੈ।*

*ਮਹਾਦੇਵੋ ਮਰਤਯਾ ਆਵਿਵਿਸ਼ੇਸ਼ਤੀ। ਮਹਾਨ ਦੇਵ:=ਸ਼ਬਦ:।*
*ਮਹਤਾ ਦੇਵੇਨ ਨ: ਸਾਮਯਮ ਯਥਾ ਸਯਾਦਿਤਯਧਯੇਯਮ ਵਿਆਕਰਨਮ॥*

*ਮਹਾਨ ਦੇਵ ਸ਼ਬਦ ਮਨੁੱਖ ਅੰਦਰ ਹੈ। ਉਸ ਨਾਲ ਸਾਡਾ ਸੰਜੋਗ ਹੋ ਸਕੇ ਇਸ ਲਈ ਵਿਆਕਰਣ ਸਿੱਖਣ ਦੀ ਅਤੇ ਇਸਦੇ ਅਧਿਅਨ ਦੀ ਲੋੜ ਹੈ।*

*ਉਤ ਤਵ:ਪਸ਼ਯਣ ਦਦ੍ਰਸ਼ ਵਾਚਮੁਤ ਤਵ: ਸ਼੍ਰਣਵਣ ਸ਼੍ਰਣੋਤਯੇਨਾਮ।*
*ਉਤੋ ਤਵਸਮੈ ਤਨਵਮ ਵਿਸਤਰੇ ਜਾਯੇਵ ਪਤਯ ਉਸ਼ਤੀ ਸੁਵਾਸਾ:॥*

*ਇਕ ਵਿਅਕਤੀ ਬਾਣੀ ਨੂੰ ਵੇਖਦੇ ਹੋਏ ਵੀ ਨਹੀਂ ਦੇਖ ਸਕਦਾ ਅਤੇ ਦੂਸਰਾ ਸੁਣਦੇ ਹੋਏ ਭੀ ਨਹੀਂ ਸੁਣਦਾ। ਸੁੰਦਰ ਕਪੜੇ ਪਹਿਣ ਵਾਲੀ ਇਹ ਬਾਣੀ ਪਤੀ ਨਾਲ ਸੰਗਮ ਦੀ ਕਾਮਨਾ ਕਰਨ ਵਾਲੀ ਪਤਨੀ ਵਾਂਗ ਅਪਣੇ ਪਤੀ ਵਿਆਕਰਣ ਲਈ ਕਪੜੇ ਲਾਹ ਦਿੰਦੀ ਹੈ ਅਤੇ ਸਰੀਰ ਦੀ ਸੁੰਦਰਤਾ ਦਿਖਾਂਵਦੀ ਹੈ।*

*ਸ਼ਬਦ, ਅਰਥ ਅਤੇ ਇਨ੍ਹਾਂ ਦੇ ਆਪਸੀ ਸੰਬੰਧ ਬਾਰੇ ਵਿਚਵਾਨਾਂ ਵਿਚ ਬਹੁਤ ਹੀ ਚਰਚਾ ਰਹੀ ਹੈ। ਭਰਥਰੀ ਮੁਤਾਬਿਕ:*

*ਇੰਦ੍ਰਯਾਣਾਮ ਸਵਵਿਸ਼ਯੇਸ਼ਵਨਾਦੀਰਯੋਗਯਤਾ ਯਥਾ।*
*ਅਨਾਦਿਰਅਰਥੇ: ਸ਼ਬਦਾਨਾਂਮ ਸੰਬੰਧੋ ਯੋਗਅਤਾ ਤਥ॥*

*ਜਿਸ ਤਰ੍ਹਾਂ ਮਨੁੱਖ ਦੀਆਂ ਇੰਦ੍ਰੀਆਂ ਜਿਵੇਂ ਕੀ ਅੱਖ ਵਗੈਰਾ ਦੀ ਵਸਤਾਂ ਨੂੰ ਦੇਖਣ ਦੀ ਆਪਣੀ ਕਾਬਲੀਅਤ ਅਨਾਦਿ ਹੈ। ਇਸੇ ਤਰ੍ਹਾਂ ਸ਼ਬਦਾਂ ਦਾ ਅਰਥ ਨਾਲ ਸੰਬੰਧ ਅਤੇ ਅਰਥ ਦਸਣ ਦੀ ਸ਼ਕਤੀ ਸ਼ਬਦ ਵਿਚ ਅਨਾਦਿ ਹੈ।*

ਮੀਮਾਂਸਕ, ਨੈਯਾਯਿਕ, ਵਿਆਕਰਣ, ਬੁੱਧ ਮੱਤ ਅਤੇ ਹੋਰ ਸਿਧਾਂਤਾਂ ਦੇ ਵਿਦਵਾਨਾਂ ਨੇ ਸ਼ਬਦ, ਅਰਥ, ਸੰਬੰਧ, ਪਦ ਅਤੇ ਵਾਕ ਬਾਰੇ ਬਹਿਸ ਅਤੇ ਚਰਚਾ ਕਰਕੇ ਬੋਲੀ ਬਾਰੇ ਗਿਆਨ ਨੂੰ ਪੁਖ਼ਤਾ ਕੀਤਾ।

ਭਰਤ ਮੁਨੀ ਨਾਟਯਸ਼ਾਸਤਰ ਵਿਚ ਦਸਦੇ ਹਨ:

*ਵਾਗਮਯਾਨੀਹ ਸ਼ਾਸਤ੍ਰਾਣੀ ਵਾਗਨਿਸ਼ਠਾਨੀ ਤਥੈਵ ਚ।*
*ਤਸਮਾਦਵਾਚ: ਪਰਮ ਨਾਸਤੀ ਵਾਗਿਘ ਸਰਵਸਯਾ ਕਾਰਣਮ।।*

*ਇਸ ਜਗਤ ਵਿਚ ਸਾਰੇ ਹੀ ਸ਼ਾਸਤਰ ਬੋਲੀ ਤੇ ਨਿਰਭਰ ਹਨ। ਇਸ ਲਈ ਬੋਲੀ ਤੋਂ ਪਰ੍ਹੇ ਕੁਝ ਨਹੀਂ। ਸ਼ਬਦ ਹੀ ਸਭ ਦਾ ਕਾਰਨ ਹੈ।*

ਸ਼ਬਦ ਅਤੇ ਅੱਖਰ ਖੁਰਦੇ ਨਹੀਂ ਅਤੇ ਇਨ੍ਹਾਂ ਨੂੰ ਨਿਤਿਯਾ ਦੱਸਿਆ ਗਿਆ ਹੈ। ਇਸ ਬਾਰੇ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:

*ਅਖਰ ਮਹਿ ਤਿਰਭਵਨ ਧਾਰੇ। ਅਖਰ ਮੁਕਤਿ ਜਗਤਿ ਤੇ ਭਰਮਾ।।*
*ਅਖਰ ਕਰਮ ਕਿਰਤਿ ਸੁਚ ਧਰਮਾ। ਅਖਰ ਨਾਦ ਕਥਨ ਵਖਾਵਨਾ।।*
*ਅਖਰ ਸ਼ਾਸਤਰ ਸਿਮਰਤਿ ਪੁਰਾਨਾ। ਦਿਰਸ਼ਟਮਾਨ ਅਖਰ ਹੈ ਜੇਤਾ।।*

ਗੁਰੂ ਗ੍ਰੰਥ ਸਾਹਿਬ ਵਿਚ ਬਾਣੀ, ਅੱਖਰ ਅਤੇ ਬੋਲੀ ਦੀ ਅਹਿਮੀਅਤ ਇੰਜ ਨਾਲ ਦੱਸੀ ਗਈ ਹੈ।

*ਸੁਅਸਤਿ ਆਖਿ ਬਾਣੀ ਬਰਮਾਉ ਗੁਰੁ ਨਾਨਕ*
*ਬੇਦ ਪੁਕਾਰੇ ਵਾਚੀਐ ਬਾਣੀ ਬ੍ਰਹਮ ਬਿਆਸੁ*
*ਅਨਹਦ ਬਾਣੀ ਪਾਈਐ ਤਹ ਹਉਮੈ ਹੋਇ ਬਿਨਾਸ*
*ਆਖਣ ਸੁਨਣਾ ਪਉਣ ਕੀ ਬਾਣੀ ਇਹੁ ਮਨੁ ਰਤਾ ਮਾਇਆ*
*ਗੁਪਤੀ ਬਾਣੀ ਪਰਗਟੁ ਹੋਇ*

ਗੁਰੁ ਅਮਰ ਦਾਸ ਕਹਿੰਦੇ ਹਨ:
*ਹਰ ਜੀਉ ਸਾਚਾ ਸਾਚੀ ਬਾਣੀ ਸਬਦਿ ਮਿਲਾਵਾ ਹੋਈ*
*ਸਚ ਬਾਣੀ ਸਚੁ ਸਬਦੁ ਹੈ ਜਾ ਸਚਿ ਧਰੇ ਪਿਆਰੁ*
*ਬਾਣੀ ਵਜੀ ਚਹੁ ਜੁਗੀ ਸਚੋ ਸਚੁ ਸੁਣਾਇ*
*ਗੁਰਮੁਖਿ ਬਾਣੀ ਬ੍ਰਹਮ ਹੈ ਸਬਦਿ ਮਿਲਾਵਾ ਹੋਇ*

ਗੁਰੁ ਅਰਜਨ ਦੇਵ:
*ਅੰਤਰਿ ਬਾਹਰਿ ਤੇਰੀ ਬਾਣੀ ਸਫਲ ਸੁ ਬਾਣੀ ਜਿਤੁ ਨਾਮੁ ਵਖਾਣੀ*
*ਤੇਰੇ ਬਚਨ ਅਨੁਪ ਅਪਾਰ ਸੰਤਨ ਆਧਾਰ ਬਾਣੀ ਬੀਚਾਰੀਐ ਜੀਉ*

ਭਗਤ ਕਬੀਰ:
*ਰਮਈਆ ਜਪਹੁ ਪ੍ਰਾਣੀ ਅਨਤ ਜੀਵਨ ਬਾਣੀ ਇਨ ਬਿਧਿ ਭਵ ਸਾਗਰੁ ਤਰਣਾ*

ਗੁਰੂਆਂ, ਪੀਰਾਂ, ਭਗਤਾਂ, ਸੰਤਾਂ, ਸੂਫ਼ੀਆਂ ਨੇ ਲੋਕਾਂ ਦੀ ਬੋਲੀ ਵਿਚ ਆਪਣੇ ਖ਼ਿਆਲ ਅਤੇ ਸੇਧ ਦਿਤੀ। ਉਨ੍ਹਾਂ ਨੇ ਦੱਸਿਆ ਕਿ ਬੋਲੀ ਲੋਕਾਂ ਦੇ ਵਿਰਸੇ ਅਤੇ ਇਤਿਹਾਸ ਨੂੰ ਸਾਂਭਦੀ ਹੈ। ਇਸ ਲਈ ਉਨ੍ਹਾਂ ਨੇ ਆਪਣੇ ਵਿਚਾਰ ਲੋਕਾਂ ਦੀ ਬੋਲੀ ਵਿਚ ਹੀ ਰੱਖੇ। ਇਨ੍ਹਾਂ ਦਾਨਿਸ਼ਵਰਾਂ ਨੇ ਆਪਣੀ ਬੋਲੀ ਵਿਚ ਸਿਖਿਆ ਦੇਕੇ ਅਤੇ ਦਰਬਾਰੀ ਬੋਲੀ ਛੱਡਕੇ ਲੋਕ ਬੋਲੀ ਦਾ ਵਕਾਰ ਵਧਾਇਆ। ਗੂੜ੍ਹੇ ਅਤੇ ਡੂੰਘੇ ਵਿਸ਼ਿਆਂ ਤੇ ਉਨ੍ਹਾਂ ਨੇ

ਪੰਜਾਬੀ ਵਿਚ ਆਪਣਾ ਕਲਾਮ ਪੇਸ਼ ਕੀਤਾ। ਗੁਰੂ ਨਾਨਕ ਦੇਵ ਜੀ, ਸ਼ਾਹ ਹੁਸੈਨ, ਸੁਲਤਾਨ ਬਾਹੂ, ਬੁਲ੍ਹੇ ਸ਼ਾਹ, ਵਾਰਿਸ ਸ਼ਾਹ ਕਾਦਰ ਯਾਰ, ਹਾਸ਼ਮ ਸ਼ਾਹ, ਹਾਫਿਜ਼ ਬਰਖੁਰਦਾਰ, ਖ਼ਵਾਜਾ ਗੁਲਾਮ ਫ਼ਰੀਦ, ਅਤੇ ਹੋਰਨਾਂ ਨੇ ਪੰਜਾਬੀ ਬੋਲੀ ਵਿਚ ਲਿਖਿਆ ਅਤੇ ਲੋਕਾਂ ਦਾ ਰਾਹ ਰੌਸ਼ਨ ਕੀਤਾ।

ਬੋਲੀ, ਸ਼ਬਦਾਂ, ਹਰਫਾਂ ਅਤੇ ਉਨ੍ਹਾਂ ਦੇ ਅਰਥਾਂ ਬਾਰੇ ਮੀਆਂ ਮੁਹੰਮਦ ਬਖਸ਼ ਲਿਖਦੇ ਹਨ:

*ਹਰਫਾਂ ਵਿਚ ਸਫੈਦੀ ਰੌਸ਼ਨ ਜਿਉਂ ਫੁਲ ਅੰਦਰ ਪੱਤਾ*
*ਖ਼ਤ ਕਾਲਾ ਤੇ ਕਾਗਜ਼ ਚਿੱਟਾ ਇਉਂ ਦਿਖਲਾਈ ਦੇਂਦਾ*
*ਚਾਨਣੀਆਂ ਵਿਚ ਛਾਂ ਚਮਨ ਦੀ ਚਮਕਾਂ ਨੂਰ ਮਰੇਂਦਾ*
*ਸ਼ਾਖਾਂ ਲਫਜ਼ ਉਤੇ ਰੁਖ ਮੈਅਣੇ ਕਰੋ ਜ਼ਿਆਂ ਨਾ ਦੋਹਾਂ*
*ਆ ਕਲਮੇ ਮੂੰਹ ਲਾ ਸਿਆਹੀ ਚੁੰਮ ਜ਼ਮੀਨ ਨੁਰਾਨੀ*
*ਸਫਰੁਲ ਇਸ਼ਕ ਕਿਤਾਬ ਬਣਾਈ ਸੈਫ ਛੁਪੀ ਵਿਚ ਲਾਠੀ*

ਕਿਸੇ ਕੌਮ ਲਈ ਉਸਦੀ ਆਪਣੀ ਬੋਲੀ ਦੀ ਪ੍ਰਫੁੱਲਤਾ ਬਹੁਤ ਹੀ ਅਹਿਮ ਹੁੰਦੀ ਹੈ। ਬੋਲੀ ਬਾਰੇ ਪੰਜਾਬੀ ਦਰਸ਼ਨ ਨੇ ਤੱਤ ਕਢਿਆ ਕਿ '*ਮਾਂ ਬੋਲੀ ਜੇ ਭੁਲ ਜਾਉਗੇ ਕੱਖਾਂ ਵਾਂਗ ਰੁਲ ਜਾਉਗੇ*'

ਪੰਜਾਬੀ ਦੇ ਇਕ ਵੱਡੇ ਅਦੀਬ ਮੌਲਾਬਖ਼ਸ਼ ਕੁਸ਼ਤਾ ਲਿਖਦੇ ਹਨ:*ਹੋਵੇ ਜੱਗ ਵਿਚ ਉਹਦਾ ਵਕਾਰ ਕੁਸ਼ਤਾ, ਬੋਲੀ ਆਪਣੀ ਨਾਲ ਜੋ ਪਿਆਰ ਰੱਖੇ।*

ਉਸਤਾਦ ਦਾਮਨ, ਮੋਹਨ ਸਿੰਘ, ਨਜਮ ਹੁਸੈਨ ਸੈਯਦ ਅਤੇ ਪੰਜਾਬੀ ਦੇ ਹੋਰ ਉਘੇ ਲਿਖਾਰੀਆਂ ਅਤੇ ਸ਼ਾਇਰਾਂ ਨੇ ਮੌਜੂਦਾ ਦੌਰ ਵਿਚ ਇਸ ਸੋਚ ਨੂੰ ਹੋਰ ਵੀ ਅੱਗੇ ਵਧਾਇਆ ਹੈ।

# ਕਲਾ ਦਾ ਸਿਧਾਂਤ

ਪੰਜਾਬੀ ਦਰਸ਼ਨ ਮੁਤਾਬਿਕ ਕਲਾ ਦੇ ਦੋ ਭੇਦ ਹਨ, ਸ਼ਬਦ ਅਤੇ ਰੂਪ। ਸ਼ਬਦ ਵਿਚ ਕਾਵਿ, ਨਾਟਕ, ਸੰਗੀਤ ਵਗੈਰਾ ਅਤੇ ਰੂਪ ਵਿਚ ਹੋਰ ਤਰ੍ਹਾਂ ਦੀ ਕਲਾ ਜਿਵੇਂ ਕਿ ਚਿਤ੍ਰ ਕਲਾ, ਸ਼ਿਲਪ ਕਲਾ ਵਗੈਰਾ ਹਨ। ਕਲਾ ਸ਼ਬਦ ਦੀ ਵਰਤੋਂ ਸੁੰਦਰ ਬਣਾਉਣ ਜਾਂ ਕਿਸੇ ਕੰਮ ਨੂੰ ਮੁਹਾਰਤ ਨਾਲ ਕਰਨ ਲਈ ਵੀ ਕੀਤੀ ਜਾਂਦੀ ਹੈ। ਪੰਜਾਬੀ ਵਿਰਸੇ ਵਿਚ ਕੁਲ **64** ਕਲਾ ਦੱਸੀਆਂ ਗਈਆਂ ਹਨ

ਵਿਸ਼ਨੁਧਰਮੋਤਰ ਪੁਰਾਣ ਦੇ ਚਿਤ੍ਰ ਸੂਤ੍ਰ ਵਿਚ ਕਿਹਾ ਗਿਆ ਹੈ:

*ਕਲਾਨਾਮ ਪ੍ਰਵਰਮ ਚਿਤ੍ਰਮ ਧਰਮਾਕਾਮਾਰਥਾਮੋਕਸ਼ਦਮ।। ਮੰਗਲਯਮ ਪ੍ਰਥਮਮ ਚਿਤਾਦਗ੍ਰਿਹੇ ਯਤ੍ਰਾ ਪ੍ਰਤਿਸ਼ਠਤਮ। ਜਙ੍ਰ*

*ਚਿਤ੍ਰ ਕਲਾ ਸਭ ਤੋਂ ਵਧੀਆ ਕਲਾ ਹੈ। ਇਸ ਨਾਲ ਧਰਮ, ਅਰਥ, ਕਾਮ ਅਤੇ ਮੋਕਸ਼ ਦੀ ਪ੍ਰਾਪਤੀ ਹੁੰਦੀ ਹੈ। ਜਿਸ ਘਰ ਵਿਚ ਇਹ ਕਲਾ ਰਹਿੰਦੀ ਹੈ ਉਸ ਘਰ ਵਿਚ ਖ਼ੁਸ਼ੀ ਰਹਿੰਦੀ ਹੈ।*

ਸਮਾਜ ਲਈ ਕਲਾ ਦਾ ਹੋਣਾ ਬਹੁਤ ਜ਼ਰੂਰੀ ਹੈ। ਭਰਤ ਮੁਨੀ ਨਾਟਯਾਸ਼ਾਸਤਰ ਵਿਚ ਕਹਿੰਦੇ ਹਨ:

*ਤਸਮਾਤਸਰੀਜਾਪਰਮਵੇਦਮਪੰਚਮਮਸਾਰਵਵਰਨੀਕਮ।।*

*ਪੰਜਵੇਂ ਵੇਦ ਨਾਟਯਾਵੇਦ ਦੀ ਰਚਨਾ ਸਾਰੇ ਹੀ ਲੋਕਾਂ ਲਈ ਕੀਤੀ ਗਈ।*

*ਧਰਮਯਮਅਰਥਯਮਮਯਸਯਾਚਸੋਪਦੇਸਿਅਮਸਸੰਗਰਹਮ।*
*ਭਵਿਸ਼ਿਅਤਸ਼ਚਲੋਕਸਯਾਸਰਵਕਰਮਾਨੂਦਰਸ਼ਕਮ।।*

*ਇਹ ਨਾਟਯਾਵੇਦ ਧਰਮ, ਅਰਥ, ਯਸ਼, ਉਪਦੇਸ਼ ਲਈ ਇਕੱਠਾ ਕੀਤਾ ਗਿਆ ਹੈ ਜਿਸ ਨਾਲ ਹੁਣ ਅਤੇ ਭਵਿਖ ਵਿਚ ਲੋਕਾਂ ਦੇ ਸਭ ਕੰਮਾਂ ਵਿਚ ਉਨ੍ਹਾਂ ਦਾ ਰਾਹ ਰੋਸ਼ਨ ਹੋ ਸਕੇ।*

*ਧਰਮਯਮਥਰਅਮ ਯਸ਼ਸਿਯੰਚ ਸੋਪਦੇਸ਼ਯਮ ਸੰਗਰ੍ਹਹਮ*
*ਭਵਿਤਸ਼ਯ ਲੋਕਸਯ ਸਰਵਕਰਮਾਨੁਦਰਸ਼ਕਮ।।*

*ਧਰਮ ਅਤੇ ਅਰਥ ਦੀ ਪ੍ਰਾਪਤੀ ਕਰਾਉਣ ਵਾਲਾ। ਯਸ਼ ਦੇਣ ਵਾਲਾ, ਇਕੱਠਾ ਕੀਤਾ ਹੋਇਆ ਅਤੇ ਭਵਿਖ ਵਿਚ ਲੋਕਾਂ ਦਾ ਸਭ ਕੰਮਾਂ ਵਿਚ ਰਾਹ ਦਿਖਾਉਣ ਵਾਲਾ ਹੈ।*

*ਸਰਵਸ਼ਾਸਤ੍ਰਾਰਥਸੰਪਨਮ ਸਰਵਸ਼ਿਲਪਪ੍ਰਵਰਤਕਮ।*
*ਨਾਟਯਾਖਯਮ ਪੰਚਮਵੇਦਮ ਸੇਇਤਿਹਾਸਮ ਕਰੋਮਹਮ।।*

*ਸਭ ਸ਼ਾਸਤ੍ਰਾਂ ਦੇ ਅਰਥਾਂ ਨਾਲ ਸੰਪਨ ਅਤੇ ਸਾਰੇ ਹੀ ਹੁਨਰਾਂ, ਸ਼ਿਲਪਾਂ ਅਤੇ ਦਸਤਕਾਰੀ ਨੂੰ ਦਸਣ ਵਾਲਾ ਇਸ ਨਾਟਯ ਬਾਰੇ ਇਤਿਹਾਸ ਸਮੇਤ ਦਸਦਾ ਹਾਂ।*

*ਜਗ੍ਰਾਹ ਪਾਠਯਮ੍ਰਗਵੇਦਾਤ ਸਮਾਭਯੋਂ ਗੀਤਮੇਵ ਚ।*
*ਯਜੁਰਵੇਦਾਦਭਿਨਯਾਨ ਰਸਾਨਾਥਵਰਣਾਦਪ।।*

*ਇਸਦੇ ਪਾਠ ਅਤੇ ਸੰਵਾਦ ਰਿਗਵੇਦ ਤੋਂ, ਗੀਤ ਸਾਮਵੇਦ ਤੋਂ, ਅਦਾਕਾਰੀ ਯਜੁਰਵੇਦ ਤੋਂ ਅਤੇ ਰਸਾਂ ਨੂੰ ਅਥਰਵੇਦ ਤੋਂ ਲਿਆ ਗਿਆ ਹੈ।*

ਕਲਾ ਬਾਰੇ ਇਹ ਸੰਕਲਪ ਵੀ ਹੋਂਦ ਵਿਚ ਆਇਆ ਕਿ ਸਾਰੀ ਕਲਾ, ਸਹਿਤ, ਸੰਗੀਤ ਅਤੇ ਸ਼ਿਲਪਕਾਰੀ ਸਤਿਅਮ, ਸ਼ਿਵਮ ਅਤੇ ਸੁੰਦਰਮ ਦੇ ਆਧਾਰ ਤੇ ਹੋਣੇ ਚਾਹੀਦੇ ਹਨ। ਜਿਸ ਨਾਲ ਲੋਕਾਂ ਦਾ ਰਾਹ ਰੋਸ਼ਨ ਹੋ ਸਕੇ ਅਤੇ ਉਨ੍ਹਾਂ ਦਾ ਮਨੋਰੰਜਨ ਵੀ ਹੋ ਸਕੇ।

ਸਤਿਅਮ ਦਾ ਮਤਲਬ ਹਾਲਾਤ ਅਤੇ ਦੁਨਿਆ ਦਾ ਚਿਤ੍ਰਣ, ਸ਼ਿਵਮ ਦਾ ਮਤਲਬ ਜਿਸ ਚੀਜ਼ ਨਾਲ ਲੋਕਾਂ ਦਾ ਭਲਾ ਹੋਵੇ ਅਤੇ ਸੁੰਦਰਮ ਦਾ ਮਤਲਬ ਹੈ ਕਿ ਇਹ ਸੱਭ ਚੀਜ਼ ਖ਼ੂਬਸੂਰਤੀ ਨਾਲ ਦਰਸਾਈ ਜਾਵੇ। ਵਿਦਵਾਨਾਂ ਨੇ ਵੱਖ ਵੱਖ ਤਰ੍ਹਾਂ ਦੀ ਕਲਾ ਬਾਰੇ ਇਨ੍ਹਾਂ ਸਿਧਾਂਤਾਂ ਨੂੰ  ਵਿਕਸਿਤ ਕੀਤਾ।

ਅਗਨੀ ਪੁਰਾਣ ਵਿਚ ਕਵੀ ਨੂੰ ਪਰਜਾਪਤੀ ਦਸਿਆ ਗਿਆ ਹੈ:

*ਅਪਾਰੇ ਕਾਵਯ ਸੰਸਾਰੇ ਕਵਿਰੇਕ:ਪ੍ਰਜਾਪਤਿ:।*
*ਯਥਾਸਮੈ ਰੋਚਤੇ ਵਿਸ਼ਵਮ ਤਥੈਵ ਵਿਨਿਵਰਤਤੇ।।*

*ਇਸ ਅਪਾਰ ਅਤੇ ਅਨੰਤ ਸੰਸਾਰ ਵਿਚ ਕਵੀ ਹੀ ਇਕ ਪ੍ਰਜਾਪਤੀ ਹੈ। ਉਹ ਜਿਵੇਂ ਦੀ ਚਾਹੁੰਦਾ ਹੈ ਦੁਨੀਆ ਰਚਦਾ ਹੈ।*

ਕਾਵਿ ਕਲਾ ਬਾਰੇ ਬਹੁਤ ਡੂੰਘਾਈ ਨਾਲ ਕਾਵਿ ਦੇ ਵਖਰੇ ਵਖਰੇ ਪੱਖਾਂ ਤੇ ਚਰਚਾ ਕੀਤੀ ਗਈ। ਕਾਵਿ ਬਾਰੇ ਨਾਟਯਸ਼ਾਸਤ੍ਰ ਦਸਦਾ ਹੈ:

*ਵਿਭਕਤਯੰਤਮ ਪਦਮ ਗੇਯਮ ਨਿਬੱਧਮ ਚੁਰਣਮੇਵ ਚ।*

*ਜਿਸ ਸ਼ਬਦ ਦੇ ਆਖੀਰ ਵਿਚ ਵਿਭਕਤੀ ਜੋੜੀ ਜਾਏ ਉਸਨੂੰ ਪਦ ਕਹਿੰਦੇ ਹਨ। ਇਹ ਦੋ ਕਿਸਮ ਦੇ ਹੁੰਦੇ ਹਨ, ਨਿਬੱਧ ਅਤੇ ਚੁਰਣ ਪਦ।*

*ਨਿਬੱਧਾਕਸ਼ਰਸੰਯੁਕਤਮ ਯਤਿਛੇਦਸਮੀਨਵਤਮ।*

*ਨਿਬੱਧੰਤੂ ਪਦਮ ਗੇਯਮ ਪ੍ਰਮਾਣਨਿਤਿਯਾਤਮਕਮ।।*

*ਜਿਸ ਵਿਚ ਪਦ ਅਤੇ ਅੱਖਰਾਂ ਨੂੰ ਇਕ ਤਰਤੀਬ ਨਾਲ ਜੋੜਿਆ ਹੋਵੇ। ਅੱਖਰਾਂ ਦਾ ਵਿਛੇਦ ਠੀਕ ਹੋਵੇ ਅਤੇ ਅੱਖਰਾਂ ਦੀ ਗਿਣਤੀ ਗਿਣੀ ਮਿਥੀ ਹੋਵੇ ਉਸਨੂੰ ਨਿਬੱਧ ਜਾਂ ਕਾਵਿਯੋਗ ਸ਼ਬਦ ਸਮਝਣਾ ਚਾਹੀਦਾ ਹੈ।*

*ਏਵਮ ਨਾਨਾਰਥਸੰਯੁਕਤੈ: ਪਾਦੈਵਰਣਵਿਭੁਸ਼ਤੈ:।*
*ਚਤੁਰਭਿਸਤੂ ਭਵੇਦੁਕਤਮ ਛੰਦੋਵਰੀਤਾਭਿਧਾਨਵਤ।।*

*ਇਸ ਤਰ੍ਹਾਂ ਸ਼ਬਦਾਂ ਦੇ ਗਠਨ ਨਾਲ ਜੋ ਕਾਵਿ ਰਚਨਾ ਕੀਤੀ ਜਾਂਦੀ ਹੈ ਉਸਦੇ ਚਾਰ ਪੈਰ ਹੁੰਦੇ ਹਨ। ਉਸ ਵਿਚ ਕਈ ਅਰਥਾਂ ਦਾ ਇਜ਼ਹਾਰ ਹੁੰਦਾ ਹੈ। ਉਹ ਅੱਖਰਾਂ ਦੇ ਵੱਡੇ ਛੋਟੇ ਜੋੜ ਨਾਲ ਬਣਾਏ ਜਾਂਦੇ ਹੈ, ਉਸਨੂੰ ਛੰਦ ਜਾਂ ਵਿਰਿਤ ਕਹਿੰਦੇ ਹਨ।*

*ਸ਼ਡਵਿਸ਼ਤਿ: ਸਮਿਰਿਤਾਨਯੇਭਿ: ਪਾਦੈਸ਼ਛੰਦਾਂਸਿ ਸੰਖਯਯਾ।*
*ਸਮਮਰਧਸਮੰਚੈਵ ਤਥਾ ਵਿਸ਼ਮਮੇਵ ਚ।।*
*ਛੰਦੋ ਗੇਯਮ ਸਮਾਸੇਨ ਤ੍ਰਿਵਿਧਮ ਵਿਰਿਤਮਿਧਯਤੇ।*

*ਛੰਦ ਇਕ ਅੱਖਰ ਤੋਂ ਲੈਕੇ **26** ਅੱਖਰਾਂ ਦੇ ਪੈਰਾਂ ਕਰਕੇ **26** ਤਰ੍ਹਾਂ ਦੇ ਹਨ। ਇਸਦੇ ਸਮ, ਅਰਧਸਮ ਅਤੇ ਵਿਸ਼ਮ ਵਿਰਿਤ ਹੋਰ ਵੀ ਭੇਦ ਹਨ।*

*ਛੰਦ ਦਾ ਇਕ ਚੌਥਾਈ ਹਿੱਸਾ ਇਸਦਾ ਪੈਰ ਦੱਸਿਆ ਗਿਆ ਹੈ। ਕਾਵ ਦੇ **36** ਲਕਸ਼ਣ ਜਾਂ ਲੱਖਣ ਦੱਸੇ ਗਏ ਹਨ।*

*ਸ਼ਟਤ੍ਰਿਸ਼ਲੱਕਸ਼ਣਾਨਯੇਵਮ ਕਾਵਯੇਬੰਧੇਸੁ ਨਿਰਦਿੱਸ਼ੇਤ।*

*ਇਹ **36** ਲੱਛਣ ਇਉਂ ਹਨ:*

*ਭੁਸ਼ਣ ਗਹਿਣਾ, ਅਕਸ਼ਰਸ ਘਾਤ ਜਿਥੇ ਖ਼ਾਸ ਲਫਜ਼ਾਂ ਨਾਲ ਹੈਰਾਨਕੁਨ ਸ਼ੈਅ ਦਾ ਜ਼ਿਕਰ ਹੋਵੇ, ਸ਼ੋਭਾ ਨਵੇਂ ਜਾਂ ਅਣਜਾਣ ਵਿਸ਼ੇ ਜਾਂ ਮਜ਼ਮੂਨ ਨੂੰ ਜ਼ਾਹਿਰ ਕਰਨਾ, ਉਦਾਹਰਣ ਇਕ ਵਾਕ ਦੇ ਦੋ ਮਤਲਬਾਂ ਨਾਲ ਖਾਸ ਮਤਲਬ, ਹੇਤੁ ਮੁਖਤਸਰ ਅਤੇ ਸੰਖ਼ੇਪ ਵਿਚ ਦਿਲਕਸ਼, ਸੰਸ਼ਯ ਸ਼ੱਕ, ਦਿਰਸ਼ਟਾਂਤ ਮਿਸਾਲ, ਪਰਾਪਤੀ ਹਾਸਿਲ, ਅਭਿਪ੍ਰਾਯ ਦੋ ਚੀਜ਼ਾਂ ਵਿਚੋਂ ਤੀਜੀ ਸ਼ੈਅ ਦਾ ਨਿਕਲਣਾ, ਨਿਰਦਰਸ਼ਨ ਮਸ਼ਹੂਰ ਮਿਸਾਲ ਨੰ ਵਰਤਣਾ, ਨਿਰੁਕਤ ਨਿਰਦਰਸ਼ਨ ਦੀ ਮਦਦ ਲਈ ਵਰਤੇ ਵਾਕ, ਸਿੱਧੀ ਮਸ਼ਹੂਰ ਲੋਕਾਂ ਦੇ ਨਾਂਅ, ਵਿਸ਼ੇਸ਼ਣ ਖ਼ਾਸੀਅਤ, ਗੁਣਾਤਿਪਾਤ ਮਿਠੀ ਗੱਲ ਵਿਚ ਕਠੋਰ ਮਤਲਬ, ਅਤਿਸਯਸ ਧਾਰਣ ਗੱਲ ਵਿਚ ਖ਼ਾਸ, ਤੁਲਯਾਤਰਕ ਤਸ਼ਬੀਹ, ਪਦੋਚਯਾ ਕਈ ਲਫਜ਼ ਇਕੋ ਮਾਅਨੇ ਲਈ, ਦਿਸ਼ਟ ਠੀਕ ਠੀਕ, ਉਪਦਿਸ਼ਟ ਗੰਥ ਦੇ ਮੁਤਾਬਿਕ, ਵਿਚਾਰ ਬਿਆਨ, ਵਿਪਰਯ ਉਲਟਾ ਅਰਥ, ਭ੍ਰੰਸ਼ ਘਬਰਾਹਟ ਨਾਲ ਗਲਤ ਗੱਲ, ਅਨੁਨਯ ਮੁਖ਼ਾਲਿਫਾਂ ਵਿਚ ਦੋਸ਼, ਅਰਥਾਪਤਿ ਮੀਠੇ ਵਾਕ ਦਾ ਕੋਈ ਹੋਰ ਮਤਲਬ, ਪ੍ਰਸਿਧੀ ਮਸ਼ਹੂਰ ਵਾਕ, ਪਿਰਛਾ ਆਪਣੇ ਆਪ ਨੂੰ ਪੁਛਣਾ, ਸਾਰੁਪਯ ਦੋ ਚੀਜ਼ਾਂ ਦੀ ਇਕੋ ਜਿਹੀ ਸ਼ਕਲ ਨਾਲ ਸ਼ੱਕ, ਮਨੋਰਥਗੁਪਤ ਖ਼ਾਹਿਸ਼ਾਂ*

ਨਾਲ ਛੰਦ ਸ਼ਾਸਤ੍ਰ ਦੀ ਚਰਚਾ ਕਰਦੇ ਹੋਏ ਅਲੰਕਾਰ,ਰਸ ਅਤੇ ਭਾਵ ਸਿਧਾਂਤ ਦੀ ਵੀ ਵਿਆਖਿਆ ਕੀਤੀ ਹੈ:

*ਉਪਮਾ, ਰੂਪਕੰਚੈਵ ਦੀਪਕਮ ਯਮਕਮ ਤਥਾ।*
*ਕਾਵਯਸਯੈਤੇ ਹਯਲੰਕਾਰਾਸ਼ਚਤਵਾਰ\ ਪਰਿਕੀਰਤਿਤਾ\।।*

ਨਾਟਕ ਅਤੇ ਕਾਵ ਵਿਚ ਇਸਤਮਾਲ ਕੀਤੇ ਹੋਏ ਅਲੰਕਾਰ ਚਾਰ ਹਨ। ਇਹ ਉਪਮਾ,ਰੂਪਕ, ਦੀਪਕ ਅਤੇ ਯਮਕ ਹਨ।

ਉਪਮਾ–ਤਸ਼ਬੀਹ, ਇਕ ਚੀਜ਼ ਦੀ ਦੂਸਰੀ ਨਾਲ ਤੁਲਨਾ। ਰੂਪਕ–ਉਪਮਾ ਦਾ ਸਹਾਰਾ ਲੈ ਕੇ ਕਿਸੇ ਖਾਸ ਚੀਜ਼ ਦਾ ਦੱਸਣਾ। ਦੀਪਕ ਕਈ ਚੀਜ਼ਾਂ ਜਾਂ ਮਜ਼ਮੂਨਾਂ ਦਾ ਇਕ ਵਾਕ ਵਿਚ ਕਹਿਣਾ। ਧਮਕ ਲਫਜ਼ਾਂ ਦੀ ਤਰਤੀਬ।

ਕਾਵਿ ਦੇ ਦਸ ਗੁਣ ਦੱਸੇ ਗਏ ਹਨ:

*ਸ਼ਲੇਸ਼: ਪ੍ਰਸਾਦ: ਸਮਤਾ ਸਮਾਧੀ: ਮਾਧੁਰਮਯੋਜ: ਪਦਸੌਕੁਮਾਰਯਮ।*
*ਅਰਥਸਯ ਚ ਵਿਅਕਤੀਰੁਦਾਰਤਾ ਚ ਕਾਂਤਿਸ਼ਚ ਕਾਵਸਯ ਗੁਣਾ ਦਸ਼ੈਤੇ।।*

*ਸ਼ਲੇਸ਼ ਮਤਲਬ ਨਾਲ ਆਪਸੀ ਜੋੜ ਰਖਣ ਵਾਲੇ ਖਾਸ, ਪ੍ਰਸਾਦ–ਆਸਾਨ ਲਫਜ਼, ਸਮਤਾ–ਸੁਰਮੇਲ, ਸਮਾਧੀ–ਖ਼ਾਸ ਅਤੇ ਲਾਇਕ ਬੰਦੇ ਜਿਸਦਾ ਖ਼ਾਸ ਮਤਲਬ ਕੱਢ ਸਕਣ, ਮਾਧੁਰਯਾ ਕਈ ਵਾਰ ਸੁਣਨ ਬਾਅਦ ਵੀ ਚੰਗਾ ਲੱਗੇ ਔਜ–ਜੋਸ਼, ਸੌਕੁਮਾਰਯਾ–ਆਸਾਨ, ਅਰਥਵਯਕਤੀ–ਮਸ਼ਹੂਰ ਵਿਸ਼ੇ ਦਾ ਮਸ਼ਹੂਰ ਲਫਜ਼ਾਂ ਨਾਲ ਬਿਆਨ, ਓਦਾਤਕਈ ਭਾਵ ਅਤੇ ਰਸ ਵਾਲੀ ਕਿਰਤ, ਕਾਂਤੀ–ਸੁਣਨ ਵਾਲੇ ਨੂੰ ਮਸਤ ਕਰਨਾ*

ਕਾਵਿ ਦੇ ਦਸ ਦੋਸ਼ ਵੀ ਦੱਸੇ ਗਏ ਹਨ:

*ਗੂੜਾਰਥਮਰਥਾਂਤਰਮਰਥਹੀਨਮ ਭਿਨਾਰਥਮੇਕਾਰਥਮਭਿਪਲੁਤਾਰਥਮ।*
*ਨਯਾਯਾਦਪੇਤਮ ਵਿਸ਼ਮਮ ਵਿਸੰਧੀ ਸ਼ਬਦੁਚਯਤਮ ਵੈ ਦਸ਼ ਕਾਵਯਦੋਸ਼ਾ:।।*

ਗੁੜਾਰਥ-ਜ਼ਿਆਦਾ ਗੂੜ੍ਹਾ ਮਤਲਬ, ਅਰਥਾਂਤਰ-ਜਿਸ ਵਿਸ਼ੇ ਦਾ ਜ਼ਿਕਰ ਨਾ ਕੀਤਾ ਜਾ ਸਕੇ, ਅਰਥਹੀਨ-ਜਿਸਦਾ ਕੋਈ ਮਤਲਬ ਨਾ ਨਿਕਲਦਾ ਹੋਵੇ, ਭਿਨਾਰਥ-ਲੱਚਰਤਾ, ਇਕਾਰਥ-ਕਈ ਲਫਜ਼ ਇਕੋ ਮਤਲਬ ਵਰਤਣਾ, ਅਭਿਲੁਪਤਾਰਥ-ਮੁਖਤਸਰ ਵਿਚ ਪੂਰਾ ਮਤਲਬ, ਨਿਯਾਯਦਪੇਤ-ਸਬੂਤ ਬਗੈਰ, ਵਿਸ਼ਮ-ਬਹਿਰ ਟੁਟਣਾ, ਵਿਸੰਧੀ-ਜੋੜ ਬਗੈਰ ਲਫਜ਼, ਸ਼ਬਦਚਯੁਤ-ਲਫਜ਼ ਜਾਂ ਮਾਤਰਾ ਦਾ ਨਾ ਹੋਣਾ

*ਕਾਵਯਬੰਧੇਸ਼ਵਸ਼ੇਸ਼ੁ ਹਯਕਸ਼ਰਾਣੀ ਪ੍ਰਯੋਜਯੇਤ।।*

ਕਾਵ ਰਚਨਾਵਾਂ ਵਿਚ ਭਾਵ ਅਤੇ ਰਸਾਂ ਨੂੰ ਹਾਲਾਤ ਦੇ ਮੁਤਾਬਕ ਛੋਟੇ, ਵੱਡੇ ਅਤੇ ਬਹੁਤ ਵੱਡੇ ਅਖਰਾਂ ਦਾ ਇਸਤੇਮਾਲ ਕਰਨਾ ਚਾਹੀਦਾ ਹੈ।

*ਮਿਰਦੁਲਲਿਤਪਦਾਰਥਮ ਗੁੜਸ਼ਬਾਰਥਹੀਨਮ ਜਨਪਦਸੁਖਭੋਗਯਮ ਯੁਕਤੀਮਅਨਿ੍ਰਤਯੋਜਯਮ।*
*ਬਹੁਕਰਿਤਰਸਮਾਰਗਮ ਸੰਧੀਸੰਧਾਨਯੁਕਤਮ ਭਵਤੀ ਜਗਤੀ ਯੋਗਯਮ ਨਾਟਕਮ ਪ੍ਰੇਕਸ਼ਾਣਾਮ।।*

ਜਿਸ ਨਾਟਕ ਵਿਚ ਕੋਮਲ ਅਤੇ ਲਲਿਤ ਅਰਥਾਂ ਵਾਲੇ ਕਾਵਿ ਹੋਣ, ਔਖੇ ਸ਼ਬਦ ਅਤੇ ਅਰਥ ਨਾ ਹੋਣ, ਜਿਸਨੂੰ ਦੇਖਣ ਵਾਲੇ ਸੁਖ ਅਤੇ ਆਸਾਨੀ ਨਾਲ ਦੇਖ ਸਕਣ ਅਤੇ ਸਮਝ ਸਕਣ, ਜਿਸ ਵਿਚ ਜੁਗਤ ਨਾਲ ਅਤੇ ਵਿਚਾਰ ਪੂਰਵਕ ਨਿਰਤ ਦੀ ਯੋਜਨਾ ਹੋਵੇ ਰਸ ਦਾ ਵਹਾਉ ਨਾ ਟੁਟਦਾ ਹੋਵੇ ਅਤੇ ਜਿਸ ਵਿਚ ਸੰਧੀਆਂ ਠੀਕ ਠੀਕ ਹੋਣ ਉਹ ਨਾਟਕ ਹੀ ਸੰਸਾਰ ਵਿਚ ਦੇਖਣ ਲਾਇਕ ਹੁੰਦਾ ਹੈ।

ਕਲਾ ਲਈ ਮਨੁੱਖ ਦੇ ਭਾਵ ਅਤੇ ਰਸਾਂ ਬਾਰੇ ਵੀ ਬਹੁਤ ਵਿਸਤਾਰਪੂਰਵਕ ਚਰਚਾ ਕੀਤੀ ਗਈ ਹੈ। ਭਾਵ ਤਿੰਨ ਤਰ੍ਹਾਂ ਦੇ ਦੱਸੇ ਗਏ ਹਨ। ਇਹ ਹਨ ਸਥਾਈ, ਸੰਚਾਰੀ ਅਤੇ ਸਾਤਵਿਕ। ਨਾਟਯਸ਼ਾਸਤ੍ਰ ਮੁਤਾਬਿਕ:

*ਰਤਿਹਾਸਸ਼ਚ ਸ਼ੋਕਸ਼ਚ ਕਰੋਧੋਤਸਾਹੌ ਭਯਮ ਤਥਾ।*
*ਜੁਗੁਪਸਾ ਵਿਸਮਯਸ਼ਚੇਤਿ ਸਥਾਈਭਾਵਾਂ ਪ੍ਰਕੀਰਤਿਤਾ।।*

ਸਥਾਈ ਭਾਵ ਅੱਠ ਹਨ ਰਤਿ ਪ੍ਰੇਮ, ਹਾਸ ਹਾਸੇ ਵਾਲਾ, ਸ਼ੋਕ ਦੁਖ, ਕਰੋਧ ਗੁੱਸਾ, ਉਤਸਾਹ, ਭੈ ਡਰ, ਜੁਗੁਪਸਾ ਨਫਰਤ ਅਤੇ ਵਿਸਮਿਯ ਹੈਰਾਨੀ।

*ਨਿਰਵੇਦਗਲਾਨਿਸ਼ੰਕਾਖਯਾਸਤਥਾਸੁਯਾਮਦਸ਼੍ਰਮਾ:।*
*ਆਲਸਯਾਂਚੈਵ ਦੈਨਯਾਂਚ ਚਿੰਤਾ ਮੋਹ: ਸਮਿਰਤੀਧਰੀਤੀ:।।*
*ਵ੍ਰੀਡਾ ਚਪਲਤਾ ਹਰਸ਼ ਆਵੇਗੋ ਜੜਤਾ ਤਥਾ।*
*ਗਰਵੋਵਿਸ਼ਾਦ ਔਤਸੁਕਯਾਮ ਨਿਦ੍ਰਾਪਸਮਾਰ ਏਵ ਚ।।*
*ਸੁਪਤਮ ਵਿਵੋਧੋਅਮਰਸ਼ਸ਼ਚਾਪਯਾਵਹਿਥਮਥੋਗ੍ਰਤਾ।*
*ਮਤਿਵਯਾਰਧੀਸਤਥੋਨਮਾਂਦਸਤਥਾ ਮਰਣਮੇਵ ਚ।।*
*ਤ੍ਰਾਸਸ਼ਚੈਵ ਵਿਤਕਰਸ਼ਚ ਵਿਗੇਯਾ ਵਿਆਭਿਚਾਰਿਣ:।*

*ਤ੍ਰਯਸਿਤ੍ਰਸ਼ਦਮੀ ਭਾਵਾ: ਸਮਾਖਿਯਾਤਾਸਤੁ ਨਾਮਤ:।।*

ਤੇਤੀ ਸੰਚਾਰੀ ਭਾਵ ਹਨ- ਨਿਰਵੇਦ-ਨਿਸ਼ਾ ਜਾਂ ਦਿਲ ਉਠ ਜਾਣਾ, ਗਲਾਨੀ-ਅਫਸੋਸ ਨਾਲ ਭਰ ਜਾਣਾ, ਸ਼ੰਕਾ-ਸ਼ੱਕ, ਅਸੂਯਾ-ਹਿਰਸ, ਮਦ-ਨਸ਼ਾ, ਆਲਸਯ-ਥੱਕਨਾ, ਦੈਵਯਾ-ਬਦਕਿਸਮਤੀ, ਚਿੰਤਾ-ਫਿਕਰ, ਸਮਿਰਤੀ-ਯਾਦ ਕਰਨਾ, ਧ੍ਰਤੀ-ਤਸੱਲੀ, ਬ੍ਰੀਡਾ-ਸ਼ਰਮ, ਚਪਲਤਾ-ਘਬਰਾਹਟ, ਹਰਸ਼-ਖ਼ੁਸ਼ੀ, ਆਵੇਗ-ਜਜ਼ਬਾਤ ਨਾਲ ਭਰ ਜਾਣਾ, ਜਡਤਾ-ਹੱਥ ਪੈਰ ਖੜ ਜਾਣਾ, ਗਰਵ-ਫਖ਼ਰ, ਵਿਸ਼ਾਦ-ਅਫਸੋਸ, ਔਤਸੁਕਯ-ਬੇਚੈਨੀ, ਨਿਦਰਾ-ਨੀਂਦ, ਅਪਸਮਾਰ-ਭੁਲਨਾ, ਸੁਪਤ-ਬੇਹੋਸ਼ੀ, ਪ੍ਰਬੋਧ-ਜਾਗਨਾ, ਅਵਹਿੱਥਾ-ਤਹੱਮਲ ਨਾਂ ਹੋਣਾ, ਉਗ੍ਰਤਾ-ਤਿਆਰ, ਮਤਿ-ਸਮਝਣਾ, ਵਯਾਧੀ-ਬਿਮਾਰੀ, ਉਨਮਾਦ-ਪਾਗਲਪਨ, ਮਰਣ-ਮਰਨਾ ਤ੍ਰਾਸ-ਖ਼ੌਫ ਅਤੇ ਵਿਤਰਕ-ਤਰਕ।

*ਸਤੱਮਭ: ਸੰਵਵੇਦਅਥ ਰੋਮਾਂਚ: ਸਵਰਭੰਗੋਅਥ ਵੇਪਥੁ:।*
*ਵੈਵਰਣਯਮਸ਼ਰੁ ਪ੍ਰਲਯ: ਇਤਯਸ਼ਟੌ ਸਾਤਵਿਕਾ: ਸਮਰਿਤਾ:।।*

ਸਤੱਮਭ-ਖੰਬਾ, ਸਵੇਦ-ਪਸੀਨਾ, ਰੋਮਾਂਚ, ਸਵਰਭੰਗ-ਥਥਲਾਉਣਾ, ਵੇਪਥੁ-ਕਾਂਬਾ, ਵੈਵਰਣਯ-ਰੰਗ ਬਦਲਣਾ, ਅਸ਼ਰੁ-ਹੰਝੂ ਅਤੇ ਪ੍ਰਲਯ-ਪਰਲੋ ਜਾਂ ਹਸ਼ਰ ਅੱਠ ਸਾਤਵਿਕ ਭਾਵ ਹਨ।

ਰਸ ਵੀ ਅੱਠ ਦੱਸੇ ਗਏ ਹਨ:

*ਸ਼੍ਰੰਗਾਰਹਾਸਯਾਕਰੁਣਸ਼ਾ ਰੌਦ੍ਰਵੀਰਭਯਾਨਕਾ:।*
*ਵੀਭਤਸਾਦਭੁਸੰਗਯੋ ਚੇਤਯਸ਼ਟੋ ਨਾਟਯੇ ਰਸਾ: ਸਮਰਿਤਾ:।।*

ਨਾਟਕ ਵਿਚ ਅੱਠ ਰਸ ਮਨੇ ਗਏ ਹਨ*: ਸ਼੍ਰੰਗਾਰ-ਪ੍ਰੇਮ, ਹਾਸ-ਹੱਸਣਾ, ਕਰੁਣ-ਤਰਸ, ਰੌਦ-ਡਰਾਵਣਾ, ਵੀਰ-ਬਹਾਦੁਰ, ਭਯਾਨਕ-ਖ਼ਤਰਨਾਕ, ਵੀਭਤਸ-ਨਫਰਤ ਅਤੇ ਅਦਭੁਤ-ਹੈਰਾਨੀ।*

*ਨਾਨਾਦਰਵਯੈਬਹੁਰਵਿਧੈਰਵਯੰਜਨਮ ਭਾਵਯਤੇ ਯਥਾ।*
*ਏਵਮ ਭਾਵਾ ਭਾਵਯੰਤੀ ਰਸਾਨਿਭਿਨਯੈ: ਸਹ।।*

ਜਿਸ ਤਰ੍ਹਾਂ ਕਈ ਤਰ੍ਹਾਂ ਦੇ ਪਦਾਰਥਾਂ ਅਤੇ ਸਾਮਗਰੀ ਨਾਲ ਸੁਆਦ ਬਣਦਾ ਹੈ ਇਸੇ ਤਰ੍ਹਾਂ ਹੀ ਭਾਵ ਰਸ ਨੂੰ ਬਣਾਉਂਦੇ ਹਨ।

*ਨ ਭਾਵਹੀਨੋਅਸਤੀ ਰਸੋ ਨ ਭਾਵੋ ਰਸਵਰਜਿਤ:।*
*ਪਰਸਪਰਕਰਿਤਾ ਸਿਧੀਸਤਯੋਰਭਿਨਯੇ ਭਵੇਤ।।*

*ਰਸ ਭਾਵ ਤੋਂ ਬਗੈਰ ਨਹੀਂ ਹੁੰਦੇ ਅਤੇ ਭਾਵ ਤੋਂ ਬਗੈਰ ਰਸ ਨਹੀਂ ਹੁੰਦੇ ਇਸ ਲਈ ਭਾਵ ਅਤੇ ਰਸ ਇਕੱਠੇ ਹੋਕੇ ਅਦਾਕਾਰੀ ਨੂੰ ਸਿੱਧ ਕਰਦੇ ਹਨ ਜਾਂ ਕਾਮਯਾਬ ਬਣਾਉਂਦੇ ਹਨ।*

ਭਰਤ ਮੁਨੀ ਨੌਵੇਂ ਰਸ ਸ਼ਾਂਤ ਰਸ ਨੂੰ ਸਾਰੇ ਹੀ ਰਸਾਂ ਦੀ ਬੁਨਿਆਦ ਦਸਦਾ ਹੈ:

*ਭਾਵਾ ਵਿਕਾਰਾ ਰਤਯਾਦਯਾ: ਸ਼ਾਂਤਸਤੁ ਪ੍ਰਕਰਿਤੀਮਰਤ:।*
*ਵਿਕਾਰ: ਪ੍ਰਕਰਿਤੇਜਾਰਤ: ਪੁਨਸਤਤ੍ਰੈਵ ਲੀਯਤੇ।।*
*ਸਵਮ ਸਵਮ ਨਿਮਿਤੱਸਾਦਯ ਸ਼ਾਂਤਾਦਭਾਵ: ਪ੍ਰਵਰਤਤੇ।*
*ਪੁਨਰਨਿਰਮਿਤਾਪਾਯੇ ਚ ਸ਼ਾਂਤ ਏਵੋਪਲੀਯਤੇ।*
*ਏਵਮ ਨਵਰਸਾ: ਦ੍ਰਸ਼ਟਾ ਨਾਟਯਗਯੈਲਕਸ਼ਣਾਨਵਿੰਤਾ:।।*

*ਰਤਿ ਜਾਂ ਪ੍ਰੇਮ ਆਦਿ ਸਥਾਈ ਭਾਵ ਵੈਕਾਰਿਕ ਜਾਂ ਪੈਦਾ ਹੋਏ ਭਾਵ ਹਨ। ਲੇਕਿਨ ਸ਼ਾਂਤ ਪ੍ਰਕਰਿਤੀ ਹੈ। ਵਿਕਾਰ ਪ੍ਰਕਰਿਤੀ ਚੋਂ ਪੈਦਾ ਹੁੰਦੇ ਹਨ ਅਤੇ ਉਸੇ ਵਿਚ ਮਿਲ ਜਾਂਦੇ ਹਨ। ਸ਼ਾਤ ਰਸ ਤੋਂ ਹੀ ਆਪਣੇ ਆਪਣੇ ਕਾਰਣਾਂ ਕਰਕੇ ਸਭ ਭਾਵ ਪੈਦਾ ਹੁਦੇ ਹਨ ਅਤੇ ਕਾਰਨ ਦੂਰ ਹੋਣ ਦੇ ਬਾਅਦ ਉਸੇ ਵਿਚ ਮਿਲ ਜਾਂਦੇ ਹਨ। ਇਸੇ ਤਰ੍ਹਾਂ ਨਾਟਕ ਲਈ ਨੌਂ ਰਸਾਂ ਦਾ ਜ਼ਿਕਰ ਕੀਤਾ ਗਿਆ ਹੈ।*

ਭਗਤਾਂ, ਗੁਰੂਆਂ, ਪੀਰਾਂ ਅਤੇ ਸੂਫ਼ੀਆਂ ਨੇ ਦੋ ਹੋਰ ਰਸ ਵੀ ਦਸੇ ਹਨ, ਭਗਤੀ ਰਸ ਅਤੇ ਨਾਮ ਰਸ। ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:

*ਨਾਮ ਰਸ ਪਿਉ ਰੇ, ਜਿਸ ਪੀਕੇ ਵਿਸਰੇ ਸੱਭ ਰਸ ਹੋਰ*

ਇਸੇ ਤਰ੍ਹਾਂ ਸੰਗੀਤ ਅਤੇ ਵਾਸਤੂ ਅਤੇ ਹੋਰ ਕਲਾ ਬਾਰੇ ਵੀਨਾਟਯ ਸ਼ਾਸਤ੍ਰ ਅਤੇ ਹੋਰਨਾਂ ਕਿਰਤਾਂ ਵਿਚ ਵਿਸਤਾਰ ਨਾਲ ਚਰਚਾ ਹੈ। ਸਾਰੀ ਕਲਾ ਇਨ੍ਹਾਂ ਭਾਵਾਂ ਅਤੇ ਜਜ਼ਬਾਤਾਂ ਨੂੰ ਹਲੂਣ ਕੇ ਬੰਦੇ ਨੂੰ ਅਕਲ ਵੀ ਦਿੰਦੀ ਹੈ ਅਤੇ ਉਸਦਾ ਮਨੋਰੰਜਨ ਵੀ ਕਰਦੀ ਹੈ।

ਭਿਰਗੁ ਰਿਸ਼ੀ ਆਪਣੇ ਕ੍ਰਿਸ਼ੀ ਸ਼ਾਸਤਰ ਵਿਚ ਕਿਸਾਨ ਨੂੰ ਸਾਰਿਆਂ ਨਾਲੋਂ ਵੱਡਾ ਕਲਾਕਾਰ ਦੱਸਦੇ ਹਨ ਕਿਉਂਕਿ ਉਹ ਅੰਨ ਪੈਦਾ ਕਰਕੇ ਸੱਭ ਨੂੰ ਪਾਲਦਾ ਹੈ। ਸਾਡੇ ਦੌਰ ਵਿਚ ਅਹਿਮਦ ਨਦੀਮ ਕਾਸਮੀ ਨੇ ਵੀ ਆਪਣੇ ਇਕ ਸ਼ੇਅਰ ਵਿਚ ਇਹ ਜਜ਼ਬਾਤ ਦੱਸੇ ਸੀ:

*ਸੁਬਹ ਕੇ ਨੂਰ ਮੇ ਭੀਗੇ ਹੂਏ ਖੇਤੋਂ ਮੇ ਕਿਸਾਨ*
*ਹਲ ਚਲਾਤੇ ਹੈਂ ਤੋ ਫ਼ਨਕਾਰ ਨਜ਼ਰ ਆਤੇ ਹੈਂ*

ਫ਼ਰੀਦ, ਨਾਨਕ ਦੇਵ ਜੀ, ਸ਼ਾਹ ਹੁਸੈਨ, ਬੁੱਲ੍ਹੇ ਸ਼ਾਹ, ਵਾਰਿਸ ਸ਼ਾਹ ਅਤੇ ਹੋਰਨਾਂ ਗੁਰੂਆਂ, ਪੀਰਾਂ, ਸਾਹਿਤਕਾਰਾਂ ਅਤੇ ਕਲਾਕਾਰਾਂ ਨੇ ਆਪਣੀ ਕਿਰਤਕਲਾ ਲੋਕਾਂ ਨੂੰ ਰਾਹ ਦਿਖਾਉਣ ਲਈ ਰਚੀ।

ਵਾਰਿਸ ਸ਼ਾਹ ਹੋਰੀਂ ਕਹਿੰਦੇ ਹਨ:

*ਹਿਰਸ ਤੋੜ ਕੇ ਬੂਦ ਨਾਬੂਦ ਵਾਲੀ ਦਰਜਾ ਆਪ ਵਨਾਹ ਦਾ ਪਾਈਏ ਜੀ*
*ਤਦੋਂ ਸ਼ੇਅਰ ਦੀ ਸ਼ਾਇਰੀ ਵੱਲ ਹੋਵੇ ਜਦੋਂ ਇਜ਼ਨ ਹਜ਼ੂਰ ਤੋਂ ਪਾਈਏ ਜੀ*
*ਪੱਲੇ ਦੌਲਤਾਂ ਹੋਣ ਤਾਂ ਵੰਡ ਦਈਏ ਗੰਢੀ ਛੋੜਿਆਂ ਨਾਂਹ ਸਦਾਈਏ ਜੀ*
*ਬੁਲ ਬੁਲ ਹੋਇਕੇ ਚਹਿਕਿਏ ਬਾਗ ਅੰਦਰ ਸੁਖ਼ਨ ਰਮਜ਼ ਦੇ ਨਾਲ ਅਲਾਈਏ ਜੀ*
*ਕਾਵਾਂ ਵਾਂਗ ਉਡਾਰ ਬਨੇਰਿਆਂ ਦੇ ਐਵੇਂ ਕੂੜ ਨ ਮਗਜ਼ ਖਪਾਈਏ ਜੀ*
*ਕਰਕੇ ਕਾਲਿਆਂ ਬੱਗਿਆਂ ਕਾਗਜ਼ਾਂ ਨੂੰ ਅਸੀਂ ਸ਼ੇਅਰ ਨੂੰ ਲੀਕ ਨ ਲਾਈਏ ਜੀ*
*ਲਟਕਦਾਰ ਰੰਗੀਲੜਾ ਸ਼ੇਅਰ ਕਹਿਕੇ ਚੇਟਕ ਆਮ ਤੇ ਖ਼ਾਸ ਨੂੰ ਲਾਈਏ ਜੀ*
*ਰਮਜ਼ਾਂ ਮਾਅਨਿਆਂ ਵਿਚ ਖ਼ੁਸ਼ਬੂ ਹੋਵੇ ਇਸ਼ਕ ਮੁਸ਼ਕ ਨੂੰ ਖੋਲ੍ਹ ਵਖਾਈਏ ਜੀ*
*ਨਾਲ ਅਜਬ ਬਹਾਰ ਦੇ ਸ਼ੇਅਰ ਕਹਿਕੇ ਰਾਂਝੇ ਹੀਰ ਦਾ ਮੇਲ ਮਲਾਈਏ ਜੀ*
*ਅੱਗੇ ਹੀਰ ਨਾਂ ਕਿਸੇ ਨੇ ਕਹੀ ਐਸੀ ਸ਼ੇਅਰ ਬਹੁਤ ਮਰਗੂਬ ਬਣਾਇਆ ਈ।*
*ਵਾਰਿਸ ਸ਼ਾਹ ਲੋਕਾਂ ਕਮਲਿਆ ਨੂੰ ਕਿੱਸਾ ਜੋੜ ਹੁਸ਼ਿਆਰ ਬਣਾਇਆ ਈ।।*

ਪੰਜਾਬੀ ਕਾਵਿ ਬਾਰੇ ਮੀਆਂ ਮੁਹੰਮਦ ਬਖ਼ਸ਼ ਆਂਹਦੇ ਨੇ:

*ਕਿੱਸੇ ਹੋਰ ਕਿਸੇ ਦੇ ਅੰਦਰ, ਦਰਦ ਆਪਣੇ ਕੁਝ ਹੋਵਣ।*
*ਵਿਨ ਪੀੜਾ ਤਾਸੀਰਾਂ ਨਾਹੀ, ਵਿਨ ਪੀੜੇ ਕਦ ਰੋਵਣ।*
*ਸੁਖਨ ਭਰਾ ਜੋ ਦਰਦੋਂਭਰਿਆ, ਬਿਨ ਦਰਦਾਂ ਕੁਝ ਨਾਹੀਂ।*
*ਨੜਾਂ ਕਮਾਦਾਂ ਫ਼ਰਕ ਰਹੇ ਦਾ, ਕਿਆ ਕਾਨੇ ਕਿਆ ਕਾਹੀਂ।*
*ਦਰਦਮੰਦਾ ਦੇ ਸੁਖਨ ਮੁਹੰਮਦ, ਦੇਣ ਗਵਾਹੀ ਹਾਲੋਂ।*
*ਜਿਸ ਪੱਲੇ ਫੁੱਲ ਬੱਧੇ ਹੋਵਣ, ਆਏ ਬਾਸ ਰੁਮਾਲੋਂ।*
*ਸ਼ਾਇਰ ਬਹੁਤ ਪੰਜਾਬ ਜ਼ਿਮੀਂ ਦੇ, ਹੋਏ ਦਾਨਿਸ਼ ਵਾਲੇ।*
*ਕਾਫ਼ੀ ਬਾਰਹਮਾਹ ਜਿਨ੍ਹਾਂ ਦੇ, ਦੋਹੜੇ ਬੈਂਤ ਉਜਾਲੇ।*
*ਹਿਕਨਾਂ ਬਹੁਤ ਕਿਤਾਬਾਂ ਲਿਖੀਆਂ, ਕਿੱਸੇ ਹੋਰ ਰਸਾਲੇ।*
*ਕਿਧਰ ਗਏ ਉਹ ਸੰਗ ਮੁਹੰਮਦ, ਕਰ ਕੇ ਵੇਖ ਸਮ੍ਹਾਲੇ।*
*ਅੱਵਲ ਸ਼ੇਖ ਫਰੀਦ ਸ਼ਕਰਗੰਜ, ਆਰਿਫ ਅਹਿਲਿ ਵਿਲਾਇਤ*
*ਹਿਕ ਹਿਕ ਸੁਖ਼ਨ ਜ਼ੁਬਾਨ ਉਹਦੀ ਦਾ ਰਹਬਰ ਰਾਹਿ ਹਦਾਇਤ।*
*ਫੇਰ ਸੁਲਤਾਨ ਬਾਹੂ ਹਿਕ ਹੋਇਆ, ਖਾਸਾ ਮਰਦ ਹਕਾਨੀ।*
*ਦੋਹੜੇ ਪਾਕ ਜ਼ੁਬਾਨ ਉਹਦੀ ਦੇ, ਰੌਸ਼ਨ ਦੋਹੀਂ ਜਹਾਨੀ।*
*ਬੁਲ੍ਹੇ ਸ਼ਾਹ ਦੀ ਕਾਫੀ ਸੁਣਕੇ, ਤਰੁਟਦਾ ਕੁਫ਼ਰ ਅੰਦਰ ਦਾ।*
*ਵਹਦਤ ਦੇ ਦਰਿਆਵੇ ਅੰਦਰ, ਉਹ ਭੀ ਵਤਿਆ ਤਰਦਾ।*
*ਫ਼ਰਦ ਫਕੀਰ ਹੋਇਆ ਕੋਈ ਖਾਸਾ, ਮਰਦ ਸਫਾਈ ਵਾਲਾ।*
*ਫਿਕਾ ਅੰਦਰ ਭੀ ਚੁਸਤ ਸੁਖ਼ਨ ਹੈ, ਇਸ਼ਕ ਅੰਦਰ ਖ਼ੁਸ਼ ਚਾਲਾ।*

*ਬਾਬੋ ਬਾਬ ਫਕਰ ਦੇ ਅੰਦਰ ਵੜਿਆ ਨਾਲ ਸੰਭਾਲੇ।*
*ਬੈਂਤ ਤਰਾਜ਼ੂ ਤੋਲ ਬਣਾਇਉਸੁ, ਮਸਲੇ ਦਸਿਉਸੁ ਨਾਲੇ।*
*ਸ਼ੱਲ ਸੱਲ ਲਾਲ ਪਰੋਤੀ ਤਸਬੀਹ, ਮਰਦ ਜ਼ਰੀਫ ਮੱਦਾਹੀ।*
*ਬਹਬਲ ਬਹਿਲ ਸੁਖ਼ਨ ਦੀ ਚੜਿਆ, ਪੀ ਕੇ ਮਸਤ ਸੁਰਾਹੀ।*

# ਵਿਕਾਸ ਅਤੇ ਇਤਿਹਾਸ

ਦੁਨੀਆ ਦੀ ਹਰ ਸ਼ੈਅ ਆਵਾਗਮਨ ਵਿਚ ਹੈ। ਹਰ ਸ਼ੈਅ ਹੋਂਦ ਵਿਚ ਆਉਂਦੀ ਹੈ ਆਪਣਾ ਜਲਵਾ ਦਿਖਾਉਂਦੀ ਹੈ ਅਤੇ ਖੁਰ ਜਾਂਦੀ ਹੈ। ਇਹ ਆਵਾਗਮਨ ਅਤੇ ਤਬਦੀਲੀ ਆਪਣੇ ਅੰਦਰ ਦੇ ਕਾਰਨਾਂ ਦੇ ਸੰਜੋਗ ਅਤੇ ਵਿਜੋਗ ਕਰਕੇ ਹੁੰਦੀ ਹੈ। ਵਿਕਾਸ ਅਤੇ ਇਤਿਹਾਸ ਇਸ ਕਰਕੇ ਹੀ ਹੁੰਦੇ ਹਨ। ਵਿਕਾਸ ਦਾ ਮਤਲਬ ਕਿਸੇ ਚੀਜ਼ ਦਾ ਖਿੜਨਾ ਅਤੇ ਖੁੱਲ੍ਹਣਾ ਹੈ ਜੋ ਕੱਸਣ ਦੇ ਉਲਟ ਹੈ, ਬੰਨ੍ਹਣ ਦੇ ਉਲਟ ਹੈ। ਖਿੜਨਾ ਅਤੇ ਖੁੱਲ੍ਹਣਾ ਵਿਕਾਸ ਹੈ। ਇਹ ਕੱਸ ਵਿਚੋਂ ਹੀ ਨਿਕਲਦਾ ਹੈ, ਇਸ ਨੂੰ ਪਲਟਦਾ ਹੈ ਅਤੇ ਆਪਣਾ ਇਤਿਹਾਸ ਸਿਰਜਦਾ ਹੈ। ਕਿਸੇ ਚੀਜ਼ ਦਾ ਸਿਲਸਿਲੇ ਵਾਰ ਵਾਪਰਨਾ ਇਤਿਹਾਸ ਹੈ। ਇਤਿ ਦਾ ਮਤਲਬ ਹੈ ਇੰਜ ਜਾਂ ਇਸ ਤਰ੍ਹਾਂ, ਹ ਦਾ ਮਤਲਬ ਹੋਣਾ, ਅਸ ਦਾ ਮਤਲਬ ਲੜੀਵਾਰ। ਇਹ ਹੋਣੀ ਦਾ ਹੋਵਣ ਹੈ ਜੋ ਆਪਣੇ ਕਾਰਨਾ ਨਾਲ ਹੀ ਹੁੰਦੀ ਚਲੀ ਆਉਂਦੀ ਹੈ। ਕਸਣ ਅਤੇ ਖਿੜਨ ਦੀ ਲੜੀ ਦਾ ਨਾਮ ਹੀ ਗਤੀ ਹੈ। ਇਹ ਗਤੀ ਹੀ ਇਸ ਦਾ ਇਤਿਹਾਸ ਹੈ। ਇਸ ਤਰ੍ਹਾਂ, ਵਿਕਾਸ ਅਤੇ ਇਤਿਹਾਸ ਮੁੱਢੋਂ ਹੀ ਇਕੱਠੇ ਹਨ। ਵਿਕਾਸ ਹੀ ਇਤਿਹਾਸ ਬਣਾਉਂਦਾ ਹੈ। ਵਿਕਾਸ ਦਾ ਹੀ ਇਤਿਹਾਸ ਹੈ।

ਇਤਿਹਾਸ ਇਕ ਜੀਂਦਾ ਜਾਗਦਾ ਹੋਵਣ ਹੈ ਜੋ ਕੱਸਣ ਅਤੇ ਖਿੜਨ ਦਾ ਲਗਾਤਾਰ ਟਾਕਰਾ ਜਾਂ ਦਵੰਦ ਹੈ। ਸੰਜੋਗ ਅਤੇ ਵਿਜੋਗ ਦਾ ਘੋਲ ਹੈ। ਅਸਲ ਵਿਚ ਹੋਣੀ ਹੈ ਹੀ ਇਹ। ਵਰਤਮਾਨ ਦੇ ਕੱਸਣ ਵਿਚ ਸਾਰੇ ਹੀ ਭੂਤਕਾਲ ਦੇ ਦਵੰਦ ਅਤੇ ਭਵਿਖ ਦੇ ਖਿੜਨ ਮੌਜੂਦ ਹਨ ਅਤੇ ਨਾਲ ਨਾਲ ਚਲਦੇ ਹਨ। ਇਸ ਤਰ੍ਹਾਂ ਇਤਿਹਾਸ ਜੀਂਦਾ ਜਾਗਦਾ ਹੈ। ਇਹ ਮਨੁੱਖ ਦੀ ਜ਼ਿੰਦਗੀ ਹੈ। ਇਹ ਅੱਜ ਦੇ ਕੱਸਣ ਦੀ ਗਤੀ ਵਿਖਾਲਦਾ ਹੈ ਅਤੇ ਭਲਕ ਵੱਲ ਇਸ਼ਾਰਾ ਕਰਦਾ ਹੈ ਅਤੇ ਇਸ ਦੀਆਂ ਖ਼ਬਰਾਂ ਵੀ ਦਿੰਦਾ ਹੈ। ਇਹ ਕਰਨੀ ਅਤੇ ਹੋਣੀ ਦੀ ਕਹਾਣੀ ਨੂੰ ਦਰਸਾਉਂਦਾ ਹੈ। ਇਹ ਕੱਲ, ਅੱਜ ਅਤੇ ਭਲਕ ਇਕੋ ਸਮੇਂ ਇਕੱਠਾ ਹੈ। ਇਹ ਅੱਜ ਦੇ ਮਸਲਿਆਂ ਦੇ ਹੱਲ ਲਈ ਕੱਲ ਅਤੇ ਭਲਕ ਨੂੰ ਟੋਲਦਾ ਹੈ। ਇਹ ਕੱਸਣ ਤੋਂ ਖਿੜਨ ਦਾ ਸਫ਼ਰ ਹੈ। ਕਰਨੀ ਦਾ ਪੰਘੂੜਾ ਹੈ ਅਤੇ ਕਰਨੀ ਦਾ ਹੀ ਇਤਿਹਾਸ ਹੈ। ਇਹ ਕੱਲ੍ਹ ਤੋਂ ਜੁੱਸਾ ਲੈ ਕੇ ਅੱਜ ਤੋਂ ਭਲਕ ਤਕ ਵਧਦਾ ਹੈ। ਇੰਜ ਇਸ ਦਾ ਕੱਸਣ ਖਿੜਨ ਵਿਚ ਬਦਲਦਾ ਹੈ।

ਰਿਗਵੇਦ ਦੇ ਪਹਿਲੇ ਸੂਕਤ ਵਿਚ ਤੋਂ ਹੀ ਪਤਾ ਲਗਦਾ ਹੈ ਕਿ ਇਤਿਹਾਸ ਦਾ ਗਿਆਨ ਅੱਜ ਦੇ ਮਸਲਿਆਂ ਦੇ ਹੱਲ ਲਈ ਅਤੇ ਨਵਾਂ ਭਵਿਖ ਸਿਰਜਣ ਲਈ ਹੀ ਹੈ:

*ਅਗਨੀ ਪੂਰਵੇਰਿਸ਼ੀਭੀਰੀੜੀਐਨੂਤਨੈਰੂਤ। ਸਾ ਦੇਵਾਮ ਇਹ ਵਕਸ਼ਤੀ।।*
*(ਰਿਗ ਵੇਦ 1-1-2)*

*ਹੇ ਅਗਨੀ! ਗੁਜ਼ਰਿਆਂ ਜ਼ਮਾਨਿਆਂ ਵਿਚ ਰਿਸ਼ੀ ਮੁਨੀ (ਗਿਆਨ ਦੀ ਖੋਜ ਕਰਨ ਵਾਲੇ ਸਿਆਣੇ ) ਤੇਰੇ ਬਾਰੇ ਗਿਆਨ ਹਾਸਲ ਕਰਨ ਲਈ ਜ਼ੋਰ ਮਾਰਦੇ ਰਹੇ ਹਨ। ਹੁਣ ਦੇ ਸਿਆਣਿਆਂ ਨੂੰ ਵੀ ਤੇਰੇ ਗੁਣ ਲੱਭਣ ਲਈ ਜ਼ੋਰ ਲਾਉਣਾ ਚਾਹੀਦਾ ਹੈ।* ਹੇ ਅੱਗ ਜਿਸ ਤਰ੍ਹਾਂ ਪੁਰਾਣੇ ਰਿਸ਼ੀਆਂ ਅਤੇ ਗਿਆਨੀਆਂ ਨੇ ਤੇਰੇ ਗਿਆਨ ਨਾਲ ਮਸਲੇ ਹਲ ਕੀਤੇ ਸੀ ਉਸੇ ਤਰ੍ਹਾਂ ਅਸੀ ਉਸ ਗਿਆਨ ਦੇ ਮੋਢਿਆਂ ਤੇ ਖੜਕੇ ਅੱਜ ਦੇ ਮਸਲਿਆਂ ਲਈ ਤੇਰਾ ਗਿਆਨ ਭਾਲਦੇ ਹਾਂ।

ਅੱਜ ਤੋਂ ਭੱਲਕ ਵਲ ਵਧਣ ਲਈ ਕੱਲ੍ਹ ਦੇ ਤਜਰਬੇ ਦੇ ਆਧਾਰ ਤੇ। ਕਲ ਜਿਸ ਨੇ ਸਾਨੂੰ ਅੱਜ ਦਿਤਾ ਹੈ। ਜੋ ਅੱਜ ਦਾ ਕਸਣ ਜਿਹੜਾ ਹੈ ਤੇ ਹੁਣ ਖਿੜਨ ਮੰਗਦਾ ਹੈ। ਖੁੱਲ੍ਹਣ ਮੰਗਦਾ ਹੈ। ਇਹ ਇਤਿਹਾਸ ਇਸ ਤਰ੍ਹਾਂ ਅੱਜ ਵਿਚ ਲਗਾਤਾਰ ਜੀਂਦਾ ਜਾਗਦਾ ਹੈ ਅਤੇ ਭਵਿਖ ਵੱਲ ਲੈ ਜਾਂਦਾ ਹੈ। ਇਹ ਹੋਵਣ ਇਸ ਦੇ ਨਾ ਹੋਵਣ ਵਿਚੋਂ ਪਣਪਦਾ ਅਤੇ ਪੁੰਗਰਦਾ ਹੈ। ਪਿਛਲੇ ਕਸਣ ਨੇ ਖਿੜਨ ਵਿਚ ਆਪਣੀ ਹੋਂਦ ਗੁਆ ਦਿਤੀ ਹੈ। ਇਸ ਵਿਚ ਰਲਾ ਦਿਤੀ ਹੈ ਪਰ ਇਕ ਨਵੇਂ ਹੋਵਣ ਲਈ ਭੌਂ ਤਿਆਰ ਕਰ ਦਿਤੀ ਹੈ। ਇਕ ਨਵਾਂ ਕਸਣ ਤਿਆਰ ਕਰ ਦਿਤਾ ਹੈ ਜੋ ਇਕ ਨਵੇਂ ਖਿੜਨ ਦੀ ਲੋੜ ਵਿਚ ਹੈ। ਅੱਜ ਇਸ ਤਰ੍ਹਾਂ ਬਣਿਆ ਹੈ ਅਤੇ ਭਲਕ ਵੀ ਇਸੇ ਤਰ੍ਹਾਂ ਬਣੇਗਾ ਅਤੇ ਖਿੜੇਗਾ। ਇਹ ਖਿੜੇਗਾ ਜ਼ਰੂਰ ਪਰ ਇਸ ਦਾ ਪੂਰਾ ਗਿਆਨ ਕਿਸੇ ਨੂੰ ਨਹੀਂ ਹੈ। ਜਿਸ ਤਰ੍ਹਾਂ ਭਲਕ ਨੇ ਆਉਣਾ ਤਾਂ ਲਾਜ਼ਮੀ ਹੈ ਪਰ ਕਿਸ ਰੂਪ ਅਤੇ ਢੰਗ ਨਾਲ ਆਏਗਾ ਇਸ ਦਾ ਪੂਰਾ ਗਿਆਨ ਕਿਸੇ ਨੂੰ ਨਹੀਂ ਹੈ। ਇਸ ਲਈ ਨਵੇਂ ਹਾਲਾਤ ਵਿਚ ਲੋਕ ਅਗਨੀ ਦਾ ਗਿਆਨ ਨਵੇਂ ਹਾਲਾਤ ਵਿਚ ਲੱਭ ਰਹੇ ਹਨ। ਇਹ ਅੱਜ ਕਿਸ ਤਰ੍ਹਾਂ ਖਿੜੇਗੀ ਅਤੇ ਭਲਕ ਵੱਲ ਕਿਸ ਤਰ੍ਹਾਂ ਜਾਵੇਗੀ। ਇਸ ਲਈ ਉਨ੍ਹਾਂ ਨੂੰ ਗੁਜ਼ਰ ਗਏ ਕੱਲ੍ਹ ਦਾ ਗਿਆਨ ਹਾਸਲ ਕਰਨਾ ਬਹੁਤ ਜ਼ਰੂਰੀ ਹੈ।

ਖਿੜਨ ਅਤੇ ਕਸਣ ਦਾ ਰਿਸ਼ਤਾ ਫਲ ਅਤੇ ਬੀਅ ਦਾ ਹੁੰਦਾ ਹੈ। ਹਰ ਕਸਣ ਇਕ ਖਿੜਨ ਦਾ ਸਾਂਭਣਾ ਅਤੇ ਨਵੇਂ ਖਿੜਨ ਦੀ ਤਿਆਰੀ ਹੁੰਦੀ ਹੈ। ਜਿਸ ਤਰ੍ਹਾਂ ਹਰੇਕ ਬੀਅ ਵਿਚ ਫਲ ਦੀ ਹੋਣੀ ਹੁੰਦੀ ਹੈ। ਇਸ ਲਈ ਭੌਂ ਤਿਆਰ ਚਾਹੀਦੀ ਹੈ, ਪਾਣੀ ਚਾਹੀਦਾ ਹੈ, ਧੁੱਪ ਅਤੇ ਛਾਂ ਚਾਹੀਦੀ ਹੈ, ਰਖਵਾਲੀ ਚਾਹੀਦੀ ਹੈ। ਬੀਅ ਤਦ ਹੀ ਫੁਲ ਅਤੇ ਫਲ ਬਣਦਾ ਹੈ। ਕਸਣ ਤਦ ਹੀ ਖਿੜਨ ਹੁੰਦਾ ਹੈ।

ਬਾਬਾ ਫਰੀਦ ਕਸਣ ਅਤੇ ਖਿੜਣ ਦੇ ਇਸ ਸਿਲਸਿਲੇ ਬਾਰੇ ਦਸਦਾ ਹੈ:

*ਦੇਖ ਫਰੀਦਾ ਜੀ ਥੀਆ ਸਕਰ ਹੋਈ ਵਿਸੁ*
*ਸਾਂਈ ਬਾਝਹੁ ਆਪਣੇ ਵੇਦਣ ਕਹੀਐ ਕਿਸੁ।*

ਸ਼ੱਕਰ ਵਿਸ ਕਿਵੇਂ ਬਣ ਜਾਂਦੀ ਹੈ? ਸ਼ਕਰ ਇਕ ਖਿੜਣ ਹੈ। ਜੋ ਹੋਂਦ ਵਿਚ ਆਇਆ ਹੈ। ਪਰ ਦੇਸ਼ਕਾਲ ਬਦਲਣ ਨਾਲ ਉਹ ਸ਼ੱਕਰ ਹੀ ਹੁਣ ਵਿਸ ਬਣ ਜਾਂਦੀ ਹੈ। ਖਿੜਣ ਹੁਣ ਕਸਣ ਬਣ ਚੁਕਾ ਹੈ ਅਤੇ ਇਕ ਨਵੇਂ ਖਿੜਣ ਦੀ ਲੋੜ ਵਿਚ ਹੈ। ਇਸਦੇ ਵੇਦਨਾ ਅਤੇ ਦਰਦ ਇਨਸਾਨ ਮਹਿਸੂਸ ਕਰਦਾ ਹੈ। ਇਸ ਦੀ ਖ਼ੁਸ਼ੀ ਵੀ ਮਹਿਸੂਸ ਕਰਦਾ ਹੈ। ਸ਼ੱਕਰ ਦਾ ਵਿਸ ਹੋਣਾ ਉਸਦੇ ਆਪਣੇ ਹੱਥ ਵਿਚ ਨਹੀਂ ਹੈ। ਇਹ ਆਵਾਗਾਉਣ ਹੀ ਹੈ। ਇਸ ਤਰ੍ਹਾਂ ਇਤਿਹਾਸ ਬਣਦਾ ਚਲਿਆ ਜਾਂਦਾ ਹੈ। ਲਗਾਤਾਰ, ਮਸੱਲਸਿਲ ਟੁਰਦਾ ਜਾਂਦਾ ਹੈ। ਇਸੇ ਕਰਕੇ ਬਾਬਾ ਫਰੀਦ ਸਮਝਾਉਂਦੇ ਹਨ:

*ਚਲੇ ਚਲਣਹਾਰ ਵਿਚਾਰਾ ਲੇਇ ਮਨੇ*

ਬਾਬਾ ਫਰੀਦ ਇਸ ਟੋਰੇ ਨੂੰ ਜਾਣਦਾ ਹੈ। ਉਸਨੂੰ ਇਸ ਦਾ ਗਿਆਨ ਹੈ:

*ਜਿਤੁ ਦਿਹਾੜੇ ਨਧ ਵਰੀ ਸਾਹੇ ਲਈ ਲਿਖਾਇ*
*ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ*

ਇਹ ਖਿੜਣ ਅਤੇ ਕਸਣ ਦਾ ਦਵੰਦ ਅਜ਼ਲ ਤੋਂ ਚਲਿਆ ਆ ਰਿਹਾ ਹੈ ਅਤੇ ਚਲਦਾ ਰਹੇਗਾ। ਇਹ ਹੀ ਜ਼ਿੰਦਗੀ ਹੈ। ਕਰਨੀ ਅਤੇ ਹੋਣੀ ਇਹੋ ਹੈ। ਇਹ ਆਵਾਗਾਉਣ ਹੈ।

ਸੁਲਤਾਨ ਬਾਹੂ ਇਸ ਨੂੰ ਰਮਜ਼ ਨਾਲ ਸਮਝਾਉਂਦੇ ਹਨ:

*ਅਲਫ਼ ਅੱਲਾ ਚੰਬੇ ਦੀ ਬੂਟੀ ਮੁਰਸ਼ਦ ਮਨ ਵਿਚ ਲਾਈ ਹੂ*
*ਨਫ਼ੀ ਅਸਬਾਤ ਦਾ ਪਾਣੀ ਮਿਲਿਆ ਉਸ ਹਰ ਰਗੇ ਹਰ ਜਾਈ ਹੂ*
*ਅੰਦਰ ਬੂਟੀ ਮੁਸ਼ਕ ਮਚਾਇਆ ਜਾਂ ਫੂਲਾਂ ਤੇ ਆਈ ਹੂ*
*ਲੀਂ? ਮੁਰਸ਼ਦ ਹਰਦਮ ਹੋਵੇ ਜਿਸ ਇਹ ਬੂਟੀ ਲਾਈ ਹੂ*

ਹੋਣੀ ਤੇ ਕਰਨੀ ਦੇ ਸਾਂਗੇ, ਘੁੱਟਣ ਅਤੇ ਖਿੜਨ ਦੇ ਅਮਲ ਵਿਕ ਹੀ ਮੁਸ਼ਕ ਹੋਂਦ ਵਿਚ ਆਓਂਦਾ ਹੈ ਜੋ ਬੂਟੀ ਦਾ ਬੀਅ ਤੋਂ ਫੂਲ

ਅਤੇ ਫਲ ਅਤੇ ਫੇਰ ਬੀਅ ਤਕ ਦਾ ਸਫਰ ਹੈ ਅਤੇ ਉਸਦਾ ਇਤਿਹਾਸ ਹੈ। ਬੀਅ ਬੂਟੀ ਦਾ ਹੋ ਸਕਣ ਹੈ। ਨਜਮ ਹੁਸੈਨ ਸੈਯਦ ਲਿਖਦੇ ਨੇ:

*"ਬੂਟੀ ਬੀ ਜਦ ਪਾਣੀ ਮਿਲਿਆਨਾ ਤੇ ਹਾਂ ਦਾ ਪਾਣੀਬੀਵਣ ਹਾਂ ਤੇ ਨਾ ਦੀ ਜੁੜਤ ਏ। ਜਿਵੇਂ ਦਿਨ ਤੇ ਰਾਤ, ਜਿਵੇਂ ਸਾਹ ਦਾ ਆਵਣ ਵੰਜਣ। ਹਰ ਨਾਂਹ ਕਿਸੇ ਹਾਂ ਵਿਚੋਂ ਤੇ ਹਰ ਹਾਂ ਕਿਸੇ ਨਾਂਹ ਵਿਚੋਂ। ਇਨ੍ਹਾਂ ਦਾ ਇਕ ਦੂਜੇ ਵਿਚੋਂ ਨਿਕਲੀ ਆਵਣ ਹੀ ਟੋਰਾ ਏ। ਜੇ ਬੀਅ ਦਾ ਭੋਏ ਦਬਣਾ ਨਾਂਹ ਏ ਤੇ ਉਹਦਾ ਫੁੱਟ ਪਉਣ ਹਾਂ ਏ। ਜੇ ਬੀਅ ਦੀ ਬੰਦ ਹਸਤੀ ਹਾਂ ਏ ਤਾਂ ਫੁੱਟ ਉਸਦੀ ਨਾਂਹ ਏ। ਨਾ ਤੇ ਹਾਂ ਇਕ ਦੂਜੇ ਦੇ ਉਲਟ ਜਾਪਦੇ ਨੇ ਪਰ ਰਲ ਕੇ ਕਰਮ ਬਣਦੇ ਨੇ। ਕਰਮਾਂ ਦੀ ਲੜੀ ਬਣਦੇ ਨੇ। ਕਰਮਾ ਦੀ ਲੜੀ ਹਯਾਤੀ ਦਾ ਪਾਣੀ ਏ। ਰਗਾਂ ਰਾਹੀ ਪਾਣੀ ਜਾ ਉਪੜਦਾ ਏ। ਪਾਣੀ ਮਿਲਣ ਨਾਲ ਜਾਈਂ ਅਗੋਂ ਮੁੜ ਰਗਾਂ ਬਣ ਵੇਂਦੀਆਂ ਨੇ ਅਤੇ ਰਗਾਂ ਨਾਲ ਫਿਰ ਜਾਈਂ।"*

ਹਰੇਕ ਸ਼ੈਅ ਇਸੇ ਤਰ੍ਹਾਂ ਆਪਣਾ ਜਲਵਾ ਵਿਖਾਲਦੀ ਹੋਈ ਗੁਜ਼ਰ ਜਾਂਦੀ ਹੈ ਤੇ ਕਿਸੇ ਹੋਰ ਸ਼ੈਅ ਵਿਚ ਤਬਦੀਲ ਹੋ ਜਾਂਦੀ ਹੈ। ਇਹ ਹੀ ਜੀਣਾ ਹੈ। ਕਸਣ ਖਿੜਨ ਦਾ ਸਿਲਸਿਲਾ। ਕਸਣ ਬੰਨ੍ਹਦਾ ਹੈ, ਸਾਂਭਦਾ ਹੈ ਅਤੇ ਖਿੜਨ ਦੀ ਭੋਂ ਤਿਆਰ ਕਰਦਾ ਹੈ। ਇਸੇ ਕਰਕੇ ਹਰ ਸ਼ੈਅ ਦਾ ਆਪਣਾ ਇਤਿਹਾਸ ਹੈ। ਹਰ ਸ਼ੈਅ ਕੱਸਦੀ ਤੇ ਖਿੜਦੀ ਆਵਾਗਮਨ ਵਿਚ ਰਹਿੰਦੀ ਹੈ।

ਇਹ ਇਤਿਹਾਸ ਅੱਜ ਵਿਚ ਸ਼ਾਮਿਲ ਵੀ ਹੈ ਅਤੇ ਨਹੀਂ ਵੀ। ਹਾਜ਼ਰ ਵੀ ਹੈ ਅਤੇ ਹਾਜ਼ਰ ਨਹੀਂ ਵੀ। ਇਸ ਲਈ ਪੰਜਾਬੀ ਦਰਸ਼ਨ ਅਨੁਸਾਰ ਇਤਿਹਾਸ ਇਨਸਾਨ ਦੇ ਨਾਲ ਨਾਲ ਜ਼ਿੰਦਾ ਹੈ। ਇਤਿਹਾਸਕ ਘਟਨਾਵਾਂ, ਸ਼ਖਸੀਅਤਾਂ ਅਤੇ ਉਨ੍ਹਾਂ ਦੀ ਸੇਧ ਵਸੇਬ ਵਿਚ, ਇਸ ਦੇ ਕਸਣ ਖਿੜਨ ਵਿਚ ਅੱਜ ਵੀ ਜੀਓਂਦੀ ਹੈ। ਗੁਰੂ ਨਾਨਕ ਦੇਵ ਜੀ, ਵਾਰਸ ਸ਼ਾਹ ਅੱਜ ਵੀ ਜਿਉਂਦੇ ਹਨ। ਆਪਣੇ ਸਮੇਂ ਦੇ ਸੱਤ ਨੂੰ ਨਿਤਾਰਦੇ ਹੋਏ ਗੁਰੂ ਨਾਨਕ ਦੇਵ ਜੀ ਕਹਿੰਦੇ ਹਨ:

*ਕਲਿ ਕਾਤੀ ਰਾਜੇ ਕਸਾਈ ਧਰਮੁ ਪੰਖ ਕਰ ਉਡਰਿਆ*
*ਪੰਡਿਤ ਹੋਵਣ ਗਿਆਨੁ ਗਵਾਇ*
*ਬਾਲੀ ਰੋਵੈ ਨਾਹਿ ਭਤਾਰੁ*
*ਨਾਨਕ ਦੁਖਿਆ ਸਭ ਸੰਸਾਰੁ*
*ਨਾਉ ਫਕੀਰੈ ਪਾਤਿਸਾਹੁ ਮੂਰਖ ਪੰਡਿਤ ਨਾਉ*
*ਅੰਧੇ ਕਾ ਨਾਉ ਪਾਰਖੂ ਏਵੈ ਕਰੇ ਗੁਆਉ*
*ਇਲਤਿ ਕਾ ਨਾਉ ਚਉਧਰੀ ਕੂੜੀ ਪੂਰੇ ਥਾਉ*
*ਰਾਜੇ ਸੀਹ ਮੁਕੱਦਮ ਕੁਤੇ*
*ਜਾਏ ਜਗਾਇਨ ਬੈਠੇ ਸੁਤੇ*
*ਚਾਕਰ ਨਹਦਾ ਪਾਇਨਿ ਘਾਉ*
*ਰਤੁ ਪਿਤੁ ਕੁਤਿਹੋ ਚਟਿ ਜਾਹੁ*

*ਜਿਥੈ ਜੀਆਂ ਹੋਸੀ ਸਾਰ*
*ਨਕੀ ਵਢੀ ਲਾਇਤਬਾਰ*

ਵਰਤਮਾਨ ਵਿਚ ਹੀ ਬੀਤ ਗਏ ਦਾ ਫਲ ਅਤੇ ਭਵਿਖ ਦਾ ਬੀਅ ਹੈ। ਇਤਿਹਾਸ ਅੱਜ ਦੇ ਹਾਲਾਤ ਤੇ ਰੌਸ਼ਨੀ ਪਾਉਂਦਾ ਹੈ ਅਤੇ ਭਵਿਖ ਨੂੰ ਸੇਧ ਦਿੰਦਾ ਹੈ। ਇਹ ਹਮੇਸ਼ਾ ਸਾਡੇ ਨਾਲ ਹੈ। ਅਸੀਂ ਇਸਦੀ ਉਪਜ ਵੀ ਹਾਂ ਅਤੇ ਇਸਦੀ ਸਿਰਜਣਹਾਰ ਵੀ। ਮਿਸਾਲ ਦੇ ਤੌਰ ਤੇ ਭੀਸ਼ਮ ਪਿਤਾਮਾ '**ਸ਼ਾਤੀ ਪਰਵ**' ਵਿਚ ਉਸ ਦੇ ਸਾਮ੍ਹਣੇ ਖੜ੍ਹੇ ਸੁਆਲ ਤੇ ਰੌਸ਼ਨੀ ਪਾਉਣ ਲਈ ਇਤਿਹਾਸ ਦੀ ਮਦਦ ਲੈਂਦਾ ਹੈ। ਮਹਾਭਾਰਤ ਦੇ ਸ਼ਾਂਤੀ ਪਰਵ ਵਿਚ ਹੀ ਵਿਆਸ ਰਿਸ਼ੀ ਵੀ ਯੁਧਿਸ਼ਟਰ ਦੇ ਸਾਮ੍ਹਣੇ ਇਕ ਮਸਲੇ ਦੇ ਹੱਲ ਲਈ ਉਸਨੂੰ ਇਤਿਹਾਸ ਦਸਕੇ ਕਹਿੰਦਾ ਹੈ:

*ਅਤ੍ਰਪਯੁਦਾਹਰੰਤੀਮਮਇਤਿਹਾਸਮ ਪੁਰਾਨਤਮ।।*
*ਅਸ਼ਮਗੀਤਮ ਨਰਵਿਆਘ੍ਰ ਤੱਨਿਬੋਧ ਯੁਧੀਸ਼ਠਰ।।*

*ਇਸ ਪ੍ਰਸੰਗ ਵਿਚ ਗਿਆਨੀ ਲੋਕ ਅਸ਼ਮਾ ਬ੍ਰਾਹਮਣ ਦੇ ਇਸ ਗੀਤ ਬਾਰੇ*
*ਇਸ ਪ੍ਰਾਚੀਨ ਇਤਿਹਾਸ ਦੀ ਮਿਸਾਲ ਦਿੰਦੇ ਹਨ।*

ਵਿਆਸ ਰਿਸ਼ੀ ਅੱਜ ਦੇ ਪ੍ਰਸੰਗ ਨਾਲ ਨਜਿੱਠਣ ਲਈ, ਵਰਤਮਾਨ ਦੇ ਮਸਲੇ ਹੱਲ ਕਰਨ ਲਈ, ਇਤਿਹਾਸ ਨੂੰ ਵਰਤਮਾਨ ਦਾ ਗਵਾਹ ਬਣਾਉਂਦਾ ਹੈ। ਇਸ ਤਰ੍ਹਾਂ ਇਹ ਇਤਿਹਾਸ ਭੂਤਕਾਲ ਹੋ ਕੇ ਵੀ ਵਰਤਮਾਨ ਦਾ ਹਿੱਸਾ ਬਣ ਜਾਂਦਾ ਹੈ ਅਤੇ ਵਰਤਮਾਨ ਦੇ ਨਾਲ ਨਾਲ ਚਲਦਾ ਹੈ ਅਤੇ ਵਿਕਾਸ ਦਾ ਇਤਿਹਾਸ ਬਣਦਾ ਹੈ।

ਇਸੇ ਤਰ੍ਹਾਂ ਮਨੁੱਖੀ ਅਮਲ ਦੇ ਹਰ ਖੇਤਰ ਦਾ ਅਤੇ ਉਸਦੇ ਗਿਆਨ ਦਾ ਇਕ ਆਪਣਾ ਇਤਿਹਾਸ ਹੈ, ਜਿਵੇਂ ਕਿ ਨੀਤੀ ਸ਼ਾਸਤ੍ਰ ਕਿਸ ਤਰ੍ਹਾਂ ਹੋਂਦ ਵਿਚ ਆਇਆ, ਇਹ ਕਿਨ੍ਹਾਂ ਪੜਾਵਾਂ ਤੋਂ ਲੰਘਿਆ ਅਤੇ ਕਿਸ ਕਿਸ ਮਹਾਂਪੁਰਖ ਅਤੇ ਗਿਆਨੀ ਨੇ ਇਸ ਵਿਚ ਹਿੱਸਾ ਪਾਇਆ। ਇਹ ਇਸ ਵਿਸ਼ੇ ਦਾ ਇਤਿਹਾਸ ਹੈ:

*ਤਤੋਅਧਾਯੇਸਹਸਤ੍ਰਾਣਾਮ ਸ਼ਤਮ ਚਕ੍ਰੇ ਸਵਬੁਧੀਜਮ*

*ਬ੍ਰਹਮਾ ਨੇ ਇਕ ਲੱਖ ਅਧਯਾਇਆਂ ਵਾਲਾ ਇਕ ਨੀਤੀ ਸ਼ਾਸਤ੍ਰ ਰਚਿਆ*

*ਤਤਸਤਾਮ ਭਗਵਾਨ ਨੀਤਿਮ ਪੂਰਵੇ ਜਗ੍ਰਾਹ ਸ਼ੰਕਰ:*

*ਉਸਦੇ ਬਾਅਦ ਭਗਵਾਨ ਸ਼ੰਕਰ ਨੇ ਇਸ ਨੀਤੀ ਸ਼ਾਸਤ੍ਰ ਨੂੰ ਸਿਖਿਆ।*

*ਵੈਸ਼ਾਲਾਕਸ਼ਮਿਤਿ ਪ੍ਰੋਕਤਮ ਤਦਇੰਦ੍ਰ: ਪ੍ਰਤਯਪਦਯਤ।*

*ਭਗਵਾਨ ਸ਼ਿਵਜੀ ਤੋਂ ਇੰਦ੍ਰ ਨੇ ਇਹ ਸ਼ਾਸਤ੍ਰ ਸਿਖਿਆ।*

*ਅਧਯਾਨਾਮ ਸਹਸਤ੍ਰੈਸਤੁ ਤ੍ਰਿਭਿਰੇਵ ਬ੍ਰਿਹਸਪਤੀ:*

*ਇਸ ਦੇ ਬਾਅਦ ਬ੍ਰਹਿਸਪਤੀ ਨੇ ਆਪਣੀ ਬੁੱਧੀ ਨਾਲ ਇਸ ਦਾ ਸੰਖੇਪ ਕੀਤਾ।*

*ਅਧਾਯਾਨਾਮ ਸਹਸਤ੍ਰੇਣ ਕਾਵਯ: ਸੰਕਸ਼ੇਪਮਬ੍ਰਵੀਤ।*
*ਤੱਛਾਰਸਤ੍ਰਮਿਤਪ੍ਰਗਯੋ ਯੋਗਾਚਾਰਯੋ ਮਹਾਯਸ਼ਾ:।।*
*ਫੇਰ ਬਹੁਤ ਹੀ ਮਸ਼ਹੂਰ ਅਤੇ ਯਸ਼ ਵਾਲੇ, ਯੋਗ ਸ਼ਾਸਤ੍ਰ ਦੇ ਆਚਾਰੀਆ ਅਤੇ ਬਹੁਤ ਹੀ ਸਿਆਣੇ ਸ਼ੁਕਰਾਚਾਰਿਆ ਨੇ ਇਕ ਹਜ਼ਾਰ ਅਧਿਆਇਆਂ ਵਿਚ ਇਸ ਨੂੰ ਸੰਖੇਪ ਵਿਚ ਕੀਤਾ।*

ਇਸੇ ਹੀ ਤਰ੍ਹਾਂ ਹਰੇਕ ਵਿਸ਼ੇ ਦੇ ਗਿਆਨ ਦਾ ਆਪਣਾ ਇਤਿਹਾਸ ਹੈ। ਕਾਵਿ ਸ਼ਾਸਤ੍ਰ ਦਾ ਆਪਣਾ ਇਤਿਹਾਸ ਹੈ, ਤਰਕ ਸ਼ਾਸਤ੍ਰ ਦਾ ਆਪਣਾ ਇਤਿਹਾਸ ਹੈ, ਅਯੁਰਵੇਦ ਦਾ ਆਪਣਾ ਇਤਿਹਾਸ, ਸ਼ਿਲਪ ਸ਼ਾਸਤ੍ਰ, ਧਰਮ ਸ਼ਾਸਤ੍ਰ, ਕਾਮ ਸ਼ਾਸਤ੍ਰ, ਅਰਥ ਸ਼ਾਸਤ੍ਰ ਅਤੇ ਹੋਰਨਾਂ ਅਨੇਕ ਵਿਸ਼ਿਆਂ ਦਾ ਆਪੋ ਆਪਣਾ ਇਤਿਹਾਸ ਹੈ। ਹਰੇਕ ਪੀੜ੍ਹੀ ਆਪਣੇ ਦੇਸ਼ਕਾਲ ਮੁਤਾਬਿਕ, ਆਪਣੇ ਕਸਣ ਖਿੜਨ ਮੁਤਾਬਿਕ ਇਸ ਗਿਆਨ ਨੂੰ ਪੁਣਦੀ ਛਾਣਦੀ ਹੈ। ਇਕ ਨਵੇਂ ਇਤਿਹਾਸ ਦੀ ਸਿਰਜਣਾ ਕਰਦੀ ਹੈ। ਇਸੇ ਕਰਕੇ ਵਾਰਸ ਸ਼ਾਹ ਹੁਰੀਂ ਵੀ ਹੀਰ ਦੀ ਕਹਾਣੀ ਨੂੰ ਨਵੇਂ ਸਿਰਿਓਂ ਛੇੜਦੇ ਹਨ ਤੇ ਸਮੇਂ ਦੇ ਹਾਣ ਦੀ ਕਰਦੇ ਹਨ:

*ਰਾਂਝੇ ਹੀਰ ਦੇ ਇਸ਼ਕ ਦੀ ਗੱਲ ਸੁੱਤੀ ਨਵੇਂ ਸਿਰੇ ਤੋਂ ਫੇਰ ਜਗਾਈਏ ਜੀ*
*ਵਾਰਸ ਸ਼ਾਹ ਰਲ ਨਾਲ ਪਿਆਰਿਆਂ ਦੇ ਨਵੀਂ ਇਸ਼ਕ ਦੀ ਬਾਤ ਹਿਲਾਈਏ ਜੀ।*

ਇਨਸਾਨ ਆਪਣੀ ਕਰਨੀ ਨਾਲ ਹੋਣੀ ਨੂੰ, ਇਤਿਹਾਸ ਨੂੰ, ਇਕ ਹੱਦ ਤਕ ਬਦਲਦਾ ਵੀ ਹੈ ਅਤੇ ਉਹ ਇਸ ਹੋਣੀ ਦਾ ਫਲ ਵੀ ਹੈ। ਮੀਆਂ ਮੁਹੰਮਦ ਬਖ਼ਸ਼ ਕਹਿੰਦੇ ਨੇ:

*ਮਾਲੀ ਦਾ ਕੰਮ ਪਾਣੀ ਪਾਉਣਾ ਭਰ ਭਰ ਮਸ਼ਕਾਂ ਪਾਵੇ*
*ਮਾਲਕ ਦਾ ਕੰਮ ਫਲ ਫੁਲ ਲਾਉਣਾ ਲਾਵੇ ਜਾਂ ਨਾ ਲਾਵੇ*

ਬਾਬਾ ਫ਼ਰੀਦ ਕਹਿੰਦਾ ਹੈ:

*ਫਰੀਦ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ*
*ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟ।*

ਬੰਦਾ ਇਕ ਹੱਦ ਤਕ ਆਪਣਾ ਇਤਿਹਾਸ ਆਪ ਰਚਦਾ ਹੈ ਪਰ ਆਪਹੁਦਰੀ ਨਾਲ ਨਹੀਂ। ਮਨ ਮਰਜ਼ੀ ਨਾਲ ਨਹੀਂ। ਭੌਂ ਤਿਆਰ ਕਰਕੇ, ਉਸਨੂੰ ਵੱਤਰ ਸਿਰ ਕਰਕੇ, ਟੋਏ ਟਿੱਬੇ ਪੱਧਰੇ ਕਰਕੇ, ਪਾਣੀ ਦੇ ਕੇ ਅਤੇ ਉਸਦੀ ਰਖਵਾਲੀ ਕਰਕੇ। ਇਹ ਸਭ ਬੰਦੇ ਦੀ ਕਰਨੀ ਹੈ। ਜੇ ਭੌਂ ਹੀ ਤਿਆਰ ਨਹੀਂ ਕੀਤੀ, ਦਾਖਾਂ ਦੇ ਬੀਅ ਹੀ ਨਹੀਂ ਲਾਏ ਤਾਂ ਅੰਗੂਰ ਤੇ ਨਹੀਂ ਨਾ ਮਿਲਣੇ? ਕਰਨੀ ਤੇ ਹੋਣੀ ਕਿੱਕਰ ਨੂੰ ਦਾਖਾਂ ਨਹੀਂ ਬਣਾ ਸਕਦੀ। ਉਨ ਕਤਕੇ ਰੇਸ਼ਮ ਨਹੀਂ ਪਹਿਨਿਆਂ ਜਾ ਸਕਦਾ। ਇਸ ਲਈ ਬਾਬਾ ਫਰੀਦ ਆਪਣੇ ਸਮੇਂ ਦੇ ਕਸਣ ਨੂੰ ਸਮਝ ਕੇ ਲੋੜੀਂਦਾ ਉਦਮ ਲਈ ਕਹਿੰਦਾ ਹੈ:

*ਬੇੜਾ ਬੰਧਿ ਨ ਸਕਿਉ ਬੰਧਨ ਕੀ ਵੇਲਾ*
*ਭਰਿ ਸਰਿਵਰੁ ਜਬ ਉਛੈ ਤਬ ਤਰਣੁ ਦੁਹੇਲਾ*

ਬੰਦਾ ਜਿਸ ਸਮਾਜ ਵਿਚ ਪੈਦਾ ਹੁੰਦਾ ਹੈ ਅਤੇ ਜੋ ਉਹਨੂੰ ਵਿਰਸੇ ਵਿਚ ਮਿਲਦਾ ਹੈ ਇਹਨੂੰ ਇਕ ਇਤਿਹਾਸਕ ਪੰਘੂੜਾ ਕਿਹਾ ਜਾ ਸਕਦਾ ਹੈ। ਇਸ ਪੰਘੂੜੇ ਦੀ ਵਲਗਣ ਤੇ ਕਸਣ ਵਿਚੋਂ ਹੀ ਨਵੀਂ ਉਸਾਰੀ ਦਾ ਖਿੜਨ ਹੁੰਦਾ ਹੈ। ਪਰ ਇਹਦੇ ਲਈ ਬੰਦੇ ਨੂੰ ਆਪ ਹਿੰਮਤ ਕਰਨੀ ਪੈਂਦੀ ਹੈ ਉਦਮ ਕਰਨਾ ਪੈਂਦਾ ਹੈ। ਹਰਦਿਆਲ ਬੈਂਸ ਇਸ ਬਾਰੇ ਇੰਜ ਦਸਦੇ ਹਨ:

*"ਸਮਾਜ ਦੇ ਵਿਸ਼ੇਸ਼ ਤੁਅੱਸਬ, ਜਿਹੜੇ ਮਾਪਿਆਂ ਅਤੇ ਸਮਾਜਕ ਸੰਸਥਾਵਾਂ ਰਾਹੀਂ ਅੱਗੇ ਤੋਰੇ ਜਾਂਦੇ ਹਨ, ਉਹ ਇਤਿਹਾਸਕ ਪੰਘੂੜਾ ਬਣਦੇ ਹਨ, ਜਿਸ ਵਿਚ ਅਸੀਂ ਜਨਮ ਲੈਂਦੇ ਹਾਂ। ਮਾਂ ਦੀ ਕੁੱਖ ਵਾਂਗ, ਇਹ ਸਾਨੂੰ ਲੋੜੀਂਦੀ ਹਰ ਚੀਜ਼ ਮੁਹੱਈਆ ਕਰਦਾ ਹੈ। ਸਾਡਾ ਮੰਤਵ ਅਤੇ ਸਾਡਾ ਟੀਚਾ ਨਿਸਚਿਤ ਕਰ ਦਿੱਤੇ ਜਾਂਦੇ ਹਨ, ਭਾਵ ਖ਼ੁਰਾਕ ਕਿਵੇਂ ਪ੍ਰਾਪਤ ਕਰਨੀ ਹੈ ਅਤੇ ਇਸ ਲਈ ਕਿਵੇਂ ਧੰਨਵਾਦੀ ਹੋਣਾ ਹੈ। ਇਤਿਹਾਸਕ ਪੰਘੂੜਾ ਸਾਨੂੰ ਉਹ ਦ੍ਰਿਸ਼ਟੀ ਪ੍ਰਦਾਨ ਕਰਦਾ ਹੈ ਜਿਸ ਨਾਲ ਅਸੀਂ ਦੁਨੀਆਂ ਨੂੰ ਤੇ ਇਸ ਵਿਚਲੇ ਲੋਕਾਂ ਨੂੰ, ਸਮੇਤ ਸਾਡੇ ਆਪਣੇ, ਦੇਖਣਾ ਹੁੰਦਾ ਹੈ। ਅਸੀਂ ਸਿਰਫ ਉਹ ਚੀਜ਼ਾਂ ਦੇਖਦੇ ਹਾਂ ਜਿਨ੍ਹਾਂ ਦਾ ਇਸ ਦ੍ਰਿਸ਼ਟੀ ਨਾਲ ਸੰਬੰਧ ਕਾਇਮ ਕੀਤਾ ਜਾਂਦਾ ਹੈ।*

*ਇਹ ਦ੍ਰਿਸ਼ਟੀ ਵਿਚੇਤਨਾ(ਚੇਤਨਾ ਵਿਰੋਧੀ) ਦੀ ਕਿਰਿਆਸ਼ੀਲ ਅੱਖਾਂ ਦੀ ਪੱਟੀ ਹੁੰਦੀ ਹੈ। ਜਦੋਂ ਵੀ ਅਸੀਂ ਪੱਟੀ ਦੇ ਵਿਚੋਂ ਦੀ ਦੇਖਦੇ ਹਾਂ ਅਸੀਂ ਹਰ ਤਰ੍ਹਾਂ ਦੀਆਂ ਸਭਿਆਚਾਰਕ ਅਤੇ ਇਤਿਹਾਸਕ ਪੰਘੂੜੇ ਵਾਲੀਆਂ ਦਲੀਲਾਂ ਵਰਤ ਕੇ ਉਸ ਚੇਤਨਾ ਨੂੰ ਨਸ਼ਟ ਕਰ ਦੇਂਦੇ ਹਾਂ। ਦੂਜੇ ਸ਼ਬਦਾਂ ਵਿਚ, ਅਸੀਂ ਆਪਣੇ ਅਨੁਭਵ ਨੂੰ ਭੁਲਾਂਦਰੇ ਹੇਠ ਦਬਾਅ ਕੇ ਆਪਣੀ ਸੂਝ ਨੂੰ ਨਸ਼ਟ ਕਰ*

*ਦੇਦੇ ਹਾਂ। ਅਨੁਭਵ ਨੂੰ ਢੱਕਣਾ ਵਿਕਾਸ ਨੂੰ ਬੰਦ ਕਰ ਦੇਂਦਾ ਹੈ। ਇਸ ਤਰ੍ਹਾਂ ਅਸੀਂ ਜਦੋਂ ਤੱਕ ਇਸ ਇਤਿਹਾਸਕ ਪੰਘੂੜੇ ਤੋਂ ਸੁਚੇਤ ਨਹੀਂ ਹੁੰਦੇ, ਉਦੋਂ ਤੱਕ ਵੱਡੇ ਨਹੀਂ ਹੋ ਸਕਦੇ ਅਤੇ 'ਲੋਕਾਂ ਦੀਆਂ ਵੱਖੋ ਵੱਖਰੀਆਂ ਜਮਾਤਾਂ ਦਾ ਸਾਹਮਣਾ ਨਹੀਂ ਕਰ ਸਕਦੇ ਜਿਨ੍ਹਾਂ ਨੇ ਤਾਕਤ ਨਾਲ ਸੱਤਾ ਹਥਿਆ ਲਈ ਹੁੰਦੀ ਹੈ। '*

*ਇਤਿਹਾਸ ਆਪਣੇ ਆਪ ਵਿਚ ਵਿਅਕਤੀ ਨੂੰ ਸਿਰਫ ਉਸ ਹੱਦ ਤੱਕ ਤਸੱਲੀ ਦੇਂਦਾ ਹੈ ਜਿਸ ਹੱਦ ਤੱਕ ਉਹ ਇਸ ਦੇ ਪ੍ਰਸੰਗ ਵਿਚ ਸੁਚੇਤ ਹੁੰਦਾ ਹੈ ਪਰ ਜਿਉਂ ਕੋਈ ਸਥਿਤੀ ਦੇ ਇਤਿਹਾਸਕ ਵਿਸ਼ਲੇਸ਼ਣ ਵੱਲ ਮੁੜਦਾ ਹੈ ਤਾਂ 'ਤਾਕਤ ਨਾਲ ਸੱਤਾ ਨੂੰ ਹਥਿਆ ਚੁੱਕੇ ਲੋਕਾਂ ਦੀਆਂ ਵੱਖ ਵੱਖ ਸ਼੍ਰੇਣੀਆਂ' ਦਾ ਅਖਾਉਤੀ ਇਤਿਹਾਸ ਰਸਤਾ ਰੋਕ ਲੈਂਦਾ ਹੈ ਅਤੇ ਆਪਣੇ ਸਭਿਆਚਾਰ ਅਤੇ ਵਿਰਸੇ ਰਾਹੀਂ ਵਿਅਕਤੀ ਨੂੰ ਧਮਕੀਆਂ ਦੇਣ ਲੱਗ ਪੈਂਦਾ ਹੈ। ਵਿਅਕਤੀ ਲਈ ਇਹ ਸਮਝਣਾ ਮੁਸ਼ਕਲ ਹੋ ਜਾਂਦਾ ਹੈ ਕਿ ਆਪਣੇਆਪ ਵਿਚ ਇਤਿਹਾਸ, ਜਿਹੜਾ ਬੀਤੇ ਵਿਚ ਆਰਾਮ ਅਤੇ ਆਸਰਾ ਦੇਂਦਾ ਰਿਹਾ ਹੈ, ਉਸ ਤਰ੍ਹਾਂ ਦਾ ਆਸਰਾ ਹੁਣ ਕਿਉਂ ਨਹੀਂ ਦੇਂਦਾ। ਪਹਿਲੀ ਵਾਰੀ ਕੋਈ ਉਸ ਸਭਿਆਚਾਰ ਨਾਲ ਸੰਬੰਧ ਜੋੜ ਸਕਦਾ ਹੈ ਅਤੇ ਆਪਣੇ ਆਪ ਨੂੰ ਅਤੇ ਹਰ ਉਸ ਚੀਜ਼ ਨੂੰ ਦੇਖ ਸਕਦਾ ਹੈ ਜਿਹੜੀ ਇਸ 'ਸਵੈ' ਦੇ ਵਿਰੁੱਧ ਹੁੰਦੀ ਹੈ। ਵਿਅਕਤੀ ਵਫ਼ਾਦਾਰੀ ਦੇ ਕੋਏ ਵਿਚ ਲਿਪਟਿਆ ਹੁੰਦਾ ਹੈ। ਵਿਅਕਤੀ ਦਾ ਜਨਮ ਇਸ ਕੋਏ ਨੂੰ ਨਸ਼ਟ ਕਰਨਾ ਮੰਗਦਾ ਹੈ, ਪਰ 'ਆਪਾ' ਆਪਣੇ ਆਪ ਨੂੰ ਅਜੇਹਾ ਕਰਨ ਲਈ ਦ੍ਰਿੜ੍ਹਤਾ ਦੇਣ ਤੋਂ ਮੁਨਕਰ ਹੋ ਜਾਂਦਾ ਹੈ।*
*ਵਿਚੇਤਨਾ ਵਲੋਂ ਪ੍ਰਵਾਨਗੀ ਅਤੇ ਚੇਤਨਾ ਵੱਲੋਂ ਰੱਦ ਕਰਨ ਵਿਚਕਾਰ ਘੋਲ ਤੇਜ਼ ਹੋ ਰਿਹਾ ਹੈ। ਕੋਏ ਦੇ ਖਿਲਾਫ਼ ਘੋਲ ਦੀ ਚੇਤਨਾ ਘਟੋਘੱਟ ਇਹ ਤੱਥ ਵਿਅਕਤੀ ਦੇ ਧਿਆਨ ਵਿਚ ਲਿਆਉਂਦਾ ਹੈ ਕਿ ਕੋਈ ਚੀਜ਼ ਜ਼ੋਰ ਲਾ ਰਹੀ ਹੈ ਤਾਂ ਕਿ ਉਹ ਚਾਨਣ ਦੇਖ ਸਕੇ। ਇਹ 'ਕੋਈ ਚੀਜ਼' ਇਤਿਹਾਸਕ ਪੰਘੂੜੇ ਤੋਂ ਵਿਅਕਤੀ ਦੀ ਬੇਗਾਨਗੀ ਦਾ ਬੁਨਿਆਦੀ ਕਾਰਨ ਹੈ। ਇਹ 'ਕੋਈ ਚੀਜ਼' ਹੋਣਥੀਣ ਦੀ ਦ੍ਰਿੜ੍ਹਤਾ ਹੈ। ਇਹ ਸਾਡੇ ਸਮਾਜ ਵਿਚ ਚੱਲ ਰਹੇ ਜਮਾਤੀ ਘੋਲ ਦਾ ਪ੍ਰਤਿਬੰਬ ਹੈ। ਇਹ ਹੋਣਥੀਣ ਦੀ ਦ੍ਰਿੜ੍ਹਤਾ ਮਨੁੱਖੀ ਜੀਵਾਂ ਵਿਚ ਇਸ ਗੱਲ ਦਾ ਆਪਮੁਹਾਰਾ ਪ੍ਰਤਿਬਿੰਬ ਹੈ ਕਿ ਉਹ ਸਮਾਜ ਵਿਚ ਕਿਸ ਚੀਜ਼ ਦੇ ਖਿਲਾਫ ਲੜ ਰਹੇ ਹਨ। ਕੋਈ ਵਿਅਕਤੀ ਇਸ ਪੰਘੂੜੇ ਵਰਗੀ ਵਲਗਣ ਦੇ ਨਾਲ ਜਿੰਨਾ ਜ਼ਿਆਦਾ ਦੋ ਚਾਰ ਹੋਈ ਜਾਂਦਾ ਹੈ ਉਸ ਲਈ ਇਤਿਹਾਸਕ ਪੰਘੂੜੇ ਦੀਆਂ ਸ਼ਕਤੀਆਂ ਨੂੰ ਆਪਣੇ ਅਧੀਨ ਕਰਨਾ ਅਤੇ ਇਹ ਗੱਲ ਮੰਨਦਿਆਂ ਕਿ ਇਹ ਸਾਡੀ ਹਸਤੀ ਦਾ ਹੀ ਇਕ ਅੰਗ ਹੈ, ਇਸ ਨੂੰ ਤਬਾਹ ਕਰਨਾ ਓਨਾ ਹੀ ਜ਼ਿਆਦਾ ਸੌਖਾ ਹੋ ਜਾਂਦਾ ਹੈ। ਹੋਣਥੀਣ ਦੀ ਦ੍ਰਿੜ੍ਹਤਾ ਵਿਅਕਤੀ ਨੂੰ ਜਿੰਨੀ ਜਲਦੀ ਸੰਕਟ ਤੱਕ (ਫੈਸਲਾ ਲੈਣ ਦੀ ਘੜੀ ਤੱਕ) ਲੈ ਜਾਂਦੀ ਹੈ, ਓਨੀ ਹੀ ਜਲਦੀ ਉਹ ਕਾਰਵਾਈ ਕਰਨ ਦੀ ਸੋਚੇਗਾ। ਸੰਕਟ ਇਕ ਅੰਦਰ ਹੀ ਬਣਿਆ ਵਰਤਾਰਾ ਹੈਇਹ ਵਿਕਾਸ ਦਾ ਅਗਲਾ ਪੜਾਅ ਹੈ। ਸੰਕਟ (ਵਿਅਕਤੀਗਤ ਅਤੇ ਸਮਾਜਕ ਦੋਹਾਂ ਤਰ੍ਹਾਂ ਦੇ) ਝੂਠਾਂ ਨੂੰ ਸਾਹਮਣੇ ਲੈ ਆਉਂਦਾ ਹੈ। ਵਿਅਕਤੀ ਦੀ ਇਹ ਹੋਣੀ ਹੈ ਕਿ ਇਹ ਸੰਕਟ ਦਾ ਮੁਕਤ ਏਜੰਟ ਹੈ ਇਸ ਕੋਲ ਹੋਰ ਕੋਈ ਬਦਲ ਨਹੀਂ ਸਿਵਾਏ ਸੰਕਟ ਤੋਂ ਪੈਦਾ ਹੁੰਦੀ ਆਜ਼ਾਦੀ ਦੇ ਅਥਾਹਪੁਣੇ ਨੂੰ ਪ੍ਰਵਾਨ ਕਰਨ ਦੇ ਫੈਸਲੇ ਦੀ ਘੜੀ ਕਾਰਜ ਦੀ ਬੰਦ ਖਲਾਸੀ ਕਰਦੀ ਹੈ। ਫੈਸਲੇ ਦੀ ਇਸ ਘੜੀ ਤੋਂ ਬਿਨਾਂ ਕੋਈ ਕਾਰਜ ਨਹੀਂ ਹੋਵੇਗਾ, ਸਿਰਫ ਇਕ ਬਾਲ ਦਾ ਸੁਖਦਾਈ ਰੋਣਾ ਹੀ ਹੋਵੇਗਾ, ਇਤਿਹਾਸਕ ਪੰਘੂੜੇ ਦਾ ਨਿੱਘ ਹੀ ਹੋਵੇਗਾ। ਹੋਣਥੀਣ ਦੀ*

*ਇਹ ਦ੍ਰਿੜ੍ਹਤਾ ਆਪਣੇ ਆਪ ਨੂੰ ਸੰਕਟ ਦੀ ਮੰਗ ਕਰਦੀ ਹੈ ਅਤੇ ਇਹ ਮੰਗ ਇਤਿਹਾਸਕ ਪੰਘੂੜੇ ਵੱਲੋਂ ਨਫ਼ੀ ਢੰਗ ਨਾਲ ਸੁਣੀ ਜਾਂਦੀ ਹੈ।"*

ਇਤਿਹਾਸ ਸਿਰਜਣ ਲਈ ਸੁਚੇਤ ਇਨਸਾਨ ਨੂੰ ਹਰ ਪੜਾਅ ਤੇ ਆਪਣੇ ਸਮੇਂ ਦੇ ਕਸਣ (ਸੰਕਟ) ਅਤੇ ਇਸ ਕਸਣ ਵਿਚ ਹੀ ਲੁਕੇ ਖਿੜਨ (ਹੱਲ) ਦਾ ਗਿਆਨ ਹਾਸਲ ਕਰਨਾ ਬਹੁਤ ਹੀ ਜ਼ਰੂਰੀ ਹੈ। ਇਸ ਤੋਂ ਬਿਨਾਂ ਉਹ ਲੋੜੀਂਦੇ ਕਦਮ ਨਹੀਂ ਚੁੱਕ ਸਕਦਾ ਅਤੇ ਭਲਕ ਵੱਲ ਸੁਚੇਤ ਹੋਕੇ ਨਹੀਂ ਜਾ ਸਕਦਾ। ਉਹ ਹੋਣੀ ਦਾ ਭੇਦ ਨਹੀਂ ਪਾ ਸਕਦਾ। ਕਸਣ ਤੋਂ ਖਿੜਨ ਵੱਲ ਨਹੀਂ ਜਾ ਸਕਦਾ। ਇਸ ਗਿਆਨ ਦੇ ਬਗੈਰ ਉਸਦਾ ਜੀਣਾ ਕਿੱਕਰ ਬੀਜ ਕੇ ਦਾਖਾਂ ਭਾਲਣਾ ਹੈ। ਉਨ ਵਿਚੋਂ ਰੇਸ਼ਮ ਭਾਲਣਾ ਹੈ।

ਇਸੇ ਕਸਣ ਖਿੜਨ ਨਾਲ ਹੀ ਇਨਸਾਨ ਦਾ ਆਪਣਾ ਵਜੂਦ ਹੈ। ਲਖਾਂ ਜੂਨਾਂ ਦੇ ਕਸਣ ਖਿੜਨ ਦੇ ਬਾਅਦ, ਇਨਸਾਨੀ ਜੂਨ ਹੋਂਦ ਵਿਚ ਆਈ ਹੈ। ਇਨਸਾਨੀ ਜੂਨ ਦਾ ਆਪਣਾ ਇਕ ਇਤਿਹਾਸ ਹੈ। ਇਕ ਲੜੀਵਾਰ ਸਿਲਸਿਲੇ ਨਾਲ ਇਹ ਜੂਨੀ ਹੋਂਦ ਵਿਚ ਆਈ ਹੈਅਤੇ ਆਪਣਾ ਇਤਿਹਾਸ ਸਿਰਜਦੀ ਹੈ। ਇਸੇ ਤਰ੍ਹਾਂ ਪੂਰਾ ਬ੍ਰਹਮਾਂਡ ਵੀ ਹੋਂਦ ਵਿਚ ਆਇਆ ਹੈ। ਇਸ ਦਾ ਆਪਣਾ ਇਕ ਇਤਿਹਾਸ ਹੈ ਜਿਸਦਾ ਗਿਆਨ ਹਾਸਿਲ ਕੀਤਾ ਜਾ ਸਕਦਾ ਹੈ। ਇਤਿਹਾਸ ਇਸ ਤਰ੍ਹਾਂ ਲਗਾਤਾਰ ਆਵਾਗਾਉਣ ਵਿਚ ਚਲਦਾ ਰਹਿੰਦਾ ਹੈ।

*'ਮਾਨਸ ਜਨਮ ਦੁਰਲਭ ਹੈ ਹੋਤ ਨਾ ਬਾਰੰਬਾਰ'*

ਸ਼ਾਸਤਰ੍ਹਾਂ ਵਿਚ ਸਮਾਜ ਦਾ ਵਿਕਾਸ ਚਾਰ ਯੁਗਾਂ ਵਿਚ ਹੋਇਆ ਦੱਸਿਆ ਗਿਆ ਹੈ ਜੋ ਇੰਜ ਹਨ: ਸੱਤ ਯੁਗ,
ਤ੍ਰੇਤਾ ਯੁਗ, ਦਵਾਪਰ ਯੁਗ ਤੇ ਕਲਯੁਗ।

ਸੱਤ ਯੁਗ

ਮਨੁੱਖ ਦੇ ਇਤਿਹਾਸ ਵਿਚ ਇਹ ਉਹ ਸਮਾਂ ਹੈ ਜਦੋਂ ਮਨੱਖ ਦਾ ਮਨੁੱਖ ਨਾਲ ਕੋਈ ਦਵੰਦ ਨਹੀਂ ਸੀ। ਸਾਰਾ ਸਮਾਜ ਸਾਂਝਾ ਕੰਮ ਕਰਕੇ ਜ਼ਰੂਰਤ ਦੇ ਮੁਤਾਬਿਕ ਕੁਦਰਤ ਦੀਆਂ ਬਖ਼ਸ਼ਿਸ਼ਾਂ ਨੂੰ ਲੋੜ ਮੁਤਾਬਿਕ ਵੰਡ ਲੈਂਦਾ ਹੈ। ਇਹ ਉਹ ਸਮਾਂ ਹੈ ਜਿਸ ਵਿਚ ਸਮਾਜ ਨੇ ਰਾਜ ਨੂੰ ਜਨਮ ਨਹੀਂ ਦਿਤਾ ਹੈ ਅਤੇ ਨਾ ਅਜੇ ਸਮਾਜ ਦੀ ਵੰਡ ਲਿੰਗ ਦੇ ਆਧਾਰ ਤੇ, ਜ਼ਾਤ ਦੇ ਆਧਾਰ ਤੇ ਅਤੇ ਨਾ ਹੀ ਜਮਾਤ ਦੇ ਆਧਾਰ ਤੇ ਹੋਈ ਹੈ। ਇਸ ਨੂੰ ਸੱਤ ਯੁਗ ਇਸ ਲਈ ਕਹਿੰਦੇ ਹਨ ਕਿਉਂਕਿ ਸਮਾਜ ਵਿਚ ਕੋਈ ਬੇਇਨਸਾਫੀ ਨਹੀਂ ਸੀ। ਕਿਹਾ ਜਾਂਦਾ ਹੈ ਕਿ ਇਸ ਜੁਗ ਵਿਚ ਸੱਤ ਜਾਂ ਸੱਚ ਆਪਣੇ ਚਾਰੇ ਪੈਰਾਂ ਤੇ ਖੜਾ ਸੀ। ਕਈ ਦਫ਼ਾ

ਇਹਨੂੰ ਇਸਤਰੀ ਯੁਗ ਵੀ ਕਿਹਾ ਜਾਂਦਾ ਹੈ। ਮਹਾਂਭਾਰਤ ਵਿਚ ਦੱਸਿਆ ਗਿਆ ਹੈ:

*ਤਤ: ਕ੍ਰਿਤਯੁਗੇ ਧਰਮੋ ਨਾਧਰਮੇ ਵਿਦਯਤੇ ਕਚਿਤ।*
*ਸਰਵੇਸ਼ਾਮੇਵ ਵਰਣਾਨਮ ਨਾਧਰਮੇ ਰਮਤੇ ਮਨ:।।*

*ਉਸ ਸਤਯੁਗ ਵਿਚ ਧਰਮ ਹੀ ਧਰਮ ਹੁੰਦਾ ਹੈ ਅਧਰਮ ਦਾ ਕੋਈ ਨਾਮ ਨਿਸ਼ਾਨ ਨਹੀਂ ਹੁੰਦਾ। ਕਿਸੇ ਵੀ ਵਰਣ ਦੀ ਅਧਰਮ ਵਿਚ ਕੋਈ ਦਿਲਚਸਪੀ ਨਹੀਂ ਹੁੰਦੀ।*

*ਅਕ੍ਰੀਸ਼ਟਪੱਚਯਾ ਪ੍ਰਿਥਵੀ ਭਵੰਤਯੋਸ਼ਧਯਸਤਥਾ।*
*ਤਵਕਪਤ੍ਰਫਲਮੂਲਾਨੀ ਵੀਰਯਵ8ਤੀ ਭਵੰਤੀ ਚ।।*

*ਧਰਤੀ ਤੇ ਬਿਨਾ ਵਾਹੇ ਬੀਜੇ ਹੀ ਅੰਨ ਪੈਦਾ ਹੁੰਦਾ ਹੈ। ਫਸਲਾਂਆਪ ਹੀ ਪੈਦਾ ਹੁੰਦੀਆਂ ਹਨ। ਦਰਖ਼ਤਾਂ ਦੀ ਛਿਲ, ਪੱਤੇ, ਫਲ ਤੇ ਜੜ੍ਹਾਂ ਸਭ ਤਾਕਤ ਦੇਣ ਵਾਲੇ ਹੁੰਦੇ ਹਨ।*

*ਯੋਗਕਸ਼ੇਮਾ: ਪ੍ਰਵਰਤੰਤੇ ਪ੍ਰਜਾਨਾਮ ਨਾਤ੍ਰ ਸੰਸ਼ਯ:।*
*ਵੈਦਿਕਾਨੀ ਚ ਸਰਵਾਣੀ ਭਵੰਤਯਪਿ ਗੁਣਾਨਯੁਤ।।*

*ਪਰਜਾ ਦੀ ਰਖਵਾਲੀ ਅਤੇ ਸੁੱਖ ਆਪ ਹੀ ਹੋ ਜਾਂਦਾ ਹੈ। ਅਧਰਮ ਦਾ ਕਿਤੇ ਨਾਮੋਨਿਸ਼ਾਨ ਨਹੀਂ। ਕਿਸੇ ਦੀ ਵੀ ਅਧਰਮ ਵਿਚ ਦਿਲਚਸਪੀ ਨਹੀਂ।*

**ਤ੍ਰੇਤਾ ਜੁਗ**

ਇਹ ਉਹ ਯੁਗ ਹੈ ਜਦ ਸਮਾਜ ਵਿਚ ਲਿੰਗ ਦੇ ਆਧਾਰ ਤੇ ਵੰਡ ਆਉਣੀ ਸ਼ੁਰੂ ਹੋ ਗਈ ਅਤੇ ਸਮਾਜ ਮਰਦ ਪ੍ਰਧਾਨ ਬਣ ਗਿਆ ਤੇ ਔਰਤ ਦਾ ਦਰਜਾ ਪਹਿਲਾਂ ਵਾਲਾ ਨਾ ਰਿਹਾ। ਇਸ ਵੇਲੇ ਸੱਤ ਜਾਂ ਸੱਚ ਤਿੰਨ ਪੈਰਾਂ ਤੇ ਖੜ੍ਹੇ ਦੱਸੇ ਜਾਂਦੇ ਹਨ। ਮਹਾਂਭਾਰਤ ਅਨੁਸਾਰ:

*ਅਸ਼ੁਭਸਯਾ ਚਤੁਰਥਾਂਸ਼ਤ੍ਰੀਨੰਸ਼ਾਨਨੁਵਰਤਤੇ।*
*ਕ੍ਰਿਸ਼ਟਾਪਚੈਵ ਪ੍ਰਿਥਵੀ ਭਵੰਤਯੋਸ਼ਧਯਸਤਥਾ।*

*ਇਸ ਵੇਲੇ ਅਸ਼ੁਭ ਦਾ ਚੌਥਾ ਹਿੱਸਾ ਸ਼ੁਭ ਦੇ ਤਿੰਨ ਹਿੱਸਿਆਂ ਪਿਛੇ ਲਗਿਆ ਹੁੰਦਾ ਹੈ। ਧਰਤੀ ਤੇ ਬੀਜਣ ਵਾਹਣ ਨਾਲ ਹੀ ਫ਼ਸਲ ਹੁੰਦੀ ਹੈ। ਪੇੜ ਪੌਦੇ ਵੀ ਵਾਹੁਣ ਬੀਜਣ ਨਾਲ ਪੈਦਾ ਹੁੰਦੇ ਹਨ।*

ਦਵਾਪਰ ਯੁਗ

ਇਸ ਜੁਗ ਵਿਚ ਸਮਾਜ ਦੀ ਵੰਡ ਲਿੰਗ ਦੇ ਆਧਾਰ ਦੇ ਨਾਲ ਨਾਲ ਜ਼ਾਤ ਦੇ ਆਧਾਰ ਤੇ ਵੀ ਹੋਣ ਲਗਦੀ ਹੈ। ਮਰਦ ਪ੍ਰਧਾਨ ਅਤੇ ਕਿੱਤਿਆਂ ਦੀ ਵੰਡ ਦੇ ਆਧਾਰ ਤੇ ਸਮਾਜ ਵਿਚ ਵੰਡ ਪੈ ਜਾਂਦੀ ਹੈ। ਇਹ ਕਿਹਾ ਜਾਂਦਾ ਹੈ ਕਿ ਸੱਤ ਜਾਂ ਸੱਚ ਇਸ ਸਮੇਂ ਸਿਰਫ ਦੋ ਪੈਰਾਂ ਤੇ ਹੀ ਖੜੋਂਦਾ ਹੈ। ਇਸ ਯੁਗ ਵਿਚ ਰਾਜ ਅਤੇ ਰਾਜਤੰਤ੍ਰ ਹੋਂਦ ਵਿਚ ਆਉਂਦੇ ਹਨ।

*ਅਸ਼ੁਭਸਯਾ ਯਦਾ ਤਵਰਧਮ ਦਵਾਂਸ਼ਾਵਨੁਵਰਤਤੇ।*
*ਤਤਸਤੁ ਦਵਾਪਰਮ ਨਾਮ ਸ ਕਾਲ: ਸਮਪ੍ਰਵਰਤਤੇ।।*
*ਇਸ ਵਿਚ ਪਾਪ ਦੇ ਦੋ ਹਿੱਸੇ, ਪੁੰਨ ਦੇ ਦੋ ਹਿੱਸਿਆਂ ਪਿਛੇ ਚਲਦੇ ਹਨ।*
*ਧਰਤੀ ਤੇ ਬੀਜਣ ਵਾਹਣ ਨਾਲ ਫਸਲ ਹੁੰਦੀ ਹੈ ਪਰ ਅੱਧੀ ਹੀ ਹੁੰਦੀ ਹੈ।*
*ਅੱਧੀ ਫਸਲ ਮਾਰੀ ਜਾਂਦੀ ਹੈ।*

ਕਲਯੁੱਗ

ਇਸ ਵਕਤ ਕਿੱਤਿਆਂ ਦੀ ਵੰਡ ਦੇ ਨਾਲ ਨਾਲ ਜਮਾਤੀ ਵੰਡ ਵੀ ਸ਼ੁਰੂ ਹੋ ਜਾਂਦੀ ਹੈ। ਰਾਜਤੰਤ੍ਰ ਬ੍ਰਾਹਮਣ ਅਤੇ ਕਸ਼ੱਤਰੀਆਂ ਦੇ ਹੱਥ ਵਿਚ ਆ ਜਾਂਦਾ ਹੈ। ਬ੍ਰਾਹਮਣ ਅਤੇ ਕਸ਼ਤਰੀ ਮਿਲ ਕੇ ਸਮਾਜ ਦੀ ਸਾਰੀ ਦੌਲਤ ਹਥਿਆ ਲੈਂਦੇ ਹਨ। ਹਲਵਾਹਕ ਕੋਈ ਹੋਰ ਹਨ ਪਰ ਖਾਣ ਹੰਡਾਉਣ ਵਾਲੇ ਹੋਰ। ਕਿਹਾ ਜਾਂਦਾ ਹੈ ਕਲਯੁਗ ਦੇ ਹੀ ਇਕ ਪੜਾਅ ਤੇ ਆ ਕੇ ਰਾਜਤੰਤ੍ਰ ਪੈਸੇ ਵਾਲਿਆਂ ਦੇ ਹੱਥ ਆ ਜਾਣ ਕਰਕੇ ਸਾਰੇ ਹੀ ਸਮਾਜ ਦੇ ਸੋਮੇ ਸਿਰਫ ਪੈਸੇ ਬਣਾਉਣ ਲਈ ਹੀ ਵਰਤੇ ਜਾਂਦੇ ਹਨ। ਇਸ ਵੇਲੇ ਸੱਤ ਸਿਰਫ ਇਕੋ ਪੈਰ ਤੇ ਹੀ ਖੜਾ ਹੁੰਦਾ ਹੈ।

*ਸ਼ੁਦਰਾ ਭੈਕਸ਼ੇਣ ਜੀਵੰਤੀ ਬ੍ਰਾਹਮਣਾ: ਪਰੀਚਰਯਾ।*
*ਯੋਗਕਸ਼ੇਮਸਯਾ ਨਾਸ਼ਾਸ਼ਚ ਵਰਤਤੇ ਵਰਨਸੰਕਰ:।।*

*ਸ਼ੂਦਰ ਭੀਖ ਮੰਗ ਕੇ ਗੁਜ਼ਾਰਾ ਕਰਦੇ ਹਨ ਅਤੇ ਬ੍ਰਾਹਮਣ ਨੌਕਰੀ ਕਰਕੇ।*
*ਪਰਜਾ ਦੀ ਰਖਵਾਲੀ ਅਤੇ ਖ਼ੁਸ਼ਹਾਲੀ ਦਾ ਨਾਸ ਹੋ ਜਾਂਦਾ ਹੈ। ਸਭ ਪਾਸੇ*
*ਹਫੜਾ ਦਫੜੀ ਫੈਲ ਜਾਂਦੀ ਹੈ। ਸਭ ਨੂੰ ਆਪੋ ਆਪਣੀ ਪੈ ਜਾਂਦੀ ਹੈ।*

*ਦੰਡਨੀਤੀਮ ਪਰਿਤੱਜਯ ਯਦਾ ਕਾਤਸਨਯਰੇਨ ਭੁਮੀਪ:।*
*ਪ੍ਰਜਾ ਕਿਲਸ਼ਨਾਤਿਯੋਗੇਨ ਪਰਵਰਤਤੇ ਤਦਾ ਕਲਿ:।।*

*ਜਦੋਂ ਰਾਜਾ ਦੰਡਨੀਤੀ ਛੱਡ ਕੇ ਪਰਜਾ ਨੂੰ ਦੁਖ ਦਿੰਦਾ ਹੈ ਉਸ ਵਕਤ*
*ਕਲਯੁਗ ਸ਼ੁਰੂ ਹੁੰਦਾ ਹੈ।*

ਹੋਰ ਯੁਗਾਂ ਵਾਂਗ ਇਸ ਕਲਯੁਗ ਦਾ ਵੀ ਖ਼ਾਤਮਾ ਹੋਵੇਗਾ ਅਤੇ ਸੱਤਯੁਗ ਇਕ ਬਾਰ ਫਿਰ ਆਵੇਗਾ ਪਰ ਪਹਿਲੀ ਸ਼ਕਲ ਵਿਚ ਨਹੀਂ।

ਇਸ ਵਿਚ ਮਨੁੱਖ ਹੱਥੋਂ ਮਨੁੱਖ ਦੀ ਅਤੇ ਕੁਦਰਤ ਦੀ ਲੁੱਟ ਬੰਦ ਹੋਵੇਗੀ। ਇਨਸਾਫ ਦਾ ਬੋਲਬਾਲਾ ਹੋਵੇਗਾ। ਸੱਚ ਫਿਰ ਚਾਰ ਪੈਰਾਂ ਤੇ ਖੜ੍ਹਾ ਹੋਵੇਗਾ। ਇਸ ਤਰ੍ਹਾਂ ਵਿਕਾਸ ਅਤੇ ਇਤਿਹਾਸ ਚਲਦਾ ਰਹੇਗਾ। ਮਨੁੱਖ, ਜੋ ਇਤਿਹਾਸ ਦੀ ਉਪਜ ਵੀ ਹੈ ਸਿਰਜਣਹਾਰ ਵੀ, ਸੁਚੇਤ ਹੋ ਕੇ ਇਕ ਨਵਾਂ ਇਤਿਹਾਸ ਰਚੇਗਾ। ਇਹ ਸਤਯੁਗ ਮਨੁਖ ਦੀ ਸੁਚੇਤ ਕਰਨੀ ਨਾਲ ਸਿਰਜਿਆ ਜਾਵੇਗਾ।

# ਜੰਗ ਅਤੇ ਅਮਨ

ਜਿਵੇਂ ਅਸੀਂ ਪਹਿਲਾਂ ਦੇਖ ਹੀ ਚੁੱਕੇ ਹਾਂ ਕਿ ਰਾਜ ਅਤੇ ਰਾਜਤੰਤ੍ਰ ਦਾ ਧਰਮ ਪਰਜਾ ਦਾ ਸੁੱਖ ਅਤੇ ਰੱਖਿਆ ਹੈ। ਪਰਜਾ ਦੇ ਸੁੱਖ ਅਤੇ ਰੱਖਿਆ ਲਈ ਇਹ ਬਹੁਤ ਜ਼ਰੁਰੀ ਹੈ ਕਿ ਕੁਦਰਤੀ ਤਾਕਤਾਂ, ਜੰਗਲੀ ਜਾਨਵਰਾਂ, ਹਮਲਾਵਰਾਂ ਅਤੇ ਪਰਜਾ ਦੇ ਹੋਰ ਦੁਸ਼ਮਣਾਂ ਨਾਲ ਨਜਿਠਿਆ ਜਾਵੇ। ਇਸ ਮੰਤਵ ਲਈ ਸਾਮ, ਅਰਥ, ਭੇਦ ਅਤੇ ਡੰਡਾ ਵਰਤਣ ਦਾ ਤਸੱਵਰ ਹੋਂਦ ਵਿਚ ਆਇਆ। ਰੱਖਿਆ ਬਿਨਾਂ ਸੁੱਖ ਅਤੇ ਸ਼ਾਂਤੀ ਕਾਇਮ ਨਹੀਂ ਹੋ ਸਕਦੇ। ਸ਼ਾਂਤੀ ਬਗੈਰ ਸੁੱਖ ਮੁਮਕਿਨ ਨਹੀਂ ਹੈ। ਇਸ ਲਈ ਜੰਗ ਅਤੇ ਅਮਨ ਬਾਰੇ ਪੰਜਾਬੀ ਦਰਸ਼ਨ ਵਿਚ ਮੁੱਢ ਕਦੀਮ ਤੋਂ ਹੀ ਵਿਚਾਰ ਵਟਾਂਦਰਾ ਹੁੰਦਾ ਰਿਹਾ ਹੈ।

ਰਿਗਵੇਦ ਵਿਚ ਪ੍ਰਜਾ ਦੇ ਦੁਸ਼ਮਣਾਂ ਅਤੇ ਹਮਲਾਵਰਾਂ ਦੇ ਖ਼ਿਲਾਫ਼ ਜ਼ਬਰਦਸਤ ਲੜਾਈ ਅਤੇ ਯੁੱਧ ਦਾ ਜ਼ਿਕਰ ਮਿਲਦਾ ਹੈ:

*ਸਥਿਰਾ ਵਹ ਸੰਤਵਾਯੁਧਾ ਪਰਾਣੁਦੇ ਵੀੜੂ ਉਤ ਪ੍ਰਤਿਸ਼ਕਭੇਂ*
*ਯੁਸ਼ਮਾਕਮਅਸਤੁ ਤਵਿਸ਼ੀ ਪਨੀਯਸੀ ਮਾ ਮ੍ਰਤਅਸਯ ਮਾਯਿਨਹ।।*[1]

*ਤੁਹਾਨੂੰ ਵਧੀਆ ਤੋਂ ਵਧੀਆ ਅਤੇ ਮਜ਼ਬੂਤ ਹਥਿਆਰ ਇਸਤਮਾਲ ਕਰਨ ਦਾ ਅਭਿਆਸ ਕਰਨਾ ਚਾਹੀਦਾ ਹੈ ਅਤੇ ਇਨ੍ਹਾਂ ਨਾਲ ਦੁਸਮਣਾਂ ਨੂੰ ਹਰਾ ਕੇ ਜਾਨ ਮਾਲ ਦੀ ਰੱਖਿਆ ਕਰਨੀ ਚਾਹੀਦੀ ਹੈ।*

*ਪਰਾ ਹ ਯਤ ਸਥਿਰਮ ਹਥ ਨਰੋ ਵਰਤਯਥਾ ਗੁਰੂ*
*ਵਿ ਯਾਥਨ ਵਨਿਨਹ ਪ੍ਰਿਥਵਯਾ ਵਿਯਾਸ਼ਾਹ ਪਰਵਤਾਨਾਮ।।*[2]

*ਜਿਸ ਤਰ੍ਹਾਂ ਹਵਾ ਦਾ ਝੱਖੜ ਆਪਣੇ ਜ਼ੋਰ ਨਾਲ ਪਹਾੜਾਂ ਅਤੇ ਬੱਦਲਾਂ ਨੂੰ ਖੇਰੂੰ ਖੇਰੂੰ ਕਰ ਦਿੰਦਾ ਹੈ ਉਸੇ ਤਰ੍ਹਾਂ ਆਪਣੀ ਜਿੱਤ ਲਈ ਦੁਸ਼ਮਣਾਂ ਨੂੰ ਤਹਿਸ ਨਹਿਸ ਕਰ ਦਿਉ।*

*ਨਹੀ ਵਹ ਸ਼ਤਰੂਵਿਰਵਿਦੇ ਅਧਿ ਦਯਵਿ ਨ ਭੁਮਿਯਾਂ ਰਿਸ਼ਾਦਸਹ*
*ਯੁਸ਼ਮਾਕਮਅਸਤੁ ਤਵਿਸ਼ੀ ਤਨਾ ਯੁਜਾ ਰੁਦ੍ਰਾਸੋ ਨੁ ਚਿਦਾਧਰੀਸ਼ੇ।।*[3]

*ਜਿਸ ਤਰ੍ਹਾਂ ਹਵਾ ਅਸਮਾਨ ਚ' ਦੁਸ਼ਮਣਾਂ ਬਗੈਰ ਵਿਚਰਦੀ ਹੈ ਇਸੇ ਤਰ੍ਹਾਂ ਤੁਹਾਨੂੰ ਵੀ ਬਿਨਾਂ ਕਿਸੇ ਦੁਸ਼ਮਣ ਦੇ ਹੋਣਾ ਚਾਹੀਦਾ ਹੈ ਅਤੇ ਹਵਾਂ ਵਾਂਗ ਉਨ੍ਹਾਂ ਦਾ ਖ਼ਾਤਮਾ ਕਰਨਾ ਚਾਹੀਦਾ ਹੈ।*

---

[1] ਰਿਗਵੇਦ ਮੰਡਲ ੧-੨
[2] ਰਿਗਵੇਦ ਮੰਡਲ ੧-੩
[3] ਰਿਗਵੇਦ ਮੰਡਲ ੧-੪

*ਪ੍ਰ ਵੇਪਯੰਤੀ ਪਰਵਤਾਨਿਵ ਵਿੰਚੰਤੀ ਵਨਸਪਤੀਨ*
*ਪ੍ਰੋ ਆਰਤ ਮਰੂਤੋ ਦੁਰਮਦਾ ਇਵ ਦੇਵਾਸਹ ਸਰਵਯਾ ਵਿਸ਼ਾ।।*[4]

*ਜਿਸ ਤਰ੍ਹਾਂ ਹਵਾ ਆਪਣੇ ਜ਼ੋਰ ਨਾਲ ਪਹਾੜਾਂ ਅਤੇ ਦਰਖ਼ਤਾਂ ਨੂੰ ਹਿਲਾ ਦਿੰਦੀ ਹੈ ਅਤੇ ਬੱਦਲਾਂ ਨੂੰ ਅੱਡ ਅੱਡ ਕਰ ਦਿੰਦੀ ਹੈ ਇਸੇ ਤਰ੍ਹਾਂ ਤੁਸੀਂ ਦੁਸ਼ਟ ਬੁੱਧੀ ਅਤੇ ਘੁਮੰਡ ਨਾਲ ਭਰੇ ਦੁਸ਼ਮਣ ਨੂੰ ਸੱਭ ਦੇ ਸੁੱਖ ਲਈ ਆਪਣੀ ਫੌਜ ਨਾਲ ਨੇਸਤੋਨਾਬੂਦ ਕਰ ਦੇਵੋ।*

*ਯੁਸ਼ਮੇਸ਼ਿਤੋ ਮਰੁਤੋ ਮਰਤਯੇਸ਼ਿਤ ਆ ਯੋ ਨੋ ਅਭਵ ਈਸ਼ਤੇ*
*ਵਿ ਤੰ ਯੁਯੋਤ ਸ਼ਵਸਾ ਵਿਯੋਜਸਾ ਵਿ ਯੁਸ਼ਮਾਕਾਭਿਰੁਤਿਭੀ*[5]

*ਸਾਨੂੰ ਦੁੱਖ ਦੇਕੇ ਆਪਣਾ ਫ਼ਾਇਦਾ ਕਰਕੇ ਖ਼ੁਸ਼ ਹੋਣ ਵਾਲੇ ਦੁਸ਼ਮਣ ਦਾ ਤੁਸੀਂ ਵਿਦਿਆ ਅਤੇ ਬਲਵਾਨ ਸੈਨਾ ਨਾਲ ਹਵਾ ਵਾਂਗ ਹੂੰਝਾ ਫੇਰ ਕੇ ਸੱਭ ਦੇ ਸੁੱਖ ਨੂੰ ਫੈਲਾਓ।*

*ਯਜੁਰਵੇਦ ਵਿਚ ਵੀ ਇਹੋ ਗੱਲ ਕਹੀ ਗਈ ਹੈ:*

*ਰਕਸ਼ੋਹਣੋ ਵੋ ਬਲਗਹਨਹ ਪ੍ਰੋਕਸ਼ਾਮੀ ਵੈਸ਼ਣਵਾਨ ਰਕਸ਼ੋਹਣੋ ਵੋ ਬਲਗਨੋਅਵਯਾਮੀ ਵੈਸ਼ਣਵਾਨ ਰਕਸ਼ਣੋ ਵੋ ਬਲਗਹਨੋਅਵਸਤ੍ਰਣਾਮੀ ਵੈਸ਼ਣਵਾਨ ਰਕਸ਼ੋਹਣੋ ਵਾਂ ਬਲਗਹਨੋ ਉਪ ਦਧਾਮੀ ਵੈਸ਼ਣਵੋ ਰਕਸ਼ਹਣੋ ਵਾਂ ਬਲਗਹਨੋ ਪਯੁਰਹਾਮੀ ਵੈਸ਼ਣਵੀ ਵੈਸ਼ਣਵਮਾਸੀ ਵੈਸ਼ਣਵਾ ਸਥਾ*[6]

*ਸਭਾ ਦੇ ਭਾਗੀਦਾਰੋ ਜਿਸ ਤਰ੍ਹਾਂ ਤੁਸੀਂ ਦੁੱਖ ਤਕਲੀਫ਼ ਨੂੰ ਦੂਰ ਕਰਦੇ ਹੋ, ਮੈਂ (ਰਾਜਾ) ਵੀ ਦੁਸ਼ਮਣ ਦੀਆਂ ਫੌਜਾਂ ਨੂੰ ਤਹਿਸ ਨਹਿਸ ਕਰਨ ਵਾਲਾ ਹਾਂ ਅਤੇ ਪ੍ਰਜਾ ਦੀ ਰੱਖਿਆ ਲਈ ਜੰਗ ਕਰਦਾ ਹਾਂ। ਮੈਂ ਆਪਣੀ ਫੌਜ ਨੂੰ ਦੁਸ਼ਮਣ ਦੇ ਨਾਸ ਲਈ ਵੱਖ ਵੱਖ ਢੰਗ ਨਾਲ ਵਿਉਂਤਬੱਧ ਕਰਦਾ ਹਾਂ।*

*ਉਰੂ ਵਿਸ਼ਣੋ ਵੀ ਕ੍ਰਮਸਵੋਰੁ ਕਸ਼ਯਾਯ ਨਸਕ੍ਰਧੀ*
*ਘ੍ਰਤਮ ਘ੍ਰਤਯੋਨੇ ਪਿਬ ਯਗਯਾਪਤੀਂ ਤਿਰ ਸਵਾਹਾ।।*[7]

*ਸੇਨਾਪਤੀ! ਦੁਸ਼ਮਣ ਤੇ ਪੂਰੇ ਜ਼ੋਰ ਨਾਲ ਧਾਵਾ ਬੋਲ ਅਤੇ ਸਾਡੇ ਘਰਾਂ ਲਈ ਖੁੱਲ੍ਹੀ ਥਾਂ ਬਣਾ। ਐ ਸੇਨਾਪਤੀ! ਜਿਸ ਤਰ੍ਹਾਂ ਅੱਗ ਘਿਉ ਨਾਲ ਵੱਧਦੀ ਅਤੇ ਚਮਕਦੀ ਹੈ ਇਸੇ ਤਰ੍ਹਾਂ ਤੂੰ ਯੁਧ ਵਿਚ ਆਪਣੇ ਜੌਹਰ ਵਿਖਾ।*

---

[4] ਰਿਗਵੇਦ ਮੰਡਲ ੧-੫
[5] ਰਿਗਵੇਦ ਮੰਡਲ ੧-੮
[6] ਯਜੁਰਵੇਦ੫-੨੫
[7] ਯਜੁਰਵੇਦ੫-੩੭

ਅਥਰਵੇਦ[8] ਵਿਚ ਵੀ ਇਹੋ ਖ਼ਿਆਲ ਦੋਹਰਾਇਆ ਗਿਆ ਹੈ ਅਤੇ ਇਸਦੇ ਬਹੁਤ ਹਿੱਸੇ ਪ੍ਰਜਾ ਦੇ ਸੁੱਖ ਅਤੇ ਰੱਖਿਆ ਲਈ ਦੁਸ਼ਮਣਾਂ ਖ਼ਿਲਾਫ਼ ਯੁੱਧ ਕਰਨ ਬਾਰੇ ਹੀ ਹਨ। ਯਜੁਰਵੇਦ ਦੇ ਉਪਵੇਦ ਧਨੁਰਵੇਦ ਵਿਚ ਯੁੱਧ ਲਈ ਜ਼ਰੂਰੀ ਹਥਿਆਰਾਂ ਅਤੇ ਅਸਤਰ੍ਹਾਂ ਸ਼ਸਤਰ੍ਹਾਂ ਦਾ ਵਿਸਥਾਰ ਨਾਲ ਜ਼ਿਕਰ ਮਿਲਦਾ ਹੈ। ਆਯੁਧ ਵਿਗਿਆਨ, ਸ਼ਸਤਰ ਵਿਗਿਆਨ, ਅਸਤਰ ਵਿਗਿਆਨ, ਯੁੱਧ ਵਿਦਿਆ, ਮੱਲ ਵਿਦਿਆ, ਖੜ੍ਹੀ ਵਿਦਿਆ, ਧਨੁਰਵੇਦ ਦੇ ਹੀ ਹਿੱਸੇ ਹਨ ਜਿਨ੍ਹਾਂ ਵਿਚ ਯੁੱਧ ਅਤੇ ਸ਼ਾਂਤੀ ਬਾਰੇ ਕਾਫ਼ੀ ਵਿਸਥਾਰ ਨਾਲ ਦੱਸਿਆ ਗਿਆ ਹੈ।

ਦੇਵਾਸੁਰ ਸੰਗ੍ਰਾਮ ਦੀ ਕਹਾਣੀ ਵੀ ਵੇਦਾਂ, ਪੁਰਾਣਾ ਅਤੇ ਸ਼ਾਸਤਰ੍ਹਾਂ ਵਿਚ ਮਿਲਦੀ ਹੈ। ਪ੍ਰਜਾ ਦੇ ਸੁੱਖ ਅਤੇ ਰੱਖਿਆ ਲਈ ਅਤੇ ਸਰਬੱਤ ਦੇ ਭਲੇ ਲਈ ਹਮਲਾਵਰਾਂ, ਧਾੜਵੀਆਂ ਅਤੇ ਲੋਟੂਆਂ ਖ਼ਿਲਾਫ਼ ਯੁੱਧ ਪਰਜਾ ਅਤੇ ਰਾਜਾ ਦਾ ਧਰਮ ਦੱਸਿਆ ਗਿਆ ਹੈ।

ਬ੍ਰਹਸਪਤੀ ਅਰਥਵੇਦ ਵਿਚ ਅਤੇ ਚਾਣਕਿਆ ਅਰਥਸ਼ਾਸਤ੍ਰ ਵਿਚ ਪ੍ਰਜਾ ਨੂੰ ਦੁੱਖ ਦੇਣ ਵਾਲੇ ਕੰਡਿਆਂ ਨੂੰ ਕੰਟਕ ਸ਼ੋਧਣ ਦੀ ਨੀਤੀ ਨਾਲ ਜ਼ੋਰ ਨਾਲ ਦੂਰ ਕਰਨ ਦੀ ਗੱਲ ਕਰਦੇ ਹਨ ਅਤੇ ਰਾਜਤੰਤ੍ਰ ਨੂੰ ਪ੍ਰਜਾ ਅਤੇ ਰਾਜਾ ਦੇ ਦੁਸ਼ਮਣ ਨਾਲ ਸਿੱਝਣ ਲਈ ਵਿਸਥਾਰਪੂਰਵਕ ਵਿਉਂਤ ਦਸਦੇ ਹਨ। ਅਰਥਸ਼ਾਸਤਰ ਦਾ ਚੌਥਾ ਅਧਿਆਇ ਕੰਟਕਸ਼ੋਧਨ ਜਾਂ ਕੰਡੇ ਕੰਢਣ ਬਾਰੇ ਹੈ। ਇਸ ਅਧਿਆਇ ਵਿਚ ਕਾਰੀਗਰਾਂ ਤੇ ਨਜ਼ਰ ਰੱਖਣ ਬਾਰੇ, ਵਿਉਪਾਰੀਆਂ ਤੇ ਨਜ਼ਰ ਰੱਖਣ ਬਾਰੇ, ਆਫ਼ਤ ਆਉਣ ਵੇਲੇ ਕੀ ਕਰਨਾ ਹੈ, ਅਤੇ ਖੁਫ਼ੀਆ ਆਮਦਨ ਵਾਲਿਆਂ ਤੋਂ ਪ੍ਰਜਾ ਨੂੰ ਕਿਸ ਤਰ੍ਹਾਂ ਬਚਾਉਣਾ ਹੈ, ਅਤੇ ਮੁਜਰਮਾਂ ਨੂੰ ਸਜ਼ਾ ਬਾਰੇ ਬੜੇ ਵਿਸਥਾਰ ਨਾਲ ਤੱਤ ਕੱਢੇ ਗਏ ਹਨ ਅਤੇ ਕਾਇਦੇ ਕਾਨੂੰਨ ਦੱਸੇ ਗਏ ਹਨ। ਦਸਵਾਂ ਅਧਿਆਇ ਖ਼ਾਸ ਤੌਰ ਤੇ ਜੰਗ ਲੜਣ ਬਾਰੇ ਹੈ। ਇਸ ਵਿਚ ਰਾਜਾ ਨੂੰ ਜੰਗ ਦੀ ਤਿਆਰੀ ਲਈ ਕੀ ਕਰਨਾ ਚਾਹੀਦਾ ਹੈ, ਪ੍ਰਜਾ ਨੂੰ ਕੀ ਕਰਨਾ ਚਾਹੀਦਾ ਹੈ, ਫ਼ੌਜ ਨੂੰ ਕਿਸ ਤਰ੍ਹਾਂ ਇਕੱਠੇ ਕਰਨਾ ਚਾਹੀਦਾ ਹੈ ਅਤੇ ਕਿਸ ਤਰ੍ਹਾਂ ਹੱਲਾ ਬੋਲਣਾ ਚਾਹੀਦਾ ਹੈ ਅਤੇ ਫਿਰ ਕਿਸ ਤਰ੍ਹਾਂ ਦੁਸ਼ਮਣ ਨੂੰ ਹੂੰਝਾ ਫੇਰਨਾ ਚਾਹੀਦਾ ਹੈ ਅਤੇ ਜੰਗ ਬਾਰੇ ਹੋਰਨਾਂ ਵਿਸ਼ਿਆਂ ਤੇ ਤਫ਼ਸੀਲ ਨਾਲ ਦੱਸਿਆ ਗਿਆ ਹੈ:

*ਯੰਤ੍ਰਰੁਪਨਿਸ਼ਦਯੋਗੈਸਤੀਕਸ਼ਣੈਵਿਰਸਾਕਤਘਾਤੀਭਿ*
*ਮਾਯਾਭਿਰਦੇਵਸੰਯੋਗੈਹ ਸ਼ਕਰੈਹਰਸਤਿਭੀਸ਼ਣੈਹ।*[9]।

---

[8] ਅਥਰਵੇਦ ੨-੨੪,੩-੧-੩ ਅਤੇ ਹੋਰ

[9] ਅਰਥਸ਼ਾਸਤਰ ੧੦-੪੮

*ਦੁਸ਼ਮਣ ਦੇ ਦਿਲ ਵਿਚ ਹਰ ਤਰ੍ਹਾਂ ਦੇ ਹਥਿਆਰ, ਜੰਤਰ ਅਤੇ ਵਿਦਿਆ ਨਾਲ, ਹਾਥੀਆਂ ਨੂੰ ਡਰਾ ਕੇ ਅਤੇ ਹੋਰਨਾਂ ਤਰੀਕਿਆਂ ਨਾਲ ਦਹਿਸ਼ਤ ਫੈਲਾਉਣੀ ਚਾਹੀਦੀ ਹੈ।*

ਰਾਮਾਇਣ ਅਤੇ ਮਹਾਭਾਰਤ ਵੀ ਪ੍ਰਜਾ ਦੇ ਸੁੱਖ ਅਤੇ ਰੱਖਿਆ ਲਈ ਲੋੜੀਂਦੇ ਯੁੱਧ ਨੂੰ ਪ੍ਰਜਾ ਅਤੇ ਰਾਜੇ ਦਾ ਧਰਮ ਦੱਸਦੇ ਹਨ।

*ਰਿਤਵਜਹ ਕੁੰਜਰਾਸਤਤ੍ਰ ਵਾਜਿਨੋਅਧਵਰਯਵਸਤਥਾ*
*ਹਵ੍ਰੀਸ਼ੀ ਪਰਮਾਂਸਾਨੀ ਰੂਧਿਰਮ ਤਵਾਜਯਮਉਚਯਤੇ।।*[10]

*ਇਸ ਯੁੱਧ ਦੇ ਯੱਗ ਵਿਚ ਹਾਥੀ ਰਿਤਵਜ ਹਨ ਘੋੜੇ ਅਧਰਵੂ ਹਨ ਅਤੇ ਦੁਸ਼ਮਣਾਂ ਦਾ ਮਾਸ ਹਵਿਸ਼ ਹੈ ਅਤੇ ਉਨ੍ਹਾਂ ਦਾ ਲਹੂ ਘਿਉ ਹੈ।*

*ਪ੍ਰਾਸਤੋਮਰਘਾਤਾਹ ਖਡਗਸ਼ਕਤੀਪਰਸ਼ਵਾਧਾਹ*
*ਜਵਲੰਤੋਨਿਸ਼ੀਤਾਹ ਪੀਤਾਹ ਸਤ੍ਰਤਚਸਤਸਯਾਥ ਸਤ੍ਰਿਣਹ*[11]

*ਪ੍ਰਾਸ, ਤੋਮਰ, ਖ਼ੜਗ, ਸ਼ਕਤੀ, ਫ਼ਰਸੇ ਵਗੈਰਾ ਚਮਚਮਾਂਉਦੇ ਤਿੱਖੇ ਅਤੇ ਪਾਣੀਦਾਰ ਸ਼ਸਤ੍ਰ ਯੱਗ ਕਰਨ ਵਾਲੇ ਲਈ ਸਤੁਰਕ ਦਾ ਕੰਮ ਕਰਦੇ ਹਨ।*

*ਵੇਦੀਰਯਸਯ ਤਵਮੀਤ੍ਰਾਣਾਮ ਸ਼ਿਰੋਭਯਾਸ਼ਚ ਪ੍ਰਕੀਰਯਤੇ*
*ਅਸ਼ਵਸਕੰਧੈਗਰਜਸਕੰਧੈਸਤਸਯ ਲੋਕਾ ਯਥਾ ਮਮ।।*[12]

*ਜਿਸਦੇ ਯੁੱਧ ਯੱਗ ਦੀ ਵੇਦੀ, ਦੁਸ਼ਮਣਾਂ ਦੇ ਮੱਥੇ, ਘੋੜਿਆਂ ਦੀ ਗਰਦਨਾਂ ਅਤੇ ਹਾਥੀਆਂ ਦੇ ਮੋਢਿਆਂ ਨਾਲ ਬਣਦੀ ਹੈ, ਉਸ ਬਹਾਦਰ ਇਨਸਾਨ ਨੂੰ ਸੁਰਗ ਮਿਲਦਾ ਹੈ।*

*ਯਸਤੁ ਸੇਨਾਪਤੀ ਹਤਵਾ ਤਦਧਾਨਮਧਿਰੋਹਤੀ*
*ਸ ਵਿਸ਼ਣੁਵਿਕ੍ਰਮਕ੍ਰਾਮੀ ਬਰਿਹਸਪਤੀਸਮਹ ਪ੍ਰਭੁ।।*[13]

*ਜਿਹੜਾ ਯੋਧਾ ਦੁਸ਼ਮਣ ਦੇ ਸੈਨਾਪਤੀ ਨੂੰ ਮਾਰ ਕੇ ਉਸ ਦੇ ਰੱਥ ਤੇ ਸਵਾਰ ਹੋ ਜਾਂਦਾ ਹੈ ਉਹ ਭਗਵਾਨ ਵਿਸ਼ਣੂ ਵਾਂਗ ਜ਼ੋਰ ਵਾਲਾ, ਬ੍ਰਹਿਸਪਤੀ ਵਾਂਗ ਸਿਆਣਾ ਅਤੇ ਬਹਾਦਰ ਸਮਝਿਆ ਜਾਂਦਾ ਹੈ।*

*ਸੰਭ੍ਰਤਯ ਮਹਤੀਂ ਸੇਨਾਂ ਚਤੁਰੰਗਾਂ ਯੁਧਿਸ਼ਟਰ*

---

10 ਮਹਾਭਾਰਤ ਸ਼ਾਂਤੀ ਪਰਵ ੯੮-੧੫
11 ਸ਼ਾਂਤੀਪਰਵ ੯੮-੧੭
12 ਸ਼ਾਂਤੀਪਰਵ ੯੮-੩੬
13 ਸ਼ਾਂਤੀਪਰਵ ੯੮-੪੨

*ਸਾਮਨੈਵ ਵਰਤਯੇਹ ਪ੍ਰਯਤੇਥਾਸਤਤੋ ਯੁਧਿ।।*[14]

ਯੁਧਿਸ਼ਟਰ ਬਹੁਤ ਵੱਡੀ ਚਤੁਰੰਗਣੀ ਫੌਜ ਇਕੱਠੀ ਕਰ ਲੈਣ ਦੇ ਬਾਅਦ ਵੀ ਤੈਨੂੰ ਪਹਿਲਾਂ ਸਾਮ ਜਾਂ ਸੰਜਮ ਨਾਲ ਸੁਲਾਹ ਕਰਨ ਦੀ ਕੋਸ਼ਿਸ਼ ਹੀ ਕਰਨੀ ਚਾਹੀਦੀ ਹੈ। ਜੇ ਉਹ ਕਾਮਯਾਬ ਨਾ ਹੋਵੇ ਤਾਂ ਫੇਰ ਯੁੱਧ ਕਰਨਾ ਚਾਹੀਦਾ ਹੈ।

ਪੰਚਤੰਤ੍ਰ ਵੀ ਦੁਸ਼ਮਣ ਨਾਲ ਨਜਿੱਠਣ ਲਈ ਕਹਿੰਦਾ ਹੈ:

*ਜਾਤਮਾਤਰਮ ਨ ਯਹ ਸ਼ਤਰੂ ਵਯਾਧੀ ਚ ਪ੍ਰਸ਼ਮਮ ਨਯੇਤ*
*ਮਹਾਬਲੋਅਪਿ ਤੇਨੈਵ ਬ੍ਰਿਧੀ ਪ੍ਰਾਪਯ ਸ ਹਨਯਤੇ।।*[15]

*ਜਿਹੜਾ ਆਪਣੇ ਦੁਸ਼ਮਣ ਅਤੇ ਰੋਗ ਦੇ ਪੈਦਾ ਹੁੰਦੇ ਹੀ ਉਸਦਾ ਨਾਸ ਨਹੀਂ ਕਰਦਾ ਉਹ ਬਹੁਤ ਤਾਕਤਵਰ ਹੋਣ ਦੇ ਬਾਵਜੂਦ ਵੀ ਦੁਸ਼ਮਣ ਅਤੇ ਰੋਗ ਹੱਥੋਂ ਮਾਰਿਆ ਜਾਂਦਾ ਹੈ।*

*ਪਿਤ੍ਰਪੈਤਾਮਹਮ ਸਥਾਨਮ ਯੋ ਯਸਯਾਤ੍ਰ ਜਿਗੀਸ਼ਤੇ*
*ਸ ਤਸਯ ਸਹਜਹ ਸ਼ਤਰੂਛੇਦਯੋਪਿ ਪ੍ਰਿਯ ਸਿਥਤਹ।।*[16]

*ਜੋ ਬਾਪ ਦਾਦੇ ਦੀ ਥਾਂ ਨੂੰ ਹੜਪੱਣਾ ਚਾਹੁੰਦਾ ਹੈ ਉਹ ਭਾਵੇਂ ਦੋਸਤ ਹੀ ਕਿਉਂ ਨਾ ਹੋਵੇ ਉਸਦੀ ਜੜ੍ਹ ਵੱਢ ਦੇਣੀ ਚਾਹੀਦੀ ਹੈ ਕਿਓਂਕਿ ਉਹ ਦੁਸ਼ਮਣ ਹੈ।*

ਧਾੜਵੀਆਂ, ਹਮਲਾਵਰਾਂ ਅਤੇ ਜਾਬਰਾਂ ਦੇ ਖ਼ਿਲਾਫ਼ ਯੁੱਧ ਪੰਜਾਬੀਆਂ ਦੀ ਜ਼ਿਹਨੀਅਤ ਦਾ ਇਕ ਹਿੱਸਾ ਬਣ ਗਿਆ ਹੈ। ਸਿਕੰਦਰ ਦੇ ਖ਼ਿਲਾਫ਼ ਅਤੇ ਉਸਦੇ ਬਾਅਦ ਹਰੇਕ ਧਾੜਵੀ ਅਤੇ ਹਮਲਾਵਰ ਦੇ ਖ਼ਿਲਾਫ਼ ਅਤੇ ਜਾਬਰ ਦੇ ਖ਼ਿਲਾਫ਼ ਪੰਜਾਬੀਆਂ ਨੇ ਹਥਿਆਰ ਚੁੱਕੇ। ਪੰਜਾਬ ਦਾ ਇਤਿਹਾਸ ਪਿਛਲੇ ਦੋ ਹਜ਼ਾਰ ਸਾਲਾਂ ਤੋਂ ਧਾੜਵੀਆਂ ਦੇ ਹਮਲਿਆਂ, ਜ਼ੁਲਮ ਅਤੇ ਲੁੱਟ ਦੇ ਖ਼ਿਲਾਫ਼ ਜੰਗ ਦਾ ਇਤਿਹਾਸ ਹੈ। ਜ਼ੁਲਮ ਖ਼ਿਲਾਫ ਲੜਾਈਪ੍ਰਜਾ ਦਾ ਬੁਨਿਆਦੀ ਹੱਕ ਅਤੇ ਰਾਜਤੰਤ੍ਰ ਦਾ ਫ਼ਰਜ਼ ਹੈ। ਇਸੇ ਲਈ ਕਿਹਾ ਗਿਆ ਹੈ ਕਿ ਜਿਹੜਾ ਰਾਜ ਅਤੇ ਰਾਜਤੰਤ੍ਰ ਪ੍ਰਜਾ ਦਾ ਸੁੱਖ ਅਤੇ ਰੱਖਿਆ ਮੁਹੱਇਆ ਨਹੀਂ ਕਰ ਸਕਦਾ ਉਸ ਰਾਜਤੰਤ੍ਰ ਨੂੰ ਸਾਮ, ਦਾਮ, ਭੇਦ ਅਤੇ ਡੰਡੇ ਨਾਲ ਖ਼ਤਮ ਕਰਕੇ ਨਵਾਂ ਰਾਜ ਅਤੇ ਰਾਜਤੰਤ੍ਰ ਕਾਇਮ ਕਰਨਾ ਪ੍ਰਜਾ ਦਾ ਧਰਮ ਅਤੇ ਫ਼ਰਜ਼ ਹੈ।

---

14 ਸ਼ਾਂਤੀਪਰਵ ੧੦੨-੧੬
15 ਮਿਤ੍ਰਭੇਦ ੩੯੫
16 ਮਿਤ੍ਰਭੇਦੜ ੯੬

ਦੁਸ਼ਮਣ ਖ਼ਿਲਾਫ਼ ਲੜਾਈ ਆਖ਼ੀਰ ਵਿਚ ਹੀ ਦੱਸੀ ਗਈ ਹੈ। ਮਸਲਾ ਹੱਲ ਕਰਨ ਲਈ ਲੜਾਈ ਤੋਂ ਪਹਿਲਾਂ ਹਰ ਤਰ੍ਹਾਂ ਦਾ ਯਤਨ ਕਰਨ ਦੀ ਲੋੜ ਹੈ।

*ਸਾਮਨੈਵ ਯਤ੍ਰ ਸਿਧਿਨਮ ਤਤ੍ਰ ਦੰਡੋ ਬੁਧੇਨ ਵਿਨਿਯੋਜਯਹ*
*ਪਿਤਮ ਯਦਿ ਸ਼ਰਕਰਯਾ ਸ਼ਾਮਯਤੀ ਕੋਅਰਥਹ ਪਟੋਲੇਨ*[17]

*ਜਿਥੇ ਸ਼ਾਂਤੀ ਨਾਲ ਹੀ ਕੰਮ ਸਿੱਧ ਹੋ ਸਕਦਾ ਹੋਵੇ ਉਥੇ ਡੰਡਾ ਨਾ ਵਰਤਿਆ ਜਾਵੇ। ਜੇ ਪਿੱਤ ਦਾ ਇਲਾਜ ਸ਼ੱਕਰ ਨਾਲ ਹੋ ਸਕਦਾ ਹੈ ਤਾਂ ਜ਼ਹਿਰ ਦੇਣਾ ਬੇਕਾਰ ਹੈ, ਕੋਈ ਸਿਆਣਪ ਨਹੀਂ ਹੈ।*

ਮੁੱਢ ਕਦੀਮ ਤੋਂ ਹੀ ਪੰਜਾਬੀਆਂ ਦੀ ਸ਼ਾਂਤੀ ਲਈ ਅਰਦਾਸ ਹੈ। ਇਹ ਕਾਇਨਾਤ ਦੀ ਹਰ ਤਾਕਤ ਨਾਲ ਸ਼ਾਂਤੀ ਹੀ ਪਸੰਦ ਕਰਦੇ ਹਨ। ਯਜੁਰਵੇਦ ਵਿਚ ਕਿਹਾ ਗਿਆ ਹੈ:

*ਦਿਔ ਸ਼ਾਂਤੀਰੰਤਰਿਕਸ਼ ਸ਼ਾਂਤੀਹ ਪ੍ਰਿਥਵੀਸ਼ਾਤੀਰਾਪਹ ਸ਼ਾਂਤੀਰੌਸ਼ਧਯਹ ਸ਼ਾਂਤੀਹ।*
*ਵਨਸਪਤਯਹ ਸ਼ਾਂਤੀਰਵਿਸ਼ਵੇਦੇਵਾਹ ਸ਼ਾਂਤੀਰਬ੍ਰਹਮ ਸ਼ਾਂਤੀਹ ਸਰਵਮ ਸ਼ਾਂਤੀਹ ਸ਼ਾਂਤੀਰੇਵ ਸ਼ਾਂਤੀਹ ਸਾ ਮਾ ਸ਼ਾਂਤੀਰੇਧੀ।।*[18]

*ਅਸਮਾਨ ਅਤੇ ਪੁਲਾੜ ਵਿਚ ਸ਼ਾਂਤੀ ਹੋਵੇ, ਧਰਤੀ ਤੇ ਸ਼ਾਂਤੀ ਹੋਵੇ, ਪਾਣੀ ਵਿਚ ਸ਼ਾਂਤੀ ਹੋਵੇ, ਦਰਖ਼ਤਾਂ ਅਤੇ ਬੂਟਿਆਂ ਨਾਲ ਸ਼ਾਂਤੀ ਹੋਵੇ। ਦੁਨੀਆਂ ਦੇ ਸਾਰੇ ਦੇਵਤਿਆਂ ਨਾਲ ਸ਼ਾਂਤੀ ਹੋਵੇ, ਬ੍ਰਹਮ ਨਾਲ ਸ਼ਾਂਤੀ ਹੋਵੇ, ਸਾਰਿਆਂ ਨਾਲ ਹੀ ਸ਼ਾਂਤੀ ਹੋਵੇ। ਪਰ ਇਸਦੇ ਨਾਲ ਹੀ ਜਦੋਂ ਗਲ ਅੜ ਹੀ ਜਾਵੇ ਤਾਂ ਬਹਾਦਰੀ ਨਾਲ ਜੰਗ ਕਰਨਾ ਪੰਜਾਬ ਦੇ ਪਾਣੀਆਂ ਚ ਘੁਲਿਆ ਹੋਇਆ ਹੈ।*

ਦੁੱਲਾ ਭੱਟੀ ਦੇ ਮੁਗਲਾਂ ਖ਼ਿਲਾਫ਼ ਯੁੱਧ ਦੀ ਕਹਾਣੀ ਦੱਸਦੀ ਹੈ:
*ਵੱਲ ਵੱਲ ਮਾਰਾਂ ਮੁਗਲਾਂ ਦੀਆਂ ਢਾਣੀਆਂ ਦੇਵਾਂ ਪੂਰ ਦੇ ਪੂਰ ਉਥੱਲ*
*ਮੈਂ ਬੱਦਲ ਬਣਾ ਦਿਆਂ ਧੂੜ ਦੇ ਤੇ ਕੋਟੀਂ ਉਮਰ ਥਰ ਥੱਲ*
*ਮੈਂ ਮਾਰ ਦਿਆਂ ਬੱਗੀ ਸ਼ੇਰ ਨੂੰ ਉਹਦੀ ਹੇਠ ਵਿਛਾਵਾਂ ਖੱਲ*
*ਮੈਂ ਚੜ ਕੇ ਘੋੜਾਂ ਫੇਰ ਲਾਂ ਮੇਰੀ ਜੱਗ ਤੇ ਰਹਿ ਜਾਉ ਗੱਲ*
*ਕੌਣ ਕਮੀਨਾ ਬਾਦਸ਼ਾਹ ਆਵੇ ਦੁੱਲੇ ਜੁਆਨ ਤੇ ਚੱਲ*

ਵਾਰਸ ਸ਼ਾਹ ਵੀ ਅਬਦਾਲੀ ਦੇ ਖ਼ਿਲਾਫ਼ ਲੜਾਈ ਬਾਰੇ ਦਸਦਾ ਹੈ:

---

[17] ਮਿਤ੍ਰਭੇਦ ੪੦੯
[18] ਯਜੁਰਵੇਦ ੩੬-੧੭-੧੮

*ਵਾਰਸ ਸ਼ਾਹ ਅਲੀ ਦੇ ਵਾਂਗ ਲੜਦਾ ਜਿਹੜਾ ਜ਼ਾਤ ਦੇ ਵਿਚ ਜ਼ੋਅਲਫਤਾਰ ਆਹਾ*

ਗੁਰੂ ਗੋਬਿੰਦ ਸਿੰਘ ਦਾ ਕੌਲ ਪੰਜਾਬੀ ਸੋਧ ਦਾ ਅਨਿਖ਼ੜਵਾਂ ਹਿੱਸਾ ਬਣ ਗਿਆ ਹੈ:

*ਚੂੰਕਾਰ ਅਜ਼ ਹਮਾ ਹੀਲਤੇ ਕਰ ਗੁਜ਼ੱਸ਼ਤ*
*ਹਲਾਲ ਅਸਤ ਬੁਰਦਨ ਵਾ ਸ਼ਮਸ਼ੀਰ ਦਸਤ*

ਭਾਵ ਕਿ ਜਦੋਂ ਹੋਰ ਸਾਰੇ ਹੀਲੇ ਜਾਂ ਤਰੀਕੇ ਨਾਕਾਮ ਹੋ ਜਾਣ ਤਾਂ ਉਸ ਵਕਤ ਤਲਵਾਰ ਚੁੱਕਣੀ ਜਾਇਜ਼ ਅਤੇ ਹਲਾਲ ਹੈ। ਪ੍ਰਜਾ ਅਤੇ ਰਾਜਾ ਲਈ ਡੰਡਾ ਜਾਂ ਲੜਾਈ ਸਭ ਤੋਂ ਆਖ਼ੀਰ ਵਿਚ ਹੀ ਵਰਤਣਾ ਦੱਸਿਆ ਗਿਆ ਹੈ। ਇਸੇ ਲਈ ਪੰਜਾਬ ਦੇ ਹਰ ਸਿਆਣੇ ਅਤੇ ਗਿਆਨਵਾਨ ਨੇ ਪਹਿਲਾਂ ਮਸਲਿਆਂ ਦਾ ਹੱਲ ਸ਼ਾਂਤੀ ਅਤੇ ਅਮਨ ਨਾਲ ਹੀ ਕਰਨ ਲਈ ਕਿਹਾ ਹੈ। ਜਦੋਂ ਹੋਰ ਸਾਰੇ ਸ਼ਾਂਤੀ ਦੇ ਤਰੀਕੇ ਕਾਮਯਾਬ ਨਾ ਹੋਣ ਤਾਂ ਲੜਾਈ ਜ਼ਰੂਰੀ ਅਤੇ ਵਾਜਿਬ ਦੱਸੀ ਗਈ ਹੈ।

ਗੁਰੂ ਗੋਬਿੰਦ ਸਿੰਘ ਜੀ ਦਾ ਇਹ ਵਾਕ ਵੀ ਇਸੇ ਭਾਵਨਾ ਨੂੰ ਦੱਸਦਾ ਹੈ:

*ਦੇਹਿ ਸ਼ਿਵਾ ਬਰੁ ਮੋਹਿ ਇਹੈ ਸੁਭ ਕਰਮਨ ਤੇ ਕਬਹੂੰ ਨ ਟਰੋਂ*
*ਨਾ ਡਰੋਂ ਅਰਿ ਸੋਂ ਜਬ ਜਾਇ ਲਰੋਂ ਨਿਸਚੈ ਕਰਿ ਅਪੁਨੀ ਜੀਤ ਕਰੋਂ*
*ਅਰੁ ਸਿਖਹੋਂ ਆਪਨੇ ਹੀ ਮਨ ਕੋ ਇਹ ਲਾਲਚ ਹਉ ਗੁਨ ਤਉ ਉਚਰੋਂ*
*ਜਬ ਆਵ ਕੀ ਅਉਧ ਨਿਦਾਨ ਬਨੈ ਅਤਿ ਹੀ ਰਨ ਮੈਂ ਤਬ ਜੂਝ ਮਰੋਂ*

ਸ਼ਾਹ ਮੁਹਮੰਦ ਅੰਗ੍ਰੇਜ਼ ਖਿਲਾਫ਼ ਜੰਗਨਾਮੇ ਵਿਚ ਲਿਖਦਾ ਹੈ:

*ਆਈਆਂ ਪਲਟਨਾਂ ਬੀੜ ਕੇ ਤੋਪਖ਼ਾਨੇ*
*ਅੱਗੋ ਸਿੰਘਾਂ ਨੇ ਪਾਸੇ ਤੋੜ ਸੁੱਟੇ।*
*ਮੇਵਾ ਸਿੰਘ ਤੇ ਮਾਘੇ ਖ਼ਾਂ ਹੋਏ ਸਿੱਧੇ*
*ਹੱਲੇ ਤਿਨ ਫਿਰੰਗੀ ਦੇ ਮੋੜ ਸੁੱਟੇ।*
*ਸ਼ਾਮ ਸਿੰਘ ਅਟਾਰੀ ਵਾਲੇ*
*ਬੰਨ੍ਹ ਸ਼ਸਤ੍ਰੀ ਜੋੜ ਵਿਛੋੜ ਸੁੱਟੇ।*
*ਸ਼ਾਹ ਮੁਹੰਮਦਾ ਸਿੰਘਾਂ ਨੇ ਗੋਰਿਆਂ ਦੇ*
*ਵਾਂਗ ਨਿੰਬੂਆਂ ਲਹੂ ਨਿਚੋੜ ਸੁੱਟੇ।*

ਬਾਬਾ ਰਾਮ ਸਿੰਘ, ਅਹਿਮਦ ਖ਼ਾਨ ਖਰਲ ਅਤੇ ਹੋਰ ਦੇਸ਼ ਭਗਤਾਂ ਨੇ ਪੰਜਾਬੀ ਦਰਸ਼ਨ ਤੋਂ ਮਿਲਦੀ ਜ਼ੁਲਮ ਖ਼ਿਲਾਫ਼ ਲੜਾਈ ਦੀ

ਸੇਧ ਤੇ ਚੱਲਣ ਲਈ ਲੋਕਾਂ ਨੂੰ ਅੰਗ੍ਰੇਜ਼ਾਂ ਖ਼ਿਲਾਫ਼ ਲੜਨ ਲਈ ਲਾਮਬੰਦ ਕੀਤਾ ਕਿਉਂਕਿ ਅੰਗਰੇਜ਼ ਗੱਲਾਂ ਨਾਲ ਮੰਨਣ ਵਾਲੇ ਨਹੀਂ ਸੀ। ***'ਮੈਂ ਲੜਨਾ ਫਿਰੰਗੀ ਦੇ ਨਾਲ, ਮੈਂ ਜੀਣਾ ਦਿਹਾੜੇ ਚਾਰ'*** ਅੰਗ੍ਰੇਜ਼ਾਂ ਖ਼ਿਲਾਫ਼ ਜੰਗ ਦਾ ਨਾਅਰਾ ਬਣ ਗਿਆ।

ਗਦਰ ਪਾਰਟੀ, ਭਗਤ ਸਿੰਘ ਅਤੇ ਉਨ੍ਹਾਂ ਦੇ ਸਾਥੀਆਂ ਨੇ ਵੀ ਇਸ ਸੂਝ ਦੀ ਅਗਵਾਈ ਨਾਲ ਬਸਤੀਵਾਦੀ ਰਾਜਤੰਤ੍ਰ ਅਤੇ ਲੁੱਟ ਖਸੁੱਟ ਦੇ ਖ਼ਿਲਾਫ਼ ਹਥਿਆਰ ਚੁੱਕ ਲਏ। ਪੰਜਾਬੀ ਦਰਸ਼ਨ ਤੋਂ ਸੇਧ ਲੈ ਕੇ ਉਨ੍ਹਾਂ ਨੇ ਜ਼ੁਲਮ ਖ਼ਿਲਾਫ ਲੜਾਈ ਅਤੇ ਆਜ਼ਾਦੀ ਨੂੰ ਪਰਜਾ ਦਾ ਜੱਦੀ ਹੱਕ ਦੱਸਿਆ ਅਤੇ ਇਸ ਨਿਸਅਨਏ ਲਈ ਆਪਣੀਆਂ ਜਾਨਾਂ ਕੁਰਬਾਨ ਕਰ ਦਿੱਤੀਆਂ। **14** ਫਰਵਰੀ **1913** ਨੂੰ ਜਾਰੀ ਕੀਤਾ ਹੋਇਆ ***ਜੰਗ ਦਾ ਹੋਕਾ*** ਕਹਿੰਦਾ ਹੈ:

"ਫਰੰਗੀਆਂ ਨੇ ਸਾਡਾ ਪਿਆਰਾ ਦੇਸ਼ ਖੋਹ ਲਿਆ ਹੈ। ਸਾਡੇ ਵਪਾਰ ਤੇ ਕਾਰਖਾਨਿਆਂ ਨੂੰ ਬਰਬਾਦ ਕਰ ਦਿਤਾ ਹੈ। ਹਿੰਦੁਸਤਾਨ ਦੀ ਧਿੰਦਸਾਂ ਦਾ ਸਤਿਆਨਾਸ ਕਰ ਦਿਤਾ ਹੈ। ਹਿੰਦੁਸਥਾਨ ਦੀ ਦੌਲਤ ਨੂੰ ਲੁੱਟਕੇ ਉਥੇ ਕਾਲ ਤੇ ਪਲੇਗ ਫੈਲਾ ਦਿਤੀ ਹੈ। ਨੌ ਕਰੋੜ ਹਿੰਦੋਸਤਾਨੀ ਇਕ ਵਕਤ ਵੀ ਪੇਟ ਭਰਕੇ ਖਾਣਾ ਨਹੀਂ ਖਾ ਸਕਦੇ। ਤਿੰਨ ਕਰੋੜ ਆਦਮੀ ਕਾਲ ਨਾਲ ਮਰ ਗਏ ਹਨ। ਦਾਣਾ ਫੱਕਾ ਧੜਾ ਧੜ ਇੰਗਲੈਂਡ ਖਿਚੀ ਜਾਂਦੇ ਹਨ। ਸਾਰੀ ਬਦਮਾਸ਼ੀਆਂ ਦੀ ਜੜ੍ਹ ਅੰਗ ਰੇਜ਼ੀ ਗੌਰਮਿੰਟ ਨਾਲ ਲੜਨ ਵਾਸਤੇ ਇਕ ਫੌਜ ਤਿਆਰ ਕੀਤੀ ਜਾਵੇ। ਹੁੱਣ ਗੱਲਾਂ ਦਾ ਵੇਲਾ ਗਿਆ। ਹੁੱਣ ਜੰਗ ਦਾ ਵੇਲਾ ਆ ਗਿਆ ਹੈ। ਕਦ ਤਾਂਈ ਵੇਲਾ ਉੜੀਕ ਦੇ ਰਹੋਂਗੇ? ਕਦ ਤੱਕ ਦੁਨੀਆਂ ਤੁਸਾਂ ਨੂੰ ਗੁਲਾਮ ਤੇ ਕਮੀਨੇ ਕਹੂਗੀ? ਬਸ ਹੁਣ **15** ਫਰਵਰੀ ਦਿਨ ਐਤਵਾਰ ਨੂੰ ਸਟੌਕਟਨ ਵਿਚ ਬੜਾ ਭਾਰੀ ਕੱਠ ਕੀਤਾ ਜਾਉਗਾ। ਸਾਰੀ ਅਮਰੀਕਾ ਦੇ ਰੈਹਨ ਵਾਲੇ ਸਭ ਹਿੰਦੂ ਮੁਸਲਮਾਨਾਂ ਨੂੰ ਸੱਦਿਆ ਜਾਂਦਾ ਹੈ। ਹੁਣ ਅਰਜ਼ੀਆਂ ਭੇਜ ਕੇ ਜ਼ਾਲਮਾਂ ਦੇ ਪੈਰ ਚੁੰਮਣੇ ਛੱਡ ਦਤੇ ਹਨ। ਹੁਣ ਤਲਵਾਰ ਦੇ ਜ਼ੋਰ ਨਾਲ ਹੱਕ ਲਏ ਜਾਣਗੇ। ਹਿੰਦੁਸਤਾਨ ਵਿਚ ਜਾਕੇ ਗਦਰ ਕਰਨ ਦੀ ਖਾਤਰ ਫੌਜ ਭਰਤੀ ਹੋਊਗੀ। ਜਿਸ ਤਰ੍ਹਾਂ ਇਹ ਹੋਕਾਂ ਲਹੂ ਨਾਲ ਲਿਖਕੇ ਭੇਜਿਆ ਜਾਂਦਾ ਹੈ। ਉਸੇ ਤਰ੍ਹਾਂ ਹਿੰਦੁਸਤਾਨ ਦੀ ਭੂਮੀ ਪਰ ਅਪਣੇ ਅਤੇ ਅੰਗ ਰੇਜ਼ਾਂ ਦੇ ਲਹੂ ਨਾਲ ਅਜ਼ਾਦੀ ਦਾ ਅਖਸ਼ਰ ਲਿਖਿਆ ਜਾਊਗਾ। ਇਸ ਪਰੱਨ ਦੀ ਖਾਤਰ ਇਹ ਹੋਕਾ ਯੁਗਾਂਤਰਆਸ਼ਰਮ ਵਿਚੋਂ ਭੇਜਿਆ ਜਾਂਦਾ ਹੈ। ਇਹ ਕਾਗਦ ਨਹੀਂ ਹੈ। ਇਹ ਲੜਾਈ ਦਾ ਝੰਡਾ ਹੈ। ਇਸ ਨੂੰ ਦੇਖਦੇ ਸਾਰ ਸਾਰੇ ਕੰਮ ਕਾਜ ਛੱਡ ਕੇ ਆ ਜਾਵੋ। ਦੇਰ ਨਾ ਲਾਉਣੀ।" 'ਸੂਰਾ ਸੋਈ ਜਾਣੀਏ ਲੜੇ ਦੇਸ਼ ਕੇ ਹੇਤ। ਪੁਰਜ਼ਾ ਪੁਰਜ਼ਾ ਕਟ ਮਰੇ ਕਬਹੂੰ ਨਾ ਛਾੜੇ ਖੇਤ'

ਭਗਤ ਸਿੰਘ ਨੇ ਅੰਗ੍ਰੇਜ਼ਾਂ ਦੇ ਕਬਜ਼ੇ ਨੂੰ ਬਸਤੀਵਾਦ ਦੀ ਹਿੰਦੁਸਤਾਨ ਦੇ ਲੋਕਾਂ ਖਿਲਾਫ਼ ਜੰਗ ਦੱਸਿਆ ਅਤੇ ਕਚਿਹਰੀ ਵਿਚ ਕਿਹਾ[19]

*"ਪਹਿਲੀ ਗੱਲ ਇਹ ਹੈ ਕਿ ਅੰਗਰੇਜ਼ਾਂ ਅਤੇ ਹਿੰਦੁਸਤਾਨ ਦੇ ਲੋਕਾਂ ਵਿਚ ਜੰਗ ਲੱਗੀ ਹੋਈ ਹੈ। ਦੂਜੀ ਗੱਲ ਇਹ ਹੈ ਕਿ ਅਸੀਂ ਇਸ ਜੰਗੇ ਆਜ਼ਾਦੀ ਦੇ ਜੁਝਾਰੂ ਹਾਂ ਅਤੇ ਜੰਗੀ ਕੈਦੀ ਹਾਂ। ਅਸੀਂ ਇਹ ਗੱਲ ਡੰਕੇ ਦੀ ਚੋਟ ਤੇ ਕਹਿਨੇ ਹਾਂ ਕਿ ਇਹ ਜੰਗ ਉਸ ਸਮੇਂ ਤਾਂਈ ਜਾਰੀ ਰਹੂਗੀ ਜਦੋਂ ਤਾਂਈ ਹਿੰਦੁਸਤਾਨ ਦੇ ਲੋਕਾਂ ਦੀ ਮੇਹਨਤ ਅਤੇ ਹਿੰਦੁਸਤਾਨ ਦੇ ਕੁਦਰਤੀ ਸਾਧਨਾਂ ਦੀ ਲੁਟ ਥੋੜੇ ਜਿਹੇ ਲਹੂ ਪੀਣ ਵਾਲੇ ਲੋਟੂ ਬੰਦ ਨਹੀਂ ਕਰਦੇ। ਇਹ ਲੋਟੂ ਭਾਂਵੇ ਅੰਗਰੇਜ਼ ਸਰਮਾਏਦਾਰ ਹੋਣ ਜਾਂ ਅੰਗਰੇਜ਼ ਅਤੇ ਹਿੰਦੁਸਤਾਨੀ ਸਰਮਾਏਦਾਰ ਆਪਸ ਵਿਚ ਮਿਲੇ ਹੋਣ, ਜਾਂ ਸਿਰਫ ਹਿੰਦੁਸਤਾਨੀ ਸਰਮਾਏਦਾਰ ਹੀ ਕਿਉਂ ਨਾ ਹੋਣ। ਇਹ ਲੋਟੂ ਇਹ ਲੁਟ ਖਸੁਟ ਭਾਵੇਂ ਅੰਗ ਰੇਜ਼ਾਂ ਦੇ ਇਦਾਰਿਆਂ ਨਾਲ ਜਾਂ ਉਨ੍ਹਾਂ ਨਾਲ ਮਿਲੇ ਹੋਏ ਹਿੰਦੁਸਤਾਨੀ ਕਾਰਕੁਨਾਂ ਨਾਲ ਇਹ ਲੁੱਟ ਖਸੁਟ ਕਰਦੇ ਹਨ, ਸਾਨੂੰ ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ। ਭਾਂਵੇ ਤੁਹਾਡੀ ਸਰਕਾਰ ਕੁਝ ਵਡੇਰਿਆਂ ਅਤੇ ਅਮੀਰਾਂ ਦੇ ਲੀਡਰਾਂ ਨੂੰ ਕੁਝ ਟੁਕੜੇ ਪਾਕੇ ਖਰੀਦ ਲੈਂਦੀ ਹੈ, ਅਤੇ ਲੋਕਾਂ ਨੂੰ ਕੁਰਾਹੇ ਪਾਉਣ ਦੀ ਕੋਸ਼ਿਸ਼ ਕਰਦੀ ਹੈ। ਸਾਨੂੰ ਇਸ ਗੱਲ ਦਾ ਕੋਈ ਫਰਕ ਨਹੀਂ ਪੈਂਦਾ ਕਿ ਇਸ ਗੱਲ ਨਾਲ ਲੋਕਾਂ ਦੀ ਮੁਕਤੀ ਦੀ ਲਹਿਰ ਤੇ ਵਕਤੀ ਤੌਰ ਤੇ ਸੱਟ ਲਗਦੀ ਹੈ। ਸਾਨੂੰ ਇਸ ਗੱਲ ਦਾ ਵੀ ਕੋਈ ਫਰਕ ਨਹੀਂ ਪੈਦਾ ਕਿ ਹਿੰਦੁਸਤਾਨ ਦੀ ਮੁਕਤੀ ਦੀ ਲਹਿਰ ਦੇ ਹਰਿਆਵਲ ਦਸਤੇ ਨੂੰ, ਇਨਕਲਾਬੀ ਪਾਰਟੀ ਨੂੰ, ਇਨਕਲਾਬ ਦੇ ਭਗੌੜੇ ਲੜਾਈ ਦਾ ਮੈਦਾਨ ਛੱਡ ਕੇ ਚਲੇ ਜਾਂਦੇ ਹਨ। ਭਾਂਵੇ ਸਾਡੇ ਮੁਕੱਦਮੇ ਚ' ਜ਼ਾਤੀ ਤੌਰ ਤੇ ਸਾਡੇ ਲਈ ਇਨ੍ਹਾਂ ਲੀਡਰਾਂ ਨੇ ਹਮਦਰਦੀ ਵਿਖਾਈ ਹੈ ਅਤੇ ਅਸੀਂ ਉਨ੍ਹਾਂ ਦੇ ਸ਼ੁਕਰਗੁਜ਼ਾਰ ਹਾਂ, ਪਰ ਅਸੀਂ ਉਨ੍ਹਾਂ ਦੀ ਗਿਰਾਵਟ ਨੂੰ ਭੁੱਲ ਨਹੀਂ ਸਕਦੇ ਕਿ ਇਨ੍ਹਾਂ ਲੀਡਰਾਂ ਨੇ ਤੁਹਾਡੀ ਸਰਕਾਰ ਨਾਲ ਸਮਝੌਤੇ ਅਤੇ ਸੌਦੇਬਾਜ਼ੀ ਵਿਚ ਉਨ੍ਹਾਂ ਬਹਾਦੁਰ ਅਤੇ ਬੇਘਰ, ਗਰੀਬ ਔਰਤਾਂ ਦਾ ਜ਼ਿਕਰ ਤੱਕ ਵੀ ਨਹੀਂ ਕੀਤਾ ਜੋ ਕਿ ਇਨਕਲਾਬੀ ਪਾਰਟੀ ਨਾਲ ਸੰਬੰਧ ਰਖਦੀਆਂ ਹਨ ਅਤੇ ਜਿਨ੍ਹਾਂ ਨੂੰ ਇਹ ਲੀਡਰ ਆਪਣਾ ਤੇ ਆਪਣੇ ਅਹਿੰਸਾ ਦੇ ਫਿਰਕੇ ਦੇ ਦੁਸ਼ਮਣ ਸਮਝਦੇ ਹਨ। ਇਨ੍ਹਾਂ ਬਹਾਦਰ ਔਰਤਾਂ ਨੇ ਆਪਣਾ ਘਰਬਾਰ, ਬੱਚੇ, ਸੱਭ ਕੁਝ ਦੇਸ਼ ਦੀ ਖਾਤਰ ਬੇਝਿਜਕ ਕੁਰਬਾਨ ਕਰ ਦਿਤਾ ਹੈ। ਇਨ੍ਹਾਂ ਔਰਤਾਂ ਨੂੰ ਤੁਸੀਂ ਤੇ ਤੁਹਾਡੀ ਸਰਕਾਰ ਮੁਜਰਿਮ ਕਰਾਰ ਦਿੰਦੀ ਹੈ। ਸਾਨੂੰ ਇਸ ਗੱਲ ਦਾ ਭੋਰਾ ਵੀ ਫਰਕ ਨਹੀਂ ਪੈਂਦਾ ਕਿ ਤੁਹਾਡੇ ਏਜੰਟ ਬਹੁਤ ਘਟੀਆ ਅਤੇ ਫਾਹਸ਼ ਇਲਜ਼ਾਮ ਇਨ੍ਹਾਂ ਦੇ ਪਵਿੱਤਰ ਚਾਲ ਚਲਣ ਤੇ ਉਨ੍ਹਾਂ ਦੀ ਪਾਰਟੀ ਦਾ ਵੁਕਾਰ ਅਤੇ ਸ਼ਾਨ ਘਟਾਉਣ ਲਈ ਲਾਂਉਦੇ ਹਨ। ਸਾਡੀ ਜੰਗ ਜਾਰੀ ਰਹੇਗੀ। ਅਸੀਂ ਲੜਦੇ ਹੀ ਰਹਾਂਗੇ।*

---

[19] ਭਗਤ ਸਿੰਘ ਦਾ ਮੁਕੱਦਮਾ

*ਇਹ ਜੰਗ ਹਾਲਾਤ ਦੇ ਮੁਤਾਬਿਕ ਵੱਖਰੀ ਸ਼ਕਲ ਲੈਂਦੀ ਰਹੇਗੀ। ਕਦੇ ਇਹ ਖੁਲ੍ਹੇ ਤੌਰ ਤੇ ਹੋਵੇਗੀ ਕਦੇ ਇਹ ਲੁਕੀ ਹੋਈ ਹੋਵੇਗੀ। ਕਦੇ ਇਹ ਹਲਚਲ ਦਾ ਰੂਪ ਲਵੇਗੀ ਕਦੇ ਇਹ ਜ਼ਿੰਦਗੀ ਅਤੇ ਮੌਤ ਦੀ ਲੜਾਈ ਹੋਵੇਗੀ। ਇਹ ਗੱਲ ਤੁਹਾਡੇ ਤੇ ਮਨੱਸਰ ਹੈ ਕਿ ਇਹ ਲੜਾਈ ਕਿਹੜਾ ਰੂਪ ਲੈਵੇਗੀ ਸ਼ਾਂਤਮਈ ਜਾਂ ਲਹੂਲੁਹਾਨ। ਪਰ ਇਹ ਜੰਗ ਜਾਰੀ ਰਹੇਗੀ ਭਾਂਵੇ ਤੁਸੀਂ ਜਿਹੜੇ ਮਰਜ਼ੀ ਨੈਤਿਕ ਅਤੇ ਇਖ਼ਲਾਕੀ ਭੁਲੇਖੇ ਪਾਉਣ ਦੀ ਕੋਸ਼ਿਸ਼ ਕਰੋ। ਇਹ ਲੜਾਈ ਵਧੇਰੇ ਜੋਸ਼ ਅਤੇ ਜ਼ੋਰ ਨਾਲ ਜਾਰੀ ਰਹੇਗੀ ਜਿਨਾਂ ਚਿਰ ਹਿੰਦੁਸਤਾਨ ਵਿਚ ਇਕ ਸੋਸ਼ਲਿਸਟ ਰਿਪੱਬਲਿਕ ਨਹੀਂ ਕਾਇਮ ਹੋ ਜਾਂਦਾ ਅਤੇ ਮੌਜੂਦਾ ਸਮਾਜੀ ਢਾਂਚੇ ਅਤੇ ਨਿਜ਼ਾਮ ਦਾ ਕਾਇਆ ਕਲਪ ਕਰਕੇ ਇਕ ਨਵਾਂ ਸਮਾਜ ਨਹੀਂ ਉਸਾਰਿਆ ਜਾਂਦਾ ਜਿਸ ਵਿਚ ਕਿਸੇ ਦੀ ਵੀ ਲੁੱਟ ਨਹੀਂ ਹੋਵੇਗੀ ਅਤੇ ਇਨਸਾਨ ਅਤੇ ਮਨੁੱਖਤਾ ਅਮਨ ਅਤੇ ਸ਼ਾਂਤੀ ਨਾਲ ਰਹਿਣਗੇ। ਥੋੜੇ ਹੀ ਸਮੇਂ ਵਿਚ ਇਹ ਆਖਰੀ ਲੜਾਈ ਲੜੀ ਜਾਵੇਗੀ ਅਤੇ ਫੈਸਲੇ ਹੋਣਗੇ।*

*ਸਰਮਾਏਦਾਰੀ ਅਤੇ ਸਾਮਰਾਜੀ ਲੁਟ ਦੇ ਦਿਨ ਗਿਣੇ ਚੁਣੇ ਹੀ ਰਹਿ ਗਏ ਹਨ। ਇਹ ਨਾ ਸਾਡੇ ਨਾਲ ਸ਼ੁਰੂ ਹੋਏ ਸੀ ਅਤੇ ਨਾ ਹੀ ਸਾਡੇ ਨਾਲ ਮੁੱਕਣਗੇ। ਇਹ ਇਕ ਇਤਿਹਾਸਕ ਦੌਰ, ਹਾਲਾਤ ਅਤੇ ਘਟਨਾਂਵਾਂ ਦਾ ਨਤੀਜਾ ਹੈ। ਸਾਡੀ ਛੋਟੀ ਜਿਹੀ ਕੁਰਬਾਨੀ ਇਸ ਲੜੀ ਦੀ ਇਕ ਕੜੀ ਹੀ ਹੋਵੇਗੀ ਜਿਸਨੂੰ ਜਤਿਨ ਦਾਸ ਦੀ ਮਹਾਨ ਕੁਰਬਾਨੀ, ਕਾਮਰੇਡ ਭਗਵਤੀ ਚਰਨ ਦੀ ਕੁਰਬਾਨੀ ਅਤੇ ਬਹਾਦਰ ਚੰਦਰਸ਼ੇਖ਼ਰ ਆਜ਼ਾਦ ਦੀ ਗੌਰਵਮਈ ਕੁਰਬਾਨੀ ਨੇ ਸਜਾਇਆ ਹੈ। "*

ਬਸਤੀਵਾਦੀਆਂ ਦੇ ਝੋਲੀ ਚੁੱਕਾਂ ਨੇ ਪੰਜਾਬੀ ਦਰਸ਼ਨ ਦੇ ਸੁੱਖ ਅਤੇ ਰੱਖਿਆ ਲਈ ਯੁੱਧ ਦੇ ਇਸ ਬੁਨਿਆਦੀ ਨੁਕਤੇ ਨੂੰ ਨਕਾਰ ਕੇ ਅੰਗ੍ਰੇਜ਼ ਬਸਤੀਵਾਦੀਆਂ ਅੱਗੇ ਹੱਥ ਜੋੜਣ ਅਤੇ ਮਿੰਨਤਾਂ ਦੀ ਵਕਾਲਤ ਕੀਤੀ ਅਤੇ ਉਨ੍ਹਾਂ ਨੇ ਬਸਤੀਵਾਦੀਆਂ ਦੀ ਹੀ ਦਲੀਲ ਦਿਤੀ ਕਿ ਅੰਗ੍ਰੇਜ਼ ਤਾਂ ਹਿੰਦੁਸਤਾਨ ਦੇ ਲੋਕਾਂ ਨਾਲ ਇਨਸਾਫ਼ ਕਰਨਾ ਚਾਹੁੰਦੇ ਹਨ ਅਤੇ ਹਿੰਦੁਸਤਾਨ ਦੀ ਤਰੱਕੀ ਲਈ ਅਦਾਰੇ ਬਣਾ ਰਹੇ ਹਨ। ਬਸਤੀਵਾਦੀ ਰਾਜਤੰਤ੍ਰ ਖ਼ਿਲਾਫ਼ ਲੜ ਰਹੀਆਂ ਤਾਕਤਾਂ ਨੇ ਜ਼ੁਲਮ ਸਾਮ੍ਹਣੇ ਗੋਡੇ ਟੇਕਣ ਦੀ ਨੀਤੀ ਨੂੰ ਰੱਦ ਕਰ ਦਿਤਾ।

ਪ੍ਰੋਫੈਸਰ ਮੋਹਨ ਸਿੰਘ ਨੇ ਆਪਣੀ ਕਵਿਤਾ ਵਿਚ ਇਸ ਨੂੰ ਬਹੁਤ ਚੰਗੀ ਤਰ੍ਹਾਂ ਦਰਸਾਇਆ ਹੈ:

*ਵਾਂਗਾਂ ਛੱਡ ਦੇ ਹੰਝੂਆਂ ਵਾਲੀਆਂ ਨੇ, ਪੈਰ ਧਰਨ ਦੇ ਮੈਨੂੰ ਰਕਾਬ ਉਤੇ*
*ਸਾਡੇ ਦੇਸ਼ ਤੇ ਪਈ ਐ ਭੀੜ ਭਾਰੀ ਟੁੱਟ ਪਏ ਨੇ ਵੈਰੀ ਪੰਜਾਬ ਉਤੇ*

ਪੰਜਾਬ ਦੀ ਵੰਡ ਦੇ ਬਾਅਦ ਵੀ ਪੰਜਾਬੀ ਸੂਬੇ ਦੀ ਲਹਿਰ, ਖ਼ੁਸ਼ਹੈਸੀਅਤੀ ਲਹਿਰ, ਨਕਸਲਬਾੜੀ ਲਹਿਰ ਅਤੇ ਸਰਕਾਰੀ ਦਹਿਸ਼ਤਗਰਦੀ ਖ਼ਿਲਾਫ਼ ਲਹਿਰ ਨੇ ਜ਼ੁਲਮ ਖ਼ਿਲਾਫ ਅਤੇ ਸੁੱਖ ਅਤੇ

ਰਾਖੀ ਲਈ ਯੁੱਧ ਅਤੇ ਜਦੋਜਹਿਦ ਦੀ ਰਵਾਇਤ ਨੂੰ ਕਾਇਮ ਰੱਖਿਆ ਹੈ। ਹਰਦਿਆਲ ਬੈਂਸ ਨੇ **1985** ਵਿਚ ***ਸ਼ਹੀਦਾਂ ਦਾ ਸੱਦਾ*** ਕਿਤਾਬ ਵਿਚ ਲਿਖਿਆ[20]:

*"ਸ਼ਹੀਦਾਂ ਦਾ ਸੱਦਾ ਅਤੇ ਲੋਕਾਂ ਦੀ ਮੰਗ ਇਨਕਲਾਬ ਹੈ। ਸੱਭ ਲੋਕੋ ਇੱਕ ਮੁੱਠ ਹੋਵੋ ਅਤੇ ਇਸ ਵਹਿਸ਼ੀ ਰਾਜ ਦਾ ਖ਼ਾਤਮਾ ਕਰਨ ਲਈ, ਜਿਸਨੇ ਲੋਕਾਂ ਲਈ ਇੰਨੇ ਕਸ਼ਟ ਲਿਆਂਦੇ ਅਤੇ ਭਿਆਨਕ ਜ਼ੁਲਮ ਕੀਤੇ, ਇਕ ਇਨਕਲਾਬੀ ਤੁਫਾਨ ਬਣ ਕੇ ਉਠੋ। ਸਾਡੇ ਲਈ ਇਹ ਜ਼ਰੂਰੀ ਹੈ ਕਿ ਅਸੀਂ ਸਾਰੇ ਹਿੰਦੁਸਤਾਨ ਦੇ ਲੋਕਾਂ ਦੀ ਰਾਖੀ ਲਈ ਸਰਗਰਮੀ ਵਿਚ ਇਕਮੁੱਠ ਹੋਈਏ, ਭਾਵੇਂ ਉਹ ਪੰਜਾਬ ਜਾਂ ਆਸਾਮ ਦੇ ਲੋਕ ਹੋਣ, ਜਾਂ ਬੰਬਈ ਦੀਆਂ ਕਪੜਾ ਮਿਲਾਂ ਦੇ ਘੋਲ ਕਰ ਰਹੇ ਮਜ਼ਦੂਰ, ਜਾਂ ਭੂਪਾਲ ਵਿਚ ਅਮਰੀਕੀ ਸਾਮਰਾਜੀਆਂ ਅਤੇ ਹਿੰਦੁਸਤਾਨੀ ਹਾਕਮ ਜਮਾਤਾਂ ਦਾ ਸ਼ਿਕਾਰ ਹੋਣ, ਅਤੇ ਚਾਹੇ ਉਹ ਕਿਸੇ ਵੀ ਧਰਮ ਜਾਂ ਫਿਰਕੇ ਦੇ ਹੋਣ।"*

---

[20] ਸ਼ਹੀਦਾਂ ਦਾ ਸੱਦਾ ੨੧੦

# ਕਾਲ ਅਤੇ ਸਮਾਂ

ਪੰਜਾਬ ਦੀ ਧਰਤੀ ਦੇ ਵਿਦਵਾਨਾਂ ਅਤੇ ਗਿਆਨੀਆਂ ਨੇ ਸਮੇਂ ਬਾਰੇ ਸ਼ੁਰੂ ਤੋਂ ਹੀ ਵਿਚਾਰ ਵਟਾਂਦਰੇ ਕੀਤੇ ਹਨ। ਸਮੇਂ ਨੂੰ ਪ੍ਰਜਾਪਤੀ, ਬਲਵਾਨ ਅਤੇ ਹੋਣਹਾਰ ਕਿਹਾ ਗਿਆ ਹੈ। ਇਸਨੂੰ ਕਾਲਚੱਕਰ ਵੀ ਕਿਹਾ ਗਿਆ ਹੈ ਤੇ ਇਸਦੇ ਮੁਤਾਬਿਕ ਹੀ ਹਰ ਘਟਨਾ ਵਾਪਰਦੀ ਦੱਸਦੇ ਹਨ।

ਰਿਗਵੇਦ ਵਿਚ ਕਾਲ ਜਾਂ ਸਮੇਂ ਦਾ ਵੇਰਵਾ ਇੰਜ ਕੀਤਾ ਗਿਆ ਹੈ:

*ਦਵਾਦਸ਼ਾਰਮ ਨਹਿ ਤੱਜਰਾਯ ਵਵੱਰਤੀਰ ਚਕ੍ਰਮ ਪਰਿ ਦਾਮ੍ਰਤਸਯ*
*ਆ ਪੁਤ੍ਰਾ ਅਗਨੇ ਮਿਥੁਨਾਸੋ ਅਤ੍ਰ ਸਪਤ ਸ਼ਤਾਨਿ ਵਿਸ਼ਤਿਸ਼ਚ ਤਸਥੁ।।*

*ਕਾਲ ਦੇ ਬਾਰਾਂ ਅੰਗ ਹਨ। ਇਹ ਇਕ ਚੱਕਰ ਵਾਂਗ ਸੂਰਜ ਦੇ ਹਰ ਪਾਸੇ ਹਮੇਸ਼ਾ ਮੌਜੂਦ ਹੈ। ਰਿਤਮ ਮੁਤਾਬਕ ਇਸ ਤੋਂ ਸੱਤ ਸੌ ਵੀਹ(720) ਤੱਤ ਪੁੱਤਾਂ ਵਾਂਗ ਪੈਦਾ ਹੁੰਦੇ ਹਨ।*

*ਪੰਚਪਾਦਮ ਪਿਤਰਮ ਦਵਾਦਸ਼ਾਕ੍ਰਿਤੀਮ ਦਿਵ ਆਹੁਹ ਪਰੇ ਅਰਧੇ ਪੁਰੀਸ਼ਣਮ*
*ਅਥੇਮੇ ਅਨਯ ਉਪਰੇ ਵਿਚਕਸ਼ਣਮ ਸਪਤਚਕ੍ਰੇ ਸ਼ਡਰਮ ਆਹੁਰਪਿਰਤਮ।।*

*ਇਸ ਦੇ ਪੰਜ ਪੈਰਕਸ਼ਣ(ਛਿਣ), ਮੁਹੂਰਤ, ਪ੍ਰਹਰ, ਦਿਵਸ, ਪਕਸ਼ਹਨ। ਪਿਤਾ ਵਾਂਗ ਪਾਲਣਹਾਰ ਬਾਰਾਂ ਮਹੀਨੇ ਇਸ ਦਾ ਆਕਾਰ ਹਨ। ਇਸ ਦੀਆਂ ਛੇ ਰੁਤਾਂ ਅਰਾਂ ਅਤੇ ਸੱਤ ਘੇਰੇ ਸੂਰਜ ਦੇ ਅਗਲੇ ਅੱਧੇ ਹਿੱਸੇ ਹਨ। ਗਿਆਨੀ ਨੂੰ ਇਹ ਜਾਨਣਾਂ ਚਾਹੀਦਾ ਹੈ।*

*ਪੰਚਾਰੇ ਚੱਕ੍ਰੇ ਪਰਿਵਰਤਮਾਨੇ ਤਸਮਿੱਨਾ ਤਸਥੁਰਭੁਵਨਾਨਿ ਵਿਸ਼ਵਾ*
*ਤਸਯਾ ਨਾਕਸ਼ਸਤਪਯਤੇ ਭੁਰਿਭਾਰਹ ਸਨਾਦੇਵ ਨ ਸ਼ੀਰਯਤੇ ਸਨਾਭਿਹ।।*

ਇਹ (ਕਾਲ ਦੇ ਚੱਕਰ ਵਿਚ) ਪੰਜ ਤੱਤ ਇਸ ਦੀਆਂ ਅਰਾਂ ਹਨ ਜੋ ਹਰ ਪਾਸੇ ਕਾਇਮ ਹਨ ਅਤੇ ਜਿਨ੍ਹਾਂ ਨਾਲ ਹਰ ਸ਼ੈਅ ਕਾਇਮ ਹੈ। ਇਹ ਹਰ ਚੀਜ਼ ਨੂੰ ਪਕੜ ਕੇ ਰਖਦਾ ਹੈ ਅਤੇ ਨਾਸ਼ ਨਹੀਂ ਹੁੰਦਾ।

*ਸਨੇਮਿ ਚਕ੍ਰਮਜਰਮ ਵਿ ਵਾਵਰਿਤ ਤੱਤਾਨਾਯਾਮ ਦਸ਼ ਯੁਕਤਾ ਵਹੰਤਿ*
*ਸੁਰਯਸਯ ਚਕਸ਼ੁਰਜਸੈਤਯਾਵਰਿਤਮ ਤਸਮਿੱਨਾਪਰਿਤਾ ਭੁਵਨਾਨਿ ਵਿਸ਼ਵਾ।।*

ਇਹ ਕਾਲ ਚੱਕਰ ਜਗਤ ਵਿਚ ਬਾਰ ਬਾਰ ਘੁੰਮਦਾ ਹੈ। ਇਸਨੂੰ ਦਸ ਪਰਾਣ ਵਗਾਂਉਦੇ ਹਨ। ਇਹ ਹੀ ਸੂਰਜ ਨੂੰ ਵਖਾਉਂਦਾ ਹੈ ਅਤੇ ਢਕਦਾ ਹੈ। ਇਹ ਹੀ ਸਾਰੇ ਭੁਵਨਾਂ (ਜ਼ਮੀਨ, ਤਾਰੇ, ਵਗੈਰਾ) ਨੂੰ ਥਾਪਦਾ ਹੈ ਅਤੇ ਬਣਾਉਂਦਾ ਹੈ। ਤੁਹਾਨੂੰ ਇਸ ਦਾ ਗਿਆਨ ਹੋਣਾ ਚਾਹੀਦਾ ਹੈ।

ਅਥਰਵਵੇਦ ਅਨੁਸਾਰ[21]:

*"ਕਾਲ ਇਕ ਘੋੜਾ ਹੈ। ਉਹ ਸਭ ਚੀਜ਼ਾਂ ਵਿਚ ਸਮਾਇਆ ਹੈ। ਉਹ ਹਜ਼ਾਰਾਂ ਖੇਤਾਂ ਵਾਲਾਂ ਅਤੇ ਸੱਤ ਕਿਰਣਾਂ ਵਾਲਾ ਹੈ। ਇਸ ਕਾਲ ਦੇ ਘੋੜੇ ਤੇ ਗਿਆਨੀ ਹੀ ਚੜ੍ਹ ਸਕਦੇ ਹਨ। ਇਹ ਚੱਕਰ ਵੀ ਹੈ। ਇਹ ਕਾਲ ਚੱਕਰ ਸਾਰੇ ਹੀ ਲੋਕਾਂ ਵਿਚ ਘੁੰਮਦਾ ਹੈ। ਰੁਤਾਂ ਇਸ ਦੀ ਧੱਨੀ ਹਨ, ਉਹ ਅਮਰ ਹੈ। ਇਹ ਬ੍ਰਹਮ ਅਤੇ ਜਗ ਰਚਨਾ ਕਰਨ ਵਾਲਾ ਹੈ। ਭੂਤ, ਵਰਤਮਾਨ ਅਤੇ ਭਵਿਖ ਸਭ ਕਾਲ ਤੇ ਹੀ ਨਿਰਭਰ ਹਨ। ਕਾਲ ਨਾਲ ਹੀ ਸੂਰਜਾਂ ਵਿਚ ਪ੍ਰਕਾਸ਼ ਹੁੰਦਾ ਹੈ। ਕਾਲ ਵਿਚ ਹੀ ਇੰਦਰੀਆਂ ਕਾਇਮ ਹਨ। ਕਾਲ ਵਿਚ ਹੀ ਪਰਾਣ ਰਹਿੰਦੇ ਹਨ। ਕਾਲ ਹੀ ਤਪ ਹੈ। ਕਾਲ ਵਿਚ ਹੀ ਬ੍ਰਹਮ ਕਾਇਮ ਹੈ। ਕਾਲ ਹੀ ਸਰਵੇਸ਼ਰ, ਸਭ ਦਾ ਪਿਤਾ ਪ੍ਰਜਾਪਤੀ ਹੈ। ਜਗਤ ਕਾਲ ਵਿਚ ਹੀ ਪੈਦਾ ਹੋਇਆ ਅਤੇ ਉਸ ਵਿਚ ਹੀ ਕਾਇਮ ਹੈ। ਕਾਲ ਨੇ ਹੀ ਪਹਿਲਾਂ ਪ੍ਰਜਾਪਤੀ ਨੂੰ ਪੈਦਾ ਕੀਤਾ ਜਿਸ ਨਾਲ ਸਾਰੀਆਂ ਹੀ ਪ੍ਰਜਾਵਾਂ ਪੈਦਾ ਹੋਈਆਂ। ਕਾਲ ਹੀ ਕਸ਼ਅਪ ਅਤੇ ਮਨੂ ਹੋਇਆ। ਕਾਲ ਨਾਲ ਹੀ ਪਾਣੀ, ਬ੍ਰਹਮ, ਤਪ, ਦਿਸ਼ਾਵਾਂ ਅਤੇ ਸੂਰਜ ਪੈਦਾ ਹੋਏ। ਕਾਲ ਨਾਲ ਹੀ ਸੂਰਜ ਢਲਦਾ ਹੈ ਅਤੇ ਹਵਾ ਚਲਦੀ ਹੈ। ਜ਼ਮੀਨ ਕਾਲ ਤੇ ਹੀ ਨਿਰਭਰ ਹੈ। ਕਾਲ ਨੇ ਹੀ ਅਸਮਾਨ ਨੂੰ ਪੈਦਾ ਕੀਤਾ। ਭੂਤ, ਵਰਤਮਾਨ ਅਤੇ ਭਵਿਖ ਕਾਲ ਦੇ ਹੀ ਪੁੱਤ ਹਨ। ਕਾਲ ਤੋਂ ਹੀ ਰਿਗਵੇਦ ਅਤੇ ਯਜੁਰਵੇਦ ਪੈਦਾ ਹੋਏ ਹਨ। ਕਾਲ ਨੇ ਜਗ ਪੈਦਾ ਕੀਤਾ ਹੈ। "*

ਮਹਾਭਾਰਤ[22] ਵਿਚ ਵਿਆਸ ਰਿਸ਼ੀ ਕਹਿੰਦੇ ਹਨ ਕਿ ਹਰ ਚੀਜ਼ ਸਮੇਂ ਕਰਕੇ ਹੀ ਹੁੰਦੀ ਹੈ:

*ਕਾਲੇਨ ਸ਼ੀਘ੍ਰਾਹ ਪ੍ਰਵਹੰਤੀ ਵਾਤਾਹ, ਕਾਲੇਨ ਵਿਰਸ਼ਟੀਰਜਲਦਾਨੁਪੈਤੀ*
*ਕਾਲੇਨ ਪਦਮੋਤਪਲਵੱਜਲਮ ਚ, ਕਾਲੇਨ ਪੁਸ਼ਯੰਤੀ ਵਨੇਸ਼ੁ ਵਰਿਕਸ਼ਾਹ।।*

*ਸਮੇਂ ਨਾਲ ਹੀ ਤੇਜ਼ ਹਵਾ ਚਲਦੀ ਹੈ, ਸਮੇਂ ਕਰਕੇ ਹੀ ਬੱਦਲ ਬਾਰਿਸ਼ ਕਰਦੇ ਹਨ ਅਤੇ ਵਕਤ ਨਾਲ ਹੀ ਪਾਣੀ ਵਿਚ ਕਮਲ ਅਤੇ ਉਤਪਲ ਪੈਦਾ ਹੁੰਦੇ ਹਨ। ਸਮੇਂ ਨਾਲ ਹੀ ਜੰਗਲ ਵਿਚ ਰੁੱਖ ਤਕੜੇ ਹੁੰਦੇ ਹਨ।*

*ਕਾਲੇਨ ਕ੍ਰਿਸ਼ਨਾਸ਼ਚ ਸਿਤਾਸ਼ਚਰਾਤ੍ਰਯਾਹ*
*ਕਾਲੇਨ ਚੰਦ੍ਰਾਹ ਪਰਿਪੁਰਣਬਿੰਬਹ*
*ਨਾਕਾਲਾਤਹ ਪੁਸ਼ਪਫਲਮ ਦ੍ਰੁਮਾਣਾਮ*
*ਨਾਕਾਲਵੇਗਾਹ ਸਰਿਤੋ ਵਹੰਤੀ*

*ਸਮੇਂ ਕਰਕੇ ਹੀ ਹਨੇਰੀਆਂ ਅਤੇ ਉੱਜਲੀਆਂ ਰਾਤਾਂ ਹੁੰਦੀਆਂ ਹਨ, ਸਮੇਂ ਨਾਲ ਹੀ ਚੰਦ ਦਾ ਮੰਡਲ ਪੂਰਾ ਹੁੰਦਾ ਹੈ। ਨਾ ਸਮਾਂ ਹੋਣ ਤੇ ਰੁਖਾਂ ਨੂੰ ਫੂਲ ਜਾਂ ਫਲ ਨਹੀਂ ਲਗਦੇ। ਸਮੇਂ ਬਿਨਾਂ ਦਰਿਆ ਵੀ ਤੇਜ਼ ਨਹੀਂ ਵਗਦੇ।*

---

[21] ਅਥਰਵਵੇਦ ੧੯-੫੩-੫੪

[22] ਸ਼ਾਂਤੀਪਰਵ ੨੫-੮-੧੧

*ਨਾਕਾਲਮੱਤਾਹ ਖਗਪੱਨਗਾਸ਼ਚ*
*ਮ੍ਰਿਗਦਿਵਪਾਹ ਸ਼ੈਲਮ੍ਰਿਗਾਸ਼ਚ ਲੋਕੇ*
*ਨਾਕਾਲਾਤਾਹ ਇਸਤ੍ਰੀਸ਼ੁ ਭਵੰਤੀ ਗਰਭਾ*
*ਨਾਯਾਂਤਯਕਾਲੇ ਸ਼ਿਸ਼ਿਰੋਸ਼ਣਵਰਸ਼ਾਹ।।*

*ਕੁਦਰਤ ਵਿਚ ਪੰਛੀ, ਸੱਪ, ਜੰਗਲੀ ਮਿਰਗ, ਹਾਥੀ ਅਤੇ ਪਹਾੜੀ ਮਿਰਗ ਵੀ ਸਮੇਂ ਬਗੈਰ ਮਸਤ ਨਹੀਂ ਹੁੰਦੇ। ਬੇਸਮੇਂ ਔਰਤਾਂ ਨੂੰ ਗਰਭ ਨਹੀਂ ਹੁੰਦਾ ਅਤੇ ਸਮੇਂ ਬਗੈਰ ਸਰਦੀ, ਗਰਮੀ ਅਤੇ ਬਾਰਿਸ਼ ਨਹੀਂ ਹੁੰਦੇ।*

*ਨਾਕਾਲਾਤੋ ਮ੍ਰਿਯਤੇ ਜਾਯਤੇ ਵਾ*
*ਨਾਕਾਲਾਤੋ ਵਿਹਾਯਰਤੇ ਚ ਬਾਲਹ*
*ਨਾਕਾਲਾਤੋ ਯੌਵਨਮਭਿਯੁਪੈਤੀ*
*ਨਾਕਾਲਾਤੋ ਰੋਹਤੀ ਬੀਜਮੁਪਤਮ।।*

*ਬੱਚਾ ਸਮਾਂ ਆਏ ਬਗੈਰ ਨਾ ਜੰਮਦਾ ਹੈ ਅਤੇ ਨਾ ਹੀ ਮਰਦਾ ਹੈ ਅਤੇ ਨਾ ਹੀ ਸਮੇਂ ਬਗੈਰ ਬੋਲਦਾ ਹੈ। ਬਿਨਾਂ ਸਮੇਂ ਦੇ ਜੁਆਨੀ ਨਹੀਂ ਆਉਂਦੀ ਅਤੇ ਸਮੇਂ ਬਗੈਰ ਬੀਜ ਵੀ ਨਹੀਂ ਉਗਦਾ।*

*ਪ੍ਰਸ਼ਨ ਉਪਨਿਸ਼ਦ*[23] *ਕਹਿੰਦਾ ਹੈ:*

*ਸੰਵਤਸਰੋ ਵੈ ਪ੍ਰਜਾਪਤਿਸਤਸਯਾਯਨੇ ਦਕਸ਼ਿਨਮ ਚੌਤਰਮ ਚ*

*ਇਹ ਸਾਲ ਹੀ ਪਰਜਾਪਤੀ ਹੈ ਇਸਦੇ ਦੋ ਰਾਹ ਹਨ ਉਤਰ ਵਾਲਾ ਅਤੇ ਦੱਖਣ ਵਾਲਾ*

*ਮਾਸੌ ਵਾ ਪ੍ਰਜਾਪਤਿਸਤਸਯਾ ਕ੍ਰਿਸ਼ਣਪਕਸ਼ ਏਵ ਰਯਿਹ ਸ਼ੁਕਲਹ ਪ੍ਰਣਸਤਸਮਾਦੇਤ ਰਿਸ਼ਯਹ ਸ਼ੁਕਲਮ ਈਸ਼ਟਮ ਕੁਰਵੰਤੀਤਰ ਇਤਰਿਸਮਨ।*

*ਮਹੀਨਾ ਪਰਜਾਪਤੀ ਹੈ ਇਸਦੇ ਦੋ ਪੱਖ ਹਨ ਹਨੇਰਾ ਅਤੇ ਚਾਨਣ। ਰਿਸ਼ੀ ਚਾਨਣ ਵਾਲੇ ਪੱਖ ਵਿਚ ਜੱਗ ਅਤੇ ਹੋਰ ਈਸ਼ਟ ਕੰਮ ਕਰਦੇ ਹਨ।*

ਪਤੰਜਲੀ ਰਿਸ਼ੀ ਯੋਗ ਸੂਤ੍ਰ[24] ਵਿਚ ਦਸਦੇ ਨੇ:

*ਏਤੇਨ ਭੁਤੇਦਿੰਦ੍ਰਯੇਸ਼ੁ ਧਰਮਲਕਸ਼ਣਾਵਸਥਾਪਰਿਣਾਮਾ ਵਿਯਾਖਾਤਾਹ*

*ਪੰਜ ਭੂਤਾਂ ਵਿਚ ਅਤੇ ਸਭ ਇੰਦਰੀਆਂ ਵਿਚ ਹੋਣ ਵਾਲੇ ਧਰਮ, ਲਕਸ਼ਣ ਅਤੇ ਅਵਸਥਾ ਪਰਿਣਾਮ(ਤਬਦੀਲੀ) ਕਹੇ ਜਾਂਦੇ ਹਨ।*

---

[23] ਪ੍ਰਸ਼ਨਉਪਨਿਸ਼ਦ ੯-੧੧
[24] ਯੋਗ ਸੂਤ੍ਰ ੩-੧੩-੧੫

*ਸ਼ਾਂਤੋਦਿਤਾਵਯਾਪਦੇਸ਼ਯਧਰਮਾਨੁਪਾਤੀ ਧਰਮੀ*

*ਭੂਤਕਾਲ, ਵਰਤਮਾਨ ਅਤੇ ਭਵਿਖ ਵਿਚ ਜੋ ਹਾਜ਼ਿਰ ਰਹਿੰਦਾ ਹੈ ਉਹ ਧਰਮੀ (ਸੱਤ)ਹੈ।*

*ਕ੍ਰਮਾਨਯਤਵੰ ਪਰਿਣਾਮਾਨਯਤਵੇ ਹੇਤੂਹ*

*ਕ੍ਰਮ(ਲੜੀਵਾਰ ਕਿਸੇ ਸ਼ੈ ਦਾ ਵਾਪਰਨਾ) ਦਾ ਵੱਖ ਹੋਣਾ ਹੀ ਪਰਿਣਾਮ ਵੱਖ ਹੋਣ ਦਾ ਕਾਰਣ ਹੈ।*

ਕਾਲ ਨਾਲ ਹੀ ਤਿੰਨ ਤਰ੍ਹਾਂ ਦੀਆਂ ਤਬਦੀਲੀਆਂ ਹੁੰਦੀਆਂ ਹਨ ਜਿਨ੍ਹਾਂ ਨੂੰ ਪਤੰਜਲੀ ਨੇ ਧਰਮ ਪਰਿਣਾਮ, ਲਕਸ਼ਣ ਪਰਿਣਾਮ ਅਤੇ ਅਵਸਥਾ ਪਰਿਣਾਮ ਕਿਹਾ ਹੈ। ਜਦੋਂ ਕਿਸੇ ਸ਼ੈਅ ਦਾ ਤੱਤ ਬਦਲ ਜਾਂਦਾ ਹੈ ਉਹ ਧਰਮ ਪਰਿਣਾਮ ਹੈ, ਜਦੋਂ ਉਸਦਾ ਰੂਪ ਬਦਲਦਾ ਹੈ ਤਾਂ ਉਹ ਲਕਸ਼ਣ ਪਰਿਣਾਮ ਹੈ ਅਤੇ ਜਦੋਂ ਉਸਦੀ ਅਵਸਥਾ ਬਦਲ ਜਾਂਦੀ ਹੈ ਜਿਵੇਂ ਕਿ ਬਚਪਨ ਤੋਂ ਜਵਾਨੀ, ਉਹ ਅਵਸਥਾ ਪਰਿਣਾਮ ਕਿਹਾ ਜਾਂਦਾ ਹੈ।

ਪਤੰਜਲੀ ਰਿਸ਼ੀ ਆਪਣੇ ਮਹਾਭਾਸ਼ਯਾ ਵਿਚ ਵੀ ਕਾਲ ਨੂੰ ਹੀ ਕਿਰਿਆ ਦੇ ਭੇਦ ਦਾ ਕਾਰਣ ਦਸਦਾ ਹੈ:

*ਕ੍ਰਿਯਾਭੇਦਯਾਕਾਲਸਤੂ*

*ਕ੍ਰਿਯਾ ਭੇਦ ਕਾਲ ਕਰਕੇ ਹੀ ਹੈ।*

ਕਾਲ ਅਤੇ ਸਮੇਂ ਬਾਰੇ ਭਵਿਸ਼ਿਯਾ ਪੁਰਾਣ[25] ਦੱਸਦਾ ਹੈ:

*ਜਿੰਨੇ ਚਿਰ ਵਿਚ ਅੱਖਾਂ ਅਠਾਰਾਂ ਵਾਰ ਝਪਕਦੀਆਂ ਹਨ ਉਸਨੂੰ ਕਾਸ਼ਠਾ ਕਹਿੰਦੇ ਹਨ। ਤੀਹ ਕਾਸ਼ਠਾਵਾਂ ਦੀ ਇਕ ਕਲਾ, ਤੀਹ ਕਲਾਵਾਂ ਦਾ ਇਕ ਛਿਣ, ਬਾਰਹਾਂ ਛਿਣਾਂ ਦਾ ਇਕ ਮ੍ਹੂਰਤ, ਤੀਹ ਮਹੂਰਤਾਂ ਦਾ ਇਕ ਦਿਨ ਰਾਤ, ਤੀਹ ਦਿਨ ਰਾਤਾਂ ਦਾ ਇਕ ਮਹੀਨਾ, ਦੋ ਮਹੀਨਿਆਂ ਦੀ ਇੱਕ ਰੁੱਤ, ਤਿੰਨ ਰੁੱਤਾਂ ਦਾ ਇਕ ਅਯਨ, ਦੋ ਅਯਨਾਂ ਦਾ ਇਕ ਸਾਲ ਹੁੰਦਾ ਹੈ।*
*ਕਈ ਲੱਖਾਂ ਸਾਲਾਂ ਦਾ ਇਕ ਯੁੱਗ ਹੁੰਦਾ ਹੈ। ਸਤਯੁੱਗ, ਤਰੇਤਾ, ਦਵਾਪਰ ਅਤੇ ਕਲਯੁਗ, ਚਾਰ ਯੁਗ ਹਨ। ਬ੍ਰਹਮਾਂ ਦਾ ਇਕ ਦਿਨ ਕਈ ਯੁਗਾਂ ਦਾ ਹੁੰਦਾ ਹੈ।*

---

[25] ਭਵਿਸ਼ਿਯਾਪੁਰਾਣ ੧

ਚਰਕ ਸੰਹਿਤਾ[26] ਵਿਚ ਕਾਲ ਨੂੰ ਨੌਂ ਦ੍ਰਵਾਂ ਵਿਚੋਂ ਇਕ ਦ੍ਰਵ ਦੱਸਿਆ ਗਿਆ ਹੈ:

*ਖਾਦੀਨਯਾਤਮਾ ਮਨਹ ਕਾਲੋ ਦਿਸ਼ਸ਼ਚ ਦ੍ਰਵਯਸੰਗ੍ਰਹਹ*

*ਆਕਾਸ਼, ਵਾਯੂ, ਅੱਗ, ਪਾਣੀ, ਆਤਮਾ, ਮਨ, ਕਾਲ ਅਤੇ ਦਿਸ਼ਾ ਇਹ ਨੌ ਦ੍ਰਵ ਹਨ।*

*ਕਾਲਬੁਧੀਇੰਦ੍ਰਯਾਰਥਾਨੰ ਯੋਗੋ ਮਿਥਿਯਾ ਨ ਚਾਤੀ ਚ*
*ਦਵਯਾਸ਼ਰਯਾਣਾਂ ਵਿਯਾਧਾਨਾਂ ਤ੍ਰਿਵਿਧੋ ਹੇਤੁਸੰਗ੍ਰਹਹ*

*ਮਨ ਅਤੇ ਸਰੀਰ ਦੇ ਰੋਗਾਂ ਦੇ ਤਿੰਨ ਕਾਰਨ ਹੁੰਦੇ ਹਨ। ਕਾਲ, ਬੁੱਧੀ ਅਤੇ ਇੰਦਰੀ ਵਿਸ਼ੇ ਦਾ ਗਲਤ ਯੋਗ, ਇਨ੍ਹਾਂ ਤਿੰਨਾਂ ਦਾ ਭੇੜ ਜਾਂ ਇਨ੍ਹਾਂ ਤਿੰਨਾਂ ਦੀ ਅੱਤ ਹੋਣੀ।*

ਇਕ ਚੰਗਾ ਵੈਦ[27] ਉਹ ਹੈ ਜੋ ਦੇਸ਼ ਕਾਲ ਮੁਤਾਬਿਕ ਦੁਆਈਆਂ ਦੇ ਨੁਸਖੇ ਜਾਣਦਾ ਹੈ:

*ਯੋਗਮਾਸਾਂ ਤੁ ਯੋ ਵਿਦਿਯਾਦਦੇਸ਼ਕਾਲੋਪਪਾਦਿਤਮ*

*ਜਿਹੜਾ ਇਨ੍ਹਾਂ ਦੁਆਈਆਂ ਦਾ ਦੇਸ਼ ਕਾਲ ਮੁਤਾਬਿਕ ਅਸਰ ਜਾਣਦਾ ਹੈ ਉਹ ਹੀ ਵਧੀਆ ਵੈਦ ਹੈ।*

*ਮਾਤ੍ਰਾਕਾਲਾਸ਼੍ਰਯਾ ਯੁਕਤਿਹ ਸਿਧਿਯੁਰੁਕਤੌ ਪ੍ਰਤਿਸ਼ਠਤਾ*[28]

*ਦੁਆਈਆਂ ਦਾ ਨੁਸਖਾ ਮਾਤਰਾ ਅਤੇ ਕਾਲ ਤੇ ਨਿਰਭਰ ਹੈ।*

ਰਿਸ਼ੀ ਭਰਤਰੀ ਵੀ ਵਾਕਯਾਪਦੀਯਮ[29] ਵਿਚ ਕਾਲ ਜਾਂ ਸਮੇਂ ਨੂੰ ਸਭ ਚੀਜ਼ਾਂ ਦਾ ਸੂਤਰਧਾਰ ਅਤੇ ਉਨ੍ਹਾਂ ਨੂੰ ਪੈਦਾ ਕਰਨ ਵਾਲਾ, ਕਾਇਮ ਰੱਖਣ ਵਾਲਾ ਅਤੇ ਖ਼ਤਮ ਕਰਨ ਵਾਲਾ ਦਸਦਾ ਹੈ:

*ਤਮ ਅਸਯ ਲੋਕਯੰਤਰਸਯ ਸੂਤ੍ਰਧਾਰਮ ਪ੍ਰਚਕਸ਼ਯਤੇ*

ਪੰਜਾਬੀ ਰਵਾਇਤ ਵਿਚ ਕਾਲ, ਜਾਂ ਸਮੇਂ ਨੂੰ ਮੌਤ ਵੀ ਕਿਹਾ ਗਿਆ ਹੈ ਕਿਉਂਕਿ ਹਰੇਕ ਸ਼ੈਅ ਸਮੇਂ ਨਾਲ ਆਉਂਦੀ ਅਤੇ ਜਾਂਦੀ ਵੇਖੀ

---

[26] ਚਰਕ ਸੰਹਿਤਾ ੧-੧-੪੭-੫੦
[27] ਚਰਕਸੰਹਿਤਾ ੧-੧-੧੨੧
[28] ਚਰਕ ਸੰਹਿਤਾ ੧-੨-੧੫
[29] ਵਾਕਯਾਪਾਦੀਅਮ ੩-੯-੧-੧੧੪

ਜਾਂਦੀ ਹੈ। ਹਰ ਚੀਜ਼ ਦਾ ਇਕ ਸਮਾਂ ਹੈ। ਇਸ ਲਈ ਇਸ ਨੂੰ ਜਮਕਾਲ ਵੀ ਕਿਹਾ ਗਿਆ ਹੈ ਜੋ ਉਹ ਦੈਤ ਹੈ ਜਿਹੜਾ ਹਰ ਸ਼ੈਅ, ਜਿਹੜੀ ਕਿ ਜੰਮੀ ਹੈ, ਨੂੰ ਖਾਣ ਲਈ ਤਿਆਰ ਹੀ ਖੜਾ ਹੈ ਅਤੇ ਕਿਸੇ ਵੀ ਛਿਣ ਖਾ ਜਾਵੇਗਾ। ਇਨਸਾਨ ਨੂੰ ਇਸ ਛਿਣ ਦਾ ਕੋਈ ਪਤਾ ਨਹੀਂ ਕਿ ਕਿਸ ਛਿਣ ਇਹ ਦੈਂਤ ਉਸਦਾ ਅੰਤ ਕਰ ਦੇਵੇਗਾ ਪਰ ਸਤਿਗੁਰ ਦੀ ਕਿਰਪਾ ਨਾਲ ਅਤੇ ਗਿਆਨ ਨਾਲ ਇਨਸਾਨ ਇਸ ਕਾਲ ਤੋਂ ਮੁਕਤ ਹੋ ਸਕਦਾ ਹੈ।

ਬਾਬਾ ਫ਼ਰੀਦ ਕਹਿੰਦਾ ਹੈ:

*ਫ਼ਰੀਦਾ ਦਰਿ ਦਰਵਾਜੈ ਜਾਇ ਕੈ ਕਿਉ ਡਿਠੋ ਘੜੀਆਲੁ*
*ਏਹੁ ਨਿਦੋਸਾਂ ਮਾਰੀਐ ਹਮ ਦੋਸਾਂ ਦਾ ਕਿਆ ਹਾਲੁ*
*ਬੇੜਾ ਬਧਿ ਨਾ ਸਕਿਉ ਬੰਧਨ ਕੀ ਵੇਲਾ*
*ਭਰਿ ਸਰਵਰੁ ਜਬ ਉਛਲੈ ਤਬ ਤਰਣੁ ਦੁਹੇਲਾ*
*ਹਥੁ ਨ ਲਾਇ ਕਸੁੰਭੜੇ ਜਲਿ ਜਾਸੀ ਢੋਲਾ*
*ਇਕ ਆਪੀਨੈ ਪਤਲੀ ਕਹ ਕੇਰੇ ਬੋਲਾ*
*ਦੁਧੀ ਥਣੀ ਨ ਆਵਈ ਫਿਰ ਹੋਇ ਨ ਮੇਲ।*
*ਕਹੈ ਫ਼ਰੀਦੁ ਸਹੇਲੀਹੁ ਸਹੁ ਅਲਾਇਸੀ*
*ਹੰਸ ਚਲਸੀ ਡੁੰਮਣਾ ਅਹਿ ਤਨੁ ਢੇਰੀ ਥੀਸੀ।*
*ਫ਼ਰੀਦਾ ਦਰੀਆਵੈ ਕੰਨ੍ਹੈ ਬਗੁਲਾ ਬੈਠਾ ਕੇਲ ਕਰੇ*
*ਕੇਲ ਕਰੇਦੇ ਹੰਝ ਨੋ ਅਚਿੰਤੇ ਬਾਜ ਪਏ*
*ਗੰਢੇਦਿਆਂ ਛਿਅ ਮਾਹ ਤੁੜੇਦਿਆਂ ਹਿਕੁ ਖਿਨੋ*
*ਜਿਮੀ ਪੁਛੈ ਆਸਮਨ ਫਰੀਦਾ ਕਵਣਟ ਕਿੰਨਿ ਗਏ*
*ਜਿਤ ਦਿਹਾੜੇ ਨਧ ਵਰੀ ਸਾਹੇ ਲਏ ਲਿਖਾਇ*
*ਮਲਕੁ ਜਿ ਕੰਨੀ ਸੁਣੀਦਾ ਮੁਹੁ ਦੇਖਾਲੇ ਆਇ*
*ਜਿੰਦੁ ਨਿਮਾਣੀ ਕਢੀਐ ਹਅਦ ਕੁ ਕੜਕਾਇ*
*ਸਾਹੇ ਲਿਖੇ ਨ ਚਲਨੀ ਜਿੰਦੂ ਕੂ ਸਮਝਾਇ*
*ਫ਼ਰੀਦਾ ਜਾਂ ਤਉ ਖਟਣ ਵੇਲ ਤਾਂ ਤੂ ਰਤਾ ਦੁਨੀ ਸਿਉ*
*ਮਰਗ ਸਵਾਈ ਨੀਹਿ ਜਾਂ ਭਰਿਆ ਤਾਂ ਲਦਿਆ*
*ਚਲਿ ਚਲਿ ਗਈਆਂ ਪੰਖੀਆਂ ਜਿਨ੍ਹੀ ਵਸਾਏ ਤਲ*
*ਫਰੀ ਸਰੁ ਭਰੀਆ ਭੀ ਚਲਸੀ ਥਕੇ ਕਵਲ ਇਕਲ*
*ਫ਼ਰੀਦਾ ਪੰਖ ਪਰਾਹੁਣੀ ਦੁਨੀ ਸੁਹਾਵਾ ਬਾਗ*
*ਨਉਬਤਿ ਵਜੀ ਸੁਬਹ ਸਿਉ ਚਲਣ ਕਾ ਕਰਿ ਸਾਜ*

ਗੁਰਬਾਣੀ ਦੱਸਦੀ ਹੈ:

*ਜੋ ਉਪਜੈ ਸੋ ਕਾਲ ਸੰਘਾਰਿਆ*
*ਕਾਲ ਬਿਕਾਲੁ ਸਦਾ ਸਿਰਿ ਤੇਰੈ ਬਿਨੁ ਨਾ ਵੈਗਲਿ ਫੰਧਾ*
*ਜੀਵਣ ਮਰਣਾ ਜਾਇ ਕੈ ਏਥੈ ਖਾਜੈ ਕਾਲਿ ॥*
*ਬੀਸ ਸਪਤਾਹਰੋ ਬਾਸਰੋ ਸੰਗ੍ਰਹੈ ਤੀਨਿ ਖੋੜਾ ਨਿਤ ਕਾਲੁ ਸਾਰੈ ॥*
*ਜਿਨਾ ਸਤਿਗੁਰੁ ਪੁਰਖੁ ਨ ਭੇਟਿਓ ਸੇ ਭਾਗਹੀਣ ਵਸਿ ਕਾਲ ॥*

*ਕੂਦਮ ਕਰੇ ਪਸੁ ਪੰਖੀਆ ਦਿਸੈ ਨਾਹੀ ਕਾਲੁ ॥*
*ਕੀਤੇ ਕਾਰਣਿ ਪਾਕੜੀ ਕਾਲੁ ਨ ਟਲੈ ਸਿਰਾਹੁ ॥1॥*
*ਭਾਈ ਰੇ ਇਉ ਸਿਰਿ ਜਾਣਹੁ ਕਾਲੁ ॥*
*ਸਭੁ ਜਗੁ ਬਾਧੋ ਕਾਲ ਕੋ ਬਿਨੁ ਗੁਰ ਕਾਲੁ ਅਫਾਰੁ ॥*
*ਤਿਥੈ ਕਾਲੁ ਨ ਸੰਚਰੈ ਜੋਤੀ ਜੋਤਿ ਸਮਾਇ ॥6॥*
*ਤਿਥੈ ਕਾਲੁ ਨ ਅਪੜੈ ਜਿਥੈ ਗੁਰ ਕਾ ਸਬਦੁ ਅਪਾਰੁ ॥7॥*
*ਹੁਕਮੀ ਕਾਲੈ ਵਸਿ ਹੈ ਹੁਕਮੀ ਸਾਚਿ ਸਮਾਹਿ ॥*
*ਸਬਦੁ ਪਛਾਣੈ ਰਵਿ ਰਹੈ ਨਾ ਤਿਸੁ ਕਾਲੁ ਸੰਤਾਇ ॥*
*ਸਭ ਜਗ ਮਹਿ ਦੇਹੀ ਫੇਰੀਐ ਬਿਨੁ ਨਾਵੈ ਸਿਰਿ ਕਾਲ*
*ਸਹਜੇ ਕਾਲ ਵਿਡਾਰਿਆ ਸਚ ਸਰਣਾਈ ਪਾਇ*
*ਕਾਲ ਜਾਲੁ ਜਮੁ ਜੋਹਿ ਸਾਕੈ ਭਅਇ ਭਗਤਿ ਭੈ ਤਰਨਾ*
*ਕਹੁ ਨਾਨਕ ਦੂਜੇ ਪਹਰੈ ਪ੍ਰਾਣੀ ਤਿਸੁ ਕਾਲ ਨ ਕਬਹੂੰ ਖਾਇ*
*ਗੁਰੁਮੁਖਿ ਮਰੈ ਨ ਕਾਲ ਨ ਖਾਏ ਗੁਰੁਮੁਖਿ ਸਚਿ ਸਮਾਵਣਿਆ*
*ਗੁਰਮਤੀ ਕਾਲ ਨ ਆਵੈ ਨੇੜੈ ਜਾ ਹੋਵੈ ਦਾਸਨਿ ਦਾਸਾ*
*ਕਾਲ ਬੁਰਾ ਖੈ ਕਾਲੁ ਸਿਰਿ ਦੁਨੀਆਈਐ*
*ਸਚਾ ਸਬਦੁ ਬੀਚਾਰਿ ਕਾਲ ਵਿਧਉਸਿਆ*
*ਬਿਨ ਨਾਵੈ ਬਾਧੀ ਸਭ ਕਾਲ*
*ਇਤ ਉਤ ਮਨਮੁਖ ਬਾਧੇ ਕਾਲ*
*ਸਭ ਜਗੁ ਕਾਲ ਵਸਿ ਹੈ ਬਾਧਾ ਦੂਜੇ ਭਾਇ*
*ਜਿਹ ਕਾਲ ਕੈ ਮੁਖਿ ਜਗਤੁ ਸਭੁ ਗ੍ਰਾਸਿਆ ਗੁਰ ਸਤਿਗੁਰ ਕੈ ਬਚਨਿ ਹਰਿ ਹਮ ਬਾਚੇ*
*ਹਰਿ ਸਿਮਰਿ ਸਿਮਰਿ ਕਾਟਿਆ ਭਉ ਕਾਲ*
*ਕਾਲ ਨ ਛੋਡੈ ਬਿਨੁ ਗੁਰ ਕੀ ਸੇਵਾ*
*ਮਰੇ ਨ ਜਨਮੈ ਕਾਲ ਨ ਖਾਇ*
*ਗੁਰ ਸੇਵਾ ਕਰਉ ਫਿਰਿ ਕਾਲ ਨ ਖਾਇ*
*ਅੰਧਾ ਨ ਬੂਝੈ ਕਾਲ ਨੇੜੇ ਆਇਆ*
*ਗੁਰ ਉਪਦੇਸਿ ਕਾਲ ਸਿਉ ਜੁਰੈ*

ਸ਼ਾਹ ਹੁਸੈਨ ਵੀ ਸਮੇਂ ਦੇ ਬਲਵਾਨ ਹੋਣ ਦੀ ਗੱਲ ਕਰਦਾ ਹੈ:

*ਇਕ ਦਿਨ ਤੈਨੂੰ ਸੁਪਨਾ ਥੀਸਣ*
*ਗਲੀਆਂ ਬਾਬਲ ਵਾਲੀਆਂ ਵੋ*
*ਉੱਡ ਗਏ ਭੌਰ ਫੁਲਾਂ ਦੇ ਕੋਲੋਂ*
*ਸਣ ਪੱਤਰ੍ਹਾਂ ਸਣ ਡਾਲੀਆਂ ਵੋ*

*ਚਿੜੀ ਜਿੰਦਗੀ ਕਾਲ ਸਿਚਾਣਾ*
*ਜਿਸ ਦਿਨ ਬੈਠਾ ਲਾਇ ਧਿਆਨਾ*
*ਉਹ ਅਜ ਕਲ ਤੈਨੂੰ ਫਸਾਂਦਾ ਈ*

*ਇਸ ਦਮ ਦਾ ਵੋ ਕੀ ਭਰਵਾਸਾ*
*ਰਹਿਮ ਸਰਾਈਂ ਰਾਤ*

*ਅਨੀ ਜਿੰਦੇ ਮੈਡੜੀਏ*
*ਤੇਰਾ ਨਲੀਆਂ ਦਾ ਵਖਤ ਵਿਹਾਣਾ*

*ਸਮਝ ਨਿਦਾਨੜੀਏ*
*ਤੇਰਾ ਵੈਦਾ ਵਖਤ ਵਿਹਾਂਦਾ*
*ਇਹਿ ਦੁਨੀਆਂ ਦੁਇ ਚਾਰਿ ਦਿਹਾੜੇ*
*ਦੇਖਦਿਆਂ ਲਦ ਜਾਂਦਾ*

*ਸੁਣ ਤੋ ਨੀ ਕਾਲ ਮਰੇਦਾ ਈ*
*ਹਰਿ ਭਜ ਲੈ ਗਾਹਕ ਵੈਂਦਾ ਈ*

*ਮੀਰ ਮਲਕੁ ਪਾਤਿਸ਼ਾਹੁ ਸ਼ਾਹਜ਼ਾਦੇ*
*ਝੁਲਦੇ ਨੇਜ਼ੇ ਵਜਦੇ ਵਾਜੇ*
*ਵਿਚ ਘੜੀ ਫ਼ਨਾਹਿ ਕਰੇਦਾ ਈ।*

*ਕੋਠੇ ਮੰਮਟੁ ਤੇ ਚਉਬਾਰੇ*
*ਵਸਿ ਵਸਿ ਗਏ ਕਈ ਲੋਕੁ ਵਿਚਾਰੇ*
*ਇਕ ਪਲਕ ਨ ਰਹਿਣੇ ਦੇਂਦਾ ਈ*

*ਗੋਇਲੜਾ ਦਿਨ ਚਾਰਿ ਕੁੜੈ*
*ਸਈਆਂ ਖੇਡਣ ਆਈਆਂ ਨੀ*

*ਘੜੀ ਇਕ ਦੇ ਮਿਜਮਾਨ ਮੁਸਾਫਰ*
*ਪਈਆਂ ਤਾਂ ਰਹਿਣ ਸਰਾਈਂ*
*ਕੋਟਾਂ ਦੇ ਸਿਕਦਾਰ ਸੁਣੀਦੇ*
*ਅੱਖੀਂ ਦਿਸਦੇ ਨਾਹੀਂ*

ਵਾਰਸ ਸ਼ਾਹ ਹੋਰੀਂ ਵੀ ਕਹਿੰਦੇ ਨੇ:

*ਗਈ ਉਮਰ ਤੇ ਵਕਤ ਨਹੀਂ ਮੁੜਦੇ ਗਏ ਕਰਮ ਤੇ ਭਾਗ ਨ ਆਂਉਦੇ ਨੀ*
*ਗਈ ਲਹਿਰ ਸਮੰਦਰੋਂ ਤੀਰ ਛੁੱਟਾ ਗਏ ਮਜ਼ੇ ਤੇ ਸਮੇਂ ਨ ਆਓਦੇ ਨੀ*

*ਵਕਤ ਮੌਤ ਦਾ ਮੰਨਿਆ ਅੰਬੀਆ ਨੇ ਉਥੋਂ ਕਿਸੇ ਨ ਸੁਖ਼ਨ ਦੁਹਰਾਇਆ ਈ*
*ਤੇਰੇ ਮਾਲ ਨੂੰ ਧਾੜਵੀ ਉਹ ਪਿਆ ਜਿਸ ਤੋਂ ਕਦੀ ਨ ਕਿਸੇ ਛੁਡਾਇਆ ਈ*

*ਵਾਰਸ ਸ਼ਾਹ ਵਿਸਾਹ ਕੀ ਏਸ ਦਮ ਦਾ ਐਵੇ ਰਾਇਗਾਂ ਉਮਰ ਕਿਉਂ ਹਾਰਨੇ ਹਾਂ*

ਮੀਆਂ ਮੁਹੰਮਦ ਬਖ਼ਸ਼ ਸਮੇਂ ਬਾਰੇ ਇਹ ਕਹਿੰਦਾ ਹੈ:

*ਬਾਸ਼ਕ ਨਾਗ ਅਸਮਾਨ ਅਸਾਂ ਪਰ, ਗਜ਼ਬੋਂ ਕੁੰਡਲ ਮਾਰੇ*
*ਆਦਮੀਆਂ ਨੂੰ ਡੰਗਣ ਕਾਰਨ ਛਜਲੀ ਨਿਤ ਖਿਲਾਰੇ*

*ਕੁੰਡਲ ਘਤ ਕੀਤਾ ਇਸ ਕੈਦੀ ਕਿਸ ਰਾਹੋਂ ਨੱਸ ਜਾਈਏ*
*ਹਰ ਦਮ ਫ਼ਿਕਰ ਅਸਾਡੇ ਲਗਾ ਕਰਦਾ ਖਾਈਏ ਖਾਈਏ*

*ਸੈਂਕੜਿਆਂ ਵਿਚ ਇਕਸ ਕਿਸੇ ਪਰ ਰਹਿਮ ਨਹੀਂ ਇਸ ਭਾਈ*
*ਡੰਗ ਇਸਦੇ ਥੀਂ ਕੋਈ ਨ ਖ਼ਾਲੀ ਹਰ ਇਕ ਨੂੰ ਡਸ ਜਾਈ*

*ਜ਼ੁਲਮ ਇਹਦੇ ਥੀਂ ਕੋਈ ਨ ਛੁੱਟਾ ਹਰ ਨੂੰ ਫਟ ਕੀਤੋਸੁ*
*ਜ਼ਖਮ ਘਣੇ ਤੇ ਮਰਹਮ ਨ ਕੋਈ ਨ ਬੰਨ੍ਹ ਪੱਟੀ ਸੀਤੋਸੁ*

*ਵੈਰੀ ਦਗਾ ਕਮਾਵਣ ਕਾਰਨ ਖੇਡਾਂ ਕਰ ਕਰ ਦਸਦਾ*
*ਸੋਗ ਦਸੇ ਬਣ ਨੀਲਾ ਦਿਹੇਂ ਰਾਤੀਂ ਖਿੜ ਖਿੜ ਹਸਦਾ*

*ਰਾਤੀਂ ਬਣੇ ਬਰੇਡਾ ਚੰਬਾ ਸ਼ਇਰ ਦਿਹਾਂ ਇਕ ਰੰਗਾ*
*ਸ਼ੇਰ ਬਰੇਡੇ ਦੇ ਮੂੰਹ ਆਇਉਂ ਵੇ ਸੰਸਾਰ ਕਰੰਗਾ*

ਭਾਈ ਵੀਰ ਸਿੰਘ ਹੋਰੀਂ ਵੀ ਇਹੋ ਕਹਿੰਦੇ ਹਨ:

*ਰਹੀ ਵਾਸਤੇ ਘੱਤ*
*ਸਮੇਂ ਨੇ ਇੱਕ ਨ ਮੰਨੀ*
*ਫੜ ਫੜ ਰਹੀ ਧਰੀਕ*
*ਸਮੇਂ ਖਿਸਕਾਈ ਕੰਨੀ*
*ਕਿਵੇਂ ਨ ਸਕੀ ਰੋਕ*
*ਅਟਕ ਜੋ ਪਾਈ ਭੰਨੀ*
*ਤ੍ਰਿਖੇ ਅਪਣੇ ਵਗ*
*ਗਿਆ ਟਪ ਬੰਨੇ ਬੰਨੀ*
*ਹੋ! ਅਜੇ ਸਭਾਂਲ ਇਸ ਸਮੇਂ ਨੂੰ*
*ਕਰ ਸਫਲ ਉਡੰਦਾ ਜਾਂਵਦਾ*
*ਇਹ ਠਹਿਰਨ ਜਾਚ ਨ ਜਾਣਦਾ*
*ਲੰਘ ਗਿਆ ਨ ਮੁੜਕੇ ਆਂਵਦਾ*

ਪੰਜਾਬ ਦਾ ਇਕ ਲੋਕ ਗੀਤ ਸਮੇਂ ਬਾਰੇ ਇੰਜ ਕਹਿੰਦਾ ਹੈ:

*ਨਿੱਤ ਨਿੱਤ ਵਗਦੇ ਰਹਿਣਗੇ ਪਾਣੀ*
*ਅਤੇ ਨਿੱਤ ਪੱਤਣ ਤੇ ਮੇਲਾ*
*ਬਚਪਨ ਨਿੱਵ ਜਵਾਵੀ ਬਣਸੀ*
*ਅਤੇ ਨਿੱਤ ਕੱਤਣ ਦਾ ਵੇਲਾ*
*ਪਰ ਜੋ ਪਾਣੀ ਅੱਜ ਪੱਤਣੋਂ ਲੰਘਦਾ*
*ਪਰਤ ਨ ਆਂਉਦਾ ਭਲਕੇ*
*ਬੇੜੀ ਦਾ ਪੂਰ ਤ੍ਰਿੰਞਣ ਦੀਆਂ ਕੁੜੀਆਂ*
*ਫੇਰ ਨ ਬੈਠਣ ਰਲ ਕੇ*

ਪ੍ਰੋਫੈਸਰ ਮੋਹਨ ਸਿੰਘ ਸਮੇਂ ਦੇ ਗੇੜ ਬਾਰੇ ਲਿਖਦੇ ਹਨ:

*ਗਿੜੇ ਸਮੇਂ ਦੇ ਕਿਤਨੇ ਚੱਕਰ*
*ਬੀਤੇ ਜੁੱਗ ਹਜ਼ਾਰ*
*ਲੱਖਾਂ ਘੋਲ ਤੱਤਾਂ ਦੇ ਹੋਏ*
*ਜੁੜੇ ਟੁਟੇ ਕਈ ਵਾਰ*
*ਏਦਾਂ ਹੋਂਦ ਮੇਰੀ ਦਾ ਹੋਇਆ*
*ਖ਼ਾਕਾ ਜਿਹਾ ਤਿਆਰ*
*ਹਿਕੋ ਦਿਹਾੜਾ ਯਾਰ ਉਮਰ ਗੰਢ ਖੁਲ੍ਹ ਚਲੀ ਵੇ*
*ਹਿਕੋ ਰਾਤੜੀ ਪਿਆਰ ਕਥੂਰੀ ਰੁਲ ਚਲੀ ਵੇ*

ਨਜਮ ਹੁਸੈਨ ਸੈੱਯਦ ਲਿਖਦੇ ਨੇ:
*ਰੁੱਤ ਕਰਦੀ ਨਿਤ ਲੇਖਾ*
*ਰੁੱਤ ਪੜਦੀ ਆਪ ਪਹਾੜੇ*
*ਰੁਤ ਗਿਣਦੀ ਪੈਣ ਸਵਾਏ*
*ਮੋਟੇ ਛਿੱਲੜ ਇਕੋ ਹੱਥ ਬਹਾਰ ਦੀ*
*ਰੁੱਤ ਵੇਸ ਪੁਰਾਣੇ ਕਰਦੀ ਢੇਰੀਆਂ*
*ਨੰਗੇ ਬੰਦੇ ਕੱਢ ਕੱਢਪਾਲ ਖਲਹਾਰਦੀ*
*ਨੰਗਿਆਂ ਬੰਦਿਆਂ ਉਪਰੋਂ ਪਾਣੀ ਵਾਰਦੀ*

# ਪੰਜਾਬੀ ਦਰਸ਼ਨ ਵਿਚ ਔਰਤ

ਮੁੱਢ ਕਦੀਮ ਵਿਚ ਜਦੋਂ ਇਨਸਾਨ ਕਬੀਲਿਆਂ ਵਿਚ ਰਹਿਣ ਲੱਗਾ ਤਾਂ ਉਸ ਵੇਲੇ ਔਰਤਾਂ ਇਸ ਸਮਾਜ ਦੀ ਬੁਨਿਆਦ ਅਤੇ ਹੋਂਦ ਲਈ ਸਾਰਿਆਂ ਨਾਲੋਂ ਜ਼ਿਆਦਾ ਅਹਿਮੀਅਤ ਰੱਖਦੀਆਂ ਸਨ। ਇਸ ਸਮਾਜ ਨੂੰ ਆਪਣੇ ਜੀਣ ਥੀਣ ਲਈ ਅਤੇ ਕੁਦਰਤ ਨਾਲ ਨਜਿੱਠਣ ਲਈ ਨਫ਼ਰੀ ਜ਼ਿਆਦਾ ਵਧਾਉਣਾ ਬਹੁਤ ਜ਼ਰੂਰੀ ਸੀ। ਔਰਤਾਂ ਬੱਚੇ ਜਣਦੀਆਂ ਹਨ ਇਸ ਲਈ ਇਸ ਸਮਾਜ ਵਿਚ ਔਰਤਾਂ ਦੀ ਕਦਰ ਬਹੁਤ ਜ਼ਿਆਦਾ ਸੀ। ਇਸ ਸਮਾਜ ਵਿਚ ਔਰਤਾਂ ਦਾ ਬੋਲਬਾਲਾ ਸੀ ਅਤੇ ਰੱਬ ਦਾ ਤਸੱਵਰ ਅਤੇ ਖ਼ਿਆਲ ਵੀ ਇਕ ਔਰਤ ਅਤੇ ਮਾਂ ਦੇ ਰੂਪ ਵਿਚ ਉਲੀਕਿਆ ਗਿਆ। ਭਗਵਾਨ ਸ਼ਬਦ ਦਾ ਮਤਲਬ ਹੀ ਇਹ ਹੈ। ਦੇਵੀ ਮਾਂ ਦੀ ਪੂਜਾ ਕੀਤੀ ਜਾਂਦੀ ਸੀ। ਰਿਗਵੇਦ ਵਿਚ ਵੀ ਅਦੀਤੀ ਅਤੇ ਹੋਰਨਾਂ ਦੇਵੀਆਂ ਨੂੰ ਇਸ ਕਾਇਨਾਤ ਨੂੰ ਪੈਦਾ ਕਰਨ ਵਾਲੀਆਂ ਕਿਹਾ ਗਿਆ ਹੈ। ਹਿੰਦੁਸਤਾਨ ਦੇ ਬਹੁਤ ਵੱਡੇ ਖ਼ਿੱਤਿਆਂ ਵਿਚ ਅਜੇ ਵੀ ਇਹ ਪੂਜਾ ਜਾਰੀ ਹੈ। ਇਹ ਮੁੱਢ ਕਦੀਮ ਸਮਿਆਂ ਦੀ ਹੀ ਰੀਤ ਹੈ।

ਔਰਤਾਂ ਨੇ ਹੀ ਸਮਾਜ ਦੀਆਂ ਬੁਨਿਆਦੀ ਲੋੜਾਂ ਪੂਰੀਆਂ ਕਰਨ ਲਈ ਕਈ ਕਾਢਾਂ ਕੱਢੀਆਂ। ਜੰਗਲੀ ਜਾਨਵਰਾਂ ਨੂੰ ਪਾਲਤੂ ਬਣਾਉਣ ਦਾ ਕੰਮ ਔਰਤਾਂ ਨੇ ਹੀ ਸ਼ੁਰੂ ਕੀਤਾ ਅਤੇ ਇਸ ਨਾਲ ਇਸ ਸਮਾਜ ਨੂੰ ਖ਼ੁਰਾਕ ਬਾਰੇ ਇਕ ਹੱਦ ਤੱਕ ਆਪਣੇ ਪੈਰਾਂ ਤੇ ਖੜੇ ਹੋਣ ਵਿਚ ਮਦਦ ਮਿਲੀ। ਹਿੰਦੁਸਤਾਨ ਦੀ ਤਾਰੀਖ਼ ਵਿਚ ਇਹ ਕਾਢ ਦੁਰਗਾ ਦੀ ਸ਼ੇਰ ਦੀ ਸਵਾਰੀ ਵਿਚ ਯਾਦ ਕਰਕੇ ਦਿਖਾਈ ਜਾਂਦੀ ਹੈ। ਸ਼ੇਰ ਜੰਗਲ ਦਾ ਰਾਜਾ ਹੈ। ਦੁਰਗਾ ਉਸਦੀ ਸਵਾਰੀ ਕਰਦੀ ਦਿਖਾਈ ਜਾਂਦੀ ਹੈ ਜਿਹਦਾ ਮਤਲਬ ਇਹ ਹੀ ਸੀ ਕਿ ਔਰਤਾਂ ਨੇ ਜਾਨਵਰਾਂ ਦੇ ਪਾਲਣ ਪੋਸ਼ਣ ਦਾ ਕੰਮ ਕੀਤਾ ਸੀ। ਇਹ ਸਾਨੂੰ ਪੁਰਾਤਨ ਮੈਸੋਪਟੇਮਿਆ ਵਿਚ ਵੀ ਦਿਸਦਾ ਹੈ।

ਇਸੇ ਤਰ੍ਹਾਂ ਖੇਤੀ ਬਾੜੀ ਦੀ ਕਾਢ ਵੀ ਔਰਤਾਂ ਨੇ ਹੀ ਕੱਢੀ ਸੀ। ਇਸ ਲਈ ਹਿੰਦੁਸਤਾਨ ਵਿਚ ਇਸ ਕਾਢ ਨੂੰ ਸ਼ਕੁੰਬਰੀ ਦੇਵੀ ਅਤੇ ਅੱਨਪੁਰਣਾ ਦੇਵੀ ਦੀ ਦੇਣ ਕਿਹਾ ਜਾਂਦਾ ਹੈ। ਅੱਜ ਵੀ ਹਿੰਦੁਸਤਾਨ ਦੇ ਕਈ ਹਿੱਸਿਆਂ ਵਿਚ ਖੇਤੀ ਦੀ ਬੁਆਈ ਸਿਰਫ ਔਰਤਾਂ ਹੀ ਕਰਦੀਆਂ ਹਨ ਜਾਂ ਮਰਦ ਔਰਤਾਂ ਦੇ ਕਪੜੇ ਪਹਿਨ ਕੇ ਕਰਦੇ ਹਨ ਜੋ ਕਿ ਪੁਰਾਣੇ ਸਮੇਂ ਦੀ ਹੀ ਯਾਦ ਅਤੇ ਰੀਤ ਹੈ ਜਦੋਂ ਕਿ ਔਰਤਾਂ ਖੇਤੀ ਬਾੜੀ ਕਰਦੀਆਂ ਸਨ। ਹਿੰਦੁਸਤਾਨ ਦੇ ਕਈ ਹਿੱਸਿਆਂ ਵਿਚ ਅਜੇ ਤੀਕ ਖੇਤੀ ਸਿਰਫ਼ ਔਰਤਾਂ ਹੀ ਕਰਦੀਆਂ ਹਨ।

ਤਾਰੀਖ ਇਹ ਵੀ ਦੱਸਦੀ ਹੈ ਕਿ ਅੱਗ ਦੀ ਇਜਾਦ ਵੀ ਔਰਤਾਂ ਨੇ ਹੀ ਕੀਤੀ ਸੀ ਇਸੇ ਲਈ ਅਗਨੀ ਦੇਵੀ ਦੀ ਪੂਜਾ ਅਜੇ ਵੀ ਹੁੰਦੀ ਹੈ। ਲਲੀਤਾ ਸਹਿਸਨਾਮਾ ਦਸਦਾ ਹੈ ਕਿ ਲਲੀਤਾ ਦੇਵੀ ਕਿਵੇਂ ਅੱਗ ਦਾ ਹੀ ਸਰੂਪ ਹੈ ਅਤੇ ਇਸਨੇ ਮਨੁਖਤਾ ਦੇ ਭਲੇ ਲਈ ਹੀ ਜਨਮ ਲਿਆ ਹੈ। ਮਹਾਭਾਰਤ ਦੀ ਦਰੌਪਦੀ ਵੀ ਅੱਗ ਦੇ ਕੁੰਡ ਵਿਚੋਂ ਹੀ ਪੈਦਾ ਹੋਈ ਸੀ ਅਤੇ ਉਹ ਵੀ ਲਲੀਤਾ ਦਾ ਹੀ ਸਰੂਪ ਦੱਸੀ ਜਾਂਦੀ ਹੈ।

ਬੋਲੀ ਅਤੇ ਜ਼ੁਬਾਨ ਦੇ ਵਿਕਾਸ ਵਿਚ ਔਰਤਾਂ ਨੇ ਅਹਿਮ ਹਿੱਸਾ ਪਾਇਆ। ਕਿਹਾ ਜਾਂਦਾ ਹੈ ਕਿ ਸੰਸਕ੍ਰਤ ਅਤੇ ਪ੍ਰਾਕਰਤ ਦੀ ਉਸਾਰੀ ਅੱਠ ਵਾਕ ਦੇਵੀਆਂ ਨੇ ਹੀ ਕੀਤੀ ਸੀ। ਇਹ ਵੀ ਕਿਹਾ ਜਾਂਦਾ ਹੈ ਕਿ ਬੋਲੀ ਅਤੇ ਬੋਲਣ ਦੀ ਸ਼ਕਤੀ ਵਾਕ ਦੇਵੀ ਜਾਂ ਸਰਸਵਤੀ ਦੀ ਹੀ ਦੇਣ ਹੈ।

ਇਸ ਵੇਲੇ ਔਰਤਾਂ ਸਮਾਜ ਦੀ ਕੇਂਦਰੀ ਸਟੇਜ ਤੇ ਸਨ ਅਤੇ ਉਨ੍ਹਾਂ ਦੀ ਸਰਦਾਰੀ ਹਰ ਪਾਸੇ ਸੀ। ਬੱਚਿਆਂ ਦਾ ਨਾਂਅ ਉਨ੍ਹਾਂ ਦੀ ਮਾਂ ਤੋਂ ਜਾਣਿਆ ਜਾਂਦਾ ਸੀ। ਬਾਪ ਅਤੇ ਬਾਪ ਦੇ ਨਾਂਅ ਦੀ ਕੋਈ ਅਹਿਮੀਅਤ ਨਹੀਂ ਹੁੰਦੀ ਸੀ। ਹਰ ਬੱਚਾ ਮਾਂ ਦੇ ਨਾਂਅ ਤੋਂ ਜਾਣਿਆ ਜਾਂਦਾ ਸੀ। ਮਿਸਾਲ ਦੇ ਤੌਰ ਤੇ ਮਹਾਂਭਾਰਤ ਵਿਚ ਭੀਸ਼ਮ ਨੂੰ ਗੰਗਾਪੁਤਰ ਕਿਹਾ ਜਾਂਦਾ ਹੈ। ਪਾਂਡਵਾਂ ਨੂੰ ਕੁੰਤੀ ਦੇ ਪੁਤਰ ਅਤੇ ਕੌਰਵਾਂ ਨੂੰ ਗੰਧਾਰੀ ਨੰਦਨ ਕਿਹਾ ਜਾਂਦਾ ਰਿਹਾ ਹੈ। ਹਿੰਦੁਸਤਾਨ ਦੇ ਉਤਰ ਪੂਰਵੀ ਇਲਾਕਿਆਂ ਵਿਚ ਹਾਲ ਤੀਕ ਵੀ ਇਹੋ ਜਿਹੇ ਸਮਾਜ ਕਾਇਮ ਹਨ।

ਇਸ ਸਮਾਜ ਵਿਚ ਸਾਰੇ ਕਬੀਲੇ ਵਾਲੇ ਇਕੱਠੇ ਰਹਿੰਦੇ ਸਨ ਅਤੇ ਕਈ ਔਰਤਾਂ ਕਈ ਮਰਦਾਂ ਨਾਲ ਰਹਿੰਦੀਆਂ ਸਨ ਅਤੇ ਬੱਚਿਆਂ ਨੂੰ ਜਨਮ ਦਿੰਦੀਆਂ ਸਨ। ਇਹ ਰੀਤ ਕਈ ਕਬਾਅਲੀ ਇਲਾਕਿਆਂ ਵਿਚ ਅਜੇ ਵੀ ਕਾਇਮ ਹੈ। ਇਹ ਬੱਚੇ ਸਾਰੇ ਸਮਾਜ ਦੇ ਸਾਂਝੇ ਮੰਨੇ ਜਾਂਦੇ ਸੀ। ਬਚਿਆਂ ਨੂੰ ਮਾਂ ਦੇ ਨਾਂਅ ਤੋਂ ਹੀ ਜਾਣਿਆ ਜਾਂਦਾ ਸੀ ਅਤੇ ਨਸਲ ਇਸੇ ਤਰ੍ਹਾਂ ਹੀ ਅੱਗੇ ਚਲਦੀ ਸੀ। ਇਸ ਸਮਾਜ ਵਿਚ ਹਰ ਚੀਜ਼ ਸਾਂਝੀ ਹੁੰਦੀ ਸੀ। ਖ਼ੂਨ ਦੇ ਰਿਸ਼ਤੇ ਮਾਂ ਦੇ ਖ਼ੂਨ ਨਾਲ ਹੀ ਮੱਨੇ ਜਾਂਦੇ ਸੀ। ਬਾਪ ਦਾ ਰਿਸ਼ਤਾ ਖ਼ੂਨ ਦਾ ਰਿਸ਼ਤਾ ਨਹੀਂ ਸੀ। ਇਹ ਸਿਲਸਿਲਾ ਕਈ ਹਜ਼ਾਰ ਸਾਲਾਂ ਤੀਕ ਇਸ ਤਰ੍ਹਾਂ ਹੀ ਚਲਦਾ ਰਿਹਾ। ਔਰਤਾਂ ਦੀ ਸਰਦਾਰੀ ਵਾਲੇ ਇਸ ਸਮਾਜ ਨੇ ਬਹੁਤ ਹੀ ਤਰੱਕੀ ਕੀਤੀ ਅਤੇ ਕਿਹਾ ਜਾਂਦਾ ਹੈ ਕਿ ਖੁਸ਼ਹਾਲੀ ਦੀ ਇਹ ਪਹਿਲੀ ਪੈੜੀ ਸੀ। ਕਈ ਵਿਦਵਾਨ ਅਤੇ ਦਾਨਿਸ਼ਵਰ ਤਾਂ ਇਹ ਕਿਆਸ ਵੀ ਲਾਂਉਦੇ ਹਨ ਕਿ ਸਿੰਧ ਘਾਟੀ ਦੀ ਪੁਰਾਣੀ ਸਭਿਅਤਾ ਵਿਚ ਵੀ ਔਰਤਾਂ ਦੀ ਹੀ ਸਰਦਾਰੀ ਸੀ। ਇਸ ਦੌਰ ਨੂੰ ਇਸਤਰੀ ਰਾਜ ਨਾਲ ਜਾਣਿਆਂ ਜਾਂਦਾ ਸੀ। ਮਹਾਭਾਰਤ ਦੇ

ਵਿਚ ਕਈ ਇਸਤਰੀ ਰਾਜ ਕਾਇਮ ਦਿਸਦੇ ਹਨ। ਗੋਰਖ ਪੁਰਾਣ ਵਿਚ ਇਸਤਰੀ ਰਾਜ ਦਾ ਜ਼ਿਕਰ ਮਿਲਦਾ ਹੈ ਅਤੇ ਵਾਤਸਾਅਨ ਵੀ ਆਪਣੇ ਕਾਮਸੂਤ੍ਰ ਵਿਚ ਇਸਤਰੀ ਰਾਜ ਦਾ ਜ਼ਿਕਰ ਕਰਦਾ ਹੈ।

ਹਿੰਦੁਸਤਾਨ ਦੇ ਮਿਥਹਾਸ ਵਿਚ ਦੇਵਤਿਆਂ ਅਤੇ ਅਸੁਰਾਂ ਦੀ ਹਰ ਲੜਾਈ ਵਿਚ ਦੇਵੀ ਮਾਂ ਨੇ ਹੀ ਦੇਵਤਾਵਾਂ ਦੀ ਜਾਨ ਬਚਾਈ ਅਤੇ ਜਿੱਤ ਕਰਾਈ ਸੀ। ਔਰਤਾਂ ਨੇ ਵੱਡੀਆਂ ਲੜਾਈਆਂ ਲੜੀਆਂ। ਕਾਲੀ ਮਾਂ ਦੀ ਤਸਵੀਰ ਵਿਚ ਅਸੀਂ ਦੇਖਦੇ ਹਾਂ ਕਿ ਉਸਦੇ ਹਰ ਹੱਥ ਵਿਚ ਹਥਿਆਰ ਹਨ ਅਤੇ ਗੱਲ ਵਿਚ ਉਸਨੇ ਸਿਰਾਂ ਦੀ ਮਾਲਾ ਪਹਿਨੀ ਹੋਈ ਹੈ। ਇਨ੍ਹਾਂ ਲੜਾਈਆਂ ਦੀਆਂ ਵਾਰਾਂ ਅਜੇ ਤੀਕ ਵੀ ਗਾਈਆਂ ਜਾਂਦੀਆਂ ਹਨ।

ਔਰਤਾਂ ਦੀ ਇਸ ਤਾਰੀਖ ਬਾਰੇ ਸਾਨੂੰ ਕੁਝ ਵੀ ਲਿਖਿਆ ਨਹੀਂ ਮਿਲਦਾ। ਪਰ ਹਰ ਥਾਂ ਇਸ ਗੌਰਵਮਈ ਇਤਿਹਾਸ ਦੇ ਇਸ਼ਾਰੇ ਮਿਲਦੇ ਹਨ। ਹੋਰਨਾਂ ਪਸਮਾਂਦਾ ਲੋਕਾਂ ਵਾਂਗ ਇਹ ਹੀ ਕਿਹਾ ਜਾਂਦਾ ਹੈ ਕਿ ਔਰਤਾਂ ਦੀ ਕੋਈ ਤਾਰੀਖ ਜਾਂ ਵਾਰ ਨਹੀਂ ਹੈ। ਔਰਤਾਂ ਦੀ ਇਸ ਤਾਰੀਖ਼ ਨੂੰ ਕੀ ਹੋਇਆ ਅਤੇ ਇਹ ਕਿਸ ਤਰ੍ਹਾਂ ਖ਼ਤਮ ਹੋਈ? ਇਸਤਰੀ ਰਾਜ ਕਿਸ ਤਰ੍ਹਾਂ ਖ਼ਤਮ ਹੋਏ? ਮਰਦਸ਼ਾਹੀ ਦਾ ਬੋਲਬਾਲਾ ਕਿਸ ਤਰ੍ਹਾਂ ਕਾਇਮ ਹੋਇਆ? ਔਰਤਾਂ ਨੂੰ ਹੀਣਾਂ ਕਿਵੇਂ ਬਣਾਇਆ ਗਿਆ? ਉਨ੍ਹਾਂ ਨੂੰ ਤਾਰੀਖ਼ ਦੇ ਮਰਕਜ਼ ਤੋਂ ਪਿੱਛੇ ਕਿਸ ਤਰ੍ਹਾਂ ਸਿੱਟਿਆ ਗਿਆ?

ਇਹ ਸੁਆਲ ਜਵਾਬ ਮੰਗਦੇ ਹਨ ਅਤੇ ਇਕ ਨਵੇਂ ਸਮਾਜ ਦੀ ਉਸਾਰੀ ਲਈ ਇਨਾਂ ਸੁਆਲਾਂ ਦਾ ਜਵਾਬ ਬਹੁਤ ਹੀ ਜ਼ਰੂਰੀ ਹੈ।

ਇਸਤਰੀ ਰਾਜ ਦੇ ਦੌਰਾਨ ਹੀ ਇਕ ਪੜਾਅ ਤੇ ਪਹੁੰਚਣ ਬਾਅਦ ਇਕ ਸਮਾਂ ਆਇਆ ਜਦੋਂ ਕਿ ਖੇਤੀ ਬਾੜੀ ਵੱਡੇ ਪੈਮਾਨੇ ਤੇ ਹੋਣ ਲੱਗ ਪਈ ਅਤੇ ਖੇਤੀ ਬਾੜੀ ਦਾ ਕੰਮ ਮਰਦਾਂ ਦੇ ਹਵਾਲੇ ਹੋ ਗਿਆ। ਔਰਤਾਂ ਦਾ ਕੰਮ ਬੱਚਿਆਂ ਅਤੇ ਔਲਾਦ ਦੀ ਸਾਂਭ ਸੰਭਾਲ ਬਣ ਗਿਆ। ਇਸ ਤਰ੍ਹਾਂ ਲਿੰਗ ਦੇ ਆਧਾਰ ਤੇ ਇਹ ਕਿਤਿਆਂ ਦੀ ਵੰਡ ਹੋਂਦ ਵਿਚ ਆ ਗਈ। ਨਾਂਅ ਅਜੇ ਵੀ ਮਾਂ ਦੇ ਨਾਂਅ ਅਤੇ ਖ਼ੂਨ ਦੇ ਆਧਾਰ ਤੇ ਚਲਦੇ ਸਨ। ਮਰਦ ਦੇ ਮਰ ਜਾਣ ਬਾਅਦ ਉਸਦੀ ਜਾਇਦਾਦ ਔਰਤ ਨੂੰ ਅਤੇ ਉਸਦੇ ਰਿਸ਼ਤੇਦਾਰਾਂ ਨੂੰ ਮਿਲਦੀ ਸੀ। ਇਸ ਸਮੇਂ ਜਾਇਦਾਦ ਦਾ ਵਿਕਾਸ ਐਨਾਂ ਨਹੀਂ ਸੀ ਹੋਇਆ ਪਰ ਖੇਤੀ ਦੇ ਔਜ਼ਾਰ ਵਗੈਰਹ ਔਰਤ ਦੇ ਭਰਾਵਾਂ ਜਾਂ ਹੋਰ ਰਿਸ਼ਤੇਦਾਰਾਂ ਕੋਲ ਚਲੇ ਜਾਂਦੇ ਸੀ।

ਪੈਦਾਵਾਰ ਦੇ ਵਧਣ ਨਾਲ ਅਤੇ ਲੋੜ ਨਾਲੋ ਜ਼ਿਆਦਾ ਅਨਾਜ ਪੈਦਾ ਹੋਣ ਨਾਲ ਦੌਲਤ ਇਕੱਠੀ ਹੋਣ ਲਗ ਪਈ। ਪਰ ਇਹ ਦੌਲਤ ਮੌਤ ਦੇ ਬਾਅਦ ਔਰਤ ਦੇ ਖ਼ੂਨ ਦੇ ਰਿਸ਼ਤੇਦਾਰਾਂ ਵਿਚ ਵੰਡੀ ਜਾਂਦੀ ਸੀ। ਔਰਤ ਦਾ ਰਿਸ਼ਤਾ ਆਪਣੇ ਘਰਵਾਲੇ ਨਾਲ ਖ਼ੂਨ ਦਾ ਨਹੀਂ ਸੀ। ਇਕ

ਸਮਾਂ ਉਹ ਆਇਆ ਕਿ ਮਰਦਾਂ ਨੇ ਔਰਤਾਂ ਦੇ ਇਸ ਹੱਕ ਨੂੰ ਉਲਟ ਦਿਤਾ ਅਤੇ ਨਸਲ ਅਤੇ ਔਲਾਦ ਦਾ ਨਾਂਅ ਮਰਦਾਂ ਤੋਂ ਜਾਣਿਆ ਜਾਣ ਲਗਾ। ਹੁਣ ਖੁਨ ਦਾ ਰਿਸ਼ਤਾ ਬਾਪ ਦੇ ਖੁਨ ਤੋਂ ਜਾਣਿਆ ਜਾਣ ਲਗਿਆ। ਇਹ ਕਿਸ ਵਕਤ ਹੋਇਆ ਅਤੇ ਕਿਸ ਤਰ੍ਹਾਂ ਹੋਇਆ? ਇਸ ਦਾ ਸਾਨੂੰ ਕੋਈ ਐਨ ਪੱਕਾ ਪਤਾ ਨਹੀਂ ਲਗਦਾ। ਇਹ ਬੁਨਿਆਦੀ ਤਬਦੀਲੀ ਤਾਰੀਖ ਦੀ ਧੁੰਦ ਵਿਚ ਛਿਪੀ ਹੋਈ ਹੈ। ਹਿੰਦੁਸਤਾਨ ਵਿਚ ਇਸ ਵਿਸ਼ੇ ਤੇ ਜ਼ਿਆਦਾ ਖੋਜ ਨਹੀਂ ਹੋਈ ਹੈ ਪਰ ਹੋਰਨਾਂ ਥਾਂਵਾਂ ਤੇ ਵਿਦਵਾਨਾਂ ਨੇ ਇਸ ਬਾਰੇ ਕਾਫ਼ੀ ਖੋਜ ਕੀਤੀ ਹੈ। ਹਿੰਦੁਸਤਾਨ ਵਿਚ ਅਜੇ ਵੀ ਕਈ ਕੌਮਾਂ ਅਤੇ ਕਬੀਲੇ ਮੌਜੂਦ ਹਨ ਜਿੱਥੇ ਕਿ ਔਰਤਾਂ ਦੀ ਸਰਦਾਰੀ ਕਾਇਮ ਹੈ ਅਤੇ ਇਸਤਰੀ ਰਾਜ ਦੇ ਰਿਸ਼ਤੇ ਬਰਕਰਾਰ ਹਨ।

ਰਿਗਵੇਦ ਪੰਜਾਬ ਅਤੇ ਹਿੰਦੁਸਤਾਨ ਦਾ ਸਾਰਿਆਂ ਨਾਲੋਂ ਪੁਰਾਣਾ ਗ੍ਰੰਥ ਹੈ। ਇਸ ਗ੍ਰੰਥ ਵਿਚ ਜ਼ਿੰਦਗੀ ਦੇ ਜੋ ਤੌਰ ਤਰੀਕੇ ਦਿਸਦੇ ਹੁਨ ਉਹ ਮਰਦ ਪ੍ਰਧਾਨ ਹੀ ਹਨ। ਰਿਗਵੇਦ ਦੇ ਸਮੇਂ ਵਿਚ ਔਰਤਾਂ ਦੀ ਸਰਦਾਰੀ ਖ਼ਤਮ ਹੋ ਚੁਕੀ ਸੀ ਅਤੇ ਮਰਦਸ਼ਾਹੀ ਕਾਇਮ ਹੋ ਚੁਕੀ ਸੀ। ਰਿਗਵੇਦ ਦੇ ਪਹਿਲੇ ਸੁਕਤ ਦੇ ਪਹਿਲੇ ਸ਼ਲੋਕ ਵਿਚ ਅੱਗ ਜੋ ਕਿ ਪਹਿਲਾਂ ਇਕ ਦੇਵੀ ਹੁੰਦੀ ਸੀ ਹੁਣ ਇਕ ਮਰਦ ਅਤੇ ਦੇਵਤਾ ਬਣ ਚੁਕਿਆ ਹੈ। ਇਸ ਸਮਾਜ ਵਿਚ ਰੱਬ ਦਾ ਤਸੱਵਰ ਅਤੇ ਖ਼ਿਆਲ ਇਕ ਮਰਦ ਦੇ ਰੂਪ ਵਿਚ ਬਣ ਚੁਕਿਆ ਹੈ। ਕਿਆਸ ਲਾਏ ਜਾਂਦੇ ਹਨ ਕਿ ਸਾਰੇ ਮਰਦ ਦੇਵਤਾ ਇਕ ਵੇਲੇ ਦੇਵੀਆਂ ਹੀ ਹੁੰਦੀਆਂ ਸਨ। ਮਰਦਸ਼ਾਹੀ ਦੀ ਸਰਦਾਰੀ ਬਾਅਦ ਇਨ੍ਹਾਂ ਨੂੰ ਮਰਦ ਬਣਾ ਦਿਤਾ ਗਿਆ। ਪਹਿਲੇ ਸੁਕਤ ਵਿਚ ਹੀ ਕਿਹਾ ਗਿਆ ਹੈ ਕਿ ਜਿਸ ਤਰ੍ਹਾਂ ਇਕ ਬਾਪ ਆਪਣੇ ਬੇਟੇ ਨੂੰ ਤਾਲੀਮ ਦਿੰਦਾ ਹੈ, ਆਏ ਅੱਗ ਤੂੰ ਸਾਨੂੰ ਤਾਲੀਮ ਦੇ।

ਹਾਲਾਂਕਿ ਇਹ ਸਮਾਜ ਮਰਦ ਪ੍ਰਧਾਨ ਬਣ ਚੁਕਿਆ ਸੀ ਪਰ ਇਸਤਰੀ ਰਾਜ ਅਤੇ ਪੁਰਾਣੇ ਰਿਸ਼ਤਿਆਂ ਦੀ ਯਾਦ ਅਤੇ ਰਹਿੰਦ ਖੂੰਦ ਅਜੇ ਵੀ ਕਾਇਮ ਸੀ। ਇਸਤਰੀ ਰਾਜ ਦੇ ਕਈ ਰਿਸ਼ਤੇ ਕਾਇਮ ਦਿਖਦੇ ਹਨ। ਮਿਸਾਲ ਦੇ ਤੌਰ ਤੇ ਪ੍ਰਸ਼ਣ ਜੋ ਕਿ ਇਕ ਦੇਵਤਾ ਹੈ ਉਹ ਆਪਣੀ ਕੁੜੀ ਨਾਲ ਸੰਭੋਗ ਕਰ ਕੇ ਔਲਾਦ ਪੈਦਾ ਕਰਦਾ ਹੈ। ਰਿਗਵੇਦ ਦੇ ਪਹਿਲੇ ਮੰਡਲ ਦੇ **31**ਵੇਂ ਸ਼ਲੋਕ ਵਿਚ ਕਿਹਾ ਹੈ

ਜਿਸ ਤਰ੍ਹਾਂ ਪਿਉ ਆਪਣੀ ਬੇਟੀ ਦੀ ਭੱਗ ਵਿਚ ਬੀਜ ਪਾਕੇ ਪੁੱਤ ਪੈਦਾ ਕਰਦਾ ਹੈ ਇਸੇ ਤਰ੍ਹਾਂ ਸੁਰਜ ਉਸ਼ਾ ਦੀ ਭੱਗ ਵਿਚ ਬੀਜ ਪਾਕੇ ਦਿਨ ਰੂਪੀ ਪੁੱਤਰ ਪੈਦਾ ਕਰਦਾ ਹੈ''

ਇਸੇ ਤਰ੍ਹਾਂ ਬ੍ਰਹਮਾ ਵੀ ਆਪਣੀ ਕੁੜੀ ਤੋਂ ਹੀ ਔਲਾਦ ਪੈਦਾ ਕਰਦਾ ਹੈ। ਇਸੇ ਤਰ੍ਹਾਂ ਰਿਗਵੇਦ ਦੇ ਦਸਵੇਂ ਮੰਡਲ ਵਿਚ ਅਸੀਂ ਯਮ ਅਤੇ ਯਮੀ ਦੀ ਆਪਸੀ ਗੱਲ ਬਾਤ ਵਿਚ ਅਸੀਂ ਦੇਖਦੇ ਹਾਂ ਕਿ ਇਸ ਵੇਲੇ ਪੁਰਾਣੇ ਰਿਸ਼ਤੇ ਜਿਨ੍ਹਾਂ ਵਿਚ ਭਾਈ ਅਤੇ ਭੈਣ ਵੀ ਇਕ ਦੂਜੇ ਨਾਲ ਸੰਭੋਗ ਕਰਕੇ ਔਲਾਦ ਪੈਦਾ ਕਰਦੇ ਸੀ ਉਨ੍ਹਾਂ ਨੂੰ ਯਾਦ ਹਨ।

ਰਿਗਵੇਦ ਦਾ ਸਮਾਜ ਮਰਦ ਪ੍ਰਧਾਨ ਬਣ ਚੁਕਿਆ ਸੀ ਪਰ ਔਰਤਾਂ ਨੂੰ ਕਾਫੀ ਹੱਦ ਤੱਕ ਆਜ਼ਾਦੀ ਸੀ ਅਤੇ ਉਨ੍ਹਾਂ ਨੂੰ ਪੁਰਾਣੇ ਦਿਨ ਯਾਦ ਸੀ। ਰਿਗਵੇਦ ਵਿਚ ਔਰਤਾ ਦੀ ਤਾਲੀਮ ਅਤੇ ਉਨ੍ਹਾਂ ਦੀ ਸਰਦਾਰੀ ਦੇ ਵੀ ਜ਼ਿਕਰ ਮਿਲਦੇ ਹਨ। ਰਿਗਵੇਦ ਦੇ **1028** ਸੁਕਤਾਂ ਵਿਚੋਂ ਤਕਰੀਬਨ **30** ਔਰਤਾਂ ਦੇ ਹੀ ਰਚੇ ਹੋਏ ਦੱਸੇ ਜਾਂਦੇ ਹਨ। ਮਹਾਭਾਰਤ ਦੇ ਦੌਰ ਵਿਚ ਵੀ ਸਾਨੂੰ ਪੁਰਾਣੇ ਵਕਤਾਂ ਦਾ ਜ਼ਿਕਰ ਮਿਲਦਾ ਹੈ। ਜਿਸ ਵਿਚ ਦੱਸਿਆ ਜਾਂਦਾ ਹੈ ਕਿ ਉਨ੍ਹਾਂ ਪੁਰਾਣੇ ਦਿਨਾਂ ਵਿਚ ਔਰਤਾਂ ਪੂਰੀ ਤਰ੍ਹਾਂ ਆਜ਼ਾਦ ਸਨ ਅਤੇ ਉਹ ਜਿਹਦੇ ਨਾਲ ਜਦੋਂ ਮਰਜ਼ੀ ਸੰਭੋਗ ਕਰਦੀਆਂ ਸਨ। ਰਿਗਵੇਦ ਵਿਚ ਆਂਉਦਾ ਹੈ

*'ਲਾੜੀਏ! ਆਪਣੇ ਸਹੁਰੇ ਦੇ ਆਸਰੇ ਰਾਜ ਕਰ, ਆਪਣੀ ਸੱਸ ਦੇ ਆਸਰੇ ਰਾਣੀ ਬਣ, ਆਪਣੀ ਨਣਾਨ ਦੇ ਹੇਠ ਰਾਣੀ ਬਣ, ਆਪਣੇ ਦੇਵਰ ਦੇ ਆਸਰੇ ਰਾਣੀ ਬਣ'(ਰਿਗਵੇਦ 10-85-46)*

*ਇੰਦਰ ਵਰਗੇ ਸ਼ਕਤੀਸ਼ਾਲੀ ਵੀਰਜ ਨਾਲ ਭਰਪੂਰ ਲਾੜਿਆ! ਤੂੰ ਸੋਹਣੀ ਕੁੱਖ ਵਾਲੀ ਇਸ ਔਰਤ ਨੂੰ ਗੱਭਣ ਕਰ, ਇਸ ਤੋਂ ਦਸ ਪੁੱਤਰ ਲੈ ਅਤੇ ਤੂੰ ਇਹਦਾ ਗਿਆਰਵਾਂ ਪੁਤ ਬਣ। (ਰਿਗਵੇਦ 10-85-45)*

*ਜਿਨ੍ਹਾਂ ਨੂੰ ਗਿਆਨ ਦਾ ਭਰਪੂਰ ਤਜਰਬਾ ਹੋਵੇ ਤੇ ਜਿਨ੍ਹਾਂ ਦਾ ਕੀਤਾ ਰੱਦ ਨਾ ਕੀਤਾ ਜਾ ਸਕਦਾ ਹੋਵੇ, ਜਿਨ੍ਹਾਂ ਨੂੰ ਰਖਿਆ ਦੀ ਜਾਣਕਾਰੀ ਹੋਵੇ, ਉਹ ਸਾਡੀਆਂ ਪਤਨੀਆਂ ਬਣਨ ਜੋ ਸਾਡੇ ਵਾਂਗ ਹੀ ਕਾਬਲ ਹੋਣ। (ਰਿਗਵੇਦ 1-22-11)*

*ਇਥੇ ਔਰਤਾਂ ਖਰਲ ਵਿਚ ਅਨਾਜ ਪਾਉਣ ਤੇ ਪੀਹਣ ਦੀ ਕਲਾ ਸਿੱਖਦੀਆਂ ਹਨ। ਇਹ ਕਲਾ ਤਰਤੀਬ ਤੇ ਤਰਕ ਨਾਲ ਸਿਖਾ। (ਰਿਗਵੇਦ 1-28-3)*

*ਸ਼ਲਾਘਾਯੋਗ ਅਤੇ ਬਹੁਤ ਸਾਰੇ ਘੋੜਿਆਂ ਵਾਲਾ, ਬਹੁਤ ਸਾਰੀਆਂ ਗਊਆਂ ਵਾਲਾ, ਸਾਰੀਆਂ ਚੀਜ਼ਾਂ ਦਾ ਗਿਆਨ ਰੱਖਣ ਵਾਲਾ, ਸੋਹਣੀ ਗੱਲ ਕਰਨ ਵਾਲਾ, ਲਹਿਰ ਬਹਿਰ ਲਿਆਉਣ ਵਾਲਾ ਪਹੁਫੁਟਾਲਾ ਬਿਲਕੁਲ ਔਰਤ ਵਰਗਾ ਹੰਦਾ ਹੈ। (ਰਿਗਵੇਦ 1-48-2)*

ਪਹਿਲੇ ਮੰਡਲ ਦਾ **48**ਵਾਂ ਤੇ **49**ਵਾਂ ਸੂਕਤਾ ਪਹੁਫੁਟਾਲੇ ਦੀ ਤੁਲਨਾ ਸੂਰਜ ਦੀ ਬੇਟੀ ਔਰਤ ਨਾਲ ਕਰਦਾ ਹੈ ਜੋ ਮਾਨਵਤਾ ਨੂੰ ਖ਼ੁਸ਼ਹਾਲੀ ਤੇ ਆਨੰਦ ਬਖ਼ਸ਼ਦੀ ਹੈ। (ਰਿਗਵੇਦ **1-56-2**)

*ਜੁਆਨ ਔਰਤਾਂ ਨੂੰ ਆਪਣੀ ਸਿਆਣਪ, ਗਿਆਨ ਅਤੇ ਕਾਬਲੀਅਤ ਨਾਲ, ਜਿਵੇਂ ਕਿ ਦਰਿਆ ਸਮੁੰਦਰ ਵਿਚ ਜਾ ਰਲਦਾ ਹੈ, ਐਸਾ ਪਤੀ ਲੱਭਣਾ ਚਾਹੀਦਾ ਹੈ ਜੋ ਆਪਣੇ ਖੇਤਰ ਵਿਚ ਗਿਆਨਵਾਨ ਅਤੇ ਤਕੜਾ ਹੋਵੇ। (ਰਿਗਵੇਦ 1-62-10)*

*ਪੁਰਾਤਨ ਵੇਲੇ ਤੋਂ ਹੀ ਅਤੇ ਹੁਣ ਵੀ, ਜ਼ਮੀਨ ਉਨ੍ਹਾਂ ਨੂੰ ਦਿੰਦੀ ਹੈ ਜੋ ਗਿਆਨ ਨਾਲ ਕੰਮ ਕਰਦੇ ਹਨ। ਇਸੇ ਤਰ੍ਹਾਂ ਹਜ਼ਾਰਾਂ ਸ਼ਹਿਰਾਂ ਨੂੰ ਪੈਦਾ ਕਰਨ ਵਾਲੇ ਬੰਦੇ ਆਪਣੀਆਂ ਅਕਲਮੰਦ ਪਤਨੀਆਂ ਅਤੇ ਦਿਆਨਤਦਾਰ ਭੈਣਾ ਭਾਈਆਂ ਦੇ ਸਹਾਰੇ ਮਹਿਫੂਜ਼ ਰਹਿੰਦੇ ਹਨ ਤੇ ਖ਼ੁਸ਼ੀ ਹਾਸਲ ਕਰਦੇ ਹਨ। (ਰਿਗਵੇਦ **1-71-3**)*

*ਬ੍ਰਹਿਮੰਡੀ ਕਾਨੂੰਨ (ਰਿਤਮ) ਦੀ ਅਮੀਰੀ ਨੂੰ ਸਮਝਦੇ ਹੋਏ, ਰੌਸ਼ਨੀ ਦੇ ਗੁਣਾ ਨੂੰ ਜਾਣਨ ਦੇ ਅਮੁਕ ਰੁਝਾਨ ਨਾਲ ਇਲਮ ਪਾ ਕੇ ਕਰਕੇ ਨੌਜਵਾਨ ਔਰਤਾਂ ਖ਼ੁਸ਼ੀ ਹਾਸਲ ਕਰਦੀਆਂ ਹਨ ਜਿਵੇਂ ਇਕ ਵੈਸ਼ ਦੌਲਤ ਇਕੱਠੀ ਕਰਦਾ ਹੈ। (ਰਿਗਵੇਦ **1-79-2**)*

*ਜਿਹੜੀ ਔਰਤ ਸੂਰਜ ਵਾਂਗ ਹੈ, ਗਿਆਨ ਅਤੇ ਹਰ ਕਲਾ ਵਿਚ ਨਿਪੁੰਨ ਹੈ, ਜੋ ਆਪਣੀਆਂ ਕਿਰਨਾਂ ਨਾਲ ਖ਼ੁਸ਼ੀ ਵੰਡਦੀ ਹੈ, ਜੋ ਗਰਜਦਾਰ ਬੱਦਲਾਂ ਵਾਂਗ ਆਕਰਸ਼ਕ ਹੈ ਜੋ ਮੀਂਹ ਰਾਹੀਂ ਪਾਣੀ ਬਖ਼ਸ਼ਦੇ ਹਨ, ਅਜੇਹੀ ਔਰਤ ਤੋਂ ਕਿਹੜੀ ਖ਼ੁਸ਼ੀ ਹੈ ਜੋ ਬੰਦੇ ਨੂੰ ਨਹੀਂ ਮਿਲ ਸਕਦੀ। (ਰਿਗਵੇਦ **1-92-7**)*

*ਜਿਵੇਂ ਰੌਸ਼ਨੀ ਨਾਲ ਭਰਪੂਰ, ਲੋਕਾਂ ਨੂੰ ਸੇਧ ਦੇਣ ਵਾਲੀ, ਅਤੇ ਅਨਾਜ ਤੇ ਹੋਰ ਦੌਲਤਾਂ ਦੇਣ ਵਾਲੀ ਸੂਰਜ ਦੀ ਧੀ ਪ੍ਰਭਾਤ ਦਾ ਲੋਕੀ ਗੁਣ ਗਾਉਂਦੇ ਹਨ ਜੋ ਸਾਨੂੰ ਤਕੜੇ ਘੋੜੇ ਦਿੰਦੀ ਹੈ ਅਤੇ ਗਾਵਾਂ ਦੇ ਚਰਨ ਲਈ ਘਾਹ ਦੇ ਮੈਦਾਨ ਦੇਦੀ ਹੈ ਤੇ ਰਾਤ ਦੇ ਹਨੇਰੇ ਨੂੰ ਖ਼ਤਮ ਕਰਦੀ ਹੈ, ਜੁਆਨ ਔਰਤਾਂ ਵੀ ਇਸੇ ਤਰ੍ਹਾਂ ਦੀਆਂ ਹੀ ਹੋਣੀਆਂ ਚਾਹੀਦੀਆਂ ਹਨ। (ਰਿਗਵੇਦ **1-105-2**)*

*ਜਿਵੇਂ ਇਕ ਮੁਟਿਆਰ ਇਕ ਪਤੀ ਲੱਭ ਕੇ ਖ਼ੁਸ਼ੀ ਹਾਸਲ ਕਰਦੀ ਹੈ (ਜੋ ਹਾਸਲ ਕਰਨ ਦੇ ਕਾਬਲ ਹੈ) ਸਾਨੂੰ ਪਤਾ ਹੋਣਾ ਚਾਹੀਦਾ ਹੈ ਕਿ (ਬਿਜਲੀ) ਵਧੀਆ ਤੋਂ ਵਧੀਆ ਚੀਜ਼ ਹੈ ਜੋ ਫਸਲਾਂ ਦਾ ਝਾੜ ਵਧਾਉਂਦੀ ਹੈ ਤੇ ਦੌਲਤਾਂ ਪੈਦਾ ਕਰਕੇ ਦੁੱਖਾਂ ਨੂੰ ਦੂਰ ਭਜਾਉਂਦੀ ਹੈ। (ਬਿਜਲੀ ਤੇ ਅਸਮਾਨੀ ਬਿਜਲੀ ਨੂੰ ਕਾਬੂ ਕਰਕੇ ਬੰਦੇ ਨੂੰ ਖ਼ੁਸ਼ੀ ਤੇ ਦੌਲਤ ਮਿਲਦੀ ਹੈ ਜਿਵੇਂ ਕਿਸੇ ਮੁਟਿਆਰ ਨੂੰ ਆਪਣਾ ਮਨਭਾਉਂਦਾ ਖ਼ਾਵੰਦ ਮਿਲਣ ਤੇ ਖ਼ੁਸ਼ੀ ਮਿਲਦੀ ਹੈ)। (ਰਿਗਵੇਦ **1-105-8**)*

*ਬੰਦੇ ਦੀਆਂ ਕਈ ਪਤਨੀਆਂ ਹੋਣ ਤਾਂ ਇਸ ਤਰ੍ਹਾਂ ਤਕਲੀਫ਼ ਹੁੰਦੀ ਹੈ ਜਿਵੇਂ ਸਰੀਰ ਵਿਚ ਕਈ ਤੀਰ ਖੁਭੇ ਹੋਏ ਹੋਣ। (ਰਿਗਵੇਦ **1-112-19**)*

*ਪਤਨੀ ਐਸੀ ਹੋਵੇ ਜੋ ਖ਼ੁਸ਼ੀ ਦੇਵੇ ਤੇ ਗਿਆਨਵਾਨ ਹੋਵੇ। (ਰਿਗਵੇਦ **10-184-2**)*

*ਮਰਦ ਨੂੰ ਪਿਆਰ ਨਾਲ ਕਾਬੂ ਕਰਨ ਵਾਲੀਏ ਨਾਰੇ ਤੂੰ ਗਰਭਵਤੀ ਹੋਏਂ। ਗਿਆਨ ਵਾਲੀਏ ਨਾਰੇ ਤੂੰ ਗਰਭਵਤੀ ਹੋਏਂ। ਤੇਰੇ ਦਿਲ ਦੇ ਕੰਵਲ ਨੂੰ ਛੋਹਣ ਵਾਲਾ ਅਸ਼ਵਿਨ ਤੈਨੂੰ ਗਰਭਵਤੀ ਕਰੇ। (ਰਿਗਵੇਦ **10-159-1**)*

*ਸੂਰਜ ਉਦੇ ਹੋ ਰਿਹਾ ਹੈ, ਮੇਰੀ ਭਗ ਵੀ ਉਦੇ ਹੋ ਰਹੀ ਹੈ। ਪਤੀ ਮੇਰੇ ਕੋਲ ਹੈ। ਮੈਂ ਦੁਸ਼ਮਣਾ ਨੂੰ  ਹਰਾਉਣ ਦੇ ਸਮਰੱਥ ਹੋ ਸਕਾਂ।*

ਇਨ੍ਹਾਂ ਹਵਾਲਿਆਂ ਤੋ ਅਸੀਂ ਦੇਖਦੇ ਹਾਂ ਕਿ ਰਿਗਵੇਦ ਦੇ ਸਮਾਜ ਵਿਚ ਔਰਤਾਂ ਇਕ ਹੱਦ ਤਕ ਆਜ਼ਾਦ ਸਨ ਅਤੇ ਉਨ੍ਹਾਂ ਨੂੰ ਕਾਫ਼ੀ ਖੁੱਲ੍ਹ ਹਾਸਿਲ ਸੀ ਜਿਹੜੀ ਕਿ ਬਾਅਦ ਦੇ ਸਮੇਂ ਵਿਚ ਖ਼ਤਮ ਹੋ ਗਈ ਸੀ।

ਚੂੰਕਿ ਨਸਲ ਅਤੇ ਨਾਂਅ ਬਾਪ ਤੋਂ ਅੱਗੇ ਵੱਧਦਾ ਸੀ ਅਤੇ ਦੌਲਤ ਪਿਉ ਤੋਂ ਪੁੱਤ ਨੂੰ ਜਾਂਦੀ ਸੀ। ਇਸ ਲਈ ਇਸ ਸਮਾਜ ਵਿਚ ਇਹ ਬਹੁਤ ਜ਼ਰੂਰੀ ਬਣ ਗਿਆ ਕਿ ਪਿਉ ਕੌਣ ਹੈ ਇਸ ਗੱਲ ਦਾ ਪੱਕਾ ਪਤਾ ਹੋਵੇ। ਸਮਾਜ ਵਿਚ ਮਾਂ ਦਾ ਤਾਂ ਆਸਾਨੀ ਨਾਲ ਪਤਾ ਚਲ ਜਾਂਦਾ ਹੈ ਕਿਉਂਕਿ ਉਹ ਜਣਦੀ ਹੈ। ਪਰ ਪਿਉ ਦਾ ਪੱਕਾ ਪਤਾ ਲਾਉਣਾ ਮੁਸ਼ਕਲ ਹੈ। ਇਸ ਲਈ ਮਰਦਸ਼ਾਹੀ ਨੇ ਔਰਤਾਂ ਦੇ ਜਿਸਮ, ਯੋਨੀ ਅਤੇ ਸੰਭੋਗ ਨੂੰ ਆਪਣੇ ਵੱਸ ਵਿਚ ਕਰ ਲਿਆ ਅਤੇ ਔਰਤਾਂ ਤੇ ਬਹੁਤ ਜ਼ਿਆਦਾ ਬੰਦਿਸ਼ਾਂ ਲਾ ਦਿੱਤੀਆਂ। ਉਨ੍ਹਾਂ ਦਾ ਜਿਸਮ ਉਨ੍ਹਾਂ ਦੇ ਹੱਥ ਵਿਚ ਨਹੀਂ ਰਿਹਾ। ਉਨ੍ਹਾਂ ਦੀ ਹਰ ਹਰਕਤ ਤੇ ਕੰਟਰੋਲ ਰਖਣ ਦੇ ਤਰੀਕੇ ਅਤੇ ਰਸਮਾਂ ਕਾਇਮ ਕਰ ਦਿਤੀਆਂ ਗਈਆਂ ਅਤੇ ਇਸ ਤਰ੍ਹਾਂ ਔਰਤਾਂ ਦੀ ਗੁਲਾਮੀ ਦਾ ਦੌਰ ਸ਼ੁਰੂ ਹੋ ਗਿਆ ਜੋ ਅਜੇ ਵੀ ਕਾਇਮ ਹੈ। ਔਰਤਾਂ ਦੀ ਇਹ ਗੁਲਾਮੀ ਹਜ਼ਾਰਾਂ ਸਾਲ ਪੁਰਾਣੀ ਹੈ। ਕਿਹਾ ਜਾਂਦਾ ਹੈ ਔਰਤਾਂ ਗੁਲਾਮੀ ਤੋਂ ਪਹਿਲਾਂ ਦੀਆਂ ਗੁਲਾਮ ਬਣਾ ਦਿਤੀਆਂ ਗਈਆਂ ਸਨ। ਇਸ ਦੌਰ ਵਿਚ ਹੀ ਔਰਤ ਦਾ ਵਿਆਹ ਸਿਰਫ਼ ਇਕ ਬੰਦੇ ਨਾਲ ਕਰਨ ਦੀ ਰਸਮ ਤੁਰ ਪਈ। ਇਸ ਤੋਂ ਪਹਿਲਾਂ ਇਕ ਔਰਤ ਕਈ ਮਰਦਾਂ ਨਾਲ ਰਹਿ ਸਕਦੀ ਸੀ ਅਤੇ ਬੱਚੇ ਪੈਦਾ ਕਰਦੀ ਸੀ। ਮਹਾਭਾਰਤ ਵਿਚ ਵੀ ਅਸੀਂ ਦਰੋਪਦੀ ਦੇ ਪੰਜ ਘਰਵਾਲੇ ਦੇਖਦੇ ਹਾਂ।

ਕਿੱਤਿਆਂ ਦੀ ਵੰਡ ਕਰਕੇ ਜ਼ਾਤ ਪਾਤ ਦਾ ਨਿਜ਼ਾਮ ਕਾਇਮ ਹੋਇਆ। ਹਰੇਕ ਜ਼ਾਤ ਇਸ ਸਮਾਜ ਵਿਚ ਆਪਣਾ ਇਕ ਖ਼ਾਸ ਥਾਂ ਰਖਦੀ ਸੀ। ਹਰ ਜ਼ਾਤ ਦਾ ਆਪਣਾ ਇਕ ਖ਼ਾਸ ਪੇਸ਼ਾ ਸੀ। ਜ਼ਾਤ ਦੇ ਰਿਸ਼ਤੇ ਵੀ ਪਿਉ ਦੇ ਖ਼ੂਨ ਦੀ ਬੁਨਿਆਦ ਤੇ ਹੀ ਹੁੰਦੇ ਸਨ। ਇਸ ਲਈ ਜ਼ਾਤ ਪਾਤ ਦੇ ਨਿਜ਼ਾਮ ਨੇ ਵੀ ਔਰਤਾਂ ਦੀ ਗੁਲਾਮੀ ਨੂੰ ਹੋਰ ਪੱਕਾਂ ਕੀਤਾ। ਇਕ ਜ਼ਾਤ ਦੇ ਖ਼ੂਨ ਦੀ ਸ਼ੁਧਤਾ ਬਹੁਤ ਜ਼ਰੂਰੀ ਸੀ ਅਤੇ ਦੂਸਰੀ ਜ਼ਾਤ ਨਾਲ ਰਲਤ ਮਨ੍ਹਾਂ ਸੀ। ਇਸ ਲਈ ਜ਼ਾਤ ਪਾਤ ਨੇ ਔਰਤਾਂ ਤੇ ਪਾਬੰਦੀਆਂ ਹੋਰ ਵੀ ਪੱਕੀਆਂ ਕਰ ਦਿਤੀਆਂ ਗਈਆਂ ਅਤੇ ਉਨ੍ਹਾਂ ਦੇ ਸ਼ਿਕੰਜੇ ਕੱਸ ਦਿਤੇ ਗਏ। ਗੀਤਾ ਵਿਚ ਸ਼੍ਰੀ ਕ੍ਰਿਸ਼ਨ ਕਹਿੰਦੇ ਹਨ ਕਿ ਜਦੋਂ ਇਕ ਜ਼ਾਤ ਦੀਆਂ ਔਰਤਾਂ ਦੂਸਰੀ ਜ਼ਾਤ ਦੇ ਬੰਦਿਆਂ ਨਾਲ ਸੰਭੋਗ ਕਰਦੀਆਂ ਹਨ ਤਾਂ ਪੂਰੇ ਸਮਾਜ ਦੀ ਬੁਨਿਆਦ ਖ਼ਤਮ ਹੋ ਜਾਂਦੀ ਹੈ ਅਤੇ ਸਮਾਜ ਨਰਕ ਬਣ ਜਾਂਦਾ ਹੈ।

ਔਰਤਾਂ ਦੀ ਇਸ ਗੁਲਾਮੀ ਨੂੰ ਮਜ਼ਹਬ, ਪੁਰੋਹਿਤਾਂ ਅਤੇ ਰਿਆਸਤ ਨੇ ਕਾਨੂੰਨੀ ਬਣਾ ਦਿਤਾ। ਕਾਨੂੰਨ ਅਤੇ ਮਜ਼ਹਬ ਦੇ ਗ੍ਰੰਥਾਂ ਵਿਚ ਇਸਨੂੰ ਰੱਬੀ ਹੁਕਮ ਅਤੇ ਕੁਦਰਤ ਦਾ ਨੇਮ ਕਹਿ ਕੇ ਔਰਤਾਂ ਤੇ ਠੋਸ ਦਿਤਾ ਗਿਆ। ਇਸਨੂੰ ਰੀਤ ਅਤੇ ਰਸਮ ਬਣਾ ਦਿਤਾ ਗਿਆ। ਮਿਸਾਲ ਦੇ ਤੌਰ ਤੇ ਮਨੁਸਿਮਰਤੀ ਵਿਚ ਕਿਹਾ ਗਿਆ ਹੈ ਕਿ ਔਰਤਾਂ ਨੂੰ ਬਚਪਨ ਵਿਚ ਬਾਪ ਦੇ, ਜੁਆਨੀ ਵਿਚ ਖਾਵਿੰਦ ਦੇ ਅਧੀਨ ਅਤੇ ਬੁਡਾਪੇ ਵਿਚ ਪੁੱਤਰ ਦੇ ਅਧੀਨ ਰਖਣਾ ਚਾਹੀਦਾ ਹੈ। ਸਮਾਜ ਦੀ ਹੋਂਦ ਅਤੇ ਬਣਤਰ ਲਈ ਇਹ ਬਹੁਤ ਜ਼ਰੂਰੀ ਦੱਸ ਦਿਤਾ ਗਿਆ। ਔਰਤਾਂ ਅਤੇ ਮਰਦ ਇਨ੍ਹਾਂ ਰੀਤਾਂ, ਰਸਮਾਂ ਅਤੇ ਕਾਨੂੰਨਾਂ ਨੂੰ ਇਕ ਪੀੜ੍ਹੀ ਤੋਂ ਦੂਸਰੀ ਪੀੜ੍ਹੀ ਤਾਂਈ ਪਰਿਵਾਰ, ਪਿੰਡ, ਸਮਾਜ ਅਤੇ ਰਿਆਸਤ ਰਾਹੀਂ ਅੱਗੇ ਤੋਰਦੇ ਰਹੇ ਜੋ ਹਾਲ ਤੀਕ ਜਾਰੀ ਹੈ। ਇਸ ਤਰ੍ਹਾਂ ਮਰਦਸ਼ਾਹੀ ਨੇ ਔਰਤਾਂ ਨੂੰ ਮੁਕੰਮਲ ਤੌਰ ਤੇ ਗੁਲਾਮ ਬਣਾ ਦਿਤਾ।

ਔਰਤਾਂ ਦੀ ਗੁਲਾਮੀ ਅਤੇ ਮਰਦਸ਼ਾਹੀ ਦੀ ਚੜ੍ਹਤ ਲਈ ਵਿਚਾਰਧਾਰਾ ਦੇ ਇਕ ਵੱਡੇ ਭੰਡਾਰ ਦੀ ਵੀ ਲੋੜ ਸੀ ਜਿਸ ਨਾਲ ਔਰਤਾਂ ਅਤੇ ਮਰਦ ਦੋਨੋਂ ਹੀ ਮਰਦਸ਼ਾਹੀ ਦੇ ਇਸ ਢਾਂਚੇ ਨੂੰ ਕੁਦਰਤੀ ਅਤੇ ਰੱਬੀ ਦੇਣ ਕਬੂਲ ਕਰ ਲੈਣ। ਸਮਾਜ ਦੇ ਹਰ ਅਦਾਰੇ ਵਿਚ ਇਹ ਸੋਚ ਅਤੇ ਵਿਚਾਰਧਾਰਾ ਭਾਰੂ ਸੀ ਅਤੇ ਬਰਕਰਾਰ ਹੈ। ਰਿਸ਼ੀਆਂ ਮੁਨੀਆਂ, ਗਿਆਨੀਆਂ, ਵਿਦਵਾਨਾਂ ਅਤੇ ਦਾਨਿਸ਼ਵਰਾਂ ਨੇ ਮਰਦਸ਼ਾਹੀ ਨੂੰ ਪੱਕਾ ਕਰਨ ਲਈ ਗ੍ਰੰਥ, ਸ਼ਾਸਤਰ, ਸਿਮਰਤੀਆਂ ਅਤੇ ਹੋਰਨਾਂ ਕਿਤਾਬਾਂ ਪ੍ਰਾਪਤੀਆਂ ਅਤੇ ਤਾਰੀਖ਼ ਨੂੰ ਖ਼ਤਮ ਕਰ ਦਿਤਾ।

ਰਿਗਵੇਦ ਦੇ ਪਹਿਲੇ ਭਾਗ ਵਿਚ ਹੀ ਔਰਤ ਸਮੁੱਚੇ ਤੌਰ ਤੇ ਪਤੀ ਤੇ ਪਿਤਾ ਦੇ ਹੱਕਾਂ ਦੇ ਜ਼ੋਰ ਅੱਗੇ ਦੱਬ ਕੇ ਰਹਿ ਗਈ ਦਿਸਦੀ ਹੈ। ਜਿਵੇਂ ਕਿ :

> ***'ਔਰਤਾਂ ਕਿਸੇ ਦੀਆਂ ਮਿੱਤਰ ਨਹੀਂ, ਉਨ੍ਹਾਂ ਦਾ ਦਿਲ ਜੰਗਲੀ ਕੁਤੇ ਤੇ ਬਘਿਆੜ ਵਰਗਾ ਹੈ। '(ਰਿਗਵੇਦ 10-95-15)***

ਇਸ ਸ਼ਲੋਕ ਵਿਚ ਮਰਦਸ਼ਾਹੀ ਦੇ ਸਾਰੇ ਤਾਅਸੁਬ ਦਿਸਦੇ ਹਨ ਜੋ ਅੱਜ ਵੀ ਸਮਾਜ ਵਿਚ ਔਰਤਾਂ ਦੇ ਖਿਲਾਫ ਭਾਰੂ ਹਨ। ਮਿਸਾਲ ਦੇ ਤੌਰ ਤੇ ਕਿਹਾ ਜਾਂਦਾ ਹੈ ਕਿ ਔਰਤਾਂ ਤੇ ਭਰੋਸਾ ਨਹੀਂ ਕੀਤਾ ਜਾਂਦਾ ਹੈ। ਪੀਲੂ ਦਾ ਮਿਰਜ਼ਾ ਸੈਹਬਾਂ ਕਹਿੰਦਾ ਹੈ:

> ***'ਭੱਠ ਰੰਨਾਂ ਦੀ ਦੋਸਤੀ ਖੁਰੀ ਜਿਨਾਂਹ ਦੀ ਮੱਤ।"***

ਤਕਰੀਬਨ **3000** ਸਾਲ ਪਹਿਲਾਂ ਹਿੰਦੁਸਤਾਨ ਦੇ ਇਸ ਖਿੱਤੇ ਵਿਚ ਨਵੇਂ ਵਿਚਾਰਾਂ ਅਤੇ ਰਿਸ਼ਤਿਆਂ ਬਾਰੇ ਉਥਲ ਪੁਥਲ ਹੋ ਰਹੀ ਸੀ। ਜ਼ਾਤ ਪਾਤ ਅਤੇ ਹੋਰਨਾਂ ਰਿਸ਼ਤਿਆਂ ਬਾਰੇ ਅਤੇ ਖ਼ਿਆਲਾਂ

ਬਾਰੇ ਸੁਆਲ ਉਠਾਏ ਜਾ ਰਹੇ ਸੀ। ਕਿਸੇ ਗੈਬੀ ਰੱਬ ਦੀ ਹੋਂਦ ਬਾਰੇ ਵੀ ਸੁਆਲ ਅਤੇ ਵਿਚਾਰ ਵਟਾਂਦਰਾ ਤਿੱਖਾ ਹੋ ਰਿਹਾ ਸੀ। ਦੇਹਆਤਮਵਾਦੀ, ਛਣਭੰਗੁਰਵਾਦੀ, ਸਰਵਸਤਵਾਦੀ, ਸ਼ਾਸਵਤਵਾਦੀ, ਚਾਰਵਾਕ, ਲੋਕਆਯਤਾ, ਮਹਾਵੀਰ, ਬੁੱਧ ਅਤੇ ਹੋਰ ਵਿਚਾਰਾਂ ਵਾਲੇ ਸਮਾਜ ਦੇ ਕਾਇਮ ਰਿਸ਼ਤਿਆਂ ਅਤੇ ਵਿਚਾਰਾਂ ਨੂੰ ਚੁਨੌਤੀ ਦੇ ਕੇ ਨਵੇਂ ਰਿਸ਼ਤੇ ਅਤੇ ਵਿਚਾਰਾਂ ਦਾ ਹੋਕਾ ਦੇ ਰਹੇ ਸੀ।

ਇਨ੍ਹਾਂ ਵਿਚੋਂ ਕਾਫੀ ਲੋਕਾਂ ਦੇ ਵਿਚਾਰਾਂ ਬਾਰੇ ਸਾਨੂੰ ਕੋਈ ਤਫਸੀਲ ਨਾਲ ਜਾਣਕਾਰੀ ਨਹੀਂ ਮਿਲਦੀ। ਮਿਸਾਲ ਦੇ ਤੌਰ ਤੇ ਚਾਰਵਕ ਬਾਰੇ ਸਾਨੂੰ ਜਾਣਕਾਰੀ ਸਿਰਫ ਉਨ੍ਹਾਂ ਦੇ ਵਿਰੋਧੀਆਂ ਦੀਆਂ ਦਲੀਲਾਂ ਵਿਚ ਹੀ ਮਿਲਦੀ ਹੈ। ਅਜੀਤ ਕੇਸਕੰਬਲੀ ਬਾਰੇ ਵੀ ਸਾਨੂੰ ਬਹੁਤ ਘੱਟ ਜਾਣਕਾਰੀ ਮਿਲਦੀ ਹੈ। ਪਰ ਉਸਦੀ ਇਕ ਪੰਕਤੀ ਮਿਲਦੀ ਹੈ ਜੋ ਕਹਿੰਦੀ ਹੈ ਕਿ ਔਰਤਾਂ ਤੇ ਲਾਈਆਂ ਹੋਈਆਂ ਪਾਬੰਦੀਆਂ ਬਿਲਕੁਲ ਨਾਜਾਇਜ਼ ਹਨ ਅਤੇ ਔਰਤਾਂ ਨੂੰ ਵੀ ਮਰਦਾਂ ਵਾਂਗ ਹੀ ਜ਼ਿੰਦਗੀ ਦਾ ਸੁਆਦ ਲੈਣਾ ਚਾਹੀਦਾ ਹੈ।

ਪਰ ਕਈ ਉਪਨਿਸ਼ਦਾਂ ਵਿਚ ਜਿਹੜੇ ਕਿ ਇਸ ਵੇਲੇ ਸਮਾਜ ਦੇ ਹੋਰਨਾਂ ਰਿਸ਼ਤਿਆਂ ਅਤੇ ਖ਼ਿਆਲਾਂ ਨੂੰ ਚੁਨੌਤੀ ਦੇ ਰਹੇ ਸੀ ਉਨ੍ਹਾਂ ਵਿਚ ਔਰਤਾਂ ਬਾਰੇ ਉਹੀ ਪੁਰਾਣੇ ਖ਼ਿਆਲ ਹੀ ਦਿਸਦੇ ਹਨ। ਮਿਸਾਲ ਦੇ ਤੌਰ ਤੇ ਯਗਿਆਵਾਲਕਿਆ ਉਪਨਿਸ਼ਦ ਵਿਚ ਕਿਹਾ ਗਿਆ ਹੈ:

*“ਖ਼ੂਬਸੂਰਤ ਜਿਸਮ ਵਾਲੀਆਂ ਅਤੇ ਸ਼ਿੰਗਾਰ ਕਰਨ ਵਾਲੀਆਂ ਔਰਤਾਂ ਨੂੰ ਹੱਥ ਲਾਉਣਾ ਔਖਾ ਹੈ ਪਰ ਉਹ ਅੱਖਾਂ ਨੂੰ ਸੁੱਖ ਦਿੰਦੀਆਂ ਹਨ ਅਤੇ ਉਹ ਪਾਪ ਦੀ ਅੱਗ ਦੀਆਂ ਲਾਟਾਂ ਹਨ ਅਤੇ ਉਹ ਮਰਦਾਂ ਨੂੰ ਸੁੱਕੇ ਘਾਹ ਵਾਂਗ ਜਲਾ ਦਿੰਦੀਆਂ ਹਨ।*

ਔਰਤਾਂ ਸੁੰਦਰ ਅਤੇ ਜ਼ਾਲਿਮ ਹਨ ਅਤੇ ਨਰਕ ਦੀ ਅੱਗ ਦਾ ਬਾਲਣ ਹਨ ਜਿਹੜਾ ਕਿ ਦੂਰੋਂ ਹੀ ਸਾੜ ਦਿੰਦਾ ਹੈ। ਇਹ ਰਸੀਲੀਆਂ ਹਨ ਪਰ ਠੰਡ ਨਹੀਂ ਪਾਂਉਦੀਆਂ ਬੇਵਕੂਫ ਔਰਤਾਂ ਕਾਮ ਦੇਵਤਾਂ ਵਲੋਂ ਫੈਲਾਇਆਂ ਹੋਇਆ ਜਾਲ ਜੋ ਮਰਦਾਂ ਦੇ ਜਿਸਮ ਨੂੰ ਪਰਿੰਦਿਆਂ ਵਾਂਗ ਵਾਹ ਲੈਂਦੀਆਂ ਹਨ।

ਔਰਤ ਮੱਛੀ ਫੜਣ ਵਾਲੇ ਦੀ ਕੁੰਡੀ ਹੈ ਜੋ ਮਰਦ ਰੂਪੀ ਮੱਛੀਆਂ ਨੂੰ ਦੁਨੀਆਂ ਦੇ ਤਾਲਾਬ ਚੋਂ ਫੜਣ ਲਈ ਹੈ ਅਤੇ ਇਨਸਾਨ ਦੇ ਦਿਮਾਗ ਨੂੰ ਗੰਦਲਾ ਕਰਦੀਆਂ ਹਨ।

ਔਰਤਾਂ ਹਰ ਬੁਰਾਈ ਦੀਆਂ ਜਵਾਹਾਰਾਤ ਹਨ ਅਤੇ ਮੁਸੀਬਤ ਦੀਆਂ ਬੇੜੀਆਂ ਹਨ।

ਨਾਰਦ ਪਰੀਵਰਜਕ ਉਪਨਿਸ਼ਦ ਕਹਿੰਦਾ ਹੈ:

*"ਮਰਦ ਨੌਜਵਾਨ ਅਤੇ ਖ਼ੂਬਸੂਰਤ ਔਰਤ ਨੂੰ ਵੇਖਦੇ ਹੀ ਵਾਸਨਾ ਨਾਲ ਭਰ ਜਾਂਦੇ ਹਨ ਅਤੇ ਸ਼ਰਾਬ ਪੀਣ ਨਾਲ ਨਸ਼ੇ ਵਿਚ ਆ ਜਾਂਦੇ ਹਨ। ਇਸ ਲਈ ਮਰਦਾਂ ਨੂੰ ਔਰਤਾਂ ਨੂੰ ਦੂਰੋਂ ਹੀ ਛੱਡਣਾ ਚਾਹੀਦਾ ਹੈ ਕਿਉਂਕਿ ਉਹ ਉਨ੍ਹਾਂ ਦੀ ਅੱਖ ਲਈ ਜ਼ਹਿਰ ਹਨ।*

"ਮਹਾਵੀਰ ਜੈਨ ਦੇ ਪੈਰੋਕਾਰਾਂ ਵਿਚ ਵੀ ਇਕ ਫਿਰਕਾ ਇਹ ਸਮਝਦਾ ਸੀ ਕਿ ਔਰਤਾਂ ਨੂੰ ਗਿਆਨ ਅਤੇ ਮੁਕਤੀ ਹਾਸਲ ਹੋ ਹੀ ਨਹੀਂ ਸਕਦੇ। ਖੁਦ ਮਹਾਵੀਰ ਇਕ ਥਾਂ ਕਹਿੰਦੇ ਹਨ:

> *"ਔਰਤਾਂ ਦੁਨੀਆਂ ਦੀ ਸਾਰਿਆਂ ਨਾਲੋਂ ਵੱਡੀਆਂ ਕੁਰਾਹੇ ਪਾਉਣ ਵਾਲੀਆਂ ਹਨ। ਮਰਦ ਨੂੰ ਉਨ੍ਹਾਂ ਨਾਲ ਗੱਲ ਨਹੀਂ ਕਰਨੀ ਚਾਹੀਦੀ, ਨਾਂ ਉਨ੍ਹਾਂ ਵੱਲ ਦੇਖਣਾ ਚਾਹੀਦਾ ਹੈ ਅਤੇ ਨਾਂ ਹੀ ਉਨ੍ਹਾਂ ਨਾਲ ਕੰਮ ਕਰਨਾ ਚਾਹੀਦਾ ਹੈ।*

"ਜੈਨਾਂ ਦੇ ਦਿਗੰਬਰ(ਨੰਗੇ ਰਹਿਣ ਵਾਲੇ) ਫਿਰਕੇ ਵਿਚ ਔਰਤਾਂ ਦੀ ਮਨਾਹੀ ਸੀ ਪਰ ਸ਼ਵੇਤਾਂਬਰ(ਸਫੇਦ ਕਪੜੇ ਪਹਿਣ ਵਾਲੇ) ਫਿਰਕੇ ਵਿਚ ਉਨ੍ਹਾਂ ਨੂੰ ਇਜਾਜ਼ਤ ਸੀ ਉਹ ਭਿਖੁਨੀਆਂ ਬਣ ਸਕਦੀਆਂ ਸੀ ਅਤੇ ਅਗਲੇ ਜਨਮ ਵਿਚ ਮਰਦ ਪੈਦਾ ਹੋਣ ਦੀ ਆਸ ਕਰ ਸਕਦੀਆਂ ਸੀ ਕਿਉਂਕਿ ਸਿਰਫ ਮਰਦ ਹੀ ਤੀਰਥਾਂਕਰ ਪੈਦਾ ਹੋ ਸਕਦੇ ਹਨ ਇਸ ਲਈ ਔਰਤਾਂ ਨੂੰ ਤੀਰਥਾਂਕਰ ਬਨਣਾ ਸੰਭਵ ਸੀ ਜੇ ਉਹ ਭਗਤੀ ਕਰਕੇ ਮਰਦ ਦਾ ਜਨਮ ਲੈਣ।

ਕਈ ਜੈਨ ਗ੍ਰੰਥਾਂ ਵਿਚ ਕਿਹਾ ਗਿਆ ਹੈ ਕਿ ਔਰਤਾਂ ਹੀਣ ਅਤੇ ਮਰਦਾਂ ਦੇ ਬਰਾਬਰ ਨਹੀਂ ਹਨ ਕਿਉਂਕਿ ਉਨ੍ਹਾਂ ਦੇ ਜਿਸਮ ਤੋਂ ਹਰ ਮਹੀਨੇ ਲਹੂ ਵਗਦਾ ਹੈ ਜਿਸ ਨਾਲ ਕਈ ਸੁਖਮ ਕੀਟਾਣੂੰ ਮਰ ਜਾਂਦੇ ਹਨ ਇਸ ਲਈ ਉਨ੍ਹਾਂ ਦਾ ਜਿਸਮ ਹਿੰਸਾ ਕਰਦਾ ਹੈ ਇਸ ਲਈ ਮੁਕਤੀ ਵਿਚ ਵਿਘਨ ਪਾਂਉਦਾ ਹੈ।

ਦਿਗੰਬਰ ਫਿਰਕੇ ਦਾ ਇਹ ਵੀ ਯਕੀਨ ਹੈ ਕਿ ਜੇ ਔਰਤਾਂ ਬਗੈਰ ਕਪੜੇ ਪਾਈ ਵਿਚਰਦੀਆਂ ਹਨ ਤਾਂ ਉਹ ਮਰਦਾ ਦੀ ਵਾਸਨਾ ਦੀ ਅੱਗ ਨੂੰ ਭੜਕਾਂਉਦੀਆਂ ਹਨ ਅਤੇ ਉਨ੍ਹਾਂ ਨੂੰ ਆਪ ਵੀ ਸ਼ਰਮ ਆਉਂਦੀ ਹੈ ਅਤੇ ਇਸ ਤਰ੍ਹਾਂ ਉਨ੍ਹਾਂ ਦੀ ਮੁਕਤੀ ਵਿਚ ਵਿਘਨ ਪੈਂਦਾ ਹੈ।

ਕਈ ਵਿਦਵਾਨਾਂ ਅਤੇ ਦਾਨਿਸ਼ਵਰਾਂ ਮੁਤਾਬਿਕ ਔਰਤਾਂ ਨੂੰ ਬਹੁਤ ਜ਼ੋਰ ਅਤੇ ਹਿੰਸਾ ਨਾਲ ਗੁਲਾਮ ਬਣਾਇਆ ਗਿਆ ਸੀ। ਇਸ ਦੀ ਗਵਾਹੀ ਸਾਨੂੰ ਕੁਝ ਰਿਵਾਜਾਂ ਚੋਂ ਮਿਲਦੀ ਹੈ ਜੋ ਕਿ ਹਾਲੇ ਵੀ ਪ੍ਰਚਲਿਤ ਹਨ।

## ਸਤੀ, ਬੇਵਾ ਔਰਤਾਂ ਨਾਲ਼ ਬੁਰਾ ਸਲੂਕ ਅਤੇ ਉਨ੍ਹਾਂ ਤੇ ਪਾਬੰਦੀਆਂ, ਕੁੜੀਆਂ ਨੂੰ ਜੰਮਦੇ ਹੀ ਮਾਰ ਦੇਣਾ

## ਸਤੀ

ਸਤੀ ਕਦੋਂ ਤੇ ਕਿਸ ਵਕਤ ਸ਼ੁਰੂ ਹੋਈ ਇਸ ਦਾ ਕੁਝ ਪੱਕਾ ਪਤਾ ਨਹੀਂ ਚੱਲਦਾ. ਰਿਗਵੇਦ ਵਿਚ ਸਤੀ ਦਾ ਜ਼ਿਕਰ ਦਿਸਦਾ ਹੈ

*ਈਮਾਨਾਰੀਰ ਵਿਧਵਾ ਸੁਪਤਨੀ ਰਾਂਜ ਨੇ ਨਸਪ੍ਰਿਸ਼ਾਂਮ ਸੰਵਿਸ਼ੰਤੁ*
*ਅਨਸ਼੍ਰਵੋਹਅਨਮੀਵਾਸੁਰਤਨਾਆਰੋਹੰਤੁਜਨਯੋਯੋਨਿਅਗ੍ਰੇ..(ਰਿਗਵੇਦ10-1-87)*

(ਉਹ ਬੇਵਾ ਔਰਤਾਂ ਜਿਹੜੀਆਂ ਕਿ ਚੰਗੀਆਂ ਪਤਨੀਆਂ ਹਨ ਉਨ੍ਹਾਂ ਨੂੰ ਹਰ ਤਰ੍ਹਾਂ ਦਾ ਸ਼ਿੰਗਾਰ ਕਰਕੇ ਆਪਣੇ ਘਰ/ਅੱਗ ਵਿਚ ਬੈਠਣਾ ਚਾਹੀਦਾ ਹੈ)

ਕੁਝ ਵਿਦਵਾਨ ਇਸ ਸੁਕਤ ਦੇ ਸ਼ਲੋਕ ਨੂੰ ਸਤੀ ਦੀ ਹਿਮਾਇਤ ਕਰਦਾ ਦੱਸਦੇ ਹਨ ਅਤੇ ਕੁਝ ਵਿਦਵਾਨ ਇਸ ਸੁਕਤ ਨੂੰ ਸਤੀ ਦੇ ਖ਼ਿਲਾਫ਼ ਦੱਸਦੇ ਹਨ। ਜਿਹੜੇ ਵਿਦਵਾਨ ਇਸ ਨੂੰ ਹਿਮਾਇਤ ਕਰਦਾ ਦਿਸਦੇ ਹਨ ਉਹ ਕਹਿੰਦੇ ਹਨ ਕਿ ਸ਼ਲੋਕ ਵਿਚ ਲਫਜ਼ ਅਗ੍ਰੇ ਹੈ ਅਗਨੇ ਨਹੀਂ। ਪਰ ਸਾਇਣਾਚਾਰਿਆ ਇਸ ਨੂੰ ਅਗਨੇ ਦੱਸਦਾ ਹੈ। ਭਾਵੇਂ ਇਹ ਹਿਮਾਇਤ ਕਰਦਾ ਹੈ ਜਾਂ ਇਸ ਦੇ ਖ਼ਿਲਾਫ਼ ਹੈ, ਇਸ ਤੋਂ ਇਹ ਗੱਲ ਸਾਫ਼ ਹੁੰਦੀ ਹੈ ਕਿ ਰਿਗਵੇਦ ਦੇ ਸਮਾਜ ਵਿਚ ਸਤੀ ਹੁੰਦੀ ਸੀ ਅਤੇ ਕਾਫ਼ੀ ਵਿਦਵਾਨ ਇਸ ਗੱਲ ਦੇ ਕਾਇਲ ਹਨ ਕਿ ਇਹ ਰਸਮ ਬਹੁਤ ਹੀ ਪੁਰਾਤਨ ਹੈ।

ਸਤੀ ਬਾਰੇ ਜਿਹੜੀ ਕਹਾਣੀ ਸ਼ਾਸਤਰ੍ਹਾਂ ਅਤੇ ਪੁਰਾਣਾਂ ਵਿਚ ਮਿਲ਼ਦੀ ਹੈ ਉਸ ਮੁਤਾਬਿਕ ਪਾਰਵਤੀ ਦੇ ਬਾਪ ਦਕਸ਼ ਨੇ ਇਕ ਬਹੁਤ ਵੱਡਾ ਯੱਗ ਕੀਤਾ ਜਿਸ ਵਿਚ ਉਸਨੇ ਸਾਰੇ ਹੀ ਦੇਵਤਿਆਂ ਨੂੰ ਸੱਦਿਆ ਪਰ ਪਾਰਵਤੀ ਦੇ ਘਰਵਾਲ਼ੇ ਸ਼ਿਵ ਨੂੰ ਨਹੀਂ ਸੱਦਿਆ। ਆਪਣੇ ਖ਼ਾਵੰਦ ਦੀ ਇਸ ਬੇਇੱਜ਼ਤੀ ਨੂੰ ਪਾਰਵਤੀ ਬਰਦਾਸ਼ਤ ਨਹੀਂ ਕਰ ਸਕੀ ਅਤੇ ਉਸਨੇ ਆਪਣੇ ਆਪ ਨੂੰ ਜੱਗ ਦੀ ਅੱਗ ਵਿਚ ਜਲ਼ਾ ਕੇ ਸਤੀ ਕਰ ਲਿਆ। ਇਸ ਲਈ ਉਹ ਸਤੀ ਸਾਰੀ ਹੀ ਪਤੀ ਵਰਤਾ ਯਾਨੀ ਕਿ ਆਪਣੇ ਖ਼ਾਵੰਦ ਨੂੰ ਪਿਆਰ ਕਰਨ ਵਾਲ਼ੀ ਹਰ ਔਰਤ ਲਈ ਉਹ ਇਕ ਮਿਸਾਲ ਹੋ ਗਈ ਅਤੇ ਘਰ ਵਾਲ਼ੇ ਦੀ ਮੌਤ ਦੇ ਬਾਅਦ ਉਸਦਾ ਇਹ ਫ਼ਰਜ਼ ਬਣ ਜਾਂਦਾ ਹੈ ਕਿ ਉਹ ਅੱਗ ਵਿਚ ਆਪਣੇ ਪਤੀ ਦੀ ਚਿਖਾ ਨਾਲ਼ ਹੀ ਆਪਣੇ ਆਪਨੂੰ ਸਾੜ ਲਵੇ।

ਸ਼ਾਸਤਰ੍ਹਾਂ, ਸਿਮਰੀਤੀਆਂ ਅਤੇ ਪੁਰਾਣਾਂ ਵਿਚ ਸਤੀ ਚੜ੍ਹਣ ਬਾਰੇ ਬਹੁਤ ਹੀ ਵਿਸਤਾਰ ਪੂਰਵਕ ਵੇਰਵੇ ਮਿਲ਼ਦੇ ਹਨ। ਸਤੀ ਨੂੰ ਇਕ ਦੁਲਹਨ ਜਾਂ ਲਾੜੀ ਵਾਂਗ ਸਜਾਇਆ ਜਾਂਦਾ ਸੀ ਅਤੇ ਹਰ ਤਰ੍ਹਾਂ ਦਾ ਸ਼ਿੰਗਾਰ ਕਰਕੇ ਉਹਨੂੰ ਚਿਖਾ ਦੀ ਅੱਗ ਵਿਚ ਬਿਠਾਇਆ ਜਾਂਦਾ ਸੀ। ਗਰੁੜ ਪੁਰਾਣ ਦੇ ਦਸਵੇਂ ਹਿੱਸੇ ਵਿਚ ਸਤੀ ਚੜ੍ਹਣ ਲਈ ਬਹੁਤ ਹੀ ਬਾਰੀਕੀ ਨਾਲ਼ ਹੁਕਮ ਦਿੱਤੇ ਗਏ ਹਨ। ਇਹ ਸਤੀ ਦੀ ਰਸਮ ਬਹੁਤ ਦੇਰ ਤਕ ਚਲਦੀ ਰਹੀ। ਮੁਗ਼ਲਾਂ ਨੇ ਇਸਨੂੰ ਬੰਦ ਕਰਨ ਲਈ ਜ਼ੋਰ ਲਾਇਆ ਸੀ। ਅਕਬਰ ਅਤੇ ਔਰੰਗਜ਼ੇਬ ਨੇ ਇਸ ਤੇ ਪਾਬੰਦੀ ਲਾ ਦਿੱਤੀ ਸੀ। ਪਰ ਇਹ ਰਸਮ ਖ਼ਤਮ ਨਹੀਂ ਹੋਈ। ਦੱਸਿਆ ਜਾਂਦਾ ਹੈ ਕਿ ਰਣਜੀਤ ਸਿੰਘ ਦੀ ਮੌਤ ਦੇ ਬਾਅਦ ਉਸਦੀ ਕਈ ਰਾਣੀਆਂ ਉਸਦੀ ਚਿਖਾ ਵਿਚ ਸਤੀ ਹੋ ਗਈਆਂ ਸਨ। ਰਾਜਸਥਾਨ ਵਿਚ ਰੂਪਕੰਵਰ **1987** ਵਿਚ ਸਤੀ ਹੋਈ ਸੀ।

ਹਿੰਦੁਸਤਾਨ ਵਿਚ ਬਹੁਤ ਇਲਾਕਿਆਂ ਵਿਚ ਸਤੀ ਮੰਦਰ ਵੀ ਕਾਇਮ ਹਨ ਜਿਹੜੇ ਕਿ ਬਹੁਤ ਹੀ ਪੁਰਾਣੇ ਅਤੇ ਪ੍ਰਾਚੀਨ ਹਨ। ਇਸ ਤੋਂ ਇਹ ਪਤਾ ਚਲਦਾ ਹੈ ਕਿ ਇਹ ਰਸਮ ਬਹੁਤ ਹੀ ਪੁਰਾਣੀ ਹੈ।

***ਬੇਵਾ ਅਤੇ ਵਿਧਵਾ ਔਰਤਾਂ ਤੇ ਪਾਬੰਦੀਆਂ***

ਸ਼ਾਸਤਰ੍ਹਾਂ, ਸਿਮਰਤੀਆਂ ਅਤੇ ਪੁਰਾਣਾਂ ਵਿਚ ਦੱਸਿਆ ਗਿਆ ਹੈ ਕਿ ਜਿਸ ਔਰਤ ਦਾ ਘਰਵਾਲ਼ਾ ਮਰ ਗਿਆ ਹੈ ਜੇ ਉਹ ਸਤੀ ਨਹੀਂ ਹੋ ਸਕਦੀ ਤਾਂ ਉਸ ਨੂੰ ਪਰਿਵਾਰ ਤੋਂ ਅਲ਼ਗ ਰਹਿ ਕੇ ਆਪਣਾ ਗੁਜ਼ਾਰਾ ਕਰਨਾ ਚਾਹੀਦਾ ਹੈ। ਬੇਵਾ ਔਰਤ ਨੂੰ ਆਪਣੇ ਘਰਵਾਲ਼ੇ ਦੀ ਮੌਤ ਲਈ ਜ਼ਿੰਮੇਵਾਰ ਦੱਸਕੇ ਆਪਣੇ ਪਤੀ ਨੂੰ ਖਾਣ ਵਾਲ਼ੀ ਦੱਸਿਆ ਗਿਆ। ਉਸਦਾ ਘਰ ਵਿਚ ਹੁੱਕਾ ਪਾਣੀ ਬੰਦ ਕਰ ਦਿੱਤਾ ਜਾਂਦਾ ਸੀ ਅਤੇ ਉਸ ਨੂੰ ਘਰਦੇ ਕਿਸੇ ਵੀ ਕਾਰ ਵਿਹਾਰ, ਵਿਆਹ ਸ਼ਾਦੀ ਵਗ਼ੈਰਾ ਵਿਚ ਸ਼ਾਮਿਲ ਹੋਣ ਤੇ ਪਾਬੰਦੀ ਲਾ ਦਿੱਤੀ ਗਈ ਉਸ ਨੂੰ ਅਲ਼ਗ ਕੋਠੜੀ ਵਿਚ ਰੱਖਣ ਦਾ ਹੁਕਮ ਸੀ ਅਤੇ ਉਸ ਨਾਲ਼ ਕਲਾਮ ਵੀ ਭੈੜਾ ਸਮਝਿਆ ਜਾਂਦਾ ਸੀ। ਉਸਦੇ ਭਾਂਡੇ ਅਤੇ ਬਰਤਨ ਵੀ ਅਲੱਗ ਹੀ ਹੁੰਦੇ ਸਨ।

ਵਿਧਵਾ ਅਤੇ ਬੇਵਾ ਔਰਤਾਂ ਨੂੰ ਦੁਬਾਰਾ ਵਿਆਹ ਕਰਨ ਦੀ ਇਜਾਜ਼ਤ ਨਹੀਂ ਸੀ ਅਤੇ ਸਮਾਜ ਵਿਚ ਵਿਧਵਾ ਨਾਲ਼ ਕਲਾਮ ਕਰਨ ਵਾਲ਼ੇ ਬੰਦੇ ਨੂੰ ਵੀ ਮਾੜਾ ਸਮਝਿਆ ਜਾਣ ਦਾ ਹੁਕਮ ਅਤੇ ਰਿਵਾਜ ਸੀ। ਉਹ ਮੁਕੰਮਲ ਇਕਲਾਪੇ ਦੀ ਜ਼ਿੰਦਗੀ ਬਸਰ ਕਰਨ ਲਈ ਮਜਬੂਰ

ਸਨ। ਉਨ੍ਹਾਂ ਨੂੰ ਆਪਣੇ ਮਰਦ ਦੀ ਮੌਤ ਦੀ ਇਹ ਸਜ਼ਾ ਦਿੱਤੀ ਜਾਂਦੀ ਸੀ।

ਬੇਵਾ ਔਰਤਾਂ ਅਤੇ ਵਿਧਵਾ ਔਰਤਾਂ ਖ਼ਿਲਾਫ਼ ਅਜੇ ਵੀ ਸਮਾਜ ਵਿਚ ਬਹੁਤ ਹੀ ਵਹਿਸ਼ੀ ਖ਼ਿਆਲ ਅਤੇ ਰਵਾਇਤਾਂ ਕਾਇਮ ਹਨ।।

*ਬਲਾਤਕਾਰ ਅਤੇ ਜਬਰ ਜਿਨਾਹ*

ਔਰਤਾਂ ਖਿਲਾਫ ਬਲਾਤਕਾਰ ਅਤੇ ਜਬਰ ਜਿੰਨ੍ਹਾਂ ਸਾਨੂੰ ਸ਼ਾਸਤਰ੍ਹਾਂ ਵਿਚ ਮਿਲਦਾ ਹੈ। ਇੰਦਰ ਦੇਵਤਾ ਦੁਆਰਾ ਅਹਿਲਿਆ ਦਾ ਬਲਾਤਕਾਰ ਬਹੁਤ ਹੀ ਮਸ਼ਹੂਰ ਹੈ ਇਸ ਤਰ੍ਹਾਂ ਬਲਾਤਕਾਰ ਦੀਆਂ ਹੋਰ ਮਿਸਾਲਾਂ ਭੀ ਗ੍ਰੰਥਾਂ ਵਿਚ ਮਿਲਦੀਆਂ ਹਨ। ਰਿਗਵੇਦ ਵਿਚ ਊਸ਼ਾ ਨਾਲ ਬਲਾਤਕਾਰ ਦਾ ਜ਼ਿਕਰ ਮਿਲਦਾ ਹੈ। ਇਕ ਰਿਪੋਰਟ ਮੁਤਾਬਿਕ ਪੰਜਾਬ ਵਿਚ ਹਰ **16** ਮਿੰਟ ਇਕ ਲੜਕੀ ਨਾਲ ਬਲਾਤਕਾਰ ਹੁੰਦਾ ਹੈ।

*ਕੁੜੀਆਂ ਨੂੰ ਜੰਮਦੇ ਹੀ ਮਾਰਨਾਂ*

ਹਿੰਦੁਸਤਾਨ ਵਿਚ ਅੱਜ ਵੀ ਕੁੜੀਆਂ ਨੂੰ ਜੰਮਣ ਤੋਂ ਪਹਿਲਾਂ ਖ਼ਤਮ ਕਰਨ ਦਾ ਰਿਵਾਜ ਹੈ। ਇਕ ਖੋਜ ਵਿਚ ਦੱਸਿਆ ਗਿਆ ਹੈ ਕਿ ਪਿਛਲੇ ਕੁਝ ਸਾਲਾਂ ਵਿਚ ਤਕਰੀਬਨ **6** ਕਰੋੜ ਕੁੜੀਆਂ ਨੂੰ ਜੰਮਣ ਤੋਂ ਪਹਿਲਾਂ ਹੀ ਭਰੂਣ ਹੱਤਿਆ ਕਰਕੇ ਖ਼ਤਮ ਕੀਤਾ ਜਾ ਚੁੱਕਾ ਹੈ। ਇਸ ਕਰਕੇ ਪੰਜਾਬ ਅਤੇ ਹੋਰਨਾਂ ਹਿੱਸਿਆਂ ਵਿਚ ਮਰਦਾਂ ਦੇ ਮੁਕਾਬਲੇ ਕੁੜੀਆਂ ਦੀ ਗਿਣਤੀ ਘਟਦੀ ਜਾ ਰਹੀ ਹੈ।

ਕੁੜੀਆਂ ਨੂੰ ਮਾਰਨ ਦਾ ਸਿਲਸਿਲਾ ਬਹੁਤ ਹੀ ਪੁਰਾਣਾ ਹੈ ਅਤੇ ਇਸ ਬਾਰੇ ਬਹੁਤ ਹੀ ਪੁਰਾਣੀਆਂ ਕਹਾਣੀਆਂ ਦਿਸਦੀਆਂ ਹਨ।

ਇਹ ਸਾਰੀਆਂ ਰਸਮਾਂ ਅਤੇ ਰਵਾਇਤਾਂ ਨੂੰ ਦੇਖਦੇ ਹੋਏ ਦਾਨਿਸ਼ਵਰ ਅਤੇ ਵਿਦਵਾਨ ਸੋਚਦੇ ਹਨ ਕਿ ਇਸਤਰੀ ਰਾਜ ਨੂੰ ਖ਼ਤਮ ਕਰਨ ਵਿਚ ਅਤੇ ਮਰਦਸ਼ਾਹੀ ਨੂੰ ਕਾਇਮ ਕਰਨ ਲਈ ਬਹੁਤ ਹੀ ਜਬਰ ਅਤੇ ਤਸ਼ੱਦਦ ਦਾ ਸਹਾਰਾ ਲਿਆ ਗਿਆ ਹੋਣਾ ਇਹ ਸਾਰੀਆਂ ਹੀ ਰਸਮਾਂ ਮਰਦਸ਼ਾਹੀ ਦੀ ਤਾਨਾਸ਼ਾਹੀ ਦਾ ਹੀ ਸਬੂਤ ਹਨ ਅਤੇ ਬਿਨਾਂ ਜ਼ੋਰ ਦੇ ਕਦੇ ਵੀ ਕਾਇਮ ਨਹੀਂ ਹੋ ਸਕਦੀਆਂ ਸਨ। ਇਕ ਲੰਮੇ ਸਮੇਂ ਬਾਅਦ ਸਮਾਜ ਇਹ ਨੂੰ ਕੁਦਰਤੀ ਅਤੇ ਗੈਬੀ ਹੁਕਮ ਤਸਲੀਮ ਕਰਨ ਲੱਗ ਪਿਆ ਜਿਸ ਤਰ੍ਹਾਂ ਕਿ ਹੁਣ ਮਰਦਸ਼ਾਹੀ ਨੂੰ ਕੁਦਰਤੀ ਅਤੇ ਕਾਇਨਾਤ ਦੇ ਨੇਮ ਦਾ ਹਿੱਸਾ ਸਮਝਿਆ ਜਾਂਦਾ ਹੈ।

ਇਸਤਰੀ ਰਾਜ ਦੇ ਜਿਹੜੇ ਵੀ ਜ਼ਿਕਰ ਸਾਨੂੰ ਮਹਾਂਭਾਰਤ ਅਤੇ ਹੋਰਨਾਂ ਕਿਤਾਬਾਂ ਵਿਚ ਮਿਲ਼ਦੇ ਹਨ ਉਨ੍ਹਾਂ ਵਿਚ ਇਨ੍ਹਾਂ ਤਿਨ੍ਹਾਂ ਰਸਮਾਂ ਦਾ ਕੋਈ ਜ਼ਿਕਰ ਨਹੀਂ। ਹਿੰਦੁਸਤਾਨ ਦੇ ਉਨ੍ਹਾਂ ਹਿੱਸਿਆਂ ਵਿਚ ਜਿਨ੍ਹਾਂ ਵਿਚ ਅਜੇ ਵੀ ਔਰਤ ਪ੍ਰਧਾਨ ਸਮਾਜ ਕਾਇਮ ਹਨ ਉਨ੍ਹਾਂ ਵਿਚ ਇਹ ਰਸਮਾਂ ਨਹੀਂ ਮਿਲ਼ਦੀਆਂ। ਇਹ ਰਸਮਾਂ ਮਰਦਸ਼ਾਹੀ ਦੀਆਂ ਹੀ ਦੇਣ ਹਨ ਅਤੇ ਔਰਤਾਂ ਤੇ ਜ਼ਬਰਦਸਤੀ ਹੀ ਠੋਸੀਆ ਗਈਆਂ ਹਨ।

### *ਇਸਤਰੀ ਸੁਭਾਅ ਜਾਂ ਔਰਤਾਂ ਦਾ ਕੁਦਰਤੀ ਸੁਭਾਅ*

ਹਾਕਮ ਧਿਰਾਂ ਅਕਸਰ ਇਕ ਖ਼ਾਸ ਜਮਾਤ ਜਾਂ ਲੋਕਾਂ ਨੂੰ ਕੁਝ ਕੁਦਰਤੀ ਗੁਣਾਂ ਜਾਂ ਕਦੀ ਵੀ ਨਾਂ ਬਦਲਣ ਵਾਲੇ ਸੁਭਾਅ ਵਾਲੇ ਦੱਸ ਕੇ ਉਨ੍ਹਾਂ ਨੂੰ ਦਬਾਉਣ ਅਤੇ ਕੁਚਲਨ ਲਈ ਇਕ ਵਿਚਾਰ ਧਾਰਕ ਭੰਡਾਰ ਤਿਆਰ ਕਰ ਲੈਂਦੀਆਂ ਹਨ। ਮਿਸਾਲ ਦੇ ਤੌਰ ਤੇ ਅਮਰੀਕਾ ਵਿਚ ਕਾਲੇ ਲੋਕਾਂ ਨੂੰ ਗ਼ੁਲਾਮੀ ਵਿਚ ਰੱਖਣ ਲਈ ਕਾਲੇ ਲੋਕਾਂ ਖ਼ਿਲਾਫ਼ ਕਈ ਫਾਸ਼ ਅਤੇ ਘਟੀਆ ਵਿਚਾਰ ਅਤੇ ਖ਼ਿਆਲ ਪ੍ਰਚਲਿਤ ਕੀਤੇ ਗਏ ਸੀ ਜੋ ਅਜੇ ਵੀ ਕਾਫ਼ੀ ਪ੍ਰਚਲਿਤ ਹਨ। ਮਿਸਾਲ ਦੇ ਤੌਰ ਤੇ ਇਹ ਕਿਹਾ ਜਾਂਦਾ ਸੀ ਕਿ ਕਾਲੇ ਲੋਕ ਪੂਰੇ ਇਨਸਾਨ ਨਹੀਂ ਉਹ ਤਾਂ ਸਿਰਫ਼ ਦੋ ਤਿਹਾਈ ਹੀ ਇਨਸਾਨ ਹਨ। ਜੇ ਕੋਈ ਕਿਸੇ ਕਾਲੇ ਇਨਸਾਨ ਦਾ ਕਤਲ ਕਰ ਦਿੰਦਾ ਸੀ ਤਾਂ ਉਸਤੇ ਕਤਲ ਦਾ ਮੁਕੱਦਮਾ ਨਹੀਂ ਚਲਦਾ ਸੀ। ਇਹ ਕਿਹਾ ਜਾਂਦਾ ਸੀ ਕਤਲ ਕਰਨ ਵਾਲੇ ਨੇ ਬੰਦਾ ਨਹੀਂ ਮਾਰਿਆ। ਇਸੇ ਤਰ੍ਹਾਂ ਅੱਜ ਕਲ ਅਮਰੀਕਾ ਅਤੇ ਹੋਰਨਾਂ ਯੂਰਪੀਅਨ ਮੁਲਕਾਂ ਵਿਚ ਮੁਸਲਮਾਨਾਂ ਦੇ ਖ਼ਿਲਾਫ਼ ਵੀ ਬਹੁਤ ਪ੍ਰਾਪੇਗੰਡਾ ਕੀਤਾ ਜਾਂਦਾ ਹੈ। ਕਿਹਾ ਜਾਂਦਾ ਹੈ ਕਿ ਉਹ ਕੁਦਰਤਨ ਹੀ ਦਹਿਸ਼ਤਗਰਦ ਹਨ, ਇਸ ਲਈ ਉਨ੍ਹਾਂ ਤੇ ਕੰਟਰੋਲ ਰੱਖਣਾ ਬਹੁਤ ਜ਼ਰੂਰੀ ਹੈ। ਨਿਊਯਾਰਕ ਵਰਗੇ ਸ਼ਹਿਰਾਂ ਵਿਚ ਮੁਸਲਮਾਨ ਨੌਜਵਾਨਾਂ ਨੂੰ ਪੁਲੀਸ ਜਦੋਂ ਵੀ ਚਾਹੇ ਉਨ੍ਹਾਂ ਨੂੰ ਰੋਕ ਕੇ ਤਲਾਸ਼ੀ ਲੈ ਸਕਦੀ ਹੈ ਅਤੇ ਪਰੇਸ਼ਾਨ ਕਰ ਸਕਦੀ ਹੈ ਅਤੇ ਕਰਦੀ ਹੈ।

ਇਸੇ ਤਰ੍ਹਾਂ ਇਹ ਕੁਦਰਤੀ ਸੁਭਾਅ ਦੀ ਦਲੀਲ ਮਰਦਸ਼ਾਹੀ ਦੇ ਹਿਮਾਇਤੀਆਂ ਨੇ ਔਰਤਾਂ ਖ਼ਿਲਾਫ਼ ਉਨ੍ਹਾਂ ਨੂੰ ਥੱਲੇ ਲਾਉਣ ਲਈ ਹਜ਼ਾਰਾਂ ਹੀ ਸਾਲਾਂ ਤੋਂ ਵਰਤੀ ਹੈ। ਗ੍ਰੰਥਾਂ, ਵੇਦਾਂ, ਪੁਰਾਣਾ, ਸਿਮ੍ਰਿਤੀਆਂ ਵਿਚ ਔਰਤਾਂ ਦੇ ਕੁਦਰਤੀ ਸੁਭਾਅ ਜਾਂ ਇਸਤਰੀ ਸੁਭਾਅ ਬਾਰੇ ਬਹੁਤ ਹੀ ਤਫ਼ਸੀਲ ਨਾਲ ਦਲੀਲਾਂ ਦਿੱਤੀਆਂ ਗਈਆਂ ਹਨ। ਇਨ੍ਹਾਂ ਸਾਰੀਆਂ ਦਲੀਲਾਂ ਦਾ ਮਕਸਦ ਸਿਰਫ਼ ਇਹ ਹੈ ਕਿ ਔਰਤਾਂ ਦੇ ਕੁਦਰਤੀ ਸੁਭਾਅ ਦੀ ਵਜ੍ਹਾ ਨਾਲ ਉਨ੍ਹਾਂ ਤੇ ਨਕੇਲ ਪਾਕੇ ਰੱਖਣਾ ਬਹੁਤ ਜ਼ਰੂਰੀ ਹੈ ਅਤੇ ਉਨ੍ਹਾਂ ਦੇ ਜਿਸਮ ਤੇ ਮਰਦਾਂ ਨੂੰ ਹੀ ਕੰਟਰੋਲ ਰੱਖਣਾ ਚਾਹੀਦਾ ਹੈ। ਇਹ

ਵਿਚਾਰ ਅੱਜਕਲ ਵੀ ਪੰਜਾਬ ਅਤੇ ਹਿੰਦੁਸਤਾਨ ਵਿਚ ਆਮ ਤੌਰ ਤੇ ਪ੍ਰਚਲਿਤ ਹਨ।

ਰਿਗਵੇਦ ਵਿਚ ਕਿਹਾ ਗਿਆ ਹੈ ਕਿ ਔਰਤਾਂ ਦੇ ਦਿਲ ਬਘਿਆੜਾਂ ਅਤੇ ਕੁੱਤਿਆਂ ਵਾਲੇ ਹੁੰਦੇ ਹਨ ਅਤੇ ਉਹ ਕਿਸੇ ਦੀਆਂ ਦੋਸਤ ਨਹੀਂ ਹੋ ਸਕਦੀਆਂ।

ਮਨੂ ਸਿਮ੍ਰਿਤੀ ਵਿਚ ਇਸ ਸੋਚ ਨੂੰ ਹੋਰ ਵਧਾ ਕੇ ਦੱਸਿਆ ਗਿਆ ਹੈ:

*ਸਾਰੀਆਂ ਔਰਤਾਂ ਝੂਠੀਆਂ, ਭਰਿਸ਼ਟ, ਲਾਲਚੀ ਅਤੇ ਪਾਪੀ ਹਨ। (ਮਨੂ 2-1)*
*ਦੁਨੀਆ ਦੇ ਮਰਦਾਂ ਨੂੰ ਬਹਿਕਾਉਣਾ ਔਰਤਾਂ ਦੀ ਆਦਤ ਹੀ ਹੁੰਦੀ ਹੈ। ਸਿਆਣੇ ਬੰਦੇ ਔਰਤਾਂ ਤੋਂ ਹਮੇਸ਼ਾਂ ਖ਼ਬਰਦਾਰ ਰਹਿੰਦੇ ਹਨ। (ਮਨੂ 2-213)*

*ਔਰਤ ਨੂੰ ਮਾਰਨ, ਸ਼ੂਦਰ ਨੂੰ ਮਾਰਨ ਤੇ ਨਾਸਤਕ ਨੂੰ ਮਾਰਨ ਦਾ ਕੋਈ ਪਾਪ ਨਹੀਂ। ਔਰਤਾਂ ਘਟੀਆ ਖ਼ਾਹਸ਼ਾਂ, ਨਫ਼ਰਤ, ਫ਼ਰੇਬ, ਹਸਦ, ਅਤੇ ਬੁਰੇ ਆਚਰਣ ਦਾ ਪੁੰਜ ਹੁੰਦੀਆਂ ਹਨ। ਔਰਤਾਂ ਨੂੰ ਕਦੇ ਵੀ ਆਜ਼ਾਦੀ ਨਹੀਂ ਦੇਣੀ ਚਾਹੀਦੀ। (ਮਨੂ 9 17 ਅਤੇ ਵ 47, 147)।*

*ਬੰਦੇ ਨੂੰ ਕਦੇ ਵੀ ਆਪਣੀ ਮਾਂ, ਭੈਣ ਜਾਂ ਧੀ ਨਾਲ ਇਕੱਲੇ ਨਹੀਂ ਬੈਠਣਾ ਚਾਹੀਦਾ। ਕਿਉਂਕਿ ਵਾਸਨਾ ਤੇ ਜ਼ੋਰ ਨਹੀਂ ਅਤੇ ਇਕ ਉਸਤਾਦ ਅਤੇ ਬੁੱਧੀਮਾਨ ਬੰਦਾ ਵੀ ਥਿੜਕ ਸਕਦਾ ਹੈ। (ਮਨੂ 215)*
*ਇਕ ਬ੍ਰਾਹਮਣ ਨਰ, ਆਪਣੇ ਜਨਮ ਕਰਕੇ, ਇਸ ਬ੍ਰਹਿਮੰਡ ਦੀਆਂ ਸਾਰੀਆਂ ਤੀਵੀਆਂ ਦਾ ਪਹਿਲਾ ਪਤੀ ਹੁੰਦਾ ਹੈ। (ਮਨੂ 3 14)*

*ਪਤੀ ਭਾਵੇਂ ਚੰਗਾ ਹੋਵੇ ਜਾਂ ਬੁਰਾ, ਜਾਂ ਪਰਾਏ ਥਾਂ ਮਜ਼ੇ ਕਰੇ, ਜਾਂ ਕਿਸੇ ਵੀ ਗੁਣ ਤੋਂ ਵਾਂਝਾ ਹੋਵੇ, ਵਫ਼ਾਦਾਰ ਪਤਨੀ ਲਈ ਲਾਜ਼ਮੀ ਹੈ ਕਿ ਉਹਦੀ ਪੂਜਾ ਰੱਬ ਵਾਂਗੂੰ ਕਰੇ (ਮਨੂ 5 154)*

*ਪਤੀ ਦੀ ਮੌਤ ਹੋ ਜਾਵੇ ਤਾਂ ਵਿਧਵਾ ਜ਼ਨਾਨੀ ਲਈ ਜ਼ਰੂਰੀ ਹੈ ਕਿ ਉਹ ਆਪਣੀ ਖ਼ੁਸ਼ੀ ਨਾਲ ਫਲਫੂਲ ਤੇ ਜੜ੍ਹਬੂਟੀ ਖਾ ਕੇ ਆਪਣੇ ਸਰੀਰ ਨੂੰ ਸੰਭਾਲੇ ਪਰ ਕਿਸੇ ਹੋਰ ਬੰਦੇ ਨਾਮ ਵੀ ਉਹਦੀ ਜ਼ਬਾਨ ਤੇ ਨਹੀਂ ਆਉਣਾ ਚਾਹੀਦਾ (ਮਨੂ 5 157)।*

*ਇਕ ਔਰਤ ਲਈ ਜ਼ਰੂਰੀ ਹੈ ਕਿ ਆਪਣੇ ਸਦਾਚਾਰ ਨੂੰ ਕਾਇਮ ਰੱਖੇ ਅਤੇ ਆਪਣੇ ਪਤੀ ਦੇ ਬਗੈਰ ਹੋਰ ਕਿਸੇ ਮਰਦ ਨੂੰ ਆਪਣੇ ਸਰੀਰ ਨੂੰ ਹੱਥ ਨਾ ਲਾਉਣ ਦੇਵੇ, ਪਤੀ ਭਾਵੇਂ ਕਰੂਪ ਹੋਵੇ ਜਾਂ ਕੋਹੜੀ ਹੀ ਕਿਉਂ ਨਾ ਹੋਵੇ (ਮਨੂ 9 14)*

*ਵੇਦ ਪੜ੍ਹਨ ਦਾ ਔਰਤਾਂ ਨੂੰ ਕੋਈ ਹੱਕ ਨਹੀਂ। ਇਸੇ ਕਰਕੇ ਇਨ੍ਹਾਂ ਦਾ ਸੰਸਕਾਰ ਵੀ ਵੇਦ ਮੰਤਰ੍ਹਾਂ ਦੇ ਬਗੈਰ ਹੀ ਕਰੀਦਾ ਹੈ। ਔਰਤਾਂ ਨੂੰ ਧਰਮ ਦਾ ਕੱਖ ਪਤਾ ਨਹੀਂ ਕਿਉਂਕਿ ਇਨ੍ਹਾਂ ਨੂੰ ਵੇਦਾਂ ਨੂੰ ਪੜ੍ਹਨ ਜਾਂ ਸਮਝਣ ਜਾਂ ਵੇਦਾਂ ਦਾ ਉਚਾਰਨ ਕਰਨ ਦਾ ਕੋਈ ਹੱਕ ਹੀ ਨਹੀਂ। ਉਹ ਏਨੀਆਂ ਅਪਵਿੱਤਰ ਹਨ ਜਿਨ੍ਹਾਂ ਝੂਠ ਹੁੰਦਾ ਹੈ(ਮਨੂ 9 18)*

*ਔਰਤਾਂ ਦਾ ਕੀਤਾ ਕੋਈ ਵੀ ਕੰਮ ਚੰਗਾ ਜਾਂ ਮੁਨਾਸਬ ਨਹੀਂ ਸਮਝਿਆ ਜਾ ਸਕਦਾ (ਮਨੂ 10 4)*
*ਵੇਦਾਂ ਵਿਚ ਦਸੀ ਗਈ ਰੋਜ਼ ਦੀ ਬਲੀ ਦੇਣ ਦਾ ਕਰਮ ਔਰਤ ਬਿਲਕੁਲ ਨਹੀਂ ਕਰੇਗੀ। ਜੇ ਕਰੇਗੀ ਤਾਂ ਨਰਕਾਂ ਨੂੰ ਜਾਵੇਗੀ। (ਮਨੂ 9 36/37)*

*ਅਸੀਂ ਦੇਖ ਸਕਦੇ ਹਾਂ ਕਿ ਮਨੂ ਦੇ ਸਮੇਂ ਵਿਚ ਔਰਤਾਂ ਦਾ ਹਾਲ ਅਤੇ ਸਮਾਜ ਵਿਚ ਥਾਂ ਬਹੁਤ ਬਦਲ ਗਿਆ ਹੈ। ਉਹ ਬਿਲਕੁਲ ਹੀ ਕੁੱਚਲ ਦਿਤੀਆਂ ਗਈਆਂ ਹਨ।*

*ਪੰਚ ਤੰਤ੍ਰ ਵਿਚ ਔਰਤਾਂ (300 ਬੀ ਸੀ-300 ਏਡੀ)*

ਪੰਚਤੰਤ੍ਰ ਦੇ ਸਮੇਂ ਤੀਕ ਮਰਦ ਪ੍ਰਧਾਨ ਸਮਾਜ ਦੀਆਂ ਬੇੜੀਆਂ ਔਰਤ ਨੂੰ ਪੂਰੀ ਤਰ੍ਹਾਂ ਜਕੜ ਚੁੱਕੀਆਂ ਸੀ। ਮਨੂਵਾਦ ਅਤੇ ਬ੍ਰਾਹਮਣਵਾਦ ਇਸ ਜਕੜ ਨੂੰ ਰੱਬ ਦੀ ਰਜ਼ਾ ਅਤੇ ਗੈਬੀ ਦੇਣ ਦੱਸਦੇ ਸੀ। ਪੰਚਤੰਤ੍ਰ ਵਿਚ ਵੀ ਔਰਤਾਂ ਦੇ ਇਸ ਰੁਤਬੇ ਅਤੇ ਔਰਤਾਂ ਬਾਰੇ ਮਰਦਸ਼ਾਹੀ ਦੀ ਸੋਚ ਮਨੂ ਸਿਮ੍ਰਿਤੀ ਵਾਂਗ ਹੀ ਦਿਸਦੀ ਹੈ।

*ਪੁਤ੍ਰੀਤ ਜਾਤਾ ਮਹਿਤੀਹ ਚਿੰਤਾ ਕਸਮੈ ਪ੍ਰਦੇਯਤਿ ਮਹਾਵਿੰਤਕਹਾ*
*ਦਤਵਾ ਸੁਖੰ ਪ੍ਰਾਪਸਯਾਤੀ ਵਾ ਨਾ ਵੇਤੀ ਕਨਿਯਾ ਪਿਤ੍ਰਤਵ ਖਲੁ ਨਾਮ ਕਸ਼ਟਮ।। (ਮਿਤ੍ਰਭੇਦ 2-2-2)*

*ਇਸ ਸੰਸਾਰ ਵਿਚ ਧੀ ਦੇ ਪੈਦਾ ਹੋਣ ਨਾਲ ਹੀ ਬਹੁਤ ਵੱਡੀ ਚਿੰਤਾ ਸ਼ੁਰੂ ਹੋ ਜਾਂਦੀ ਹੈ। ਇਸਨੂੰ ਕਿਸ ਨੂੰ ਦੇਣਾ ਚਾਹੀਦਾ ਹੈ? ਇਸ ਤਰ੍ਹਾਂ ਦੀ ਸਮੱਸਿਆ ਮਨ ਵਿਚ ਬਹੁਤ ਜ਼ੋਰ ਸ਼ੋਰ ਨਾਲ ਪੈਦਾ ਹੋ ਜਾਂਦੀ ਹੈ। ਕੰਨਿਆਦਾਨ ਕਰਨ ਦੇ ਬਾਅਦ ਵੀ ਮਨ ਵਿਚ ਫਿਕਰ ਰਹਿੰਦਾ ਹੈ ਕਿ ਆਪਣੇ ਪਤੀ ਦੇ ਘਰ ਉਹ ਸੁਖ ਪਾਵੇਗੀ ਕਿ ਨਹੀਂ? ਇਸ ਲਈ ਕੰਨਿਆ ਦਾ ਬਾਪ ਹੋਣਾ ਬਹੁਤ ਔਖਾ ਹੈ।*

*ਜਨਨੀਮਨੋ ਹਰਤੀ ਜਾਤਵਤੀ ਪਰਿਵਰਧਤੇ ਸਹਿ ਸ਼ੁਚਾ ਸੁਹ੍ਰਦਾਮ*
*ਪਰਸਾਤਕ੍ਰਿਤਾਪੀ ਕੁਰੁਤੇ ਮਲਿਨਮ ਦੁਰਿਤਕ੍ਰਮਾ ਦੁਹਿਤਰੋ ਵਿਪਦਹ।। (ਮਿਤ੍ਰਭੇਦ 2-2-3)*

*ਲੜਕੀ ਪੈਦਾ ਹੁੰਦੇ ਹੀ ਮਾਂ ਦੇ ਦਿਲ ਨੂੰ ਫਿਕਰ ਵਿਚ ਪਾਉਂਦੀ ਹੈ ਅਤੇ ਟੱਬਰ ਦੇ ਫਿਕਰ ਵਿਚ ਵਾਧਾ ਕਰਦੀ ਹੈ। ਪਤੀ ਦੇ ਅਧੀਨ ਹੁੰਦੇ ਹੋਏ ਵੀ*

*ਸ਼ਰਮ ਵਾਲੇ ਕੰਮ ਕਰਦੀ ਹੈ। ਕੰਨਿਆ ਰੂਪੀ ਮੁਸੀਬਤ ਤੋਂ ਪਾਰ ਲੰਘਣਾ ਬਹੁਤ ਮੁਸ਼ਕਿਲ ਹੈ।*

*ਅਨ੍ਰਿਤਮ ਸਾਹਸਮ ਮਾਯਾ ਮੂਰਖਤਵਮਤੀਲੋਭਤਾ*
*ਅਸ਼ੌਚਮ ਨਿਰਦਯਤਵਮ ਚ ਇਸਤ੍ਰੀਨਾਮ ਦੋਸ਼ਾਹਾ ਸਵਭਾਵਾਹਾ।। (ਮਿਤ੍ਰਭੇਦ 2-0-7)*

*ਝੂਠ ਫਰੇਬ, ਹਿੰਮਤ, ਮਾਯਾ, ਮੂਰਖਤਾ, ਬਹੁਤਾ ਲੋਭ, ਅਪਵਿਤ੍ਰਤਾ ਅਤੇ ਨਿਰਦੈਤਾ, ਇਹ ਔਰਤਾਂ ਦੇ ਕੁਦਰਤੀ ਸੁਭਾਅ ਦੇ ਦੋਸ਼ ਮੰਨੇ ਗਏ ਹਨ।*

*ਸ਼ੰਸ਼ਯਾਵਿਨਯਾਨਾਮਅਭੀਨਯਭਵਨਮ ਪਤਨਮ ਸਾਹਾਸਾਨਾਮ*
*ਦੋਸ਼ਾਣਾਮ ਸੱਨੀਧਾਨਾਮ ਕਪਟਸ਼ਤਗ੍ਰਹਮ ਕਸ਼ੇਤਰਮਪ੍ਰਤਯਾਯਾਨਾਮ*
*ਦੁਰਗ੍ਰਾਹਮਮ ਯਨਮਹਿਭਿਦਰਨਰਵਰਵ੍ਰਸ਼ਭੈ ਸਰਵਮਾਯਾਕਰੰਡਮ*
*ਇਸਤ੍ਰੀਯੰਤ੍ਰਮ ਕੇਨ ਲੋਕੇ ਵਿਸ਼ਅਮ੍ਰਿਤਯੁਤਮ ਧਰਮਨਾਸ਼ਾਯ ਸ੍ਰਿਸ਼ਟਮ।।*
*(ਮਿਤ੍ਰਭੇਦ 2-0-1)*

*ਬੇਵਸਾਹੀ ਦਾ ਭੰਵਰ, ਨਾਟਕਖਾਨਾ, ਹਿੰਮਤ ਦਾ ਨਗਰ, ਦੋਸ਼ਾਂ ਦਾ ਖਜ਼ਾਨਾ, ਸੈਂਕੜੇ ਕਪਟਾਂ ਦੀ ਥਾਂ, ਬੇਯਕੀਨੀ ਦਾ ਖੇਤ, ਐਸਾ ਬੋਝ ਜਿਹੜਾ ਕਿ ਵੱਡੇ ਵੱਡੇ ਮਨੁਖ ਰੂਪੀ ਸਾਨ੍ਹਾਂ ਤੋਂ ਵੀ ਢੋਇਆ ਨਾ ਜਾ ਸਕੇ, ਹਰ ਤਰ੍ਹਾਂ ਦੀ ਮਾਇਆ ਦੀ ਪਟਾਰੀ ਇਸ ਇਸਤ੍ਰੀ ਰੂਪੀ ਸ਼ੈਅ ਨੂੰ ਜਿਸ ਵਿਚ ਅਮ੍ਰਿਤ ਅਤੇ ਜ਼ਹਿਰ ਦੋਨੋ ਹੀ ਹਨ, ਇਸ ਜੰਤ੍ਰ ਦੀ ਰਚਨਾ ਕਿਸਨੇ ਲੋਕਾਂ ਦੇ ਧਰਮ ਨੂੰ ਨਾਸ ਕਰਨ ਲਈ ਕੀਤੀ ਹੈ?*

*ਅੰਤ੍ਰਵਿਸ਼ਮਯਾ ਹਯੇਤਾ ਬਹੀਸ਼ਚੈਵ ਮਨੋਰਮਾਹ*
*ਗੁੰਜਾਫਲ ਸਮਾਕਾਰਾਹ ਸਵਭਾਵਦੇਵ ਯੋਸ਼ਿਤਾਹ।। (ਲਬਧਪ੍ਰਣਾਸ਼ 65)*

*ਅੰਦਰ ਜ਼ਹਿਰ ਅਤੇ ਜ਼ਹਿਰ ਭਰੇ ਗੁੰਜਾ ਫਲ ਵਾਂਗ ਹੀ ਔਰਤਾਂ ਆਪਣੇ ਸੁਭਾਅ ਕਰਕੇ ਹੀ ਜ਼ਹਿਰ ਭਰੀਆਂ ਅਤੇ ਮਨੋਰਮ ਹੁੰਦੀਆਂ ਹਨ।*

*ਤਾੜੀਤਾ ਅਪੀ ਦੰਡੇਣ ਸ਼ਸਤ੍ਰੈਪੀ ਵਿਖੰਡੀਤਾ*
*ਨ ਵਸ਼ਮ ਯੋਸ਼ੀਤੋ ਯਾਂਤੀ ਨ ਦਾਨੇਨਮ ਚ ਸੰਸਤਵੈ।। (ਲਬਧਪ੍ਰਣਾਸ਼ਮ 66)*

*ਡੰਡੇ ਨਾਲ ਕੁੱਟਣ ਨਾਲ, ਹਥਿਆਰਾਂ ਨਾਲ ਫੱਟੜ ਕਰਨ ਨਾਲ, ਦਾਨ ਅਤੇ ਸਿਫ਼ਤ ਕਰਨ ਨਾਲ ਵੀ ਔਰਤਾਂ ਵੱਸ ਵਿਚ ਨਹੀਂ ਆਉਂਦੀਆਂ।*

ਔਰਤਾਂ ਬਾਰੇ ਇਹ ਸੋਚ ਅਤੇ ਜਬਰ ਦੇ ਰਿਸ਼ਤਿਆਂ ਖ਼ਿਲਾਫ ਰੌਸ਼ਨ ਖਿਆਲ ਲੋਕਾਂ ਨੇ ਆਵਾਜ਼ ਉਠਾਈ। ਗੁਰੂ ਨਾਨਕ ਦੇਵ ਜੀ ਨੇ ਔਰਤਾਂ ਦੇ ਹੱਕ ਵਿਚ ਆਵਾਜ਼ ਬੁਲੰਦ ਕੀਤੀ ਅਤੇ ਹੋਰਨਾਂ ਕੁਰੀਤੀਆਂ

ਦੀ ਤਰ੍ਹਾਂ ਹੀ ਮਰਦਸ਼ਾਹੀ ਦੀ ਔਰਤਾਂ ਬਾਰੇ ਸੋਚ ਨੂੰ ਬਹੁਤ ਜ਼ੋਰ ਨਾਲ ਭੰਡਿਆ ਅਤੇ ਉਨ੍ਹਾਂ ਨੂੰ ਮਰਦਾਂ ਦੇ ਬਰਾਬਰ ਦਾ ਦਰਜਾ ਦਿਤਾ:

*ਭੰਡਿ ਜੰਮੀਐ ਭੰਡਿ ਨਿੰਮੀਐ ਭੰਡਿ ਮੰਗਣੁ ਵੀਆਹੁ*
*ਭੰਡਹੁ ਹੋਵੈ ਦੋਸਤੀ ਭੰਡਹੁ ਚਲੈ ਰਾਹੁ।।*
*ਭੰਡੁ ਮੁਆ ਭੰਡੁ ਭਾਲੀਐ ਭੰਡਿ ਹੋਵੈ ਬੰਧਾਨ*
*ਸੋ ਕਿਉ ਮੰਦਾ ਆਖੀਐ ਜਿਤੁ ਜੰਮਹਿ ਰਾਜਾਨ।।*
*ਭੰਡਹੁ ਹੀ ਭੰਡੁ ਊਪਜੈ ਭੰਡੈ ਬਾਝੁ ਨ ਕੋਇ*
*ਨਾਨਕ ਭੰਡੈ ਬਾਹਰਾ ਏਕੋ ਸਚਾ ਸੋਇ।।*

ਆਪਣੀ ਉਦਾਸੀਆਂ (ਸਫ਼ਰ) ਤੋਂ ਬਾਅਦ ਜਦੋਂ ਗੁਰੂ ਨਾਨਕ ਦੇਵ ਜੀ ਨੇ ਕਰਤਾਰਪੁਰ ਵਸਾਇਆ ਤਾਂ ਇਥੇ ਦੀ ਵਸੋਂ ਵਿਚ ਔਰਤ ਮਰਦ ਵਿਚ ਕੋਈ ਵਿਤਕਰਾ ਨਹੀਂ ਸੀ। ਔਰਤਾਂ ਨੂੰ ਮਰਦਾਂ ਵਾਲੇ ਹੀ ਸਾਰੇ ਹੱਕ ਸਨ ਅਤੇ ਉਹ ਮਰਦਾਂ ਨਾਲ ਹਰ ਕੰਮ ਅਤੇ ਫੈਸਲੇ ਵਿਚ ਹਿੱਸਾ ਲੈਂਦੀਆਂ ਸਨ। ਇਹ ਇਕ ਇਨਕਲਾਬੀ ਫ਼ਰਕ ਸੀ। ਪੰਜਾਬ ਅਤੇ ਹਿੰਦੁਸਤਾਨ ਦੀ ਧਰਤੀ ਦੇ ਕਿਸੇ ਥਾਂ ਹਜ਼ਾਰਾਂ ਸਾਲ ਬਾਅਦ ਔਰਤਾਂ ਨੂੰ ਇਹ ਦਰਜਾ ਹਾਸਲ ਹੋਇਆ ਸੀ। ਗੁਰੂ ਨਾਨਕ ਦੇਵ ਜੀ ਅਤੇ ਹੋਰਨਾਂ ਗੁਰੂਆਂ ਨੇ ਔਰਤਾਂ ਦੇ ਜਬਰਦਸਤੀ ਨਾਲ ਵਿਆਹ ਕਰਨ ਦੀ ਅਤੇ ਸਤੀ ਦੀ ਨਿਖੇਧੀ ਕੀਤੀ। ਉਨ੍ਹਾਂ ਨੇ ਵਿਧਵਾ ਦੇ ਦੁਬਾਰਾ ਵਿਆਹ ਦੇ ਹੱਕ ਦੀ ਵਕਾਲਤ ਕੀਤੀ।

ਗੁਰੂ ਅਮਰਦਾਸ ਨੇ ਚਾਰ ਮੰਜੀਆਂ ਵੀ ਔਰਤਾਂ ਦੇ ਹਵਾਲੇ ਕੀਤੀਆਂ ਅਤੇ 146 ਪ੍ਰਚਾਰਕਾਂ ਵਿਚ 52 ਔਰਤਾਂ ਪ੍ਰਚਾਰਕ ਬਣਾਈਆਂ।

## ਵਾਰਸ ਸ਼ਾਹ ਦਾ ਸਮਾਂ

ਵਾਰਿਸ ਸ਼ਾਹ ਹੋਰਾਂ ਆਪਣੇ ਸਮੇਂ ਦੇ ਸਮਾਜ ਦੇ ਰਿਸ਼ਤਿਆਂ ਅਤੇ ਇਨ੍ਹਾਂ ਰਿਸ਼ਤਿਆਂ ਦੀ ਬੁਨਿਆਦ ਤੇ ਬਣੇ ਹੋਏ ਅਦਾਰਿਆਂ ਦਾ ਨਿਰਣਾ ਕਰਕੇ ਉਨ੍ਹਾਂ ਦਾ ਅਸਲੀ ਖ਼ਾਸਾ ਪੇਸ਼ ਕੀਤਾ ਅਤੇ ਦਸਿਆ ਕਿ ਇਹ ਰਿਸ਼ਤੇ ਅਤੇ ਅਦਾਰੇ ਇਨਸਾਨ ਦੇ ਦੁਸ਼ਮਣ ਬਣ ਚੁਕੇ ਹਨ ਅਤੇ ਇਨ੍ਹਾਂ ਵਿਚ ਇਨਸਾਨ ਪ੍ਰਸਤ ਮਰਦ ਜਾਂ ਔਰਤ ਲਈ ਕੋਈ ਜਗ੍ਹਾ ਨਹੀਂ ਹੈ। ਟੱਬਰ, ਪਿੰਡ, ਧਾਰਮਕ ਅਦਾਰੇ, ਵਿਉਪਾਰੀ, ਸਰਕਾਰ ਅਤੇ ਦਰਬਾਰ ਇਨਸਾਨ ਦੇ ਦੁਸ਼ਮਣ ਬਣ ਚੁਕੇ ਹਨ। ਦੂਰੋਂ ਵੇਖਿਆਂ ਇਹ ਰਿਸ਼ਤੇ ਅਤੇ ਅਦਾਰੇ ਭਾਵੇਂ ਸੋਹਣੇ ਲਗਦੇ ਹਨ ਪਰ ਅੰਦਰੋਂ ਇਹ ਬਿਲਕੁਲ ਗਲ ਸੜ ਚੁਕੇ ਹਨ ਅਤੇ ਇਨ੍ਹਾਂ ਵਿਚ ਇਨਸਾਨ ਲਈ ਕੋਈ ਥਾਂ ਨਹੀਂ ਹੈ। ਹਵਸ ਅਤੇ ਗਰਜ਼ ਦਾ ਬੋਲਬਾਲਾ ਹੈ। ਇਨਸਾਨ ਦੇ ਇਨਸਾਨ ਨਾਲ ਅਤੇ ਇਨਸਾਨ ਦੇ ਕੁਦਰਤ ਨਾਲ ਰਿਸ਼ਤੇ ਲੁੱਟ ਖਸੁੱਟ

ਅਤੇ ਖ਼ੁਦਗਰਜ਼ੀ, ਜ਼ੁਲਮ ਤੇ ਜਬਰ ਦੇ ਰਿਸ਼ਤੇ ਰਹਿ ਗਏ ਹਨ। ਸਮਾਜ ਦੇ ਸਾਰੇ ਅਦਾਰੇ ਇਸ ਜਬਰ ਜ਼ੁਲਮ ਦੇ ਪੈਰੋਕਾਰ ਹਨ। ਔਰਤ ਨੂੰ ਬੁਨਿਆਦੀ ਹੱਕਾਂ ਤੋਂ ਵੀ ਵਾਂਝੇ ਰਖਿਆ ਜਾਂਦਾ ਸੀ। ਲਹੌਰ ਅਤੇ ਮੁਲਤਾਨ ਵਿਚ ਗੁਲਾਮਾਂ ਦੀਆਂ ਮੰਡੀਆਂ ਲਗਦੀਆਂ ਸਨ ਜਿਨ੍ਹਾਂ ਵਿਚ ਔਰਤਾਂ ਅਤੇ ਬੱਚੇ ਵੀ ਖ਼ਰੀਦੇ ਅਤੇ ਵੇਚੇ ਜਾਂਦੇ ਸੀ। ਔਰਤਾਂ ਦੇ ਵਿਆਹ ਜ਼ਬਰਦਸਤੀ ਕਰ ਦਿਤੇ ਜਾਂਦੇ ਸੀ। ਔਰਤਾਂ ਨੂੰ ਚੁੱਕ ਕੇ ਵੀ ਲਿਜਾਇਆ ਜਾਂਦਾ ਸੀ। ਬ੍ਰਾਹਮਣਵਾਦ ਅਤੇ ਮੁਲਾਂਸ਼ਾਹੀ ਨੇ ਮਰਦਸ਼ਾਹੀ ਦੀ ਔਰਤਾਂ ਉਪਰ ਜਕੜ ਬਹੁਤ ਪੱਕੀ ਕਰ ਦਿਤੀ ਸੀ। ਵਾਰਸਸ਼ਾਹ ਨੇ ਔਰਤਾਂ ਉਤੇ ਜਬਰ ਦੀ ਨਿਖੇਧੀ ਕੀਤੀ ਅਤੇ ਹੋਰ ਹਰ ਤਰ੍ਹਾਂ ਦੇ ਜਬਰ ਅਤੇ ਵਿਤਕਰੇ ਖ਼ਿਲਾਫ਼ ਆਵਾਜ਼ ਉਠਾਈ। ਉਸਨੇ ਹੀਰ ਦੀ ਜ਼ਬਾਨੀ ਸਮਾਜ ਦੀ ਗਲਤ ਸੋਚ ਨੂੰ ਭੰਡਿਆ। ਵਾਰਿਸ ਸ਼ਾਹ ਦੀ ਹੀਰ ਬਾਪ, ਭਰਾ ਅਤੇ ਪਤੀ ਦੀ ਧੌਂਸ ਨੂੰ ਤਸਲੀਮ ਨਹੀਂ ਕਰਦੀ। ਉਹ ਆਪਣੀ ਮਰਜ਼ੀ ਨਾਲ ਆਪਣਾ ਜੀਵਨ ਜੀਣ ਦੇ ਹੱਕ ਦੀ ਹਾਮੀ ਹੈ। ਇਸ ਲਈ ਭਾਵੇਂ ਉਸਨੂੰ ਅਤੇ ਰਾਂਝੇ ਨੂੰ ਆਪਣੀ ਜਾਨ ਦੀ ਕੁਰਬਾਨੀ ਹੀ ਦੇਣੀ ਪੈਂਦੀ ਹੈ ਪਰ ਉਹ ਇਨ੍ਹਾਂ ਜਾਬਰ ਰਿਸ਼ਤਿਆਂ ਅਤੇ ਅਦਾਰਿਆਂ ਤੋਂ ਬਾਗ਼ੀ ਹੈ।

ਮਰਦਸ਼ਾਹੀ ਅਤੇ ਅਦਾਰਿਆਂ ਦੀ ਔਰਤ ਬਾਰੇ ਭੈੜੀ ਸੋਚ ਅਤੇ ਰਵੱਈਏ ਨੂੰ ਵਾਰਸ ਸ਼ਾਹ ਸਾਫ਼ ਵਿਖਾਲਦਾ ਹੈ:

*ਸ਼ਹਿਰ ਵਿਚ ਮੰਜ਼ੂਰ ਨ ਕੌਲ ਰੰਨਾਂ, ਰਾਂਝਾ ਹੀਰ ਨੂੰ ਆਖ ਸੁਣਾਂਵਦਾ ਏ*
*ਮਕਰ ਰੰਨ ਦੇ ਜੇਡ ਨ ਮਕਰ ਕੋਈ, ਰੱਬ ਵਿਚ ਕੁਰਾਨ ਫੁਰਮਾਂਉਦਾ ਏ*
*ਮੁਰਸ਼ਦ ਨੱ ਤੇ ਰੰਨ ਦਾ ਬੁਤ ਸ਼ੈਤਾਨ, ਜਿਹੜਾ ਇਫ਼ਤਰਾ ਮਕਰ ਪੜਾਂਵਦਾ ਏ*
*ਰਨਾਂ ਸਚਿਆਂ ਨੂੰ ਕਰਨ ਝੂਠਾ, ਮਰਦ ਆਨ ਦੇ ਵਿਚ ਸਮਾਵਦਾ ਏ*
*ਰੰਨਾਂ ਮੁੰਡਿਆ ਪੋਸਤੀਆਂ ਭੰਗੀਆਂ ਦਾ ਇਤਬਾਰ ਜਬਾਨ ਨਾ ਆਂਵਦਾ ਏ*

ਹੀਰ ਦੀ ਮਾਂ ਵੀ ਔਰਤ ਦੀ ਅਧੀਨਗੀ ਅਤੇ ਮਰਦ ਦੀ ਪ੍ਰਧਾਨਗੀ ਦੀ ਹੀ ਕਾਇਲ ਦਿਸਦੀ ਹੈ :

*ਧੀ ਜਵਾਨ ਜੇ ਨਿਕਲੇ ਘਰੋਂ ਬਾਹਰ, ਲਗੇ ਬਸ ਤਾਂ ਖੂਹ ਨਘੇਰੀਏ ਨੀ*
*ਚੋਤਲ ਵਾਂਗ ਫਿਰੇ ਖੁਲ੍ਹੀ ਵਿਚ ਬੇਲੇ, ਆ ਠਹਿਰ ਨਾ ਕੁਦ ਬਛੇਰੀਏ ਨੀ*
*ਤੇਰੇ ਵੀਰ ਸੁਲਤਾਨ ਨੂੰ ਖ਼ਬਰ ਹੋਵੇ ਫਿਕਰ ਕਰੇ ਉਹ ਤੇਰੇ ਮੁਕਾਵਣੇ ਦਾ*
*ਚੂਚਕ ਬਾਪ ਦੇ ਰਾਜ ਨੂੰ ਲੀਕ ਲਾਈ, ਕਿਹਾ ਫਾਅਦਾ ਮਾਪਿਆਂ ਤਾਵਣੇ ਦਾ*
*ਨੱਕ ਵੱਡਕੇ ਕੋੜਮਾ ਗਾਲਿਆ ਈ, ਹੋਇਆ ਫਾਇਦਾ ਲਾਡ ਲੜਾਵਨੇ ਦਾ*

ਕਾਜ਼ੀ ਵੀ ਹੀਰ ਨੂੰ ਮਰਦਸ਼ਾਹੀ ਅਤੇ ਜਬਰ ਦੇ ਰਿਸ਼ਤਿਆਂ ਨੂੰ ਮੰਨਣ ਦੀ ਹੀ ਰਾਇ ਦਿੰਦਾ ਹੈ:

*ਬੱਚੀ ਹੀਰ ਤੈਨੂੰ ਅਸੀਂ ਮੱਤ ਦਿੰਦੇ, ਮਿਠੀ ਨਾਲ ਜ਼ੁਬਾਨ ਸਮਝਾਂਵਦੇ ਨੇ*
*ਤ੍ਰਿੰਜਣ ਜੋੜ ਕੇ ਆਪਣੇ ਘਰੀ ਬਹੀਏ ਸੁਘੜ ਗਾਉ ਕੇ ਜੀ ਪਰਚਾਵਦੇ ਨੇ*
*ਲਾਲ ਚਰਖੜਾ ਡਾਹਕੇ ਛੋਪ ਪਾਈਏ, ਕਹੀਏ ਸੋਹਨੇ ਗੀਤ ਝਨਾਂਵਦੇ ਨੇ*
*ਨੀਵੀਂ ਨਜ਼ਰ ਹਯਾ ਦੇ ਨਾਲ ਰਹੀਏ, ਤੈਨੂੰ ਸਭ ਸਿਆਣੇ ਫਰਮਾਂਉਦੇ ਨੇ*
*ਚੂਚਕ ਸਿਆਲ ਹੋਰੀ ਹੀਰੇ ਜਾਣਨੀ ਏ, ਸਰਦਾਰ ਤੇ ਪੰਚ ਗਰਾਂਵਦੇ ਨੇ*
*ਸ਼ਰਮ ਮਾਪਿਆਂ ਵੱਲ ਧਿਆਨ ਕੀਜੇ, ਇੱਜ਼ਤਦਾਰ ਇਹ ਜੱਟ ਸਦਾਂਵਦੇ ਨੀ*
*ਬਾਹਰ ਫਿਰਨ ਨਾਂ ਸੋਂਹਦਾ ਕੁਆਰੀਆਂ ਨੂੰ, ਅੱਜ ਕਲ ਲਾਗੀ ਘਰ ਆਂਵਦੇ ਨੀ*

ਹੀਰ ਦਾ ਬਾਪ ਤੇ ਭਰਾ ਵੀ ਇਸੇ ਸੋਚ ਤੇ ਮਰਦ ਦੀ ਸਰਦਾਰੀ ਦੇ ਪਹਿਰੇਦਾਰ ਹਨ:

*ਜੇਹੀ ਧੀ ਤੁਧ ਲਾਡਲੀ ਪਾਲਿਆ ਈ, ਕੇਹਾ ਫਾਇਦਾ ਇਸ ਤੋਂ ਲੋੜੀਏ ਨੀ*
*ਇਹਦੇ ਵੱਡ ਟੁਕੜੇ ਕੁਹ ਜੁੰਡਿਆਂ ਨੂੰ ਗਲ ਘੁਟ ਕੇ ਡੂੰਘੜੇ ਬੋੜੀਏ ਨੀ*
*ਉਹਦਾ ਦਾਤਰੀ ਨਾਲ ਚਾ ਢਿਡ ਪਾੜੋ, ਸੂਈ ਅੱਖੀਆਂ ਵਿਚ ਪੀੜੀਏ ਨੀ*
*ਚੂਚਕ ਆਖਦਾ ਮਲਕੀਏ ਜੰਮਦੀ ਨੂੰ ਗਲ ਘੁੱਟ ਕੇ ਫਾਹ ਨਾ ਮਾਰਉ ਈ*
*ਗੁੜਤੀ ਜ਼ਹਿਰ ਦੀ ਘੋਲ ਨਾ ਦਿਤੀਉ ਈ, ਉਹ ਅੱਜ ਸਬਾਬ ਨਿਤਾਰਉ ਈ*
*ਸੁਲਤਾਨ ਭਾਈ ਆਇਆ ਹੀਰ ਸੰਦਾ, ਆਖੇ ਮਾਂ ਨੂੰ ਹੀਰ ਨੂੰ ਤਾੜ ਅੱਮਾਂ*
*ਜੇਕਰ ਫੇਰ ਫਿਰਦੀ ਬਾਹਰ ਮੈਂ ਡਿਠੀ ਫੇਰਾਂ ਇਸਦੀ ਧੌਣ ਤਲਵਾਰ ਅੱਮਾਂ*
*ਜੇਕਰ ਧੀ ਨਾ ਹੁਕਮ ਵਿਚ ਰਖਿਆਈ, ਸੱਭ ਸਾੜ ਸੁੱਟਾਂ ਘਰ ਬਾਰ ਅੱਮਾਂ*

ਪਰ ਹੀਰ ਇਨ੍ਹਾਂ ਧਮਕੀਆਂ ਦਾ ਜਵਾਬ ਇੰਜ ਦਿੰਦੀ ਹੈ:

*ਪਵੇ ਹਤਿਆ ਕੌਮ ਉਹ ਨਸ਼ਟ ਹੋਵੇ ਧੀਆਂ ਮਾਰੀਆਂ ਖ਼ੂਨ ਜਵਾਹ ਮਾਂਏ*
*ਮੰਦਾ ਘਾਤ ਔਲਾਦ ਦੇ ਨਾਲ ਕਰਨਾ ਲਾਤਕਤੁਲ ਹੁਕਮ ਅੱਲਾਹ ਮਾਂਏ*
*ਜਿਨ੍ਹਾਂ ਬੇਟੀਆਂ ਮਾਰੀਆਂ ਰੋਜ਼ ਕਯਾਮਤ, ਸਿਰ ਤਿਨ੍ਹਾਂ ਦੇ ਵੱਡਾ ਗੁਨਾਹ ਮਾਂਏ*

ਮਰਦਸ਼ਾਹੀ ਦੀਆਂ ਸਾਰੀਆਂ ਦਲੀਲਾਂ ਅਤੇ ਸੁਆਰਥੀ ਸੋਚ ਨੂੰ ਵਾਰਸ ਸ਼ਾਹ ਸਹਿਤੀ ਅਤੇ ਰਾਂਝੇ ਦੇ ਟਕਰਾਉ ਵਿਚ ਪੂਰੀ ਤਰ੍ਹਾਂ ਨੰਗਾ ਕਰਦਾ ਹੈ:

*ਮਰਦ ਕਰਮ ਦੇ ਨੇਕ ਨੇ ਸਹਿਤੀਏ ਨੀ, ਰੰਨਾਂ ਦੁਸ਼ਮਣਾਂ ਨੇਕ ਕਮਾਈਆਂ ਦੀਆਂ*
*ਮਰਦ ਹੈਨ ਜਹਾਜ਼ ਜੋ ਨੇਕੀਆਂ ਦੇ, ਰੰਨਾਂ ਬੇੜੀਆਂ ਹਨ ਬੁਰਆਈਆਂ ਦੀਆਂ*
*ਮਾਂ ਬਾਪ ਦਾ ਨਾਮ ਨਮੂਜ਼ ਡੋਬਣ, ਪੱਤ ਲਾਹ ਸੁੱਟਣ ਭਲਿਆਂ ਭਾਈਆਂ ਦੀਆਂ*
*ਹੱਕ ਛੱਡ ਹਲਾਲ ਹਰਾਮ ਕਪਣ ਇਹ ਕੁਹਾੜੀਆਂ ਤੇਜ਼ ਕਸਾਈਆਂ ਦੀਆਂ*

ਸਹਿਤੀ ਮਰਦਸ਼ਾਹੀ ਦੇ ਦਾਅਵੇ ਨੂੰ ਭੰਡਦੀ ਹੈ ਅਤੇ ਇਸ ਧੌਂਸ ਨੂੰ ਠੁਕਰਾਂਉਂਦੀ ਹੈ:

*ਰੰਨਾਂ ਬਾਝ ਕੀਕੂੰ ਦੱਸ ਜੰਮਿਉਂ ਤੂੰ, ਹੋਰ ਜੋਗ ਜਹਾਨ ਬਣਾਇਆ ਏ*
*ਕੀਤਾ ਆਪਣੇ ਨੂਰ ਥੀਂ ਨੂਰ ਪੈਦਾ, ਉਹ ਵੀ ਤ੍ਰੀਮਤਾ ਬਾਝ ਨ ਆਇਆ ਏ*
*ਹੋਇਆ ਖ਼ਤਮ ਹੈ ਔਲੀਆਂ ਅੰਬੀਆਂ ਦਾ, ਉਹਦੇ ਹੱਕ ਲੋਲਾਕ ਸੁਹਾਇਆ ਏ*
*ਮਰਦ ਨਾਲ ਤ੍ਰੀਮਤ ਤ੍ਰੀਮਤ ਨਾਲ ਮਰਦ, ਦੋਹਾਂ ਟੋਲਿਆ ਮੇਲ ਮਿਲਾਇਆ ਏ*
*ਹੁਨਾਬਿਲ ਸੁਲਾ ਕੰਭ ਅਤਮ ਸੁਲਾ, ਵਾਰਿਸ ਸ਼ਾਹ ਕੁਰਾਨ ਵਿਚ ਆਇਆ ਹੈ।*

ਬੁਲ੍ਹੇ ਸ਼ਾਹ ਵੀ ਹੀਰ ਨੂੰ ਇਕ ਨਾਬਰ ਅਤੇ ਮਰਦਸ਼ਾਹੀ ਦੀ ਬਾਗੀ ਪੇਸ਼ ਕਰਦਾ ਹੈ:

*ਹੀਰ ਵੰਜਾਏ ਸਭੇ ਘਰ ਦੇ*
*ਇਸ ਦੀ ਖਿਚੀ ਮਾਹੀ ਡੋਰ*
*ਵਾਹ ਵਾਹ ਰਮਜ਼ ਸਜਣ ਦੀ ਹੋਰ*

ਉਸ ਦੀ ਹੀਰ ਇਕ ਸੰਪੂਰਨ ਅਤੇ ਆਜ਼ਾਦ ਜ਼ਿੰਦਗੀ ਲੋਚਦੀ ਹੈ:

*ਇਕ ਰਾਂਝਾ ਸਾਨੂੰ ਲੋੜੀਦਾ*
*ਰਾਂਝੇ ਜਿਹਾ ਮੈਨੂੰ ਹੋਰ ਨਾ ਕੋਈ*
*ਮਿਨਤਾਂ ਕਰ ਕਰ ਮੋੜੀਦਾ*
*ਇਕ ਰਾਂਝਾ ਸਾਨੂੰ ਲੋੜੀਦਾ*

ਪਰ ਮਰਦਸ਼ਾਹੀ ਦੀ ਜਕੜ ਅਤੇ ਧੌਂਸ ਉਸਨੂੰ ਪੁਰਾਣੇ ਜਬਰ ਦੇ ਰਿਸ਼ਤਿਆਂ ਵਿਚ ਕੈਦ ਰਖਣਾ ਚਾਹੁੰਦੇ ਹਨ ਅਤੇ ਤੁਹਮਤਾਂ ਲਾਉਂਦੇ ਹਨ:

*ਅੰਮਾਂ ਝਿੜਕੇ ਬਾਬਲ ਮਾਰੇ*
*ਤਾਨੇਂ ਦਿੰਦੇ ਵੀਰ ਪਿਆਰੇ*
*ਮੈਂ ਜਿਹੀ ਬੁਰੀ ਬੁਰਆੜ ਵੇ ਲੋਕਾ*
*ਮੈਨੂੰ ਦੇਵੋ ਉਤੇ ਵਲ ਤਰਾਹੀ*

*ਨੀਂ ਕੁਟੀਚਲ ਮੇਰਾ ਨਾਂਅ*
*ਮੁੱਲਾ ਮੈਨੂੰ ਸਬਕ ਪੜਾਇਆ*
*ਅਲਫੋਂ ਅਗੋਂ ਕੁਝ ਨਾ ਆਇਆ*
*ਉਸ ਦੀ ਜੁਤੀਆਂ ਖਾਂਦੀ ਸਾਂ*
*ਨੀ ਕੁਟੀਚਲ ਮੇਰਾ ਨਾਂਅ*

*ਕਿਵੇਂ ਕਿਵੇਂ ਦੋ ਅਖੀਆਂ ਲਾਈਆਂ*
*ਰਲਕੇ ਸਈਆਂ ਮਾਰਨ ਆਈਆਂ*
*ਨਾਲੇ ਮਾਰੇ ਬਾਬਲ ਮਾਂ*
*ਨੀ ਕੁਟੀਚਲ ਮੇਰਾ ਨਾਂਅ*

ਪਰ ਹੀਰ ਇਸ ਧੌਂਸ ਨੂੰ ਸਵੀਕਾਰ ਕਰਨ ਤੋਂ ਨਾਬਰ ਹੈ ਤੇ ਇਸ ਧੌਂਸ ਨੂੰ ਨਕਾਰਨ ਸਦਕਾ ਉਸ ਆਪਣੇ ਲਈ ਇਕ ਨਵੀਂ ਪਹਿਚਾਣ ਘੜ ਲਈ:

*ਹੁਣ ਮੈਨੂੰ ਕੌਣ ਪਛਾਣੇ*
*ਹੁਣ ਮੈਂ ਹੋ ਗਈ ਨੀਂ ਕੁਝ ਹੋਰ*
*ਹਾਦੀ ਮੈਨੂੰ ਸਬਕ ਪੜਾਇਆ*
*ਉਥੇ ਗੈਰ ਨਾ ਆਇਆ ਜਾਇਆ*
*ਮੁਤਲਕ ਜ਼ਾਤ ਜਮਾਲ ਵਿਖਾਇਆ*
*ਵਹਿਦਤ ਪਾਇਆ ਨੀਂ ਸ਼ੋਰ*

*ਹੋਰੀ ਖੇਲੂੰਗੀ ਕਹਿ ਬਿਸਮੀਲਾਹ*
*ਨਾਮ ਨਬੀ ਕੀ ਰਤਨ ਚੜੀ*
*ਬੂੰਦ ਪੜਦੀ ਅੱਲਾਹ ਅੱਲਾਹ*
*ਰੰਗ ਰੰਗੀਲੀ ਉਹੀ ਖਿਲਾਵੇ*
*ਜੋ ਸਿਖੀ ਹੋਵੇ ਫਨਾਫੀ ਅੱਲਾਹ*
*ਹੋਰੀ ਖੇਲੂੰਗੀ ਕਹਿ ਬਿਸਮੀਲਾੱਹ*

*ਜਦ ਅਹਿਦ ਇਕ ਇਕੱਲਾ ਸੀ*
*ਨਾ ਜ਼ਾਹਰ ਕੋਈ ਤਜੱਲਾ ਸੀ*
*ਨਾ ਰਬ ਰਸੂਲ ਨਾ ਅੱਲਾਹ ਸੀ*
*ਨਾ ਜਬਰ ਤੇ ਨਾ ਕਹਿਰ*

*ਨੀ ਸਈਉ ਮੈਂ ਗਈ ਗੁਆਚੀ*
*ਖੋਲ ਘੂੰਘਟ ਮੁਖ ਨਾਚੀ*
*ਜਿਤ ਵੱਲ ਦੇਖਾਂ ਦਿਸਦਾ ਉਹੀ*
*ਕਸਮ ਉਸਦੀ ਹੋਰ ਨਾ ਕੋਈ*
*ਮੈਂ ਚੂਹੜੇਟੜੀ ਹਾਂ ਸੱਚੇ ਸਾਹਿਬ ਦੇ ਦਰਬਾਰੇ*
*ਪੈਰੋਂ ਨੰਗੀ ਸਿਰੋਂ ਝੰਡੋਲੀ ਸੁਨੇਹਾ ਆਇਆ ਪਾਰੋਂ*
*ਹਿੰਦੂਤੁਰਕ ਨਾ ਹੁੰਦੇ ਐਸੇ ਦੋ ਜਰਮੇ ਤ੍ਰੈ ਜਰਮੇ*
*ਹਰਾਮ ਹਲਾਲ ਪਛਾਤਾ ਨਹੀਂ ਅਸੀਂ ਦੋਹਾਂ ਤੇ ਨਹੀਂ ਭਰਮੇ*
*ਮੈਂ ਚੂਹੜੇਟੜੀ ਹਾਂ ਸੱਚੇ ਸਾਹਿਬ ਦੇ ਦਰਬਾਰ*

ਪੰਜਾਬ ਤੇ ਅੰਗ੍ਰੇਜ਼ ਦੇ ਕਬਜ਼ੇ ਦੇ ਬਾਅਦ ਅੰਗ੍ਰੇਜ਼ ਨੇ ਮਰਦਸ਼ਾਹੀ, ਬ੍ਰਾਹਮਣਵਾਦ, ਲੁੱਟ ਖਸੁੱਟ ਅਤੇ ਜਬਰ ਦੇ ਰਿਸ਼ਤਿਆਂ ਨੂੰ ਆਪਣੇ ਮੁਨਾਫਿਆਂ ਲਈ ਹੋਰ ਪੱਕਾ ਕੀਤਾ। ਭਗਤੀ ਲਹਿਰ ਦੇ ਦੌਰਾਨ

ਜਿਹੜੀਆਂ ਵੀ ਪ੍ਰਾਪਤੀਆਂ ਅਤੇ ਜਿਤਾਂ ਲੋਕਾਂ ਨੇ ਬ੍ਰਾਹਮਣਵਾਦ ਅਤੇ ਮਰਦਸ਼ਾਹੀ ਖ਼ਿਲਾਫ ਹਾਸਲ ਕੀਤੀਆਂ ਸੀ ਉਨ੍ਹਾਂ ਨੂੰ ਬਸਤੀਵਾਦ ਨੇ ਢਾਹ ਲਾਈ। ਬਸਤੀਵਾਦ ਖ਼ਿਲਾਫ ਆਜ਼ਾਦੀ ਦੀ ਜੰਗ ਵਿਚ ਕਰੋੜਾਂ ਹੀ ਔਰਤਾਂ ਨੇ ਪੰਜਾਬ ਅਤੇ ਹਿੰਦੁਸਤਾਨ ਵਿਚ ਹਿੱਸਾ ਲਿਆ। ਆਜ਼ਾਦੀ ਦੇ ਬਾਅਦ ਵੀ ਸਮਾਜ ਉਤੇ ਮਰਦਸ਼ਾਹੀ ਦੀ ਜਕੜ ਪਹਿਲਾਂ ਵਾਂਗ ਹੀ ਕਾਇਮ ਹੈ। ਮਰਦਸ਼ਾਹੀ, ਰਾਜਵਾੜੇਸ਼ਾਹੀ, ਬ੍ਰਾਹਮਣਵਾਦ ਅਤੇ ਸਰਮਾਏਦਾਰਾ ਨਿਜ਼ਾਮ ਕਰਕੇ ਜੋ ਰਿਸ਼ਤੇ ਹਿੰਦੁਸਤਾਨ ਅਤੇ ਪੰਜਾਬ ਵਿਚ ਕਾਇਮ ਹਨ ਅਤੇ ਉਨ੍ਹਾਂ ਹਾਲਾਤ ਵਿਚ ਜੋ ਜ਼ੁਲਮ ਤੇ ਧੱਕਾ ਔਰਤ ਨਾਲ ਹੁੰਦਾ ਹੈ ਉਸਦਾ ਵਰਨਣ ਸਮੇ ਸਮੇਂ ਦੇ ਲੇਖਕਾਂ ਨੇ ਆਪਣੀ ਲਿਖਤ ਵਿਚ ਕੀਤਾ ਹੈ।

ਭਾਈ ਵੀਰ ਸਿੰਘ ਲਿਖਦੇ ਹਨ:

*ਇਕ ਕੰਤ ਵੈਰੀ ਨਾਲ ਸੱਸ ਵੈਰਨ*
*ਸਹੁਰਾ ਸੱਸ ਵਿਖਾਲਿਆ ਮੀਤ ਨਾਹੀਂ*
*ਜੇਠ ਦਿਉਰਾਂ ਏਕਾ ਹੈ ਖ਼ੂਬ ਕੀਤਾ*
*ਤਰਸ ਨਨਦ ਦੇ ਵੀ ਰਤਾ ਚੀਤ ਨਾਹੀਂ*
*ਜਿਥੇ ਸਬ ਹੀ ਦੂਤੀਏ ਹੋਣ ਲਾਗੂ*
*ਜਿਥੇ ਨਯਾਉਂ ਤੇ ਧਰਮ ਦੀ ਰੀਤ ਨਾਹੀਂ*
*ਉਥੇ ਨੌਂਹ ਨਅ ਸੁਖ ਦੀ ਆਸ ਰਖੇ*
*ਉਮਰਾਂ ਝਗੜਿਆਂ ਬਾਜ ਬਤੀਤ ਨਾਹੀਂ*

ਪਤੀ ਦੀ ਧੌਂਸ ਵਾਰੇ ਉਹ ਲਿਖਦੇ ਹਨ:

*ਮੈਂ ਨਾ ਕੁਝ ਕਸੂਰ ਹੈ ਮੂਲ ਕੀਤਾ*
*ਵਾਂਗ ਨੌਕਰਾ ਝਾੜਦਾ ਫੂਕਦਾ ਹੈ*
*ਉਸ ਅੱਲੜ ਤੋਂ ਪਤੀ ਉਮੈਦ ਰਖੇ*
*ਮਾਨੋਂ ਸੀਤਾ ਪਰਨਾ ਲਿਆਇਆ ਏ*
*ਸੱਸ ਚਾਹੁੰਦੀ ਅਕਲ ਦਾ ਕੋਟ ਹੋਵੇ*
*ਭਾਰ ਮੇਰੇ ਸਿਰੋਂ ਚਾਇਆ ਜਾਇਆ ਏ*
*ਸਹੁਰੇ ਜੇਠ ਨਨਾਣ ਨੇ ਆਸ ਰਖੀ*
*ਸੇਵਾ ਸਾਡੀ ਨੂੰ ਡੋਲੜਾ ਆਇਆ ਏ*

ਬੇਗਮ ਸ਼ਕੀਲਾ ਜਮਾਲ ਇਨ੍ਹਾਂ ਜਬਰ ਦੇ ਰਿਸ਼ਤਿਆਂ ਨੂੰ ਇੰਜ ਭੰਡਦੀ ਹੈ:

*ਅੱਲਾਹ ਪਾਕ ਨੇ ਔਰਤ ਤਾਂਈ ਵੀ ਇਨਸਾਨ ਬਣਾਇਆ*
*ਪਰ ਮਰਦਾਂ ਨੇ ਗਾਂ ਮੱਝ ਵਾਂਗੂ ਉਹਨੂੰ ਸੰਗਲ ਪਾਇਆ*
*ਅੱਲਾਹ ਪਾਕ ਨੇ ਔਰਤ ਤਾਈਂ ਹੱਕ ਹਕੂਕ ਜੋ ਦਿੱਤੇ*

*ਕਾਫਰ ਕੌਮਾਂ, ਕਾਫਰ ਲੋਕਾਂ ਉਹ ਸਾਰੇ ਖੋਹ ਲਿਤੇ*
*ਹੁਕਮ ਦਿਤਾ ਕਿ ਬਚਪਨ ਗੁਜ਼ਰੇ ਪਿਉ ਦੀ ਵਿਚ ਗੁਲਾਮੀ*
*ਖਾਵੰਦ ਦੇ ਮਾਤਹਿਤ ਗੁਜ਼ਾਰੇ ਔਰਤ ਫੇਰ ਜਵਾਨੀ*
*ਵਿਚ ਬੁੜਾਪੇ ਉਹ ਪੁੱਤਰ ਦੇ ਰਹੇ ਅੰਦਰ ਫਰਮਾਨੇ*
*ਦੇਸ ਬਦੇਸ ਕਨੂੰਨ ਇਹ ਜਾਰੀ ਇਹ ਦਸਤੂਰ ਜ਼ਮਾਨੇ*

*ਉਹ ਨਾ ਮਾਲਕ ਕਿਸੇ ਵੀ ਸ਼ੈ ਦੀ ਨਾ ਘਰ ਦੀ ਨਾ ਦਰ ਦੀ*
*ਮੌਤੋਂ ਬਦਤਰ ਉਹਦਾ ਜੀਉਣਾ ਨਾ ਜਿਉਂਦੀ ਨਾ ਮਰਦੀ*
*ਉੜਕ ਪਾਕ ਮੁੰਹਮਦ ਆਏ ਅਤੇ ਕੁਰਾਨ ਲਿਆਏ*
*ਔਰਤ ਤਾਂਈ ਉਹਦੇ ਖੁੱਸੇ ਹੱਕ ਹੱਕੂਕ ਦੁਆਏ*
*ਕਿੱਡੀ ਬਹਾਦਰ ਉਮੱਤ ਲੱਭੀ ਵਾਹ ਵਾਹ ਰੱਬ ਦੀਆਂ ਸ਼ਾਨਾਂ*
*ਪਾਕ ਨਬੀ ਨੇ ਜੋ ਹੱਕ ਦਿਤੇ ਖੋਹ ਲਏ ਮੁਸਲਮਾਨਾਂ*

ਡਾਕਟਰ ਤਹਿਸੀਨ ਜਮਾਲ ਵੀ ਇਸ ਜਕੜ ਅਤੇ ਧੌਂਸ ਬਾਰੇ ਲਿਖਦੀ ਹੈ:

*ਮੇਰੀਆਂ ਜ਼ੁਲਫਾਂ ਮੇਰਾ ਚੇਹਰਾ ਸ਼ਾਮਾਂ ਫਜਰ ਬਣਾਇਆਂ*
*ਇਹ ਕੁਝ ਕਹਿ ਕੇ ਕੀ ਕੁਝ ਕੀਤਾ ਤਾਰੀਖ਼ਾਂ ਸ਼ਰਮਾਈਆਂ*
*ਕਦੀ ਲੰਘਾਏ ਅਗਨੀ ਵਿਚੋਂ ਫੇਰ ਵੀ ਘਰੋਂ ਕਢਾਂਏ*
*ਬਸਤੀ ਬਸਤੀ ਮੰਦਰ ਮੰਦਰ ਪੂਜਾ ਫੇਰ ਕਰਾਏਂ*

*ਤੂੰ ਮਰ ਜਾਂਏ ਤੇ ਬੰਨ੍ਹ ਮੈਨੂੰ ਆਪਣੇ ਨਾਲ ਸੜਾਏਂ*
*ਮੈਂ ਮਰ ਜਾਂ ਤਾਂ ਮਹੀਨੇ ਪਿਛੇ ਨਵਾਂ ਵਿਆਹ ਰਚਾਏਂ*
*ਕਹਿਤ ਪਵੇ ਤੇ ਬੰਨ੍ਹ ਕੇ ਮੁਸ਼ਕਾਂ ਅੰਦਰ ਨੀਲ ਰੁੜਾਏਂ*
*ਜਾਦੂਗਰਨੀ ਵਾਲਾ ਲੇਬਲ ਯੂਰਪ ਵਿਚ ਸੜਾਏਂ*

*ਘੜੀ ਘੜੀ ਮੈਂ ਅੱਜ ਵੀ ਵਿਕਦੀ ਹਰ ਸ਼ਹਿਰੇ ਹਰ ਕਸਬੇ*
*ਤੇ ਤੂੰ ਮੇਰੀ ਹਾਲਤ ਉਤੇ ਪਿਆ ਬਹਾਵੇਂ ਟਸਵੇ*
*ਕੋਠੇ ਕੋਠੇ ਹੋਟਲ ਹੋਟਲ ਅੱਜ ਵੀ ਪਿਆ ਨਚਾਵੇਂ*
*ਹਾਲਤ ਚੰਗੀ ਕਰਨ ਦਾ ਮੇਰੀ ਸੁੱਕਾ ਰੌਲਾ ਪਾਵੇਂ*

ਔਰਤਾਂ ਉਤੇ ਹੁੰਦੇ ਜ਼ੁਲਮ ਅਤੇ ਜਬਰ ਦੀ ਤਸਵੀਰ ਸ਼ਿਵ ਕੁਮਾਰ ਬਟਾਲਵੀ ਵੀ ਲੂਣਾ ਦੀ ਕਹਾਣੀ ਰਾਹੀਂ ਬਹੁਤ ਹੀ ਦਰਦੀਲੇ ਢੰਗ ਨਾਲ ਪੇਸ਼ ਕਰਦਾ ਹੈ:

*ਹਰ ਧੀ ਦਾ ਰੰਗ*
*ਹਰ ਬਾਬਲ ਲਈ ਕੋਸਾ ਹੈ*
*ਹਰ ਧੀ*
*ਹਰ ਬਾਬਲ ਦੀ*
*ਪੱਗ ਦਾ ਟੋਟਾ ਹੈ*
*ਏਸ ਦੇਸ ਹਰ ਧੀ ਦਾ*

ਮਸਤਕਿ ਖੋਟਾ ਹੈ

ਨਾਰੀ ਜਦ
ਇਕ ਮਾਂ ਬਣ ਜਾਵੇ
ਨਾਰੀ ਨਹੀਂ
ਬੇਜੀਭੀ ਗਾਂ ਹੈ

ਸਈਏ ਅੱਗ ਦੀ ਜੀਭ ਨਾ ਹੁੰਦੀ
ਬੋਲ ਨਾ ਬੋਲ ਕਬੋਲ
ਅੱਗ ਦਾ ਕਰਮ ਨਹੀਂ ਕਿ ਬੋਲੇ
ਆਪਣੀ ਜੀਭੋਂ ਬੋਲ
ਅੱਗ ਤਾਂ ਸਦਾ ਅਬੋਲ
ਜੋ ਅੱਗ ਬੋਲੇ ਥੀਏ ਕਲੰਕੀ
ਜਗ ਨਾ ਢੁਕਦਾ ਕੋਲ
ਚੁਲ੍ਹ ਪਰਾਈ
ਹੱਡ ਬਾਲਣੇ
ਦੇਣੀ ਉਮਰਾ ਰੋਲ
ਭਿਤਾਂ ਪਿੱਛੇ ਬਹਿ ਬਹਿ ਰੋਣਾ
ਲੈਣੇ ਅਥਰੂ ਡੋਹਲ
ਏਸ ਦੇਸ ਦੀ
ਹਰ ਅੱਗ ਰੋਗਣ
ਵੇਖੋ ਨਬਜ਼ਾਂ ਫੋਲ
ਲਹੂ ਥੁਕੇ ਤੇ ਅੱਡੀਆਂ ਰਗੜੇ
ਫਿਰ ਵੀ ਰਹੇ ਅਬੋਲ

ਸਈਉ ਨੀ,
ਅੱਗ ਕਿਉਂ ਨਾ ਬੋਲੇ?
ਜੀਭ ਦਾ ਜੰਦਰਾ ਕਿਉਂ ਨਾ ਖੋਹਲੇ?
ਸਾਣੇ ਜੀਭ ਲਵਾ ਹਰ ਅਗਨੀ
ਮੈਂ ਚਾਹੁੰਦੀ ਹਾਂ
ਉੱਚੀ ਬੋਲੇ
ਕੜਕ ਦਾਮਨੀਂ ਸਾਹੀਂ ਘੋਲੇ
ਐਸੀ ਕੜਕੇ, ਐਸੀ ਕੜਕੇ
ਸੱਤ ਅਸਮਾਨਾਂ ਦੇ ਕੰਨ ਪਾਟਣ
ਐਰਾਵਨ ਦੀ,
ਧਰਤੀ ਡੋਲੇ
ਘੁੰਮਣ ਸਭੋ ਦਿਸ਼ਾ ਦਿਸ਼ਾਵਾਂ
ਹਰ ਚੁਲ੍ਹੇ ਦੀ ਅਗਨੀ ਖੌਲੇ
ਸਾੜ ਫੂਕ ਕੇ ਬੂਹੇ ਬੰਨੇ
ਹੋਏ ਜ਼ੁਲਮ ਦੇ ਵਰਕੇ ਫੋਲੇ
ਕਿਉਂ ਕੋਈ ਸਾਡੇ ਅਗਨ ਸੇਰ ਨੂੰ
ਇਕ ਮੁੱਠ ਕੰਗਣੀ ਬਦਲੇ
ਤੋਲੇ

ਔਰਤ ਦੇ ਅੰਦਰ ਹਾਲਾਤ ਦੇ ਖਿਲਾਫ ਬਗਾਵਤ ਦੀ ਅੱਗ ਧੁਖ ਰਹੀ ਹੈ ਜਿਸਦੀ ਤਰਜਮਾਨੀ ਸ਼ਿਵ ਦੀ ਲੂਣਾ ਇੰਜ ਕਰਦੀ ਹੈ:

*ਇਹ ਮੇਰਾ*
*ਵਿਸ਼ਵਾਸ ਹੈ ਈਰੇ*
*ਇਕ ਦਿਨ, ਅੱਗ ਅਵੱਸ਼ ਕੂਵੇਗੀ*
*ਹਰ ਅੱਗ ਦੀ ਅੱਖ*
*ਹੰਝੂ ਦੀ ਥਾਂ*
*ਬਲਦੀ ਬਾਗੀ ਰੱਤ ਸੂਵੇਗੀ*
*ਜੋ ਆਦਮ,*
*ਅੱਗ ਖਾਣੇ ਕੀੜੇ*
*ਦਾ ਅਭਿਮਾਨ*
*ਅਵੱਸ਼ ਲੂਹਵੇਗੀ*
*ਮਰਯਾਦਾ ਦੇ*
*ਕਿੱਲੀਂ ਬੱਝੀ*
*ਢੋਰ ਵਾਕਣ ਰੂਹ ਕੁਰਲਾਏ*
*ਪਰ ਨਾ ਕਿੱਲੇ ਜਾਣ ਪੁਟਾਏ*
*ਤੇ ਇਹ ਨਿਸ਼ਫਲ,*
*ਜਤਨ ਅਸਾਡਾ*
*ਸਾਡੀ ਹੀ ਕਿਸਮਤ ਕਹਿਲਾਏ*
*ਹਾਰੇਹੁਟੇ ਅਸੀਂ ਵਿਚਾਰੇ*
*ਆਪਣੀ ਆਪਣੀ,*
*ਸੂਲੀ ਚੁੱਕੀ*
*ਫਿਰਦੇ ਆਵਾਗੌਨ ਬਣਾਏ*
*ਸਵਰਗ ਨਰਕ ਦੇ*
*ਢੌਂਗ ਰਚਾਏ*
*ਢਿੱਲਾ ਮੂੰਹ ਕਰ, ਕਹਿ ਛੱਡਦੇ ਹਾਂ*
*ਹਰ ਕੋਈ ਆਪਣੀ*
*ਕਿਸਮਤ ਖਾਏ*
*ਜੇ ਕੋਈ ਕਿਸਮਤ ਵਰਗੀ ਸ਼ੈਅ ਹੈ*
*ਤਾਂ ਉਹ ਕਰਮਧੂਨੀ ਦੀ ਲੈ ਹੈ*
*ਕਰਮ ਕਮਾਵਣ ਦੀ ਹੀ ਜੈ ਹੈ*

ਸੁਰਜੀਤ ਕਲਸੀ ਔਰਤ ਦੇ ਹੱਕਾਂ ਲਈ ਸੰਘਰਸ਼ ਨੂੰ ਇਜੰ ਦਸਦੀ ਹੈ:

*ਕਿਓਂ ਨਾ ਮੈਂ ਸ਼ੇਰਨੀ ਵਾਂਗ ਦਹਾੜਦੀ ਫੇ ਆਵਾਂ*
*ਸ਼ੇਰ ਦੀ ਕਰ ਸਵਾਰੀ ਹੱਥ ਵਿਚ ਫੜ ਸ਼ਮਸ਼ੀਰ ਆਵਾਂ*
*ਚੋਲਾ ਕਮਜ਼ੋਰੀ ਗੁਲਾਮੀ ਦਾ ਲਾਹ ਸੁੱਟਾਂ*
*ਜ਼ੁਲਮ ਵਿਰੁਧ ਕ੍ਰੋਧਿਤ ਦੁਰਗਾ ਸਰੂਪ ਬਣ ਜਾਵਾਂ*

*ਨਾਮ ਮੈਂ ਸ਼ਕਤੀ ਰਖ਼ ਲਵਾਂ*

*ਅਤੇ*

*ਆਉ ਬੰਦ ਘਰਾਂ ਦੀ ਚਾਰ ਦੀਵਾਰੀ ਤੋਂ ਬਾਹਰ ਆਈਏ*
*ਆਉ ਚੁਪ ਤੋੜ ਕੇ ਬੁਲੰਦ ਆਵਾਜ਼ ਇਕ ਬਣ ਜਾਈਏ*
*ਆਉ ਜ਼ੁਲਮ ਜਬਰ ਵਿਰੁਧ ਡਟੋ ਹੱਕਾਂ ਲਈ ਜੂਝ ਜਾਈਏ*
*ਆਉ ਬਰਾਬਰੀ, ਮਾਣ ਤੇ ਇਜ਼ੱਤ ਲਈ ਸੰਘਰਸ਼ ਚਲਾਈਏ*
*ਆਉ ਭੈਣੋ ਆਪਣੇ ਜਿਗਰ ਦਾ ਸਾਰਾਦਰਦ ਸ਼ਕਤੀ ਬਣਾ ਲਈਏ*
*ਆਉ ਸਿਰਾਂ ਤੇ ਸੂਰਜ ਉੜ ਕੇ ਹੱਕ ਸੱਚ ਦਾ ਚਾਨਣ ਬਣ ਜਾਈਏ*

ਮਰਦਸ਼ਾਹੀ ਦੀ ਪਛੜੀ ਹੋਈ ਸੋਚ ਕਰਕੇ ਮਰਦਾ ਨਾਲੋਂ ਔਰਤਾਂ ਦੀ ਨਫਰੀ ਕਾਫ਼ੀ ਘਟ ਹੈ। ਲੜਕੀ ਨੂੰ ਮਾਂ ਦੀ ਕੁੱਖ ਵਿਚ ਹੀ ਮਾਰ ਦਿੱਤਾ ਜਾਂਦਾ ਹੈ। ਸੰਨ **2011** ਦੀ ਮਰਦਮ ਸ਼ਮਾਰੀ ਦੇ ਅਨੁਸਾਰ ਪੰਜਾਬ ਵਿਚ **1000** ਮਰਦਾਂ ਦੀ ਨਿਸਬਤ ਵਿਚ **796** ਹੀ ਔਰਤਾਂ ਹਨ। ਲੜਕੀਆਂ ਦੀ ਭਰੂਣ ਹੱਤਿਆ ਖ਼ਿਲਾਫ਼ ਰੌਸ਼ਨ ਖ਼ਿਆਲ ਲੋਕ ਆਵਾਜ਼ ਉਠਾ ਰਹੇ ਹਨ।

ਪੰਜਾਬ ਦੇ ਲੋਕਾਂ ਦੀ ਸੋਚ ਅਤੇ ਦਰਸ਼ਨ ਇਸ ਗੰਭੀਰ ਮਸਲੇ ਬਾਰੇ ਵਿਕਸਿਤ ਹੋ ਰਹੇ ਹਨ ਅਤੇ ਉਹ ਇਸ ਜਾਬਰ ਪ੍ਰਥਾ ਨੂੰ ਭੰਡ ਰਹੇ ਹਨ। ਪਰ ਮਰਦਸ਼ਾਹੀ ਦੀ ਜਕੜ ਬਹੁਤ ਹੀ ਪੁਰਾਣੀ ਅਤੇ ਪੱਕੀ ਹੈ। ਇਹ ਸਿਰਫ਼ ਔਰਤਾਂ ਦਾ ਹੀ ਮਸਲਾ ਨਹੀਂ ਪੂਰੇ ਸਮਾਜ ਦਾ ਮਸਲਾ ਹੈ। ਇਸ ਲਈ ਸਭ ਨੂੰ ਇਸ ਨਾਲ ਨਜਿੱਠਣ ਲਈ ਸੇਧ ਵਿਕਸਿਤ ਕਰਨ ਦੀ ਲੋੜ ਹੈ।